# ਮਸੀਹੀ ਪਰਿਵਾਰ

shepherds
GLOBAL CLASSROOM

Shepherds Global Classroom ਦੁਨੀਆ ਭਰ ਦੇ ਉੱਭਰਦੇ ਈਸਾਈ ਨੇਤਾਵਾਂ ਲਈ ਪਾਠਕ੍ਰਮ ਪ੍ਰਦਾਨ ਕਰਕੇ ਮਸੀਹ ਦੇ ਸਰੀਰ ਨੂੰ ਤਿਆਰ ਕਰਨ ਲਈ ਮੌਜੂਦ ਹੈ। ਸਾਡਾ ਟੀਚਾ ਵਿਸ਼ਵ ਦੇ ਹਰ ਦੇਸ਼ ਵਿੱਚ ਅਧਿਆਤਮਿਕ ਟ੍ਰੇਨਰਾਂ ਦੇ ਹੱਥਾਂ ਵਿੱਚ 20-ਕੋਰਸ ਪਾਠਕ੍ਰਮ ਟੂਲ ਦੇ ਕੇ ਸਵਦੇਸ਼ੀ ਸਿਖਲਾਈ ਪ੍ਰੋਗਰਾਮਾਂ ਨੂੰ ਗੁਣਾ ਕਰਨਾ ਹੈ।

https://www.shepherdsglobal.org/courses ਤੇ ਮੁਫ਼ਤ ਡਾਊਨਲੋਡ ਲਈ ਉਪਲਬਧ ਹੈ

ਮੁੱਖ ਲੇਖਕ: ਡਾ. ਸਟੀਫਨ ਗਿਬਸਨ (Dr. Stephen Gibson)

ਕਾਪੀਰਾਈਟ © 2023 Shepherds Global Classroom

ਪਹਿਲੇ ਐਡੀਸ਼ਨ ਦਾ ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ ਕੀਤਾ ਗਿਆ।

ਸਾਰੇ ਹੱਕ ਰਾਖਵੇਂ ਹਨ.

ਤੀਜੀ-ਧਿਰ ਸਮੱਗਰੀਆਂ ਉਨ੍ਹਾਂ ਦੇ ਸੰਬੰਧਤ ਮਾਲਕਾਂ ਦੇ ਕਾਪੀਰਾਈਟ ਹਨ ਅਤੇ ਵੱਖ-ਵੱਖ ਲਾਇਸੈਂਸਾਂ ਦੇ ਅਧੀਨ ਸਾਂਝੀਆਂ ਕੀਤੀਆਂ ਗਈਆਂ ਹਨ।

ਜਦੋਂ ਤੱਕ ਹੋਰ ਸੰਕੇਤ ਨਹੀਂ ਦਿੱਤਾ ਜਾਂਦਾ, ਸਾਰੇ ਬਚਨ ਬਾਈਬਲ ਸੋਸਾਇਟੀ ਆਫ਼ ਇੰਡੀਆ, ਪੰਜਾਬੀ OV (ਪੁਰਾਣਾ ਅਨੁਵਾਦ) ਕਰਾਸਵੇ ਦੁਆਰਾ, ਗੁੱਡ ਨਿਊਜ਼ ਪਬਲਿਸ਼ਰਜ਼ ਦੇ ਪ੍ਰਕਾਸ਼ਨ ਸੇਵਕਾਈ ਦੁਆਰਾ ਹਨ। ਇਜਾਜ਼ਤ ਲੈ ਕੇ ਵਰਤੇ ਗਏ ਹਨ। ਸਾਰੇ ਹੱਕ ਰਾਖਵੇਂ ਹਨ।

**ਇਜਾਜ਼ਤ ਨੋਟਿਸ:**

ਇਸ ਕੋਰਸ ਦੀ ਨਕਲ ਕੀਤੀ ਜਾ ਸਕਦੀ ਹੈ ਅਤੇ ਇਸ ਨੂੰ ਛਾਪ ਕੇ ਅਤੇ ਡਿਜੀਟਲ ਫਾਰਮੈਟ ਵਿੱਚ ਮੁਫ਼ਤ ਵਿੱਚ ਵੰਡਿਆ ਜਾ ਸਕਦਾ ਹੈ ਪਰ ਕਿਸੇ ਵੀ ਤਰੀਕੇ ਨਾਲ ਬਦਲਿਆ ਨਹੀਂ ਜਾਣਾ ਚਾਹੀਦਾ ਹੈ ਅਤੇ ਲਾਭ ਲਈ ਵੇਚਿਆ ਨਹੀਂ ਜਾ ਸਕਦਾ ਹੈ (ਹਾਲਾਂਕਿ ਛਪਾਈ ਦੀ ਲਾਗਤ ਵਸੂਲੀ ਜਾ ਸਕਦੀ ਹੈ)। ਵਿਦਿਅਕ ਅਦਾਰੇ ਇਸ ਕੋਰਸ ਦੀ ਵਰਤੋਂ/ਨਕਲ ਕਰਨ ਲਈ ਸੁਤੰਤਰ ਹਨ ਭਾਵੇਂ ਉਹ ਇਸ ਨੂੰ ਪੜ੍ਹਾਉਣ ਦੀ ਫੀਸ ਲੈਂਦੇ ਹਨ। Shepherds Global Classroom ਦੀ ਇਜਾਜ਼ਤ ਅਤੇ ਨਿਗਰਾਨੀ ਤੋਂ ਬਿਨਾਂ ਕੋਰਸ ਦਾ ਅਨੁਵਾਦ ਨਹੀਂ ਕੀਤਾ ਜਾ ਸਕਦਾ ਹੈ।

# ਵਿਸ਼ਾ ਸੂਚੀ


ਕੋਰਸ ਦੇ ਬਾਰੇ ਸੰਖੇਪ ਜਾਣਕਾਰੀ ........ 5

(1) ਸੰਬੰਧ ਰੱਖਣ ਲਈ ਬਣਾਈ ਗਏ ........ 7

(2) ਬਾਈਬਲ ਅਧਾਰਤ ਪਰਿਵਾਰ ........ 19

(3) ਵਿਆਹ ਬਾਰੇ ਬਾਈਬਲ ਅਧਾਰਤ ਧਾਰਨਾ ........ 37

(4) ਲਿੰਗਕਤਾ ਦੇ ਮਸਲੇ ........ 51

(5) ਕੁਆਰਾਪਣ ........ 79

(6) ਵਿਆਹ ਲਈ ਤਿਆਰੀ ........ 95

(7) ਇੱਕ ਵਿਆਹੁਤਾ ਰਿਸ਼ਤੇ ਨੂੰ ਮਜ਼ਬੂਤ ਬਣਾਉਣਾ ........ 113

(8) ਪਿਆਰ ਦੀਆਂ ਪੰਜ ਭਾਸ਼ਾਵਾਂ ਭਾਗ 1 ........ 129

(9) ਪਿਆਰ ਦੀਆਂ ਪੰਜ ਭਾਸ਼ਾਵਾਂ ਭਾਗ 2 ........ 147

(10) ਬਾਂਝਪਣ ਦਾ ਮਸਲਾ ........ 169

(11) ਇੱਕ ਬੱਚੇ ਦਾ ਵਿਕਾਸ ਅਤੇ ਉਸ ਦੀ ਦੇਖਭਾਲ ........ 183

(12) ਬੱਚੇ ਦੀ ਉਦੇਸ਼ਪੂਰਣ ਪਰਵਰਿਸ਼ ........ 195

(13) ਬੱਚੇ ਦੀ ਪਰਵਰਿਸ਼ ਸੰਬੰਧੀ ਮਸਲੇ ........ 211

(14) ਕਿਸ਼ੋਰ ਅਵਸਥਾ ਵਿੱਚ ਬੱਚੇ ਦਾ ਪਾਲਣ-ਪੋਸ਼ਣ ........ 229

(15) ਜਵਾਨ ਬਾਲਗ ........ 243

ਔਰਤਾਂ ਲਈ ਆਦਰ ........ 259

ਜਨਮ ਨਿਯੰਤਰਣ ........ 263

ਸਿਫਾਰਿਸ਼ ਕੀਤੇ ਹੋਏ ਸ੍ਰੋਤ ........ 267

ਕਾਰਜਾਂ ਦਾ ਵਰਣਨ ........ 269

# ਕੋਰਸ ਦੇ ਬਾਰੇ ਸੰਖੇਪ ਜਾਣਕਾਰੀ

## ਕੋਰਸ ਦਾ ਵੇਰਵਾ

ਇਹ ਕੋਰਸ ਜੀਵਨ ਦੇ ਪੜਾਵਾਂ ਅਤੇ ਪਰਿਵਾਰਕ ਰਿਸ਼ਤਿਆਂ ਬਾਰੇ ਪਰਮੇਸ਼ੁਰ ਦੇ ਸਿਧਾਂਤ ਸਿਖਾਉਂਦਾ ਹੈ, ਖਾਸ ਕਰਕੇ ਵਿਆਹੁਤਾ ਰਿਸ਼ਤੇ ਅਤੇ ਬੱਚਿਆਂ ਦੀ ਪਰਵਰਿਸ਼ ਬਾਰੇ। ਇਸ ਅਧਿਐਨ ਦੇ ਦੁਆਰਾ ਵਿਦਿਆਰਥੀ ਆਪਣੇ ਜੀਵਨ ਦੇ ਮੌਜੂਦਾ ਪੜਾਅ ਅਤੇ ਆਪਣੇ ਰਿਸ਼ਤਿਆਂ ਵਿੱਚ ਪਰਮੇਸ਼ੁਰ ਦਾ ਆਦਰ ਕਰਨ ਲਈ ਤਿਆਰ ਕੀਤੇ ਜਾਣਗੇ। ਉਨ੍ਹਾਂ ਨੂੰ ਦੂਸਰਿਆਂ ਨੂੰ ਬਾਈਬਲ ਦੇ ਸਿਧਾਂਤ ਅਤੇ ਉਨ੍ਹਾਂ ਸਿਧਾਂਤਾਂ ਦੇ ਵਿਹਾਰਕ ਉਪਯੋਗ ਸਿਖਾਉਣ ਲਈ ਤਿਆਰ ਕੀਤਾ ਜਾਵੇਗਾ। ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਜਾਵੇਗਾ ਕਿ ਉਹ ਆਪਣੇ ਸਮਾਜ ਅਤੇ ਸਮੁਦਾਏ ਦੇ ਪਰਿਵਾਰਾਂ ਨੂੰ ਭਗਤੀ ਲਈ ਪ੍ਰਭਾਵਿਤ ਕਰਨ ਵਾਸਤੇ ਆਪਣੀ ਸਥਾਨਿਕ ਕਲੀਸਿਯਾ ਵਿੱਚ ਸ਼ਾਮਲ ਹੋਣ।

ਹੋਰ ਗੱਲਾਂ ਦੇ ਨਾਲ-ਨਾਲ ਵਿਦਿਆਰਥੀ ਪਰਿਵਾਰ ਵਿੱਚ ਬੱਚਿਆਂ ਅਤੇ ਕਿਸ਼ੋਰਾਂ ਦੇ ਚੇਲਾਪਣ ਬਾਰੇ ਸਿੱਖਣਗੇ। ਪਾਠ 12, ਕਾਰਜ 3, ਇਹ ਕੋਰਸ ਕਰ ਰਹੇ ਮਾਪਿਆਂ ਨੂੰ ਹਿਦਾਇਤਾਂ ਦਿੰਦਾ ਹੈ ਕਿ ਉਹ ਆਪਣੇ ਪਰਿਵਾਰ ਦੇ ਲਈ ਰੋਜ਼ਾਨਾ ਅਰਾਧਨਾ ਦੇ ਸਮੇਂ ਦੀ ਯੋਜਨਾ ਬਣਾਉਣ। Shepherds Global Classroom ਨੇ ਪਰਿਵਾਰਕ ਚੇਲਾਪਣ ਲਈ ਪੁਸਤਕ ਤਿਆਰ ਕੀਤੀ ਹੈ, ਜਿਸ ਦਾ ਨਾਮ *ਫੈਮਲੀ ਟੀਚਿੰਗ ਟੂਲਜ਼* ਹੈ, ਜਿਸ ਦਾ ਇਸਤੇਮਾਲ ਮਾਪੇ ਆਪਣੀ ਪਰਿਵਾਰਕ ਅਰਾਧਨਾ ਦੇ ਸਮੇਂ ਕਰ ਸਕਦੇ ਹਨ। ਇਹ ਪੁਸਤਕ shepherdsglobal.org ’ਤੇ ਡਾਊਨਲੋਡ ਕਰਨ ਲਈ ਉਪਲੱਬਧ ਹੈ।

## ਕਲਾਸ ਆਗੂਆਂ ਲਈ ਨਿਰਦੇਸ਼

**ਚਰਚਾ ਲਈ ਸਵਾਲਾਂ** ਅਤੇ **ਕਲਾਸ ਵਿੱਚ ਕੀਤੀਆਂ ਜਾਣ ਵਾਲੀਆਂ ਕਿਰਿਆਵਾਂ** ਨੂੰ ਤੀਰ ਦੇ ਨਿਸ਼ਾਨਾਂ ਨਾਲ ਦਰਸਾਇਆ ਗਿਆ ਹੈ ►। ਸਵਾਲਾਂ ਬਾਰੇ ਚਰਚਾ ਕਰਨ ਲਈ, ਕਲਾਸ ਆਗੂ ਨੂੰ ਚਾਹੀਦਾ ਹੈ ਕਿ ਉਹ ਸਵਾਲ ਪੁੱਛੇ ਅਤੇ ਵਿਦਿਆਰਥੀਆਂ ਨੂੰ ਜਵਾਬ ਬਾਰੇ ਚਰਚਾ ਕਰਨ ਲਈ ਸਮਾਂ ਦੇਵੇ। ਜੇ ਆਮ ਤੌਰ ’ਤੇ ਇੱਕੋ ਹੀ ਵਿਦਿਆਰਥੀ ਜਵਾਬ ਦਿੰਦਾ ਹੈ, ਜਾਂ ਜੇ ਕੁਝ ਵਿਦਿਆਰਥੀ ਬੋਲਦੇ ਹੀ ਨਹੀਂ ਹਨ, ਤਾਂ ਆਗੂ ਕਿਸੇ ਅਜਿਹੇ ਵਿਦਿਆਰਥੀ ਨੂੰ ਸਵਾਲ ਪੁੱਛ ਸਕਦਾ ਹੈ: “ਬਲਬੀਰ, ਤੁਸੀਂ ਇਸ ਸਵਾਲ ਦਾ ਜਵਾਬ ਕਿਵੇਂ ਦੇਵੋਗੇ?”

ਹਰੇਕ ਪਾਠ ਬਹੁਤ ਸਾਰੇ ਵੈਕਲਪਿਕ ਸਵਾਲਾਂ ਦੇ ਨਾਲ ਸਮਾਪਤ ਹੁੰਦਾ ਹੈ, ਜੋ ਸਮੂਹਿਕ ਚਰਚਾ ਦੇ ਲਈ ਹਨ। ਕਲਾਸ ਆਗੂ ਇਸ ਦੀ ਚੋਣ ਕਰ ਸਕਦਾ ਹੈ ਕਿ ਸਮੂਹ ਵਿੱਚ ਕਿਹੜੇ ਸਵਾਲ ਬਾਰੇ ਚਰਚਾ ਕਰਨੀ ਹੈ।

ਇਸ ਕੋਰਸ ਵਿੱਚ **ਵਚਨ** ਦੇ ਬਹੁਤ ਸਾਰੇ ਹਵਾਲਿਆਂ ਦਾ ਇਸਤੇਮਾਲ ਕੀਤਾ ਗਿਆ ਹੈ। ਵਚਨ ਦੇ ਜਿਹੜੇ ਭਾਗਾਂ ਨੂੰ ਉੱਚੀ ਆਵਾਜ਼ ਵਿੱਚ ਪੜ੍ਹਿਆ ਜਾਣਾ ਹੈ ਉਨ੍ਹਾਂ ਨੂੰ ਤੀਰ ਦੇ ਨਿਸ਼ਾਨਾਂ ਨਾਲ ਦਰਸਾਇਆ ਗਿਆ ਹੈ। ਜਦੋਂ ਇੱਕ ਵਿਅਕਤੀ ਵਚਨ ਦੇ ਹਵਾਲੇ ਨੂੰ ਉੱਚੀ ਆਵਾਜ਼ ਵਿੱਚ ਪੜ੍ਹਦਾ ਹੈ, ਤਾਂ ਸਮੂਹ ਵਿੱਚ ਹਰ ਕੋਈ ਵਚਨ ਵਿੱਚ ਵੇਖੇ। ਹੋਰ ਸਮਿਆਂ ’ਤੇ, ਵਚਨ ਦੇ ਹਵਾਲੇ ਬਰੈਕਟਾਂ ਵਿੱਚ ਦਿੱਤੇ ਗਏ ਹਨ। ਉਦਾਹਰਣ ਦੇ ਲਈ: (ਅਫ਼ਸੀਆਂ 6:1)। ਵਚਨ ਦੇ ਉਹ ਹਵਾਲੇ ਪਾਠ ਵਿੱਚ ਦਿੱਤੇ ਕਥਨਾਂ ਦਾ ਸਮਰਥਨ ਕਰਦੇ ਹਨ। ਜ਼ਰੂਰੀ ਨਹੀਂ ਹੈ ਕਿ ਬਰੈਕਟਾਂ ਵਿੱਚ ਦਿੱਤੇ ਵਚਨ ਦੇ ਭਾਗਾਂ ਨੂੰ ਹਰ ਵਾਰ ਪੜ੍ਹਿਆ ਜਾਵੇ।

ਇਸ ਕੋਰਸ ਦੇ ਅੰਤ ਵਿੱਚ ਦੋ ਖਾਸ ਵਿਸ਼ਿਆਂ ’ਤੇ ਸੰਖੇਪ ਚਰਚਾ ਵੀ ਸ਼ਾਮਲ ਕੀਤੀ ਗਈ ਹੈ। ਇਹ ਵਿਸ਼ੇ ਹੋਰ ਕਿਸੇ ਵੀ ਪਾਠ ਨਾਲ ਪੂਰੀ ਤਰ੍ਹਾਂ ਸੰਬੰਧਿਤ ਨਹੀਂ ਹਨ ਅਤੇ ਇਹ ਆਪਣੇ ਆਪ ਵਿੱਚ ਪੂਰੇ ਪਾਠ ਵੀ ਨਹੀਂ ਹਨ। ਫਿਰ ਵੀ, ਇੱਕ ਮਸੀਹੀ ਨਜ਼ਰੀਏ ਤੋਂ ਸਮਝਣ ਲਈ ਇਹ ਮਹੱਤਵਪੂਰਣ ਵਿਸ਼ੇ ਹਨ। ਪਾਠ 3 ਤੋਂ ਬਾਅਦ, ਕਲਾਸ ਨੂੰ ਅੰਤਿਕਾ A ਦਾ ਅਧਿਐਨ ਕਰਨਾ ਚਾਹੀਦਾ ਹੈ ਅਤੇ ਇਸ ਬਾਰੇ ਚਰਚਾ ਕਰਨੀ ਚਾਹੀਦੀ ਹੈ ਅਤੇ ਪਾਠ 10 ਤੋਂ ਬਾਅਦ ਅੰਤਿਕਾ B ਦਾ ਅਧਿਐਨ ਕਰਨਾ ਚਾਹੀਦਾ ਹੈ। ਇਨ੍ਹਾਂ ਦੋਵਾਂ ਪਾਠਾਂ ਦੇ ਅੰਤ ਵਿੱਚ ਇਸ ਬਾਰੇ ਯਾਦ ਕਰਾਇਆ ਗਿਆ ਹੈ।

ਹਰੇਕ ਪਾਠ **ਕਾਰਜਾਂ** ਦੇ ਨਾਲ ਸਮਾਪਤ ਹੁੰਦਾ ਹੈ। ਕਾਰਜਾਂ ਨੂੰ ਅਗਲੇ ਪਾਠ ਦੇ ਸਮੇਂ ਤੋਂ ਪਹਿਲਾਂ ਪੂਰਾ ਕਰਨਾ ਚਾਹੀਦਾ ਹੈ ਅਤੇ ਇਸ ਬਾਰੇ ਰਿਪੋਰਟ ਦੇਣੀ ਚਾਹੀਦੀ ਹੈ। ਜੇ ਕੋਈ ਵਿਅਕਤੀ ਇੱਕ ਕਾਰਜ ਨੂੰ ਪੂਰਾ ਨਹੀਂ ਕਰਦਾ ਹੈ, ਉਹ ਇਸ ਨੂੰ ਬਾਅਦ ਵਿੱਚ ਕਰ ਸਕਦਾ ਹੈ। ਹਾਲਾਂਕਿ, ਆਗੂ ਨੂੰ ਵਿਦਿਆਰਥੀਆਂ ਨੂੰ ਸਹੀ ਸਮੇਂ ’ਤੇ ਕਾਰਜ ਪੂਰਾ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ ਤਾਂ ਕਿ ਉਹ ਕਲਾਸ ਤੋਂ ਹੋਰ ਜ਼ਿਆਦਾ ਸਿੱਖਣ। ਹਰੇਕ ਪਾਠ ਦੇ ਲਈ ਕਾਰਜਾਂ ਨੂੰ ਪੂਰਾ ਕਰਨ ਦੇ ਨਾਲ-ਨਾਲ, ਵਿਦਿਆਰਥੀਆਂ ਨੂੰ ਅਗਲੀ ਕਲਾਸ ਦੀ ਤਿਆਰੀ ਕਰਨ ਵਾਸਤੇ ਅਗਲੇ ਪਾਠ ਨੂੰ ਪੜ੍ਹਨਾ ਚਾਹੀਦਾ ਹੈ।

ਜੇ ਵਿਦਿਆਰਥੀ **Shepherds Global Classroom ਤੋਂ ਸਰਟੀਫਿਕੇਟ ਪ੍ਰਾਪਤ ਕਰਨਾ** ਚਾਹੁੰਦੇ ਹਨ, ਤਾਂ ਉਨ੍ਹਾਂ ਨੂੰ ਕਲਾਸ ਸੈਸ਼ਨਾਂ ਵਿੱਚ ਆਉਣਾ ਚਾਹੀਦਾ ਹੈ ਅਤੇ ਕਾਰਜਾਂ ਨੂੰ ਪੂਰਾ ਕਰਨਾ ਚਾਹੀਦਾ ਹੈ। ਕੋਰਸ ਦੇ ਅੰਤ ਵਿੱਚ ਇੱਕ ਫਾਰਮ ਦਿੱਤਾ ਗਿਆ ਹੈ ਜੋ ਪੂਰੇ ਕੀਤੇ ਗਏ ਕਾਰਜਾਂ ਦਾ ਰਿਕਾਰਡ ਰੱਖਣ ਲਈ ਹੈ।

# ਪਾਠ 1

# ਸੰਬੰਧ ਰੱਖਣ ਲਈ ਬਣਾਈ ਗਏ

## ਪਾਠ ਦੇ ਟੀਚੇ

ਇਸ ਪਾਠ ਦੇ ਅੰਤ ਵਿੱਚ, ਵਿਦਿਆਰਥੀ ਹੇਠਾਂ ਦੱਸੇ ਕੰਮ ਕਰਨ ਦੇ ਯੋਗ ਹੋਣੇ ਚਾਹੀਦੇ ਹਨ:

(1) ਜੋ ਰਿਸ਼ਤਾ ਪਰਮੇਸ਼ੁਰ ਸਾਡੇ ਨਾਲ ਰੱਖਣਾ ਚਾਹੁੰਦਾ ਹੈ ਉਸ ਨੂੰ ਸਮਝਣਾ ਅਤੇ ਉਸ ਦੀ ਕਦਰ ਕਰਨਾ।

(2) ਹਰੇਕ ਵਿਅਕਤੀ ਵਿੱਚ ਪਰਮੇਸ਼ੁਰ ਦੇ ਸਰੂਪ ਨੂੰ ਸਮਝਣਾ ਅਤੇ ਇਸ ਦੀ ਕਦਰ ਕਰਨਾ।

(3) ਇਹ ਜਾਣਨਾ ਕਿ ਸਾਡੇ ਰਿਸ਼ਤਿਆਂ ਵਿੱਚ ਅਸੀਂ ਜੋ ਚੋਣਾਂ ਕਰਦੇ ਹਾਂ ਉਨ੍ਹਾਂ ਲਈ ਅਸੀਂ ਪਰਮੇਸ਼ੁਰ ਅੱਗੇ ਜਵਾਬਦੇਹ ਹਾਂ।

(4) ਇਹ ਜਾਣਨਾ ਕਿ ਬਾਈਬਲ ਧਰਮੀ ਰਿਸ਼ਤਿਆਂ ਲਈ ਸਾਡਾ ਹਿਦਾਇਤ ਦਸਤਾਵੇਜ਼ ਹੈ, ਅਤੇ ਇਹ ਕਿ ਅਸੀਂ ਆਪਣੇ ਰਿਸ਼ਤਿਆਂ ਵਿੱਚ ਪਰਮੇਸ਼ੁਰ ਦੀ ਰੀਸ ਕਰਨੀ ਹੈ।

## ਪਰਮੇਸ਼ੁਰ ਦੇ ਨਾਲ ਰਿਸ਼ਤਾ

ਵਚਨ ਵਿੱਚ, ਅਸੀਂ ਸਿੱਖਦੇ ਹਾਂ ਕਿ ਪਰਮੇਸ਼ੁਰ ਇੱਕ ਨਿੱਜੀ ਪਰਮੇਸ਼ੁਰ ਹੈ, ਜਿਸ ਦੇ ਰਿਸ਼ਤੇ ਹਨ ਅਤੇ ਉਹ ਦੂਸਰਿਆਂ ਨਾਲ ਗੱਲਬਾਤ ਕਰਦਾ ਹੈ (ਇਬਰਾਨੀਆਂ 1:1-2)। ਵਚਨ ਸਾਨੂੰ ਵਿਖਾਉਂਦਾ ਹੈ ਕਿ ਪਰਮੇਸ਼ੁਰ ਪਿਤਾ, ਪਰਮੇਸ਼ੁਰ ਪੁੱਤਰ, ਅਤੇ ਪਰਮੇਸ਼ੁਰ ਪਵਿੱਤਰ ਆਤਮਾ ਪੂਰੀ ਸਦੀਪਕਤਾ ਤੋਂ ਇੱਕ ਦੂਸਰੇ ਦੇ ਨਾਲ ਰਿਸ਼ਤੇ ਦੇ ਵਿੱਚ ਰਹੇ ਹਨ।[1]

ਪਰਮੇਸ਼ੁਰ ਨੇ ਅਕਾਸ਼ਾਂ, ਧਰਤੀ, ਸਮੁੰਦਰ, ਅਤੇ ਜੋ ਸਭ ਕੁਝ ਉਨ੍ਹਾਂ ਵਿੱਚ ਹੈ, ਉਸ ਨੂੰ ਬਣਾਇਆ ਹੈ (ਕੂਚ 20:11) ਜ਼ਬੂਰ 8:3-8 ਸਾਨੂੰ ਵਿਖਾਉਂਦਾ ਹੈ ਕਿ ਮਨੁੱਖਤਾ ਉਸ ਦੀ ਉੱਤਮ ਅਤੇ ਸਭ ਤੋਂ ਮਹੱਤਵਪੂਰਣ ਰਚਨਾ ਸੀ। ਪਰਮੇਸ਼ੁਰ ਨੇ ਲੋਕਾਂ ਨੂੰ ਰਿਸ਼ਤੇ ਰੱਖਣ

[1] ਉਦਾਹਰਣ ਵਜੋਂ, ਇਹ ਵਚਨ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਵਿਚਕਾਰ ਰਿਸ਼ਤਿਆਂ ਨੂੰ ਦਰਸਾਉਂਦੇ ਹਨ: ਯੂਹੰਨਾ 17:22-24; ਯੂਹੰਨਾ 14:16, 26; ਅਤੇ ਯੂਹੰਨਾ 15:26। ਹਾਲਾਂਕਿ ਇਹ ਆਇਤਾਂ ਇਸ ਬਾਰੇ ਗੱਲ ਨਹੀਂ ਕਰਦੀਆਂ ਕਿ ਪਵਿੱਤਰ ਆਤਮਾ ਕਿਵੇਂ ਸਦੀਵੀ ਹੈ, ਅਸੀਂ ਹੋਰ ਆਇਤਾਂ ਤੋਂ ਜਾਣਦੇ ਹਾਂ, ਜਿਵੇਂ ਕਿ ਇਬਰਾਨੀਆਂ 9:14, ਕਿ ਉਹ ਵੀ ਸਦੀਵੀ ਹੈ।

ਵਾਲੇ ਪ੍ਰਾਣੀਆਂ ਦੇ ਰੂਪ ਵਿੱਚ ਬਣਾਇਆ ਹੈ, ਜਿਵੇਂ ਕਿ ਉਹ ਆਪ ਇੱਕ ਰਿਸ਼ਤੇ ਰੱਖਣ ਵਾਲਾ ਪ੍ਰਾਣੀ ਹੈ। ਪੂਰੇ ਧਰਮ ਸ਼ਾਸਤਰ ਦੇ ਵਿੱਚ, ਪਰਮੇਸ਼ੁਰ ਲੋਕਾਂ ਨੂੰ ਉਸ ਨਾਲ ਇੱਕ ਜੀਵਨ ਦੇਣ ਵਾਲੇ ਰਿਸ਼ਤੇ ਵਿੱਚ ਬੁਲਾਉਂਦਾ ਹੈ।[2]

ਇਹ ਜਾਣਨਾ ਕਿੰਨਾ ਅਦਭੁਤ ਹੈ ਕਿ ਇਸ ਸੰਸਾਰ ਦਾ ਸਿਰਜਣਹਾਰ ਪਰਮੇਸ਼ੁਰ, ਤੁਹਾਡੇ ਅਤੇ ਮੇਰੇ ਨਾਲ ਇੱਕ ਰਿਸ਼ਤਾ ਰੱਖਣਾ ਚਾਹੁੰਦਾ ਹੈ!

► ਇੱਕ ਵਿਦਿਆਰਥੀ ਨੂੰ ਸਮੂਹ ਲਈ ਉਤਪਤ 3:8-9 ਨੂੰ ਪੜ੍ਹਨਾ ਚਾਹੀਦਾ ਹੈ।

ਇੱਕ ਪਲ ਲਈ ਰੁਕੋ, ਆਪਣੀਆਂ ਅੱਖਾਂ ਨੂੰ ਬੰਦ ਕਰੋ, ਅਤੇ ਉਸ ਦ੍ਰਿਸ਼ ਦੀ ਕਲਪਨਾ ਕਰੋ ਜਿਸ ਨੂੰ ਤੁਸੀਂ ਹੁਣੇ ਪੜ੍ਹਿਆ ਹੈ। ਇਨ੍ਹਾਂ ਆਇਤਾਂ ਵਿੱਚ ਦਿੱਤੇ ਦ੍ਰਿਸ਼ ਦੀ ਕਲਪਨਾ ਇਸ ਤਰ੍ਹਾਂ ਕਰੋ ਜਿਵੇਂ ਇਹ ਹੁਣੇ ਹੋ ਰਿਹਾ ਹੈ। ਕਲਪਨਾ ਕਰੋ ਕਿ ਤੁਸੀਂ ਦਿਨ ਦੇ ਠੰਡੇ ਸਮੇਂ ਸਭ ਤੋਂ ਸੁੰਦਰ ਬਾਗ ਵਿੱਚ ਖੜ੍ਹੇ ਹੋ, ਅਤੇ ਮਹਿਸੂਸ ਕਰੋ ਕਿ ਸੁਹਾਵਣੀ ਹਵਾ ਤੁਹਾਡੇ ਚਿਹਰੇ ਉੱਤੇ ਪੈ ਰਹੀ ਹੈ। ਪਰਮੇਸ਼ੁਰ ਦੇ ਕਦਮਾਂ ਦੀ ਆਵਾਜ਼ ਨੂੰ ਸੁਣੋ ਅਤੇ ਉਸ ਦੇ ਬਣਾਏ ਗਏ ਪ੍ਰਾਣੀਆਂ ਦੇ ਚੁੱਪ ਜਵਾਬ ਨੂੰ ਸੁਣੋ; ਫਿਰ ਪਰਮੇਸ਼ੁਰ ਦੇ ਸਵਾਲ ਨੂੰ ਸੁਣੋ, "ਤੂੰ ਕਿੱਥੇ ਹੈਂ?"

ਕੀ ਤੁਸੀਂ ਕਲਪਨਾ ਕਰ ਸਕਦੇ ਹੋ ਉਹ ਪਲ ਕਿਹੋ ਜਿਹਾ ਹੋਵੇਗਾ, ਜਦੋਂ ਪਰਮੇਸ਼ੁਰ ਆਦਮੀ ਅਤੇ ਔਰਤ ਨੂੰ ਉਸ ਨਾਲ ਸੰਗਤੀ ਕਰਨ ਲਈ ਬੁਲਾਉਂਦਾ ਹੈ? ਪਰਮੇਸ਼ੁਰ ਦੇ ਦਿਲ ਬਾਰੇ ਵਿਚਾਰ ਕਰਨ ਲਈ ਇੱਕ ਵਾਰ ਫਿਰ ਰੁਕੋ। ਪਰਮੇਸ਼ੁਰ ਆਦਮ ਅਤੇ ਹੱਵਾਹ, ਤੁਹਾਡੇ, ਅਤੇ ਮੇਰੇ ਨਾਲ ਸੰਗਤੀ ਰੱਖਣ ਦੀ ਇੱਛਾ ਰੱਖਦਾ ਹੈ ਅਤੇ ਇਸ ਲਈ ਤਾਂਘ ਰੱਖਦਾ ਹੈ!

ਭਾਵੇਂ ਕਿ ਅਸੀਂ ਉਸ ਦੀ ਆਗਿਆ ਨਾ ਮੰਨਣ ਦੇ ਕਾਰਨ ਆਪਣੇ ਆਪ ਨੂੰ ਉਸ ਨਾਲੋਂ ਵੱਖ ਕਰ ਲਿਆ ਹੈ (ਯਸਾਯਾਹ 59:2), ਪਰ ਪਰਮੇਸ਼ੁਰ ਫਿਰ ਵੀ ਹਰੇਕ ਜੀਉਂਦੇ ਵਿਅਕਤੀ ਨਾਲ ਰਿਸ਼ਤਾ ਰੱਖਣਾ ਚਾਹੁੰਦਾ ਹੈ। ਲੂਕਾ 19:10 ਸਾਨੂੰ ਵਿਖਾਉਂਦੀ ਹੈ ਕਿ ਪਰਮੇਸ਼ੁਰ ਹਰ ਇੱਕ ਪਾਪੀ ਨੂੰ ਭਾਲ ਰਿਹਾ ਹੈ। ਪਰਮੇਸ਼ੁਰ ਅਜੇ ਵੀ ਪੁੱਛ ਰਿਹਾ ਹੈ, "ਤੂੰ ਕਿੱਥੇ ਹੈਂ?" ਕਿਉਂਕਿ ਯਿਸੂ ਸਾਡੇ ਲਈ ਮਰਿਆ ਹੈ, ਅਸੀਂ ਪਰਮੇਸ਼ੁਰ ਨਾਲ ਸਹੀ ਰਿਸ਼ਤੇ ਵਿੱਚ ਵਾਪਸ ਆ ਸਕਦੇ ਹਾਂ (ਅਫ਼ਸੀਆਂ 2:13, 19)। ਤੁਹਾਨੂੰ ਅਤੇ ਮੈਨੂੰ ਪਰਮੇਸ਼ੁਰ ਨਾਲ ਰਿਸ਼ਤਾ ਰੱਖਣ ਲਈ ਰਚਿਆ ਗਿਆ ਹੈ।

### ਸਾਡੇ ਸਿਰਜਣਹਾਰ ਦਾ ਨਮੂਨਾ

ਜਿਹੜੇ ਪਰਮੇਸ਼ੁਰ ਦੀ ਪਿਆਰ ਭਰੀ ਅਤੇ ਉਦੇਸ਼ਪੂਰਣ ਸਿਰਜਣਾ 'ਤੇ ਵਿਸ਼ਵਾਸ ਨਹੀਂ ਕਰਦੇ ਹਨ, ਉਹ ਆਪਣੀ ਖੁਦ ਦੀ ਪਹਿਚਾਣ ਅਤੇ ਆਪਣਾ ਉਦੇਸ਼ ਬਣਾਉਣ ਲਈ ਸੰਘਰਸ਼ ਕਰਦੇ ਹਨ। ਪਰਮੇਸ਼ੁਰ ਦੇ ਨਾਲ ਰਿਸ਼ਤੇ ਤੋਂ ਬਿਨਾਂ ਮਨੁੱਖਤਾ ਨੂੰ ਸਹੀ ਢੰਗ ਨਾਲ

[2] ਉਦਾਹਰਣ ਵਜੋਂ, ਯਸਾਯਾਹ 55:3, ਯੂਹੰਨਾ 1:12-13, ਯੂਹੰਨਾ 3:36, ਯੂਹੰਨਾ 17:3, 2 ਕੁਰਿੰਥੀਆਂ 6:16-18, 1 ਯੂਹੰਨਾ 1:3, ਪਰਕਾਸ਼ ਦੀ ਪੋਥੀ 3:20 ਵੇਖੋ।

ਸਮਝਣਾ ਅਸੰਭਵ ਹੈ। ਇੱਕ ਵਿਅਕਤੀ ਜੋ ਸੰਸਾਰਿਕ ਬੁੱਧੀ ਦੀ ਸਲਾਹ ਨਾਲ ਚੱਲਦਾ ਹੈ, ਉਹ ਅਸਲ ਵਿੱਚ ਜੀਵਨ ਨੂੰ ਸਮਝ ਨਹੀਂ ਸਕਦਾ। ਸੰਸਾਰਿਕ ਬੁੱਧੀ, ਮਨੁੱਖ ਕੇਂਦ੍ਰਿਤ ਹੋ ਕੇ ਖੁਸ਼ੀ ਦਾ ਪਿੱਛਾ ਕਰਨਾ ਹੈ।

ਸਾਡੀ ਪਹਿਚਾਣ (ਅਸੀਂ ਕੌਣ ਹਾਂ), ਸਾਡਾ ਉਦੇਸ਼ (ਅਸੀਂ ਕਿਉਂ ਹਾਂ), ਅਤੇ ਸਾਨੂੰ ਕਿਵੇਂ ਬਣਾਇਆ ਗਿਆ ਹੈ, ਇਹ ਸਭ ਸਮਝਣ ਲਈ ਸਾਨੂੰ ਆਪਣੇ ਸਿਰਜਣਹਾਰ ਦੇ ਉਦੇਸ਼ ਨੂੰ ਜਾਣਨਾ ਚਾਹੀਦਾ ਹੈ, ਜੋ ਪਵਿੱਤਰ ਬਾਈਬਲ ਦੇ ਵਿੱਚ ਪਾਇਆ ਜਾਂਦਾ ਹੈ। ਪਰਮੇਸ਼ੁਰ ਨੇ ਪਹਿਲਾਂ ਹੀ ਸਾਡੀ ਪਹਿਚਾਣ ਨੂੰ ਸਥਾਪਿਤ ਕੀਤਾ ਹੈ; ਇਹ ਕੁਝ ਅਜਿਹਾ ਨਹੀਂ ਹੈ ਜਿਸ ਦੀ ਅਸੀਂ ਖੋਜ ਕਰਦੇ ਹਾਂ। ਉਸ ਨੇ ਸਾਨੂੰ ਇੱਕ ਉਦੇਸ਼ ਦੇ ਨਾਲ ਰਚਿਆ ਹੈ ਅਤੇ ਸਾਨੂੰ ਸੋਚ ਸਮਝ ਕੇ ਬਣਾਇਆ ਹੈ। ਜਦੋਂ ਅਸੀਂ ਸਾਡੇ ਜੀਵਨਾਂ ਅਤੇ ਸਾਡੇ ਰਿਸ਼ਤਿਆਂ ਬਾਰੇ ਉਸ ਦੀ ਯੋਜਨਾ ਨੂੰ ਸਮਝਦੇ ਹਾਂ, ਤਦ ਹੀ ਅਸੀਂ ਉਹ ਬਣ ਸਕਦੇ ਹਾਂ ਜੋ ਸਾਨੂੰ ਬਣਨਾ ਚਾਹੀਦਾ ਹੈ ਅਤੇ ਅਸੀਂ ਸਾਡੇ ਵਜੂਦ ਦੇ ਲਈ ਉਸ ਦੇ ਉਦੇਸ਼ ਨੂੰ ਪੂਰਾ ਕਰ ਸਕਦੇ ਹਾਂ।

ਪਰਮੇਸ਼ੁਰ ਦੇ ਸਰੂਪ ’ਤੇ ਬਣਾਏ ਹੋਣ ਦਾ ਅਰਥ ਹੈ ਕਿ ਲੋਕਾਂ ਨੂੰ ਰਿਸ਼ਤੇ ਰੱਖਣ ਲਈ ਅਨੋਖੇ ਢੰਗ ਨਾਲ ਬਣਾਇਆ ਗਿਆ ਹੈ। ਜਿਵੇਂ ਕਿ ਪਰਮੇਸ਼ੁਰ ਰਿਸ਼ਤੇ ਰੱਖਣ ਵਾਲਾ ਪਰਮੇਸ਼ੁਰ ਹੈ, ਉਸੇ ਤਰ੍ਹਾਂ ਉਸ ਨੇ ਲੋਕਾਂ ਨੂੰ ਵੀ ਰਿਸ਼ਤੇ ਰੱਖਣ ਵਾਲੇ ਪ੍ਰਾਣੀ ਬਣਾਇਆ ਹੈ। ਪਰਮੇਸ਼ੁਰ ਨੇ ਹਰੇਕ ਵਿਅਕਤੀ ਦੇ ਪ੍ਰਾਣ, ਆਤਮਾ, ਅਤੇ ਸਰੀਰ ਨੂੰ ਪਰਮੇਸ਼ੁਰ ਅਤੇ ਦੂਸਰਿਆਂ ਨਾਲ ਰਿਸ਼ਤੇ ਰੱਖਣ ਲਈ ਬਣਾਇਆ ਹੈ।

### ਮਨੁੱਖੀ ਰਿਸ਼ਤਿਆਂ ਲਈ ਸਾਡਾ ਹਿਦਾਇਤ ਦਸਤਾਵੇਜ਼

ਇਹ ਸੱਚਾਈ ਕਿ ਪਰਮੇਸ਼ੁਰ ਨੇ ਲੋਕਾਂ ਨੂੰ ਰਿਸ਼ਤੇ ਰੱਖਣ ਲਈ ਬਣਾਇਆ ਹੈ, ਇਹ ਸਪਸ਼ਟ ਕਰਦੀ ਹੈ ਕਿ ਉਸ ਕੋਲ ਸਾਡੇ ਰਿਸ਼ਤਿਆਂ ਲਈ ਸਿਧਾਂਤ ਅਤੇ ਨਿਰਦੇਸ਼ ਹਨ। ਇੱਕ ਉਤਪਾਦ ਨੂੰ ਬਣਾਉਣ ਵਾਲਾ ਇੱਕ ਉਤਪਾਦ ਦਸਤਾਵੇਜ਼ ਲਿਖਦਾ ਹੈ ਜੋ ਉਤਪਾਦ ਦੀ ਬਣਤਰ ਦੀ ਵਿਆਖਿਆ ਕਰਦਾ ਹੈ ਅਤੇ ਦੱਸਦਾ ਹੈ ਕਿ ਇਸ ਨੂੰ ਕਿਵੇਂ ਵਰਤਣਾ ਹੈ। ਉਸੇ ਤਰ੍ਹਾਂ ਹੀ, ਪਰਮੇਸ਼ੁਰ ਨੇ ਸਾਨੂੰ ਆਪਣਾ ਵਚਨ ਬਾਈਬਲ ਦਿੱਤੀ ਹੈ, ਜੋ ਸਾਡੀ ਬਣਤਰ ਦੀ ਵਿਆਖਿਆ ਕਰਦੀ ਹੈ ਅਤੇ ਦੱਸਦੀ ਹੈ ਕਿ ਸਾਡੇ ਜੀਵਨ ਅਤੇ ਸਾਡੇ ਰਿਸ਼ਤੇ ਕਿਵੇਂ ਸਹੀ ਤਰ੍ਹਾਂ ਚੱਲ ਸਕਦੇ ਹਨ।

ਬਾਈਬਲ ਸਪਸ਼ਟ ਰੂਪ ਵਿੱਚ ਉਨ੍ਹਾਂ ਭੂਮਿਕਾਵਾਂ ਦਾ ਵਰਣਨ ਕਰਦੀ ਹੈ ਜੋ ਪਰਮੇਸ਼ੁਰ ਨੇ ਮਨੁੱਖੀ ਰਿਸ਼ਤਿਆਂ ਲਈ ਠਹਿਰਾਈਆਂ ਹਨ। ਇਹ ਪਤੀਆਂ ਅਤੇ ਪਤਨੀਆਂ; ਪਿਤਾਵਾਂ, ਮਾਵਾਂ, ਅਤੇ ਬੱਚਿਆਂ; ਭਰਾਵਾਂ ਅਤੇ ਭੈਣਾਂ; ਦਾਦਾ-ਦਾਦੀ ਅਤੇ ਨਾਨਾ-ਨਾਨੀ; ਦੋਸਤਾਂ; ਦੁਸ਼ਮਣਾਂ; ਗੁਆਂਢੀਆਂ; ਸਰਕਾਰਾਂ ਅਤੇ ਨਾਗਰਿਕਾਂ; ਅਤੇ ਮਾਲਕਾਂ ਅਤੇ ਨੌਕਰਾਂ ਦੀਆਂ ਭੂਮਿਕਾਵਾਂ ਅਤੇ ਉਨ੍ਹਾਂ ਦੇ ਰਿਸ਼ਤਿਆਂ ਨੂੰ ਸੰਬੋਧਿਤ ਕਰਦੀ ਹੈ। ਪਰਮੇਸ਼ੁਰ ਦੇ ਵਚਨ ਦੇ ਸਿਧਾਂਤ ਸਾਡੇ ਲਈ ਉਸ ਦੇ ਨਮੂਨੇ ਨੂੰ ਸਿਖਾਉਂਦੇ ਹਨ, ਭਾਵੇਂ ਸਾਡੇ ਹਾਲਾਤ ਜਾਂ ਮਹੌਲ ਕੁਝ ਵੀ ਹੋਣ। ਬਾਈਬਲ ਸਾਨੂੰ ਸਾਡੇ ਜੀਵਨ ਦੇ ਹਰੇਕ ਪੜਾਆ ਲਈ ਪਰਮੇਸ਼ੁਰ ਦੀ ਇੱਛਾ ਬਾਰੇ ਸਿਖਾਉਂਦੀ ਹੈ।

ਮਨੁੱਖੀ ਸਮਾਜ ਅਤੇ ਸੱਭਿਆਚਾਰ ਪਰਮੇਸ਼ੁਰ ਦੇ ਨਮੂਨੇ ਨੂੰ ਪ੍ਰਦਰਸ਼ਿਤ ਕਰਦੇ ਹਨ, ਭਾਵੇਂ ਕਿ ਇਹ ਅਸਿੱਧ ਹੈ। ਸੱਭਿਆਚਾਰ ਸਾਰੇ ਰਿਸ਼ਤਿਆਂ ਅਤੇ ਹਾਲਾਤਾਂ ਵਿੱਚ ਆਮ ਮਨੁੱਖੀ ਵਿਹਾਰ ਦਾ ਵਰਣਨ ਕਰਦੇ ਹਨ। ਬੱਚਿਆਂ ਦੀ ਪਰਵਰਿਸ਼ ਕਰਨ ਅਤੇ ਵਿਆਹੁਤਾ

ਸੰਬੰਧਾਂ ਨੂੰ ਬਣਾਈ ਰੱਖਣ ਲਈ ਹਰੇਕ ਸੱਭਿਆਚਾਰ ਦੇ ਆਪਣੇ ਤਰੀਕੇ ਹਨ। ਸੱਭਿਆਚਾਰ ਪਰੰਪਰਾਵਾਂ, ਮਹੌਲਾਂ, ਸਰੀਰਕ ਬਣਤਰ, ਅਤੇ ਮੁੱਖ ਘਟਨਾਵਾਂ ਵਿੱਚ ਵੱਡੀ ਵਿਭਿੰਨਤਾ ਨੂੰ ਵਿਖਾਉਂਦੇ ਹਨ, ਪਰ ਹਰੇਕ ਸੱਭਿਆਚਾਰ ਸਾਂਝੀ ਬੁਨਿਆਦੀ ਨੈਤਿਕਤਾ ਰੱਖਦਾ ਹੈ। ਉਦਾਹਰਣ ਲਈ, ਹਰੇਕ ਸੱਭਿਆਚਾਰ ਵਿੱਚ ਵਿਆਹ ਦੀ ਇੱਕ ਕਿਸਮ ਹੁੰਦੀ ਹੈ। ਹਾਲਾਂਕਿ, ਸਾਰੇ ਵਿਹਾਰ ਦਾ ਮੁਲਾਂਕਣ ਬਾਈਬਲ ਦੇ ਸਿਧਾਂਤਾਂ ਅਨੁਸਾਰ ਕੀਤਾ ਜਾਣਾ ਚਾਹੀਦਾ ਹੈ, ਨਾ ਕਿ ਸੱਭਿਆਚਾਰ ਦੇ ਨਿਯਮਾਂ ਦੁਆਰਾ। ਬਾਈਬਲ ਸਾਡੇ ਉੱਤੇ ਅਧਿਕਾਰ ਰੱਖਦੀ ਹੈ; ਸੱਭਿਆਚਾਰ ਨਹੀਂ (ਰੋਮੀਆਂ 12:2)।

ਜ਼ਰੂਰੀ ਨਹੀਂ ਕਿ ਸੱਭਿਆਚਾਰ ਦੇ ਵਿਸਥਾਰ ਨਿਰਪੱਖ ਹੋਣ, ਅਤੇ ਸਾਨੂੰ ਇਨ੍ਹਾਂ ਦੇ ਨਿਰਪੱਖ ਹੋਣ ਦੀ ਉਮੀਦ ਵੀ ਨਹੀਂ ਰੱਖਣੀ ਚਾਹੀਦੀ (ਅਫ਼ਸੀਆਂ 2:2)। ਸੱਭਿਆਚਾਰ ਨੂੰ ਪਤਿਤ ਲੋਕਾਂ ਦੁਆਰਾ ਵਿਕਸਤ ਕੀਤਾ ਜਾਂਦਾ ਹੈ ਜਿਨ੍ਹਾਂ ਦੇ ਅੰਦਰ ਗਲਤ ਇੱਛਾਵਾਂ ਅਤੇ ਸਵਾਰਥ ਹੈ। ਹੋ ਸਕਦਾ ਹੈ ਕਿ ਇੱਕ ਸਮਾਜ ਨੂੰ ਬਾਈਬਲ ਦੀ ਸੱਚਾਈ ਦੀ ਕੁਝ ਜਾਣਕਾਰੀ ਹੋਵੇ, ਫਿਰ ਵੀ ਕੋਈ ਵੀ ਸਮਾਜ ਸਹੀ ਅਤੇ ਗਲਤ ਸੰਬੰਧੀ ਪਰਮੇਸ਼ੁਰ ਦੇ ਮਿਆਰ ਨਾਲ ਲਗਾਤਾਰ ਨਹੀਂ ਚੱਲਦਾ। ਕਿਸੇ ਵੀ ਗੱਲ ਨੂੰ ਇਸ ਲਈ ਜਾਇਜ਼ ਨਹੀਂ ਠਹਿਰਾਇਆ ਜਾਣਾ ਚਾਹੀਦਾ ਕਿਉਂਕਿ ਇਹ ਸੱਭਿਆਚਾਰਕ ਹੈ। ਕੇਵਲ ਬਾਈਬਲ ਹੀ ਹੈ ਜੋ ਸਾਨੂੰ ਸਿੱਧਤਾ ਦੇ ਨਾਲ ਪਰਮੇਸ਼ੁਰ ਦਾ ਮਿਆਰ ਵਿਖਾਉਂਦੀ ਹੈ (ਜ਼ਬੂਰ 19:7-11)।

ਜੇ ਤੁਸੀਂ ਲੀਬਿਆ ਦੇਸ ਵਿੱਚ ਜਾਓ ਅਤੇ ਵੇਖੋ ਕਿ ਲੀਬਿਆ ਦੇ ਡ੍ਰਾਈਵਰ ਸੁਰੱਖਿਆ ਦੀ ਪਰਵਾਹ ਕੀਤੇ ਬਿਨਾਂ ਗੱਡੀ ਚਲਾਉਂਦੇ ਹਨ, ਤੁਸੀਂ ਸੋਚ ਸਕਦੇ ਹੋ, "ਇਹ ਉਨ੍ਹਾਂ ਦਾ ਸੱਭਿਆਚਾਰ ਹੈ; ਗੱਡੀ ਚਲਾਉਣ ਦੀ ਉਨ੍ਹਾਂ ਦੀ ਸ਼ੈਲੀ ਉਨ੍ਹਾਂ ਲਈ ਠੀਕ ਹੈ।" ਇਹ ਸੱਚ ਹੈ ਕਿ ਉਨ੍ਹਾਂ ਨੇ ਗੱਡੀ ਚਲਾਉਣ ਦੀ ਆਪਣੀ ਸੱਭਿਆਚਾਰਕ ਸ਼ੈਲੀ ਨੂੰ ਵਿਕਸਤ ਕੀਤਾ ਹੈ। ਪਰ, ਸੰਸਾਰ ਭਰ ਵਿੱਚ ਸੜਕ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ ਵਿੱਚੋਂ ਸਭ ਤੋਂ ਜ਼ਿਆਦਾ ਲੀਬਿਆ ਵਿੱਚ ਹੁੰਦੀਆਂ ਹਨ। ਲੀਬਿਆ ਵਿੱਚ ਸੜਕ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ ਦੀ ਦਰ ਉਸ ਦੇਸ ਨਾਲੋਂ ਦੁੱਗਣੀ ਹੈ ਜੋ ਦੇਸ ਸੰਸਾਰ ਵਿੱਚ ਇਨ੍ਹਾਂ ਮੌਤਾਂ ਲਈ ਦੂਸਰੇ ਨੰਬਰ 'ਤੇ ਆਉਂਦਾ ਹੈ। ਇਹ ਸਪਸ਼ਟ ਹੈ ਕਿ ਉਨ੍ਹਾਂ ਦੇ ਸੱਭਿਆਚਾਰ ਨੇ ਗੱਡੀ ਚਲਾਉਣ ਦੀ ਇੱਕ ਚੰਗੀ ਸ਼ੈਲੀ ਨੂੰ ਵਿਕਸਤ ਨਹੀਂ ਕੀਤਾ ਹੈ।

ਪਰਮੇਸ਼ੁਰ ਜਾਣਦਾ ਹੈ ਕਿ ਜੀਵਨ ਕਿਵੇਂ ਚੱਲਣਾ ਚਾਹੀਦਾ ਹੈ ਅਤੇ ਉਸ ਨੇ ਸਾਡੇ ਲਈ ਨਿਯਮ ਦਿੱਤੇ ਹਨ। ਅਸੀਂ ਕੇਵਲ ਪ੍ਰਯੋਗ ਅਤੇ ਪੜਚੋਲ ਕਰਨ ਲਈ ਨਹੀਂ ਹਾਂ। ਅਸੀਂ ਬੱਸ ਓਹੀ ਨਹੀਂ ਕਰਨਾ ਹੈ ਜੋ ਜਾਪਦਾ ਹੈ ਕਿ ਸਾਨੂੰ ਉਹ ਦੇਵੇਗਾ ਜੋ ਸਾਨੂੰ ਚਾਹੀਦਾ ਹੈ। ਸਾਨੂੰ ਸਿਰਫ ਓਹੀ ਪ੍ਰਾਪਤ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਜਿਸ ਬਾਰੇ ਅਸੀਂ ਕਲਪਨਾ ਕਰਦੇ ਹਾਂ ਕਿ ਉਹ ਇੱਕ ਖੁਸ਼ੀ ਭਰਿਆ ਜੀਵਨ ਹੋਵੇਗਾ। ਸਾਨੂੰ ਆਪਣੇ ਰਿਸ਼ਤਿਆਂ ਦੇ ਲਈ ਪਰਮੇਸ਼ੁਰ ਦੇ ਨਮੂਨੇ ਦੀ ਪਾਲਣਾ ਕਰਨੀ ਚਾਹੀਦੀ ਹੈ।

ਇਹ ਸੁੰਦਰ ਗੱਲ ਹੈ ਕਿ ਪਰਮੇਸ਼ੁਰ ਦੇ ਨਿਰਦੇਸ਼ਾਂ ਦੀ ਪਾਲਣਾ ਕਰਨਾ ਸਾਡੇ ਲਈ ਚੰਗਾ ਹੈ। ਪਰਮੇਸ਼ੁਰ ਨੇ ਸਾਨੂੰ ਹੁਕਮ ਦਿੱਤੇ ਹਨ ਕਿਉਂਕਿ ਉਹ ਸਾਨੂੰ ਪਿਆਰ ਕਰਦਾ ਹੈ (ਬਿਵਸਥਾ ਸਾਰ 6:24)। ਉਨ੍ਹਾਂ ਹੁਕਮਾਂ ਦੀ ਪਾਲਣਾ ਕਰਨ ਦੁਆਰਾ ਅਸੀਂ ਚੰਗੇ ਨਤੀਜਿਆਂ ਦਾ ਅਨੰਦ ਮਾਣਦੇ ਹਾਂ ਅਤੇ ਬੁਰੇ ਨਤੀਜਿਆਂ ਤੋਂ ਸੁਰੱਖਿਅਤ ਰਹਿੰਦੇ ਹਾਂ। ਸਾਨੂੰ ਬਣਾਉਣ ਵਾਲਾ ਜਾਣਦਾ ਹੈ ਕਿ ਸਾਡੇ ਲਈ ਉੱਤਮ ਕੀ ਹੈ, ਅਤੇ ਜਦੋਂ ਅਸੀਂ ਉਸ ਦੀ ਯੋਜਨਾ ਅਨੁਸਾਰ ਚੱਲਦੇ ਹਾਂ, ਅਸੀਂ ਧੰਨ ਹੁੰਦੇ ਹਾਂ।

**ਰਿਸ਼ਤਿਆਂ ਵਿੱਚ ਪਰਮੇਸ਼ੁਰ ਅੱਗੇ ਜਵਾਬਦੇਹ**

► ਦੂਸਰੇ ਲੋਕਾਂ ਪ੍ਰਤੀ ਸਾਡਾ ਵਿਹਾਰ ਪਰਮੇਸ਼ੁਰ ਨਾਲ ਸਾਡੇ ਰਿਸ਼ਤਿਆਂ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ?

► ਵਿਦਿਆਰਥੀਆਂ ਨੂੰ ਹੇਠਾਂ ਦਿੱਤੇ ਵਚਨ ਦੇ ਹਰੇਕ  ਭਾਗ ਨੂੰ ਸਮੂਹ ਲਈ ਪੜ੍ਹਨਾ ਚਾਹੀਦਾ ਹੈ। ਸੰਖੇਪ ਵਿੱਚ ਚਰਚਾ ਕਰੋ ਕਿ ਇਨ੍ਹਾਂ ਮਨੁੱਖੀ ਰਿਸ਼ਤਿਆਂ ਵਿੱਚ ਪਰਮੇਸ਼ੁਰ ਕੀ ਮੰਗ ਕਰਦਾ ਹੈ, ਅਤੇ ਆਗਿਆਕਾਰੀ ਪਰਮੇਸ਼ੁਰ ਨਾਲ ਸਾਡੇ ਰਿਸ਼ਤੇ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ। ਪਰਮੇਸ਼ੁਰ ਦੇ ਨਿਰਦੇਸ਼ ਦੀ ਪਾਲਣਾ ਨਾ ਕਰਨਾ ਪਰਮੇਸ਼ੁਰ ਨਾਲ ਸਾਡੇ ਰਿਸ਼ਤੇ ਨੂੰ ਕਿਵੇਂ ਪ੍ਰਭਾਵਿਤ ਕਰੇਗਾ?

| ਦੂਸਰਿਆਂ ਨਾਲ ਸਾਡੇ ਰਿਸ਼ਤੇ ਅਤੇ ਪਰਮੇਸ਼ੁਰ ਨਾਲ ਸਾਡੇ ਰਿਸ਼ਤਾ | | | |
|---|---|---|---|
| **ਵਚਨ ਦਾ ਹਵਾਲਾ** | **ਵਿਅਕਤੀ/ਭੂਮਿਕਾ** | **ਮਨੁੱਖੀ ਰਿਸ਼ਤੇ ਵਿੱਚ ਪਰਮੇਸ਼ੁਰ ਜੋ ਮੰਗ ਕਰਦਾ ਹੈ** | **ਪਰਮੇਸ਼ੁਰ ਨਾਲ ਰਿਸ਼ਤੇ ਉੱਤੇ ਪ੍ਰਭਾਵ** |
| 1 ਪਤਰਸ 3:7 | ਪਤੀ | ਪਤਨੀ ਨੂੰ ਸਮਝੇ ਅਤੇ ਉਸ ਨੂੰ ਆਦਰ ਦੇਵੇ | ਇੱਕ ਪਤੀ ਦੀਆਂ ਪ੍ਰਾਰਥਨਾਵਾਂ ਵਿੱਚ ਰੁਕਾਵਟ ਨਹੀਂ ਆਉਂਦੀ |
| ਅਫ਼ਸੀਆਂ 5:22, 24, 33; 1 ਪਤਰਸ 3:1-6 | ਪਤਨੀ | ਪਤੀ ਦੇ ਅਧੀਨ ਹੋਵੇ। | ਇਸ ਤਰ੍ਹਾਂ ਪਤਨੀ ਪਰਮੇਸ਼ੁਰ ਦੇ ਅਧੀਨ ਹੁੰਦੀ ਹੈ। ਪਰਮੇਸ਼ੁਰ ਉਸ ਦੇ ਰਵੱਈਏ ਅਤੇ ਵਿਹਾਰ ਦੀ ਕਦਰ ਕਰਦਾ ਹੈ। |
| ਕੁਲੁੱਸੀਆਂ 3:20 | ਬੱਚਾ | ਸਾਰੀਆਂ ਗੱਲਾਂ ਵਿੱਚ ਮਾਪਿਆਂ ਦੀ ਆਗਿਆ ਮੰਨੇ | ਇਹ ਵਿਹਾਰ ਪਰਮੇਸ਼ੁਰ ਨੂੰ ਪ੍ਰਸੰਨ ਕਰਦਾ ਹੈ। |
| ਮੱਤੀ 6:12-15 | ਹਰ ਕੋਈ | ਉਨ੍ਹਾਂ ਨੂੰ ਮਾਫ਼ ਕਰੇ ਜੋ ਸਾਡੇ ਵਿਰੁੱਧ ਪਾਪ ਕਰਦੇ ਹਨ | ਪਰਮੇਸ਼ੁਰ ਸਾਨੂੰ ਮਾਫ਼ ਕਰ ਸਕਦਾ ਹੈ। |
| ਰੋਮੀਆਂ 13:1-5 | ਹਰ ਕੋਈ | ਦੁਨਿਆਵੀ ਹਕੂਮਤਾਂ ਦੇ ਅਧੀਨ ਰਹੇ | ਇਸ ਤਰ੍ਹਾਂ ਅਸੀਂ ਪਰਮੇਸ਼ੁਰ ਦੀ ਆਗਿਆ ਮੰਨਦੇ ਹਾਂ। |
| 1 ਪਤਰਸ 2:18-20 | ਸੇਵਕ | ਅਣਉਚਿਤ ਵਿਹਾਰ ਨੂੰ ਧੀਰਜ ਨਾਲ ਸਹਿਣ ਕਰੇ | ਸੇਵਕ ਪਰਮੇਸ਼ੁਰ ਦੀ ਕਿਰਪਾ ਪ੍ਰਾਪਤ ਕਰਦਾ ਹੈ। |

ਅਸੀਂ ਨੈਤਿਕ ਪ੍ਰਾਣੀ ਹਾਂ, ਜਿਸ ਦਾ ਅਰਥ ਹੈ ਕਿ ਅਸੀਂ ਸਮਝਦੇ ਹਾਂ ਕਿ ਕੁਝ ਕੰਮ ਸਹੀ ਅਤੇ ਕੁਝ ਕੰਮ ਗਲਤ ਹਨ, ਅਤੇ ਅਸੀਂ ਸਾਡੇ ਫੈਸਲਿਆਂ ਲਈ ਪਰਮੇਸ਼ੁਰ ਦੇ ਅੱਗੇ ਜਵਾਬਦੇਹ ਹਾਂ। ਇਹ ਸਾਨੂੰ ਵੱਡੀ ਸੰਭਾਵਿਤ ਸਮਰੱਥਾ ਅਤੇ ਵੱਡੀ ਜ਼ਿੰਮੇਵਾਰੀ ਦਿੰਦਾ ਹੈ। ਸਾਡੇ ਫੈਸਲੇ ਪਰਮੇਸ਼ੁਰ ਨਾਲ ਸਾਡੇ ਰਿਸ਼ਤੇ ਨੂੰ ਪ੍ਰਭਾਵਿਤ ਕਰਦੇ ਹਨ। ਰਿਸ਼ਤਿਆਂ ਬਾਰੇ ਪਰਮੇਸ਼ੁਰ ਦੇ ਨਿਰਦੇਸ਼ਾਂ ਦਾ ਪਾਲਣ ਕਰਨਾ,

ਇਸ ਬਾਰੇ ਕੇਵਲ ਇੱਕ ਵਿਹਾਰਕ ਮਸਲਾ ਹੀ ਨਹੀਂ ਹੈ ਕਿ ਅਸੀਂ ਕਿਵੇਂ ਖੁਸ਼ ਰਹਿ ਸਕਦੇ ਹਾਂ ਅਤੇ ਕਿਵੇਂ ਆਪਣੇ ਜੀਵਨ ਤੋਂ ਉੱਤਮ ਪ੍ਰਾਪਤ ਕਰ ਸਕਦੇ ਹਾਂ। ਰਿਸ਼ਤਿਆਂ ਵਿੱਚ ਸਾਡੇ ਫੈਸਲਿਆਂ ਅਤੇ ਸਾਡੇ ਵਿਹਾਰ ਲਈ ਅਸੀਂ ਪਰਮੇਸ਼ੁਰ ਅੱਗੇ ਜਵਾਬਦੇਹ ਹਾਂ (ਰੋਮੀਆਂ 14:10, 12)।

ਪਰਮੇਸ਼ੁਰ ਸਾਨੂੰ ਦੂਸਰਿਆਂ ਨਾਲ ਉਚਿਤ ਵਿਹਾਰ ਕਰਨ ਅਤੇ ਉਨ੍ਹਾਂ ਪ੍ਰਤੀ ਪਿਆਰ ਅਤੇ ਕਿਰਪਾ ਵਿੱਚ ਕੰਮ ਕਰਨ ਲਈ ਬੁਲਾਉਂਦਾ ਹੈ (ਮੀਕਾਹ 6:8)। ਸਮੱਸਿਆ ਇਹ ਹੈ ਕਿ ਆਦਮ ਦੇ ਪਾਪ ਕਾਰਨ, ਉਸ ਦੇ ਸਾਰੇ ਵੰਸ਼ਜ ਪਾਪੀ ਸੁਭਾਅ ਦੇ ਨਾਲ ਪੈਦਾ ਹੋਏ ਹਨ (ਰੋਮੀਆਂ 5:12, 19)। ਇਸ ਕਾਰਨ, ਅਸੀਂ ਲਗਾਤਾਰ ਪਿਆਰ, ਕਿਰਪਾ, ਅਤੇ ਉਚਿਤ ਤਰੀਕਿਆਂ ਨਾਲ ਵਿਹਾਰ ਨਹੀਂ ਕਰ ਸਕਦੇ (ਰੋਮੀਆਂ 7:15-24)। ਪਰ ਜਦੋਂ ਅਸੀਂ ਨਵੇਂ ਸਿਰਿਓਂ ਜਨਮ ਲੈਂਦੇ ਹਾਂ ਤਾਂ ਪਰਮੇਸ਼ੁਰ ਦੀ ਕਿਰਪਾ ਸਾਨੂੰ ਬਦਲਦੀ ਹੈ। ਪਵਿੱਤਰ ਆਤਮਾ ਸਾਨੂੰ ਪਰਮੇਸ਼ੁਰ ਦੀਆਂ ਸ਼ਰਤਾਂ ਨੂੰ ਪੂਰਾ ਕਰਨ ਦੇ ਯੋਗ ਬਣਾਉਂਦਾ ਹੈ (ਰੋਮੀਆਂ 8:3-4)।

### ਹਰੇਕ ਵਿਅਕਤੀ ਦਾ ਮਹੱਤਵ

► ਵਿਦਿਆਰਥੀਆਂ ਨੂੰ ਸਮੂਹ ਲਈ ਯਸਾਯਾਹ 44:24, ਜ਼ਬੂਰ 139:13-16, ਉਤਪਤ 9:6, ਅਤੇ ਯਾਕੂਬ 3:9 ਨੂੰ ਪੜ੍ਹਨਾ ਚਾਹੀਦਾ ਹੈ। ਇਹ ਵਚਨ ਹਰੇਕ ਜੀਵਨ ਦੇ ਮਹੱਤਵ ਬਾਰੇ ਸਾਨੂੰ ਕੀ ਦੱਸਦੇ ਹਨ? ਕੀ ਹੈ ਜੋ ਇੱਕ ਵਿਅਕਤੀ ਨੂੰ ਮਹੱਤਵ ਦਿੰਦਾ ਹੈ?

ਦੂਸਰਿਆਂ ਨਾਲ ਚੰਗੇ ਰਿਸ਼ਤੇ ਰੱਖਣ ਲਈ, ਸਾਨੂੰ ਹਰੇਕ ਵਿਅਕਤੀ ਨੂੰ ਓਹੀ ਮਹੱਤਵ ਦੇਣਾ ਚਾਹੀਦਾ ਹੈ ਜੋ ਪਰਮੇਸ਼ੁਰ ਉਨ੍ਹਾਂ ਨੂੰ ਦਿੰਦਾ ਹੈ। **ਹਰੇਕ ਵਿਅਕਤੀ ਨੂੰ ਪਰਮੇਸ਼ੁਰ ਦੇ ਸਰੂਪ 'ਤੇ ਬਣਾਇਆ ਗਿਆ ਹੈ ਅਤੇ ਇਸ ਦੇ ਕਾਰਨ ਹੀ ਉਹ ਮਹੱਤਵਪੂਰਣ ਹੈ।** ਹਰੇਕ ਵਿਅਕਤੀ ਪਰਮੇਸ਼ੁਰ ਦੀ ਅਨੋਖੀ ਰਚਨਾ ਹੈ, ਭਾਵੇਂ ਉਹ ਆਦਮੀ ਜਾਂ ਔਰਤ ਹੋਵੇ, ਤੰਦਰੁਸਤ ਜਾਂ ਬੀਮਾਰ ਹੋਵੇ, ਪੂਰਣ ਜਾਂ ਅਪੰਗ ਜਾਂ ਅਪਾਹਜ ਹੋਵੇ, ਜਵਾਨ ਜਾਂ ਬੁੱਢਾ ਹੋਵੇ, ਅਮੀਰ ਜਾਂ ਗਰੀਬ ਹੋਵੇ (ਕਹਾਉਤਾਂ 14:31), ਪਹਿਲਾਂ ਹੀ ਪੈਦਾ ਹੋਇਆ ਹੋਵੇ ਜਾਂ ਅਜੇ ਵੀ ਮਾਂ ਦੀ ਕੁੱਖ ਵਿੱਚ ਹੋਵੇ; ਭਾਵੇਂ ਉਨ੍ਹਾਂ ਦੀ ਚਮੜੀ ਦਾ ਰੰਗ ਕੋਈ ਵੀ ਹੋਵੇ; ਅਤੇ ਉਨ੍ਹਾਂ ਦੀਆਂ ਮਾਨਸਿਕ ਜਾਂ ਸਰੀਰਕ ਯੋਗਤਾਵਾਂ ਜਾਂ ਸੀਮਾਵਾਂ ਨਾਲ ਕੋਈ ਫਰਕ ਨਹੀਂ ਪੈਂਦਾ (ਕੂਚ 4:11)।

ਅਜਿਹੇ ਸੱਭਿਆਚਾਰ ਵੀ ਹਨ ਜਿੱਥੇ ਬਜ਼ੁਰਗਾਂ ਨੂੰ ਭੁਲਾ ਦਿੱਤਾ ਜਾਂਦਾ ਹੈ, ਔਰਤਾਂ ਨਾਲ ਅਜਿਹਾ ਵਿਹਾਰ ਕੀਤਾ ਜਾਂਦਾ ਹੈ ਜਿਵੇਂ ਉਹ ਆਦਮੀਆਂ ਨਾਲੋਂ ਘੱਟ ਮਹੱਤਵਪੂਰਣ ਹੋਣ, ਜਾਂ ਬੱਚਿਆਂ ਨੂੰ ਇੱਕ ਪਰੇਸ਼ਾਨੀ ਸਮਝਿਆ ਜਾਂਦਾ ਹੈ। ਕੁਝ ਸੱਭਿਆਚਾਰਾਂ ਵਿੱਚ, ਅਪੰਗਾਂ ਨੂੰ ਸਰਾਪੀ ਮੰਨਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਲੁਕਾਇਆ ਜਾਂਦਾ ਹੈ ਜਾਂ ਸਮਾਜ ਤੋਂ ਬਾਹਰ ਕੱਢ ਦਿੱਤਾ ਜਾਂਦਾ ਹੈ। ਸੰਸਾਰ ਭਰ ਵਿੱਚ ਜਾਤੀਵਾਦ ਆਮ ਹੈ: ਇੱਕ ਕਬੀਲਾ ਜਾਂ ਇੱਕ ਜਾਤੀ ਸਮੂਹ ਆਪਣੇ ਆਪ ਨੂੰ ਦੂਸਰੇ ਨਾਲੋਂ ਸਰੇਸ਼ਟ ਸਮਝਦਾ ਹੈ ਅਤੇ ਦੂਸਰੇ ਨਾਲ ਸ਼ਰਮਨਾਕ ਵਿਹਾਰ ਕਰਦਾ ਹੈ। ਇਨ੍ਹਾਂ ਵਿੱਚੋਂ ਹਰੇਕ ਕੰਮ ਲੋਕਾਂ ਦੇ ਮਹੱਤਵ ਨੂੰ ਘੱਟ ਕਰਦਾ ਹੈ, ਜੋ ਪਰਮੇਸ਼ੁਰ ਦੀ ਸਾਰੀ ਸ੍ਰਿਸ਼ਟੀ ਵਿੱਚੋਂ ਸਭ ਤੋਂ ਕੀਮਤੀ ਹਨ। ਚੰਗੇ ਅਤੇ ਪਰਮੇਸ਼ੁਰ ਨੂੰ ਆਦਰ ਦੇਣ ਵਾਲੇ ਰਿਸ਼ਤੇ ਰੱਖਣ ਲਈ, ਸਭ ਤੋਂ ਪਹਿਲਾਂ ਸਾਨੂੰ ਲੋਕਾਂ ਨੂੰ ਉਸ ਤਰ੍ਹਾਂ ਹੀ ਵੇਖਣਾ ਚਾਹੀਦਾ ਹੈ ਜਿਸ ਤਰ੍ਹਾਂ ਦੇ ਉਹ ਹਨ – ਪਰਮੇਸ਼ੁਰ ਦੇ ਸਰੂਪ 'ਤੇ ਬਣਾਏ ਗਏ।

## ਪਰਮੇਸ਼ੁਰ ਲਈ ਬਣਾਏ ਗਏ, ਦੂਸਰਿਆਂ ਲਈ ਬਣਾਏ ਗਏ

ਪਰਕਾਸ਼ ਦੀ ਪੋਥੀ 4:11 ਸਾਨੂੰ ਦੱਸਦੀ ਹੈ ਕਿ ਪਰਮੇਸ਼ੁਰ ਨੇ ਸਾਰੀਆਂ ਚੀਜ਼ਾਂ ਨੂੰ ਆਪਣੇ ਲਈ ਬਣਾਇਆ ਹੈ। ਨਿਸ਼ਚਤ ਤੌਰ 'ਤੇ, ਇਸ ਵਿੱਚ ਮਨੁੱਖਤਾ ਵੀ ਸ਼ਾਮਲ ਹੈ। ਅਸੀਂ ਪਰਮੇਸ਼ੁਰ ਦੁਆਰਾ ਪਰਮੇਸ਼ੁਰ ਲਈ ਬਣਾਏ ਗਏ ਹਾਂ। ਅਤੇ ਜੋ ਸਭ ਅਸੀਂ ਕਰਦੇ ਹਾਂ, ਅਸੀਂ ਉਹ ਪਰਮੇਸ਼ੁਰ ਦੀ ਮਹਿਮਾ ਲਈ ਕਰਨਾ ਹੈ (1 ਕੁਰਿੰਥੀਆਂ 10:31, 1 ਪਤਰਸ 2:12)। ਸਾਨੂੰ ਦੂਸਰੇ ਲੋਕਾਂ ਦੇ ਲਾਭ ਲਈ ਵੀ ਬਣਾਇਆ ਗਿਆ ਸੀ।

**ਸਾਨੂੰ ਪਰਮੇਸ਼ੁਰ ਦੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਦੂਸਰਿਆਂ ਨਾਲ ਮਿਲਕੇ ਕੰਮ ਕਰਨ ਲਈ ਬਣਾਇਆ ਗਿਆ ਸੀ।** ਵਿਆਹੁਤਾ ਰਿਸ਼ਤਾ, ਲੋਕਾਂ ਦੇ ਮਿਲਕੇ ਕੰਮ ਕਰਨ ਲਈ ਪਰਮੇਸ਼ੁਰ ਦੇ ਨਮੂਨੇ ਦੀ ਇੱਕ ਉਦਾਹਰਣ ਹੈ। ਪਹਿਲੇ ਆਦਮੀ ਨੂੰ ਬਣਾਉਣ ਦੇ ਤੁਰੰਤ ਬਾਅਦ, ਪਰਮੇਸ਼ੁਰ ਨੇ ਆਖਿਆ, "ਭਈ ਚੰਗਾ ਨਹੀਂ ਕਿ ਆਦਮੀ ਇਕੱਲਾ ਰਹੇ ਸੋ ਮੈਂ ਉਹ ਦੇ ਲਈ ਉਹ ਦੇ ਵਾਂਙੁ ਇੱਕ ਸਹਾਇਕਣ ਬਣਾਵਾਂਗਾ" (ਉਤਪਤ 2:18)। ਔਰਤ ਮਹੱਤਵਪੂਰਣ ਤਰੀਕਿਆਂ ਨਾਲ ਆਦਮੀ ਵਰਗੀ ਹੀ ਹੈ, ਪਰ ਹੋਰ ਮਹੱਤਵਪੂਰਣ ਤਰੀਕਿਆਂ ਨਾਲ ਵੱਖਰੀ ਹੈ। ਉਹ ਮਿਲਕੇ ਆਪਣੇ ਵਜੂਦ ਲਈ ਪਰਮੇਸ਼ੁਰ ਦੇ ਉਦੇਸ਼ਾਂ ਨੂੰ ਪੂਰਾ ਕਰ ਸਕਦੇ ਹਨ। ਪਰਮੇਸ਼ੁਰ ਨੇ ਉਨ੍ਹਾਂ ਦੋਵਾਂ ਨੂੰ ਕੰਮ ਦਿੱਤਾ ਸੀ ਜੋ ਉਨ੍ਹਾਂ ਨੇ ਮਿਲਕੇ ਕਰਨਾ ਸੀ (ਉਤਪਤ 1:26-28)।

ਕਲੀਸਿਯਾ, ਲੋਕਾਂ ਦੇ ਮਿਲਕੇ ਕੰਮ ਕਰਨ ਲਈ ਪਰਮੇਸ਼ੁਰ ਦੇ ਨਮੂਨੇ ਦੀ ਇੱਕ ਹੋਰ ਉਦਾਹਰਣ ਹੈ। ਰਸੂਲ ਪੌਲੁਸ ਨੇ ਸਰੀਰ ਦੇ ਅੰਗਾਂ ਦੀ ਮਿਸਾਲ ਦਾ ਇਸਤੇਮਾਲ ਕੀਤਾ ਹੈ (1 ਕੁਰਿੰਥੀਆਂ 12:12-26)। ਇੱਕ ਵਿਅਕਤੀ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਉਹ ਇਕੱਲੇ ਕੰਮ ਕਰਦੇ ਹੋਏ ਪਰਮੇਸ਼ੁਰ ਦੇ ਉਦੇਸ਼ ਨੂੰ ਪੂਰਾ ਕਰ ਸਕਦਾ ਹੈ ਜਾਂ ਇਹ ਕਿ ਉਸ ਨੂੰ ਦੂਸਰੇ ਲੋਕਾਂ ਦੀ ਲੋੜ ਨਹੀਂ ਹੈ। ਵਿਆਹੁਤਾ ਰਿਸ਼ਤਾ ਅਤੇ ਕਲੀਸਿਯਾ, ਲੋਕਾਂ ਦੇ ਮਿਲਕੇ ਕੰਮ ਕਰਨ ਲਈ ਪਰਮੇਸ਼ੁਰ ਦੇ ਨਮੂਨੇ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਵਿੱਚੋਂ ਕੇਵਲ ਦੋ ਉਦਾਹਰਣ ਹਨ।

**ਸਾਨੂੰ ਦੂਸਰੇ ਲੋਕਾਂ ਦੀ ਸੇਵਾ ਕਰਨ ਲਈ ਬਣਾਇਆ ਗਿਆ ਹੈ** (ਗਲਾਤੀਆਂ 5:13-14)। ਸਾਨੂੰ ਦੂਸਰਿਆਂ ਨਾਲ ਪਿਆਰ ਭਰੇ ਰਿਸ਼ਤੇ ਰੱਖਣ ਲਈ ਬਣਾਇਆ ਗਿਆ ਹੈ, ਜਿਨ੍ਹਾਂ ਵਿੱਚ ਅਸੀਂ ਆਪਣੇ ਆਪ ਨੂੰ ਦੂਸਰਿਆਂ ਦੇ ਲਾਭ ਲਈ ਦੇ ਦਿੰਦੇ ਹਾਂ।

► ਵਿਦਿਆਰਥੀਆਂ ਨੂੰ ਸਮੂਹ ਲਈ ਕਹਾਉਤਾਂ 17:17, ਗਲਾਤੀਆਂ 6:2, ਅਤੇ ਫਿਲਿੱਪੀਆਂ 2:4 ਨੂੰ ਪੜ੍ਹਨਾ ਚਾਹੀਦਾ ਹੈ।

ਸਾਨੂੰ ਪਰਮੇਸ਼ੁਰ ਲਈ ਅਤੇ ਦੂਸਰੇ ਲੋਕਾਂ ਲਈ ਬਣਾਇਆ ਗਿਆ ਸੀ। ਹਰੇਕ ਸ਼ਰਤ ਜੋ ਪਰਮੇਸ਼ੁਰ ਆਪਣੇ ਵਚਨ ਵਿੱਚ ਸਾਡੇ ਲਈ ਰੱਖਦਾ ਹੈ ਉਹ ਜਾਂ ਤਾਂ ਉਸ ਨਾਲ ਸਾਡੇ ਰਿਸ਼ਤੇ ਬਾਰੇ ਹੈ, ਜਾਂ ਦੂਸਰਿਆਂ ਨਾਲ ਸਾਡੇ ਰਿਸ਼ਤੇ ਬਾਰੇ ਹੈ, ਜਾਂ ਦੋਵਾਂ ਰਿਸ਼ਤਿਆਂ ਦੇ ਬਾਰੇ ਹੈ। ਅਸਲ ਵਿੱਚ, ਯਿਸੂ ਨੇ ਆਖਿਆ ਕਿ ਹਰੇਕ ਮੰਗ ਜੋ ਪਰਮੇਸ਼ੁਰ ਸਾਡੇ ਲਈ ਰੱਖਦਾ ਹੈ, ਇਨ੍ਹਾਂ ਹੁਕਮਾਂ ਵਿੱਚ ਉਸ ਦਾ ਸਾਰ ਦਿੱਤਾ ਜਾ ਸਕਦਾ ਹੈ ਕਿ ਅਸੀਂ ਜੋ ਕੁਝ ਵੀ ਹਾਂ ਉਸ ਸਭ ਨਾਲ ਪਰਮੇਸ਼ੁਰ ਨੂੰ ਪਿਆਰ ਕਰੀਏ ਅਤੇ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰੀਏ।

► ਇੱਕ ਵਿਦਿਆਰਥੀ ਨੂੰ ਸਮੂਹ ਲਈ ਮੱਤੀ 22:36-39 ਨੂੰ ਪੜ੍ਹਨਾ ਚਾਹੀਦਾ ਹੈ।

ਅਸੀਂ ਪਰਮੇਸ਼ੁਰ ਲਈ ਬਣਾਏ ਗਏ ਹਾਂ, ਅਤੇ ਅਸੀਂ ਦੂਸਰਿਆਂ ਲਈ ਬਣਾਏ ਗਏ ਹਾਂ; ਇਹ ਦੋਵੇਂ ਸੱਚਾਈਆਂ ਬਹੁਤ ਨੇੜਤਾ ਰੱਖਦੀਆਂ ਹਨ। ਦੂਸਰਿਆਂ ਦੇ ਨਾਲ ਸਾਡਾ ਮੇਲ-ਮਿਲਾਪ ਉਨ੍ਹਾਂ ਮੁੱਖ ਤਰੀਕਿਆਂ ਵਿੱਚੋਂ ਇੱਕ ਹੈ ਜਿਨ੍ਹਾਂ ਨਾਲ ਅਸੀਂ ਪਰਮੇਸ਼ੁਰ ਨੂੰ ਮਹਿਮਾ ਦਿੰਦੇ ਹਾਂ ਅਤੇ ਉਸ ਦੇ ਸਰੂਪ ਨੂੰ ਵਿਖਾਉਂਦੇ ਹਾਂ। ਪਰਮੇਸ਼ੁਰ ਦਾ ਚਰਿੱਤਰ ਅਤੇ ਉਸ ਦੇ ਕੰਮ ਸਾਨੂੰ ਉਸ ਵਰਗਾ ਬਣਨ ਦੀ ਜ਼ਿੰਮੇਵਾਰੀ ਦਿੰਦੇ ਹਨ (1 ਪਤਰਸ 1:16; ਮੱਤੀ 5:48)। ਸਾਰੇ ਲੋਕ ਪਰਮੇਸ਼ੁਰ ਦੇ ਸਰੂਪ ’ਤੇ ਬਣਾਏ ਗਏ ਹਨ, ਪਰ ਜਦੋਂ ਅਸੀਂ ਉਸ ਵਾਂਗ ਹੀ ਵਿਹਾਰ ਕਰਦੇ ਹਾਂ ਜਿਵੇਂ ਉਹ ਵਿਹਾਰ ਕਰਦਾ ਹੈ ਤਦ ਅਸੀਂ ਪਰਮੇਸ਼ੁਰ ਦੇ ਸੁਭਾਅ ਅਤੇ ਚਰਿੱਤਰ ਨੂੰ ਵਿਖਾਉਂਦੇ ਹਾਂ।

ਜਦੋਂ ਕੋਈ ਲੋੜਵੰਦਾਂ ਦੇ ਲਈ ਦਯਾ ਵਿਖਾਉਂਦਾ ਹੈ, ਤਦ ਉਸ ਦੀ ਦਯਾ ਪਰਮੇਸ਼ੁਰ ਦੀ ਦਯਾ ਦੀ ਨਕਲ ਹੁੰਦੀ ਹੈ, ਅਤੇ ਉਸ ਦਾ ਦਯਾ ਦਾ ਕੰਮ ਪਰਮੇਸ਼ੁਰ ਦੇ ਕੰਮ ਦੀ ਰੀਸ ਹੁੰਦਾ ਹੈ। ਭਾਵੇਂ ਦਯਾ ਵਿਖਾਉਣ ਵਾਲਾ ਵਿਸ਼ਵਾਸੀ ਜਾਂ ਅਵਿਸ਼ਵਾਸੀ ਹੋਵੇ, ਪਰ ਇਹ ਸੱਚ ਹੈ। ਪਰ ਜਦੋਂ ਪਰਮੇਸ਼ੁਰ ਦੇ ਨਾਲ ਸਾਡਾ ਮੁੜ ਮੇਲ-ਮਿਲਾਪ ਹੋ ਜਾਂਦਾ ਹੈ ਅਤੇ ਉਸ ਦਾ ਆਤਮਾ ਸਾਡੇ ਵਿੱਚ ਕੰਮ ਕਰਦਾ ਹੈ, ਤਦ ਅਸੀਂ ਉੱਤਮ ਢੰਗ ਨਾਲ ਪਰਮੇਸ਼ੁਰ ਦੀ ਰੀਸ ਕਰ ਸਕਦੇ ਹਾਂ।

► ਇੱਕ ਵਿਦਿਆਰਥੀ ਨੂੰ ਸਮੂਹ ਲਈ 2 ਪਤਰਸ 1:2-11 ਨੂੰ ਪੜ੍ਹਨਾ ਚਾਹੀਦਾ ਹੈ।

ਵਚਨ ਦਾ ਇਹ ਭਾਗ ਮਸੀਹ ਦਾ ਅਨੁਸਰਣ ਕਰਨ ਵਾਲੇ ਹਰੇਕ ਵਿਅਕਤੀ ਲਈ ਉਸ ਦੀ ਯੋਜਨਾ ਅਦਭੁਤ ਯੋਜਨਾ ਦੀ ਵਿਆਖਿਆ ਕਰਦਾ ਹੈ। ਇਸ ਭਾਗ ਤੋਂ ਅਸੀਂ ਇਹ ਸਿੱਖ ਸਕਦੇ ਹਾਂ:

1. ਉਸ ਦੀ ਮਹਿਮਾ ਅਤੇ ਭਲਾਈ ਦੇ ਦੁਆਰਾ, ਯਿਸੂ ਨੇ ਸਾਨੂੰ ਬੁਲਾਇਆ ਹੈ ਅਤੇ ਸਾਨੂੰ ਅਦਭੁਤ ਵਾਇਦੇ ਦਿੱਤੇ ਹਨ (ਆਇਤਾਂ 3-4)।

2. ਇਨ੍ਹਾਂ ਵਾਇਦਿਆਂ ਦੇ ਦੁਆਰਾ, ਸਾਡੇ ਵਿੱਚੋਂ ਜਿਹੜੇ ਮਸੀਹ ਨੂੰ ਜਾਣਦੇ ਹਨ ਉਨ੍ਹਾਂ ਵਿੱਚ ਪਰਮੇਸ਼ੁਰ ਦਾ ਈਸ਼ੁਰੀ ਸੁਭਾਅ ਹੋ ਸਕਦਾ ਹੈ (ਆਇਤ 4)।

3. ਪਰਮੇਸ਼ੁਰ ਪਿਤਾ ਅਤੇ ਯਿਸੂ ਨਾਲ ਰਿਸ਼ਤੇ ਦੁਆਰਾ, ਸਾਡੇ ਕੋਲ ਉਹ ਸਭ ਹੈ ਜਿਸ ਦੀ ਸਾਨੂੰ ਜੀਵਨ ਅਤੇ ਭਗਤੀ ਲਈ ਲੋੜ ਹੈ (ਆਇਤ 3)।

4. ਇਨ੍ਹਾਂ ਗੱਲਾਂ ਦੇ ਕਾਰਨ, ਅਸੀਂ ਉਸ ਤਰ੍ਹਾਂ ਜੀ ਸਕਦੇ ਹਾਂ ਜਿਵੇਂ ਯਿਸੂ ਜੀਵਿਆ ਸੀ ਅਤੇ ਜਿਵੇਂ ਜੀਣ ਲਈ ਸਾਨੂੰ ਪਰਮੇਸ਼ੁਰ ਨੇ ਬੁਲਾਇਆ ਹੈ (ਆਇਤਾਂ 5-8)।

► ਇਹ ਕਿਵੇਂ ਸੰਭਵ ਹੈ ਕਿ ਅਸੀਂ ਆਪਣੇ ਰਿਸ਼ਤਿਆਂ ਵਿੱਚ ਪਰਮੇਸ਼ੁਰ ਦੇ ਚਰਿੱਤਰ ਅਤੇ ਸੁਭਾਅ ਨੂੰ ਵਿਖਾ ਸਕਦੇ ਹਾਂ?

► ਇੱਕ ਵਿਦਿਆਰਥੀ ਨੂੰ ਸਮੂਹ ਲਈ 2 ਕੁਰਿੰਥੀਆਂ 4:4 ਨੂੰ ਪੜ੍ਹਨਾ ਚਾਹੀਦਾ ਹੈ। ਪਰਮੇਸ਼ੁਰ ਦੀ ਸੰਪੂਰਣ ਤਸਵੀਰ ਕੌਣ ਹੈ?

► ਇੱਕ ਵਿਦਿਆਰਥੀ ਨੂੰ ਸਮੂਹ ਲਈ 2 ਕੁਰਿੰਥੀਆਂ 3:18 ਨੂੰ ਪੜ੍ਹਨਾ ਚਾਹੀਦਾ ਹੈ।

ਪਵਿੱਤਰ ਆਤਮਾ ਵਿਸ਼ਵਾਸੀਆਂ ਨੂੰ ਪਰਮੇਸ਼ੁਰ ਦੀ ਮਹਿਮਾ ਨੂੰ ਵੱਧ ਤੋਂ ਵੱਧ ਵਿਖਾਉਣ ਲਈ ਬਦਲਦਾ ਹੈ। ਯਿਸੂ ਵੱਲ ਵੇਖਣ ਦੁਆਰਾ, ਅਸੀਂ ਸਾਡੇ ਵਿਹਾਰ ਅਤੇ ਰਵੱਈਏ ਵਿੱਚ ਜ਼ਿਆਦਾ ਤੋਂ ਜ਼ਿਆਦਾ ਉਸ ਵਰਗੇ ਬਣਾਏ ਜਾਂਦੇ ਹਾਂ। ਇਹ ਖੁਸ਼ ਖਬਰੀ ਦੀ ਸੁੰਦਰਤਾ ਹੈ। ਪਿਤਾ ਪਰਮੇਸ਼ੁਰ, ਯਿਸੂ, ਅਤੇ ਪਵਿੱਤਰ ਆਤਮਾ ਦੀ ਸਮਰੱਥਾ ਦੁਆਰਾ ਅਸੀਂ ਪਰਮੇਸ਼ੁਰ ਦੇ ਚਰਿੱਤਰ ਨੂੰ ਵਿਖਾ ਸਕਦੇ ਹਾਂ ਅਤੇ ਉਸ ਦੀ ਰੀਸ ਕਰ ਸਕਦੇ ਹਾਂ।

ਦੂਸਰਿਆਂ ਨਾਲ ਸਾਡੇ ਰਿਸ਼ਤਿਆਂ ਵਿੱਚ, ਪਰਮੇਸ਼ੁਰ ਸਾਨੂੰ ਉਸ ਦੀ ਰੀਸ ਕਰਨ ਲਈ ਬੁਲਾਉਂਦਾ ਹੈ (ਅਫ਼ਸੀਆਂ 5:1)। ਜਿਵੇਂ ਇੱਕ ਬੱਚਾ ਆਪਣੇ ਮਾਪਿਆਂ ਜਾਂ ਆਪਣੇ ਵੱਡੇ ਭੈਣ-ਭਰਾਵਾਂ ਨੂੰ ਵੇਖਦਾ ਹੈ ਅਤੇ ਉਨ੍ਹਾਂ ਦੀ ਰੀਸ ਕਰਦਾ ਹੈ, ਉਸੇ ਤਰ੍ਹਾਂ ਅਸੀਂ ਯਿਸੂ ਵੱਲ ਵੇਖਣਾ ਹੈ ਅਤੇ ਦੂਸਰਿਆਂ ਨਾਲ ਸਾਡੇ ਰਿਸ਼ਤਿਆਂ ਵਿੱਚ ਉਸ ਦੇ ਰਵੱਈਏ, ਨਜ਼ਰੀਏ, ਅਤੇ ਉਸ ਦੇ ਵਿਹਾਰਾਂ ਦੀ ਰੀਸ ਕਰਨੀ ਹੈ (ਫਿਲਿੱਪੀਆਂ 2:5-7, ਅਫ਼ਸੀਆਂ 5:2)।

► ਵਿਦਿਆਰਥੀਆਂ ਨੂੰ ਸਮੂਹ ਲਈ ਹੇਠ ਦਿੱਤੇ ਵਚਨ ਦੇ ਹਰੇਕ ਭਾਗ ਨੂੰ ਪੜ੍ਹਨਾ ਚਾਹੀਦਾ ਹੈ। ਇਨ੍ਹਾਂ ਦੋ ਗੱਲਾਂ ਬਾਰੇ ਨੋਟਸ ਲਿਖੋ (1) ਪਰਮੇਸ਼ੁਰ ਦਾ ਚਰਿੱਤਰ ਜਾਂ ਕੰਮ ਅਤੇ (2) ਸਾਡੇ ਲਈ ਪਰਮੇਸ਼ੁਰ ਦੀ ਉਮੀਦ। (ਵਚਨ ਦੇ ਪਹਿਲੇ ਦੋ ਭਾਗਾਂ ਲਈ ਨੋਟਸ ਪਹਿਲਾਂ ਹੀ ਉਦਾਹਰਣ ਦੇ ਵਜੋਂ ਲਿਖੇ ਹੋਏ ਹਨ। ਅਤੇ ਇਸ ਪਾਠ ਦੇ ਅੰਤ ਵਿੱਚ, ਕਾਰਜ 2 ਇਸ ਅਧਿਐਨ ਨੂੰ ਅੱਗੇ ਵਧਾਉਂਦਾ ਹੈ।)

| **ਮਨੁੱਖੀ ਰਿਸ਼ਤੇ ਕਿਵੇਂ ਪਰਮੇਸ਼ੁਰ ਦੀ ਮਹਿਮਾ ਨੂੰ ਵਿਖਾਉਂਦੇ ਹਨ** | | |
|---|---|---|
| **ਵਚਨ** | **ਜੋ ਪਰਮੇਸ਼ੁਰ ਕਰਦਾ ਹੈ/<br>ਜੋ ਮਸੀਹ ਨੇ ਕੀਤਾ ਹੈ** | **ਸਾਡੇ ਕੰਮ ਜੋ ਪਰਮੇਸ਼ੁਰ ਨੂੰ ਪ੍ਰਤੀਬਿੰਬਤ ਕਰਦੇ ਹਨ** |
| ਫਿਲਿੱਪੀਆਂ 2:3-8 | ਆਪਣੇ ਅਧਿਕਾਰਾਂ ਨੂੰ ਤਿਆਗ ਦਿੱਤਾ।<br>ਇੱਕ ਸੇਵਕ ਬਣਿਆ।<br>ਪੂਰੀ ਤਰ੍ਹਾਂ ਹਲੀਮ ਅਤੇ ਆਗਿਆਕਾਰੀ ਸੀ। | ਆਪਣੇ ਅਧਿਕਾਰਾਂ ਨੂੰ ਛੱਡ ਦੇਣਾ।<br>ਦੂਸਰਿਆਂ ਦੇ ਹਿੱਤਾਂ ਦਾ ਧਿਆਨ ਰੱਖਣਾ।<br>ਹਲੀਮ ਹੋਣਾ। |
| ਯੂਹੰਨਾ 13:3-5, 12-15 | ਇੱਕ ਵਿਹਾਰਕ ਲੋੜ ਨੂੰ ਪੂਰਾ ਕਰਦੇ ਹੋਏ, ਆਪਣੇ ਚੇਲਿਆਂ ਦੀ ਸੇਵਾ ਕੀਤੀ। | ਦੂਸਰੇ ਵਿਸ਼ਵਾਸੀਆਂ ਦੀ ਸੇਵਾ ਕਰਨਾ। |
| ਅਫ਼ਸੀਆਂ 4:32-5:2 | | |

ਸਾਡੇ ਵਿੱਚੋਂ ਕੋਈ ਵੀ ਸੁਭਾਵਿਕ ਤੌਰ ’ਤੇ ਪਰਮੇਸ਼ੁਰ ਦੇ ਪਿਆਰ ਨੂੰ ਨਹੀਂ ਵਿਖਾਉਂਦਾ ਹੈ ਕਿਉਂਕਿ ਅਸੀਂ ਸਵਾਰਥੀ ਸੁਭਾਅ ਦੇ ਨਾਲ ਪੈਦਾ ਹੋਏ ਹਾਂ। ਪਰਮੇਸ਼ੁਰ ਸਾਨੂੰ ਆਪਣੇ ਨਮੂਨੇ ਦੇ ਅਨੁਸਾਰ ਬਹਾਲ ਕਰਨ ਲਈ ਆਪਣੀ ਕਿਰਪਾ ਪ੍ਰਦਾਨ ਕਰਦਾ ਹੈ। ਸਮਰਪਣ ਦੀ ਇੱਕ ਹਲੀਮ ਪ੍ਰਾਰਥਨਾ ਇੱਕ ਵਿਅਕਤੀ ਨੂੰ ਇਸ ਪਰਿਵਰਤਨ ਦੇ ਵਿੱਚੋਂ ਦੀ ਲੈ ਕੇ ਜਾ ਸਕਦੀ ਹੈ।

## ਸਾਰ

ਬਾਈਬਲ ਖੁਲਾਸਾ ਕਰਦੀ ਹੈ ਕਿ ਪਰਮੇਸ਼ੁਰ ਨੇ ਲੋਕਾਂ ਨੂੰ ਰਿਸ਼ਤੇ ਰੱਖਣ ਲਈ ਪਿਆਰ ਨਾਲ ਬਣਾਇਆ ਹੈ: ਉਸ ਦੇ ਨਾਲ ਰਿਸ਼ਤਾ ਅਤੇ ਦੂਸਰਿਆਂ ਨਾਲ ਰਿਸ਼ਤੇ।

ਕਿਉਂਕਿ ਪਰਮੇਸ਼ੁਰ ਲੋਕਾਂ ਦਾ ਸਿਰਜਣਹਾਰ ਹੈ ਅਤੇ ਰਿਸ਼ਤਿਆਂ ਨੂੰ ਬਣਾਉਣ ਵਾਲਾ ਹੈ, ਇਸ ਲਈ ਜ਼ਰੂਰੀ ਹੈ ਕਿ ਅਸੀਂ:

1. ਸਾਡੇ ਮਨੁੱਖੀ ਰਿਸ਼ਤਿਆਂ ਵਿੱਚ ਉਸ ਦੇ ਨਜ਼ਰੀਏ ਨੂੰ ਪ੍ਰਾਪਤ ਕਰੀਏ।
2. ਇਹ ਜਾਣ ਲਈਏ ਕਿ ਸਾਡੇ ਰਿਸ਼ਤਿਆਂ ਵਿੱਚ ਅਸੀਂ ਜੋ ਫੈਸਲੇ ਲੈਂਦੇ ਹਾਂ ਉਨ੍ਹਾਂ ਲਈ ਅਸੀਂ ਉਸ ਅੱਗੇ ਜਵਾਬਦੇਹ ਹਾਂ।
3. ਸਾਡੇ ਰਿਸ਼ਤਿਆਂ ਲਈ ਉਸ ਦੀ ਯੋਜਨਾ ਨੂੰ ਸਵੀਕਾਰ ਕਰੀਏ ਅਤੇ ਉਸ ਯੋਜਨਾ ਅਨੁਸਾਰੀ ਹੀ ਚੱਲੀਏ।

ਅਧਿਐਨ ਦਾ ਇਹ ਕੋਰਸ ਇਹ ਕੰਮ ਕਰਨ ਵਿੱਚ ਤੁਹਾਡੀ ਮਦਦ ਕਰੇਗਾ ਅਤੇ ਮਨੁੱਖੀ ਰਿਸ਼ਤਿਆਂ ਵਿੱਚ ਦੂਸਰਿਆਂ ਨੂੰ ਪਰਮੇਸ਼ੁਰ ਦੀ ਇੱਛਾ ਬਾਰੇ ਸਿਖਾਉਣ ਲਈ ਤੁਹਾਨੂੰ ਤਿਆਰ ਕਰੇਗਾ।

## ਸਮੂਹ ਵਿੱਚ ਚਰਚਾ ਲਈ

► ਸੱਭਿਆਚਾਰ ਮਨੁੱਖੀ ਰਿਸ਼ਤਿਆਂ ਦੇ ਮਾਰਗਦਰਸ਼ਕ ਵਜੋਂ ਕਾਫ਼ੀ ਕਿਉਂ ਨਹੀਂ ਹੈ?

► ਇਸ ਪਾਠ ਵਿੱਚ ਕਿਹੜਾ ਵਿਸ਼ਾ ਤੁਹਾਡੇ ਲਈ ਨਵਾਂ ਸੀ? ਇਹ ਮਹੱਤਵਪੂਰਣ ਕਿਉਂ ਹੈ? ਇਸ ਨੂੰ ਸਮਝਣਾ ਤੁਹਾਡੇ ਰਿਸ਼ਤਿਆਂ ਵਿੱਚ ਤੁਹਾਡੀ ਮਦਦ ਕਿਵੇਂ ਕਰੇਗਾ? ਇਸ ਨੂੰ ਸਮਝਣਾ ਤੁਹਾਡੀ ਸੇਵਕਾਈ ਨੂੰ ਕਿਵੇਂ ਪ੍ਰਭਾਵਿਤ ਕਰੇਗਾ?

► ਇਸ ਕੋਰਸ ਦਾ ਅਧਿਐਨ ਕਰਨ ਦੁਆਰਾ ਤੁਸੀਂ ਕਿਵੇਂ ਵਧਣ ਦੀ ਉਮੀਦ ਕਰਦੇ ਹੋ?

## ਪ੍ਰਾਰਥਨਾ

ਸਵਰਗੀ ਪਿਤਾ,

ਤੇਰਾ ਧੰਨਵਾਦ ਕਿ ਤੂੰ ਮੈਨੂੰ ਆਪਣੇ ਸਰੂਪ ’ਤੇ ਮੇਰੇ ਜੀਵਨ ਲਈ ਇੱਕ ਉਦੇਸ਼ ਦੇ ਨਾਲ ਬਣਾਇਆ ਹੈ।

ਤੇਰਾ ਧੰਨਵਾਦ ਕਿ ਤੂੰ ਮੈਨੂੰ ਆਪਣੇ ਨਾਲ ਰਿਸ਼ਤਾ ਰੱਖਣ ਲਈ ਬਣਾਇਆ ਹੈ ਅਤੇ ਮੇਰੇ ਪਾਪਾਂ ਲਈ ਯਿਸੂ ਦੀ ਮੌਤ ਦੁਆਰਾ ਇਹ ਰਿਸ਼ਤਾ ਸੰਭਵ ਬਣਾਇਆ ਹੈ।

ਤੇਰੇ ਵਚਨ ਦੇ ਖਜ਼ਾਨੇ ਲਈ ਤੇਰਾ ਧੰਨਵਾਦ, ਜੋ ਮੈਨੂੰ ਸਿਖਾਉਂਦਾ ਹੈ ਕਿ ਤੇਰੇ ਨਾਲ ਰਿਸ਼ਤਾ ਕਿਵੇਂ ਰੱਖਣਾ ਹੈ ਅਤੇ ਦੂਸਰਿਆਂ ਨਾਲ ਮੇਰੇ ਰਿਸ਼ਤਿਆਂ ਵਿੱਚ ਤੈਨੂੰ ਮਹਿਮਾ ਕਿਵੇਂ ਦੇਣੀ ਹੈ।

ਤੇਰੇ ਵਚਨ ਅਤੇ ਆਤਮਾ ਦੇ ਰਾਹੀਂ, ਮੈਨੂੰ ਉਸ ਜੀਵਨ ਨੂੰ ਅਪਣਾਉਣਾ ਸਿਖਾ ਜਿਸ ਦੀ ਤੂੰ ਮੇਰੇ ਲਈ ਯੋਜਨਾ ਬਣਾਈ ਹੈ।

ਮੇਰੀ ਮਦਦ ਕਰ ਕਿ ਮੈਂ ਆਪਣੇ ਆਲੇ-ਦੁਆਲੇ ਦੇ ਹਰੇਕ ਲਈ ਤੈਨੂੰ ਸਹੀ ਤਰ੍ਹਾਂ ਪਰਗਟ ਕਰ ਸਕਾਂ, ਤਾਂ ਕਿ ਦੂਸਰੇ ਤੈਨੂੰ ਜਾਣ ਲੈਣ।

ਆਮੀਨ

## ਪਾਠ ਕਾਰਜ

(1) ਵਿਆਖਿਆ ਕਰੋ ਕਿ ਪਰਮੇਸ਼ੁਰ ਦੇ ਸਰੂਪ ਉੱਤੇ ਬਣਾਏ ਜਾਣ ਦੀ ਸੱਚਾਈ ਕਿਵੇਂ ਹਰੇਕ ਵਿਅਕਤੀ ਨੂੰ ਮਹੱਤਵਪੂਰਣ ਬਣਾਉਂਦੀ ਹੈ ਅਤੇ ਇਸ ਦਾ ਇਨਕਾਰ ਕਰਨਾ ਕਿਵੇਂ ਮਨੁੱਖ ਦੇ ਮਹੱਤਵ ਨੂੰ ਘਟਾਉਂਦਾ ਹੈ।

(2) ਹੇਠ ਦਿੱਤੇ ਟੇਬਲ ਵਿੱਚ, ਵਚਨ ਦੇ ਹਰੇਕ ਭਾਗ ਨੂੰ ਪੜ੍ਹੋ ਜੋ ਅੱਗੇ ਦਿੱਤੇ ਗਏ ਹਨ। ਇਨ੍ਹਾਂ ਗੱਲਾਂ ਬਾਰੇ ਨੋਟਸ ਲਿਖੋ (1) ਪਰਮੇਸ਼ੁਰ ਦਾ ਚਰਿੱਤਰ ਜਾਂ ਕੰਮ ਅਤੇ (2) ਸਾਡੇ ਲਈ ਪਰਮੇਸ਼ੁਰ ਦੀ ਉਮੀਦ।

(3) ਕਾਰਜ 2 ਤੋਂ ਟੇਬਲ ਨੂੰ ਵੇਖਦੇ ਹੋਏ, ਅਤੇ ਉਸ ਟੇਬਲ ਨੂੰ ਵੇਖਦੇ ਹੋਏ ਜੋ ਪਾਠ ਦੇ ਅੰਤ ਵਿੱਚ ਦਿੱਤਾ ਗਿਆ ਹੈ, ਇੱਕ ਪਲ ਦਾ ਸਮਾਂ ਆਪਣੇ ਜੀਵਨ ਦੀ ਜਾਂਚ ਕਰਨ ਲਈ ਲਵੋ:

- ਕੀ ਤੁਸੀਂ ਹੁਣ ਪਰਮੇਸ਼ੁਰ ਦੇ ਸਰੂਪ ਨੂੰ ਉਸ ਢੰਗ ਨਾਲ ਪਰਗਟ ਕਰ ਰਹੇ ਹੋ ਜੋ ਉਸ ਨੂੰ ਆਦਰ ਅਤੇ ਮਹਿਮਾ ਦਿੰਦਾ ਹੈ?
- ਕੀ ਕੋਈ ਅਵੱਗਿਆ ਹੈ ਜਿਸ ਦਾ ਅੰਗੀਕਾਰ ਕਰਨ ਦੀ ਲੋੜ ਹੈ ਤਾਂ ਜੋ ਤੁਹਾਡਾ ਜੀਵਨ ਹੋਰ ਸਪਸ਼ਟਤਾ ਅਤੇ ਸ਼ਕਤੀਸ਼ਾਲੀ ਢੰਗ ਨਾਲ ਤੁਹਾਡੇ ਜੀਵਨ ਲਈ ਪਰਮੇਸ਼ੁਰ ਦੇ ਉਦੇਸ਼ ਅਨੁਸਾਰ ਹੋ ਸਕੇ।
- ਕਿਹੜਾ ਕਦਮ ਹੈ ਜੋ ਪਰਮੇਸ਼ੁਰ ਚਾਹੁੰਦਾ ਹੈ ਕਿ ਤੁਸੀਂ ਹੋਰ ਯਿਸੂ ਵਰਗੇ ਬਣਨ ਲਈ ਉਠਾਓ?

ਇਸ ਅਧਿਐਨ ਦੇ ਜਵਾਬ ਵਿੱਚ ਇੱਕ ਪੈਰੇ ਦੀ ਪ੍ਰਾਰਥਨਾ ਲਿਖੋ। (ਇਹ ਲਿਖਤ ਤੁਹਾਨੂੰ ਆਪਣੀ ਕਲਾਸ ਦੇ ਆਗੂ ਨਾਲ ਸਾਂਝੀ ਕਰਨ ਦੀ ਲੋੜ ਨਹੀਂ ਹੈ ਪਰ ਤੁਸੀਂ ਬੱਸ ਦੱਸ ਸਕਦੇ ਹੋ ਕਿ ਤੁਸੀਂ ਇਹ ਕਾਰਜ ਕੀਤਾ ਹੈ।)

| **ਮਨੁੱਖੀ ਰਿਸ਼ਤੇ ਕਿਵੇਂ ਪਰਮੇਸ਼ੁਰ ਦੀ ਮਹਿਮਾ ਨੂੰ ਵਿਖਾਉਂਦੇ ਹਨ** | | |
|---|---|---|
| **ਵਚਨ** | **ਜੋ ਪਰਮੇਸ਼ੁਰ ਕਰਦਾ ਹੈ/ ਜੋ ਮਸੀਹ ਨੇ ਕੀਤਾ ਹੈ** | **ਸਾਡੇ ਕੰਮ ਜੋ ਪਰਮੇਸ਼ੁਰ ਨੂੰ ਪ੍ਰਤੀਬਿੰਬਤ ਕਰਦੇ ਹਨ** |
| ਜ਼ਬੂਰ 68:5;<br>ਯਾਕੂਬ 1:27 | | |
| 2 ਪਤਰਸ 3:9;<br>ਤੀਤੁਸ 3:1-5 | | |
| ਮੱਤੀ 5:43-48,<br>1 ਥੱਸਲੁਨੀਕੀਆ 5:14-15 | | |
| ਯੂਹੰਨਾ 13:1, 34;<br>1 ਯੂਹੰਨਾ 4:7-8, 11-12 | | |

# ਪਾਠ 2

# ਬਾਈਬਲ ਅਧਾਰਤ ਪਰਿਵਾਰ

## ਪਾਠ ਦੇ ਟੀਚੇ

ਇਸ ਪਾਠ ਦੇ ਅੰਤ ਵਿੱਚ, ਵਿਦਿਆਰਥੀ ਹੇਠਾਂ ਦੱਸੇ ਕੰਮ ਕਰਨ ਦੇ ਯੋਗ ਹੋਣੇ ਚਾਹੀਦੇ ਹਨ:

(1) ਇਹ ਸਮਝਣਾ ਕਿ ਵਿਆਹੁਤਾ ਰਿਸ਼ਤਾ ਤ੍ਰਿਏਕਤਾ ਵਿਚਲੇ ਰਿਸ਼ਤਿਆਂ ਨੂੰ ਕਿਵੇਂ ਪਰਗਟ ਕਰਦਾ ਹੈ।

(2) ਬੱਚੇ ਪੈਦਾ ਕਰਨ ਬਾਰੇ ਪਰਮੇਸ਼ੁਰ ਦੇ ਨਜ਼ਰੀਏ ਨੂੰ ਅਪਣਾਉਣਾ।

(3) ਇਹ ਸਮਝਣਾ ਕਿ ਪਤਨ ਨੇ ਕਿਵੇਂ ਵਿਆਹੁਤਾ ਰਿਸ਼ਤੇ ਅਤੇ ਪਰਿਵਾਰਕ ਰਿਸ਼ਤਿਆਂ ਨੂੰ ਪ੍ਰਭਾਵਿਤ ਕੀਤਾ ਹੈ।

(4) ਇਸ ਦੀ ਪ੍ਰਸ਼ੰਸ਼ਾ ਕਰਨਾ ਕਿ ਮਨੁੱਖੀ ਕਮੀਆਂ ਦੇ ਬਾਵਜੂਦ ਵੀ ਪਰਮੇਸ਼ੁਰ ਦੀ ਮੁਕਤੀ ਦੀ ਯੋਜਨਾ ਕਿਵੇਂ ਪੂਰੀ ਹੋਈ ਹੈ।

(5) ਇਹ ਜਾਣਨਾ ਕਿ ਪਰਮੇਸ਼ੁਰ ਦੀ ਯੋਜਨਾ ਦੀ ਪਾਲਣਾ ਕਰਨਾ ਕਿਸੇ ਵੀ ਪਰਿਵਾਰ ਦੀ ਉਸ ਦੀ ਦਯਾ ਅਤੇ ਚੰਗਾਈ ਨੂੰ ਅਨੁਭਵ ਕਰਨ ਵਿੱਚ ਮਦਦ ਕਰ ਸਕਦਾ ਹੈ।

## ਪਰਿਵਾਰਕ ਰਿਸ਼ਤਿਆਂ ਦੇ ਪ੍ਰਭਾਵ

ਇਸ ਕੋਰਸ ਵਿੱਚ, ਅਸੀਂ ਜ਼ਿਆਦਾਤਰ ਉਸ ਪਰਿਵਾਰ ਬਾਰੇ ਸਿੱਖਾਂਗੇ ਜੋ ਇੱਕੋ ਨਿਵਾਸ ਵਿੱਚ ਇਕੱਠਾ ਰਹਿੰਦਾ ਹੈ। ਲੋਕਾਂ ਦੇ ਬਹੁਤ ਸਾਰੇ ਵੱਖ-ਵੱਖ ਸੁਮੇਲ ਉਨ੍ਹਾਂ ਸਮੂਹਾਂ ਨੂੰ ਬਣਾਉਂਦੇ ਹਨ ਜੋ ਇੱਕ ਘਰ ਵਿੱਚ ਇਕੱਠੇ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਪਰਿਵਾਰ ਆਖਿਆ ਜਾਂਦਾ ਹੈ। ਅਜਿਹੇ ਪਰਿਵਾਰ ਹਨ ਜਿਨ੍ਹਾਂ ਵਿੱਚ ਮਾਤਾ-ਪਿਤਾ ਵਿੱਚੋਂ ਇੱਕ ਜਣਾ ਹੀ ਹੈ, ਤਲਾਕ ਦੁਆਰਾ ਵੱਖ ਕੀਤੇ ਹੋਏ ਪਰਿਵਾਰ ਹਨ, ਦੂਸਰੇ ਵਿਆਹ ਦੁਆਰਾ ਜੋੜੇ ਗਏ ਪਰਿਵਾਰ ਹਨ, ਉਹ ਪਰਿਵਾਰ ਹਨ ਜਿਨ੍ਹਾਂ ਨੇ ਬੱਚਿਆਂ ਨੂੰ ਗੋਦ ਲਿਆ ਹੈ, ਉਹ ਪਰਿਵਾਰ ਹਨ ਜਿਨ੍ਹਾਂ ਵਿੱਚ ਕਈ ਪੀੜ੍ਹੀਆਂ ਹਨ, ਅਤੇ ਉਹ ਪਰਿਵਾਰ ਹਨ ਜਿਨ੍ਹਾਂ ਨਾਲ ਅਸਥਾਈ ਤੌਰ ’ਤੇ ਵਾਧੂ ਬੱਚੇ ਜਾਂ ਬਾਲਗ ਰਹਿ ਰਹੇ ਹਨ।

ਸਾਡੇ ਵਿੱਚੋਂ ਇਸ ਬਾਰੇ ਹਰੇਕ ਦੀ ਇੱਕ ਮਾਨਸਿਕ ਧਾਰਣਾ ਹੈ ਕਿ *ਪਰਿਵਾਰ* ਦਾ ਕੀ ਅਰਥ ਹੈ। ਪਰਿਵਾਰ ਦੇ ਬਾਰੇ ਚਰਚਾਵਾਂ ਸਾਡੇ ਅੰਦਰ ਵੱਖੋ-ਵੱਖਰੀਆਂ ਭਾਵਨਾਵਾਂ ਨੂੰ ਪੈਦਾ ਕਰਦੀਆਂ ਹਨ, ਇਹ ਭਾਵਨਾਵਾਂ ਸਾਡੇ ਨਿੱਜੀ ਅਨੁਭਵਾਂ ’ਤੇ ਨਿਰਭਰ ਕਰਦੀਆਂ ਹਨ।

## ਬਚਪਨ ਸਾਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ

ਹੋ ਸਕਦਾ ਹੈ ਕਿ ਤੁਹਾਡੇ ਕੋਲ ਬਚਪਨ ਦੀਆਂ ਅਦਭੁਤ ਯਾਦਾਂ ਹੋਣ, ਜਾਂ ਤੁਸੀਂ ਆਪਣੇ ਬਚਪਨ ਦੇ ਅਨੁਭਵਾਂ ਦੇ ਕਾਰਨ ਗੁੱਸੇ ਨਾਲ ਸੰਘਰਸ਼ ਕਰ ਰਹੇ ਹੋ। ਸ਼ਾਇਦ ਤੁਹਾਡੇ ਪਰਿਵਾਰਕ ਮੈਂਬਰ ਅਕਸਰ ਇੱਕ ਦੂਸਰੇ ਦੀ ਮਦਦ ਕਰਦੇ ਹਨ ਅਤੇ ਇੱਕ ਦੂਸਰੇ ਨੂੰ ਉਤਸ਼ਾਹਿਤ ਕਰਦੇ ਹਨ, ਜਾਂ ਸ਼ਾਇਦ ਉਹ ਇੱਕ ਦੂਸਰੇ ਤੋਂ ਦੂਰੀ ਬਣਾ ਕੇ ਰੱਖਦੇ ਹਨ ਅਤੇ ਜਦੋਂ ਇਕੱਠੇ ਹੁੰਦੇ ਹਨ ਤਦ ਝਗੜਾ ਹੀ ਕਰਦੇ ਹਨ। ਤੁਸੀਂ ਮਹਿਸੂਸ ਕਰ ਸਕਦੇ ਹੋ ਕਿ ਤੁਹਾਡਾ ਪਰਿਵਾਰ ਤੁਹਾਡੇ ਜੀਵਨ ਲਈ ਬਹੁਤ ਵਧੀਆ ਬੁਨਿਆਦ ਅਤੇ ਵੱਡੀ ਮਦਦ ਰਿਹਾ ਹੈ, ਜਾਂ ਸ਼ਾਇਦ ਤੁਹਾਡਾ ਪਰਿਵਾਰ ਇੱਕ ਕੈਦ ਦੇ ਵਰਗਾ ਲੱਗਦਾ ਸੀ, ਉਹ ਦਰਦਨਾਕ ਮਹੌਲ ਜਿੱਥੋਂ ਨਿੱਕਲਣ ਲਈ ਤੁਸੀਂ ਉਤਸੁਕ ਸੀ। ਸ਼ਾਇਦ ਜਦੋਂ ਤੁਸੀਂ ਅਜਿਹੇ ਪਰਿਵਾਰਾਂ ਨੂੰ ਵੇਖਦੇ ਹੋ ਜੋ ਤੁਹਾਡੇ ਪਰਿਵਾਰ ਨਾਲੋਂ ਬਿਹਤਰ ਜਾਪਦੇ ਹਨ, ਤਾਂ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਡੇ ਪਰਿਵਾਰ ਨੇ ਤੁਹਾਨੂੰ ਅਸਫ਼ਲ ਕੀਤਾ ਹੈ।

ਸਾਡੇ ਪਰਿਵਾਰਾਂ ਬਾਰੇ ਸਾਡੀ ਸਮਝ ਮਹੱਤਵਪੂਰਣ ਹੈ ਕਿਉਂਕਿ ਇਹ ਜੀਵਨ ਬਾਰੇ ਸਾਡੀ ਸਮਝ ਨੂੰ ਅਤੇ ਪਰਮੇਸ਼ੁਰ ਕੌਣ ਹੈ ਇਸ ਬਾਰੇ ਸਾਡੀ ਸਮਝ ਨੂੰ ਪ੍ਰਭਾਵਿਤ ਕਰਦੀ ਹੈ। ਬਾਈਬਲ ਦੱਸਦੀ ਹੈ ਕਿ ਪਰਮੇਸ਼ੁਰ ਆਪਣੇ ਲੋਕਾਂ ਦਾ ਪਿਤਾ ਹੈ। ਸਾਡੇ ਮਾਪਿਆਂ ਨਾਲ ਸਾਡੇ ਰਿਸ਼ਤੇ, ਖਾਸ ਕਰਕੇ ਸਾਡੇ ਪਿਤਾਵਾਂ ਨਾਲ ਸਾਡੇ ਰਿਸ਼ਤੇ ਸਾਡੇ ਸਵਰਗੀ ਪਿਤਾ ਬਾਰੇ ਸਾਡੀ ਧਾਰਣਾ ਨੂੰ ਆਕਾਰ ਦਿੰਦੇ ਹਨ। ਜੇ ਸਾਡੇ ਮਨੁੱਖੀ ਪਿਤਾ ਕਿਸੇ ਤਰ੍ਹਾਂ ਵੀ ਗੈਰ-ਹਾਜ਼ਰ, ਸ਼ੋਸ਼ਣ ਕਰਨ ਵਾਲੇ, ਲਾਪਰਵਾਹ, ਮੰਗ ਕਰਨ ਵਾਲੇ, ਹੇਰਾਫ਼ੇਰੀ ਕਰਨ ਵਾਲੇ, ਸੁਸਤ ਜਾਂ ਦੁੱਖ ਦੇਣ ਵਾਲੇ ਹਨ, ਤਾਂ ਸੰਭਾਵਨਾ ਹੈ ਕਿ ਪਰਮੇਸ਼ੁਰ ਬਾਰੇ ਸਾਡੀ ਧਾਰਣਾ ਨੂੰ ਵੀ ਨੁਕਸਾਨ ਪਹੁੰਚੇਗਾ। ਜਦੋਂ ਤਕ ਅਸੀਂ ਉਸ ਦੇ ਵਚਨ ਰਾਹੀਂ, ਯਿਸੂ ਦੇ ਜੀਵਨ ਰਾਹੀਂ, ਅਤੇ ਉਸ ਨਾਲ ਸਾਡੇ ਨਿੱਜੀ ਚੱਲਣ ਰਾਹੀਂ ਪਰਮੇਸ਼ੁਰ ਨੂੰ ਜਾਣ ਨਹੀਂ ਲੈਂਦੇ, ਤਕ ਤਕ ਸਾਨੂੰ ਉਸ ਨੂੰ ਇੱਕ ਚੰਗੇ ਪਿਤਾ ਦੇ ਰੂਪ ਵਿੱਚ ਵੇਖਣ ਵਿੱਚ ਮੁਸ਼ਕਲ ਆ ਸਕਦੀ ਹੈ। ਉਹ ਸੱਚਮੁੱਚ ਇੱਕ ਚੰਗਾ ਪਿਤਾ ਹੈ ਜੋ ਸਰਗਰਮੀ ਨਾਲ ਆਪਣੇ ਬੱਚਿਆਂ ਨੂੰ ਸੰਭਾਲਦਾ ਹੈ ਅਤੇ ਉਨ੍ਹਾਂ ਲਈ ਮੁਹੱਈਆ ਕਰਾਉਂਦਾ ਹੈ। ਉਹ ਆਪਣੇ ਬੱਚਿਆਂ ਦੀ ਗੱਲ ਸੁਣਦਾ ਹੈ ਅਤੇ ਉਨ੍ਹਾਂ ਨਾਲ ਗੱਲ ਕਰਦਾ ਹੈ, ਉਨ੍ਹਾਂ ਦੀ ਅਗਵਾਈ ਕਰਦਾ ਹੈ, ਅਤੇ ਉਨ੍ਹਾਂ ਦੇ ਭਲੇ ਵਿੱਚ ਖੁਸ਼ ਹੁੰਦਾ ਹੈ। ਜਦੋਂ ਅਸੀਂ ਪਰਮੇਸ਼ੁਰ ਨੂੰ ਜਾਣਦੇ ਹਾਂ ਤਾਂ ਉਹ ਉਸ ਬਾਰੇ ਸਾਡੀ ਸਮਝ ਨੂੰ ਮੁੜ ਆਕਾਰ ਦੇਣ ਵਿੱਚ ਸਾਡੀ ਮਦਦ ਕਰ ਸਕਦਾ ਹੈ।[3]

## ਕਿਵੇਂ ਆਤਮਿਕ ਭਿੰਨਤਾਵਾਂ ਸਾਨੂੰ ਪ੍ਰਭਾਵਿਤ ਕਰਦੀਆਂ ਹਨ

ਸਾਡੇ ਵਿੱਚੋਂ ਕਈਆਂ ਦਾ ਸਾਡੇ ਪਰਿਵਾਰਾਂ ਦੁਆਰਾ ਇਸ ਲਈ ਇਨਕਾਰ ਕੀਤਾ ਗਿਆ ਹੈ ਕਿਉਂਕਿ ਅਸੀਂ ਮਸੀਹ ਦੇ ਮਗਰ ਚੱਲਦੇ ਹਾਂ। ਯਿਸੂ ਨੇ ਆਖਿਆ ਕਿ ਉਸ ਪ੍ਰਤੀ ਸਾਡੀ ਭਗਤੀ ਦੇ ਕਾਰਣ ਸਾਨੂੰ ਆਪਣੇ ਅਵਿਸ਼ਵਾਸੀ ਪਰਿਵਾਰਕ ਮੈਂਬਰਾਂ ਵੱਲੋਂ ਸਤਾਓ ਦੀ ਉਮੀਦ ਰੱਖਣੀ ਚਾਹੀਦੀ ਹੈ। ਬਹੁਤ ਸਥਾਨਾਂ ’ਤੇ ਵਿਸ਼ਵਾਸੀਆਂ ਨੂੰ ਉਨ੍ਹਾਂ ਦੇ ਆਪਣੇ ਪਰਿਵਾਰਕ ਮੈਂਬਰਾਂ ਦੁਆਰਾ ਧੋਖਾ ਦਿੱਤਾ ਗਿਆ,

---

[3] ਇਹ ਸਿੱਖਣ ਲਈ ਕਿ ਤੁਸੀਂ ਪਰਮੇਸ਼ੁਰ ਕੌਣ ਹੈ ਦੇ ਬਾਰੇ ਆਪਣੀ ਸਮਝ ਨੂੰ ਤਾਜ਼ਾ ਕਰਨ ਲਈ, *Spiritual Formation* ਦੇ ਪਾਠ 4 ਨੂੰ ਵੇਖੋ, Shepherds Global Classroom.

ਸ਼ਰਮਿੰਦਾ ਕੀਤਾ ਗਿਆ, ਅਣਵੇਖਿਆ ਕੀਤਾ ਗਿਆ, ਸ਼ੋਸ਼ਣ ਕੀਤਾ ਗਿਆ, ਜਾਂ ਉਨ੍ਹਾਂ ਦਾ ਕਤਲ ਕੀਤਾ ਗਿਆ, ਉਨ੍ਹਾਂ ਪਰਿਵਾਰਕ ਮੈਂਬਰਾਂ ਦੁਆਰਾ ਜਿਨ੍ਹਾਂ ਨੇ ਯਿਸੂ ਦਾ ਇਨਕਾਰ ਕੀਤਾ ਹੈ।

► ਇੱਕ ਵਿਦਿਆਰਥੀ ਨੂੰ ਸਮੂਹ ਲਈ ਮੱਤੀ 10:21-22, 28, 32-39 ਨੂੰ ਪੜ੍ਹਨਾ ਚਾਹੀਦਾ ਹੈ। ਇਨ੍ਹਾਂ ਆਇਤਾਂ ਨੂੰ ਪੜ੍ਹਨ ਤੋਂ ਬਾਅਦ ਹੇਠਾਂ ਦਿੱਤੇ ਸਵਾਲਾਂ ’ਤੇ ਚਰਚਾ ਕਰੋ:

- ਇਨ੍ਹਾਂ ਆਇਤਾਂ ਦੇ ਅਨੁਸਾਰ, ਵਿਸ਼ਵਾਸੀਆਂ ਨੂੰ ਕਿਹੜੀ ਚੀਜ਼ ਦੀ ਉਮੀਦ ਰੱਖਣੀ ਚਾਹੀਦੀ ਹੈ?
- ਇੱਥੇ ਕਿਹੜੇ ਵਾਇਦੇ ਦਿੱਤੇ ਗਏ ਹਨ?
- ਵਿਸ਼ਵਾਸੀਆਂ ਨੂੰ ਸਤਾਓ ਬਾਰੇ ਕਿਵੇਂ ਸੋਚਣਾ ਚਾਹੀਦਾ ਹੈ?

ਸਾਡੇ ਵਿੱਚੋਂ ਹੋਰ ਸ਼ਾਇਦ ਆਪਣੇ ਵਿਸ਼ਵਾਸ ਦੇ ਕਾਰਨ ਸਤਾਓ ਦਾ ਅਨੁਭਵ ਨਾ ਕਰਨ, ਪਰ ਫਿਰ ਵੀ ਉਹ ਰਿਸ਼ਤੇ ਵਿੱਚ ਮੁਸ਼ਕਲਾਂ ਦਾ ਅਨੁਭਵ ਕਰ ਸਕਦੇ ਹਨ। ਹੋ ਸਕਦਾ ਹੈ ਕਿ ਸਾਡੇ ਪਰਿਵਾਰਕ ਰਿਸ਼ਤੇ ਤਣਾਅ ਭਰੇ ਹੋਣ, ਦੂਰ ਜਾਂ ਸੀਮਿਤ ਹੋਣ ਕਿਉਂਕਿ ਵਿਸ਼ਵਾਸੀ ਹੋਣ ਦੇ ਨਾਤੇ ਸਾਡੇ ਜੀਵਨ ਸਾਡੇ ਪਰਿਵਾਰਕ ਮੈਂਬਰਾਂ ਦੇ ਜੀਵਨਾਂ ਤੋਂ ਬਹੁਤ ਵੱਖਰੇ ਹਨ। ਸਾਨੂੰ ਗਲਤ ਸਮਝਿਆ ਜਾ ਸਕਦਾ ਹੈ ਜਾਂ ਸਾਡਾ ਨਿਰਾਦਰ ਕੀਤਾ ਜਾ ਸਕਦਾ ਹੈ। ਰਿਸ਼ਤੇਦਾਰ ਸਾਡੀ ਸੇਵਕਾਈ ਨੂੰ ਰੋਕਣ ਦੀ ਕੋਸ਼ਿਸ਼ ਕਰ ਸਕਦੇ ਹਨ। ਇੱਥੋਂ ਤਕ ਕਿ ਯਿਸੂ ਨੇ ਵੀ ਇਨ੍ਹਾਂ ਮੁਸ਼ਕਲਾਂ ਦਾ ਅਨੁਭਵ ਕੀਤਾ (ਮਰਕੁਸ 3:21, ਯੂਹੰਨਾ 7:3, 5), ਇਸ ਲਈ ਜੇ ਅਸੀਂ ਵੀ ਇਹੋ ਅਨੁਭਵ ਕਰਦੇ ਹਾਂ ਤਾਂ ਸਾਨੂੰ ਹੈਰਾਨ ਨਹੀਂ ਹੋਣਾ ਚਾਹੀਦਾ।

## ਤੁਸੀਂ ਅਤੇ ਤੁਹਾਡਾ ਪਰਿਵਾਰ

ਕੁਝ ਮਿੰਟਾਂ ਵਿੱਚ, ਤੁਸੀਂ ਆਪਣੇ ਸਹਿਪਾਠੀਆਂ ਦੇ ਨਾਲ ਆਪਣੀ ਜਾਣ-ਪਛਾਣ ਕਰਾਓਗੇ, ਪਰ ਤੁਸੀਂ ਸਿਰਫ ਆਪਣਾ ਨਾਮ ਹੀ ਨਹੀਂ ਦੱਸੋਗੇ, ਤੁਸੀਂ ਆਪਣੇ ਪਰਿਵਾਰ ਦੇ ਸੰਦਰਭ ਵਿੱਚ ਦੱਸੋਗੇ ਕਿ ਤੁਸੀਂ ਕੌਣ ਹੋ।

ਪਹਿਲਾਂ, ਉਨ੍ਹਾਂ ਸਾਰੇ ਸਿਰਲੇਖਾਂ ਬਾਰੇ ਸੋਚੋ ਜੋ ਪਰਿਵਾਰ ਵਿੱਚ ਤੁਹਾਡੇ ਲਈ ਹਨ, ਜਿਵੇਂ ਕਿ ਪੁੱਤਰ ਜਾਂ ਪੁੱਤਰੀ, ਪਤੀ ਜਾਂ ਪਤਨੀ, ਪਿਤਾ ਜਾਂ ਮਾਤਾ, ਚਾਚਾ ਜਾਂ ਚਾਚੀ, ਦਾਦਾ ਜਾਂ ਦਾਦੀ। ਕੀ ਤੁਸੀਂ ਹੋਰ ਸਿਰਲੇਖਾਂ ਬਾਰੇ ਸੋਚ ਸਕਦੇ ਹੋ? ਸ਼ਾਇਦ ਤੁਹਾਡੇ ਲਈ ਬਹੁਤ ਸਾਰੇ ਸਿਰਲੇਖ ਹੋਣ।

ਤੁਹਾਡੇ ਪਰਿਵਾਰ ਵਿੱਚ ਤੁਹਾਡੀਆਂ ਹੋਰ ਕਿਹੜੀਆਂ ਭੂਮਿਕਾਵਾਂ ਜਾਂ ਤੁਹਾਡੇ ਹੋਰ ਕਿਹੜੇ ਸਥਾਨ ਹਨ? ਕੀ ਤੁਸੀਂ ਸਭ ਤੋਂ ਵੱਡੇ ਹੋ ਜਾਂ ਸਭ ਤੋਂ ਛੋਟੇ ਹੋ? ਪਰਿਵਾਰ ਲਈ ਕਮਾਉਣ ਵਾਲੇ ਹੋ? ਘਰ ਦੀ ਦੇਖਭਾਲ ਕਰਨ ਵਾਲੇ ਇੱਕ ਵਿਅਕਤੀ ਹੋ? ਇੱਕ ਬਜ਼ੁਰਗ ਜਾਂ ਅਪੰਗ ਵਿਅਕਤੀ ਦੀ ਦੇਖਭਾਲ ਕਰਨ ਵਾਲੇ ਹੋ? ਹੋਰ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਬਾਰੇ ਸੋਚੋ ਜੋ ਤੁਹਾਡੇ ਪਰਿਵਾਰ ਵਿੱਚ ਤੁਹਾਡੀਆਂ ਹਨ।

► ਆਪਣੇ ਸਹਿਪਾਠੀਆਂ ਨਾਲ ਆਪਣੀ ਜਾਣ-ਪਛਾਣ ਕਰੋ, ਆਪਣੇ ਪਰਿਵਾਰ ਵਿੱਚ ਆਪਣੇ ਬਹੁਤ ਸਾਰੇ ਸਿਰਲੇਖਾਂ ਅਤੇ ਆਪਣੀਆਂ ਭੂਮਿਕਾਵਾਂ ਦੀ ਸੂਚੀ ਦੱਸਦੇ ਹੋਏ।

► ਹੁਣ ਇੱਕ ਪਲ ਲਈ ਸੋਚੋ ਕਿ ਤੁਹਾਡੇ ਸਿਰਲੇਖ ਅਤੇ ਤੁਹਾਡੀਆਂ ਭੂਮਿਕਾਵਾਂ ਇਨ੍ਹਾਂ ਗੱਲਾਂ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ: (1) ਆਪਣੇ ਬਾਰੇ ਤੁਹਾਡੇ ਨਜ਼ਰੀਏ ਨੂੰ ਅਤੇ (2) ਆਪਣੇ ਪਰਿਵਾਰ ਵਿੱਚ ਤੁਸੀਂ ਹੋਰਾਂ ਨੂੰ ਕਿਵੇਂ ਵੇਖਦੇ ਹੋ।

ਇਸ ਦੇ ਬਾਵਜੂਦ ਕਿ ਤੁਸੀਂ ਆਪਣੇ ਨਜ਼ਦੀਕੀ ਜਾਂ ਵਿਸਤ੍ਰਿਤ ਪਰਿਵਾਰਕ ਮੈਂਬਰਾਂ ਬਾਰੇ ਕਿਵੇਂ ਮਹਿਸੂਸ ਕਰਦੇ ਹੋ, ਉਹ ਤੁਹਾਡੇ ਹਨ। ਸ਼ਾਇਦ ਤੁਹਾਡਾ ਪਰਿਵਾਰ ਟੁੱਟਿਆ ਹੋਇਆ ਹੈ, ਜੋ ਆਪਣੇ ਦੁੱਖ ਅਤੇ ਦਰਦ ਦੇ ਨਿਸ਼ਾਨ ਚੁੱਕੀ ਫਿਰਦਾ ਹੈ। ਜਾਂ ਸ਼ਾਇਦ ਲੋਕ ਤੁਹਾਡੇ ਪਰਿਵਾਰ ਦੇ ਨਾਲ ਈਰਖਾ ਰੱਖਦੇ ਹਨ ਕਿਉਂਕਿ ਤੁਸੀਂ ਸਿੱਧ ਜਾਪਦੇ ਹੋ, ਤੁਹਾਡਾ ਇੱਕ ਚੰਗਾ ਵਿਆਹੁਤਾ ਰਿਸ਼ਤਾ ਹੈ, ਤੁਹਾਡੇ ਬੁੱਧੀਮਾਨ ਅਤੇ ਤੰਦਰੁਸਤ ਬੱਚੇ ਹਨ, ਅਤੇ ਤੁਹਾਡਾ ਪਿਆਰ, ਸ਼ਾਂਤੀ ਅਤੇ ਹਾਸੇ ਨਾਲ ਭਰਿਆ ਹੋਇਆ ਇੱਕ ਘਰ ਹੈ।

**ਭਾਵੇਂ ਤੁਹਾਡਾ ਪਰਿਵਾਰ ਕਮਜ਼ੋਰ ਜਾਂ ਮਜ਼ਬੂਤ ਜਾਪਦਾ ਹੈ, ਪਰਮੇਸ਼ੁਰ ਤੁਹਾਡੇ ਪਰਿਵਾਰ ਵਿੱਚ ਰੁਚੀ ਰੱਖਦਾ ਹੈ ਅਤੇ ਉਹ ਇਸ ਵਿੱਚ ਸ਼ਾਮਲ ਹੈ। ਉਸ ਕੋਲ *ਤੁਹਾਡੇ* ਪਰਿਵਾਰ ਲਈ ਇੱਕ ਯੋਜਨਾ ਹੈ।**

► ਆਪਣੇ ਪਰਿਵਾਰ ਦੇ ਮੈਂਬਰਾਂ ਦੇ ਨਾਮ ਲਿਖੋ (ਘੱਟੋ-ਘੱਟ ਤੁਹਾਡੇ ਪਰਿਵਾਰ ਦੇ ਮੈਂਬਰਾਂ ਦੀਆਂ 3-4 ਪੀੜ੍ਹੀਆਂ ਦੇ)। ਉਦਾਹਰਣ ਦੇ ਲਈ, ਤੁਹਾਡੇ ਦਾਦਾ-ਦਾਦੀ ਦੇ ਨਾਮ (ਪਹਿਲੀ ਪੀੜ੍ਹੀ), ਤੁਹਾਡੇ ਮਾਪਿਆਂ ਦੇ ਨਾਮ (ਦੂਸਰੀ ਪੀੜ੍ਹੀ), ਤੁਹਾਡਾ ਨਾਮ ਅਤੇ ਤੁਹਾਡੇ ਭੈਣ-ਭਰਾਵਾਂ ਦੇ ਨਾਮ (ਤੀਸਰੀ ਪੀੜ੍ਹੀ), ਤੁਹਾਡੇ ਬੱਚਿਆਂ ਜਾਂ ਤੁਹਾਡੇ ਭਤੀਜੇ-ਭਤੀਜੀਆਂ ਦੇ ਨਾਮ (ਚੌਥੀ ਪੀੜ੍ਹੀ)।

ਪਰਿਵਾਰ ਦੇ ਉਨ੍ਹਾਂ ਮੈਂਬਰਾਂ ਦੇ ਨਾਮ ਦੇ ਨੇੜੇ ਇੱਕ ਤਾਰੇ ਦਾ ਨਿਸ਼ਾਨ ਬਣਾਓ, ਜਿਨ੍ਹਾਂ ਨਾਲ ਤੁਹਾਡਾ ਕਰੀਬੀ ਅਤੇ ਚੰਗਾ ਰਿਸ਼ਤਾ ਹੈ। ਉਨ੍ਹਾਂ ਨਾਮਾਂ ਦੇ ਨੇੜੇ ਤਿਕੋਣ ਦਾ ਨਿਸ਼ਾਨ ਬਣਾਓ ਜਿਨ੍ਹਾਂ ਦੇ ਨਾਲ ਤੁਹਾਡਾ ਇੱਕ ਸੀਮਿਤ ਰਿਸ਼ਤਾ ਹੈ, ਅਤੇ ਉਨ੍ਹਾਂ ਨਾਮਾਂ ਦੇ ਦੁਆਲੇ ਇੱਕ ਵਰਗ ਆਕਾਰ ਬਣਾਓ ਜਿਨ੍ਹਾਂ ਨਾਲੋਂ ਤੁਸੀਂ ਕਿਸੇ ਕਾਰਣ ਟੁੱਟੇ ਹੋਏ ਹੋ।

ਕੀ ਅਜਿਹੇ ਲੋਕ ਵੀ ਹਨ ਜਿਨ੍ਹਾਂ ਨੂੰ ਤੁਸੀਂ ਆਪਣੇ ਪਰਿਵਾਰ ਦਾ ਹਿੱਸਾ ਮੰਨਦੇ ਹੋ, ਭਾਵੇਂ ਕਿ ਉਹ ਅਸਲ ਵਿੱਚ ਤੁਹਾਡੇ ਰਿਸ਼ਤੇਦਾਰ ਨਹੀਂ ਹਨ: ਉਹ ਲੋਕ ਜਿਹੜੇ ਪਰਿਵਾਰ ਦੇ ਸਾਰੇ ਇਕੱਠਾਂ ਅਤੇ ਜਸ਼ਨਾਂ ਵਿੱਚ ਇਸ ਤਰ੍ਹਾਂ ਆਉਂਦੇ ਹਨ ਜਿਵੇਂ ਕਿ ਉਹ ਪਰਿਵਾਰ ਹੀ ਹੋਣ? ਉਨ੍ਹਾਂ ਦੇ ਨਾਮ ਲਿਖੋ ਅਤੇ ਉਨ੍ਹਾਂ ਉੱਤੇ ਗੋਲਾ ਬਣਾਓ।

## ਪਹਿਲਾ ਮਨੁੱਖੀ ਪਰਿਵਾਰ

► ਜਦੋਂ ਅਸੀਂ ਆਦਮ ਅਤੇ ਹੱਵਾਹ, ਅਤੇ ਅਬਰਾਹਾਮ ਅਤੇ ਸਾਰਾਹ ਦੇ ਜੀਵਨਾਂ ਦਾ ਅਧਿਐਨ ਕਰਦੇ ਹਾਂ, ਤਾਂ ਆਪਣੀ ਬਾਈਬਲ ਵਿੱਚ ਉਤਪਤ ਦੀ ਪੁਸਤਕ ਨੂੰ ਖੋਲ੍ਹ ਕੇ ਰੱਖੋ।

## ਪਹਿਲਾ ਵਿਆਹ

ਆਦਮ ਅਤੇ ਹੱਵਾਹ ਪਹਿਲਾ ਮਨੁੱਖੀ ਪਰਿਵਾਰ ਸਨ: ਇੱਕ ਪਤੀ ਅਤੇ ਇੱਕ ਪਤਨੀ, ਇੱਕ ਆਦਮੀ ਅਤੇ ਇੱਕ ਔਰਤ ਵਿਆਹੁਤਾ ਰਿਸ਼ਤੇ ਵਿੱਚ ਇਕੱਠੇ ਹੋਏ। ਪਹਿਲੇ ਵਿਆਹ ਦੇ ਸਮੇਂ, ਆਦਮ ਨੇ ਆਖਿਆ, "ਇਹ ਹੁਣ ਮੇਰੀਆਂ ਹੱਡੀਆਂ ਵਿੱਚੋਂ ਹੱਡੀ ਹੈ ਅਰ ਮੇਰੇ ਮਾਸ ਵਿੱਚੋਂ ਮਾਸ ਹੈ ਸੋ ਇਹ ਇਸ ਕਾਰਨ ਨਾਰੀ ਆਖਵਾਏਗੀ ਜੋ ਇਹ ਨਰ ਵਿੱਚੋਂ ਕੱਢੀ ਗਈ ਹੈ" (ਉਤਪਤ 2:23)।

ਅਗਲੀ ਆਇਤ ਬਾਈਬਲ ਅਨੁਸਾਰ ਵਿਆਹ ਦੀ ਪਰਿਭਾਸ਼ਾ ਦੱਸਦੀ ਹੈ: "ਸੋ ਮਰਦ ਆਪਣੇ ਮਾਪੇ ਛੱਡਕੇ ਆਪਣੀ ਤੀਵੀਂ ਨਾਲ ਮਿਲਿਆ ਰਹੇਗਾ ਅਤੇ ਓਹ ਇੱਕ ਸਰੀਰ ਹੋਣਗੇ" (ਉਤਪਤ 2:24)। ਇਹੋ ਪੰਕਤੀ ਨੂੰ ਨਵੇਂ ਨੇਮ ਵਿੱਚ ਮੱਤੀ 19:5 ਅਤੇ ਅਫ਼ਸੀਆਂ 5:31 ਵਿੱਚ ਦੁਹਰਾਇਆ ਗਿਆ ਹੈ। **ਆਦਮੀ ਅਤੇ ਔਰਤ ਦਾ ਇੱਕ ਸਰੀਰ ਹੋਣਾ ਸ਼ਰਤ ਤੋਂ ਬਗੈਰ ਇੱਕ ਸਮਰਪਣ ਹੈ, ਪਰਮੇਸ਼ੁਰ ਅਤੇ ਮਨੁੱਖ ਦੇ ਸਾਹਮਣੇ ਇੱਕ ਵਾਇਦਾ ਹੈ ਜੋ ਜੀਵਨ ਭਰ ਦੇ ਲਈ ਹੈ।**

> ਵਿਆਹ ਇੱਕ ਤੀਹਰਾ ਚਮਤਕਾਰ ਹੈ। ਇਹ ਜੀਵ ਵਿਗਿਆਨ ਦਾ ਇੱਕ ਚਮਤਕਾਰ ਹੈ ਜਿਸ ਰਾਹੀਂ ਦੋ ਲੋਕ ਇੱਕ ਸਰੀਰ ਹੁੰਦੇ ਹਨ; ਇਹ ਇੱਕ ਸਮਾਜਿਕ ਚਮਤਕਾਰ ਹੈ ਜਿਸ ਰਾਹੀਂ ਦੋ ਪਰਿਵਾਰਾਂ ਨੂੰ ਇਕੱਠੇ ਪਿਉਂਦ ਚੜ੍ਹਾਈ ਜਾਂਦੀ ਹੈ; ਇਹ ਇੱਕ ਆਤਮਿਕ ਚਮਤਕਾਰ ਹੈ ਜਿਸ ਵਿੱਚ ਵਿਆਹੁਤਾ ਰਿਸ਼ਤਾ ਮਸੀਹ ਦਾ ਉਸ ਦੀ ਦੁਲਹਨ, ਕਲੀਸਿਯਾ ਦੇ ਨਾਲ ਇੱਕ ਹੋਣ ਦੀ ਤਸਵੀਰ ਹੈ।[4]

## ਵਿਆਹੁਤਾ ਰਿਸ਼ਤਾ ਤ੍ਰਿਏਕਤਾ ਵਿਚਲੇ ਰਿਸ਼ਤਿਆਂ ਨੂੰ ਦਰਸਾਉਂਦਾ ਹੈ

> "ਵਿਆਹ... ਇੱਕ ਮਹਾਨ ਨੇਮ ਬੰਨ੍ਹਣ ਵਾਲੇ ਅਤੇ ਨੇਮ ਨੂੰ ਨਿਭਾਉਣ ਵਾਲੇ ਵਜੋਂ ਪਰਮੇਸ਼ੁਰ ਦੇ ਚਰਿੱਤਰ ਦਾ ਪਰਗਟਾਵਾ ਹੈ। ਇੱਕ ਨੇਮ ਵਿੱਚ, ਮਹੱਤਵਪੂਰਣ ਤੱਤ ਵਫ਼ਾਦਾਰੀ ਅਤੇ ਇਮਾਨਦਾਰੀ ਹੁੰਦੇ ਹਨ, ਭਾਵਨਾ ਨਹੀਂ।"
> - ਰਾਬਰਟਸਨ ਮੈਕਕਿਉਲਕਿਨ
> *ਐਨ ਇੰਟਰੋਡਕਸ਼ਨ ਟੂ ਬਿਬਲੀਕਲ ਐਥਿਕਸ*

ਵਿਆਹ ਨੂੰ ਪਰਮੇਸ਼ੁਰ ਦੇ ਚਰਿੱਤਰ ਅਤੇ ਉਸ ਦੇ ਰਿਸ਼ਤਿਆਂ ਨੂੰ ਦਰਸਾਉਣ ਲਈ ਰਚਿਆ ਗਿਆ ਹੈ। ਪਰਮੇਸ਼ੁਰ ਪਿਤਾ, ਪਰਮੇਸ਼ੁਰ ਪੁੱਤਰ, ਅਤੇ ਪਰਮੇਸ਼ੁਰ ਪਵਿੱਤਰ ਆਤਮਾ ਹਮੇਸ਼ਾ ਇੱਕ ਦੂਸਰੇ ਨਾਲ ਰਿਸ਼ਤੇ ਵਿੱਚ ਰਹੇ ਹਨ ਅਤੇ ਹਮੇਸ਼ਾ ਇੱਕ ਦੂਸਰੇ ਨਾਲ ਰਿਸ਼ਤੇ ਵਿੱਚ ਰਹਿਣਗੇ। ਹਰੇਕ ਆਪਣੀ ਭੂਮਿਕਾ ਵਿੱਚ ਅਨੋਖਾ ਹੈ, ਪਰ ਤ੍ਰਿਏਕਤਾ ਦੇ ਸਾਰੇ ਵਿਅਕਤੀ ਸਥਾਈ ਤੌਰ 'ਤੇ ਇੱਕ ਹਨ ਅਤੇ ਇੱਕੋ ਤੱਤ ਦੇ ਹਨ। ਤ੍ਰਿਏਕਤਾ ਦੇ ਵਿਅਕਤੀਆਂ ਵਿਚਲੇ ਰਿਸ਼ਤੇ ਵਿੱਚ, ਅਸੀਂ ਏਕਤਾ, ਨੇੜਤਾ, ਵਫ਼ਾਦਾਰੀ, ਅਤੇ ਦ੍ਰਿੜ੍ਹ ਪਿਆਰ ਨੂੰ ਵੇਖਦੇ ਹਾਂ। ਬਾਈਬਲ ਅਧਾਰਤ ਵਿਆਹ ਇਸ ਅਦਭੁਤ ਰਿਸ਼ਤੇ ਦੇ ਨਮੂਨੇ ਅਨੁਸਾਰ ਹੈ। ਹਰੇਕ ਪਤੀ ਅਤੇ ਪਤਨੀ ਲਈ ਪਰਮੇਸ਼ੁਰ ਦੀ ਯੋਜਨਾ ਇਹ ਹੈ ਕਿ ਉਹ ਆਪਣੇ ਪਿਆਰ ਵਿੱਚ ਸ਼ੁੱਧ ਹੋਣ ਅਤੇ ਜੀਵਨ ਭਰ ਇੱਕ ਦੂਸਰੇ ਪ੍ਰਤੀ ਸਮਰਪਿਤ ਰਹਿਣ।

---

[4] *The Woman's Study Bible*, (Thomas Nelson, Inc., 1995), 9.

ਮਨੁੱਖੀ ਵਿਆਹੁਤਾ ਰਿਸ਼ਤੇ ਨੂੰ ਤ੍ਰਿਏਕਤਾ ਵਿਚਲੇ ਰਿਸ਼ਤਿਆਂ ਨੂੰ ਇਨ੍ਹਾਂ ਤਰੀਕਿਆਂ ਨਾਲ ਦਰਸਾਉਣਾ ਚਾਹੀਦਾ ਹੈ:

1. ਵਿਆਹ ਇੱਕ ਦੂਸਰੇ ਲਈ ਬਿਨਾਂ ਕਿਸੇ ਸ਼ਰਤ ਦੇ ਇੱਕ ਖਾਸ ਸਮਰਪਣ ਹੋਣਾ ਚਾਹੀਦਾ ਹੈ।
2. ਵਿਆਹ ਖੁਦ ਦਾ ਤਿਆਗ ਕਰਨ ਵਾਲੇ ਪਿਆਰ ਦਾ ਇੱਕ ਰਿਸ਼ਤਾ ਹੋਣਾ ਚਾਹੀਦਾ ਹੈ।
3. ਵਿਆਹ ਇੱਕ ਫਲਦਾਇਕ ਰਿਸ਼ਤਾ ਹੋਣਾ ਚਾਹੀਦਾ ਹੈ।

## ਪਹਿਲਾ ਹੁਕਮ

ਪਹਿਲੇ ਵਿਆਹ ਦੇ ਦੌਰਾਨ, ਜਿਸ ਨੂੰ ਪਰਮੇਸ਼ੁਰ ਦੁਆਰਾ ਰਚਾਇਆ ਗਿਆ ਸੀ,

> ਪਰਮੇਸ਼ੁਰ ਨੇ ਉਨ੍ਹਾਂ ਨੂੰ ਅਸੀਸ ਦਿੱਤੀ ਅਤੇ ਪਰਮੇਸ਼ੁਰ ਨੇ ਉਨ੍ਹਾਂ ਨੂੰ ਆਖਿਆ ਕਿ ਫਲੋ ਅਰ ਵੱਧੋ ਅਤੇ ਧਰਤੀ ਨੂੰ ਭਰ ਦਿਓ ਅਤੇ ਉਹ ਨੂੰ ਆਪਣੇ ਵੱਸ ਵਿੱਚ ਕਰੋ ਅਤੇ ਸਮੁੰਦਰ ਦੀਆਂ ਮੱਛੀਆਂ ਉੱਤੇ ਅਰ ਅਕਾਸ਼ ਦਿਆਂ ਪੰਛੀਆਂ ਉੱਤੇ ਅਰ ਸਾਰੇ ਧਰਤੀ ਪੁਰ ਘਿੱਸਰਨ ਵਾਲਿਆਂ ਜੀਆਂ ਉੱਤੇ ਰਾਜ ਕਰੋ (ਉਤਪਤ 1:28)।

ਫਲ ਲਿਆਉਣਾ ਅਤੇ ਵਧਣਾ ਪਹਿਲਾ ਹੁਕਮ ਹੈ ਜੋ ਪਰਮੇਸ਼ੁਰ ਨੇ ਬਾਈਬਲ ਵਿੱਚ ਦਿੱਤਾ ਸੀ। **ਵਿਆਹ ਨੂੰ ਇਸ ਤਰ੍ਹਾਂ ਰਚਿਆ ਗਿਆ ਹੈ ਕਿ ਇਹ ਖੁਦ ਦਾ ਤਿਆਗ ਕਰਨ ਵਾਲੇ ਪਿਆਰ ਦਾ ਇੱਕ ਫਲਦਾਇਕ ਰਿਸ਼ਤਾ ਹੋਵੇ।** ਵਿਆਹੁਤਾ ਰਿਸ਼ਤੇ ਵਿੱਚ ਬੱਚੇ ਪੈਦਾ ਕਰਨਾ ਸਿਰਜਣਹਾਰ ਨੂੰ ਮਹਿਮਾ ਦਿੰਦਾ ਹੈ, ਜਦੋਂ ਪਤੀ ਅਤੇ ਪਤਨੀ *ਮਿਲਕੇ* ਪਰਮੇਸ਼ੁਰ ਦੇ ਰਚਨਾਤਮਕ ਕੰਮ ਨੂੰ ਅੱਗੇ ਵਧਾਉਂਦੇ ਹਨ ਅਤੇ ਪਰਿਵਾਰਕ ਰਿਸ਼ਤੇ ਵਿੱਚ ਹੋਰ ਲੋਕਾਂ ਨੂੰ ਲਿਆਉਂਦੇ ਹਨ। ਕਿੰਨਾ ਅਦਭੁਤ ਮੌਕਾ ਅਤੇ ਕਿੰਨੀ ਅਦਭੁਤ ਜ਼ਿੰਮੇਵਾਰੀ ਹੈ!

► ਇੱਕ ਵਿਦਿਆਰਥੀ ਨੂੰ ਸਮੂਹ ਲਈ ਜ਼ਬੂਰ 127:3-5 ਨੂੰ ਪੜ੍ਹਨਾ ਚਾਹੀਦਾ ਹੈ। ਇਹ ਭਾਗ ਬੱਚਿਆਂ ਦਾ ਵਰਣਨ ਕਰਨ ਲਈ ਸ਼ਬਦ ਚਿੱਤਰਾਂ ਦੀ ਵਰਤੋਂ ਕਰਦਾ ਹੈ। ਕਿਹੜੇ ਸ਼ਬਦ ਚਿੱਤਰ ਹਨ? ਇਨ੍ਹਾਂ ਸ਼ਬਦ ਚਿੱਤਰਾਂ ਦੇ ਅਧਾਰ ’ਤੇ, ਸਾਨੂੰ ਆਪਣੇ ਬੱਚਿਆਂ ਬਾਰੇ ਕਿਵੇਂ ਸੋਚਣਾ ਚਾਹੀਦਾ ਹੈ?

ਬਾਈਬਲ ਸਾਨੂੰ ਵਿਖਾਉਂਦੀ ਹੈ ਕਿ ਬੱਚੇ ਇੱਕ ਤੋਹਫ਼ਾ ਹਨ, ਇੱਕ ਕੀਮਤੀ ਸੰਪਤੀ ਹਨ। ਉਨ੍ਹਾਂ ਬਾਰੇ ਇਸ ਤਰ੍ਹਾਂ ਨਹੀਂ ਸੋਚਣਾ ਚਾਹੀਦਾ ਕਿ ਉਹ ਬੱਸ ਲਿੰਗਕ ਸੰਬੰਧਾਂ ਦਾ ਨਤੀਜਾ ਹਨ। ਭਾਵੇਂ ਬੱਚੇ ਦੇ ਗਰਭਧਾਰਣ ਦੇ ਸਮੇਂ ਦੇ ਹਾਲਾਤ ਇੱਛਾ ਅਨੁਸਾਰ ਹੋਣ ਜਾਂ ਨਾ ਹੋਣ, ਜਾਂ ਸਹੀ ਹੋਣ ਜਾਂ ਨਾ ਹੋਣ, ਪਰ ਜੀਵਨ ਦੇਣ ਵਾਲੇ ਦਾ ਬੱਚੇ ਦੇ ਗਰਭਧਾਰਣ ਅਤੇ ਹਰੇਕ ਬੱਚੇ ਦੇ ਜਨਮ ਵਿੱਚ ਇੱਕ ਇਰਾਦਾ ਹੈ, ਇਸ ਵਿੱਚ ਤੁਸੀਂ ਅਤੇ ਮੈਂ ਵੀ ਸ਼ਾਮਲ ਹਾਂ। ਭਾਵੇਂ ਕਿਸੇ ਦੇ ਜਨਮ ਲੈਣ ਦੇ ਹਾਲਾਤ ਕਿਹੋ ਜਿਹੇ ਵੀ ਹੋਣ, ਪਰ ਪਰਮੇਸ਼ੁਰ ਕੋਲ ਹਰੇਕ ਵਿਅਕਤੀ ਦੇ ਲਈ ਇੱਕ ਉਦੇਸ਼ ਹੈ।

ਹਾਂ, ਬੱਚੇ ਪਰਮੇਸ਼ੁਰ ਵੱਲੋਂ ਇੱਕ ਦਾਤ ਹਨ, ਪਰ ਉਹ ਮਾਪਿਆਂ ਵੱਲੋਂ ਪਰਮੇਸ਼ੁਰ ਲਈ ਵੀ ਤੋਹਫ਼ਾ ਹਨ।

> ਕੀ ਉਸ ਨੇ ਇੱਕ ਨੂੰ ਹੀ ਨਹੀਂ ਰਚਿਆ? ਕੀ ਉਸ ਲਈ ਰੂਹ ਬਾਕੀ ਨਹੀਂ? ਫੇਰ ਇੱਕ ਨੂੰ ਹੀ ਕਿਉਂ? ਉਹ ਪਰਮੇਸ਼ੁਰ ਦੀ ਨਸਲ ਚਾਹੁੰਦਾ ਸੀ ਸੋ ਤੁਸੀਂ ਆਪਣਿਆਂ ਆਤਮਿਆਂ ਵਿੱਚ ਖਬਰਦਾਰ ਰਹੋ ਅਤੇ ਤੂੰ ਆਪਣੀ ਜੁਆਨੀ ਦੀ ਤੀਵੀਂ ਦੀ ਬੇਪਰਤੀਤੀ ਨਾ ਕਰ (ਮਲਾਕੀ 2:15)।

ਬੱਚੇ ਇੱਕ ਪਵਿੱਤਰ ਅਮਾਨਤ ਹਨ। ਪਰਮੇਸ਼ੁਰ ਚਾਹੁੰਦਾ ਹੈ ਕਿ ਮਾਪੇ ਆਪਣੇ ਬੱਚਿਆਂ ਦੀ ਪਰਵਰਿਸ਼ ਉਸ ਦੇ ਆਪਣੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਕਰਨ। ਪਰਮੇਸ਼ੁਰ ਸਾਡੇ ਬੱਚਿਆਂ ਦਾ ਇਸਤੇਮਾਲ ਆਪਣੇ ਰਾਜ ਨੂੰ ਵਧਾਉਣ ਲਈ ਕਰਨਾ ਚਾਹੁੰਦਾ ਹੈ (ਉਤਪਤ 18:19)। ਪਰਮੇਸ਼ੁਰ ਨੇ ਸਾਡੇ ਉੱਤੇ ਭਰੋਸਾ ਕੀਤਾ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਉਸ ਦੀ ਸੇਵਾ ਕਰਨ ਦੇ ਇੱਕ ਜੀਵਨ ਲਈ ਤਿਆਰ ਕਰੀਏ (ਬਿਵਸਥਾ ਸਾਰ 6:2)। ਅਸੀਂ ਉਨ੍ਹਾਂ ਦੀ ਪਰਵਰਿਸ਼ ਸਾਡੀ ਸੇਵਾ ਕਰਨ ਲਈ ਜਾਂ ਸਾਡੇ ਸੁਫਨਿਆਂ ਨੂੰ ਪੂਰਾ ਕਰਨ ਲਈ ਨਹੀਂ ਕਰ ਰਹੇ ਹਾਂ। ਸਾਨੂੰ ਉਨ੍ਹਾਂ ਨੂੰ ਉਨ੍ਹਾਂ ਤੀਰਾਂ ਵਾਂਗ ਵੇਖਣਾ ਚਾਹੀਦਾ ਹੈ ਜੋ ਉਸ ਨਿਸ਼ਾਨੇ ’ਤੇ ਮਾਰੇ ਜਾਣੇ ਹਨ ਜੋ ਪਰਮੇਸ਼ੁਰ ਨੇ ਉਨ੍ਹਾਂ ਲਈ ਰੱਖਿਆ ਹੈ।

### ਪਤਨ ਅਤੇ ਮਨੁੱਖੀ ਪਰਿਵਾਰ ਦਾ ਟੁੱਟਣਾ

ਉਤਪਤ 3 ਵਿੱਚ, ਇੱਕੋ ਸੰਪੂਰਣ ਪਰਿਵਾਰ ਜੋ ਕਦੇ ਹੋਂਦ ਵਿੱਚ ਸੀ ਉਹ ਟੁੱਟੇ ਹੋਣ ਦੀ ਸਥਿੱਤੀ ਵਿੱਚ ਡਿੱਗ ਪਿਆ ਅਤੇ ਉਸ ਨੂੰ ਪੂਰੀ ਤਰ੍ਹਾਂ ਮੁਕਤੀਦਾਤਾ ਦੀ ਲੋੜ ਸੀ। ਆਦਮ ਅਤੇ ਹੱਵਾਹ ਨੇ ਪਾਪ ਕੀਤਾ, ਅਤੇ ਮਨੁੱਖਤਾ ਉੱਤੇ ਮੌਤ ਦਾ ਸਰਾਪ ਪੈ ਗਿਆ। ਆਦਮ ਅਤੇ ਹੱਵਾਹ ਦਾ ਇੱਕ ਦੂਸਰੇ ਨਾਲ ਰਿਸ਼ਤਾ ਸਥਾਈ ਤੌਰ ’ਤੇ ਨੁਕਸਾਨਿਆ ਗਿਆ, ਅਤੇ ਉਹ ਪਰਮੇਸ਼ੁਰ ਤੋਂ ਵੱਖ ਹੋ ਗਏ ਸਨ।

ਆਦਮੀ ਅਤੇ ਔਰਤ ਦੋਵਾਂ ਨੇ ਹੋਰ ਸਰਾਪਾਂ ਦਾ ਦੁੱਖ ਝੱਲਿਆ:

- ਬੱਚੇ ਨੂੰ ਜਨਮ ਦੇਣਾ ਪੀੜਾ ਭਰਿਆ ਹੋਇਆ ਹੋਵੇਗਾ।
- ਪਤੀ ਆਪਣੇ ਅਧਿਕਾਰ ਦੀ ਦੁਰਵਰਤੋਂ ਕਰਨਗੇ।
- ਪਤਨੀਆਂ ਢੀਠ ਅਤੇ ਗੁਸਤਾਖ ਹੋਣਗੀਆਂ।
- ਕੰਮ ਨਿਰਾਸ਼ਾ ਭਰਿਆ ਅਤੇ ਮੁਸ਼ਕਲ ਹੋਵੇਗਾ।[5]

ਪਰਿਵਾਰ ਦੇ ਲਈ ਪਰਮੇਸ਼ੁਰ ਦੀ ਸੰਪੂਰਣ ਯੋਜਨਾ ਵਿਗੜ ਗਈ ਸੀ ਕਿਉਂਕਿ ਲੋਕਾਂ ਨੇ ਸ਼ਤਾਨ ਦੇ ਝੂਠ ਨੂੰ ਸਵੀਕਾਰ ਕਰ ਲਿਆ ਸੀ।

---

[5] ਇਹ ਦੱਸਣਾ ਮਹੱਤਵਪੂਰਨ ਹੈ ਕਿ **ਬੱਚੇ ਦਾ ਜਨਮ** ਸਰਾਪ ਦਾ ਹਿੱਸਾ ਨਹੀਂ ਸੀ। ਬੱਚੇ ਦੇ ਜਨਮ ਵਿੱਚ **ਦਰਦ** ਸਰਾਪ ਦਾ ਨਤੀਜਾ ਹੈ, ਪਰ ਬੱਚੇ ਦਾ ਜਨਮ ਖੁਦ ਹਮੇਸ਼ਾ ਅਗਲੀ ਪੀੜ੍ਹੀ ਨੂੰ ਪੈਦਾ ਕਰਨ ਲਈ ਪਰਮੇਸ਼ੁਰ ਦੀ ਸ਼ਾਨਦਾਰ ਯੋਜਨਾ ਰਿਹਾ ਹੈ। ਨਾ ਤਾਂ **ਕੰਮ** ਸਰਾਪ ਸੀ, ਸਗੋਂ ਕੰਮ ਦੀ **ਮੁਸ਼ਕਲ** ਸਰਾਪ ਸੀ। ਦਰਅਸਲ, ਉਤਪਤ 1:28 ਵਿੱਚ ਪਰਮੇਸ਼ੁਰ ਵੱਲੋਂ ਆਦਮ ਅਤੇ ਹੱਵਾਹ ਨੂੰ ਦਿੱਤੇ ਹੋਰ ਹੁਕਮ ਦਰਸਾਉਂਦੇ ਹਨ ਕਿ ਅਸੀਂ ਕੰਮ ਲਈ ਬਣਾਏ ਗਏ ਹਾਂ! ਕੰਮ ਇੱਕ ਅਜਿਹਾ ਤਰੀਕਾ ਹੈ ਜਿਸ ਨਾਲ ਅਸੀਂ ਪਰਮੇਸ਼ੁਰ ਦੇ ਸਰੂਪ ਨੂੰ ਪ੍ਰਤੀਬਿੰਬਤ ਕਰਦੇ ਹਾਂ।

ਉਤਪਤ 4 ਪਤਿਤ ਮਨੁੱਖੀ ਪਰਿਵਾਰ ਦੇ ਟੁੱਟਣ ਬਾਰੇ ਖੁਲਾਸਾ ਕਰਨਾ ਜਾਰੀ ਰੱਖਦਾ ਹੈ।

ਉਤਪਤ 4:1 ਉੱਤੇ ਧਿਆਨ ਦੇਵੋ, ਪਹਿਲਾ ਗਰਭਧਾਰਣ ਅਤੇ ਬੱਚੇ ਦਾ ਜਨਮ। ਇਹ ਆਇਤ ਨੌਂ ਮਹੀਨਿਆਂ ਦੇ ਸਮੇਂ ਨੂੰ ਦੱਸਦੀ ਹੈ – ਇੱਕ ਬੱਚੇ ਦੇ ਗਰਭਧਾਰਣ ਅਤੇ ਜਨਮ ਲੈਣ ਵਿਚਲਾ ਸਮਾਂ। ਇਹ ਕਲਪਨਾ ਕਰਨ ਲਈ ਰੁਕੋ ਕਿ ਗਰਭ ਦੇ ਉਹ ਨੌਂ ਮਹੀਨੇ ਹੱਵਾਹ ਦੇ ਲਈ ਕਿਹੋ ਜਿਹੇ ਰਹੇ ਹੋਣਗੇ, ਜਦੋਂ ਉਸ ਨੇ ਆਪਣੇ ਡਰਾਂ ਅਤੇ ਖੁਸ਼ੀਆਂ ਨੂੰ ਆਦਮ ਦੇ ਨਾਲ ਸਾਂਝਾ ਕਰਨ ਦੀ ਕੋਸ਼ਿਸ਼ ਕੀਤੀ। ਉੱਥੇ ਉਸ ਨੂੰ ਸਲਾਹ ਦੇਣ ਵਾਲਾ ਕੋਈ ਨਹੀਂ ਸੀ, ਕੋਈ ਵੀ ਉਸ ਦੇ ਸਵਾਲਾਂ ਦੇ ਜਵਾਬ ਦੇਣ ਵਾਲਾ ਨਹੀਂ ਸੀ। ਉਸ ਦਾ ਵੱਡਾ ਹੋ ਰਿਹਾ ਪੇਟ, ਪੇਟ ਵਿੱਚ ਬੱਚੇ ਦਾ ਲੱਤਾਂ ਮਾਰਨਾ, ਅਤੇ ਪੇਟ ਦੇ ਸੁੰਗੜਨ ਅਤੇ ਦਰਦ ਦੇ ਨਾਲ ਜਨਮ ਦੇਣ ਦੀ ਪ੍ਰਕਿਰਿਆ, ਇਹ ਸਭ ਇੱਕ ਮਨੁੱਖੀ ਮਾਂ ਦੇ ਲਈ ਪਹਿਲੀ ਵਾਰ ਦਾ ਅਨੁਭਵ ਸੀ। ਕੋਈ ਅਚੰਭਾ ਨਹੀਂ ਹੈ ਕਿ ਹੱਵਾਹ ਨੇ ਕਾਇਨ ਦੇ ਜਨਮ ਬਾਰੇ ਆਖਿਆ, "ਮੈਂ ਇੱਕ ਮਨੁੱਖ ਯਹੋਵਾਹ ਕੋਲੋਂ ਪ੍ਰਾਪਤ ਕੀਤਾ" (ਉਤਪਤ 4:1)।

ਸਮਾਂ ਬੀਤਦਾ ਗਿਆ, ਅਤੇ ਅਗਲੀ ਆਇਤ ਵਿੱਚ ਅਸੀਂ ਦੂਸਰੇ ਗਰਭਧਾਰਣ ਅਤੇ ਬੱਚੇ ਦੇ ਜਨਮ ਬਾਰੇ ਜਾਣਦੇ ਹਾਂ। ਹੁਣ ਆਦਮ ਅਤੇ ਹੱਵਾਹ ਦਾ ਪਰਿਵਾਰ ਚਾਰ ਜੀਆਂ ਦਾ ਹੋ ਗਿਆ ਹੈ। ਉਸੇ ਆਇਤ ਦੇ ਦੂਸਰੇ ਅੱਧ ਵਿੱਚ, ਉਨ੍ਹਾਂ ਦੇ ਪੁੱਤਰਾਂ ਦੇ ਕਿੱਤਿਆਂ ਦਾ ਸਾਰ ਹੈ। ਆਇਤ 3 ਤਕ, ਲੜਕੇ ਵੱਡੇ ਹੋ ਕੇ ਆਦਮੀ ਬਣ ਗਏ ਹਨ, ਅਤੇ ਅਗਲੀਆਂ ਆਇਤਾਂ ਵਿੱਚ ਅਸੀਂ ਪਹਿਲੇ ਕਤਲ ਦੀ ਦੁਖਦਾਇਕ ਕਹਾਣੀ ਪੜ੍ਹਦੇ ਹਾਂ। ਆਦਮ ਅਤੇ ਹੱਵਾਹ ਦੇ ਵੱਡੇ ਪੁੱਤਰ ਨੇ ਗੁੱਸੇ ਅਤੇ ਈਰਖਾ ਦੇ ਕਾਰਣ ਆਪਣੇ ਭਰਾ ਨੂੰ ਮਾਰ ਦਿੱਤਾ ਸੀ। ਕੀ ਤੁਸੀਂ ਸਦਮੇ, ਦੁੱਖ, ਸਵਾਲਾਂ, ਠੇਸ ਅਤੇ ਪੀੜਾ ਦੀ ਕਲਪਨਾ ਕਰ ਸਕਦੇ ਹੋ?

ਉਨ੍ਹਾਂ ਸਵਾਲਾਂ ਲਈ ਤੁਹਾਡੇ ਜਵਾਬ ਇਹ ਹੋ ਸਕਦੇ ਹਨ, "ਹਾਂ! ਮੈਂ ਕਲਪਨਾ ਕਰ ਸਕਦਾ ਹਾਂ। ਅਸਲ ਵਿੱਚ, ਮੇਰੇ ਨਾਲ ਵੀ ਕੁਝ ਅਜਿਹਾ ਹੀ ਹੋਇਆ ਹੈ!" ਮੈਂ ਤੁਹਾਨੂੰ ਉਤਸ਼ਾਹਿਤ ਕਰਨਾ ਚਾਹੁੰਦਾ ਹਾਂ: ਤੁਸੀਂ ਇਕੱਲੇ ਨਹੀਂ ਹੋ। ਤੁਹਾਡੇ ਪਰਿਵਾਰ ਨੂੰ ਛੁਡਾਇਆ ਜਾ ਸਕਦਾ ਹੈ! ਹਰੇਕ ਪਰਿਵਾਰ ਦੇ ਲਈ ਖੁਸ਼ੀ ਦੀ ਖ਼ਬਰ ਹੈ।

ਗੋਰਡਨ ਵੇਨਹਾਮ ਲਿਖਦਾ ਹੈ,

> ...ਉਤਪਤ ਦਾ ਸੰਦੇਸ਼... ਮਨੁੱਖੀ ਪਾਪ ਦੇ ਬਾਵਜੂਦ ਵੀ ਕਿਰਪਾ ਦੀ ਜਿੱਤ ਦੀ ਕਹਾਣੀ ਹੈ, ਪਾਪ ਦੁਆਰਾ ਟੁੱਟੇ ਹੋਏ ਪਰਿਵਾਰਾਂ ਵਿੱਚ ਵੀ ਕਿਰਪਾ ਦੀ ਜਿੱਤ ਦੀ ਕਹਾਣੀ ਹੈ। ਪੁਸਤਕ ਇੱਕ ਉੱਤਮ ਕਹਾਣੀ ਦੇ ਨਾਲ ਸ਼ੁਰੂ ਹੁੰਦੀ ਹੈ ਜੋ ਸੰਸਾਰ ਦੀ ਰਚਨਾ ਦੇ ਬਾਰੇ ਹੈ ਅਤੇ ਅਖੀਰ ਪਰਮੇਸ਼ੁਰ ਦੇ ਸਰੂਪ ਉੱਤੇ ਮਨੁੱਖਜਾਤੀ ਦੀ ਰਚਨਾ ਕੀਤੀ ਗਈ ਅਤੇ ਜੋ ਕੁਝ ਪਰਮੇਸ਼ੁਰ ਨੇ ਬਣਾਇਆ, ਪਰਮੇਸ਼ੁਰ ਘੋਸ਼ਣਾ ਕਰਦਾ ਹੈ ਕਿ ਉਹ ਸਭ ਚੰਗਾ ਸੀ... ਇਹ ਕੇਵਲ ਅਧਿਆਏ 3 ਵਿੱਚ ਹੈ ਕਿ ਚੀਜ਼ਾਂ ਗਲਤ ਹੋਣ ਲੱਗੀਆਂ, ਅਵੱਗਿਆ ਦੇ ਨਾਲ, (ਸੰਘਰਸ਼), ਅਤੇ ਆਗਿਆਕਾਰੀ, ਏਕਤਾ, ਅਤੇ ਜੀਵਨ ਦਾ ਸਥਾਨ ਮੌਤ ਨੇ ਲੈ ਲਿਆ। ਅਧਿਆਏ 4 ਵਿੱਚ ਚੀਜ਼ਾਂ ਹੋਰ ਵੀ ਗਲਤ ਹੋ ਗਈਆਂ... ਅਤੇ ਅਧਿਆਏ 6 ਵਿੱਚ ਆਪਣੇ [ਸਭ ਤੋਂ

ਹੇਠਲੇ ਬਿੰਦੂ] ’ਤੇ ਪਹੁੰਚ ਗਈਆਂ, ਜਿੱਥੇ ਆਖਿਆ ਗਿਆ ਹੈ ਕਿ ਧਰਤੀ ਹਿੰਸਾ ਦੇ ਨਾਲ ਭਰ ਗਈ ਸੀ (ਉਤਪਤ 6:11, 13)।[6]

## ਅਬਰਾਹਾਮ ਦੇ ਪਰਿਵਾਰ ਵਿੱਚ ਟੁੱਟਾਪਣ

ਉਤਪਤ ਦੇ ਵਿੱਚ ਅੱਗੇ, ਅਸੀਂ ਅਬਰਾਹਾਮ ਬਾਰੇ ਪੜ੍ਹਦੇ ਹਾਂ, ਜੋ ਇਬਰਾਨੀ ਕੌਮ ਦਾ ਪਿਤਾ ਹੈ (ਉਤਪਤ 11:27-25:11)।[7] ਇਹ ਅਬਰਾਹਾਮ ਦੇ ਪਰਿਵਾਰ ਦੇ ਰਾਹੀਂ ਸੀ ਕਿ ਪਰਮੇਸ਼ੁਰ ਮਨੁੱਖੀ ਪਰਿਵਾਰ ਵਿੱਚ ਇੱਕ ਮੁਕਤੀਦਾਤਾ ਨੂੰ ਲਿਆਵੇਗਾ।

**ਬਾਂਝਪਣ**[8]

ਉਤਪਤ 11 ਵਿੱਚ ਅਬਰਾਹਾਮ ਦੀ ਕੁੱਲਪੱਤ੍ਰੀ ਦੀ ਸੂਚੀ ਦਿੱਤੀ ਗਈ ਹੈ, ਜੋ ਨੂਹ ਦੇ ਪੁੱਤਰ ਸ਼ੇਮ ਦਾ ਵੰਸ਼ਜ ਸੀ। ਉਤਪਤ 11:30 ਸਾਨੂੰ ਦੱਸਦੀ ਹੈ ਕਿ ਅਬਰਾਮ ਦੀ ਪਤਨੀ ਸਾਰਈ ਬੱਚਿਆਂ ਨੂੰ ਜਨਮ ਦੇਣ ਯੋਗ ਨਹੀਂ ਸੀ। ਇਹ ਆਇਤ ਬਹੁਤ ਸਾਰੇ ਪੜ੍ਹਨ ਵਾਲਿਆਂ ਲਈ ਹੰਝੂਆਂ, ਪੀੜਾ, ਦਰਦ, ਨਿਰਾਸ਼ਾ, ਵਿਅਰਥਤਾ, ਗੁੱਸੇ, ਅਤੇ ਸੋਗ ਦੀ ਆਇਤ ਹੈ। ਜੇ ਤੁਸੀਂ ਇਸ ਆਇਤ ਵਿੱਚ ਸਾਰਈ ਦੇ ਨਾਮ ਦੇ ਸਥਾਨ ’ਤੇ ਆਪਣਾ ਨਾਮ ਰੱਖ ਸਕਦੇ ਹੋ, ਤਾਂ ਜਾਣ ਲਵੋ ਕਿ ਤੁਸੀਂ ਇਕੱਲੇ ਨਹੀਂ ਹੋ।

ਉਹ ਜਿਹੜੇ ਬੱਚੇ ਚਾਹੁੰਦੇ ਹਨ, ਪਰ ਉਹ ਬਾਂਝਪਣ ਦਾ ਅਨੁਭਵ ਕਰ ਰਹੇ ਹਨ, ਉਨ੍ਹਾਂ ਦੇ ਲਈ ਉਤਪਤ 1:28 ਅਤੇ ਜ਼ਬੂਰ 127:3-5 ਵਰਗੇ ਭਾਗਾਂ ਨੂੰ ਪੜ੍ਹਨਾ ਵੱਡੀ ਪੀੜਾ ਅਤੇ ਵੱਡੇ ਦੁੱਖ ਦਾ ਕਾਰਨ ਬਣਦਾ ਹੈ। ਇਹ ਮਹਿਸੂਸ ਕਰਨਾ ਸੁਭਾਵਿਕ ਹੈ ਕਿ ਬੇਔਲਾਦ ਹੋਣਾ ਇੱਕ ਸਜ਼ਾ ਜਾਂ ਇੱਕ ਸਰਾਪ ਹੈ।

ਸੱਚਾਈ ਇਹ ਹੈ ਕਿ ਤੁਹਾਡੇ ਬੇਔਲਾਦ ਹੋਣ ਦੇ ਕਾਰਨ ਤੁਸੀਂ ਪਰਮੇਸ਼ੁਰ ਲਈ ਘੱਟ ਮਹੱਤਵਪੂਰਣ ਨਹੀਂ ਹੋ। ਤੁਹਾਨੂੰ ਭੁਲਾਇਆ ਨਹੀਂ ਗਿਆ। ਤੁਹਾਡੇ ਬਾਂਝ ਹੋਣ ਦਾ ਅਰਥ ਇਹ ਨਹੀਂ ਹੈ ਕਿ ਤੁਹਾਡੇ ਪਰਿਵਾਰ ਵਿੱਚ ਕੋਈ ਦੋਸ਼ ਹੈ। ਹੋਰਾਂ ਨੇ ਵੀ ਇਸ ਡੂੰਘੇ ਦੁੱਖ ਦਾ ਅਨੁਭਵ ਕੀਤਾ ਹੈ।

ਇਹ ਮਹੱਤਵਪੂਰਣ ਹੈ ਕਿ ਇੱਕ ਜੋੜਾ ਮਿਲਕੇ ਅਤੇ ਨਿੱਜੀ ਤੌਰ ’ਤੇ ਬਾਂਝਪਣ ਦੇ ਨਾਲ ਕਿਵੇਂ ਨਜਿੱਠਦਾ ਹੈ। ਨਾਸਮਝੀ ਦੇ ਫੈਸਲੇ ਹੋਰ ਸਮੱਸਿਆਵਾਂ ਲੈ ਕੇ ਜਾ ਸਕਦੇ ਹਨ, ਜਿਵੇਂ ਕਿ ਅਸੀਂ ਅਬਰਾਮ ਅਤੇ ਸਾਰਈ ਦੇ ਜੀਵਨਾਂ ਵਿੱਚ ਵੇਖਾਂਗੇ।

---

[6] Gordon Wenham writing in *Family in the Bible*, edited by Richard S. Hess and M. Daniel Carroll R., Grand Rapids, MI: Baker Academic, 2003, 29

[7] ਉਤਪਤ 17:5, 15 ਵਿੱਚ ਪਰਮੇਸ਼ੁਰ ਨੇ ਅਬਰਾਮ ਅਤੇ ਸਰਾਈ ਦਾ ਨਾਮ ਬਦਲ ਕੇ ਅਬਰਾਹਾਮ ਅਤੇ ਸਾਰਾਹ ਰੱਖਿਆ ਸੀ।

[8] ਇਸ ਵਿਸ਼ੇ ਬਾਰੇ ਹੋਰ ਜਾਣਨ ਲਈ ਪਾਠ 10 ਨੂੰ ਵੇਖੋ।

## ਇੱਕ ਵਾਇਦੇ ਦੀ ਉਡੀਕ ਕਰਨਾ

ਆਪਣੇ ਪਿਤਾ ਦੀ ਮੌਤ ਤੋਂ ਬਾਅਦ, ਅਬਰਾਮ ਆਪਣੇ ਪਰਿਵਾਰ ਦਾ ਮੁੱਖੀ ਬਣ ਗਿਆ। ਪਰਮੇਸ਼ੁਰ ਨੇ ਅਬਰਾਮ ਨੂੰ ਇੱਕ ਵੱਡੀ ਕੌਮ ਬਣਾਉਣ ਦਾ ਵਾਇਦਾ ਕੀਤਾ (ਉਤਪਤ 12:2) ਅਤੇ ਅਬਰਾਮ ਦੇ ਵੰਸ਼ਜਾਂ ਨੂੰ ਕਨਾਨ ਦੇਸ ਦੇਣ ਦਾ ਵਾਇਦਾ ਕੀਤਾ (ਉਤਪਤ 12:7)। ਹੁਣ ਅਬਰਾਮ 75 ਸਾਲਾਂ ਦਾ ਹੋ ਗਿਆ ਸੀ (ਉਤਪਤ 12:4) ਅਤੇ ਸਾਰਈ ਦਸ ਸਾਲ ਛੋਟੀ ਸੀ (ਉਤਪਤ 17:17)। ਸਾਰਈ 65 ਸਾਲਾਂ ਦੀ ਬਹੁਤ ਸੁੰਦਰ ਔਰਤ ਸੀ (ਉਤਪਤ 12:1), ਪਰ ਅਜੇ ਵੀ ਬਾਂਝ ਸੀ, ਅਤੇ ਪਹਿਲਾਂ ਹੀ ਬੱਚਾ ਪੈਦਾ ਕਰਨ ਦੀ ਆਮ ਉਮਰ ਤੋਂ ਬਹੁਤ ਅੱਗੇ ਲੰਘ ਚੁੱਕੀ ਸੀ।

> ਪਰਮੇਸ਼ੁਰ ਸਾਨੂੰ ਯਿਸੂ ਵਰਗੇ ਬਣਾਉਣ ਲਈ ਕੰਮ ਕਰ ਰਿਹਾ ਹੈ। ਕਈ ਵਾਰ ਪਰਮੇਸ਼ੁਰ ਸਾਡੇ ਤੋਂ ਉਡੀਕ ਕਰਾਉਂਦਾ ਹੈ, ਕਿਉਂਕਿ ਉਡੀਕ ਦੇ ਸਮੇਂ ਦੁਆਰਾ, ਉਹ ਸਾਡੇ ਦਿਲਾਂ ਵਿੱਚ ਉਹ ਕੰਮ ਕਰ ਸਕਦਾ ਹੈ ਜੋ ਹੋਰ ਕਿਸੇ ਤਰ੍ਹਾਂ ਸੰਭਵ ਨਹੀਂ ਹੈ।

ਸਾਲ ਬੀਤਦੇ ਗਏ, ਅਤੇ ਅਜੇ ਵੀ ਕੋਈ ਬੱਚਾ ਨਹੀਂ ਹੋਇਆ ਸੀ, ਭਾਵੇਂ ਕਿ ਉਤਪਤ 13:14-17 ਵਿੱਚ ਪਰਮੇਸ਼ੁਰ ਦੇ ਵਾਇਦੇ ਨੂੰ ਸਪਸ਼ਟ ਤੌਰ ’ਤੇ ਨਵਿਆਇਆ ਗਿਆ ਸੀ। ਜਾਪਦਾ ਹੈ ਕਿ ਅਬਰਾਮ ਨੇ ਆਪਣੇ ਖੁਦ ਦੇ ਬੱਚੇ ਦਾ ਪਿਤਾ ਬਣਨ ਦੀ ਸੰਭਾਵਨਾ ਨੂੰ ਛੱਡ ਦਿੱਤਾ ਸੀ, ਕਿਉਂਕਿ ਉਤਪਤ 15:2-3 ਵਿੱਚ ਉਹ ਪਰਮੇਸ਼ੁਰ ਨੂੰ ਆਖਦਾ ਹੈ ਕਿ ਉਸ ਦਾ ਸੇਵਕ ਉਸ ਦਾ ਵਾਰਸ ਹੈ। “ਤਾਂ ਵੇਖੋ ਯਹੋਵਾਹ ਦਾ ਬਚਨ ਉਹ ਦੇ ਕੋਲ ਆਇਆ ਕਿ ਇਹ ਤੇਰਾ ਵਾਰਿਸ ਨਾ ਹੋਵੇਗਾ ਪਰ ਉਹ ਜੋ ਤੇਰੇ ਤੁਖ਼ਮ ਵਿੱਚੋਂ ਨਿੱਕਲੇਗਾ ਤੇਰਾ ਵਾਰਿਸ ਹੋਵੇਗਾ” (ਉਤਪਤ 15:4)। ਫਿਰ, ਪਰਮੇਸ਼ੁਰ ਨੇ ਅਬਰਾਮ ਨੂੰ ਅਣਗਿਣਤ ਵੰਸ਼ਜਾਂ ਦੇ ਵਾਇਦੇ ਦੀ ਦੂਸਰੀ ਤਸਵੀਰ ਦਿੱਤੀ, ਅਤੇ ਅਬਰਾਮ ਨੇ ਪਰਮੇਸ਼ੁਰ ਉੱਤੇ ਵਿਸ਼ਵਾਸ ਕੀਤਾ (ਉਤਪਤ 15:6)।

ਇਸ ਬਾਰੇ ਸੋਚੋ ਕਿ ਉਡੀਕ ਦੇ ਇਹ ਸਾਲ ਸਾਰਈ ਦੇ ਲਈ ਕਿਸ ਤਰ੍ਹਾਂ ਦੇ ਰਹੇ ਹੋਣਗੇ:

> ਜਿੰਨਾ ਕਿ ਦੂਸਰਿਆਂ ਦੇ ਦੋਸ਼ ਲਾਉਣ ਨੇ ਸਾਰਈ ਨੂੰ ਦੁੱਖ ਦਿੱਤਾ ਹੋਵੇਗਾ, ਪਰ ਇਹ ਉਸ ਦੀ ਆਪਣੀ [ਤਿੱਖੀ] ਨਿਰਾਸ਼ਾ ਸੀ ਜਿਸ ਨੇ ਉਸ ਨੂੰ ਸਭ ਤੋਂ ਜ਼ਿਆਦਾ ਦੁੱਖ ਦਿੱਤਾ। ਸ਼ਾਇਦ ਉਹ ਕੇਵਲ ਇੱਕ ਮਾਂ ਹੋਣ ਦੀ ਸੰਤੁਸ਼ਟੀ ਲਈ ਨਹੀਂ ਤਰਸਦੀ ਹੋਵੇਗੀ ਸਗੋਂ ਉਸ ਸਮਾਜ ਵਿੱਚ ਮਾਵਾਂ ਨੂੰ ਦਿੱਤੇ ਜਾਣ ਵਾਲੇ ਆਦਰ ਅਤੇ ਇੱਜਤ ਲਈ ਵੀ ਤਰਸਦੀ ਹੋਵੇਗੀ, ਜਿਸ ਸਮਾਜ ਵਿੱਚ ਵੈਸੇ ਔਰਤਾਂ ਦਾ ਜ਼ਿਆਦਾ ਮਹੱਤਵ ਨਹੀਂ ਸੀ। ਅਸੀਂ ਜਾਣਦੇ ਹਾਂ ਕਿ ਆਦਮੀਆਂ ਦਾ ਬਾਂਝਪਣ ਵੀ ਗਰਭਧਾਰਣ ਵਿੱਚ ਅਸਫਲਤਾ ਦਾ ਇੱਕ ਕਾਰਣ ਹੋ ਸਕਦਾ ਹੈ, ਪਰ ਸਾਰਈ ਦੇ ਸਮੇਂ ਦੇ ਸੰਸਾਰ ਵਿੱਚ ਜੀਵ ਵਿਗਿਆਨ ਦਾ ਇਸ ਤਰ੍ਹਾਂ ਦਾ ਗਿਆਨ ਨਹੀਂ ਸੀ। ਇੱਕ ਔਰਤ ਦੇ ਵਜੋਂ ਸਾਰਈ ਦੀ ਪਹਿਚਾਣ ਅਤੇ ਉਸ ਦਾ ਮਹੱਤਵ, ਉਸ ਦੇ ਬੱਚੇ ਪੈਦਾ ਕਰਨ ਅਤੇ ਉਨ੍ਹਾਂ ਦਾ ਪਾਲਣ-ਪੋਸ਼ਣ ’ਤੇ ਨਿਰਭਰ ਕਰਦਾ ਸੀ। ਉਸ ਨੇ ਮਨੁੱਖਾਂ ਦੀਆਂ ਨਜ਼ਰਾਂ ਵਿੱਚ ਧਰਮੀ ਅਤੇ ਵਫ਼ਾਦਾਰ

ਪ੍ਰਾਣੀ ਹੋਣ ਦੁਆਰਾ ਆਦਰ ਨਹੀਂ ਪਾਇਆ ਸੀ, ਪਰ ਉਸ ਨੇ ਆਪਣੇ ਪਤੀ ਲਈ ਮਰਦ ਵਾਰਸ ਪੈਦਾ ਕਰਨ ਦੁਆਰਾ ਆਦਰ ਪਾਇਆ ਸੀ। ਇੱਕ ਖਾਲੀ ਕੁੱਖ ਦਾ ਅਰਥ ਇੱਕ ਖਾਲੀ ਜੀਵਨ ਸੀ।[9]

### ਮਨੁੱਖੀ ਹੱਲ ਅਤੇ ਦਰਦਨਾਕ ਨਤੀਜੇ

ਜਦੋਂ ਅਬਰਾਮ 85 ਸਾਲਾਂ ਦਾ ਸੀ, ਤਾਂ ਸਾਰਈ ਨੂੰ ਇੱਕ ਖਿਆਲ ਆਇਆ – ਇਸ ਦੇ ਲਈ ਇੱਕ ਹੱਲ ਕਿ ਅਬਰਾਮ ਕਿਵੇਂ ਬੱਚਾ ਪੈਦਾ ਕਰ ਸਕਦਾ ਹੈ। ਸਾਰਈ ਦੀ ਗੋਲੀ ਉਨ੍ਹਾਂ ਦੇ ਬੱਚੇ ਨੂੰ ਜਨਮ ਦੇ ਸਕਦੀ ਹੈ! (ਉਤਪਤ 16:1-4)। ਪਰ ਜਿਸ ਬਾਰੇ ਅਬਰਾਮ ਅਤੇ ਸਾਰਈ ਨੇ ਸੋਚਿਆ ਸੀ ਕਿ ਇਹ ਇੱਕ ਸੰਪੂਰਣ ਹੱਲ ਹੋਵੇਗਾ, ਪਰ ਉਸ ਨੇ ਉਨ੍ਹਾਂ ਦੇ ਘਰ ਦੀ ਸ਼ਾਂਤੀ ਨੂੰ ਤਬਾਹ ਕਰ ਦਿੱਤਾ, ਜਦੋਂ ਹਾਜ਼ਰਾ ਨੇ ਗਰਭਧਾਰਣ ਕੀਤਾ। ਜੋ ਬਹੁਤ ਹੀ ਸਹੀ ਜਾਪਦਾ ਸੀ ਉਹ ਬਹੁਤ ਹੀ ਗਲਤ ਨਿੱਕਲਿਆ। ਪਰਮੇਸ਼ੁਰ ਦੇ ਵਾਇਦੇ ਨੂੰ ਪੂਰਾ ਕਰਨ ਵਿੱਚ ਉਸ ਦੀ ਮਦਦ ਕਰਨ ਦੀ ਉਨ੍ਹਾਂ ਦੀ ਕੋਸ਼ਿਸ਼ ਝਗੜੇ ਅਤੇ ਅਣਬਣ ਵੱਲ ਲੈ ਗਈ। ਜਦੋਂ ਲੋਕ ਪਰਮੇਸ਼ੁਰ ਦੀ ਯੋਜਨਾ ਅਤੇ ਉਸ ਦੇ ਸਮੇਂ ਉੱਤੇ ਭਰੋਸਾ ਕਰਨ ਵਿੱਚ ਅਸਫ਼ਲ ਹੁੰਦੇ ਹਨ, ਤਾਂ ਟੁੱਟੇ ਹੋਏ ਰਿਸ਼ਤੇ ਅਤੇ ਠੇਸ ਖਾਧੀਆਂ ਹੋਈਆਂ ਭਾਵਨਾਵਾਂ ਇਸ ਦੇ ਸੁਭਾਵਿਕ ਨਤੀਜੇ ਹੁੰਦੇ ਹਨ।

ਆਉਣ ਵਾਲੇ ਸਾਲਾਂ ਵਿੱਚ, ਤਣਾਅ, ਦੁੱਖ, ਗਲਤਫਹਿਮੀਆਂ, ਗੱਲਬਾਤ ਵਿੱਚ ਸਮੱਸਿਆਵਾ, ਗੁੱਸਾ, ਛੱਡ ਦੇਣਾ, ਅਤੇ ਨਿਰਾਸ਼ਾ, ਇਹ ਸਭ ਵਧਦਾ ਗਿਆ (ਉਤਪਤ 16-21), ਇਹ ਕੇਵਲ ਅਬਰਾਮ ਅਤੇ ਸਾਰਈ ਦੇ ਘਰ ਵਿੱਚ ਹੀ ਨਹੀਂ ਵਧਿਆ, ਸਗੋਂ ਉਨ੍ਹਾਂ ਦੇ ਭਤੀਜੇ ਲੂਤ ਦੇ ਪਰਿਵਾਰ ਵਿੱਚ ਵੀ ਵਧਿਆ।

> "ਜਦੋਂ ਅਸੀਂ ਪਰਮੇਸ਼ੁਰ ਤੋਂ ਮੰਗ ਰਹੇ ਹੁੰਦੇ ਹਾਂ, ਤਦ ਪਰਮੇਸ਼ੁਰ ਕੋਲ ਉਡੀਕ ਕਰਾਉਣ ਦੇ ਪਵਿੱਤਰ ਕਾਰਣ ਹਨ, ਜਿਵੇਂ ਉਸ ਨੇ ਇਲੀਸਬਤ ਲਈ ਕੀਤਾ ਸੀ (ਲੂਕਾ 1:7, 13), ਅਤੇ ਸਾਡੇ ਤਿਆਰ ਹੋਣ ਤੋਂ ਪਹਿਲਾਂ ਹੀ ਅੱਗੇ ਵਧਣ ਲਈ ਵੀ, ਜਿਵੇਂ ਉਸ ਨੇ ਮਰਿਯਮ ਲਈ ਕੀਤਾ ਸੀ (ਲੂਕਾ 1:34)। ਜਦੋਂ ਅਸੀਂ ਉਸ ਦੀ ਆਗਿਆ ਮੰਨਦੇ ਹਾਂ ਅਤੇ ਅਰਾਧਨਾ ਕਰਦੇ ਹਾਂ, ਉਹ ਸਾਨੂੰ ਆਪਣੀ ਯੋਜਨਾ ਲਈ ਦਿਸ਼ਾ ਵਿਖਾਉਂਦਾ ਹੈ, ਸਿਖਾਉਂਦਾ ਹੈ, ਅਤੇ ਮੁਹੱਈਆ ਕਰਾਉਂਦਾ ਹੈ, ਜੋ ਕਦੇ ਵੀ ਉਸ ਦੁਆਰਾ ਸੀਮਿਤ ਨਹੀਂ ਹੁੰਦੀ ਜਿਸ ਦੀ ਅਸੀਂ ਕਲਪਨਾ ਨਹੀਂ ਕਰ ਸਕਦੇ।"
> - ਸ਼ਾਉਨਾ ਲੇਟੇਲਿਏਰ ਤੋਂ ਲਿਆ ਗਿਆ
> ਰੀਮਾਰਕਏਬਲ ਐਡਵੈਂਟ

## ਨੁਕਸਦਾਰ ਪਰਿਵਾਰ

ਅਬਰਾਮ ਨੂੰ ਪਰਮੇਸ਼ੁਰ ਦੁਆਰਾ ਇੱਕ ਵੱਡੀ ਕੌਮ ਦਾ ਪਿਤਾ ਹੋਣ ਲਈ ਚੁਣਿਆ ਗਿਆ ਸੀ, ਉਸ ਵੰਸ਼ ਦਾ ਪਿਤਾ ਹੋਣ ਲਈ ਜਿਸ ਵਿੱਚ ਯਿਸੂ ਦਾ ਜਨਮ ਹੋਣਾ ਸੀ! ਇਸ ਤਰ੍ਹਾਂ ਜਾਪਦਾ ਹੈ ਕਿ ਅਬਰਾਮ ਪਰਮੇਸ਼ੁਰ ਦੀ ਯੋਜਨਾ ਨੂੰ ਤਬਾਹ ਕਰ ਰਿਹਾ ਸੀ, ਜਿਵੇਂ ਕਿ ਉਸ ਦੇ ਪਰਿਵਾਰ ਦੇ ਬਾਕੀ ਮੈਂਬਰ ਵੀ ਇਹੋ ਕਰ ਰਹੇ ਸਨ! ਉਨ੍ਹਾਂ ਦਾ ਪਰਿਵਾਰ ਇੱਕ ਨੁਕਸਦਾਰ ਪਰਿਵਾਰ ਦੀ ਉਦਾਹਰਣ ਸੀ।

---

[9] David and Diana Garland, *Flawed Families of the Bible*, Grand Rapids, MI: Brazos Press, 2007, 21-22

ਉਤਪਤ 49:33 ਤਕ, ਅਬਰਾਹਾਮ ਅਤੇ ਸਾਰਾਹ, ਇਸਹਾਕ ਅਤੇ ਰਿਬਕਾਹ, ਯਾਕੂਬ ਅਤੇ ਉਸ ਦੀਆ ਪਤਨੀਆਂ ਸਭ ਮਰ ਗਏ ਸਨ। ਯਾਕੂਬ ਦੇ ਬੱਚਿਆਂ ਨੂੰ ਮਿਲਾਕੇ, ਉਹ ਬਿਪਤਾਜਨਕ ਅਸਫਲਤਾਵਾਂ ਅਤੇ ਕਮੀਆਂ ਵਾਲਾ ਪਰਿਵਾਰ ਸਨ। ਲੜਨਾ, ਵਿਵਾਦ ਕਰਨਾ, ਪੱਖਪਾਤ, ਧੋਖਾ, ਤਿਆਗ ਦੇਣਾ, ਭੈਣ-ਭਰਾਵਾਂ ਵਿੱਚ ਸ਼ਰੀਕਾ, ਬਲਾਤਕਾਰ, ਅਤੇ ਕਰੀਬੀ ਰਿਸ਼ਤਿਆਂ ਵਿੱਚ ਲਿੰਗਕ ਸੰਬੰਧ, ਇਹ ਸਭ ਉਨ੍ਹਾਂ ਦੇ ਪਰਿਵਾਰ ਦੀ ਕਹਾਣੀ ਦਾ ਹਿੱਸਾ ਸਨ। ਇਨ੍ਹਾਂ ਵਿੱਚੋਂ ਕੋਈ ਵੀ ਸ਼ਬਦ ਇੱਕ ਸੰਪੰਨ, ਸ਼ਾਂਤਮਈ ਪਰਿਵਾਰ ਦਾ ਵਰਣਨ ਨਹੀਂ ਕਰਦਾ!

ਦੁੱਖ ਦੀ ਗੱਲ ਹੈ ਕਿ ਇਸ ਕਹਾਣੀ ਨੂੰ ਬਾਈਬਲ ਵਿੱਚ ਦੁਹਰਾਇਆ ਜਾ ਸਕਦਾ ਹੈ ਅਤੇ ਤਦ ਤੋਂ ਲੈ ਕੇ ਸਦੀਆਂ ਤਕ ਸੰਸਾਰ ਵਿੱਚ ਦੁਹਰਾਇਆ ਜਾ ਸਕਦਾ ਹੈ। ਬਿਨਾਂ ਸ਼ੱਕ, ਇਨ੍ਹਾਂ ਪਰਿਵਾਰਾਂ ਵਿੱਚ ਵੀ ਅਨੰਦ ਦੇ ਸਮੇਂ, ਪਿਆਰ ਦੀਆਂ ਸੁੰਦਰ ਕਹਾਣੀਆਂ, ਅਤੇ ਕੁਝ ਧਰਮੀ ਮਨੁੱਖ ਵੀ ਸਨ।

ਇਸ ਸਭ ਦੇ ਦੌਰਾਨ, ਪਰਮੇਸ਼ੁਰ ਨੇ ਮਨੁੱਖਜਾਤੀ ਨੂੰ ਛੁਟਕਾਰਾ ਦੇਣ ਦੀ ਆਪਣੀ ਯੋਜਨਾ ਨੂੰ ਕਦੇ ਵੀ ਛੱਡਿਆ ਨਹੀਂ। ਨਾ ਹੀ ਉਸ ਨੇ ਪਰਿਵਾਰ ਲਈ ਆਪਣੇ ਉਦੇਸ਼ ਨੂੰ ਬਦਲਿਆ। ਜੇ ਤੁਸੀਂ ਪੁਰਾਣੇ ਨੇਮ ਨੂੰ ਅੱਗੇ ਪੜ੍ਹਦੇ ਰਹਿੰਦੇ ਹੋ, ਤਾਂ ਤੁਸੀਂ ਵੇਖੋਗੇ ਕਿ ਛੁਟਕਾਰੇ ਦਾ ਇੱਕ ਸੁੰਦਰ ਵਿਸ਼ਾ ਇਬਰਾਨੀ ਪਰਿਵਾਰ ਦੇ ਵਿੱਚੋਂ ਦੀ ਚੱਲ ਰਿਹਾ ਹੈ। ਬਹੁਤ ਸਾਰੀਆਂ ਘਟਨਾਵਾਂ ਨੇ ਅੱਗੇ ਯਿਸੂ ਵੱਲ ਇਸ਼ਾਰਾ ਕੀਤਾ। ਅਬਰਾਹਾਮ ਦੁਆਰਾ ਇਸਹਾਕ ਦਾ ਬਲੀਦਾਨ; ਪਸਾਹ ਅਤੇ ਮਿਸਰ ਦੀ ਗੁਲਾਮੀ ਵਿੱਚੋਂ ਇਸਰਾਏਲੀਆਂ ਦਾ ਨਿੱਕਲਣਾ; ਰਾਹਾਬ ਦਾ ਸਜ਼ਾ ਤੋਂ ਛੁਟਕਾਰਾ ਅਤੇ ਉਸ ਨੂੰ ਪਰਮੇਸ਼ੁਰ ਦੇ ਲੋਕਾਂ ਵਿੱਚ ਸ਼ਾਮਲ ਕੀਤਾ ਜਾਣਾ; ਅਤੇ ਹੋਰ ਬਹੁਤ ਸਾਰੀਆਂ ਘਟਨਾਵਾਂ ਨੇ ਸੁੰਦਰਤਾ ਦੇ ਨਾਲ ਇਸ ਵਾਇਦੇ ਨੂੰ ਦਰਸਾਇਆ ਕਿ ਇੱਕ ਮੁਕਤੀਦਾਤਾ ਆਵੇਗਾ ਅਤੇ ਮਨੁੱਖਜਾਤੀ ਨੂੰ ਛੁਟਕਾਰਾ ਦੇਵੇਗਾ।

## ਪਰਿਵਾਰਾਂ ਵਿੱਚ ਪਰਮੇਸ਼ੁਰ ਦੀ ਚੰਗਾਈ ਅਤੇ ਕਿਰਪਾ

ਅਫ਼ਸੀਆਂ 5 ਅਧਿਆਏ ਸਾਨੂੰ ਦੱਸਦਾ ਹੈ ਕਿ ਪਰਮੇਸ਼ੁਰ ਨੇ ਵਿਆਹ ਨੂੰ ਮਸੀਹ ਅਤੇ ਉਸ ਦੀ ਦੁਲਹਨ, ਕਲੀਸਿਯਾ ਵਿਚਲੇ ਰਿਸ਼ਤੇ ਦੀ ਇੱਕ ਤਸਵੀਰ ਹੋਣ ਲਈ ਰਚਿਆ ਹੈ। ਜਿਵੇਂ ਮਸੀਹ ਸਿਰ ਹੋਣ ਦੇ ਨਾਤੇ ਆਪਣੇ ਆਪ ਨੂੰ ਕਲੀਸਿਯਾ ਦੇ ਲਈ ਦਿੰਦਾ ਹੈ, ਉਸੇ ਤਰ੍ਹਾਂ ਹੀ ਹਰੇਕ ਪਤੀ ਨੇ ਆਪਣੀ ਪਤਨੀ ਦਾ ਸਿਰ ਹੋਣ ਦੇ ਨਾਤੇ, ਆਪਣੇ ਆਪ ਨੂੰ ਉਸ ਲਈ ਦੇਣਾ ਹੈ। ਇਸੇ ਤਰ੍ਹਾਂ ਹੀ, ਹਰੇਕ ਔਰਤ ਨੇ ਕਲੀਸਿਯਾ ਦੀ ਉਦਾਹਰਣ ਦੀ ਪਾਲਣਾ ਕਰਨੀ ਹੈ। ਜਿਵੇਂ ਕਲੀਸਿਯਾ ਮਸੀਹ ਦੇ ਅਧੀਨ ਹੁੰਦੀ ਹੈ, ਹਰੇਕ ਪਤਨੀ ਨੂੰ ਆਪਣੇ ਪਤੀ ਦੇ ਅਧੀਨ ਹੋਣਾ ਚਾਹੀਦਾ ਹੈ।

ਮਨੁੱਖਜਾਤੀ ਦੇ ਪਤਨ ਨੇ ਮਨੁੱਖੀ ਪਰਿਵਾਰਾਂ ਲਈ ਪਰਮੇਸ਼ੁਰ ਦੀ ਮੂਲ ਬਣਤਰ ਨੂੰ ਨਸ਼ਟ ਕਰ ਦਿੱਤਾ ਅਤੇ ਵਿਆਹੁਤਾ ਰਿਸ਼ਤੇ ਲਈ ਵਿਨਾਸ਼ਕਾਰੀ ਨਤੀਜੇ ਲਿਆਂਦੇ। ਹਰੇਕ ਪਰਿਵਾਰ ਮਨੁੱਖਜਾਤੀ ਦੇ ਪਾਪ ਵਿੱਚ ਡਿੱਗ ਜਾਣ ਦੇ ਨਤੀਜਿਆਂ ਦਾ ਸਾਹਮਣਾ ਕਰਦਾ ਹੈ। ਪਰ,

ਯਿਸੂ ਸਭ ਚੀਜ਼ਾਂ ਨੂੰ ਛੁਟਕਾਰਾ ਦੇਣ ਲਈ ਆਇਆ ਹੈ, ਜਿਸ ਵਿੱਚ ਵਿਆਹੁਤਾ ਰਿਸ਼ਤਾ ਵੀ ਸ਼ਾਮਲ ਹੈ। ਉਹ ਉਸ ਸਭ ਨੂੰ ਛੁਟਕਾਰਾ ਦੇਣ ਅਤੇ ਮੁੜ ਬਹਾਲ ਕਰਨ ਲਈ ਆਇਆ ਹੈ ਜਿਸ ਨੂੰ ਪਾਪ ਨੇ ਨੁਕਸਾਨ ਪਹੁੰਚਾਇਆ ਸੀ ਅਤੇ ਨਸ਼ਟ ਕਰ ਦਿੱਤਾ ਸੀ। ਜਿੱਥੇ ਅਸੀਂ ਵਿਆਹੁਤਾ ਰਿਸ਼ਤੇ ਲਈ ਪਰਮੇਸ਼ੁਰ ਦੀ ਯੋਜਨਾ ਅਨੁਸਾਰ ਨਹੀਂ ਚੱਲ ਸਕਦੇ ਸੀ, ਯਿਸੂ ਨੇ ਸੰਪੂਰਣਤਾ ਦੇ ਨਾਲ ਪਰਮੇਸ਼ੁਰ ਦੇ ਮਿਆਰਾਂ ਨੂੰ ਪੂਰਾ ਕੀਤਾ। ਯਿਸੂ ਨੇ ਕਲੀਸਿਯਾ ਨੂੰ ਐਨਾ ਪਿਆਰ ਕੀਤਾ ਕਿ ਉਹ ਉਸ ਲਈ ਮਰ ਗਿਆ। ਉਸ ਨੇ ਸੰਪੂਰਣਤਾ ਦੇ ਨਾਲ ਆਪਣੇ ਆਪ ਨੂੰ ਪਰਮੇਸ਼ੁਰ ਪਿਤਾ ਦੀ ਯੋਜਨਾ ਦੇ ਅਧੀਨ ਕੀਤਾ। ਯਿਸੂ ਪਰਮੇਸ਼ੁਰ ਦੀ ਬਣਤਰ ਦੀ ਅਤੇ ਜੋ ਕਰਨ ਵਿੱਚ ਸਾਡੇ ਵਿਆਹੁਤਾ ਰਿਸ਼ਤੇ ਅਸਫ਼ਲ ਹੁੰਦੇ ਹਨ ਉਸ ਦੀ ਇੱਕ ਪੂਰਣ ਅਤੇ ਸਿੱਧ ਸੰਪੰਨਤਾ ਹੈ: ਪਿਆਰ ਕਰਨਾ ਅਤੇ ਅਧੀਨ ਹੋਣਾ।[10]

► ਯਿਸੂ ਕਿਵੇਂ ਉਸ ਰਵੱਈਏ ਦੀ ਇੱਕ ਉਦਾਹਰਣ ਹੈ ਜੋ ਰਵੱਈਆ ਇੱਕ ਵਿਆਹੇ ਹੋਏ ਵਿਅਕਤੀ ਦਾ ਹੋਣਾ ਚਾਹੀਦਾ ਹੈ।

ਯਿਸੂ ਆਪਣੇ ਖੁਦ ਦੀ ਅਧੀਨਗੀ ਅਤੇ ਖੁਦ ਦੇ ਸੰਪੂਰਣ ਪਿਆਰ ਵਿੱਚ ਕੇਵਲ ਪਰਮੇਸ਼ੁਰ ਦੀ ਇੱਛਾ ਨੂੰ ਹੀ ਨਹੀਂ ਪੂਰਾ ਕਰਦਾ, ਪਰ ਉਹ ਪਤੀਆਂ ਅਤੇ ਪਤਨੀਆਂ ਨੂੰ ਇਸ ਯੋਗ ਬਣਾਉਂਦਾ ਹੈ ਕਿ ਉਹ ਤਬਾਹ ਕਰਨ ਵਾਲੇ ਰੁਝਾਨਾਂ ਉੱਤੇ ਜਿੱਤ ਪਾ ਸਕਣ ਜੋ ਪਤਿਤ ਮਨੁੱਖਤਾ ਦੇ ਲਈ ਸੁਭਾਵਿਕ ਹਨ। ਉਸ ਦੀ ਕਿਰਪਾ ਦੇ ਦੁਆਰਾ, ਪਤੀ ਅਤੇ ਪਤਨੀਆਂ ਵਿਆਹ ਲਈ ਪਰਮੇਸ਼ੁਰ ਦੇ ਨਮੂਨੇ ਨੂੰ ਪੂਰਾ ਕਰ ਸਕਦੇ ਹਨ, ਜਦੋਂ ਉਹ ਪਵਿੱਤਰ ਆਤਮਾ ਦੀ ਸਮਰੱਥਾ ਵਿੱਚ ਜੀਉਂਦੇ ਹਨ (ਅਫ਼ਸੀਆਂ 5:18)।

ਕੋਈ ਵੀ ਪਰਿਵਾਰ ਸਿੱਧ ਨਹੀਂ ਹੈ, ਪਰ ਪਰਮੇਸ਼ੁਰ ਹਰੇਕ ਪਰਿਵਾਰ ਨੂੰ ਛੁਟਕਾਰਾ ਦੇਣ ਦੀ ਇੱਛਾ ਰੱਖਦਾ ਹੈ। ਪਰਮੇਸ਼ੁਰ ਦੀ ਕਿਰਪਾ ਪਰਿਵਾਰਾਂ ਦੇ ਵਿੱਚ ਕੰਮ ਕਰ ਸਕਦੀ ਹੈ, ਹਰੇਕ ਵਿਅਕਤੀ ਨੂੰ ਉਹ ਬਣਨ ਦੇ ਯੋਗ ਬਣਾਉਂਦੇ ਹੋਏ ਜੋ ਉਨ੍ਹਾਂ ਲਈ ਪਰਮੇਸ਼ੁਰ ਦਾ ਮੂਲ ਇਰਾਦਾ ਸੀ ਕਿ ਉਹ ਬਣਨ। ਜਦੋਂ ਪਰਿਵਾਰਾਂ ਦੇ ਵਿੱਚ ਵਿਅਕਤੀ ਪਰਮੇਸ਼ੁਰ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਦਾ ਫੈਸਲਾ ਲੈਂਦੇ ਹਨ, ਉਨ੍ਹਾਂ ਦੀ ਆਗਿਆਕਾਰੀ ਕੁਝ ਖਰਾਬੀਆਂ ਅਤੇ ਕਮੀਆਂ ਉੱਤੇ ਜਿੱਤ ਪਾਉਣ ਵਿੱਚ ਮਦਦ ਕਰਦੀ ਹੈ ਜੋ ਹਰੇਕ ਪਰਿਵਾਰ ਦੇ ਲਈ ਸੁਭਾਵਿਕ ਹਨ। ਮਨੁੱਖੀ ਰਿਸ਼ਤਿਆਂ ਨੂੰ ਪ੍ਰਭਾਵਿਤ ਕਰਨ ਵਾਲੇ ਪਤਨ ਦੇ ਨਤੀਜੇ ਘੱਟ ਹੋ ਜਾਂਦੇ ਹਨ, ਜਦੋਂ ਅਸੀਂ ਪਰਮੇਸ਼ੁਰ ਦੀ ਇੱਛਾ ਦੇ ਅਧੀਨ ਹੋ ਜਾਂਦੇ ਹਾਂ।

ਉਦਾਹਰਣ ਦੇ ਲਈ, ਜਦੋਂ ਇੱਕ ਧਰਮੀ ਪਤੀ ਅਫ਼ਸੀਆਂ 5 ਵਿੱਚ ਉਸ ਨੂੰ ਦਿੱਤੇ ਪਰਮੇਸ਼ੁਰ ਦੇ ਨਿਰਦੇਸ਼ਾਂ ਦਾ ਪਾਲਣ ਕਰਦਾ ਹੈ, ਤਾਂ ਉਹ ਆਪਣੀ ਪਤਨੀ ਉੱਤੇ ਸਵਾਰਥ ਨਾਲ ਆਪਣੇ ਅਧਿਕਾਰ ਦੀ ਦੁਰਵਰਤੋਂ ਕਰਨ ਦੇ ਸੁਭਾਵਿਕ ਰੁਝਾਨ ਉੱਤੇ ਜਿੱਤ ਪਾਉਂਦਾ ਹੈ। ਪਰਮੇਸ਼ੁਰ ਪ੍ਰਤੀ ਉਸ ਦੀ ਆਗਿਆਕਾਰੀ ਚੰਗਾਈ ਨੂੰ ਲੈ ਕੇ ਆਉਂਦੀ ਹੈ ਕਿਉਂਕਿ ਇਹ ਪਤਨ ਦੇ ਨੁਕਸਾਨਦਾਇਕ ਪ੍ਰਭਾਵਾਂ ਨੂੰ ਘੱਟ

[10] Christina Fox, "Redeeming Marriage." Retrieved from https://cbmw.org/2013/08/29/redeeming-marriage/ on November 29, 2022.

ਕਰਦੀ ਹੈ। ਸੰਭਵ ਤੌਰ ’ਤੇ ਇਹ ਆਗਿਆਕਾਰੀ ਉਸ ਦੀ ਪਤਨੀ ਨੂੰ ਪ੍ਰੇਰਿਤ ਕਰ ਸਕਦੀ ਹੈ ਕਿ ਉਹ ਆਪਣੇ ਆਪ ਨੂੰ ਉਸ ਦੇ ਅਧੀਨ ਕਰੇ।

ਜਦੋਂ ਇੱਕ ਪਤਨੀ ਪਰਮੇਸ਼ੁਰ ਦੇ ਨਿਰਦੇਸ਼ਾਂ (ਅਫ਼ਸੀਆਂ ਨੂੰ 5:24) ਦੀ ਪਾਲਣਾ ਕਰਦੇ ਹੋਏ ਆਪਣੇ ਆਪ ਨੂੰ ਆਪਣੇ ਪਤੀ ਦੇ ਅਧੀਨ ਕਰਦੀ ਹੈ, ਤਦ ਉਹ ਆਪਣੇ ਪਤੀ ਦੇ ਅਧਿਕਾਰ ਦਾ ਵਿਰੋਧ ਕਰਨ ਦੇ ਆਪਣੇ ਸੁਭਾਵਿਕ ਪਾਪਮਈ ਰੁਝਾਨ ਉੱਤੇ ਜਿੱਤ ਪਾ ਰਹੀ ਹੈ। ਪਰਮੇਸ਼ੁਰ ਪ੍ਰਤੀ ਉਸ ਦੀ ਆਗਿਆਕਾਰੀ ਮੁੜ ਬਹਾਲ ਕਰਨ ਵਾਲੀ ਹੈ, ਜੋ ਉਨ੍ਹਾਂ ਦੇ ਰਿਸ਼ਤੇ ਨੂੰ ਹੋਰ ਉਸ ਤਰ੍ਹਾਂ ਦਾ ਬਣਾਉਣ ਵਿੱਚ ਮਦਦ ਕਰਦੀ ਹੈ ਜਿਸ ਤਰ੍ਹਾਂ ਦਾ ਵਿਆਹੁਤਾ ਰਿਸ਼ਤਾ ਪਰਮੇਸ਼ੁਰ ਚਾਹੁੰਦਾ ਹੈ ਕਿ ਹੋਵੇ (1 ਕੁਰਿੰਥੀਆਂ 11:3, 1 ਪਤਰਸ 3:1-7))।

ਪਰਿਵਾਰਕ ਰਿਸ਼ਤੇ ਪਰਮੇਸ਼ੁਰ ਲਈ ਬਹੁਤ ਮਹੱਤਵਪੂਰਣ ਹਨ। ਇਸੇ ਲਈ ਪਰਮੇਸ਼ੁਰ ਨੇ ਪਰਿਵਾਰਾਂ ਨੂੰ ਉਹ ਨਿਰਦੇਸ਼ ਦਿੱਤੇ ਹਨ ਜੋ ਚੰਗਾਈ ਅਤੇ ਬਹਾਲੀ ਨੂੰ ਲੈ ਕੇ ਆਉਂਦੇ ਹਨ।

## ਪਰਿਵਾਰ ਦੀ ਬਾਈਬਲ ਅਧਾਰਤ ਜ਼ਿੰਮੇਵਾਰੀ

### ਮਾਤਾ-ਪਿਤਾ ਅਤੇ ਦਾਦਾ-ਦਾਦੀ ਦੀਆਂ ਜ਼ਿੰਮੇਵਾਰੀਆਂ

ਵਚਨ ਦੇ ਵਿੱਚ ਬਹੁਤ ਸਾਰੇ ਭਾਗ ਹਨ ਜੋ ਬੱਚਿਆਂ ਨੂੰ ਪਰਮੇਸ਼ੁਰ ਦੇ ਰਾਹ ਸਿਖਾਉਣ ਲਈ ਮਾਪਿਆਂ ਅਤੇ ਦਾਦਾ-ਦਾਦੀ ਦੀ ਲੋੜ ਬਾਰੇ ਗੱਲ ਕਰਦੇ ਹਨ। ਅਸੀਂ ਇੱਥੇ ਸੰਖੇਪ ਰੂਪ ਵਿੱਚ ਤਿਨ ਭਾਗਾਂ ਉੱਤੇ ਧਿਆਨ ਦੇਵਾਂਗੇ।

► ਇੱਕ ਵਿਦਿਆਰਥੀ ਨੂੰ ਸਮੂਹ ਲਈ ਅਫ਼ਸੀਆਂ 6:4 ਨੂੰ ਪੜ੍ਹਨਾ ਚਾਹੀਦਾ ਹੈ। ਇਸ ਆਇਤ ਦਾ ਕੀ ਅਰਥ ਹੈ?

ਮਾਪਿਆਂ ਲਈ ਪਰਮੇਸ਼ੁਰ ਦੀ ਯੋਜਨਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਪਰਮੇਸ਼ੁਰ ਦੇ ਰਾਹਾਂ ਨੂੰ ਜਾਣਨਾ ਅਤੇ ਉਨ੍ਹਾਂ ਦੀ ਪਾਲਣਾ ਕਰਨਾ ਸਿਖਾਉਣ। ਜਿਸ ਤਰ੍ਹਾਂ ਮਾਪੇ ਆਪਣੇ ਬੱਚਿਆਂ ਦੀ ਅਗਵਾਈ ਕਰਦੇ ਹਨ, ਉਨ੍ਹਾਂ ਨੂੰ ਨਿਰਦੇਸ਼ ਦਿੰਦੇ ਹਨ, ਸੁਧਾਰਦੇ ਹਨ, ਅਤੇ ਸਿਖਲਾਈ ਦਿੰਦੇ ਹਨ, ਇਹ ਉਸ ਢੰਗ ਨੂੰ ਦਰਸਾਉਣਾ ਚਾਹੀਦਾ ਹੈ ਜਿਵੇਂ ਪਰਮੇਸ਼ੁਰ ਆਪਣੇ ਬੱਚਿਆਂ ਲਈ ਇਹ ਸਭ ਕਰਦਾ ਹੈ।

► ਇੱਕ ਵਿਦਿਆਰਥੀ ਨੂੰ ਸਮੂਹ ਲਈ ਜ਼ਬੂਰ 78:1-8 ਨੂੰ ਪੜ੍ਹਨਾ ਚਾਹੀਦਾ ਹੈ। ਹੇਠ ਦਿੱਤੇ ਸਵਾਲਾਂ ਦੇ ਜਵਾਬ ਦਿਓ:

- ਇਸ ਭਾਗ ਵਿੱਚ ਪਰਿਵਾਰ ਦੀਆਂ ਕਿੰਨੀਆਂ ਪੀੜ੍ਹੀਆਂ ਦਾ ਜ਼ਿਕਰ ਕੀਤਾ ਗਿਆ ਹੈ?
- ਹਰੇਕ ਪੀੜ੍ਹੀ ਦੀ ਕੀ ਜ਼ਿੰਮੇਵਾਰੀ ਹੈ?
- ਬਜ਼ੁਰਗ ਪੀੜ੍ਹੀਆਂ ਨੇ ਜਵਾਨ ਪੀੜ੍ਹੀਆਂ ਨੂੰ ਕੀ ਸਿਖਾਉਣਾ ਹੈ?

ਜ਼ਬੂਰ 78 ਪਰਮੇਸ਼ੁਰ ਦੀ ਬੇਮਿਸਾਲ ਕਿਰਪਾ ਅਤੇ ਦਯਾ ਦੇ ਨਾਲ ਉਮੜਦਾ ਹੈ। ਇਹ ਇਸਰਾਏਲ ਦੇ ਮਿਸਰ ਵਿੱਚੋਂ ਨਿੱਕਲਣ ਤੋਂ ਲੈ ਕੇ ਰਾਜਾ ਦਾਊਦ ਦੇ ਰਾਜ ਦੇ ਸਮੇਂ ਤਕ, ਇਸਰਾਏਲ ਦੇ ਪਰਿਵਾਰ ਵਿੱਚ ਉਸ ਦੇ ਕੰਮ ਬਾਰੇ ਦੱਸਦਾ ਹੈ। ਇਹ ਜ਼ਬੂਰ ਪਾਠਕਾਂ ਨੂੰ ਉਨ੍ਹਾਂ ਦੇ ਪਰਿਵਾਰਕ ਹਾਲਾਤਾਂ ਲਈ ਉਮੀਦ ਦੇਵੇ।

► ਇੱਕ ਵਿਦਿਆਰਥੀ ਨੂੰ ਸਮੂਹ ਲਈ ਬਿਵਸਥਾ ਸਾਰ 6:1-9 ਨੂੰ ਪੜ੍ਹਨਾ ਚਾਹੀਦਾ ਹੈ। ਵਚਨ ਦੇ ਇਸ ਭਾਗ ਨੂੰ ਵੇਖਦੇ ਹੋਏ, ਪਰਮੇਸ਼ੁਰ ਦੇ ਲੋਕ ਹੋਣ ਦੇ ਨਾਤੇ ਸਾਨੂੰ ਕਿਹੜੇ ਕੁਝ ਕੰਮ ਕਰਨ ਦੀ ਲੋੜ ਹੈ?

ਵਚਨ ਦਾ ਇਹ ਭਾਗ ਮੂਸਾ ਦੇ ਇਸਰਾਏਲੀਆਂ ਨੂੰ ਦਿੱਤੇ ਭਾਸ਼ਣ ਦਾ ਹਿੱਸਾ ਹੈ, ਇਹ ਭਾਸ਼ਣ ਉਨ੍ਹਾਂ ਦੇ ਉਸ ਵਾਇਦੇ ਦੇ ਦੇਸ ਵਿੱਚ ਪ੍ਰਵੇਸ਼ ਕਰਨ ਤੋਂ ਬਿਲਕੁਲ ਪਹਿਲਾਂ ਦਿੱਤਾ ਗਿਆ ਸੀ ਜੋ ਦੇਸ ਪਰਮੇਸ਼ੁਰ ਉਨ੍ਹਾਂ ਨੂੰ ਦੇ ਰਿਹਾ ਸੀ। ਉਹ ਸਿੱਖ ਰਹੇ ਸਨ ਕਿ ਪਰਮੇਸ਼ੁਰ ਦੇ ਲੋਕ ਕਿਵੇਂ ਬਣਨਾ ਹੈ ਅਤੇ ਪਰਮੇਸ਼ੁਰ ਨਾਲ ਸੰਬੰਧਤ ਹੋਣ ਦਾ ਅਰਥ ਕੀ ਹੈ। ਇਨ੍ਹਾਂ ਆਇਤਾਂ ਵਿਚਲੀਆਂ ਸੱਚਾਈਆਂ ਪਰਮੇਸ਼ੁਰ ਦੇ ਲੋਕਾਂ ਵਜੋਂ ਜੀਉਣ ਲਈ ਅੱਜ ਵੀ ਬੁਨਿਆਦੀ ਹਨ।

ਪਰਮੇਸ਼ੁਰ ਸਾਨੂੰ ਹੁਕਮ ਦਿੰਦਾ ਹੈ ਕਿ ਅਸੀਂ ਆਗਿਆਕਾਰੀ ਨਾਲ ਉਸ ਦੇ ਵਚਨ ਨੂੰ ਸੁਣੀਏ – ਉਹ ਕਰੀਏ ਜੋ ਉਹ ਚਾਹੁੰਦਾ ਹੈ ਕਿ ਅਸੀਂ ਕਰੀਏ! (ਆਇਤਾਂ 3-4)।

ਸਾਨੂੰ ਇਹ ਕਰਨ ਦੀ ਲੋੜ ਹੈ:

1. ਆਪਣੇ ਪੂਰੇ ਦਿਲ, ਜਾਨ, ਅਤੇ ਸ਼ਕਤੀ ਨਾਲ ਪਰਮੇਸ਼ੁਰ ਨੂੰ ਪਿਆਰ ਕਰੋ (ਆਇਤ 5)।
2. ਪਰਮੇਸ਼ੁਰ ਦੇ ਵਚਨ ਨੂੰ ਆਪਣੇ ਦਿਲਾਂ ਵਿੱਚ ਰੱਖੋ (ਆਇਤ 6)।
3. ਲਗਨ ਨਾਲ ਆਪਣੇ ਬੱਚਿਆਂ ਨੂੰ ਪਰਮੇਸ਼ੁਰ ਦੇ ਵਚਨ ਦੀ ਪਾਲਣਾ ਕਰਨਾ ਸਿਖਾਓ (ਆਇਤ 7)।
4. ਪਰਮੇਸ਼ੁਰ ਦੇ ਵਚਨ ਨੂੰ ਆਪਣੇ ਮਨਾਂ ਵਿੱਚ ਅਤੇ ਲਗਾਤਾਰ ਆਪਣੇ ਸਾਹਮਣੇ ਰੱਖੋ (ਆਇਤਾਂ 8-9)।

ਧਿਆਨ ਦੇਵੋ ਕਿ ਇਹ ਆਇਤਾਂ ਹਰੇਕ ਪੀੜ੍ਹੀ ਦੇ ਲਈ ਹਨ (ਆਇਤ 2)। ਪਰਮੇਸ਼ੁਰ ਮਾਪਿਆਂ ਅਤੇ ਦਾਦਾ-ਦਾਦੀ ਨੂੰ ਆਪਣੇ ਬੱਚਿਆਂ ਅਤੇ ਪੋਤੇ-ਪੋਤੀਆਂ ਨੂੰ ਪਰਮੇਸ਼ੁਰ ਲਈ ਜੀਣਾ ਸਿਖਾਉਣ ਲਈ ਜ਼ਿੰਮੇਵਾਰ ਠਹਿਰਾਉਂਦਾ ਹੈ। ਕਦੋਂ ਤਕ? ਉਨ੍ਹਾਂ ਦੇ ਜੀਵਨਾਂ ਦੇ ਸਾਰੇ ਦਿਨ (ਆਇਤ 2)। ਪਰਮੇਸ਼ੁਰ ਸਾਨੂੰ ਦੱਸਦਾ ਹੈ ਕਿ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਪੂਰਾ ਦਿਨ, ਹਰ ਦਿਨ, ਜਿੱਥੇ ਵੀ ਉਹ ਜਾਂਦੇ ਹਨ ਉੱਥੇ, ਅਤੇ ਜੋ ਵੀ ਉਹ ਕਰਦੇ ਹਨ ਉਸ ਵਿੱਚ ਬੱਚਿਆਂ ਨੂੰ ਉਸ ਦੇ ਰਾਹ ਸਿਖਾਉਣ (ਆਇਤਾਂ 7-9)।

> ਬੱਚਿਆਂ ਦੀ ਆਤਮਿਕ ਪੜ੍ਹਾਈ ਦੀ ਜ਼ਿੰਮੇਵਾਰੀ ਮਾਪਿਆਂ ਦੀ ਸੀ। ਸਿੱਖਿਆ ਹਰ ਰੋਜ਼ ਦਿੱਤੀ ਜਾਣੀ ਸੀ, ਮਾਪਿਆਂ ਦੀ ਮਿਸਾਲ ਦੇ ਦੁਆਰਾ ਅਤੇ ਉਸ ਦੇ ਨਾਲ ਹੀ ਸ਼ਰਾ ਨੂੰ ਦੁਹਰਾਉਣ ਦੇ ਦੁਆਰਾ। ਇਸ ਹੁਕਮ ਦੇ ਮਹੱਤਵ ਨੂੰ ਇਸ ਤੋਂ ਵੇਖਿਆ ਜਾ ਸਕਦਾ ਹੈ ਕਿ ਮਾਪਿਆਂ ਨੇ ਆਪਣੇ ਬੱਚਿਆਂ ਨੂੰ ਸਿਖਾਉਣ ਲਈ ਕਿਸ ਹੱਦ ਤਕ ਜਾਣਾ ਸੀ। ਇਹ ਸ਼ਰਾ ਦੇ ਤੱਥਾਂ ਬਾਰੇ ਸਿਖਾਉਣ ਤੋਂ ਵਧਕੇ ਸੀ; ਇਹ ਹਰ ਦਿਨ ਦੇ ਜੀਵਨ ਦੀ ਕੱਢਾਈ ਵਿੱਚ ਬੁਣੀ ਗਈ ਜੀਵਨ ਸ਼ੈਲੀ ਨੂੰ ਵਿਖਾਉਣਾ ਸੀ। ਘਰ ਦੇ ਦੁਨਿਆਵੀ ਕੰਮਾਂ ਨੂੰ ਕਰਦੇ ਹੋਏ ਪਰਮੇਸ਼ੁਰ ਬਾਰੇ ਸਿਖਾਉਣ ਲਈ ਰਚਨਾਤਮਕਤਾ ਦੀ ਲੋੜ ਸੀ।[11]

---

[11] *The Woman's Study Bible*, Thomas Nelson, Inc. 1995, 292

ਮਾਪਿਆਂ ਨੂੰ ਕੇਵਲ ਆਪਣੇ ਬੱਚਿਆਂ ਦੇ ਦਿਮਾਗਾਂ ਨੂੰ ਹੀ ਨਹੀਂ ਸਿਖਲਾਈ ਦੇਣੀ ਚਾਹੀਦੀ, ਉਨ੍ਹਾਂ ਨੂੰ ਉਨ੍ਹਾਂ ਦੇ ਦਿਲਾਂ ਨੂੰ ਵੀ ਸਿਖਾਉਣਾ ਚਾਹੀਦਾ ਹੈ। ਉਹ ਆਪਣੇ ਬੱਚਿਆਂ ਨੂੰ ਕੇਵਲ ਪਰਮੇਸ਼ੁਰ ਦੇ ਬਾਰੇ ਸੱਚਾਈਆਂ ਹੀ ਨਾ ਸਿਖਾਉਣ, ਸਗੋਂ ਇਸ ਦਾ ਵਿਹਾਰਕ ਉਪਯੋਗ ਵੀ ਸਿਖਾਉਣ ਕਿ ਪਰਮੇਸ਼ੁਰ ਦੇ ਨਾਲ ਰਿਸ਼ਤੇ ਵਿੱਚ ਅਤੇ ਉਸ ਪ੍ਰਤੀ ਆਗਿਆਕਾਰੀ ਵਿੱਚ ਕਿਵੇਂ ਜੀਣਾ ਹੈ। ਮਾਪੇ ਆਪਣੇ ਬੱਚਿਆਂ ਨੂੰ ਮੌਖਿਕ ਨਿਰਦੇਸ਼ਾਂ ਦੁਆਰਾ ਅਤੇ ਜੀਵਨ ਦੀਆਂ ਉਦਾਹਰਣਾਂ ਦੇ ਨਾਲ ਸਿਖਾਉਣਾ। ਇਹ ਦੋਵੇਂ ਜ਼ਰੂਰੀ ਹਨ।

ਇਹ ਭਾਗ ਬਹੁਤ ਹੀ ਸਰਲ ਜਾਪਦਾ ਹੋਵੇਗਾ, ਪਰ ਇਹ ਬਹੁਤ ਮਹੱਤਵਪੂਰਣ ਹੈ। ਇਹ ਸੱਚਾਈਆਂ ਅਤੇ ਇਹ ਹੁਕਮ ਵਿਅਕਤੀਆਂ ਅਤੇ ਪਰਿਵਾਰਾਂ ਦੇ ਲਈ ਉਦੇਸ਼ ਅਤੇ ਦਿਸ਼ਾ ਪ੍ਰਦਾਨ ਕਰਦੇ ਹਨ। ਜਦੋਂ ਮਾਪੇ ਲਗਾਤਾਰ ਪਰਮੇਸ਼ੁਰ ਨੂੰ ਹੋਰ ਬਿਹਤਰ ਢੰਗ ਨਾਲ ਜਾਣਨਾ ਚਾਹੁੰਦੇ ਹਨ ਅਤੇ ਸਾਰੀਆਂ ਗੱਲਾਂ ਵਿੱਚ ਪੂਰੀ ਤਰ੍ਹਾਂ ਉਸ ਦੀ ਆਗਿਆ ਮੰਨਣਾ ਚਾਹੁੰਦੇ ਹਨ, ਤਦ ਉਹ ਆਪਣੇ ਬੱਚਿਆਂ ਨੂੰ ਵੀ ਇਹੋ ਕਰਨਾ ਸਿਖਾਉਂਦੇ ਹਨ। ਮਾਪਿਆਂ ਨੂੰ ਜੀਵਨ ਭਰ ਸਿੱਖਣ ਅਤੇ ਆਗਿਆਕਾਰੀ ਦਾ ਰਵੱਈਆ ਰੱਖਣਾ ਚਾਹੀਦਾ ਹੈ। ਇਹ ਉਨ੍ਹਾਂ ਦੇ ਬੱਚਿਆਂ ਲਈ ਇੱਕ ਉਦਾਹਰਣ ਹੈ, ਅਤੇ ਇਹ ਉਨ੍ਹਾਂ ਦੇ ਬੱਚਿਆਂ ਨੂੰ ਪਰਮੇਸ਼ੁਰ ਲਈ ਇੱਕ ਭੁੱਖ ਦਿੰਦਾ ਹੈ।

► ਕੁਝ ਵਿਹਾਰਕ ਢੰਗ ਕਿਹੜੇ ਹਨ ਜਿਨ੍ਹਾਂ ਦੁਆਰਾ ਮਾਪੇ ਆਪਣੇ ਬੱਚਿਆਂ ਨੂੰ ਹਰ ਦਿਨ ਸਿਖਾ ਸਕਦੇ ਹਨ?

### ਪਰਿਵਾਰ – ਦੂਸਰਿਆਂ ਨੂੰ ਪਿਆਰ ਕਰਨ ਲਈ ਸਿਖਲਾਈ ਦਾ ਸਥਾਨ

► ਇੱਕ ਵਿਦਿਆਰਥੀ ਨੂੰ ਸਮੂਹ ਲਈ 1 ਯੂਹੰਨਾ 4:7-13, 19 ਨੂੰ ਪੜ੍ਹਨਾ ਚਾਹੀਦਾ ਹੈ।

ਵਚਨ ਦੇ ਇਸ ਭਾਗ ਦਾ ਮੁੱਖ ਵਿਸ਼ਾ ਪਿਆਰ ਹੈ। ਪਰਮੇਸ਼ੁਰ ਨੂੰ ਉਸ ਦੀ ਭਰਪੂਰੀ ਵਿੱਚ ਜਾਣਨ ਲਈ, ਸਾਨੂੰ ਇੱਕ ਦੂਸਰੇ ਨੂੰ ਪਿਆਰ ਕਰਨਾ ਚਾਹੀਦਾ ਹੈ। *ਇੱਕ ਦੂਏ* ਵਿੱਚ ਸਾਡਾ ਪਰਿਵਾਰ ਵੀ ਸ਼ਾਮਲ ਹੈ। ਪਰਮੇਸ਼ੁਰ ਵੱਲੋਂ ਸਾਨੂੰ ਪਰਿਵਾਰ ਦਿੱਤੇ ਜਾਣ ਦਾ ਇੱਕ ਕਾਰਨ ਇਹ ਹੈ ਕਿ ਅਸੀਂ ਦੂਸਰਿਆਂ ਨੂੰ ਪਿਆਰ ਕਰਨਾ ਸਿੱਖੀਏ। ਜਦੋਂ ਅਸੀਂ ਆਪਣੇ ਪਰਿਵਾਰ ਦੇ ਮੈਂਬਰਾਂ ਲਈ ਪਿਆਰ ਵਿਖਾਉਣਾ ਸਿੱਖਦੇ ਹਾਂ (ਭਾਵੇਂ ਇਹ ਮੁਸ਼ਕਲ ਹੋਵੇ ਤਦ ਵੀ), ਤਾਂ ਅਸੀਂ ਹੋਰ ਪਰਮੇਸ਼ੁਰ ਵਰਗੇ ਬਣਦੇ ਹਾਂ – ਕਿਉਂਕਿ ਪਰਮੇਸ਼ੁਰ ਪਿਆਰ ਹੈ! (ਆਇਤ 8)।

ਜਦੋਂ ਪਰਿਵਾਰਕ ਮੈਂਬਰ – ਭਾਵੇਂ ਉਹ ਆਤਮਕ ਹੋਣ ਜਾਂ ਸਰੀਰਕ – ਇੱਕ ਦੂਸਰੇ ਨੂੰ ਪਿਆਰ ਕਰਦੇ ਹਨ, ਤਾਂ ਉਹ ਸਾਬਤ ਕਰਦੇ ਹਨ ਕਿ ਉਹ ਪਰਮੇਸ਼ੁਰ ਤੋਂ ਜੰਮੇ ਹਨ (ਆਇਤ 7)। ਜਦੋਂ ਉਹ ਇੱਕ ਦੂਸਰੇ ਨੂੰ ਪਿਆਰ ਕਰਦੇ ਹਨ, ਪਰਮੇਸ਼ੁਰ ਦਾ ਪਿਆਰ ਉਨ੍ਹਾਂ ਦੇ ਵਿੱਚ ਸੰਪੂਰਣ ਹੁੰਦਾ ਹੈ (ਆਇਤ 12)।

ਪਰਮੇਸ਼ੁਰ ਕੇਵਲ ਸਾਡੇ ਤੋਂ ਹੀ ਇਹ ਮੰਗ ਨਹੀਂ ਕਰਦਾ ਕਿ ਅਸੀਂ ਦੂਸਰਿਆਂ ਨੂੰ ਪਿਆਰ ਕਰੀਏ, ਉਸ ਨੇ ਪਹਿਲਾਂ ਸਾਨੂੰ ਪਿਆਰ ਕੀਤਾ ਹੈ (ਆਇਤਾਂ 9-11, 19)। ਉਸ ਨੇ ਯਿਸੂ ਨੂੰ ਸਾਡੇ ਪਾਪਾਂ ਦੇ ਲਈ ਭੁਗਤਾਨ ਕਰਨ ਵਾਸਤੇ ਭੇਜਣ ਦੁਆਰਾ ਸਾਨੂੰ ਪਿਆਰ ਕੀਤਾ ਹੈ (ਆਇਤ 10)। ਸਾਡੇ ਲਈ ਪਰਮੇਸ਼ੁਰ ਦਾ ਪਿਆਰ, ਦੂਸਰਿਆਂ ਲਈ ਸਾਡੇ ਪਿਆਰ ਲਈ ਪ੍ਰੇਰਣਾ ਹੈ (ਆਇਤ 11)।

ਕਈਆਂ ਲਈ ਆਪਣੇ ਪਰਿਵਾਰ ਨੂੰ ਪਿਆਰ ਕਰਨਾ ਬਹੁਤ ਸੌਖਾ ਹੋਵੇਗਾ ਅਤੇ ਕਈਆਂ ਲਈ ਇਹ ਬਹੁਤ ਜ਼ਿਆਦਾ ਮੁਸ਼ਕਲ ਹੋਵੇਗਾ, ਪਰ ਅਸੀਂ ਸਾਰੇ ਉਹ ਪ੍ਰਾਪਤ ਕਰ ਸਕਦੇ ਹਾਂ ਜਿਸ ਦੀ ਸਾਨੂੰ ਪਰਮੇਸ਼ੁਰ ਦੇ ਹੁਕਮ ਦੀ ਪਾਲਣਾ ਕਰਨ ਲਈ ਲੋੜ ਹੈ – ਪਵਿੱਤਰ ਆਤਮਾ ਦੇ ਰਾਹੀਂ ਪਰਮੇਸ਼ੁਰ ਦਾ ਸਾਡੇ ਵਿੱਚ ਵਾਸ (ਆਇਤਾਂ 12-13)।

ਪਰਮੇਸ਼ੁਰ ਸਾਨੂੰ ਇੱਕ ਦੂਸਰੇ ਨਾਲ ਪਿਆਰ ਕਰਨ ਲਈ ਬੁਲਾਉਂਦਾ ਹੈ, ਇਸ ਵਿੱਚ ਸਾਡੇ ਮਾਪੇ, ਸਾਡੇ ਜੀਵਨ ਸਾਥੀ, ਅਤੇ ਬੱਚੇ ਵੀ ਸ਼ਾਮਲ ਹਨ। ਆਪਣੇ ਪਰਿਵਾਰ ਨੂੰ ਪਿਆਰ ਕਰਨ ਦਾ ਅਰਥ ਗਲਤ ਜਾਂ ਬੁਰਾਈ ਨੂੰ ਪਰਵਾਨਗੀ ਦੇਣਾ ਨਹੀਂ ਹੈ। ਇਸ ਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਜਵਾਬਦੇਹੀ ਦੀ ਮੰਗ ਨਹੀਂ ਰੱਖਦੇ। ਇਸ ਦਾ ਮਤਲਬ ਹੈ ਕਿ ਅਸੀਂ ਉਹ ਚਾਹੁੰਦੇ ਹਾਂ ਜੋ ਸਾਡੇ ਪਰਿਵਾਰ ਦੇ ਮੈਂਬਰਾਂ ਲਈ ਉੱਤਮ ਹੈ ਅਤੇ ਉਨ੍ਹਾਂ ਦੇ ਭਲੇ ਲਈ ਅਸੀਂ ਆਪਣਾ ਖੁਦ ਦਾ ਤਿਆਗ ਕਰਨ ਲਈ ਤਿਆਰ ਹਾਂ।

### ਸਮੂਹ ਵਿੱਚ ਚਰਚਾ ਲਈ

► ਆਪਣੇ ਸ਼ਬਦਾਂ ਵਿੱਚ ਉਨ੍ਹਾਂ ਕੁਝ ਤਰੀਕਿਆਂ ਦੀ ਵਿਆਖਿਆ ਕਰੋ ਜਿਨ੍ਹਾਂ ਦੁਆਰਾ ਵਿਆਹੁਤਾ ਰਿਸ਼ਤਾ ਤ੍ਰਿਏਕਤਾ ਵਿਚਲੇ ਰਿਸ਼ਤਿਆਂ ਨੂੰ ਦਰਸਾਉਂਦਾ ਹੈ।

► ਇਸ ਬਾਰੇ ਦੱਸੋ ਕਿ ਪਰਮੇਸ਼ੁਰ ਨੇ ਪਾਪ ਦੁਆਰਾ ਤਬਾਹ ਹੋਏ ਵਿਆਹੁਤਾ ਰਿਸ਼ਤੇ ਨੂੰ ਕਿਵੇਂ ਚੰਗਾ ਕੀਤਾ।

► ਵਿਆਖਿਆ ਕਰੋ ਕਿ ਪਰਮੇਸ਼ੁਰ ਪ੍ਰਤੀ ਅਗੀਆਕਰੀ ਉਸ ਨੂੰ ਕਿਵੇਂ ਚੰਗਾ ਅਤੇ ਬਹਾਲ ਕਰਦੀ ਹੈ ਜੋ ਪਾਪ ਦੁਆਰਾ ਤਬਾਹ ਕੀਤਾ ਗਿਆ ਹੈ।

### ਪ੍ਰਾਰਥਨਾ

ਪ੍ਰਾਰਥਨਾ ਕਰਨ ਅਤੇ ਆਪਣੇ ਪਰਿਵਾਰ ਲਈ ਪਰਮੇਸ਼ੁਰ ਦਾ ਧੰਨਵਾਦ ਕਰਨ ਲਈ ਇੱਕ ਪਲ ਦਾ ਸਮਾਂ ਲਵੋ। ਆਪਣੇ ਪਰਿਵਾਰ ਲਈ ਪ੍ਰਾਰਥਨਾ ਕਰੋ। ਠੇਸਾਂ ਅਤੇ ਅਸਫਲਤਾਵਾਂ, ਜਸ਼ਨਾਂ ਅਤੇ ਖੁਸ਼ੀਆਂ ਬਾਰੇ ਪ੍ਰਾਰਥਨਾ ਕਰੋ। ਬਿਵਸਥਾ ਸਾਰ 6:4-9 ਦੇ ਸ਼ਬਦਾਂ ਨੂੰ ਨਿੱਜੀ ਬਣਾਓ, ਇਨ੍ਹਾਂ ਦੁਆਰਾ ਅਧੀਨਗੀ ਅਤੇ ਬੇਨਤੀ ਦੀ ਪ੍ਰਾਰਥਨਾ ਕਰਦੇ ਹੋਏ।

## ਪਾਠ ਕਾਰਜ

(1) ਬਿਵਸਥਾ ਸਾਰ 6:4-9 ਨੂੰ ਯਾਦ ਕਰੋ। ਅਗਲੀ ਕਲਾਸ ਦੇ ਸ਼ੁਰੂ ਵਿੱਚ, ਵਚਨ ਦੇ ਇਸ ਭਾਗ ਨੂੰ ਜ਼ੁਬਾਨੀ ਸੁਣਾਓ ਜਾਂ ਲਿਖੋ।

(2) ਬਿਵਸਥਾ ਸਾਰ 6:1-9 ਵਿੱਚ, ਪਰਮੇਸ਼ੁਰ ਸਾਡੇ ਤੋਂ ਚਾਰ ਚੀਜ਼ਾਂ ਦੀ ਮੰਗ ਕਰਦਾ ਹੈ। ਪ੍ਰਾਰਥਨਾ ਪੂਰਵਕ ਅਤੇ ਇਮਾਨਦਾਰੀ ਨਾਲ ਇਨ੍ਹਾਂ ਚਾਰ ਖੇਤਰਾਂ ਵਿੱਚ ਆਪਣੇ ਆਪ ਦੀ ਜਾਂਚ ਕਰੋ

ਸਾਨੂੰ ਇਹ ਕਰਨ ਦੀ ਲੋੜ ਹੈ:

- ਆਪਣੇ ਪੂਰੇ ਦਿਲ, ਜਾਨ, ਅਤੇ ਸ਼ਕਤੀ ਨਾਲ ਪਰਮੇਸ਼ੁਰ ਨੂੰ ਪਿਆਰ ਕਰੋ (ਆਇਤ 5)।
- ਪਰਮੇਸ਼ੁਰ ਦੇ ਵਚਨ ਨੂੰ ਆਪਣੇ ਦਿਲਾਂ ਵਿੱਚ ਰੱਖੋ (ਆਇਤ 6)।
- ਲਗਨ ਨਾਲ ਆਪਣੇ ਬੱਚਿਆਂ ਨੂੰ ਪਰਮੇਸ਼ੁਰ ਦੇ ਵਚਨ ਦੀ ਪਾਲਣਾ ਕਰਨਾ ਸਿਖਾਓ (ਆਇਤ 7)।
- ਪਰਮੇਸ਼ੁਰ ਦੇ ਵਚਨ ਨੂੰ ਆਪਣੇ ਮਨਾਂ ਵਿੱਚ ਅਤੇ ਲਗਾਤਾਰ ਆਪਣੇ ਸਾਹਮਣੇ ਰੱਖੋ (ਆਇਤਾਂ 8-9)।

ਇਸ ਹਰੇਕ ਮੰਗ ਦੇ ਬਾਰੇ ਨਿੱਜੀ ਪ੍ਰਾਰਥਨਾ ਦਾ ਇੱਕ ਪੈਰਾ ਲਿਖੋ। (ਤੁਹਾਨੂੰ ਇਹ ਲਿਖਤ ਆਪਣੀ ਕਲਾਸ ਦੇ ਆਗੂ ਨਾਲ ਸਾਂਝੀ ਕਰਨ ਦੀ ਲੋੜ ਨਹੀਂ ਹੈ ਪਰ ਤੁਹਾਨੂੰ ਦੱਸਣਾ ਚਾਹੀਦਾ ਹੈ ਕਿ ਤੁਸੀਂ ਇਹ ਕਾਰਜ ਕੀਤਾ ਹੈ।)

(3) ਅਬਰਾਹਾਮ ਅਤੇ ਸਾਰਾਹ ਦੇ ਜੀਵਨਾਂ ਵਿੱਚੋਂ ਅਸੀਂ ਉਡੀਕ ਦੇ ਵਧਾਏ ਗਏ ਸਮੇਂ ਬਾਰੇ ਸਿੱਖਦੇ ਹਾਂ। ਇਨ੍ਹਾਂ ਸਵਾਲਾਂ ਦੇ ਬਾਰੇ ਸੋਚੋ:

- ਕਦੋਂ ਤੁਹਾਨੂੰ ਪਰਮੇਸ਼ੁਰ ਦੇ ਸਮੇਂ ਦੀ ਉਡੀਕ ਕਰਨ ਦੀ ਲੋੜ ਪਈ ਸੀ? ਇਨ੍ਹਾਂ ਉਡੀਕ ਦੇ ਸਮਿਆਂ ਤੋਂ ਤੁਸੀਂ ਕੀ ਸਿੱਖਿਆ?
- ਤੁਸੀਂ ਪਰਮੇਸ਼ੁਰ ਦੇ ਵਚਨ ਦੇ ਵਾਇਦਿਆਂ ਉੱਤੇ ਕਿੰਨੀ ਚੰਗੀ ਤਰ੍ਹਾਂ ਭਰੋਸਾ ਕਰਦੇ ਹੋ? ਕੀ ਤੁਸੀਂ ਇੱਕ ਵਾਇਦੇ ਨਾਲ ਹੁਣ ਸੰਘਰਸ਼ ਕਰ ਰਹੇ ਹੋ? ਕੀ ਉਹ ਸੰਘਰਸ਼ ਤੁਹਾਡੇ ਪਰਿਵਾਰ ਨੂੰ ਪ੍ਰਭਾਵਿਤ ਕਰ ਰਿਹਾ ਹੈ? ਕਿਵੇਂ?
- ਕੀ ਤੁਸੀਂ ਕਦੇ ਪਰਮੇਸ਼ੁਰ ਉੱਤੇ ਭਰੋਸਾ ਕੀਤੇ ਬਿਨਾਂ ਆਪਣੇ ਲਈ ਕੁਝ ਕਰਨ ਜਾਂ ਆਪਣੇ ਪਰਿਵਾਰ ਲਈ ਕੁਝ ਕਰਨ ਦੀ ਕੋਸ਼ਿਸ਼ ਕੀਤੀ ਹੈ? ਇਸ ਦੇ ਨਤੀਜੇ ਕੀ ਸਨ?
- ਬੇਸਬਰੇ ਹੋਣਾ ਅਤੇ ਵਿਸ਼ਵਾਸ ਦੀ ਘਾਟ, ਕਿਵੇਂ ਪਰਿਵਾਰਾਂ ਉੱਤੇ ਮਾੜਾ ਪ੍ਰਭਾਵ ਪਾਉਂਦੇ ਹਨ?

ਇਸ ਵਿਸ਼ੇ ਲਈ ਜਵਾਬ ਦੇ ਵਿੱਚ ਕੁੱਲ ਤਿੰਨ ਪੈਰੇ ਲਿਖੋ। (ਤੁਹਾਨੂੰ ਇਹ ਲਿਖਤ ਆਪਣੀ ਕਲਾਸ ਦੇ ਆਗੂ ਨਾਲ ਸਾਂਝੀ ਕਰਨ ਦੀ ਲੋੜ ਨਹੀਂ ਹੈ ਪਰ ਤੁਹਾਨੂੰ ਦੱਸਣਾ ਚਾਹੀਦਾ ਹੈ ਕਿ ਤੁਸੀਂ ਇਹ ਕਾਰਜ ਕੀਤਾ ਹੈ।)

# ਪਾਠ 3

# ਵਿਆਹ ਬਾਰੇ ਬਾਈਬਲ ਅਧਾਰਤ ਧਾਰਨਾ

## ਪਾਠ ਦੇ ਟੀਚੇ

ਇਸ ਪਾਠ ਦੇ ਅੰਤ ਵਿੱਚ, ਵਿਦਿਆਰਥੀ ਹੇਠਾਂ ਦੱਸੇ ਕੰਮ ਕਰਨ ਦੇ ਯੋਗ ਹੋਣੇ ਚਾਹੀਦੇ ਹਨ:

(1) ਵਿਆਹ ਲਈ ਪਰਮੇਸ਼ੁਰ ਦੇ ਨਮੂਨੇ ਅਤੇ ਉਦੇਸ਼ਾਂ ਪ੍ਰਤੀ ਸਮਰਪਣ।

(2) ਮਸੀਹੀ ਵਿਆਹ ਲਈ ਪਰਮੇਸ਼ੁਰ ਦੇ ਸਿਧਾਂਤਾਂ ਦੀ ਨਿੱਜੀ ਤੌਰ ’ਤੇ ਪਾਲਣਾ ਕਰਨ ਲਈ ਸਮਰਪਣ।

(3) ਬਾਈਬਲ ਅਧਾਰਤ ਵਿਆਹ ਬਾਰੇ ਦੂਸਰਿਆਂ ਨੂੰ ਸਿਖਾਉਣ ਲਈ ਤਿਆਰ ਹੋਣਾ।

## ਰੋਬਰਟਸਨ ਮੈਕਕਿਉਲਕਿਨ, ਇੱਕ ਵਾਇਦਾ ਨਿਭਾਉਣ ਵਾਲਾ

ਡਾਕਟਰ ਰੋਬਰਟਸਨ ਮੈਕਕਿਉਲਕਿਨ ਨੇ ਜਾਪਾਨ ਵਿੱਚ ਇੱਕ ਮਿਸ਼ਨਰੀ ਵਜੋਂ 12 ਸਾਲ ਸੇਵਾ ਕੀਤੀ। ਬਾਅਦ ਵਿੱਚ ਉਹ ਕੋਲੰਬੀਆ ਇੰਟਰਨੈਸ਼ਨਲ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਬਣੇ। ਉਹ ਇੱਕ ਲੇਖਕ, ਵਕਤਾ, ਅਤੇ ਸਿੱਖਿਅਕ ਦੇ ਵਜੋਂ ਮਸ਼ਹੂਰ ਸਨ। ਉਨ੍ਹਾਂ ਦੀ ਪਤਨੀ ਮੁਰੀਏਲ ਇੱਕ ਦਿਮਾਗੀ ਬਿਮਾਰੀ ਤੋਂ ਪੀੜਤ ਸੀ ਜੋ ਇੱਕ ਵਿਅਕਤੀ ਦੀ ਸੋਚਣ-ਸਮਝਣ, ਯਾਦ ਰੱਖਣ ਅਤੇ ਗੱਲਬਾਤ ਕਰਨ ਦੀ ਯੋਗਤਾ ਨੂੰ ਪ੍ਰਭਾਵਿਤ ਕਰਦੀ ਹੈ। ਜਦੋਂ ਬਿਮਾਰੀ ਐਨੀ ਵਧ ਗਈ ਕਿ ਮੁਰੀਏਲ ਨੂੰ ਹੁਣ ਲਗਾਤਾਰ ਦੇਖਭਾਲ ਦੀ ਲੋੜ ਸੀ, ਤਾਂ ਡਾਕਟਰ ਮੈਕਕਿਉਲਕਿਨ ਨੇ ਆਪਣੀ ਪਤਨੀ ਦੀ ਦੇਖਭਾਲ ਕਰਨ ਲਈ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਨੇ ਕਿਹਾ ਕਿ ਉਹ ਉਸ ਵਾਅਦੇ ਨੂੰ ਨਿਭਾ ਰਹੇ ਹਨ ਜੋ ਉਨ੍ਹਾਂ ਨੇ ਆਪਣੀ ਪਤਨੀ ਨਾਲ ਤਦ ਕੀਤਾ ਸੀ ਜਦੋਂ ਉਨ੍ਹਾਂ ਦਾ ਵਿਆਹ ਹੋਇਆ ਸੀ। ਉਹ ਮੰਨਦੇ ਸਨ ਕਿ ਆਪਣੀ ਪਤਨੀ ਦੀ ਦੇਖਭਾਲ ਕਰਨਾ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਦੇ ਅਹੁਦੇ ਨੂੰ ਰੱਖਣ ਨਾਲੋਂ ਜ਼ਿਆਦਾ ਮਹੱਤਵਪੂਰਣ ਸੀ।

## ਪਰਮੇਸ਼ੁਰ ਵੱਲੋਂ ਵਿਆਹ ਦੀ ਸਥਾਪਨਾ

ਵਿਆਹ ਪਰਮੇਸ਼ੁਰ ਵੱਲੋਂ ਉਸ ਪਹਿਲੇ ਆਦਮੀ ਅਤੇ ਔਰਤ ਲਈ ਸਥਾਪਿਤ ਕੀਤਾ ਗਿਆ ਸੀ ਜਿਨ੍ਹਾਂ ਨੂੰ ਉਸ ਨੇ ਬਣਾਇਆ ਸੀ। ਵਿਆਹ ਨੂੰ ਪਰਮੇਸ਼ੁਰ ਨੇ ਬਿਲਕੁਲ ਉਸ ਤਰ੍ਹਾਂ ਦਾ ਹੋਣ ਲਈ ਬਣਾਇਆ ਸੀ ਜਿਸ ਦੀ ਲੋਕਾਂ ਨੂੰ ਲੋੜ ਸੀ। ਇਸ ਨੂੰ ਪੂਰੀ ਤਰ੍ਹਾਂ ਮਨੁੱਖੀ ਸੁਭਾਅ ਦੇ ਅਨੁਸਾਰ ਰਚਿਆ ਗਿਆ ਸੀ। ਪਰਮੇਸ਼ੁਰ ਜੋ ਕੁਝ ਵੀ ਰਚਦਾ ਹੈ ਅਤੇ ਜੋ ਕੁਝ ਵੀ ਕਰਨ ਦੀ ਉਹ ਸਾਡੇ ਤੋਂ ਮੰਗ ਕਰਦਾ

ਹੈ, ਉਸ ਸਭ ਵਿੱਚ ਉਹ ਸਾਡੇ ਲਈ ਉੱਤਮ ਚਾਹੁੰਦਾ ਹੈ (ਬਿਵਸਥਾ ਸਾਰ 6:24)। ਪਰਮੇਸ਼ੁਰ ਦਾ ਇਰਾਦਾ ਸੀ ਕਿ ਵਿਆਹ ਲਈ ਉਸ ਦੀ ਯੋਜਨਾ ਹਰੇਕ ਜੀਵਨ ਸਾਥੀ ਨੂੰ ਭਾਵਨਾਤਮਕ, ਸੰਬੰਧਕ, ਅਤੇ ਆਤਮਿਕ ਤੌਰ ’ਤੇ ਉੱਤਮ ਤੰਦਰੁਸਤੀ ਪ੍ਰਦਾਨ ਕਰੇ।

ਪਰਮੇਸ਼ੁਰ ਨੇ ਆਖਿਆ ਕਿ ਵਿਆਹ ਵਿੱਚ ਇੱਕ ਆਦਮੀ ਅਤੇ ਇੱਕ ਔਰਤ ਆਪਣੇ ਮਾਪਿਆਂ ਨੂੰ ਛੱਡ ਕੇ ਇੱਕ ਹੁੰਦੇ ਹਨ। ਵਿਆਹ ਦੋ ਲੋਕਾਂ ਨੂੰ ਇੱਕ ਅਜਿਹੀ ਦੋਸਤੀ ਅਤੇ ਸਹਿਭਾਗਤਾ ਵਿੱਚ ਰੱਖਦਾ ਹੈ ਜੋ ਕਿਸੇ ਵੀ ਹੋਰ ਮਨੁੱਖੀ ਰਿਸ਼ਤੇ ਦੇ ਨਾਲੋਂ ਮਜ਼ਬੂਤ ਅਤੇ ਕਰੀਬ ਹੈ। ਵਿਆਹ ਇਹ ਨਹੀਂ ਹੈ ਕਿ ਦੋ ਲੋਕ ਬੱਸ ਸੀਮਿਤ ਸਹਿਭਾਗਤਾ ਵਿੱਚ ਇਕੱਠੇ ਹੁੰਦੇ ਹਨ। ਉਨ੍ਹਾਂ ਦੇ ਜੀਵਨਾਂ ਨੂੰ ਇੱਕ ਕੀਤਾ ਗਿਆ ਹੈ ਤਾਂ ਕਿ ਇੱਕ ਤਰ੍ਹਾਂ ਦੇ ਨਾਲ ਉਹ ਇੱਕ ਵਿਅਕਤੀ ਦੇ ਵਾਂਗ ਹੋਣ। ਇਹ ਉਨ੍ਹਾਂ ਦੀਆਂ ਨਿੱਜੀ ਸਖਸ਼ੀਅਤਾਂ ਨੂੰ ਪੂਰੀ ਤਰ੍ਹਾਂ ਮਿਟਾਉਣਾ ਨਹੀਂ ਹੈ, ਪਰ ਇਹ ਇੱਕ ਖਾਸ ਏਕਤਾ ਹੈ।

## ਬਾਈਬਲ ਅਧਾਰਤ ਵਿਆਹ

ਬਾਈਬਲ ਅਧਾਰਤ ਵਿਆਹ ਇੱਕ ਸੁੰਦਰ ਚੀਜ਼ ਹੈ। ਪਰ ਜਿਹੜੇ ਜੋੜੇ ਇਸ ਦੀ ਸੁੰਦਰਤਾ ਦਾ ਅਨੁਭਵ ਕਰਨਾ ਚਾਹੁੰਦੇ ਹਨ ਅਤੇ ਇਸ ਦੀ ਭਲਾਈ ਦਾ ਸਵਾਦ ਚੱਖਣਾ ਚਾਹੁੰਦੇ ਹਨ, ਉਨ੍ਹਾਂ ਨੂੰ ਉਸ ਦੀ ਜਾਂਚ ਕਰਨੀ ਚਾਹੀਦੀ ਹੈ ਜੋ ਵਚਨ ਇਸ ਬਾਰੇ ਸਿਖਾਉਂਦਾ ਹੈ, ਅਤੇ ਫਿਰ ਜੋ ਉਹ ਸਿੱਖਦੇ ਹਨ ਉਸ ਦੀ ਆਗਿਆਕਾਰੀ ਕਰਨੀ ਚਾਹੀਦੀ ਹੈ। ਇੱਕ ਸੰਤੁਸ਼ਟ ਵਿਆਹ ਕੋਸ਼ਿਸ਼ ਅਤੇ ਬਲੀਦਾਨ ਦੀ ਮੰਗ ਕਰਦਾ ਹੈ।

### ਬਾਈਬਲ ਅਧਾਰਤ ਵਿਆਹ ਸੰਗਤੀ ਲਈ ਹੈ

ਉਤਪਤ ਦੀ ਪੁਸਤਕ ਪਰਮੇਸ਼ੁਰ ਵੱਲੋਂ ਵਿਆਹ ਨੂੰ ਰਚੇ ਜਾਣ ਦਾ ਵਰਣਨ ਕਰਦੀ ਹੈ। ਵਰਣਨ ਦਾ ਹਰੇਕ ਭਾਗ ਵਿਆਹ ਨੂੰ ਆਦਰ ਦਿੰਦਾ ਹੈ।

> ਫੇਰ ਯਹੋਵਾਹ ਪਰਮੇਸ਼ੁਰ ਨੇ ਆਖਿਆ ਭਈ ਚੰਗਾ ਨਹੀਂ ਕਿ ਆਦਮੀ ਇਕੱਲਾ ਰਹੇ ਸੋ ਮੈਂ ਉਹ ਦੇ ਲਈ ਉਹ ਦੇ ਵਾਂਙੁ ਇੱਕ ਸਹਾਇਕਣ ਬਣਾਵਾਂਗਾ (ਉਤਪਤ 2:18)।

ਜਿਵੇਂ ਪਿਤਾ, ਪੁੱਤਰ, ਅਤੇ ਪਵਿੱਤਰ ਆਤਮਾ ਸੰਗਤੀ ਵਿੱਚ ਹਨ, ਉਸੇ ਤਰ੍ਹਾਂ ਹੀ ਪਰਮੇਸ਼ੁਰ ਨੇ ਸਾਨੂੰ ਸਮਾਜਿਕ ਹੋਣ ਲਈ ਬਣਾਇਆ ਹੈ। ਸਾਨੂੰ ਗੱਲਬਾਤ ਕਰਨ ਲਈ ਬਣਾਇਆ ਗਿਆ ਸੀ। ਸਾਨੂੰ ਨੇੜਤਾ ਅਤੇ ਸੰਗਤੀ ਲਈ ਬਣਾਇਆ ਗਿਆ ਸੀ। ਪਰਮੇਸ਼ੁਰ ਨੇ ਆਖਿਆ ਕਿ ਇਕੱਲਾ ਰਹਿਣਾ ਚੰਗਾ ਨਹੀਂ ਹੈ!

ਪਰਮੇਸ਼ੁਰ ਨੇ ਆਦਮੀ ਦੀ ਇੱਕ ਪੱਸਲੀ ਲਈ ਅਤੇ ਇਸ ਤੋਂ ਇੱਕ ਸੁੰਦਰ ਔਰਤ ਬਣਾਈ, ਇੱਕ ਹੋਰ ਵਿਅਕਤੀ – ਆਦਮੀ ਵਾਂਗ ਹੀ ਪਰਮੇਸ਼ੁਰ ਦੇ ਸਰੂਪ ਉੱਤੇ ਬਣਾਈ ਗਈ, ਮਹੱਤਵ ਵਿੱਚ ਉਸ ਦੇ ਹੀ ਬਰਾਬਰ, ਪਰ ਬਣਤਰ ਵਿੱਚ ਵੱਖਰੀ – ਜਿਸ ਨੇ ਆਦਮੀ ਨੂੰ

ਪੂਰਾ ਕੀਤਾ। ਉਸ ਨੂੰ "ਸਿਰਜਣਹਾਰ ਦੇ ਆਖਰੀ ਅਤੇ ਸਭ ਤੋਂ ਸੰਪੂਰਣ ਕੰਮ ਦੇ ਰੂਪ ਵਿੱਚ, ਆਦਮੀ ਕੋਲ ਖਾਸ ਆਦਰ ਦੇ ਨਾਲ ਲਿਆਂਦਾ ਗਿਆ।"[12]

***ਵਿਆਹ ਇੱਕ ਅਨੰਦਮਈ ਮੇਲ ਹੋਣਾ ਚਾਹੀਦਾ ਹੈ।***

ਜਦੋਂ ਆਦਮ ਨੇ ਆਖਿਆ, "ਇਹ ਹੁਣ ਮੇਰੀਆਂ ਹੱਡੀਆਂ ਵਿੱਚੋਂ ਹੱਡੀ ਹੈ" (ਉਤਪਤ 2:23) ਉਹ ਆਦਰ ਅਤੇ ਅਨੰਦ ਨੂੰ ਪਰਗਟ ਕਰ ਰਿਹਾ ਸੀ। ਆਦਮ ਨੇ ਇਹ ਨਹੀਂ ਆਖਿਆ, "ਅਖੀਰ, ਇਹ ਇੱਕ ਗੁਲਾਮ ਹੈ! ਹੁਣ ਮੇਰੇ ਕੋਲ ਕੋਈ ਹੈ ਜੋ ਮੇਰੇ ਕੱਪੜੇ ਧੋਵੇਗੀ, ਮੇਰਾ ਖਾਣਾ ਬਣਾਵੇਗੀ, ਮੇਰੀ ਪਿੱਠ ਦੀ ਮਾਲਿਸ਼ ਕਰੇਗੀ, ਅਤੇ ਮੇਰੇ ਕੰਮ ਕਰੇਗੀ!" ਨਹੀਂ, ਆਦਮ ਨੇ ਆਖਿਆ, "ਅਖੀਰ, ਇੱਕ ਸਹਾਇਕਣ ਜੋ ਮੈਨੂੰ ਪੂਰਾ ਕਰਦੀ ਹੈ!"

***ਵਿਆਹ ਬਰਾਬਰੀ ਦਾ ਮੇਲ ਹੈ।***

> ... ਉਹ ਦੇ ਵਾਂਙੁ ਇੱਕ ਸਹਾਇਕਣ (ਉਤਪਤ 2:18)।

ਪਰਮੇਸ਼ੁਰ ਨੇ ਔਰਤ ਨੂੰ ਆਦਮੀ ਨਾਲ ਪੂਰੀ ਤਰ੍ਹਾਂ ਮੇਲ ਖਾਣ ਅਤੇ ਉਸ ਨੂੰ ਪੂਰਾ ਕਰਨ ਲਈ ਬਣਾਇਆ।

ਮੈਥਿਊ ਹੇਨਰੀ ਸਾਨੂੰ ਯਾਦ ਕਰਾਉਂਦੇ ਹਨ, "ਔਰਤ ਨੂੰ ਆਦਮੀ ਦੇ ਇੱਕ ਪਾਸੇ ਦੀ ਇੱਕ ਪੱਸਲੀ ਤੋਂ ਬਣਾਇਆ ਗਿਆ ਸੀ; ਉਸ ਨੂੰ ਉਸ ਉੱਤੇ ਸ਼ਾਸਨ ਕਰਨ ਲਈ ਉਸ ਦੇ ਸਿਰ ਤੋਂ ਨਹੀਂ ਬਣਾਇਆ ਗਿਆ ਸੀ, ਨਾ ਹੀ ਉਸ ਦੁਆਰਾ ਮਿੱਧੀ ਜਾਣ ਲਈ ਉਸ ਦੇ ਪੈਰ ਤੋਂ ਬਣਾਇਆ ਗਿਆ ਸੀ, ਸਗੋਂ ਉਸ ਦੇ ਇੱਕ ਪਾਸੇ ਤੋਂ ਤਾਂ ਕਿ ਉਹ ਉਸ ਦੇ ਬਰਾਬਰ ਹੋਵੇ, ਆਦਮੀ ਦੀ ਬਾਂਹ ਦੇ ਹੇਠਲੇ ਹਿੱਸੇ ਤੋਂ ਤਾਂ ਕਿ ਆਦਮੀ ਦੁਆਰਾ ਉਸ ਦੀ ਰੱਖਿਆ ਕੀਤੀ ਜਾਵੇ, ਅਤੇ ਉਸ ਦੇ ਦਿਲ ਦੇ ਨੇੜਲੇ ਹਿੱਸੇ ਤੋਂ ਤਾਂ ਕਿ ਉਸ ਨੂੰ ਪਿਆਰ ਕੀਤਾ ਜਾਵੇ।"[13] ਔਰਤ ਨਾ ਹੀ ਆਦਮੀ ਤੋਂ ਨੀਵੀਂ ਸੀ ਅਤੇ ਨਾ ਹੀ ਸਰੇਸ਼ਟ ਸੀ, ਪਰ ਉਸ ਦੇ ਤੁੱਲ ਸੀ।

***ਵਿਆਹ ਇੱਕ ਨੇਮ ਦਾ ਮੇਲ ਹੈ।***

> ਸੋ ਮਰਦ ਆਪਣੇ ਮਾਪੇ ਛੱਡਕੇ ਆਪਣੀ ਤੀਵੀਂ ਨਾਲ ਮਿਲਿਆ ਰਹੇਗਾ ਅਤੇ ਓਹ ਇੱਕ ਸਰੀਰ ਹੋਣਗੇ (ਉਤਪਤ 2:24)।

ਮਜ਼ਬੂਤ ਵਿਆਹੁਤਾ ਰਿਸ਼ਤੇ ਲਗਾਤਾਰ ਰੋਮਾਂਟਿਕ ਭਾਵਨਾਵਾਂ (ਭਾਵਨਾਵਾਂ ਇਕਸਾਰ ਨਹੀਂ ਰਹਿੰਦੀਆਂ) ਜਾਂ ਅਨੰਦ 'ਤੇ ਨਿਰਭਰ ਨਹੀਂ ਹੁੰਦੇ, (ਭਾਵੇਂ ਕਿ ਚੰਗੇ ਵਿਆਹੁਤਾ ਰਿਸ਼ਤੇ ਅਨੰਦ ਦਿੰਦੇ ਹਨ), ਜਾਂ ਨਿੱਜੀ ਸੰਤੁਸ਼ਟੀ (ਭਾਵੇਂ ਕਿ ਮਜ਼ਬੂਤ ਵਿਆਹੁਤਾ ਰਿਸ਼ਤੇ

---

[12] Charles Ellicot, ed., *Ellicot's Commentary for English Readers.* (ਉਤਪਤ 2:22 ਬਾਰੇ ਨੋਟਸ). https://biblehub.com/genesis/2-22.htm#commentary ਦਸੰਬਰ 29, 2020 ਨੂੰ ਇਸ ਤੋਂ ਲਿਆ ਗਿਆ.

[13] Matthew Henry, *Matthew Henry's Commentary on the Whole Bible.* (ਉਤਪਤ 2:21-25 ਬਾਰੇ ਨੋਟਸ). https://studylight.org/commentaries/eng/mhm/genesis-2.html ਜੁਲਾਈ 31, 2023 ਨੂੰ ਇਸ ਤੋਂ ਲਿਆ ਗਿਆ.

ਸੰਤੋਸ਼ਜਨਕ ਹੁੰਦੇ ਹਨ) ’ਤੇ ਨਿਰਭਰ ਨਹੀਂ ਹੁੰਦੇ। ਵਿਆਹ ਤੋਂ ਮਿਲਣ ਵਾਲੇ ਲਾਭਾਂ ਦੇ *ਕਾਰਨ* ਮਜ਼ਬੂਤ ਵਿਆਹੁਤਾ ਰਿਸ਼ਤੇ ਉਤਪੰਨ ਨਹੀਂ ਹੁੰਦੇ, ਲਾਭ ਤਾਂ ਮਜ਼ਬੂਤ ਵਿਆਹੁਤਾ ਰਿਸ਼ਤੇ ਦਾ *ਨਤੀਜਾ* ਹੁੰਦੇ ਹਨ। ਵਿਆਹ ਨੂੰ ਨੇਮ ਦੀ ਇੱਕ ਅਡੋਲ ਨੀਂਹ ਉੱਤੇ ਸਥਾਪਿਤ ਕੀਤਾ ਗਿਆ ਹੈ – ਇੱਕ ਆਦਮੀ ਅਤੇ ਇੱਕ ਔਰਤ ਜੀਵਨ ਭਰ ਲਈ ਇੱਕ ਦੂਸਰੇ ਪ੍ਰਤੀ ਖਾਸ ਤੌਰ ’ਤੇ ਸਮਰਪਿਤ।

ਵਿਆਹ ਇੱਕ ਪਾਰਦਰਸ਼ੀ, ਭਰੋਸੇਯੋਗ, ਅਤੇ ਸਵੀਕਾਰ ਕਰਨ ਵਾਲਾ ਰਿਸ਼ਤਾ ਹੋਣਾ ਚਾਹੀਦਾ ਹੈ – “ਤੇ ਮਰਦ ਅਰ ਉਹ ਦੀ ਤੀਵੀਂ ਦੋਵੇਂ ਨੰਗੇ ਸਨ ਪਰ ਸੰਗਦੇ ਨਹੀਂ ਸਨ” (ਉਤਪਤ 2:25)। ਕਿਉਂਕਿ ਪਾਪ ਨੇ ਅਜੇ ਪਹਿਲੇ ਜੋੜੇ ਦੀ ਮਸੂਮੀਅਤ ਨੂੰ ਭ੍ਰਿਸ਼ਟ ਨਹੀਂ ਕੀਤਾ ਸੀ, ਉਨ੍ਹਾਂ ਦੇ ਵਿਆਹੁਤਾ ਰਿਸ਼ਤੇ ਵਿੱਚ ਕੋਈ ਦੋਸ਼, ਸ਼ਰਮ, ਅਤੇ ਡਰ ਨਹੀਂ ਸੀ। ਨਵਾਂ ਨੇਮ ਸਾਨੂੰ ਦੱਸਦਾ ਹੈ, “ਵਿਆਹ ਕਰਨਾ ਸਭਨਾਂ ਵਿੱਚ ਆਦਰ ਜੋਗ ਗਿਣਿਆ ਜਾਵੇ ਅਤੇ ਵਿਛਾਉਣਾ ਬੇਦਾਗ ਰਹੇ” (ਇਬਰਾਨੀਆਂ 13:4)।

ਜਿੱਥੇ ਅਸੁਰੱਖਿਆ, ਬੇਯਕੀਨੀ, ਸ਼ੱਕ, ਜਾਂ ਡਰ ਹੋਵੇ, ਉੱਥੇ ਇੱਕ ਮਜ਼ਬੂਤ ਵਿਆਹੁਤਾ ਰਿਸ਼ਤਾ ਨਹੀਂ ਹੁੰਦਾ, ਜਿੱਥੇ ਜੀਵਨ ਸਾਥੀਆਂ ਨੂੰ ਵਿਆਹ ਪ੍ਰਤੀ ਇੱਕ ਦੂਸਰੇ ਦੇ ਸਮਰਪਣ ਬਾਰੇ ਯਕੀਨ ਨਾ ਹੋਵੇ। ਮਜ਼ਬੂਤ ਵਿਆਹੁਤਾ ਰਿਸ਼ਤੇ ਇੱਕ ਵਾਇਦੇ ਦੀ ਮੰਗ ਕਰਦੇ ਹਨ ਜੋ ਤਦ ਹੀ ਖਤਮ ਹੁੰਦਾ ਹੈ ਜਦੋਂ ਇੱਕ ਜੀਵਨ ਸਾਥੀ ਮਰ ਜਾਂਦਾ ਹੈ (ਰੋਮੀਆਂ 7:1-2)।

ਪਰਮੇਸ਼ੁਰ ਇਹ ਚਾਹੁੰਦਾ ਹੈ ਕਿ ਵਿਆਹ ਇੱਕ ਆਦਮੀ ਅਤੇ ਇੱਕ ਔਰਤ ਵਿੱਚ ਜੀਵਨ ਭਰ ਦਾ ਨੇਮ ਹੋਵੇ (ਮੱਤੀ 19:3-6)। ਪੌਲੁਸ ਆਖਦਾ ਹੈ ਕਿ ਵਿਸ਼ਵਾਸੀ ਤਦ ਬੰਧਨ ਦੇ ਵਿੱਚ ਨਹੀਂ ਹਨ, ਜਦੋਂ ਉਨ੍ਹਾਂ ਦੇ ਅਵਿਸ਼ਵਾਸੀ ਜੀਵਨ ਸਾਥੀ ਉਨ੍ਹਾਂ ਤੋਂ ਵੱਖ ਹੋ ਜਾਂਦੇ ਹਨ (1 ਕੁਰਿੰਥੀਆਂ 7:15), ਪਰ ਇੱਕ ਵਿਸ਼ਵਾਸੀ ਜੀਵਨ ਸਾਥੀ ਨੂੰ ਆਪਣੇ ਅਵਿਸ਼ਵਾਸੀ ਜੀਵਨ ਸਾਥੀ ਤੋਂ ਵੱਖ ਹੋਣ ਦੀ ਇੱਛਾ ਨਹੀਂ ਰੱਖਣੀ ਚਾਹੀਦੀ (1 ਕੁਰਿੰਥੀਆਂ 7:12-14, 16)। ਪੌਲੁਸ ਨੇ ਪਹਿਲਾਂ ਹੀ ਲਿਖਿਆ ਸੀ ਕਿ ਪਰਮੇਸ਼ੁਰ ਨੇ ਵੀ ਇਹੋ ਆਖਿਆ ਹੈ: ਵਿਸ਼ਵਾਸੀਆਂ ਨੂੰ ਆਪਣੇ ਜੀਵਨ ਸਾਥੀਆਂ ਤੋਂ ਵੱਖ ਹੋਣ ਜਾਂ ਉਨ੍ਹਾਂ ਨੂੰ ਛੱਡਣ ਦਾ ਫੈਸਲਾ ਨਹੀਂ ਲੈਣਾ ਚਾਹੀਦਾ, ਪਰ ਜੇ ਉਹ ਅਜਿਹਾ ਕਰਦੇ ਹਨ, ਤਾਂ ਉਨ੍ਹਾਂ ਨੂੰ ਕਿਸੇ ਹੋਰ ਨਾਲ ਵਿਆਹ ਨਹੀਂ ਕਰਨਾ ਚਾਹੀਦਾ (1 ਕੁਰਿੰਥੀਆਂ 7:10-11, ਮੱਤੀ 5:31-32, ਮੱਤੀ 19:9)।

ਨੇਮ ਦਾ ਪਿਆਰ ਤਦ ਵੀ ਖੁਦ ਦਾ ਤਿਆਗ ਕਰਨ ਵਾਲਾ, ਆਦਰਵਾਨ, ਅਤੇ ਸੁੰਦਰ ਬਣਾਉਣ ਵਾਲਾ ਹੁੰਦਾ ਹੈ, ਜਦੋਂ ਰਿਸ਼ਤੇ ਵਿੱਚ ਮੁਸ਼ਕਲਾਂ ਹੁੰਦੀਆਂ ਹਨ (1 ਕੁਰਿੰਥੀਆਂ 13)। ਕਮਜ਼ੋਰ ਸਮਰਪਣ ਤੋਂ ਅਸਥਾਈ ਜਤਨ, ਭਾਵਨਾਤਮਕ ਅਲੱਗਾਵ, ਵੱਖ ਹੋਣਾ, ਅਤੇ ਪਰਤਾਵੇ ਉਤਪੰਨ ਹੁੰਦੇ ਹਨ।

ਇੱਕ ਪਤੀ ਉਦੋਂ ਨੇਮ ਦੇ ਪਿਆਰ ਨੂੰ ਵਿਖਾ ਰਿਹਾ ਹੁੰਦਾ ਹੈ ਜਦੋਂ ਉਹ ਕਦੇ ਵੀ ਆਪਣੀ ਦੁਲਹਨ ਦੇ ਲਈ ਹਾਰ ਨਹੀਂ ਮੰਨਦਾ ਭਾਵੇਂ ਉਹ ਜਵਾਬ ਨਾ ਦੇਣ ਵਾਲੀ ਜਾਂ ਗੁਸਤਾਖ ਜਾਂ ਬੀਮਾਰ ਹੋਵੇ। ਇੱਕ ਪਤਨੀ ਉਦੋਂ ਨੇਮ ਦੇ ਪਿਆਰ ਨੂੰ ਵਿਖਾ ਰਹੀ ਹੁੰਦੀ ਹੈ ਜਦੋਂ ਉਹ ਮਸੀਹ ਦੇ ਨਮਿੱਤ ਆਪਣੇ ਪਤੀ ਦਾ ਆਦਰ ਕਰਨ ਅਤੇ ਉਸ ਦੀ ਆਗਿਆ ਦਾ ਪਾਲਣ ਕਰਨ ਦਾ ਫੈਸਲਾ ਲੈਂਦੀ ਹੈ, ਭਾਵੇਂ ਕਿ ਉਸ ਦਾ ਪਤੀ ਉਸ ਨੂੰ ਪਿਆਰ ਨਾ ਕਰ ਰਿਹਾ ਹੋਵੇ।

ਪਤੀ ਦਾ ਪਿਆਰ ਪਤਨੀ ਦੇ ਆਦਰ ਨੂੰ ਪ੍ਰਾਪਤ ਕਰਦਾ ਹੈ, ਅਤੇ ਪਤਨੀ ਦਾ ਆਦਰ ਪਤੀ ਦੇ ਪਿਆਰ ਨੂੰ ਪ੍ਰਾਪਤ ਕਰਦਾ ਹੈ। ਅਤੇ ਉਹ ਲਗਾਤਾਰ ਵਧਦੇ ਰਹਿੰਦੇ ਹਨ!

► ਤਦ ਕੀ ਸਮੱਸਿਆਵਾਂ ਪੈਦਾ ਹੁੰਦੀਆਂ ਹਨ ਜਦੋਂ ਲੋਕ ਇਹ ਸੋਚ ਕੇ ਵਿਆਹ ਕਰਾਉਂਦੇ ਹਨ ਕਿ ਜੇ ਉਹ ਨਾਖੁਸ਼ ਹੋਏ ਤਾਂ ਉਹ ਬਾਅਦ ਵਿੱਚ ਆਪਣੇ ਫੈਸਲੇ ਨੂੰ ਬਦਲ ਸਕਦੇ ਹਨ? ਜਦੋਂ ਇੱਕ ਵਿਅਕਤੀ ਮੰਨਦਾ ਹੈ ਕਿ ਉਸ ਦਾ ਵਿਆਹ ਸਥਾਈ ਹੈ ਤਾਂ ਪੂਰਾ ਸਮਰਪਣ ਕੀ ਅੰਤਰ ਲਿਆਉਂਦਾ ਹੈ?

### ਬਾਈਬਲ ਅਧਾਰਤ ਵਿਆਹ ਲਿੰਗਕ ਸੰਤੁਸ਼ਟੀ ਅਤੇ ਬੱਚੇ ਪੈਦਾ ਕਰਨ ਲਈ ਇੱਕ ਸਥਾਨ ਹੈ

> ਪਰਮੇਸ਼ੁਰ ਨੇ ਲਿੰਗਕ ਸੰਬੰਧਾਂ ਨੂੰ ਅਨੰਦਮਈ ਅਤੇ ਅਨੋਖੇ ਢੰਗ ਨਾਲ ਸ਼ਕਤੀਸ਼ਾਲੀ ਹੋਣ ਲਈ ਬਣਾਇਆ ਹੈ। ਇਹ ਇੱਕ ਕਿਰਿਆ ਹੈ ਜੋ ਸਰੀਰਿਕ, ਭਾਵਨਾਤਮਕ, ਅਤੇ ਆਤਮਿਕ ਤੌਰ ’ਤੇ ਇੱਕ ਕਰਨ ਲਈ ਹੈ। ਸਿਹਤਮੰਦ ਲਿੰਗਕ ਸੰਬੰਧ ਕੇਵਲ ਅਨੰਦਦਾਇਕ ਹੀ ਨਹੀਂ ਹੁੰਦੇ ਅਤੇ ਏਕਤਾ ਹੀ ਨਹੀਂ ਲਿਆਉਂਦੇ, ਸਗੋਂ ਇਹ ਵਿਆਹੁਤਾ ਰਿਸ਼ਤੇ ਨੂੰ ਪੋਸ਼ਣ ਵੀ ਦਿੰਦੇ ਹਨ। ਜੋ ਲਿੰਗਕ ਸੰਬੰਧਾਂ ਬਾਰੇ ਬਾਈਬਲ ਦੀ ਨੈਤਕਿਤਾ ਦਾ ਪਾਲਣ ਕਰਨਾ ਚਾਹੁੰਦੇ ਹਨ, ਉਨ੍ਹਾਂ ਲਈ ਲਿੰਗਕ ਸੰਬੰਧ ਪਰਮੇਸ਼ੁਰ ਦਾ ਤੋਹਫ਼ਾ ਹਨ ਜਿਨ੍ਹਾਂ ਦਾ ਕੇਵਲ ਵਿਆਹੁਤਾ ਰਿਸ਼ਤੇ ਵਿੱਚ ਹੀ ਅਨੰਦ ਮਾਣਿਆ ਜਾਣਾ ਚਾਹੀਦਾ ਹੈ।[14]

► ਵਿਦਿਆਰਥੀਆਂ ਨੂੰ ਸਮੂਹ ਲਈ 1 ਕੁਰਿੰਥੀਆਂ 7:1-5 ਅਤੇ ਇਬਰਾਨੀਆਂ 13:4 ਨੂੰ ਪੜ੍ਹਨਾ ਚਾਹੀਦਾ ਹੈ।

1 ਕੁਰਿੰਥੀਆਂ ਵਿੱਚ ਇਹ ਆਇਤਾਂ ਸਾਨੂੰ ਦੱਸਦੀਆਂ ਹਨ ਕਿ ਵਿਆਹ ਦਾ ਇੱਕ ਮਕਸਦ ਲਿੰਗਕ ਇੱਛਾਵਾਂ ਨੂੰ ਪੂਰਾ ਕਰਨਾ ਹੈ। ਪਤੀ ਅਤੇ ਪਤਨੀ ਨੇ ਆਪਣੇ ਆਪ ਨੂੰ ਇੱਕ ਦੂਸਰੇ ਨੂੰ ਦੇ ਦਿੱਤਾ ਹੈ ਅਤੇ ਆਪਣੀਆਂ ਦੇਹੀਆਂ ਉੱਤੇ ਆਪਣੀ ਮਲਕੀਅਤ ਨੂੰ ਤਿਆਗ ਦਿੱਤਾ ਹੈ। ਜਿਸ ਦਾ ਅਰਥ ਹੈ ਕਿ ਇੱਕ ਵਿਆਹੇ ਵਿਅਕਤੀ ਨੂੰ ਉਦੋਂ ਲਿੰਗਕ ਸੰਬੰਧ ਬਣਾਉਣ ਦੀ ਉਮੀਦ ਨਹੀਂ ਰੱਖਣੀ ਚਾਹੀਦੀ ਜਦੋਂ ਉਹ ਚਾਹੁੰਦਾ ਹੈ ਜਾਂ ਚਾਹੁੰਦੀ ਹੈ, ਸਗੋਂ ਉਨ੍ਹਾਂ ਨੂੰ ਦੂਸਰੇ ਜੀਵਨ ਸਾਥੀ ਦੀਆਂ ਇੱਛਾਵਾਂ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ। ਇਹ ਆਇਤਾਂ ਸਾਨੂੰ ਇਹ ਨਹੀਂ ਦੱਸਦੀਆਂ ਕਿ ਇੱਕ ਵਿਅਕਤੀ ਦੂਸਰੇ ਜੀਵਨ ਸਾਥੀ ਦੀ ਇੱਛਾ ਦੇ ਉਲਟ ਸੰਤੁਸ਼ਟੀ ਦੀ ਮੰਗ ਕਰ ਸਕਦਾ ਹੈ ਜਾਂ ਸਕਦੀ ਹੈ। ਇਸ ਦੇ ਬਜਾਏ, ਇਹ ਆਇਤਾਂ ਹਰੇਕ ਨੂੰ ਇਹ ਦੱਸਦੀਆਂ ਹਨ ਕਿ ਉਹ ਦੂਸਰੇ ਦੀਆਂ ਲੋੜਾਂ ਦਾ ਖਿਆਲ ਰੱਖਣ।

ਇਹ ਭਾਗ ਸਾਨੂੰ ਦੱਸਦਾ ਹੈ ਕਿ ਵਿਆਹੇ ਹੋਏ ਜੋੜਿਆਂ ਨੂੰ ਇੱਕ ਦੂਸਰੇ ਨੂੰ ਇਸ ਵਿਸ਼ੇਸ਼ ਅਧਿਕਾਰ ਤੋਂ ਵਾਂਝਾ ਨਹੀਂ ਰੱਖਣਾ ਚਾਹੀਦਾ। ਵਰਤ ਦੇ ਨਾਲ ਕੁਝ ਸਮੇਂ ਲਈ ਲਿੰਗਕ ਸੰਬੰਧਾਂ ਤੋਂ ਦੂਰ ਰਹਿਣਾ ਜਾਇਜ਼ ਹੈ, ਪਰ ਲੰਬੀ ਜੁਦਾਈ ਅਸੰਤੁਸ਼ਟ ਇੱਛਾਵਾਂ ਦੇ ਕਾਰਨ ਪਰਤਾਵੇ ਦਾ ਕਾਰਣ ਬਣੇਗੀ। ਕਈ ਵਾਰ ਜੋੜੇ ਕਈ ਮਹੀਨਿਆਂ ਤਕ ਜਾਂ ਇਸ ਤੋਂ ਵਧ ਸਮੇਂ ਲਈ ਵੱਖ ਰਹਿਣ ਦਾ ਫੈਸਲਾ ਲੈਂਦੇ ਹਨ ਕਿਉਂਕਿ ਇੱਕ ਸਾਥੀ ਕੰਮ ’ਤੇ ਜਾਂਦਾ ਹੈ ਜਾਂ ਕਿਤੇ ਦੂਰ ਪੜ੍ਹਾਈ ਕਰਦਾ ਹੈ। ਅਜਿਹਾ ਫੈਸਲਾ ਲੈਣ ਤੋਂ ਪਹਿਲਾਂ, ਉਨ੍ਹਾਂ ਨੂੰ ਸੋਚਣਾ

[14] “Spiritual Health and Porn Addiction,” https://thefreedomfight.org/health/porn-addiction-and-spiritual-health/ ਜੁਲਾਈ 31, 2023 ਨੂੰ ਇਸ ਤੋਂ ਲਿਆ ਗਿਆ ਹੈ.

ਚਾਹੀਦਾ ਹੈ ਕਿ ਕੀ ਅਜਿਹੀ ਯੋਜਨਾ ਪਰਮੇਸ਼ੁਰ ਦੀ ਯੋਜਨਾ ਦੇ ਅਨੁਸਾਰ ਹੈ ਜਾਂ ਨਹੀਂ। ਲੰਬੀ ਜੁਦਾਈ ਦੇ ਕਾਰਨ ਉਹ ਜ਼ਰੂਰ ਸਮੱਸਿਆਵਾਂ ਦਾ ਸਾਹਮਣਾ ਕਰਨਗੇ।

ਕਈ ਲੋਕ ਅਜਿਹੀ ਜੀਵਨਸ਼ੈਲੀ ਦੀ ਪਾਲਣਾ ਕਰਨ ਨੂੰ ਤਰਜੀਹ ਦਿੰਦੇ ਹਨ ਜਿਸ ਵਿੱਚ ਬੱਚੇ ਸ਼ਾਮਲ ਨਹੀਂ ਹੁੰਦੇ, ਪਰ ਬਾਈਬਲ ਸਿਖਾਉਂਦੀ ਹੈ ਕਿ ਜਦੋਂ ਮਾਪਿਆਂ ਦੇ ਧਰਮੀ ਬੱਚੇ ਹੁੰਦੇ ਹਨ ਤਾਂ ਪਰਮੇਸ਼ੁਰ ਪ੍ਰਸੰਨ ਹੁੰਦਾ ਹੈ (ਮਲਾਕੀ 2:15)। ਇਸ ਗੱਲ ’ਤੇ ਧਿਆਨ ਦੇਣਾ ਮਹੱਤਵਪੂਰਣ ਹੈ ਕਿ ਪਰਮੇਸ਼ੁਰ ਕੇਵਲ ਇਹ ਨਹੀਂ ਚਾਹੁੰਦਾ ਕਿ ਬੱਚੇ ਪੈਦਾ ਕੀਤੇ ਜਾਣ, ਪਰ ਪਰਮੇਸ਼ੁਰ *ਧਰਮੀ* ਬੱਚੇ ਚਾਹੁੰਦਾ ਹੈ। ਮਾਪਿਆਂ ਨੂੰ ਪਰਮੇਸ਼ੁਰ ਦੁਆਰਾ ਇਸ ਲਈ ਬੁਲਾਇਆ ਗਿਆ ਹੈ ਕਿ ਉਹ ਆਪਣੇ ਬੱਚਿਆਂ ਨੂੰ ਮਸੀਹ ਦਾ ਅਨੁਸਰਣ ਕਰਨਾ ਸਿਖਾਉਣ।

### ਬਾਈਬਲ ਅਧਾਰਤ ਵਿਆਹ ਮਸੀਹ ਲਈ ਹੈ

► ਵਿਦਿਆਰਥੀਆਂ ਨੂੰ ਸਮੂਹ ਲਈ 1 ਪਤਰਸ 3:1-7 ਅਤੇ ਅਫ਼ਸੀਆਂ 5:22-23 ਨੂੰ ਪੜ੍ਹਨਾ ਚਾਹੀਦਾ ਹੈ। ਇਸ ਚਰਚਾ ਦੇ ਦੌਰਾਨ, ਸਮੂਹ ਨੂੰ ਜਾਂਚ ਲਈ ਵਚਨ ਦੇ ਇਨ੍ਹਾਂ ਭਾਗਾਂ ਨੂੰ ਖੋਲ੍ਹ ਕੇ ਰੱਖਣਾ ਚਾਹੀਦਾ ਹੈ।

ਅਫ਼ਸੀਆਂ 5:30-32 ਵਿੱਚ, ਪਵਿੱਤਰ ਆਤਮਾ ਵਿਆਹ ਦੇ ਹੋਰ ਡੂੰਘੇ ਅਰਥ ਦਾ ਖੁਲਾਸਾ ਕਰਦਾ ਹੈ, ਜੋ ਯਿਸੂ ਦੇ ਆਉਣ ਤਕ ਛੁਪਿਆ ਹੋਇਆ ਸੀ। ਵਿਆਹ ਯਿਸੂ ਮਸੀਹ ਅਤੇ ਉਸ ਦੀ ਕਲੀਸਿਯਾ ਵਿਚਲੇ ਰਿਸ਼ਤੇ ਦੀ ਧਰਤੀ ਉੱਤੇ ਇੱਕ ਤਸਵੀਰ ਹੈ, ਇੱਕ ਪ੍ਰਤੀਬਿੰਬ ਹੈ।

ਪੌਲੁਸ ਵਿਸ਼ਵਾਸੀਆਂ ਨੂੰ ਪਵਿੱਤਰ ਆਤਮਾ ਨਾਲ ਭਰਪੂਰ ਹੋਣ ਦਾ ਉਪਦੇਸ਼ ਦਿੰਦੇ ਹੋਏ ਇਸ ਭਾਗ ਨੂੰ ਸ਼ੁਰੂ ਕਰਦਾ ਹੈ (ਅਫ਼ਸੀਆਂ 5:18)। ਇਸੇ ਸੰਦਰਭ ਵਿੱਚ ਉਹ ਵਿਆਹੁਤਾ ਰਿਸ਼ਤੇ ਲਈ ਹੇਠ ਲਿਖਿਆ ਨਿਰਦੇਸ਼ ਦਿੰਦਾ ਹੈ।

**ਆਤਮਾ ਦੇ ਨਾਲ ਭਰਪੂਰ ਦੁਲਹਨ** ਪ੍ਰਭੂ ਵਿੱਚ ਆਪਣੇ ਦੁਲ੍ਹੇ (ਆਪਣੇ “ਸਿਰ”) ਦੇ *ਅਧੀਨ* ਹੋਵੇਗੀ, ਉਸੇ ਤਰ੍ਹਾਂ ਜਿਵੇਂ ਵਿਸ਼ਵਾਸੀ ਮਸੀਹ ਦੇ ਅਧੀਨ ਹੁੰਦੇ ਹਨ (ਅਫ਼ਸੀਆਂ 5:24, 32; 1 ਪਤਰਸ 3:1 ਵੀ ਵੇਖੋ)। ਇਸੇ ਤਰ੍ਹਾਂ ਉਹ ਯਿਸੂ ਲਈ ਅਤੇ ਆਪਣੇ ਪਤੀ ਲਈ ਆਦਰ ਵਿਖਾਉਂਦੀ ਹੈ। ਪਤਨੀ ਨੂੰ ਆਪਣੇ ਪਤੀ ਦੀ ਅਗਵਾਈ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਭਾਵੇਂ ਪਤੀ ਵਿਸ਼ਵਾਸੀ ਨਾ ਵੀ ਹੋਵੇ। ਜੇ ਉਹ ਅਜਿਹਾ ਕਰਦੀ ਹੈ, ਤਾਂ ਉਸ ਦੇ ਅਵਿਸ਼ਵਾਸੀ ਪਤੀ ਦੇ ਵਿਸ਼ਵਾਸੀ ਬਣਨ ਦੀ ਸੰਭਾਵਨਾ ਵਧ ਜਾਂਦੀ ਹੈ।

ਹਰੇਕ ਪਤਨੀ ਲਈ ਇਹ ਮਹੱਤਵਪੂਰਣ ਹੈ ਕਿ ਉਹ ਆਪਣੀ ਅਧੀਨਗੀ ਵਿੱਚ ਪ੍ਰਭੂ ਨੂੰ ਆਪਣੇ ਮਨ ਵਿੱਚ ਰੱਖੇ। ਇਹ ਉਸ ਲਈ ਅਤੇ ਉਸ ਅੱਗੇ ਹੈ ਕਿ ਉਹ ਅਧੀਨ ਹੁੰਦੀ ਹੈ ਅਤੇ ਕੇਵਲ ਆਪਣੇ ਪਤੀ ਦੇ ਲਈ ਨਹੀਂ। ਉਸ ਦੀ ਨਜ਼ਰ ਯਿਸੂ ਉੱਤੇ ਹੈ, ਕੇਵਲ ਉਹੋ ਹੈ ਜਿਸ ਵਿੱਚ ਕੋਈ ਗਲਤੀ ਨਹੀਂ ਹੈ। ਇੱਕ ਪਤਨੀ ਦਾ ਸਵੈ-ਇੱਛਾ ਦੇ ਨਾਲ ਆਪਣੇ ਪਤੀ ਦੇ ਅਧੀਨ ਹੋਣਾ, ਯਿਸੂ ਦੀ ਅਰਾਧਨਾ ਦਾ ਇੱਕ ਕੰਮ ਹੈ।

ਪਿਆਰ ਦੇ ਵਾਂਗ ਹੀ, ਬਾਈਬਲ ਅਧਾਰਤ ਅਧੀਨਗੀ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ। ਬਾਈਬਲ ਅਧਾਰਤ ਅਧੀਨਗੀ ਇੱਕ ਤੋਹਫ਼ਾ ਹੈ ਜੋ ਮਸੀਹ ਲਈ ਆਦਰ ਦੇ ਕਾਰਣ ਪਤਨੀਆਂ ਆਪਣੇ ਪਤੀਆਂ ਨੂੰ ਦਿੰਦੀਆਂ ਹਨ (ਅਫ਼ਸੀਆਂ 5:22-24)। ਹਰੇਕ ਚੀਜ਼ ਵਿੱਚ ਅਧੀਨ ਹੋਣਾ ਯਿਸੂ ਦੀ ਅਰਾਧਨਾ ਕਰਨ ਦਾ ਇੱਕ ਕੰਮ ਹੈ।[15]

ਇੱਕ ਪਤਨੀ ਦਾ ਆਪਣੇ ਪਤੀ ਦੇ ਅਧੀਨ ਹੋਣਾ ਉਸ ਪ੍ਰਤੀ ਆਦਰ (ਅਫ਼ਸੀਆਂ 5:33) ਦਾ ਇੱਕ ਕੰਮ ਹੈ, ਆਤਮਾ ਦੇ ਨਾਲ ਭਰਪੂਰ ਜੀਵਨ ਦੇ ਇੱਕ ਹਿੱਸੇ ਵਜੋਂ (ਅਫ਼ਸੀਆਂ 5:18-21)। ਇਹ ਆਦਰ ਜੋ ਕੋਮਲ ਅਤੇ ਸ਼ਾਂਤ ਆਤਮਾ ਤੋਂ ਆਉਂਦਾ ਹੈ, ਉਹ ਪਰਮੇਸ਼ੁਰ ਦੀ ਨਜ਼ਰ ਵਿੱਚ ਬੇਸ਼ਕੀਮਤੀ ਹੈ (1 ਪਤਰਸ 3:4)।

**ਆਤਮ ਦੇ ਨਾਲ ਭਰਪੂਰ ਦੁਲ੍ਹਾ** ਆਪਣੀ ਪਤਨੀ ਨੂੰ ਓਵੇਂ *ਪਿਆਰ* ਕਰੇਗਾ ਜੀਵਨ ਯਿਸੂ ਕਲੀਸਿਯਾ ਨੂੰ ਪਿਆਰ ਕਰਦਾ ਹੈ (ਅਫ਼ਸੀਆਂ 5:25)। ਦੁਲ੍ਹੇ ਨੂੰ ਉਸ ਨੂੰ ਓਵੇਂ ਹੀ ਪਿਆਰ ਕਰਨਾ ਚਾਹੀਦਾ ਹੈ ਜਿਵੇਂ ਉਹ ਆਪਣੇ ਸਰੀਰ ਨੂੰ ਪਿਆਰ ਕਰਦਾ ਹੈ (ਅਫ਼ਸੀਆਂ 5:28-29)। ਪਤੀ ਨੂੰ ਉਸ ਲਈ ਉਸੇ ਤਰ੍ਹਾਂ ਦਾ ਹੀ ਆਤਮਾ ਨਾਲ ਭਰਪੂਰ ਸਵੈ-ਬਲੀਦਾਨ ਪਰਗਟ ਕਰਨਾ ਚਾਹੀਦਾ ਹੈ ਜਿਵੇਂ ਯਿਸੂ ਨੇ ਆਪਣੀ ਕਲੀਸਿਯਾ ਦੇ ਲਈ ਪਰਗਟ ਕੀਤਾ ਜਦੋਂ ਉਸ ਨੇ ਉਸ ਲਈ ਆਪਣੇ ਆਪ ਨੂੰ ਦੇ ਦਿੱਤਾ। ਇਹ ਪਰਮੇਸ਼ੁਰ ਅੱਗੇ ਅਧੀਨਗੀ ਦਾ ਇੱਕ ਕੰਮ ਹੈ (ਅਫ਼ਸੀਆਂ 5:21)। ਇੱਕ ਟਿੱਪਣੀਕਾਰ ਨੇ ਇਸ ਬਾਰੇ ਇਸ ਤਰ੍ਹਾਂ ਲਿਖਿਆ ਹੈ:

> ਜਿਵੇਂ ਉਸ (ਯਿਸੂ) ਨੇ ਕਲੀਸਿਯਾ ਨੂੰ ਬਚਾਉਣ ਲਈ ਆਪਣੇ ਆਪ ਨੂੰ ਸਲੀਬ ਉੱਤੇ ਦੁੱਖ ਉਠਾਉਣ ਲਈ ਦੇ ਦਿੱਤਾ, ਉਸੇ ਤਰ੍ਹਾਂ ਸਾਨੂੰ ਵੀ ਆਪਣੇ ਆਪ ਦਾ ਇਨਕਾਰ ਕਰਨ ਅਤੇ [ਕਠੋਰ ਮਿਹਨਤ ਅਤੇ ਮੁਸ਼ਕਲਾਂ ਨੂੰ] ਸਹਿਣ ਲਈ ਤਿਆਰ ਰਹਿਣਾ ਚਾਹੀਦਾ ਹੈ, ਤਾਂ ਕਿ ਅਸੀਂ ਪਤਨੀ ਦੀ ਖੁਸ਼ੀ ਨੂੰ ਵਧਾ ਸਕੀਏ। ਇਹ ਪਤੀ ਦਾ ਫਰਜ਼ ਹੈ ਕਿ ਉਸ ਦਾ ਸਾਥ ਦੇਣ ਲਈ (ਲਗਨ ਨਾਲ ਕੰਮ) ਕਰੇ; ਉਸ ਦੀਆਂ ਲੋੜਾਂ ਨੂੰ ਪੂਰਾ ਕਰਨਾ ਲਈ; ਅਤੇ ਉਸ ਦੀ ਬਿਮਾਰੀ ਵਿੱਚ ਉਸ ਦੀ ਦੇਖਭਾਲ ਕਰਨ ਲਈ, ਜੇ ਲੋੜ ਪਵੇ ਤਾਂ ਆਪਣੇ ਅਰਾਮ ਅਤੇ ਚੈਨ ਦਾ ਤਿਆਗ ਕਰੇ; ਖਤਰੇ ਵਿੱਚ ਉਸ ਦੇ ਅੱਗੇ ਜਾਣ ਲਈ; ਜੇ ਉਹ ਕਿਸੇ [ਖਤਰਨਾਕ ਸਥਿੱਤੀ ਵਿੱਚ] ਹੈ ਤਾਂ ਉਸ ਦਾ ਬਚਾਅ ਕਰਨ ਲਈ; ਜਦੋਂ ਉਹ ਚਿੜਚਿੜੀ ਹੈ ਤਾਂ ਉਸ ਨੂੰ ਸਹਿਣ ਕਰਨ ਲਈ; ਜਦੋਂ ਉਹ ਉਸ ਨੂੰ ਦੂਰ ਧੱਕਦੀ ਹੈ ਤਦ ਉਸ ਨੂੰ ਘੁੱਟ ਕੇ ਫੜ੍ਹੀ ਰੱਖਣ ਲਈ; ਜਦੋਂ ਉਹ ਆਤਮਿਕ ਮੁਸ਼ਕਿਲ ਵਿੱਚ ਹੈ ਤਦ ਉਸ ਨਾਲ ਪ੍ਰਾਰਥਨਾ ਕਰਨ ਲਈ; ਅਤੇ ਉਸ ਨੂੰ ਬਚਾਉਣ ਲਈ ਮਰਨ ਵਾਸਤੇ ਤਿਆਰ ਰਹਿਣ ਲਈ। ਅਜਿਹਾ ਕਿਉਂ ਨਹੀਂ ਹੋਣਾ ਚਾਹੀਦਾ? ਜੇ ਉਨ੍ਹਾਂ ਦਾ ਸਮੁੰਦਰੀ ਜਹਾਜ਼ ਤਬਾਹ ਹੋ ਜਾਂਦਾ ਹੈ, ਅਤੇ ਉੱਥੇ ਇੱਕ ਲੱਕੜੀ ਹੈ ਜਿਸ ਉੱਤੇ ਜਾ ਕੇ ਸੁਰੱਖਿਅਤ ਰਿਹਾ ਜਾ ਸਕਦਾ ਹੈ, ਤਾਂ ਕੀ ਉਸ ਨੂੰ ਆਪਣੀ ਪਤਨੀ ਨੂੰ ਉਸ ਉੱਤੇ ਨਹੀਂ ਬਿਠਾਉਣਾ ਚਾਹੀਦਾ, ਅਤੇ ਆਪਣੇ ਲਈ ਸਾਰੇ ਖਤਰਿਆਂ ਵਿੱਚ ਉਸ ਨੂੰ ਸੁਰੱਖਿਅਤ ਨਹੀਂ ਵੇਖਣਾ ਚਾਹੀਦਾ? ਪਰ ਇਸ ਤੋਂ ਵਧਕੇ ਹੋਰ ਵੀ ਹੈ... ਪਤੀ ਨੂੰ ਇਹ ਮਹਿਸੂਸ ਕਰਨਾ ਚਾਹੀਦਾ ਹੈ ਕਿ ਆਪਣੀ ਪਤਨੀ ਦੀ ਮੁਕਤੀ ਦੀ ਭਾਲ ਕਰਨਾ ਉਸ ਦੇ

---

[15] ਬਾਈਬਲ ਅਧਾਰਤ ਅਧੀਨਗੀ ਦੇ ਵਿਸ਼ੇ ਦੀ ਹੋਰ ਵਿਆਖਿਆ ਲਈ, ਪਾਠ 10 ਨੂੰ ਵੇਖੋ *Spiritual Formation*, Shepherds Global Classroom ਤੇ ਉਪਲੱਬਧ ਹੈ.

ਜੀਵਨ ਦਾ ਇੱਕ ਵੱਡਾ ਟੀਚਾ ਹੋਣਾ ਚਾਹੀਦਾ ਹੈ। ਉਸ ਨੂੰ ਆਪਣੀ ਪਤਨੀ ਨੂੰ ਉਹ ਸਭ ਦੇਣਾ ਚਾਹੀਦਾ ਹੈ ਜਿਸ ਦੀ ਉਸ ਨੂੰ ਆਪਣੀ ਆਤਮਾ ਦੇ ਲਈ ਲੋੜ ਹੋਵੇਗੀ... ਅਤੇ ਪਤੀ ਨੂੰ ਮਿਸਾਲ ਕਾਇਮ ਕਰਨੀ ਚਾਹੀਦੀ ਹੈ; ਜੇ ਉਸ ਨੂੰ ਸਲਾਹ ਦੀ ਲੋੜ ਹੈ ਤਾਂ ਉਸ ਨੂੰ ਸਲਾਹ ਦੇਣ ਲਈ; ਅਤੇ ਜਿੰਨਾ ਸੰਭਵ ਹੋ ਸਕੇ ਉਸ ਲਈ ਮੁਕਤੀ ਦਾ ਮਾਰਗ ਸੌਖਾ ਬਣਾਉਣ ਲਈ। ਜੇ ਪਤੀ ਦੇ ਵਿੱਚ ਮੁਕਤੀਦਾਤਾ ਦਾ ਆਤਮਾ ਅਤੇ ਉਸ ਵਰਗਾ ਹੀ ਸਵੈ-ਤਿਆਗ ਹੈ, ਤਾਂ ਉਹ ਆਪਣੇ ਪਰਿਵਾਰ ਦੀ ਮੁਕਤੀ ਦੇ ਲਈ ਕਿਸੇ ਵੀ ਬਲੀਦਾਨ ਨੂੰ ਬਹੁਤ ਵੱਡਾ ਨਹੀਂ ਸਮਝੇਗਾ।[16]

ਦੁਲ੍ਹੇ ਨੂੰ ਆਪਣੀ ਦੁਲਹਨ ਦੀ ਸ਼ੁੱਧਤਾ ਦੀ ਭਾਲ ਕਰਨੀ ਚਾਹੀਦੀ ਹੈ ਜਿਵੇਂ ਮਸੀਹ ਨੇ ਆਪਣੀ ਦੁਲਹਨ, ਕਲੀਸਿਯਾ ਨੂੰ ਸ਼ੁੱਧ ਕੀਤਾ ਹੈ (ਅਫ਼ਸੀਆਂ 5:26-27)।

1 ਪਤਰਸ 3:7 ਵਿੱਚ ਲਿਖਿਆ ਹੈ ਕਿ ਇੱਕ ਪਤੀ ਨੂੰ ਆਪਣੀ ਪਤਨੀ ਨਾਲ ਸਮਝਦਾਰੀ ਨਾਲ ਰਹਿਣਾ ਚਾਹੀਦਾ ਹੈ, ਜਿਸ ਦਾ ਅਰਥ ਹੈ ਕਿ ਉਹ ਆਪਣੀ ਪਤਨੀ ਨੂੰ ਸਮਝਣ ਲਈ ਆਪਣੀ ਪੂਰੀ ਕੋਸ਼ਿਸ਼ ਕਰੇ। ਉਸ ਨੂੰ ਆਪਣੀ ਪਤਨੀ ਨੂੰ ਸਮਝਣਾ ਚਾਹੀਦਾ ਹੈ ਤਾਂ ਕਿ ਉਹ ਆਪਣੀ ਪਤਨੀ ਦੀਆਂ ਲੋੜਾਂ ਨੂੰ ਸਮਝ ਸਕੇ। ਇਸ ਆਇਤ ਵਿੱਚ ਔਰਤ ਨੂੰ "ਕੋਮਲ ਸਰੀਰ" ਆਖਿਆ ਗਿਆ ਹੈ। ਇੱਕ ਪਤਨੀ ਨੂੰ ਲੋੜ ਹੁੰਦੀ ਹੈ ਕਿ ਉਸ ਦਾ ਪਤੀ ਉਸ ਵੱਲ ਧਿਆਨ ਦੇਵੇ। ਉਸ ਨੂੰ ਆਪਣੀ ਪਤਨੀ ਨੂੰ ਕੇਵਲ ਸਰੀਰਕ ਨੁਕਸਾਨ ਤੋਂ ਹੀ ਨਹੀਂ ਬਚਾਉਣਾ ਚਾਹੀਦਾ, ਸਗੋਂ ਉਸ ਨੂੰ ਚਿੰਤਾ ਅਤੇ ਭਾਵਨਾਤਮਕ ਤਣਾਅ ਤੋਂ ਵੀ ਬਚਾਉਣਾ ਚਾਹੀਦਾ ਹੈ।

ਪਤੀ ਨੂੰ ਆਪਣੀ ਪਤਨੀ ਦੇ ਵਧਣ-ਫੁੱਲਣ ਲਈ ਹਰ ਲੋੜੀਂਦਾ ਸਾਧਨ ਪ੍ਰਦਾਨ ਕਰਨਾ ਚਾਹੀਦਾ ਹੈ: ਵਫ਼ਾਦਾਰੀ, ਬਿਨਾਂ ਸ਼ਰਤ ਤੋਂ ਪਿਆਰ, ਸਮਝਣਾ, ਪ੍ਰਾਰਥਨਾ, ਸਲਾਹ, ਸਿਖਾਉਣਾ, ਅਤੇ ਦਿਆਲਗੀ।

ਜਦੋਂ ਪਤੀ ਆਪਣੀ ਪਤਨੀ ਨਾਲ ਅਜਿਹਾ ਪਿਆਰ ਭਰਿਆ ਵਿਹਾਰ ਕਰਦਾ ਹੈ, ਤਾਂ ਉਸ ਨੂੰ ਬਦਲੇ ਵਿੱਚ ਖੁਸ਼ੀ ਮਿਲੇਗੀ। ਪੌਲੁਸ ਆਖਦਾ ਹੈ, "ਜਿਹੜਾ ਆਪਣੀ ਪਤਨੀ ਨਾਲ ਪ੍ਰੇਮ ਕਰਦਾ ਹੈ ਉਹ ਆਪਣੇ ਨਾਲ ਹੀ ਪ੍ਰੇਮ ਕਰਦਾ ਹੈ" (ਅਫ਼ਸੀਆਂ 5:28)। ਜਿਹੜੇ ਪਤੀ ਆਪਣੀਆਂ ਪਤਨੀਆਂ ਨੂੰ ਖੁਦ ਦਾ ਤਿਆਗ ਕਰਦੇ ਹੋਏ ਪਿਆਰ ਕਰਦੇ ਹਨ ਉਨ੍ਹਾਂ ਨੂੰ ਪਰਮੇਸ਼ੁਰ ਦੁਆਰਾ ਵਧੇਰੇ ਫਲ ਦਿੱਤਾ ਜਾਵੇਗਾ, ਅਤੇ ਸਭ ਤੋਂ ਜ਼ਿਆਦਾ ਸੰਭਵਨਾ ਹੈ ਕਿ ਇਹ ਪਤਨੀ ਵੱਲੋਂ ਆਦਰ, ਸਨੇਹ, ਅਤੇ ਵਫ਼ਾਦਾਰੀ ਦੇ ਰੂਪ ਵਿੱਚ ਮਿਲੇਗਾ।

► ਇੱਕ ਪਤੀ ਨੂੰ ਆਪਣੀ ਪਤਨੀ ਨੂੰ ਆਤਮਿਕ ਤੌਰ 'ਤੇ ਸਹਿਯੋਗ ਦੇਣ ਲਈ ਕਿਹੜੇ ਖਾਸ ਕੰਮ ਕਰਨੇ ਚਾਹੀਦੇ ਹਨ?

ਇਹ ਯਾਦ ਰੱਖਣਾ ਮਹੱਤਵਪੂਰਣ ਹੈ ਕਿ ਇਨ੍ਹਾਂ ਆਇਤਾਂ ਵਿੱਚ ਹੁਕਮ ਕਿਵੇਂ ਦਿੱਤੇ ਗਏ ਹਨ। ਪਤੀ ਨੂੰ ਇਹ ਨਹੀਂ ਆਖਿਆ ਗਿਆ ਕਿ ਉਹ ਆਪਣੀ ਪਤਨੀ ਉੱਤੇ ਆਪਣੇ ਅਧਿਕਾਰ ਨੂੰ ਧੱਕੇਸ਼ਾਹੀ ਨਾਲ ਲਾਗੂ ਕਰੇ। ਪਤਨੀ ਨੂੰ ਆਖਿਆ ਗਿਆ ਹੈ ਕਿ ਉਹ ਆਪਣੇ ਪਤੀ ਦੀ ਆਗਿਆ ਮੰਨੇ, ਪਰ ਪਤੀ ਨੂੰ ਇਹ ਨਹੀਂ ਆਖਿਆ ਗਿਆ ਕਿ ਉਹ ਉਸ ਨੂੰ ਆਗਿਆ ਮੰਨਣ ਲਈ ਮਜ਼ਬੂਰ ਕਰੇ। ਉਸ ਨੂੰ ਆਖਿਆ

[16] Albert Barnes, *Barnes' Notes on the Whole Bible*. (ਅਫ਼ਸੀਆਂ ਨੂੰ 5:25 ਬਾਰੇ ਨੋਟਸ).
https://studylight.org/commentaries/eng/bnb/ephesians-5.html ਜੁਲਾਈ 31, 2023 ਨੂੰ ਇਸ ਤੋਂ ਲਿਆ ਗਿਆ.

ਗਿਆ ਹੈ ਕਿ ਉਹ ਆਪਣੀ ਪਤਨੀ ਨੂੰ ਪਿਆਰ ਕਰੇ ਅਤੇ ਉਸ ਦੀ ਦੇਖਭਾਲ ਕਰਨ ਲਈ ਲੋੜੀਂਦਾ ਤਿਆਗ ਕਰੇ। ਇਸੇ ਤਰ੍ਹਾਂ ਹੀ, ਪਤਨੀ ਨੂੰ ਇਹ ਨਹੀਂ ਆਖਿਆ ਗਿਆ ਕਿ ਉਹ ਆਪਣੇ ਪਤੀ ਤੋਂ ਦੇਖਭਾਲ ਦੀ ਮੰਗ ਕਰੇ; ਉਸ ਨੂੰ ਆਖਿਆ ਗਿਆ ਹੈ ਕਿ ਉਹ ਆਪਣੇ ਪਤੀ ਦਾ ਆਦਰ ਕਰੇ।

ਪਤੀ ਤਰਜੀਹ ਇਹ ਨਹੀਂ ਹੋਣੀ ਚਾਹੀਦੀ ਕਿ ਉਸ ਨੇ ਆਪਣੇ ਅਧਿਕਾਰ ਨੂੰ ਬਣਾਕੇ ਰੱਖਣਾ ਹੈ, ਸਗੋਂ ਪਿਆਰ ਦੇ ਨਾਲ ਦੇਖਭਾਲ ਕਰਨਾ ਉਸ ਦੀ ਤਰਜੀਹ ਹੋਣੀ ਚਾਹੀਦੀ ਹੈ। ਪਤਨੀ ਦੀ ਤਰਜੀਹ ਇਹ ਨਹੀਂ ਹੋਣੀ ਚਾਹੀਦੀ ਕਿ ਉਹ ਆਪਣੇ ਪਤੀ ਤੋਂ ਦੇਖਭਾਲ ਕਰਨ ਦੀ ਮੰਗ ਕਰੇ, ਸਗੋਂ ਉਸ ਦੀ ਤਰਜੀਹ ਆਪਣੇ ਪਤੀ ਦਾ ਆਦਰ ਕਰਨਾ ਹੋਣੀ ਚਾਹੀਦੀ ਹੈ।

ਰਸੂਲ ਪਤਰਸ ਪਤੀ ਨੂੰ ਚੇਤਾਵਨੀ ਦਿੰਦਾ ਹੈ ਕਿ ਜੇ ਉਹ ਆਪਣੀ ਪਤਨੀ ਦੀ ਚੰਗੀ ਤਰ੍ਹਾਂ ਦੇਖਭਾਲ ਨਹੀਂ ਕਰਦਾ ਹੈ ਤਾਂ ਉਸ ਦੀਆਂ ਪ੍ਰਾਰਥਨਾਵਾਂ ਵਿੱਚ ਰੁਕਾਵਟ ਆ ਜਾਵੇਗੀ। ਪੌਲੁਸ ਅਤੇ ਪਤਰਸ ਦੇ ਸ਼ਬਦਾਂ ਤੋਂ ਅਸੀਂ ਵੇਖ ਸਕਦੇ ਹਾਂ ਕਿ ਇੱਕ ਆਦਮੀ ਜੋ ਆਪਣੀ ਪਤਨੀ ਦੀ ਦੇਖਭਾਲ ਉਸ ਤਰ੍ਹਾਂ ਨਹੀਂ ਕਰਦਾ ਜਿਵੇਂ ਉਸ ਨੂੰ ਕਰਨੀ ਚਾਹੀਦੀ ਹੈ, ਉਹ ਵਿਅਕਤੀ ਪਰਮੇਸ਼ੁਰ ਨੂੰ ਓਵੇਂ ਪਿਆਰ ਨਹੀਂ ਕਰਦਾ ਜਿਵੇਂ ਉਸ ਨੂੰ ਕਰਨਾ ਚਾਹੀਦਾ ਹੈ। ਇੱਕ ਔਰਤ ਜੋ ਆਪਣੇ ਪਤੀ ਦਾ ਆਦਰ ਨਹੀਂ ਕਰਦੀ ਹੈ ਉਹ ਪਰਮੇਸ਼ੁਰ ਦਾ ਆਦਰ ਓਵੇਂ ਨਹੀਂ ਕਰਦੀ ਜਿਵੇਂ ਉਸ ਨੂੰ ਕਰਨਾ ਚਾਹੀਦਾ ਹੈ। **ਵਿਆਹੁਤਾ ਰਿਸ਼ਤੇ ਵਿੱਚ ਸਾਡਾ ਵਿਹਾਰ ਪਰਮੇਸ਼ੁਰ ਨਾਲ ਸਾਡੇ ਰਿਸ਼ਤੇ ਨੂੰ ਪ੍ਰਭਾਵਿਤ ਕਰਦਾ ਹੈ।**

### ਵਿਆਹ ਦੀ ਸਥਿਰਤਾ

ਪਰਮੇਸ਼ੁਰ ਨੇ ਵਿਆਹ ਨੂੰ ਸਥਾਈ ਹੋਣ ਲਈ ਰਚਿਆ ਹੈ। ਇੱਕ ਵਿਆਹੁਤਾ ਰਿਸ਼ਤੇ ਵਿੱਚ, ਇੱਕ ਆਦਮੀ ਅਤੇ ਇੱਕ ਔਰਤ ਇੱਕ ਦੂਸਰੇ ਨਾਲ ਵਾਇਦਾ ਕਰਦੇ ਹਨ ਕਿ ਜਦੋਂ ਤਕ ਉਹ ਜੀਉਂਦੇ ਹਨ ਤਦ ਉਹ ਇੱਕ ਦੂਸਰੇ ਪ੍ਰਤੀ ਵਫ਼ਾਦਾਰ ਰਹਿਣਗੇ।

ਬਾਈਬਲ ਵਿੱਚ ਵਿਆਹ ਬਾਰੇ ਯਿਸੂ ਦੇ ਸ਼ਬਦਾਂ ਦਾ ਵਰਣਨ ਕੀਤਾ ਗਿਆ ਹੈ, ਜੋ ਸ਼ਬਦ ਉਸ ਨੇ ਫ਼ਰੀਸੀਆਂ ਨਾਲ ਗੱਲਬਾਤ ਕਰਦੇ ਹੋਏ ਬੋਲੇ ਸਨ।

► ਇੱਕ ਵਿਦਿਆਰਥੀ ਨੂੰ ਸਮੂਹ ਲਈ ਮੱਤੀ 19:3-8 ਨੂੰ ਪੜ੍ਹਨਾ ਚਾਹੀਦਾ ਹੈ।

ਯਿਸੂ ਨੇ ਆਖਿਆ ਕਿ ਪਰਮੇਸ਼ੁਰ ਦਾ ਇਰਾਦਾ ਸੀ ਕਿ ਵਿਆਹ ਸਥਾਈ ਹੋਵੇ। ਉਸ ਨੇ ਆਖਿਆ ਕਿ ਤਲਾਕ ਦੀ ਇਜਾਜ਼ਤ ਉਨ੍ਹਾਂ ਲਈ ਦਿੱਤੀ ਗਈ ਸੀ ਜੋ ਪਰਮੇਸ਼ੁਰ ਦੇ ਮਗਰ ਨਹੀਂ ਚੱਲਦੇ ਹਨ।

ਇਸ ਦੇ ਕਈ ਕਾਰਣ ਹਨ ਕਿ ਪਰਮੇਸ਼ੁਰ ਨੇ ਵਿਆਹ ਨੂੰ ਸਥਾਈ ਹੋਣ ਦੇ ਲਈ ਰਚਿਆ ਹੈ, ਜਿਨ੍ਹਾਂ ਵਿੱਚੋਂ ਕੁਝ ਬਾਰੇ ਅਸੀਂ ਪਿਛਲੇ ਭਾਗ ਵਿੱਚ ਗੱਲ ਕੀਤੀ ਹੈ। ਵਿਆਹ ਸਥਾਈ ਹੋਣਾ ਚਾਹੀਦਾ ਹੈ, ਇਸ ਦਾ ਇੱਕ ਹੋਰ ਕਾਰਣ ਬੱਚਿਆਂ ਦੀ ਭਲਾਈ ਹੈ। ਵਿਆਹ ਸੰਬੰਧੀ ਪਰਮੇਸ਼ੁਰ ਦੀ ਯੋਜਨਾ ਪ੍ਰਤੀ ਆਗਿਆਕਾਰੀ ਹੋਣਾ ਬੱਚਿਆਂ ਦੀ ਪਰਵਰਿਸ਼ ਲਈ ਇੱਕ ਉੱਤਮ ਮਹੌਲ ਨੂੰ ਸਿਰਜਦਾ ਹੈ। ਜਦੋਂ ਮਾਪੇ

ਆਪਣੇ ਵਿਆਹੁਤਾ ਰਿਸ਼ਤੇ ਵਿੱਚ ਅਤੇ ਪਰਿਵਾਰ ਵਿੱਚ ਪਰਮੇਸ਼ੁਰ ਦੇ ਸਿਧਾਤਾਂ ਦੀ ਪਾਲਣਾ ਕਰਦੇ ਹੋਏ ਉਸ ਦਾ ਆਦਰ ਕਰਦੇ ਹਨ, ਤਾਂ ਉਨ੍ਹਾਂ ਦੇ ਬੱਚੇ ਧਰਮੀ ਹੋਣਗੇ (ਮਲਾਕੀ 2:15)।

ਪਰਮੇਸ਼ੁਰ ਨੇ ਮਨੁੱਖੀ ਜੀਵਨ ਨੂੰ ਇਸ ਤਰ੍ਹਾਂ ਰਚਿਆ ਹੈ ਕਿ ਬੱਚੇ ਦੇ ਬਾਲਗ ਹੋਣ ਵਿੱਚ ਕਈ ਸਾਲ ਲੱਗ ਜਾਂਦੇ ਹਨ। ਇਸ ਸਮੇਂ ਦੌਰਾਨ, ਬੱਚੇ ਸੁਰੱਖਿਆ, ਮੁਹੱਈਆ ਕਰਾਉਣ, ਅਤੇ ਸਿਖਲਾਈ ਲਈ ਮਾਪਿਆਂ ਉੱਤੇ ਨਿਰਭਰ ਹੁੰਦੇ ਹਨ। ਇਹ ਜਾਨਵਰਾਂ ਦੇ ਨਾਲੋਂ ਵੱਖਰਾ ਹੈ ਕਿਉਂਕਿ ਉਹ ਇੱਕ ਜਾਂ ਦੋ ਸਾਲਾਂ ਵਿੱਚ ਹੀ ਪਰਿਪੱਕ ਹੋ ਜਾਂਦੇ ਹਨ। ਲੋਕਾਂ ਨੂੰ ਪਰਿਪੱਕ ਚਰਿੱਤਰ ਨੂੰ ਵਿਕਸਤ ਕਰਨ ਲਈ ਜ਼ਿਆਦਾ ਸਮੇਂ ਦੀ ਲੋੜ ਹੁੰਦੀ ਹੈ। ਪਰਮੇਸ਼ੁਰ ਨੇ ਪਰਿਵਾਰ ਨੂੰ ਬੱਚਿਆਂ ਦੀ ਪਰਵਰਿਸ਼ ਦੇ ਇੱਕ ਸਾਧਨ ਦੇ ਰੂਪ ਵਿੱਚ ਰਚਿਆ ਹੈ। ਸਮਾਜ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਅਜਿਹੇ ਪਰਿਵਾਰਾਂ ਦੀ ਘਾਟ ਦੇ ਕਾਰਣ ਪੈਦਾ ਹੁੰਦੀਆਂ ਹਨ, ਜਿਨ੍ਹਾਂ ਪਰਿਵਾਰਾਂ ਵਿੱਚ ਵਫ਼ਾਦਾਰ ਮਾਪੇ ਹੋਣ।

ਵਿਆਹੁਤਾ ਰਿਸ਼ਤਾ ਮੰਗ ਕਰਦਾ ਹੈ ਕਿ ਲੋਕ ਇੱਕ ਦੂਸਰੇ ਲਈ ਆਪਣੇ ਪੂਰੇ ਜੀਵਨ ਨੂੰ ਸਮਰਪਿਤ ਕਰਦੇ ਹੋਏ ਇੱਕ ਵਾਇਦਾ ਕਰਨ। ਹਰੇਕ ਸੱਭਿਆਚਾਰ ਵਿੱਚ ਵਿਆਹ ਦੀਆਂ ਆਪਣੀਆਂ ਕਿਸਮਾਂ ਅਤੇ ਰਸਮਾਂ ਹੁੰਦੀਆਂ ਹਨ ਜੋ ਵਿਖਾਉਂਦੀਆਂ ਹਨ ਕਿ ਵਿਆਹ ਇੱਕ ਗੰਭੀਰ ਸਮਰਪਣ ਹੈ। ਰਸਮ, ਇੱਕ ਆਦਮੀ ਅਤੇ ਔਰਤ ਲਈ ਜਨਤਕ ਤੌਰ ’ਤੇ ਇਹ ਘੋਸ਼ਣਾ ਕਰਨ ਦਾ ਢੰਗ ਹੁੰਦੀ ਹੈ ਕਿ ਉਹ ਇਹ ਜੀਵਨ ਭਰ ਦਾ ਸਮਰਪਣ ਕਰ ਰਹੇ ਹਨ।

ਜ਼ਿਆਦਾਤਰ ਸਰਕਾਰਾਂ ਵਿਆਹਾਂ ਦੇ ਰਿਕਾਰਡ ਰੱਖਦੀਆਂ ਹਨ। ਵਿਆਹ ਸੰਬੰਧੀ ਕਨੂੰਨ ਸੰਪਤੀ ਦੀ ਮਲਕੀਅਤ, ਬੱਚਿਆਂ ਦੀ ਪਰਵਰਿਸ਼, ਅਤੇ ਵਿਰਾਸਤ ਨੂੰ ਪ੍ਰਭਾਵਿਤ ਕਰਦੇ ਹਨ।

ਇੱਥੇ ਵਿਆਹ ਦੀਆਂ ਸੌਂਹਾਂ ਦੀ ਇੱਕ ਉਦਾਹਰਣ ਹੈ ਜਿਸ ਨੂੰ ਬਹੁਤ ਸਾਰੇ ਵਿਆਹਾਂ ਲਈ ਵਰਤਿਆ ਗਿਆ ਹੈ:

> ਮੈਂ ਤੁਹਾਨੂੰ ਆਪਣੇ [ਪਤੀ/ਪਤਨੀ] ਵਜੋਂ ਸਵੀਕਾਰ ਕਰਦੀ/ਕਰਦਾਂ ਹਾਂ, ਅੱਜ ਤੋਂ ਬਾਅਦ, ਹਰ ਸੁੱਖ-ਦੁੱਖ ਵਿੱਚ, ਅਮੀਰੀ ਅਤੇ ਗਰੀਬੀ ਵਿੱਚ, ਬਿਮਾਰੀ ਅਤੇ ਤੰਦਰੁਸਤੀ ਵਿੱਚ, ਪਰਮੇਸ਼ੁਰ ਦੇ ਆਦੇਸ਼ ਅਨੁਸਾਰ ਮੈਂ ਤੁਹਾਨੂੰ ਪਿਆਰ ਕਰਾਂਗਾ/ਕਰਾਂਗੀ ਅਤੇ ਤੁਹਾਡੇ ਨਾਲ ਰਹਾਂਗਾ/ਰਹਾਂਗੀ; ਅਤੇ ਇਸ ਲਈ ਮੈਂ ਅੱਜ ਸਹੁੰ ਚੁੱਕਦੀ/ਚੁੱਕਦਾ ਹਾਂ।

ਰੋਮਾਂਟਿਕ ਭਾਵਨਾਵਾਂ ਹਰ ਸਮੇਂ ਇੱਕੋ ਜਿਹੀਆਂ ਨਹੀਂ ਰਹਿਣਗੀਆਂ। ਨਿੱਜੀ ਭਾਵਨਾਵਾਂ ਵਿਆਹ ਦਾ ਅਧਾਰ ਨਹੀਂ ਹੋ ਸਕਦੀਆਂ ਕਿਉਂਕਿ ਉਹ ਬਦਲ ਸਕਦੀਆਂ ਹਨ। ਵਿਆਹ ਦੀਆਂ ਸੌਂਹਾਂ ਦਾ ਮਤਲਬ ਹੈ ਕਿ ਇੱਕ ਆਦਮੀ ਅਤੇ ਇੱਕ ਔਰਤ ਇੱਕ ਦੂਸਰੇ ਨਾਲ ਵਾਇਦਾ ਕਰ ਰਹੇ ਹਨ ਕਿ ਜਦੋਂ ਤਕ ਉਹ ਜੀਉਂਦੇ ਹਨ ਤਦ ਤਕ ਉਹ ਇੱਕ ਦੂਸਰੇ ਪ੍ਰਤੀ ਵਫ਼ਾਦਾਰ ਰਹਿਣਗੇ, ਅਤੇ ਇਸ ਵਾਇਦੇ ਵਿੱਚ ਕੋਈ ਵੀ ਸ਼ਰਤਾਂ ਨਹੀਂ ਹਨ।

ਵਿਆਹ ਦੀ ਸਥਿਰਤਾ ਦੇ ਕਾਰਨ, ਮਸੀਹੀਆਂ ਨੂੰ ਕਦੇ ਵੀ ਅਜਿਹੇ ਕਥਨ ਨਹੀਂ ਬੋਲਣੇ ਚਾਹੀਦੇ ਜਿਨ੍ਹਾਂ ਤੋਂ ਸਪਸ਼ਟ ਹੁੰਦਾ ਹੈ ਕਿ ਉਹ ਰਿਸ਼ਤਿਆਂ ਵਿੱਚ ਸਮੱਸਿਆਵਾਂ ਦੇ ਕਾਰਨ ਆਪਣੇ ਵਿਆਹੁਤਾ ਰਿਸ਼ਤੇ ਨੂੰ ਸਮਾਪਤ ਕਰਨਾ ਚਾਹੁੰਦੇ ਹਨ। ਇੱਕ ਵਿਅਕਤੀ ਨੂੰ ਇਹ

ਨਹੀਂ ਆਖਣਾ ਚਾਹੀਦਾ, "ਕਾਸ਼ ਮੈਂ ਤੇਰੇ ਨਾਲ ਵਿਆਹ ਨਾ ਕਰਾਉਂਦਾ/ਕਰਾਉਂਦੀ," ਜਾਂ "ਸ਼ਾਇਦ ਸਾਨੂੰ ਤਲਾਕ ਲੈਣਾ ਚਾਹੀਦਾ ਹੈ।" ਕਈ ਵਾਰ ਅਜਿਹੇ ਕਥਨ ਦੂਸਰੇ ਵਿਅਕਤੀ ਨੂੰ ਭਰਮਾਉਣ ਲਈ ਹੁੰਦੇ ਹਨ ਜਿਵੇਂ ਕਿ ਇਸ ਤਰ੍ਹਾਂ ਵਿਖਾਉਣਾ ਕਿ ਉਸ ਨੂੰ ਵਿਆਹੁਤਾ ਰਿਸ਼ਤੇ ਦੀ ਬਹੁਤ ਪਰਵਾਹ ਹੈ। ਇੱਕ ਵਿਅਕਤੀ ਸੋਚਦਾ ਹੈ ਕਿ ਅਜਿਹੇ ਕਠੋਰ ਕਥਨ ਦੇ ਕਾਰਨ ਦੂਸਰਾ ਵਿਅਕਤੀ ਆਪਣੇ ਜੀਵਨ ਸਾਥੀ ਨੂੰ ਪ੍ਰਸੰਨ ਕਰਨ ਦੀ ਪੂਰੀ ਕੋਸ਼ਿਸ਼ ਕਰੇਗਾ, ਪਰ ਇਸ ਤਰ੍ਹਾਂ ਘੱਟ ਹੀ ਹੁੰਦਾ ਹੈ। ਇਸ ਦੇ ਬਜਾਏ, ਦੂਸਰਾ ਵਿਅਕਤੀ ਇਹ ਆਖਣ ਨਾਲ ਆਪਣਾ ਬਚਾਅ ਕਰਦਾ ਹੈ, "ਠੀਕ ਹੈ, ਜੇ ਤੁਸੀਂ ਚਾਹੁੰਦੇ ਹੋ ਤਾਂ ਆਪਾਂ ਤਲਾਕ ਲੈ ਸਕਦੇ ਹਾਂ।" ਤਾਂ ਦੋਵਾਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਉਹ ਆਪਣੀਆਂ ਖੁਦ ਦੀਆਂ ਇੱਛਾਵਾਂ ਦੇ ਕਾਰਨ ਵਿਆਹੁਤਾ ਰਿਸ਼ਤੇ ਨੂੰ ਸਮਾਪਤ ਕਰਨ ਲਈ ਤਿਆਰ ਹਨ, ਅਤੇ ਰਿਸ਼ਤਾ ਹੋਰ ਖਰਾਬ ਹੁੰਦਾ ਜਾਂਦਾ ਹੈ।

► ਕਿਉਂ ਇੱਕ ਵਿਆਹ ਸੌਂਹਾਂ ਦੇ ਨਾਲ ਸ਼ੁਰੂ ਹੁੰਦਾ ਹੈ ਅਤੇ ਕੇਵਲ ਪਿਆਰ ਦੇ ਇੱਕ ਕਥਨ ਨਾਲ ਹੀ ਸ਼ੁਰੂ ਕਿਉਂ ਨਹੀਂ ਹੁੰਦਾ?

► ਕੀ ਤੁਹਾਡੇ ਵਿੱਚੋਂ ਕੋਈ ਇਹ ਸਾਂਝਾ ਕਰਨਾ ਚਾਹੇਗਾ ਕਿ ਕਿਵੇਂ ਉਹ ਲਾਭਾਂ ਦੀ ਉਮੀਦ ਕਰਦੇ ਹੋਏ ਵਿਆਹੁਤਾ ਰਿਸ਼ਤੇ ਵਿੱਚ ਸ਼ਾਮਲ ਹੋਏ, ਪਰ ਲੋੜੀਂਦੇ ਸਮਰਪਣ ਨੂੰ ਸਮਝਿਆ ਹੀ ਨਹੀਂ?

## ਮਸੀਹੀ ਸਾਂਝੇਦਾਰੀ ਦੇ ਤੌਰ 'ਤੇ ਵਿਆਹ

► ਇੱਕ ਵਿਦਿਆਰਥੀ ਨੂੰ ਸਮੂਹ ਲਈ 2 ਕੁਰਿੰਥੀਆਂ 6:14-18 ਨੂੰ ਪੜ੍ਹਨਾ ਚਾਹੀਦਾ ਹੈ।

ਇਹ ਆਇਤਾਂ ਸਾਨੂੰ ਦੱਸਦੀਆਂ ਹਨ ਕਿ ਅਵਿਸ਼ਵਾਸੀਆਂ ਦੇ ਨਾਲ ਜ਼ਿਆਦਾ ਨੇੜਤਾ ਰੱਖਣ ਦੇ ਕਾਰਨ ਇੱਕ ਵਿਸ਼ਵਾਸੀ ਦੇ ਸਮਰਪਣ ਵਿੱਚ ਰੁਕਾਵਟ ਆ ਜਾਂਦੀ ਹੈ। ਜਿਵੇਂ ਇੱਕ ਵਿਸ਼ਵਾਸੀ ਉਸ ਵਿਅਕਤੀ ਦੇ ਨਾਲ ਅਰਾਧਨਾ ਨਹੀਂ ਕਰ ਸਕਦਾ ਜੋ ਸ਼ਤਾਨ ਦੀ ਅਰਾਧਨਾ ਕਰਦਾ ਹੈ, ਓਵੇਂ ਹੀ ਉਹ ਅਵਿਸ਼ਵਾਸੀਆਂ ਦੀ ਜੀਵਨ ਸ਼ੈਲੀ ਅਤੇ ਉਨ੍ਹਾਂ ਦੀਆਂ ਤਰਜੀਹਾਂ ਦਾ ਅਨੁਸਰਣ ਨਹੀਂ ਕਰ ਸਕਦਾ। ਇਸ ਚੇਤਾਵਨੀ ਨੂੰ ਕਈ ਪ੍ਰਕਾਰ ਦੇ ਰਿਸ਼ਤਿਆਂ ਉੱਤੇ ਲਾਗੂ ਕੀਤਾ ਜਾ ਸਕਦਾ ਹੈ, ਜਿਸ ਵਿੱਚ ਵਪਾਰਕ ਸਾਂਝੇਦਾਰੀਆਂ ਵੀ ਸ਼ਾਮਲ ਹਨ।

ਵਿਆਹੁਤਾ ਰਿਸ਼ਤਾ ਸਭ ਤੋਂ ਕਰੀਬੀ ਮਨੁੱਖੀ ਸਾਂਝੇਦਾਰੀ ਹੈ। ਇੱਕ ਵਿਸ਼ਵਾਸੀ ਨੂੰ ਕਿਸੇ ਅਜਿਹੇ ਨਾਲ ਵਿਆਹ ਕਰਨ ਬਾਰੇ ਸੋਚਣਾ ਵੀ ਨਹੀਂ ਚਾਹੀਦਾ ਜੋ ਇੱਕ ਸਮਰਪਿਤ ਵਿਸ਼ਵਾਸੀ ਨਹੀਂ ਹੈ (1 ਕੁਰਿੰਥੀਆਂ 7:39)। ਇੱਕ ਅਵਿਸ਼ਵਾਸੀ ਦੇ ਨਾਲ ਵਿਆਹਿਆ ਹੋਇਆ ਵਿਸ਼ਵਾਸੀ ਬੱਚਿਆਂ ਦੀ ਪਰਵਰਿਸ਼ ਕਰਨ ਅਤੇ ਜੀਵਨ ਸ਼ੈਲੀ ਸੰਬੰਧੀ ਫੈਸਲੇ ਲੈਣ ਵਿੱਚ ਜ਼ਿਆਦਾ ਦੁੱਖ ਅਤੇ ਬਹੁਤ ਸਾਰੀਆਂ ਰੁਕਾਵਟਾਂ ਦਾ ਅਨੁਭਵ ਕਰੇਗਾ।

ਜੇ ਪਤੀ ਅਤੇ ਪਤਨੀ ਦੋਵੇਂ ਹੀ ਵਿਸ਼ਵਾਸੀ ਹਨ ਪਰ ਉਹ ਵੱਖ-ਵੱਖ ਕਲੀਸਿਯਾਵਾਂ ਨਾਲ ਸੰਬੰਧ ਰੱਖਦੇ ਹਨ, ਤਾਂ ਉਨ੍ਹਾਂ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਮਹੱਤਵਪੂਰਣ ਆਤਮਿਕ ਮੁੱਦਿਆਂ ਬਾਰੇ ਸਹਿਮਤ ਹਨ। ਉਨ੍ਹਾਂ ਨੂੰ ਵਿਆਹ ਤੋਂ ਬਾਅਦ ਉਸੇ ਸਥਾਨਿਕ ਕਲੀਸਿਯਾ ਦਾ ਹਿੱਸਾ ਬਣਨ ਦੀ ਯੋਜਨਾ ਬਣਾਉਣੀ ਚਾਹੀਦੀ ਹੈ।

## ਉਹ ਤਰੀਕੇ ਜਿਨ੍ਹਾਂ ਦੁਆਰਾ ਜੋੜੇ ਆਪਣੇ ਵਿਆਹੁਤਾ ਰਿਸ਼ਤੇ ਨੂੰ ਮਜ਼ਬੂਤ ਬਣਾ ਸਕਦੇ ਹਨ

### (1) ਉਨ੍ਹਾਂ ਨੂੰ ਪਰਮੇਸ਼ੁਰ ਦੀ ਮੂਲ ਬਣਤਰ ਵਿੱਚ ਖੁਸ਼ ਹੋਣਾ ਚਾਹੀਦਾ ਹੈ ਅਤੇ ਵਿਆਹੁਤਾ ਰਿਸ਼ਤੇ ਵਿੱਚ ਆਪਣੀਆਂ ਅਨੋਖੀਆਂ ਭੂਮਿਕਾਵਾਂ ਦੀ ਕਦਰ ਕਰਨੀ ਚਾਹੀਦੀ ਹੈ।

ਇੱਕ ਪਤੀ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਸ ਦੀ ਪਤਨੀ ਪਰਮੇਸ਼ੁਰ ਵੱਲੋਂ ਇੱਕ ਤੋਹਫ਼ਾ ਹੈ, ਇੱਕ ਸਹਾਇਕਣ ਜੋ ਉਸ ਨੂੰ ਪੂਰਾ ਕਰਦੀ ਹੈ। ਉਸ ਨੂੰ ਆਪਣੀ ਪਤਨੀ ਦੀ ਸੁਰੱਖਿਆ ਅਤੇ ਉਸ ਦੀ ਆਤਮਿਕ, ਭਾਵਨਾਤਮਕ, ਅਤੇ ਸਰੀਰਕ ਤੰਦਰੁਸਤੀ ਦੇ ਲਈ ਆਪਣੇ ਜੀਵਨ ਨੂੰ ਦੇਣਾ ਚਾਹੀਦਾ ਹੈ। ਉਸ ਨੂੰ ਤਦ ਵੀ ਉਸ ਲਈ ਸ਼ੁਕਰਗੁਜਾਰ ਹੋਣ ਅਤੇ ਉਸ ਨੂੰ ਪਿਆਰ ਕਰਨ ਦੀ ਚੋਣ ਕਰਨੀ ਚਾਹੀਦੀ ਹੈ ਜਦੋਂ ਉਹ ਇਸ ਦੇ ਲਾਇਕ ਵੀ ਨਹੀਂ ਹੈ, ਇਹ ਜਾਣਦੇ ਹੋਏ ਕਿ ਕੇਵਲ ਪਰਮੇਸ਼ੁਰ ਹੀ ਉਸ ਨੂੰ ਬਦਲ ਸਕਦਾ ਹੈ ਜੋ ਉਸ ਵਿੱਚ ਬਦਲਣ ਦੀ ਲੋੜ ਹੈ। ਪਰਮੇਸ਼ੁਰ ਪਤੀ ਨੂੰ ਉਸ ਦੀ ਆਗਿਆਕਾਰੀ ਅਤੇ ਉਸ ਦੇ ਵਿਸ਼ਵਾਸ ਲਈ ਆਦਰ ਦੇਵੇਗਾ।

ਇੱਕ ਪਤਨੀ ਨੂੰ ਚਾਹੀਦਾ ਹੈ ਕਿ ਪਤੀ ਨੂੰ ਉਸ ਦੇ ਸਿਰ ਵਜੋਂ ਠਹਿਰਾਏ ਜਾਣ ਦੇ ਪਰਮੇਸ਼ੁਰ ਦੇ ਫੈਸਲੇ ਦਾ ਆਦਰ ਕਰੇ, ਉਸ ਨੂੰ ਹਰ ਸੰਭਵ ਢੰਗ ਨਾਲ ਪਤੀ ਲਈ ਆਦਰ ਪਰਗਟ ਕਰਨਾ ਚਾਹੀਦਾ ਹੈ, ਅਤੇ ਉਸ ਦੀ ਅਗਵਾਈ ਦਾ ਆਦਰ ਕਰਨਾ ਚਾਹੀਦਾ ਹੈ। ਉਸ ਨੂੰ ਤਦ ਵੀ ਅਧੀਨਗੀ ਅਤੇ ਆਦਰ ਕਰਨ ਦੀ ਚੋਣ ਕਰਨੀ ਚਾਹੀਦੀ ਹੈ ਜਦੋਂ ਉਹ ਗਲਤੀਆਂ ਕਰਦਾ ਹੈ ਅਤੇ ਇਸ ਦੇ ਲਾਇਕ ਨਹੀਂ ਹੈ, ਪ੍ਰਾਰਥਨਾ ਕਰਦੇ ਹੋਏ ਕਿ ਪਰਮੇਸ਼ੁਰ ਉਹ ਬਦਲੇਗਾ ਜੋ ਉਸ ਵਿੱਚ ਬਦਲਣ ਦੀ ਲੋੜ ਹੈ। ਪਰਮੇਸ਼ੁਰ ਪਤਨੀ ਨੂੰ ਉਸ ਦੀ ਆਗਿਆਕਾਰੀ ਅਤੇ ਉਸ ਦੇ ਵਿਸ਼ਵਾਸ ਲਈ ਆਦਰ ਦੇਵੇਗਾ।

### (2) ਵਿਆਹੇ ਹੋਏ ਜੋੜਿਆਂ ਨੂੰ ਸੱਚੀ ਆਤਮਿਕ ਅਤੇ ਸਰੀਰਕ ਨੇੜਤਾ ਬਣਾਉਣੀ ਚਾਹੀਦੀ ਹੈ।

ਉਨ੍ਹਾਂ ਨੂੰ ਬਿਨਾਂ ਕਿਸੇ ਡਰ, ਅਲੋਚਨਾ, ਇੱਕ ਦੂਸਰੇ ਨਾਲ ਤੁਲਨਾ, ਸ਼ੋਸ਼ਣ, ਸਵਾਰਥੀ ਕਾਮਨਾ, ਜਾਂ ਬਿਨਾਂ ਕਿਸੇ ਜਲਾਲਤ ਦੇ ਇੱਕ ਦੂਸਰੇ ਨੂੰ *ਜਾਣਨ*ਦੀ ਭਾਲ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਪਰਮੇਸ਼ੁਰ ਅਤੇ ਇੱਕ ਦੂਸਰੇ ਦੇ ਸਾਹਮਣੇ ਪਾਰਦਰਸ਼ਿਤਾ ਅਤੇ ਇਮਾਨਦਾਰੀ ਦੇ ਨਾਲ ਰਹਿਣਾ ਚਾਹੀਦਾ ਹੈ।

### (3) ਜਦੋਂ ਵਿਆਹੇ ਹੋਏ ਜੋੜੇ ਆਪਣੀਆਂ ਉਮੀਦਾਂ ’ਤੇ ਖਰੇ ਉੱਤਰਣ ਵਿੱਚ ਅਸਫ਼ਲ ਰਹਿੰਦੇ ਹਨ, ਤਦ ਉਨ੍ਹਾਂ ਨੂੰ ਪਰਮੇਸ਼ੁਰ ਦੀ ਕਿਰਪਾ ਦੇ ਉਦਾਹਰਣ ਦਾ ਅਨੁਸਰਣ ਕਰਨਾ ਚਾਹੀਦਾ ਹੈ।

ਜਦੋਂ ਆਦਮ ਅਤੇ ਹੱਵਾਹ ਪਾਪ ਵਿੱਚ ਡਿੱਗ ਗਏ ਸਨ ਅਤੇ ਉਨ੍ਹਾਂ ਨੇ ਸ਼ਰਮ ਅਤੇ ਅਫਸੋਸ ਮਹਿਸੂਸ ਕੀਤਾ, ਪਰਮੇਸ਼ੁਰ ਨੇ ਉਨ੍ਹਾਂ ਦੀਆਂ ਅਸਫਲਤਾਵਾਂ ਤੋਂ ਛੁਟਕਾਰਾ ਦੇਣ ਲਈ ਆਪਣੀ ਸਮਰੱਥਾ ਨੂੰ ਪਰਗਟ ਕੀਤਾ। ਪਰਮੇਸ਼ੁਰ ਨੇ ਆਦਮ ਅਤੇ ਹੱਵਾਹ ਦੇ ਨੰਗੇਜ਼ ਨੂੰ ਢੱਕਣ ਲਈ ਕੱਪੜੇ ਬਣਾਉਣ ਵਾਸਤੇ ਇੱਕ ਜਾਨਵਰ ਦੀ ਬਲੀ ਦਿੱਤੀ (ਉਤਪਤ 3:21)। ਪਰਮੇਸ਼ੁਰ ਦਾ ਇਹ ਪਿਆਰ ਭਰਿਆ ਕੰਮ ਪਰਮੇਸ਼ੁਰ ਦੀ ਕਿਰਪਾ ਅਤੇ ਪਰਮੇਸ਼ੁਰ ਦੇ ਮਸੀਹ ਰਾਹੀਂ ਛੁਟਕਾਰੇ ਦੇ ਵਾਇਦੇ ਦੀ ਤਸਵੀਰ ਹੈ। ਮਸੀਹ ਸਾਨੂੰ ਮਾਫ਼ੀ ਪ੍ਰਾਪਤ

ਕਰਨ ਅਤੇ ਬਹਾਲ ਕੀਤੇ ਜਾਣ ਦੇ ਯੋਗ ਬਣਾਉਂਦਾ ਹੈ। ਮਸੀਹ ਦੇ ਰਾਹੀਂ, ਵਿਆਹੇ ਹੋਏ ਜੋੜੇ ਅਸਫਲਤਾ ਤੋਂ ਬਾਅਦ ਵੀ ਬਿਨਾਂ ਕਿਸੇ ਸ਼ਰਮ ਦੇ ਵਾਪਸ ਨੇੜਤਾ ਵਿੱਚ ਆ ਸਕਦੇ ਹਨ।

## ਸਾਰ

ਵਿਆਹ ਪਰਮੇਸ਼ੁਰ ਦੀ ਰਚਨਾ ਹੈ, ਮਨੁੱਖ ਦੀ ਨਹੀਂ। ਇਸ ਲਈ, ਸਾਨੂੰ ਅਗਵਾਈ ਲਈ ਪਰਮੇਸ਼ੁਰ ਕੋਲ ਜਾਣਾ ਚਾਹੀਦਾ ਹੈ, ਸੰਸਾਰ ਜਾਂ ਸੱਭਿਆਚਾਰ ਦੇ ਕੋਲ ਨਹੀਂ। ਉਹ ਇਕੱਲਾ ਹੀ ਜਾਣਦਾ ਹੈ ਕਿ ਸਾਡੇ ਵਿਆਹੁਤਾ ਰਿਸ਼ਤੇ ਨੂੰ ਮਜ਼ਬੂਤ, ਦ੍ਰਿੜ੍ਹ ਅਤੇ ਫਲਦਾਇਕ ਕਿਵੇਂ ਬਣਾਉਣਾ ਹੈ। ਪਰ ਪਵਿੱਤਰ ਆਤਮਾ ਤੋਂ ਬਿਨਾਂ ਅਸੀਂ ਕਦੇ ਵੀ ਉਹ ਜੀਵਨ ਸਾਥੀ ਨਹੀਂ ਬਣਾਂਗੇ ਜੋ ਸਾਨੂੰ ਬਣਨਾ ਚਾਹੀਦਾ ਹੈ।

## ਸਮੂਹ ਵਿੱਚ ਚਰਚਾ ਲਈ

► ਵਿਆਹ ਬਾਰੇ ਕਿਹੜੀ ਸੱਚਾਈ ਹੈ, ਜੋ ਜਾਪਦਾ ਹੈ ਕਿ ਬਹੁਤ ਸਾਰੇ ਲੋਕ ਭੁੱਲ ਗਏ ਹਨ?

► ਉਨ੍ਹਾਂ ਸਿਧਾਂਤਾਂ ਦੀ ਵਿਆਖਿਆ ਕਰੋ ਜੋ ਵਿਆਹੁਤਾ ਰਿਸ਼ਤਿਆਂ ਨੂੰ ਮਜ਼ਬੂਤ ਬਣਾਉਣ ਲਈ ਕਲੀਸਿਯਾ ਨੂੰ ਸਿਖਾਉਣੇ ਚਾਹੀਦੇ ਹਨ। ਤੁਹਾਡੇ ਮਹੌਲ ਵਿੱਚ ਕਿਹੜੀ ਸਮਝ ਦੀ ਵਿਸ਼ੇਸ਼ ਘਾਟ ਹੈ?

## ਪ੍ਰਾਰਥਨਾ

ਸਵਰਗੀ ਪਿਤਾ,

ਸਾਨੂੰ ਵਿਆਹ ਦਾ ਅਦਭੁਤ ਤੋਹਫ਼ਾ ਦੇਣ ਲਈ ਤੇਰਾ ਧੰਨਵਾਦ। ਉਸ ਸੁੰਦਰ ਢੰਗ ਲਈ ਤੇਰਾ ਧੰਨਵਾਦ ਜਿਸ ਤਰ੍ਹਾਂ ਤੂੰ ਇਸ ਨੂੰ ਰਚਿਆ ਹੈ। ਸਾਡੀ ਮਦਦ ਕਰ ਕਿ ਅਸੀਂ ਸਾਡੇ ਲਈ ਲੋੜੀਂਦੇ ਸਮਰਪਣ ਕਰ ਸਕੀਏ ਤਾਂ ਕਿ ਅਸੀਂ ਉਸ ਵਿਆਹੁਤਾ ਰਿਸ਼ਤੇ ਦਾ ਅਨੁਭਵ ਕਰ ਸਕੀਏ ਜਿਸ ਦੀ ਤੂੰ ਯੋਜਨਾ ਬਣਾਈ ਸੀ।

ਸਾਡੀ ਉਹ ਪਿਆਰ ਵਿਖਾਉਣ ਵਿੱਚ ਮਦਦ ਕਰ ਜੋ ਮਸੀਹ ਅਤੇ ਕਲੀਸਿਯਾ ਵਿਚਲੇ ਪਿਆਰ ਵਰਗਾ ਹੈ।

ਸਾਡੀ ਮਦਦ ਕਰ ਕਿ ਅਸੀਂ ਇੱਕ ਦੂਸਰੇ ਪ੍ਰਤੀ ਸਾਡੇ ਆਦਰ ਵਿੱਚ ਸਾਡੇ ਸੱਭਿਆਚਾਰ ਦੀਆਂ ਧਾਰਨਾਵਾਂ ਤੋਂ ਪਰ੍ਹੇ ਜਾ ਸਕੀਏ।

ਪਵਿੱਤਰ ਆਤਮਾ ਦੇ ਕੰਮ ਲਈ ਤੇਰਾ ਧੰਨਵਾਦ ਜੋ ਅਨੰਦਮਈ, ਮਜ਼ਬੂਤ ਰਿਸ਼ਤਿਆਂ ਨੂੰ ਸੰਭਵ ਬਣਾਉਂਦਾ ਹੈ।

ਆਮੀਨ

## ਪਾਠ ਕਾਰਜ

(1) ਇਸ ਪਾਠ ਤੋਂ ਉਨ੍ਹਾਂ ਦੋ ਸਿਧਾਂਤਾਂ ਦੀ ਚੋਣ ਕਰੋ ਜੋ ਤੁਹਾਡੇ ਲਈ ਨਵੇਂ ਸਨ। ਹਰੇਕ ਦੀ ਆਪਣੇ ਸ਼ਬਦਾਂ ਵਿੱਚ ਵਿਆਖਿਆ ਕਰਦੇ ਹੋਏ ਇੱਕ ਪੈਰਾ ਲਿਖੋ।

(2) ਹੇਠ ਦਿੱਤੇ ਵਿਸ਼ਿਆਂ ਵਿੱਚੋਂ ਇੱਕ ਉੱਤੇ ਇੱਕ ਸੰਖੇਪ ਪ੍ਰਸਤੁਤੀ ਤਿਆਰ ਕਰੋ। (ਕਲਾਸ ਦਾ ਆਗੂ ਹਰੇਕ ਵਿਦਿਆਰਥੀ ਨੂੰ ਇੱਕ ਵਿਸ਼ਾ ਦੇਵੇਗਾ।) ਅਗਲੀ ਕਲਾਸ ਦੇ ਸਮੇਂ ਸ਼ੁਰੂ ਵਿੱਚ ਹੀ ਇਸ ਪ੍ਰਸਤੁਤੀ ਨੂੰ ਪੇਸ਼ ਕਰੋ।

- ਵਿਆਹ ਵਿੱਚ ਇੱਕ ਹੋਣ ਦਾ ਪਰਮੇਸ਼ੁਰ ਦਾ ਨਮੂਨਾ
- ਵਿਆਹ ਦੇ ਬਾਈਬਲ ਅਧਾਰਤ ਉਦੇਸ਼
- ਵਿਆਹੁਤਾ ਰਿਸ਼ਤੇ ਵਿੱਚ ਪਰਮੇਸ਼ੁਰ ਵੱਲੋਂ ਦਿੱਤੀਆਂ ਗਈਆਂ ਭੂਮਿਕਾਵਾਂ ਅਤੇ ਉਨ੍ਹਾਂ ਭੂਮਿਕਾਵਾਂ ਨੂੰ ਨਿਭਾਉਣ ਲਈ ਆਤਮਾ ਦੇ ਨਾਲ ਭਰਪੂਰ ਹੋਣ ਦਾ ਮਹੱਤਵ
- ਵਿਆਹ ਦੀ ਸਥਿਰਤਾ

(3) ਜੇ ਤੁਹਾਡਾ ਅਜੇ ਵਿਆਹ ਨਹੀਂ ਹੋਇਆ ਹੈ, ਪਰ ਭਵਿੱਖ ਵਿੱਚ ਵਿਆਹ ਕਰਾਉਣ ਦੀ ਯੋਜਨਾ ਹੈ, ਤਾਂ ਭਵਿੱਖ ਵਿੱਚ ਹੋਣ ਵਾਲੇ ਵਿਆਹ ਲਈ ਪਰਮੇਸ਼ੁਰ ਦੇ ਸਿਧਾਂਤਾਂ ਦੀ ਪਾਲਣਾ ਕਰਨ ਪ੍ਰਤੀ ਸਮਰਪਣ ਦੇ ਦੋ ਪੈਰੇ ਲਿਖੋ। ਜੇ ਤੁਸੀਂ ਵਿਹਾਏ ਹੋਏ ਹੋ, ਆਪਣੇ ਵਿਆਹੁਤਾ ਰਿਸ਼ਤੇ ਲਈ ਪਰਮੇਸ਼ੁਰ ਦੇ ਸਿਧਾਂਤਾਂ ਦੀ ਪਾਲਣਾ ਕਰਨ ਪ੍ਰਤੀ ਸਮਰਪਣ ਦੇ ਦੋ ਪੈਰੇ ਲਿਖੋ।

## ਔਰਤਾਂ ਲਈ ਆਦਰ

ਪਾਠ 4 ਵੱਲ ਜਾਣ ਤੋਂ ਪਹਿਲਾਂ, ਕਲਾਸ ਨੂੰ **ਅੰਤਿਕਾ A ਦਾ ਅਧਿਐਨ ਕਰਨਾ** ਚਾਹੀਦਾ ਹੈ ਅਤੇ **ਇਸ ਬਾਰੇ ਚਰਚਾ ਕਰਨੀ** ਚਾਹੀਦੀ ਹੈ। ਇਹ ਔਰਤਾਂ ਲਈ ਆਦਰ ਬਾਰੇ ਇੱਕ ਸੰਖੇਪ ਚਰਚਾ ਹੈ, ਜੋ ਕਿ ਵਿਆਹ ਅਤੇ ਪਰਿਵਾਰ ਨਾਲ ਸੰਬੰਧਤ ਇੱਕ ਮਹੱਤਵਪੂਰਣ ਵਿਸ਼ਾ ਹੈ।

# ਪਾਠ 4
# ਲਿੰਗਕਤਾ ਦੇ ਮਸਲੇ

## ਪਾਠ ਦੇ ਟੀਚੇ

ਇਸ ਪਾਠ ਦੇ ਅੰਤ ਵਿੱਚ, ਵਿਦਿਆਰਥੀ ਹੇਠਾਂ ਦੱਸੇ ਕੰਮ ਕਰਨ ਦੇ ਯੋਗ ਹੋਣੇ ਚਾਹੀਦੇ ਹਨ:

(1) ਇਹ ਸਮਝਾਉਣਾ ਕਿ ਪਤਨ ਨੇ ਮਨੁੱਖੀ ਸੁਭਾਅ ਅਤੇ ਲਿੰਗਕ ਇੱਛਾਵਾਂ ਨੂੰ ਕਿਵੇਂ ਪ੍ਰਭਾਵਿਤ ਕੀਤਾ।

(2) ਨਿੱਜੀ ਪਹਿਚਾਣ ਦੀ ਵਿਆਖਿਆ ਕਰਨਾ ਅਤੇ ਇਹ ਦੱਸਣਾ ਕਿ ਇਹ ਨਿੱਜੀ ਨੈਤਕਿਤਾ ਦੇ ਨਾਲ ਕਿਵੇਂ ਸੰਬੰਧ ਰੱਖਦੀ ਹੈ।

(3) ਮਨੁੱਖੀ ਲਿੰਗਕਤਾ ਅਤੇ ਲਿੰਗਕ ਹਰਾਮਕਾਰੀ ਪ੍ਰਤੀ ਬਾਈਬਲ ਅਧਾਰਤ ਇੱਕ ਰਵੱਈਏ ਨੂੰ ਅਪਣਾਉਣਾ।

(4) ਪਾਪ ਤੋਂ ਆਜ਼ਾਦੀ ਪਾਉਣਾ ਅਤੇ ਹਰਾਮਕਾਰੀ ਲਈ ਪਰਤਾਏ ਜਾਣ ਸਮੇਂ ਜਿੱਤ ਦਾ ਅਨੁਭਵ ਕਰਨਾ।

(5) ਜਿਨ੍ਹਾਂ ਨੂੰ ਮਦਦ ਅਤੇ ਜਿੱਤ ਦੀ ਲੋੜ ਹੈ ਉਨ੍ਹਾਂ ਦੀ ਸੇਵਾ ਕਰਨ ਲਈ ਤਿਆਰ ਰਹਿਣਾ।

## ਕ੍ਰਿਸਟੋਫਰ ਯੂਆਨ

ਕ੍ਰਿਸਟੋਫਰ ਅਮਰੀਕਾ ਵਿੱਚ ਇੱਕ ਏਸ਼ੀਆਈ-ਅਮਰੀਕੀ ਪਰਿਵਾਰ ਵਿੱਚ ਵੱਡਾ ਹੋਇਆ ਸੀ। ਉਹ ਆਪਣੀ ਕਿਸ਼ੋਰ ਅਵਸਥਾ ਤੋਂ ਹੀ ਔਰਤਾਂ ਦੀ ਬਜਾਏ ਮਰਦਾਂ ਵੱਲ ਆਕਰਸ਼ਣ ਮਹਿਸੂਸ ਕਰਦਾ ਸੀ। ਉਸ ਦੇ ਮਾਪਿਆਂ ਨੂੰ ਉਸ ਦੀ ਰੁਚੀ ਦੇ ਕਾਰਨ ਸਦਮਾ ਲੱਗਿਆ ਅਤੇ ਉਹ ਸ਼ਰਮਿੰਦਾ ਸਨ। ਇੱਕ ਜਵਾਨ ਬਾਲਗ ਦੇ ਰੂਪ ਵਿੱਚ ਉਹ ਲਗਾਤਾਰ ਮਰਦਾਂ ਦੇ ਨਾਲ ਰਿਸ਼ਤਿਆਂ ਵਿੱਚ ਰਿਹਾ ਸੀ। ਉਸ ਨੂੰ ਉਮੀਦ ਸੀ ਕਿ ਉਸ ਨੂੰ ਸੱਚਾ ਪਿਆਰ ਅਤੇ ਸਮਰਪਣ ਮਿਲੇਗਾ, ਪਰ ਅਖੀਰ ਹਰੇਕ ਰਿਸ਼ਤਾ ਅਸਫ਼ਲ ਹੋ ਜਾਂਦਾ। ਉਸ ਨੇ ਲਾਪਰਵਾਹੀ ਦੇ ਨਾਲ ਕਈ ਮਰਦਾਂ ਨਾਲ ਭ੍ਰਿਸ਼ਟ ਰਿਸ਼ਤੇ ਬਣਾਉਣੇ ਸ਼ੁਰੂ ਕਰ ਦਿੱਤੇ। ਕ੍ਰਿਸਟੋਫਰ ਲਈ ਉਦੋਂ ਸਭ ਕੁਝ ਬਦਲਣਾ ਸ਼ੁਰੂ ਹੋ ਗਿਆ ਜਦੋਂ ਉਸ ਦੀ ਮਾਂ ਇੱਕ ਵਿਸ਼ਵਾਸੀ ਬਣ ਗਈ ਅਤੇ ਉਸ ਲਈ ਉਹ ਪਿਆਰ ਅਤੇ ਪਰਵਾਨਗੀ ਵਿਖਾਈ ਜਿਸ ਦਾ ਉਸ ਨੇ ਪਹਿਲਾਂ ਕਦੇ ਵੀ ਅਨੁਭਵ ਨਹੀਂ ਕੀਤਾ ਸੀ। ਉਸ ਨੂੰ ਅਹਿਸਾਸ ਹੋਣਾ ਸ਼ੁਰੂ ਹੋਇਆ ਕਿ ਉਸ ਦੀ ਮੁੱਖ ਪਹਿਚਾਣ ਪਰਮੇਸ਼ੁਰ ਦੇ ਸਰੂਪ ’ਤੇ ਬਣਾਏ ਗਏ ਇੱਕ ਵਿਅਕਤੀ ਦੀ ਹੈ। ਉਸ ਨੇ ਤੋਬਾ ਕੀਤੀ ਅਤੇ ਆਪਣੇ ਜੀਵਨ ਦੇ ਸਾਰੇ ਪਹਿਲੂਆਂ ਨੂੰ ਪਰਮੇਸ਼ੁਰ ਨੂੰ ਸੌਂਪਿਆ। ਉਸ ਨੇ ਪਰਮੇਸ਼ੁਰ ਨਾਲ ਆਪਣੇ ਰਿਸ਼ਤੇ ਵਿੱਚ ਸੰਤੁਸ਼ਟੀ ਅਤੇ ਉਦੇਸ਼ ਪਾਇਆ।

## ਪਤਿਤ ਮਨੁੱਖੀ ਸੁਭਾਅ ਅਤੇ ਪਾਪਮਈ ਇੱਛਾਵਾਂ

ਜਦੋਂ ਪਰਮੇਸ਼ੁਰ ਨੇ ਆਦਮ ਅਤੇ ਹੱਵਾਹ ਨੂੰ ਬਣਾਇਆ ਸੀ, ਉਸ ਨੇ ਉਨ੍ਹਾਂ ਨੂੰ ਹਰ ਤਰ੍ਹਾਂ ਦੇ ਨਾਲ ਸੰਪੂਰਣ ਬਣਾਇਆ ਸੀ, ਜਿਨ੍ਹਾਂ ਵਿੱਚ ਕੋਈ ਨੁਕਸ ਜਾਂ ਕਮੀ ਨਹੀਂ ਸੀ (ਉਤਪਤ 1:31)। ਉਨ੍ਹਾਂ ਦੇ ਸੁਭਾਅ ਕੇਵਲ ਉਸ ਦੀ ਹੀ ਇੱਛਾ ਰੱਖਦੇ ਸਨ ਜੋ ਸਹੀ ਅਤੇ ਭਲਾ ਸੀ। ਉਨ੍ਹਾਂ ਦੇ ਮਨ ਅਤੇ ਸਰੀਰ ਸਹੀ ਤਰ੍ਹਾਂ ਨਾਲ ਕੰਮ ਕਰਦੇ ਸਨ। ਫਿਰ ਆਦਮ ਨੇ ਪਰਮੇਸ਼ੁਰ ਦੇ ਹੁਕਮ ਦੀ ਉਲੰਘਣਾ ਕਰਨ ਦਾ ਫੈਸਲਾ ਲਿਆ। ਜਦੋਂ ਉਸ ਨੇ ਅਜਿਹਾ ਕੀਤਾ, ਤਾਂ ਮਨੁੱਖੀ ਸੁਭਾਅ ਭ੍ਰਿਸ਼ਟ ਹੋ ਗਿਆ (ਰੋਮੀਆਂ 8:20-23)। ਇਸ ਨੇ ਮਨੁੱਖੀ ਸਰੀਰਾਂ ਅਤੇ ਮਨਾਂ ਨੂੰ ਪ੍ਰਭਾਵਿਤ ਕੀਤਾ। ਇੱਥੋਂ ਤਕ ਕਿ ਸਭ ਤੋਂ ਤੰਦਰੁਸਤ, ਸਭ ਤੋਂ ਬੁੱਧੀਮਾਨ ਵਿਅਕਤੀ ਵੀ ਪਾਪ ਦੇ ਨਤੀਜਿਆਂ ਤੋਂ ਪ੍ਰਭਾਵਿਤ ਹੁੰਦਾ ਹੈ। ਪਾਪ ਨੇ ਉਸ ਨੂੰ ਸਥਾਈ ਤੌਰ ’ਤਬਾਹ ਕਰ ਦਿੱਤਾ ਜੋ ਸੰਪੂਰਣ ਸੀ। ਮਸੀਹ ਦੇ ਵਾਪਸ ਆਉਣ ਤਕ ਸ੍ਰਿਸ਼ਟੀ ਦੀ ਕੋਈ ਵੀ ਚੀਜ਼ ਪੂਰੀ ਤਰ੍ਹਾਂ ਚੰਗਾਈ ਪ੍ਰਾਪਤ ਨਹੀਂ ਕਰੇਗੀ (1 ਕੁਰਿੰਥੀਆਂ 15)।

ਜੋ ਨੁਕਸਾਨ ਮਨੁੱਖੀ ਸੁਭਾਅ ਅਤੇ ਸਰੀਰਾਂ ਨੂੰ ਹੋਇਆ ਹੈ, ਉਸ ਦੇ ਕਾਰਨ ਸਾਨੂੰ ਇਹ ਉਮੀਦ ਨਹੀਂ ਰੱਖਣੀ ਚਾਹੀਦੀ ਕਿ ਸਾਡੇ ਸਰੀਰਾਂ ਦੀਆਂ ਸੁਭਾਵਕ ਇੱਛਾਵਾਂ ਹਮੇਸ਼ਾ ਸਹੀ ਅਤੇ ਸੰਤੁਲਨ ਵਿੱਚ ਹੋਣਗੀਆਂ। ਸੱਚਾਈ ਇਹ ਹੈ ਕਿ ਸਾਡੀਆਂ ਬਹੁਤ ਸਾਰੀਆਂ ਇੱਛਾਵਾਂ ਸੰਤੁਲਨ ਤੋਂ ਬਾਹਰ ਹਨ। ਲੋਕ ਸੁਭਾਵਕ ਤੌਰ ’ਤੇ ਉਸ ਦੀ ਇੱਛਾ ਰੱਖਦੇ ਹਨ ਜੋ ਗਲਤ ਹੈ। ਜਦੋਂ ਯਿਸੂ ਨੇ ਉਨ੍ਹਾਂ ਸਾਰੇ ਪਾਪਾਂ ਦੀ ਸੂਚੀ ਬਣਾਈ ਜੋ ਦਿਲ ਤੋਂ ਨਿੱਕਲਦੇ ਹਨ ਤਾਂ ਉਸ ਨੇ ਮਨੁੱਖਤਾ ਦੇ ਸੁਭਾਵਕ ਤੌਰ ’ਤੇ ਪਾਪੀ ਹੋਣ ਨੂੰ ਵੇਖਿਆ (ਮਰਕੁਸ 7:21-22)।

ਇਸ ਪਾਠ ਵਿੱਚ, ਅਸੀਂ ਲਿੰਗਕਤਾ ਦੇ ਮਸਲਿਆਂ ਬਾਰੇ ਗੱਲ ਕਰ ਰਹੇ ਹਾਂ। ਸਾਰੀਆਂ ਮਨੁੱਖੀ ਇੱਛਾਵਾਂ ਵਿੱਚੋਂ, ਲਿੰਗਕ ਇੱਛਾਵਾਂ ਸਭ ਤੋਂ ਸ਼ਕਤੀਸ਼ਾਲੀ ਹੋ ਸਕਦੀਆਂ ਹਨ।

ਗਲਤ ਲਿੰਗਕ ਇੱਛਾਵਾਂ ਉਸ ਵਿਅਕਤੀ ਲਈ ਸੁਭਾਵਕ ਜਾਪਦੀਆਂ ਹਨ ਜੋ ਉਨ੍ਹਾਂ ਨੂੰ ਮਹਿਸੂਸ ਕਰਦਾ ਹੈ। ਉਹ ਸੋਚਦਾ ਹੈ ਕਿ ਉਸ ਨੂੰ ਆਪਣੀਆਂ ਇੱਛਾਵਾਂ ਦੇ ਅਨੁਸਾਰ ਕੰਮ ਕਰਨ ਦੇ ਲਈ ਦੋਸ਼ੀ ਨਹੀਂ ਠਹਿਰਾਇਆ ਜਾਣਾ ਚਾਹੀਦਾ। ਪਰ, ਹਰੇਕ ਵਿਅਕਤੀ ਨੂੰ ਸਹੀ ਕਰਨ ਲਈ ਆਪਣੇ ਸੁਭਾਵਕ ਝੁਕਾਅ ਦਾ ਵਿਰੋਧ ਕਰਨਾ ਚਾਹੀਦਾ ਹੈ। ਇੱਕ ਵਿਅਕਤੀ ਦਾ ਸੁਭਾਵਕ ਝੁਕਾਅ ਝੂਠ ਬੋਲਣ ਜਾਂ ਚੋਰੀ ਕਰਨ, ਜਾਂ ਹਿੰਸਕ ਬਣਨ, ਜਾਂ ਆਲਸ, ਜਾਂ ਬੇਸਬਰੀ ਵੱਲ ਹੋ ਸਕਦਾ ਹੈ। ਲੋਕ ਇਸ ਬੁਰੀ ਹਾਲਤ ਵਿੱਚ ਪੈਦਾ ਹੋਣ ਲਈ ਜ਼ਿੰਮੇਵਾਰ ਨਹੀਂ ਹਨ, ਪਰ ਲੋਕ ਜਦੋਂ ਸੁਭਾਵਕ ਇੱਛਾਵਾਂ ਦੇ ਅਨੁਸਾਰ ਚੱਲਦੇ ਹਨ ਅਤੇ ਪਾਪ ਕਰਦੇ ਹਨ, ਤਾਂ ਉਹ ਦੋਸ਼ੀ ਹੁੰਦੇ ਹਨ।

ਕਈ ਵਾਰ ਬਚਪਨ ਦਾ ਸ਼ੋਸ਼ਣ ਜਾਂ ਆਲੇ-ਦੁਆਲੇ ਦੇ ਹੋਰ ਹਾਲਾਤ, ਇੱਕ ਵਿਅਕਤੀ ਦੇ ਸਮਲਿੰਗੀ ਖਿਆਲਾਂ ਜਾਂ ਹੋਰ ਗਲਤ ਲਿੰਗਕ ਇੱਛਾਵਾਂ ਦੇ ਨਾਲ ਸੰਘਰਸ਼ ਦਾ ਕਾਰਣ ਬਣਦੇ ਹਨ। ਹਾਲਾਂਕਿ, ਗਲਤ ਲਿੰਗਕ ਇੱਛਾਵਾਂ ਨੂੰ ਹੋਰ ਪਾਪਮਈ ਇੱਛਾਵਾਂ ਤੋਂ ਵੱਖਰਾ ਨਹੀਂ ਸਮਝਿਆ ਜਾਣਾ ਚਾਹੀਦਾ। ਭਾਵੇਂ ਕੋਈ ਵੀ ਕਾਰਨ ਹੋਵੇ, ਵਿਅਕਤੀ ਨੂੰ ਪਰਮੇਸ਼ੁਰ ਵੱਲੋਂ ਛੁਟਕਾਰੇ ਅਤੇ ਸ਼ੁੱਧਤਾ ਲਈ ਉਸੇ ਕਿਰਪਾ ਦੀ ਲੋੜ ਹੁੰਦੀ ਹੈ।

ਇਹ ਸੱਚਾਈ ਤੁਹਾਨੂੰ ਹੈਰਾਨ ਨਾ ਕਰੇ ਕੁਝ ਲੋਕਾਂ ਨੂੰ ਗਲਤ ਇੱਛਾਵਾਂ ਸੁਭਾਵਕ ਜਾਪਦੀਆਂ ਹਨ। ਜਿਹੜਾ ਵਿਅਕਤੀ ਪਾਪ ਲਈ ਇੱਛਾ ਦਾ ਅਨੁਭਵ ਕਰਦਾ ਹੈ ਉਸ ਨੂੰ ਪਾਪ ਆਮਤੌਰ ’ਤੇ ਠੀਕ ਅਤੇ ਸੁਭਾਵਕ ਲੱਗਦਾ ਹੈ।

ਅਸੀਂ ਆਪਣੇ ਸੁਭਾਅ ਦੇ ਕਾਰਨ ਕ੍ਰੋਧ ਦੇ ਬੱਚੇ ਹਾਂ (ਅਫ਼ਸੀਆਂ 2:3)। ਇਸ ਦਾ ਮਤਲਬ ਹੈ ਕਿ ਸਾਡਾ ਸੁਭਾਵਕ ਝੁਕਾਅ ਪਾਪ ਦੇ ਵੱਲ ਹੈ, ਅਸੀਂ ਉਹ ਪਾਪ ਕਰਨ ਦੁਆਰਾ ਆਪਣੇ ਆਪ ਨੂੰ ਸਜ਼ਾ ਦੇ ਵਿੱਚ ਲਿਆਉਂਦੇ ਹਾਂ ਜੋ ਸਾਡੇ ਲਈ ਸੁਭਾਵਕ ਹੈ। ਇਹ ਸੱਚਾਈ ਕਿ ਇੱਕ ਵਿਅਕਤੀ ਪਾਪ ਵੱਲ ਇੱਕ ਵਿਸ਼ੇਸ਼ ਪ੍ਰਕਾਰ ਦੇ ਝੁਕਾਅ ਦੇ ਨਾਲ ਪੈਦਾ ਹੋਇਆ, ਇਸ ਦਾ ਮਤਲਬ ਇਹ ਨਹੀਂ ਹੈ ਕਿ ਉਸ ਨੂੰ ਉਸੇ ਦੇ ਅਨੁਸਾਰ ਚੱਲਣਾ ਚਾਹੀਦਾ ਹੈ, ਭਾਵੇਂ ਕਿ ਇਹ ਉਸ ਲਈ ਠੀਕ ਜਾਪਦਾ ਹੋਵੇ।

► ਸਾਨੂੰ ਸਾਡੀਆਂ ਸਾਰੀਆਂ ਸੁਭਾਵਕ ਇੱਛਾਵਾਂ ਦਾ ਪਾਲਣ ਕਿਉਂ ਨਹੀਂ ਕਰਨਾ ਚਾਹੀਦਾ?

ਬਾਈਬਲ ਸਾਨੂੰ ਦੱਸਦੀ ਹੈ ਕਿ ਸਾਨੂੰ ਮਸੀਹ ਵਰਗੇ ਬਣਨ ਲਈ ਸੱਦਿਆ ਗਿਆ ਹੈ (ਰੋਮੀਆਂ 8:29)। ਅਸੀਂ ਪ੍ਰਭੂ ਯਿਸੂ ਮਸੀਹ ਨੂੰ ਪਹਿਨਣਾ ਹੈ। ਸਾਡੀਆਂ ਸਰੀਰਕ ਇੱਛਾਵਾਂ ਸਾਡੇ ਜੀਵਨ ਦਾ ਅਧਾਰ ਨਹੀਂ ਹੋਣੀਆਂ ਚਾਹੀਦੀਆਂ। ਇਸ ਦੇ ਬਜਾਏ, ਸਾਨੂੰ ਗਲਤ ਖਿਆਲਾਂ ਨੂੰ ਪਰਮੇਸ਼ੁਰ ਦੇ ਅਧਿਕਾਰ ਦੇ ਅਧੀਨ ਕਰਨਾ ਚਾਹੀਦਾ ਹੈ (ਰੋਮੀਆਂ 13:14)।

► ਸਾਡੇ ਗਲਤ ਖਿਆਲਾਂ ਨੂੰ ਪਰਮੇਸ਼ੁਰ ਦੇ ਅਧਿਕਾਰ ਦੇ ਅਧੀਨ ਕਰਨਾ ਕਿਸ ਤਰ੍ਹਾਂ ਦਾ ਜਾਪਦਾ ਹੈ?

ਤੁਹਾਡੀਆਂ ਲਿੰਗਕ ਇੱਛਾਵਾਂ ਤੁਹਾਡੇ ਅੰਤਿਮ ਉਦੇਸ਼ ਦੇ ਅਧੀਨ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਜੋ ਕਿ ਪਰਮੇਸ਼ੁਰ ਦੇ ਸਰੂਪ ਨੂੰ ਵਿਖਾਉਣ ਦੁਆਰਾ ਪਰਮੇਸ਼ੁਰ ਨੂੰ ਮਹਿਮਾ ਦੇਣਾ ਹੈ। ਮਸੀਹ ਦਾ ਅਨੁਸਰਣ ਕਰਨ ਵਾਲਾ ਇੱਕ ਜੀਵਨ ਅਜਿਹਾ ਜੀਵਨ ਹੈ ਜੋ ਤੁਹਾਡੇ ਵਿਚਲੇ ਪਰਮੇਸ਼ੁਰ ਦੇ ਸਰੂਪ ਨਾਲ ਮੇਲ ਖਾਂਦਾ ਹੈ।

## ਮਨੁੱਖੀ ਪਹਿਚਾਣ

### ਮਨੁੱਖੀ ਪਹਿਚਾਣ ਬਾਰੇ ਇੱਕ ਸਹੀ ਸਮਝ

ਬਹੁਤ ਸਾਰੇ ਲੋਕ ਇਹ ਗਲਤ ਧਾਰਨਾ ਰੱਖਦੇ ਹਨ ਕਿ ਉਨ੍ਹਾਂ ਦੀ ਸਹੀ ਰਾਹ ਵਿੱਚ ਅਗਵਾਈ ਕਰਨ ਲਈ ਉਨ੍ਹਾਂ ਦੇ ਮਨੁੱਖੀ ਸੁਭਾਅ ਉੱਤੇ ਭਰੋਸਾ ਕੀਤਾ ਜਾ ਸਕਦਾ ਹੈ। ਉਨ੍ਹਾਂ ਨੂੰ ਇਹ ਉਚਿੱਤ ਜਾਪਦਾ ਹੈ ਕਿ ਜੋ ਇੱਛਾਵਾਂ ਉਨ੍ਹਾਂ ਦੇ ਆਪਣੇ ਸੁਭਾਅ ਤੋਂ ਆਉਂਦੀਆਂ ਹਨ ਉਹ ਉਨ੍ਹਾਂ ਦੀ ਸੰਤੁਸ਼ਟੀ ਵੱਲ ਅਗਵਾਈ ਕਰਨਗੀਆਂ। ਉਹ ਇਹ ਨਹੀਂ ਜਾਣਦੇ ਹਨ ਕਿ ਉਨ੍ਹਾਂ ਦੇ ਸੁਭਾਅ ਉੱਤੇ ਭਰੋਸਾ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਸ ਨੂੰ ਪਾਪ ਦੁਆਰਾ ਬਰਬਾਦ ਕੀਤਾ ਗਿਆ ਹੈ। ਇੱਕ ਵਿਅਕਤੀ ਦੀਆਂ ਸੁਭਾਵਕ ਇੱਛਾਵਾਂ ਉਸ ਦੀ ਸੰਤੁਸ਼ਟੀ ਦੇ ਵੱਲ ਅਗਵਾਈ ਨਹੀਂ ਕਰਨਗੀਆਂ ਕਿਉਂਕਿ ਉਸ ਦੀਆਂ ਇੱਛਾਵਾਂ ਵਿਗੜੀਆਂ ਹੋਈਆਂ ਹਨ। ਨਾ ਹੀ ਵਿਅਕਤੀ ਦੀਆਂ ਸੁਭਾਵਕ ਇੱਛਾਵਾਂ ਉਸ ਦੀ ਉਸ ਵੱਲ ਅਗਵਾਈ ਕਰ ਸਕਦੀਆਂ ਹਨ ਜੋ ਨੈਤਿਕ ਤੌਰ ’ਤੇ ਸਹੀ ਹੈ, ਕੇਵਲ ਪਰਮੇਸ਼ੁਰ ਅਗਵਾਈ ਕਰ ਸਕਦਾ ਹੈ।

ਲੋਕ ਮੰਨਦੇ ਹਨ ਕਿ ਉਨ੍ਹਾਂ ਨੂੰ ਜੀਵਨ ਲਈ ਆਪਣਾ ਖੁਦ ਦਾ ਉਦੇਸ਼ ਬਣਾਉਣ ਲਈ ਆਪਣੀਆਂ ਖੁਦ ਦੀਆਂ ਇੱਛਾਵਾਂ ਅਤੇ ਭਾਵਨਾਵਾਂ ਦੇ ਅਨੁਸਾਰ ਚੱਲਣਾ ਚਾਹੀਦਾ ਹੈ। ਉਹ ਮੰਨਦੇ ਹਨ ਕਿ ਇੱਕ ਨਿੱਜੀ ਪਹਿਚਾਣ ਬਣਾਉਣਾ ਮਹੱਤਵਪੂਰਣ ਹੈ ਜਿਸ ਨੂੰ ਕਿਸੇ ਅਧਿਕਾਰ ਜਾਂ ਨੈਤਿਕ ਸ਼ਰਤਾਂ ਦੁਆਰਾ ਪ੍ਰੀਭਾਸ਼ਿਤ ਨਹੀਂ ਕੀਤਾ ਜਾਂਦਾ ਜਾਂ ਇਹ ਇਨ੍ਹਾਂ ਦੁਆਰਾ ਸੀਮਿਤ ਨਹੀਂ ਹੁੰਦੀ। ਉਹ ਸੋਚਦੇ ਹਨ ਕਿ ਲੋਕਾਂ ਨੂੰ ਆਪਣੇ ਲਈ ਫੈਸਲਾ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਲਈ ਕੀ ਸਹੀ ਅਤੇ ਮਹੱਤਵਪੂਰਣ ਹੈ। ਉਹ ਆਪਣੇ ਖੁਦ ਦੇ ਸੁਭਾਵਾਂ ’ਤੇ ਭਰੋਸਾ ਕਰਦੇ ਹਨ ਕਿ ਇਹ ਉਨ੍ਹਾਂ ਦੀ ਸਹੀ ਰਾਹ ਵਿੱਚ ਅਗਵਾਈ ਕਰਨਗੇ। ਉਹ ਅਜਿਹੇ ਸੰਸਥਾਨਾਂ ਜਾਂ ਨਿਯਮਾਂ ਨੂੰ ਪਸੰਦ ਨਹੀਂ ਕਰਦੇ ਜੋ ਉਨ੍ਹਾਂ ਦੇ ਵਿਹਾਰ ਨੂੰ ਸੀਮਿਤ ਕਰਦੇ ਹਨ। ਪਰਮੇਸ਼ੁਰ ਦੇ ਵਚਨ ਦੇ ਸਥਾਨ ’ਤੇ ਭ੍ਰਿਸ਼ਟ ਮਨੁੱਖੀ ਸੁਭਾਅ ਨੈਤਿਕਤਾ ਦਾ ਮਿਆਰ ਬਣ ਜਾਂਦਾ ਹੈ।

ਕਿਉਂਕਿ ਲਿੰਗਕਤਾ ਮਨੁੱਖੀ ਸੁਭਾਅ ਦਾ ਇੱਕ ਸ਼ਕਤੀਸ਼ਾਲੀ ਹਿੱਸਾ ਹੈ, ਬਹੁਤ ਸਾਰੇ ਲੋਕ ਲਿੰਗਕ ਇੱਛਾਵਾਂ ਨੂੰ ਆਪਣੀ ਪਹਿਚਾਣ ਦਾ ਕੇਂਦਰ ਮੰਨਦੇ ਹਨ। ਉਹ ਸੋਚਦੇ ਹਨ ਕਿ ਜੋ ਉਹ ਹਨ, ਸੱਚਮੁੱਚ ਉਹ ਬਣਨ ਲਈ ਉਨ੍ਹਾਂ ਨੂੰ ਆਪਣੀਆਂ ਲਿੰਗਕ ਇੱਛਾਵਾਂ ਦੇ ਅਨੁਸਾਰ ਚੱਲਣਾ ਚਾਹੀਦਾ ਹੈ। ਲੋਕ ਸੋਚਦੇ ਹਨ ਕਿ ਲਿੰਗਕਤਾ ਸਿਰਫ ਉਹ ਨਹੀਂ ਹੈ ਜੋ ਉਹ **ਚਾਹੁੰਦੇ ਹਨ** ਜਾਂ **ਕਰਦੇ ਹਨ**, ਇਹ ਉਹ ਹੈ ਜੋ **ਉਹ ਹਨ**। ਉਹ ਇਸ ਨੂੰ ਆਪਣੀ ਪਹਿਚਾਣ ਬਣਾ ਲੈਂਦੇ ਹਨ।

ਸੰਸਾਰ ਦੀ ਸੋਚ ਦੇ ਉਲਟ, **ਬਾਈਬਲ ਸਾਨੂੰ ਦੱਸਦੀ ਹੈ ਕਿ ਅਸੀਂ ਪਰਮੇਸ਼ੁਰ ਦੇ ਸਰੂਪ ਉੱਤੇ ਬਣਾਏ ਗਏ ਹਾਂ, ਪਰਮੇਸ਼ੁਰ ਨਾਲ ਰਿਸ਼ਤਾ ਰੱਖਣ ਦੇ ਉਦੇਸ਼ ਨਾਲ ਸਾਨੂੰ ਰਚਿਆ ਗਿਆ ਹੈ। ਮਨੁੱਖਾਂ ਦੇ ਰੂਪ ਵਿੱਚ ਇਹੋ ਸਾਡੀ ਸੱਚੀ ਪਹਿਚਾਣ ਹੈ।**

ਸਾਡੀ ਦੁਨਿਆਵੀ ਹੋਂਦ ਵਿੱਚ ਕੁਝ ਵੀ ਸਾਨੂੰ ਸਾਡੀ ਅੰਤਿਮ, ਸੱਚੀ ਪਹਿਚਾਣ ਨਹੀਂ ਦੇ ਸਕਦਾ। ਸਾਡੀ ਦੁਨਿਆਵੀ ਹੋਂਦ ਦੇ ਗੁਣ, ਬੱਸ ਉਹ ਹਾਲਾਤ ਹਨ ਜਿਨ੍ਹਾਂ ਦੇ ਵਿੱਚ ਅਸੀਂ ਹੁਣ ਹਾਂ। ਉਹ ਸਾਨੂੰ ਉਹ ਨਹੀਂ ਬਣਾਉਂਦੇ ਜੋ ਅਸੀਂ ਹਾਂ। ਸਾਡੀ ਜਾਤੀ, ਸਾਡਾ ਸਮਾਜਿਕ ਰੁਤਬਾ, ਜਾਂ ਸਾਡੀ ਆਰਥਿਕ ਸਥਿੱਤੀ ਸਾਡੀ **ਪਹਿਚਾਣ** ਨਹੀਂ ਹੈ, ਉਹ ਸਾਡੇ **ਹਾਲਾਤ** ਹਨ। ਇੱਕ ਵਿਅਕਤੀ ਇੱਕ ਡਾਕਟਰ, ਇੱਕ ਮਨੋਰੰਜਨ ਕਰਨ ਵਾਲਾ ਸਿਤਾਰਾ, ਜਾਂ ਇੱਕ ਰਾਸ਼ਟਰੀ ਨੇਤਾ ਹੋ ਸਕਦਾ ਹੈ, ਪਰ ਉਹ ਵਿਅਕਤੀ ਪਰਮੇਸ਼ੁਰ ਦੇ ਸਾਹਮਣੇ ਪਰਮੇਸ਼ੁਰ ਦੇ ਉਸ ਪ੍ਰਾਣੀ ਦੇ ਰੂਪ ਵਿੱਚ ਖੜ੍ਹਾ ਹੁੰਦਾ ਹੈ ਜੋ ਉਸ ਦੇ ਸਰੂਪ ’ਤੇ ਬਣਾਇਆ ਗਿਆ ਹੈ, ਅਤੇ ਇਹ ਪਹਿਚਾਣ ਸਭ ਤੋਂ ਮਹੱਤਵਪੂਰਣ ਹੈ।

ਸਾਡੀ ਲਿੰਗਕਤਾ ਸਾਡੀ ਹਾਲਤ ਦਾ ਇੱਕ ਸ਼ਕਤੀਸ਼ਾਲੀ ਹਿੱਸਾ ਹੈ। ਸਾਡੇ ਲਿੰਗਕ ਝੁਕਾਅ, ਇੱਛਾਵਾਂ, ਅਤੇ ਨਿਰਾਸ਼ਾਵਾਂ ਹਨ। ਪਰ ਇਹ ਸਾਰੀਆਂ ਚੀਜ਼ਾਂ ਸਾਡੀ ਪਹਿਚਾਣ ਨਹੀਂ ਹਨ; ਇਹ ਸਾਡੀ ਹਾਲਤ ਦਾ ਹਿੱਸਾ ਹਨ।

ਅਸੀਂ ਇੱਕ ਪਾਪੀ ਸੁਭਾਅ ਦੇ ਨਾਲ ਪੈਦਾ ਹੋਏ ਹਾਂ ਕਿਉਂਕਿ ਆਦਮ ਦੇ ਪਾਪ ਨੇ ਮਨੁੱਖਤਾ ਨੂੰ ਪਰਮੇਸ਼ੁਰ ਤੋਂ ਵੱਖ ਕਰ ਦਿੱਤਾ ਸੀ (ਰੋਮੀਆਂ 5:18)। ਪਰ ਸਾਡਾ ਪਾਪੀ ਹੋਣਾ ਵੀ ਸਾਡੀ ਪਹਿਚਾਣ ਨਹੀਂ ਹੈ; ਇਹ ਸਾਡੀ ਹਾਲਤ ਹੈ, ਅਤੇ ਇਸ ਨੂੰ ਪਰਮੇਸ਼ੁਰ ਦੀ ਕਿਰਪਾ ਅਤੇ ਸਮਰੱਥਾ ਦੇ ਦੁਆਰਾ ਬਦਲਿਆ ਜਾ ਸਕਦਾ ਹੈ (ਰੋਮੀਆਂ 5;19)।

► ਇੱਕ ਵਿਅਕਤੀ ਦੀ ਪਹਿਚਾਣ ਅਤੇ ਹਾਲਤ ਵਿੱਚ ਕੀ ਫਰਕ ਹੈ?

### ਮਨੁੱਖੀ ਪਹਿਚਾਣ ਅਤੇ ਨਿੱਜੀ ਨੈਤਿਕਤਾ

ਪਹਿਚਾਣ ਮਹੱਤਵਪੂਰਣ ਹੈ ਕਿਉਂਕਿ ਇੱਕ ਵਿਅਕਤੀ ਆਪਣੀ ਨੈਤਿਕਤਾ ਦੇ ਲਈ ਆਪਣੀ ਪਹਿਚਾਣ ਨੂੰ ਅਧਾਰ ਬਣਾਉਂਦਾ ਹੈ। ਨੈਤਿਕਤਾ ਉਹ ਸਿਧਾਂਤ ਹਨ ਜੋ ਵਿਹਾਰ ਦੇ ਸਹੀ ਜਾਂ ਗਲਤ ਹੋਣ ਬਾਰੇ ਦੱਸਦੇ ਹਨ। ਜੇ ਇੱਕ ਵਿਅਕਤੀ ਸੋਚਦਾ ਹੈ ਕਿ ਉਸ ਦੀ ਲਿੰਗਕਤਾ ਉਸ ਦੀ ਪਹਿਚਾਣ ਹੈ, ਤਾਂ ਉਹ ਇਹ ਮੰਨੇਗਾ ਕਿ ਉਸ ਦੇ ਲਿੰਗਕ ਝੁਕਾਵਾਂ ਦੇ ਅਨੁਸਾਰ ਚੱਲਣਾ *ਸਹੀ* ਹੈ।

ਕਈ ਵਾਰ ਇੱਕ ਵਿਅਕਤੀ ਆਖਦਾ ਹੈ, "ਮੈਂ ਇਸ ਤਰ੍ਹਾਂ ਹੀ ਪੈਦਾ ਹੋਇਆ ਸੀ; ਇਹ ਕਰਨਾ ਮੇਰੇ ਲਈ ਸੁਭਾਵਕ ਹੈ; ਇਸ ਲਈ ਇਹ ਮੇਰੇ ਲਈ ਗਲਤ ਨਹੀਂ ਹੈ।" ਪਰ ਬਾਈਬਲ ਸਾਨੂੰ ਦੱਸਦੀ ਹੈ ਕਿ ਅਸੀਂ ਸਾਰੇ ਪਾਪੀ ਸੁਭਾਅ ਦੇ ਨਾਲ ਪੈਦਾ ਹੋਏ ਸੀ (ਰੋਮੀਆਂ 5:12, ਅਫ਼ਸੀਆਂ 2:3)। ਸਾਡੇ ਲਈ ਸਿਰਫ਼ ਇਸ ਲਈ ਆਪਣੇ ਪਾਪੀ ਸੁਭਾਅ ਦੇ ਅਨੁਸਾਰ ਚੱਲਣਾ ਸਹੀ ਨਹੀਂ ਹੈ ਕਿਉਂਕਿ ਇਹ ਸਾਨੂੰ ਠੀਕ ਜਾਪਦਾ ਹੈ।

ਸਾਡਾ ਪਾਪੀ ਸੁਭਾਅ ਉਹ ਨਹੀਂ ਹੈ ਜੋ ਅਸੀਂ ਹਾਂ। ਸਾਡਾ ਪਾਪੀ ਸੁਭਾਅ ਸਾਡੀ ਹਾਲਤ ਹੈ। ਸਾਡੀ ਲਿੰਗਕਤਾ ਸਾਡੀ ਪਹਿਚਾਣ ਨਹੀਂ ਹੈ। ਇਸ ਦੇ ਬਜਾਏ, ਪਰਮੇਸ਼ੁਰ ਦੇ ਸਰੂਪ ਉੱਤੇ ਬਣਾਏ ਗਏ ਪ੍ਰਾਣੀ ਸਾਡੀ ਪਹਿਚਾਣ ਹੈ। ਜੇ ਅਸੀਂ ਇਸ ਸੱਚਾਈ ਨੂੰ ਮੰਨ ਲੈਂਦੇ ਹਾਂ, ਤਾਂ ਅਸੀਂ ਜਾਣ ਲੈਂਦੇ ਹਾਂ ਕਿ ਇਹ ਪਰਮੇਸ਼ੁਰ ਹੈ ਜੋ ਫੈਸਲਾ ਕਰਦਾ ਹੈ ਕਿ ਕੀ ਸਹੀ ਹੈ ਅਤੇ ਕੀ ਗਲਤ ਹੈ, ਅਤੇ ਇਹ ਕਿ ਅਸੀਂ ਉਸ ਦੇ ਪ੍ਰਤੀ ਜਵਾਬਦੇਹ ਹਾਂ। ਸਾਡੀ ਪਹਿਚਾਣ ਪਵਿੱਤਰ ਵਿਹਾਰ ਦੇ ਸਹੀ ਮਿਆਰ ਨੂੰ ਸਮਝਣ ਵਿੱਚ ਸਾਡੀ ਮਦਦ ਕਰਦੀ ਹੈ।

► ਇੱਕ ਵਿਅਕਤੀ ਦੀ ਆਪਣੀ ਪਹਿਚਾਣ ਬਾਰੇ ਉਸ ਦੀ ਸਮਝ ਉਸ ਦੀ ਨੈਤਿਕਤਾ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ?

### ਲਿੰਗ ਬਾਰੇ ਇੱਕ ਸਹੀ ਸਮਝ

ਅਸੀਂ ਇਸ ਸੱਚਾਈ ਤੋਂ ਜਾਣੂ ਹਾਂ ਕਿ ਮਨੁੱਖ ਅਤੇ ਬਹੁਤ ਸਾਰੇ ਜਨਵਰ ਪੁਰਸ਼ ਲਿੰਗ ਅਤੇ ਇਸਤਰੀ ਲਿੰਗ ਵਿੱਚ ਵੰਡੇ ਹੋਏ ਹਨ। ਅਸੀਂ ਇਹ ਕਲਪਨਾ ਕਰ ਸਕਦੇ ਹਾਂ ਕਿ ਪਰਮੇਸ਼ੁਰ ਵੀ ਪੁਰਸ਼ ਜਾਂ ਇਸਤਰੀ ਹੈ, ਪਰ ਇਹ ਗਲਤ ਹੋਵੇਗਾ। ਪਰਮੇਸ਼ੁਰ ਸੁਭਾਵਕ ਤੌਰ 'ਤੇ ਲਿੰਗ ਦੇ ਨਾਲੋਂ ਵੱਡਾ ਹੈ, ਉਸ ਦੀ ਹੋਂਦ ਲਿੰਗ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਹੀ ਸੀ। ਦੋਵੇਂ ਮਨੁੱਖੀ ਲਿੰਗ ਪਰਮੇਸ਼ੁਰ ਦੇ ਸਰੂਪ ਤੋਂ ਨਿੱਕਲੇ ਹਨ (ਉਤਪਤ 1:27)। ਦੋਵੇਂ ਮਨੁੱਖੀ ਲਿੰਗ ਪਰਮੇਸ਼ੁਰ ਦੇ ਸਰੂਪ ਦਾ ਪਰਗਟਾਵਾ ਹਨ।

ਪਰਮੇਸ਼ੁਰ ਦਾ ਸਰੂਪ ਕੁਝ ਅਜਿਹਾ ਨਹੀਂ ਹੈ ਜਿਸ ਨੂੰ ਮਨੁੱਖੀ ਸੁਭਾਅ ਦੇ ਇੱਕ ਹਿੱਸੇ ਵਜੋਂ ਸ਼ਾਮਲ ਕੀਤਾ ਗਿਆ ਹੈ। ਪਰਮੇਸ਼ੁਰ ਦੇ ਸਰੂਪ ਦਾ ਮਤਲਬ ਕੇਵਲ ਉਨ੍ਹਾਂ ਕੁਝ ਵਿਸ਼ੇਸ਼ ਗੁਣਾਂ ਤੋਂ ਨਹੀਂ ਹੈ ਜੋ ਸਾਨੂੰ ਦਿੱਤੇ ਗਏ ਹਨ ਜਿਵੇਂ ਕਿ ਪਿਆਰ ਕਰਨ ਦੀ ਯੋਗਤਾ, ਸੁੰਦਰਤਾ ਦੀ ਕਦਰ ਕਰਨਾ, ਅਤੇ ਸਹੀ ਅਤੇ ਗਲਤ ਬਾਰੇ ਇੱਕ ਸਮਝ। ਪੂਰਾ ਮਨੁੱਖੀ ਸੁਭਾਅ ਪਰਮੇਸ਼ੁਰ ਦੇ ਸਰੂਪ ਦਾ ਪ੍ਰਤੀਬਿੰਬ ਹੈ। ਹੋਰ ਕੁਝ ਨਹੀਂ, ਪਰ ਪਰਮੇਸ਼ੁਰ ਦੇ ਸਰੂਪ ਨੂੰ ਸਾਡੀ ਹੋਂਦ ਦਾ ਸਾਰ ਮੰਨਿਆ ਜਾ ਸਕਦਾ ਹੈ। ਅਸੀਂ ਮੁੱਖ ਤੌਰ 'ਤੇ ਪਰਮੇਸ਼ੁਰ ਦੇ

ਸਰੂਪ ਉੱਤੇ ਬਣਾਏ ਗਏ ਪ੍ਰਾਣੀ ਹਾਂ। ਸਾਡੀ ਮਨੁੱਖੀ ਹਾਲਤ ਦੀ ਕਿਸੇ ਵੀ ਤੰਦ ਨੂੰ ਸਾਡੀ ਮੁੱਖ ਪਹਿਚਾਣ ਜਾਂ ਸਾਡੀ ਨੈਤਿਕਤਾ ਦਾ ਅਧਾਰ ਬਣਨ ਦੀ ਅਨੁਮਤੀ ਨਹੀਂ ਦਿੱਤੀ ਜਾਣੀ ਚਾਹੀਦੀ।

ਹਰੇਕ ਵਿਅਕਤੀ ਲਈ ਪਰਮੇਸ਼ੁਰ ਵੱਲੋਂ ਲਿੰਗ ਦੀ ਚੋਣ ਕੀਤਾ ਜਾਣਾ ਉਸ ਦੀ ਇਸ ਯੋਜਨਾ ਦਾ ਹਿੱਸਾ ਹੈ ਕਿ ਉਹ ਵਿਅਕਤੀ ਉਸ ਦੇ ਸਰੂਪ ਨੂੰ ਕਿਵੇਂ ਪਰਗਟ ਕਰੇਗਾ। ਕਈ ਲੋਕ ਉਸ ਲਿੰਗ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰਦੇ ਹਨ ਜੋ ਪਰਮੇਸ਼ੁਰ ਨੇ ਉਨ੍ਹਾਂ ਨੂੰ ਦਿੱਤਾ ਹੈ। ਉਹ ਵਿਪਰੀਤ ਲਿੰਗ ਦੇ ਵਿਅਕਤੀ ਵਾਂਗ ਜੀਣ ਦੀ ਕੋਸ਼ਿਸ਼ ਕਰ ਸਕਦੇ ਹਨ। ਕਈ ਲੋਕ ਅਪਰੇਸ਼ਨਾਂ ਦੇ ਨਾਲ ਆਪਣੇ ਭੌਤਿਕ ਸਰੀਰ ਨੂੰ ਵੀ ਬਦਲਣ ਦੀ ਕੋਸ਼ਿਸ਼ ਕਰਦੇ ਹਨ। ਇਹ ਪਰਮੇਸ਼ੁਰ ਦੀ ਸ੍ਰਿਸ਼ਟੀ ਵਿੱਚ ਇੱਕ ਦੁਖਦਾਇਕ ਵਿਗੜ ਹੈ, ਕਿਉਂਕਿ ਇੱਕ ਵਿਅਕਤੀ ਆਪਣੇ ਭੌਤਿਕ ਸਰੀਰ ਨੂੰ ਬਦਲਣ ਦੁਆਰਾ ਸੱਚਮੁੱਚ ਲਿੰਗ ਨਹੀਂ ਬਦਲ ਸਕਦਾ। ਹਰੇਕ ਵਿਅਕਤੀ ਆਪਣੇ ਪੂਰੇ ਸੁਭਾਅ ਵਿੱਚ ਪੁਰਸ਼ ਜਾਂ ਇਸਤਰੀ ਹੈ – ਕੇਵਲ ਸਰੀਰਕ ਤੌਰ ’ਤੇ ਨਹੀਂ। ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਉਸ ਲਿੰਗ ਦੇ ਵਿੱਚ ਹੀ ਉਸ ਦੀ ਮਹਿਮਾ ਕਰੀਏ ਅਤੇ ਉਸ ਦੇ ਸਰੂਪ ਨੂੰ ਪਰਗਟ ਕਰੀਏ ਜੋ ਲਿੰਗ ਉਸ ਨੇ ਸਾਡੇ ਵਿੱਚੋਂ ਹਰੇਕ ਨੂੰ ਦਿੱਤਾ ਹੈ।

## ਪਰਮੇਸ਼ੁਰ ਦਾ ਨੈਤਿਕ ਮਿਆਰ

► ਇੱਕ ਵਿਦਿਆਰਥੀ ਨੂੰ ਸਮੂਹ ਲਈ ਇਬਰਾਨੀਆਂ 13:4 ਨੂੰ ਪੜ੍ਹਨਾ ਚਾਹੀਦਾ ਹੈ।

ਇਹ ਆਇਤ ਸਾਨੂੰ ਦੱਸਦੀ ਹੈ ਕਿ ਵਿਆਹ ਨੂੰ ਵੱਡਾ ਆਦਰ ਦਿੱਤਾ ਜਾਣਾ ਚਾਹੀਦਾ ਹੈ। ਲਿੰਗਕ ਪਾਪ ਵਿਆਹ ਦਾ ਨਿਰਾਦਰ ਹੈ। ਪਰਮੇਸ਼ੁਰ ਲਿੰਗਕ ਹਰਾਮਕਾਰੀ ਦੇ ਲਈ ਸਜ਼ਾ ਦੇਵੇਗਾ।

► ਇੱਕ ਵਿਦਿਆਰਥੀ ਨੂੰ ਸਮੂਹ ਲਈ 1 ਕੁਰਿੰਥੀਆਂ ਨੂੰ 6:18 ਨੂੰ ਪੜ੍ਹਨਾ ਚਾਹੀਦਾ ਹੈ।

ਲਿੰਗਕ ਪਾਪਾਂ ਵਿੱਚ ਕਾਮੁਕ ਕਲਪਨਾਵਾਂ, ਹਰਾਮਕਾਰੀ, ਵਿਭਚਾਰ, ਕਰੀਬੀ ਰਿਸ਼ਤਿਆਂ ਵਿੱਚ ਲਿੰਗਕ ਸੰਬੰਧ, ਬਲਾਤਕਾਰ, ਬੱਚਿਆਂ ਦਾ ਸ਼ੋਸ਼ਣ, ਸਮਲਿੰਗੀ ਗਤੀਵਿਧੀ, ਅਤੇ ਅਸ਼ਲੀਲ ਚਿਤਰਣ ਵੇਖਣਾ ਸ਼ਾਮਲ ਹੈ।

- **ਕਾਮੁਕ ਕਲਪਨਾਵਾਂ**: ਜਾਣਬੁੱਝ ਕੇ ਕਿਸੇ ਅਜਿਹੇ ਨਾਲ ਲਿੰਗਕ ਸੰਬੰਧ ਬਣਾਉਣਾ ਦੀ ਕਲਪਨਾ ਕਰਨਾ ਜੋ ਤੁਹਾਡਾ ਜੀਵਨ ਸਾਥੀ ਨਹੀਂ ਹੈ।
- **ਹਰਾਮਕਾਰੀ**: ਉਨ੍ਹਾਂ ਲੋਕਾਂ ਦੇ ਵਿਚਕਾਰ ਲਿੰਗਕ ਸੰਬੰਧ ਜੋ ਵਿਆਹੇ ਹੋਏ ਨਹੀਂ ਹਨ।
- **ਵਿਭਚਾਰ**: ਉਹ ਲਿੰਗਕ ਸੰਬੰਧ ਜਿਨ੍ਹਾਂ ਵਿੱਚ ਉਹ ਵਿਅਕਤੀ ਸ਼ਾਮਲ ਹੈ ਜੋ ਕਿਸੇ ਹੋਰ ਨਾਲ ਵਿਆਹਿਆ ਹੋਇਆ ਹੈ।
- **ਕਰੀਬੀ ਰਿਸ਼ਤਿਆਂ ਵਿੱਚ ਲਿੰਗਕ ਸੰਬੰਧ**: ਕਿਸੇ ਕਰੀਬੀ ਰਿਸ਼ਤੇਦਾਰ ਦੇ ਨਾਲ ਲਿੰਗਕ ਸੰਬੰਧ ਬਣਾਉਣਾ ਜੋ ਤੁਹਾਡਾ ਜੀਵਨ ਸਾਥੀ ਨਹੀਂ ਹੈ।

- **ਬਲਾਤਕਾਰ**: ਲਿੰਗਕ ਸ਼ੋਸ਼ਣ, ਕਿਸੇ ਦੀ ਇੱਛਾ ਦੇ ਉਲਟ ਧੱਕੇ ਨਾਲ ਉਸ ਨੂੰ ਲਿੰਗਕ ਸੰਬੰਧ ਬਣਾਉਣ ਦੇ ਲਈ ਮਜ਼ਬੂਰ ਕਰਨਾ।
- **ਬੱਚਿਆਂ ਦਾ ਸ਼ੋਸ਼ਣ**: ਕਿਸੇ ਅਜਿਹੇ ਵਿਅਕਤੀ ਦੇ ਨਾਲ ਲਿੰਗਕ ਸੰਬੰਧ ਬਣਾਉਣਾ ਜੋ ਐਨਾ ਪਰਿਪੱਕ ਨਹੀਂ ਹੈ ਕਿ ਉਹ ਅਜਿਹੇ ਫੈਸਲੇ ਲੈ ਸਕੇ ਜਾਂ ਲਿੰਗਕ ਇੱਛਾਵਾਂ ਨੂੰ ਸੰਭਾਲ ਸਕੇ।
- **ਸਮਲਿੰਗੀ ਗਤੀਵਿਧੀ**: ਇੱਕੋ ਲਿੰਗ ਦੇ ਵਿਅਕਤੀਆਂ ਵਿੱਚ ਲਿੰਗਕ ਸੰਬੰਧਾਂ ਦਾ ਹੋਣਾ।
- **ਅਸ਼ਲੀਲ ਚਿਤਰਣ**: ਨੰਗੇਜ਼ ਜਾਂ ਲਿੰਗਕ ਸੰਬੰਧਾਂ ਦੀ ਕਿਰਿਆ ਨੂੰ ਵਿਖਾਉਣ ਦੁਆਰਾ ਲਿੰਗਕ ਪ੍ਰਤੀਕਿਰਿਆਵਾਂ ਨੂੰ ਉਭਾਰਨ ਲਈ ਤਿਆਰ ਕੀਤੀਆਂ ਲਿਖਤਾਂ, ਤਸਵੀਰਾਂ, ਅਤੇ ਵੀਡੀਓਜ਼।

ਇਹ ਸਾਰੀਆਂ ਚੀਜ਼ਾਂ ਵਿਆਹੁਤਾ ਰਿਸ਼ਤੇ ਦੀ ਉਲੰਘਣਾ ਕਰਨਾ ਹੈ।

> ਯਾਦ ਰੱਖ – ਹਰੇਕ ਭੁੱਖ ਜੋ ਸਾਨੂੰ ਸਰੀਰ ਵਿੱਚ ਭਰਮਾਉਂਦੀ ਹੈ ਉਹ ਉਸ ਲੋੜ ਦਾ ਸ਼ੋਸ਼ਣ ਹੈ ਜਿਸ ਲੋੜ ਨੂੰ ਪਰਮੇਸ਼ੁਰ ਦੁਆਰਾ ਬਿਹਤਰ ਢੰਗ ਨਾਲ ਪੂਰਾ ਕੀਤਾ ਜਾ ਸਕਦਾ ਹੈ। ਧਰਮੀ ਲਿੰਗਕ ਸੰਬੰਧਾਂ ਦੇ ਲਈ ਇੱਕੋ ਸੰਦਰਭ ਵਿਆਹੁਤਾ ਲਿੰਗਕ ਸੰਬੰਧ ਹਨ। ਨਾਜਾਇਜ਼ ਲਿੰਗਕ ਸੰਬੰਧ... ਤੁਰੰਤ ਮਿੱਠੇ ਲੱਗਦੇ ਹਨ, ਪਰ ਇਹ ਕੁਝ ਅਜਿਹਾ ਹੈ ਜੋ ਸਾਡੀ ਆਤਮਿਕ ਭੁੱਖ ਨੂੰ ਜ਼ਹਿਰੀਲਾ ਬਣਾ ਦਿੰਦਾ ਹੈ ਜਦੋਂ ਤਕ ਅਸੀਂ ਉਸ ਲਈ ਵਿਲਕਦੇ ਹਾਂ ਜੋ ਅਖੀਰ ਸਾਨੂੰ ਨਾਸ ਕਰ ਦੇਵੇਗਾ। ਨਾਜਾਇਜ਼ ਲਿੰਗਕ ਸੰਬੰਧ ਕੁਝ ਨਹੀਂ ਕਰਨਗੇ ਪਰ ਪਵਿੱਤਰਤਾ, ਧਾਰਮਿਕਤਾ, ਅਤੇ ਸਾਡੇ ਜੀਵਨਾਂ ਵਿੱਚ ਪਰਮੇਸ਼ੁਰ ਦੀ ਹਜ਼ੂਰੀ ਪ੍ਰਤੀ ਸਾਡੇ ਸੰਵੇਦਨਾ ਨੂੰ ਖਤਮ ਕਰ ਦੇਣਗੇ।[17]

ਕਹਾਉਤਾਂ ਦੀ ਪੁਸਤਕ ਦੇ ਬਹੁਤ ਸਾਰੇ ਭਾਗਾਂ ਵਿੱਚ ਸਾਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਲਿੰਗਕ ਹਰਾਮਕਾਰੀ ਇੱਕ ਵਿਅਕਤੀ ਦੇ ਜੀਵਨ ਨੂੰ ਤਬਾਹ ਕਰ ਦਿੰਦੀ ਹੈ ਅਤੇ ਮੌਤ ਵੱਲ ਲੈ ਜੇ ਜਾਂਦੀ ਹੈ (ਉਦਾਹਰਣ ਦੇ ਲਈ, ਕਹਾਉਤਾਂ 2:16-19 ਅਤੇ ਕਹਾਉਤਾਂ 6:24-29, 32-33)।

ਰੋਬਰਟਸਨ ਮੈਕਕਿਉਲਕਿਨ ਲਿਖਦੇ ਹਨ ਕਿ

> [ਮਨੁੱਖੀ ਲਿੰਗਕਤਾ ਦੇ ਲਈ ਪਰਮੇਸ਼ੁਰ ਦੇ ਉਦੇਸ਼ਾਂ ਦੀ] ਮਾਨਸਿਕ ਤੌਰ ’ਤੇ ਓਨੀ ਹੀ ਬੁਰੀ ਤਰ੍ਹਾਂ ਉਲੰਘਣਾ ਕੀਤੀ ਜਾ ਰਹੀ ਹੈ ਜਿੰਨੀ ਕਿ ਅਸਲ ਵਿੱਚ ਲਿੰਗਕ ਸੰਬੰਧ ਬਣਾਉਣ ਦੁਆਰਾ ਕੀਤੀ ਜਾਵੇਗੀ। ਉਸ ਨੇ ਕੇਵਲ ਪੁਰਸ਼ ਅਤੇ ਇਸਤਰੀ ਨੂੰ ਹੀ ਨਹੀਂ ਬਣਾਇਆ; ਉਸ ਨੇ ਉਨ੍ਹਾਂ ਨੂੰ ਇੱਕ ਕਰੀਬੀ, ਵਿਆਹ ਦੇ ਸਥਾਈ ਬੰਧਨ ਵਿੱਚ ਇੱਕ ਦੂਸਰੇ ਦੇ ਲਈ ਬਣਾਇਆ ਹੈ, ਪਰਮੇਸ਼ੁਰ ਦੇ ਸੁਭਾਅ ਦੇ ਨਮੂਨੇ ਅਨੁਸਾਰ ਇੱਕ ਹੋਣ ਲਈ। ਇਸ ਉੱਚ ਉਦੇਸ਼ ਨੂੰ ਪੂਰਾ ਕਰਨ ਲਈ, ਨੇੜਤਾ ਵਿਸ਼ੇਸ਼

[17] Gary Thomas, *Sacred Marriage* (Grand Rapids, MI: Zondervan, 2000), 210.

ਹੋਣੀ ਚਾਹੀਦੀ ਹੈ ਅਤੇ ਸਮਰਪਣ ਸਥਾਈ ਹੋਣਾ ਚਾਹੀਦਾ ਹੈ, ਨਹੀਂ ਤਾਂ ਇਹ ਕੋਈ ਇੱਕ ਹੋਣਾ ਨਹੀਂ ਹੈ। ਮਨ ਦੀ ਵਫ਼ਾਦਾਰੀ ਸਭ ਤੋਂ ਜ਼ਿਆਦਾ ਮਹੱਤਵਪੂਰਣ ਹੈ। ਵਿਸ਼ੇਸ਼ ਨੇੜਤਾ, ਸਥਾਈ ਸਮਰਪਣ, ਅਤੇ ਆਪਸੀ ਭਰੋਸੇ ਨੂੰ ਸਭ ਤੋਂ ਪਹਿਲਾਂ ਮਨ ਦੇ ਵਿੱਚ ਹਿਹ ਤੋੜਿਆ ਜਾਂਦਾ ਹੈ।[18]

► ਵਿਦਿਆਰਥੀਆਂ ਨੂੰ ਸਮੂਹ ਲਈ 1 ਕੁਰਿੰਥੀਆਂ 6:9-11, 15-20 ਅਤੇ ਮੱਤੀ 5:27-30 ਨੂੰ ਪੜ੍ਹਨਾ ਚਾਹੀਦਾ ਹੈ।

ਪੁਰਸ਼ਾਂ ਅਤੇ ਇਸਤਰੀਆਂ ਦੇ ਵਿਚਕਾਰ ਰਿਸ਼ਤਿਆਂ ਬਾਰੇ ਹਰੇਕ ਸਮਾਜ ਦੇ ਸੱਭਿਆਚਾਰਕ ਨਜ਼ਰੀਏ ਹਨ। ਇਹ ਸੱਭਿਆਚਾਰਕ ਨਜ਼ਰੀਏ ਬਾਈਬਲ ਅਧਾਰਤ ਨੈਤਿਕਤਾ ਦੇ ਮਿਆਰਾਂ ਨਾਲੋਂ ਹੇਠਲੇ ਦਰਜੇ ਦੇ ਨੈਤਿਕ ਮਿਆਰ ਰੱਖਦੇ ਹਨ। ਬਹੁਤ ਸਾਰੇ ਸੱਭਿਆਚਾਰਾਂ ਵਿੱਚ ਕ੍ਰਮਬੱਧ ਸਮਾਜ ਨੂੰ ਬਣਾਈ ਰੱਖਣ ਦੇ ਲਈ ਲੋੜੀਂਦੇ ਨਿਯਮ ਹੀ ਹਨ। ਜੇ ਲਿੰਗਕ ਪਾਪ ਨੂੰ ਐਨੇ ਧਿਆਨ ਨਾਲ ਸੰਭਾਲਿਆ ਜਾਂਦਾ ਹੈ ਕਿ ਬੁਰੇ ਨਤੀਜਿਆਂ ਜਾਂ ਕਿਸੇ ਕਾਂਡ ਤੋਂ ਬਚਿਆ ਜਾ ਸਕੇ, ਤਾਂ ਉਹ ਲਿੰਗਕ ਪਾਪ ਨੂੰ ਬਰਦਾਸ਼ਤ ਕਰਦੇ ਹਨ। ਨੈਤਿਕਤਾ ਦੇ ਬਾਰੇ ਬਾਈਬਲ ਅਧਾਰਤ ਮਿਆਰ ਵੱਖਰਾ ਹੈ।

ਦੁੱਖ ਦੀ ਗੱਲ ਹੈ ਕਿ ਕੁਝ ਕਲੀਸਿਯਾਵਾਂ ਬਾਈਬਲ ਦੀ ਨੈਤਿਕਤਾ ਦੇ ਬਜਾਏ ਸੱਭਿਆਚਾਰਕ ਨੈਤਿਕਤਾ ਦਾ ਪਾਲਣ ਕਰਦੀਆਂ ਹਨ। ਉਹ ਉਨ੍ਹਾਂ ਲੋਕਾਂ ਨੂੰ ਸਜ਼ਾ ਦਿੰਦੇ ਹਨ ਜਿਨ੍ਹਾਂ ਦਾ ਪਾਪ ਸਪਸ਼ਟ ਅਤੇ ਲਾਪਰਵਾਹ ਹੁੰਦਾ ਹੈ, ਪਰ ਉਹ ਉਨ੍ਹਾਂ ਲੋਕਾਂ ਵੱਲੋਂ ਕੀਤੇ ਉਹੋ ਪਾਪ ਨੂੰ ਬਰਦਾਸ਼ਤ ਕਰ ਲੈਂਦੇ ਹਨ ਜੋ ਪਾਪ ਨੂੰ ਲੁਕਾਉਣ ਦਾ ਧਿਆਨ ਰੱਖਦੇ ਹਨ ਜਾਂ ਇਸ ਦੇ ਨਤੀਜਿਆਂ ਨੂੰ ਸੰਭਾਲ ਲੈਂਦੇ ਹਨ।

ਇਹ ਆਇਤਾਂ ਸਾਨੂੰ ਦੱਸਦੀਆਂ ਹਨ ਕਿ ਜਿਹੜੇ ਲੋਕ ਇਹ ਪਾਪ ਕਰਦੇ ਹਨ ਉਹ ਵਿਸ਼ਵਾਸੀ ਨਹੀਂ ਅਤੇ ਉਹ ਸਵਰਗ ਨਹੀਂ ਜਾਣਗੇ। ਕੁਰਿੰਥੀਆਂ ਦੇ ਕੁਝ ਵਿਸ਼ਵਾਸੀਆਂ ਨੇ ਅਤੀਤ ਵਿੱਚ ਇਹ ਪਾਪ ਕੀਤੇ ਸਨ ਪਰ ਉਹ ਉਨ੍ਹਾਂ ਤੋਂ ਬਚਾਏ ਗਏ ਸਨ।

ਕੋਈ ਵੀ ਸਿਧਾਂਤ ਜੋ ਇਨ੍ਹਾਂ ਪਾਪਾਂ ਵਿੱਚੋਂ ਕਿਸੇ ਪਾਪ ਲਈ ਉਸ ਵਿਅਕਤੀ ਨੂੰ ਅਣਦੇਖਿਆ ਕਰ ਦਿੰਦਾ ਹੈ ਜੋ ਵਿਸ਼ਵਾਸੀ ਹੋਣ ਦਾ ਦਾਅਵਾ ਕਰਦਾ ਹੈ, ਉਹ ਸਿਧਾਂਤ ਗਲਤ ਹੈ। ਜੇ ਇੱਕ ਵਿਅਕਤੀ ਮਸੀਹ ਦਾ ਚੇਲਾ ਹੋਣ ਦਾ ਦਾਅਵਾ ਕਰਦਾ ਹੈ ਪਰ ਫਿਰ ਵੀ ਲਿੰਗਕ ਪਾਪ ਕਰਦਾ ਹੈ, ਤਾਂ ਵਚਨ ਕਲੀਸਿਯਾ ਨੂੰ ਆਖਦਾ ਹੈ ਕਿ ਉਸ ਨੂੰ ਕਲੀਸਿਯਾ ਵਿੱਚ ਕੱਢਿਆ ਜਾਵੇ ਅਤੇ ਉਸ ਨੂੰ ਵਿਸ਼ਵਾਸੀ ਨਾ ਮੰਨਿਆ ਜਾਵੇ (1 ਕੁਰਿੰਥੀਆਂ 5:11-13)।

ਕਲੀਸਿਯਾ ਦੇ ਆਗੂਆਂ ਨੂੰ ਵਿਹਾਰ ਦੀ ਇੱਕ ਚੰਗੀ ਮਿਸਾਲ ਕਾਇਮ ਕਰਨੀ ਚਾਹੀਦੀ ਹੈ। ਜਦੋਂ ਇੱਕ ਕਲੀਸਿਯਾ ਅਰਾਧਨਾ ਦੇ ਆਗੂਆਂ ਨੂੰ ਬੇਢੰਗੇ ਕੱਪੜੇ ਪਹਿਨਣ ਦੀ ਅਨੁਮਤੀ ਦਿੰਦੀ ਹੈ ਜਾਂ ਕਲੀਸਿਯਾ ਵਿੱਚ ਨਾਚ ਦੀਆਂ ਕਾਮੁਕ ਕਿਸਮਾਂ ਲਈ ਅਨੁਮਤੀ ਦਿੰਦੀ ਹੈ, ਉਹ ਇਹ ਵਿਖਾਉਂਦੇ ਹਨ ਕਿ ਗਲਤ ਲਿੰਗਕ ਇੱਛਾਵਾਂ ਠੀਕ ਹਨ। ਉਹ ਇਹ ਵਿਖਾਉਂਦੇ ਹਨ ਕਿ ਲਿੰਗਕ ਪਾਪ ਗੰਭੀਰ ਪਾਪ ਨਹੀਂ ਹੈ।

---

[18] Robertson McQuilkin, *An Introduction to Biblical Ethics,* 2nd ed. (Wheaton, IL: Tyndale House Publishers, Inc., 1995), 216.

ਇੱਕ ਸਮਾਜ ਦੀ ਕੱਪੜੇ ਪਹਿਨਣ ਦੀ ਸ਼ੈਲੀ ਇਹ ਵਿਖਾ ਸਕਦੀ ਹੈ ਕਿ ਜੇ ਇੱਕ ਵਿਅਕਤੀ ਨੂੰ ਸਰੀਰਕ ਅੰਗਾਂ ਨੂੰ ਵਿਖਾਉਣ ਦੁਆਰਾ ਲਿੰਗਕ ਆਕਰਸ਼ਣ ਪੈਦਾ ਕਰਨ ਵਾਲੇ ਕੱਪੜੇ ਨਹੀਂ ਪਹਿਨੇ ਹਨ, ਤਾਂ ਉਹ ਚੰਗੀ ਤਰ੍ਹਾਂ ਕੱਪੜੇ ਪਾ ਕੇ ਤਿਆਰ ਨਹੀਂ ਹੋਇਆ ਹੈ। ਕਈ ਵਾਰ ਕਲੀਸਿਯਾ ਦੇ ਮੈਂਬਰ ਵੀ ਇਸ ਗਲਤੀ ਵਿੱਚ ਫਸ ਜਾਂਦੇ ਹਨ, ਖਾਸ ਕਰਕੇ ਵਿਸੇਸ਼ ਮੌਕਿਆਂ ’ਤੇ। ਉਹ ਸੋਚਦੇ ਹਨ ਕਿ ਜੇ ਉਹ ਉਨ੍ਹਾਂ ਦੇ ਸਮਾਜ ਦੇ ਫੈਸ਼ਨ ਅਨੁਸਾਰ ਕੱਪੜੇ ਨਹੀਂ ਪਹਿਨਦੇ ਹਨ ਤਾਂ ਉਹ ਚੰਗੀ ਤਰ੍ਹਾਂ ਤਿਆਰ ਨਹੀਂ ਹੋਏ ਹਨ। ਕਲੀਸਿਯਾ ਨੂੰ ਇਹ ਸਿਖਾਉਣਾ ਚਾਹੀਦਾ ਹੈ ਕਿ ਇਹ ਗਲਤ ਹੈ। ਇੱਕ ਵਿਸ਼ਵਾਸੀ ਨੂੰ ਦੂਸਰਿਆਂ ਦੇ ਅੰਦਰ ਗਲਤ ਇੱਛਾਵਾਂ ਪੈਦਾ ਕਰਨ ਦੀ ਇੱਛਾ ਨਹੀਂ ਰੱਖਣੀ ਚਾਹੀਦੀ। 1 ਤਿਮੋਥਿਉਸ 2:9-10 ਸਾਨੂੰ ਦੱਸਦੀ ਹੈ ਕਿ ਵਿਸ਼ਵਾਸੀ ਨੂੰ ਅਜਿਹੇ ਕੱਪੜੇ ਪਹਿਨਣੇ ਚਾਹੀਦੇ ਹਨ ਅਤੇ ਅਜਿਹਾ ਵਿਹਾਰ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਵੇਖਣ ਵਾਲਾ ਹਰੇਕ ਇਹ ਜਾਣੇ ਕਿ ਉਹ ਚੌਕਸੀ ਦੇ ਨਾਲ ਸ਼ੁੱਧ ਜੀਵਨ ਜੀ ਰਹੇ ਹਨ ਅਤੇ ਉਹ ਪਾਪ ਕਰਨਾ ਨਹੀਂ ਚਾਹੁੰਦੇ ਜਾਂ ਦੂਸਰਿਆਂ ਨੂੰ ਪਾਪ ਕਰਨ ਲਈ ਪਰਤਾਵੇ ਵਿੱਚ ਨਹੀਂ ਪਾਉਣਾ ਚਾਹੁੰਦੇ।

## ਅਸ਼ਲੀਲ ਚਿਤਰਣ

ਨੰਗੇਜ਼ ਜਾਂ ਲਿੰਗਕ ਸੰਬੰਧਾਂ ਦੀ ਕਿਰਿਆ ਵਿਖਾਉਣ ਦੁਆਰਾ ਲਿੰਗਕ ਪ੍ਰਤੀਕਿਰਿਆਵਾਂ ਨੂੰ ਪੈਦਾ ਕਰਨ ਲਈ ਤਿਆਰ ਕੀਤੀਆਂ ਗਈਆਂ ਲਿਖਤਾਂ, ਤਸਵੀਰਾਂ, ਜਾਂ ਵੀਡੀਓਜ਼ ਅਸ਼ਲੀਲ ਚਿਤਰਣ ਹੈ।

ਇੰਟਰਨੈਟ ਸੰਸਾਰ ਭਰ ਵਿੱਚ ਅਸ਼ਲੀਲ ਚਿਤਰਣ ਨੂੰ ਆਸਾਨੀ ਨਾਲ ਉਪਲੱਬਧ ਕਰਾ ਰਿਹਾ ਹੈ। ਬਹੁਤ ਸਾਰੇ ਪੁਰਾਣੇ ਪਾਸਟਰਾਂ ਅਤੇ ਆਗੂਆਂ ਨੇ ਇਨ੍ਹਾਂ ਪਰਤਾਵਿਆਂ ਦਾ ਸਾਹਮਣਾ ਨਹੀਂ ਕੀਤਾ ਕਿਉਂਕਿ ਜਦੋਂ ਉਹ ਜਵਾਨ ਸਨ ਤਦ ਇੰਟਰਨੈਟ ਹੈ ਹੀ ਨਹੀਂ ਸੀ। ਉਹ ਉਸ ਨੂੰ ਘੱਟ ਹੀ ਸਮਝ ਸਕਦੇ ਹਨ ਜਿਸ ਦਾ ਜਵਾਨ ਪੀੜ੍ਹੀ ਸਾਹਮਣਾ ਕਰ ਰਹੀ ਹੈ। ਪਰ ਲੋਕਾਂ ਨੂੰ ਸਿਖਾਇਆ ਜਾਣਾ ਚਾਹੀਦਾ ਹੈ ਕਿ ਉਹ ਮਨੋਰੰਜਨ ਸੰਬੰਧੀ ਆਪਣੀਆਂ ਚੋਣਾਂ ’ਤੇ ਬਾਈਬਲ ਦੇ ਸਿਧਾਂਤਾਂ ਨੂੰ ਕਿਵੇਂ ਲਾਗੂ ਕਰ ਸਕਦੇ ਹਨ।

**ਅਸ਼ਲੀਲ ਚਿਤਰਣ ਗਲਤ ਹੈ** ਕਿਉਂਕਿ ਇਸ ਨੂੰ ਇਸ ਤਰ੍ਹਾਂ ਤਿਆਰ ਕੀਤਾ ਗਿਆ ਹੈ ਕਿ ਇਸ ਨੂੰ ਵੇਖਣ ਵਾਲਾ ਵਿਅਕਤੀ ਹਰਾਮਕਾਰੀ, ਵਿਭਚਾਰ, ਅਤੇ ਹੋਰ ਬਹੁਤ ਪ੍ਰਕਾਰ ਦੀ ਲਿੰਗਕ ਭ੍ਰਿਸ਼ਟਤਾ ਦੀਆਂ ਕਿਰਿਆਵਾਂ ਦੀ ਕਲਪਨਾ ਕਰੇ। ਇਹ ਉਸ ਵਿਅਕਤੀ ਦੇ ਲਈ ਆਕਰਸ਼ਕ ਹੈ ਜੋ ਪਾਪੀ ਇੱਛਾਵਾਂ ਰੱਖਦਾ ਹੈ। ਅਸ਼ਲੀਲ ਚਿਤਰਣ ਇੱਕ ਵਿਅਕਤੀ ਨੂੰ ਹਰਾਮਕਾਰੀ ਦੇ ਕੰਮਾਂ ਵਿੱਚ ਹਿੱਸਾ ਲੈਣ ਲਈ ਸੱਦਾ ਦਿੰਦਾ ਅਤੇ ਉਸ ਨੂੰ ਇਸ ਦੇ ਯੋਗ ਬਣਾਉਂਦਾ ਹੈ, ਪਰਮੇਸ਼ੁਰ ਹਰਾਮਕਾਰੀ ਦੇ ਲਈ ਸਜ਼ਾ ਦਿੰਦਾ ਹੈ। ਯਿਸੂ ਨੇ ਆਖਿਆ ਕਿ ਇਨ੍ਹਾਂ ਕਿਰਿਆਵਾਂ ਦੀ ਕਲਪਨਾ ਕਰਨ ਦੀ ਚੋਣ ਕਰਨਾ ਪਾਪ ਹੈ (ਮੱਤੀ 5:28)।

ਅਸ਼ਲੀਲ ਚਿਤਰਣ ਇਸ ਲਈ ਵੀ ਗਲਤ ਹੈ ਕਿਉਂਕਿ ਇਹ ਲੋਕਾਂ ਅਤੇ ਰਿਸ਼ਤਿਆਂ ਦੀ ਕਦਰ ਨੂੰ ਘਟਾਉਂਦਾ ਹੈ। ਇਹ ਲਿੰਗਕ ਸੰਬੰਧਾਂ ਨੂੰ ਸਿਰਫ ਇੱਕ ਸਵਾਰਥੀ ਕਿਰਿਆ ਦੇ ਰੂਪ ਵਿੱਚ ਵੇਖਦਾ ਹੈ। ਇਹ ਲੋਕਾਂ ਦੀ ਪਰਮੇਸ਼ੁਰ ਦੇ ਸਰੂਪ ਉੱਤੇ ਬਣਾਏ ਹੋਣ ਦੇ ਲਈ ਅਤੇ ਚੰਗੇ ਰਿਸ਼ਤਿਆਂ ਲਈ ਰਚੇ ਹੋਣ ਦੇ ਲਈ ਕਦਰ ਕਰਨ ਦੇ ਬਜਾਏ, ਉਨ੍ਹਾਂ ਦੇ ਨਾਲ ਅਜਿਹਾ ਵਿਹਾਰ ਕਰਦਾ ਹੈ ਜਿਵੇਂ ਉਹ ਨਿੱਜੀ ਅਨੰਦ ਦੇ ਲਈ ਇੱਕ ਵਸਤੂ ਹੋਣ।

**ਅਸ਼ਲੀਲ ਚਿਤਰਣ ਇੱਕ ਨਸ਼ਾ ਹੈ।** ਅਸ਼ਲੀਲ ਚਿਤਰਣ, ਗੁਲਾਮ ਬਣਾਉਣ ਵਾਲਾ ਹੈ, ਜਿਵੇਂ ਕਿ ਪਾਪ ਗੁਲਾਮ ਬਣਾਉਂਦਾ ਹੈ (ਯੂਹੰਨਾ 8:24, 2 ਪਤਰਸ 2:19)। ਜਿਹੜਾ ਵਿਅਕਤੀ ਅਸ਼ਲੀਲ ਚਿਤਰਣ ਵੇਖਦਾ ਹੈ ਉਸ ਨੂੰ ਇਸ ਦੀ ਵੱਡੀ ਲੋੜ ਮਹਿਸੂਸ ਹੁੰਦੀ ਹੈ। ਉਹ ਇਸ ਬਿਨਾਂ ਜੀਣ ਦੀ ਕਲਪਨਾ ਵੀ ਨਹੀਂ ਕਰ ਸਕਦਾ। ਉਸ ਨੂੰ ਇਸ ਤਰ੍ਹਾਂ ਜਾਪਦਾ ਹੈ ਕਿ ਉਨ੍ਹਾਂ ਕਲਪਨਾਵਾਂ ਤੋਂ ਬਿਨਾਂ ਜੀਵਨ ਖਾਲੀ ਅਤੇ ਦਿਲਚਸਪ ਨਹੀਂ ਹੋਵੇਗਾ, ਜੋ ਕਲਪਨਾਵਾਂ ਉਸ ਨੂੰ ਅਸ਼ਲੀਲ ਚਿਤਰਣ ਤੋਂ ਪ੍ਰਾਪਤ ਹੁੰਦੀਆਂ ਹਨ। ਕਿਸੇ ਵੀ ਹੋਰ ਨਸ਼ੇ ਦੇ ਵਾਂਗ, ਇਸ ਦੀ ਵੀ ਤੋੜ ਲੱਗਣ ਲੱਗਦੀ ਹੈ, ਅਤੇ ਇਸ ਨੂੰ ਵੇਖਣ ਵਾਲਾ ਇਸ ਲਈ ਆਪਣੇ ਜੀਵਨ ਵਿਚਲੀਆਂ ਚੰਗੀਆਂ ਚੀਜ਼ਾਂ ਨੂੰ ਕੁਰਬਾਨ ਕਰਨਾ ਸ਼ੁਰੂ ਕਰ ਦਿੰਦਾ ਹੈ।

> "ਸ਼ਤਾਨ ਤੁਹਾਡੀ ਲਿੰਗਕ ਸੰਤੁਸ਼ਟੀ ਨੂੰ 'ਚੁਰਾਉਣਾ, ਮਾਰਨਾ ਅਤੇ ਨਾਸ ਕਰਨਾ' (ਯੂਹੰਨਾ 10:10) ਚਾਹੁੰਦਾ ਹੈ, ਅਤੇ ਅਸ਼ਲੀਲ ਚਿਤਰਣ ਉਸ ਦਾ ਪਸੰਦੀਦਾ ਦਾ ਹਥਿਆਰ ਹੈ। ਅਸ਼ਲੀਲ ਚਿਤਰਣ ਲਿੰਗਕ ਸੰਤੁਸ਼ਟੀ ਦਾ ਵਾਇਦਾ ਕਰਦਾ ਹੈ, ਪਰ ਇਹ ਅਸਲ ਸੰਬੰਧਾਂ ਦਾ ਅਨੰਦ ਮਾਣਨ ਦੀ ਤੁਹਾਡੀ ਯੋਗਤਾ ਨੂੰ ਖੋਹ ਲੈਂਦਾ ਹੈ।"
> - ਦਾ ਫਰੀਡਮ ਫਾਈਟ

**ਅਸ਼ਲੀਲ ਚਿਤਰਣ ਵੇਖਣ ਦੀ ਕਾਮਨਾ ਵਧਦੀ ਜਾਂਦੀ ਹੈ।** ਵੇਖਣ ਵਾਲੇ ਨੂੰ ਹੋਰ ਸਪਸ਼ਟ ਅਤੇ ਭ੍ਰਿਸ਼ਟ ਸਮੱਗਰੀ ਦੀ ਲੋੜ ਹੁੰਦੀ ਹੈ। ਉਹ ਉਨ੍ਹਾਂ ਕਲਪਨਾਵਾਂ ਦਾ ਅਨੰਦ ਲੈਣਾ ਸ਼ੁਰੂ ਕਰ ਦੇਵੇਗਾ ਜੋ ਪਹਿਲਾਂ ਉਸ ਨੂੰ ਬੇਚੈਨ ਕਰ ਦਿੰਦੀਆਂ ਸਨ ਅਤੇ ਡਰਾ ਦਿੰਦੀਆਂ ਸਨ।

**ਅਸ਼ਲੀਲ ਚਿਤਰਣ ਨੁਕਸਾਨਦਾਇਕ ਹੈ।** ਵੇਖਣ ਵਾਲੇ ਦੀ ਆਮ ਰਿਸ਼ਤੇ ਦਾ ਅਨੰਦ ਉਠਾਉਣ ਦੀ ਯੋਗਤਾ ਘੱਟਦੀ ਜਾਂਦੀ ਹੈ। ਉਸ ਦੀਆਂ ਇੱਛਾਵਾਂ ਐਨੀਆਂ ਅਸੁਭਾਵਕ ਹੋ ਜਾਂਦੀਆਂ ਹਨ ਕਿ ਉਨ੍ਹਾਂ ਨੂੰ ਕਦੇ ਵੀ ਸੰਤੁਸ਼ਟ ਨਹੀਂ ਕੀਤਾ ਜਾ ਸਕਦਾ। ਉਹ ਦੂਸਰਿਆਂ ਦੇ ਸ਼ੋਸ਼ਣ ਪ੍ਰਤੀ ਅਸੰਵੇਦਨਸ਼ੀਲ ਬਣ ਜਾਂਦਾ ਹੈ ਅਤੇ ਚਾਹੁੰਦਾ ਹੈ ਕਿ ਦੂਸਰੇ ਉਸ ਦੇ ਅਨੰਦ ਲਈ ਦੁੱਖ ਭੋਗਣ।

### ਅਸ਼ਲੀਲ ਚਿਤਰਣ ਦੇ ਕੁਝ ਪ੍ਰਭਾਵ

ਅਸ਼ਲੀਲ ਚਿਤਰਣ ਵਿੱਚ ਵਿਖਾਈਆਂ ਗਈਆਂ ਕਿਰਿਆਵਾਂ ਵੇਖਣ ਵਾਲਿਆਂ ਦੇ ਮਨਾਂ ਅਤੇ ਸਰੀਰਾਂ ਨੂੰ ਇਵੇਂ ਪ੍ਰਭਾਵਿਤ ਕਰਦੀਆਂ ਹਨ ਜਿਵੇਂ ਉਹ ਆਪ ਸਰੀਰਕ ਤੌਰ 'ਤੇ ਉਹ ਕਿਰਿਆਵਾਂ ਕਰ ਰਹੇ ਹੋਣ।

ਅਸ਼ਲੀਲ ਚਿਤਰਣ ਉਨ੍ਹਾਂ ਸਥਿੱਤੀਆਂ ਨੂੰ ਵਿਖਾਉਂਦਾ ਹੈ ਜੋ ਹਕੀਕੀ ਨਹੀਂ ਹਨ, ਇਸ ਕਾਰਨ ਦਿਮਾਗ ਵਿੱਚ ਬਹੁਤ ਜ਼ਿਆਦਾ ਅਨੰਦ ਭਰੀ ਜਵਾਬੀ ਪ੍ਰਤੀਕਿਰਿਆ ਹੁੰਦੀ ਹੈ, ਜੋ ਕਿ ਸੁਭਾਵਕ ਲਿੰਗਕ ਸੰਬੰਧਾਂ ਨਾਲੋਂ ਕੀਤੇ ਜ਼ਿਆਦਾ ਹੁੰਦੀ ਹੈ।[19] ਦਿਮਾਗ ਅਨੰਦ ਦੇ ਇਨ੍ਹਾਂ ਰਸਾਇਣਾਂ ਦੇ ਗੈਰ-ਕੁਦਰਤੀ ਉੱਚੇ ਸਤਰ ਦਾ ਆਦਿ ਹੋ ਜਾਂਦਾ ਹੈ। ਇਸ ਦੇ ਕਾਰਨ ਹੀ ਦਿਮਾਗ ਲਗਾਤਾਰ ਹੋਰ ਜ਼ਿਆਦਾ ਅਸ਼ਲੀਲ ਚਿਤਰਣ ਦੀ ਮੰਗ ਕਰਦਾ ਹੈ, ਅਤੇ ਹੋਰ ਜ਼ਿਆਦਾ ਭ੍ਰਿਸ਼ਟ ਅਸ਼ਲੀਲ ਚਿਤਰਣ ਦੀ ਮੰਗ ਕਰਦਾ ਹੈ ਤਾਂ ਕਿ ਵੇਖਣ ਵਾਲੇ ਅਨੰਦ ਨੂੰ ਮਹਿਸੂਸ ਕਰਦੇ ਰਹਿਣ। ਦਿਮਾਗ ਦੇ ਰਸਾਇਣਾਂ ਵਿੱਚ ਹੋਣ ਵਾਲਾ ਇਹ ਬਦਲਾਵ, ਵਿਅਕਤੀ ਨੂੰ ਸਰੀਰਕ ਤੌਰ 'ਤੇ ਅਸਲ ਜੀਵਨ

[19] ਇਸ ਪੈਰੇ ਅਤੇ ਅਗਲੇ ਚਾਰ ਪੈਰਿਆਂ ਵਿੱਚ ਸਾਰੀ ਜਾਣਕਾਰੀ https://thefreedomfight.org ਤੋਂ ਲਈ ਗਈ ਹੈ, ਜੋ ਕਿ ਉਹਨਾਂ ਲੋਕਾਂ ਲਈ ਇੱਕ ਸਿਫ਼ਾਰਸ਼ ਕੀਤਾ ਗਿਆ ਬਾਈਬਲ-ਅਧਾਰਤ ਸਰੋਤ ਹੈ ਜੋ ਅਸ਼ਲੀਲ ਚਿਤਰਣ ਦੀ ਵਰਤੋਂ ਦੇ ਬੰਧਨ ਤੋਂ ਮੁਕਤ ਹੋਣਾ ਚਾਹੁੰਦੇ ਹਨ।

ਵਿੱਚ ਲਿੰਗਕ ਸੰਬੰਧ ਬਣਾਉਣ ਦੇ ਅਯੋਗ ਬਣਾ ਦਿੰਦਾ ਹੈ ਜਾਂ ਇਨ੍ਹਾਂ ਦਾ ਅਨੰਦ ਉਠਾਉਣ ਦੇ ਯੋਗ ਬਣਾ ਦਿੰਦਾ ਹੈ। ਅਨੰਦ ਦੇ ਰਸਾਇਣ ਦੀ ਬਹੁਤ ਜ਼ਿਆਦਾ ਮੌਜੂਦਗੀ ਦੇ ਕਰਨ, ਦਿਮਾਗ ਦਾ ਜੋ ਭਾਗ ਸਾਨੂੰ ਫੈਸਲੇ ਲੈਣ ਦੇ ਯੋਗ ਬਣਾਉਂਦਾ ਹੈ ਉਹ ਵੀ ਨੁਕਸਾਨਿਆ ਜਾਂਦਾ ਹੈ।

ਪਰਮੇਸ਼ੁਰ ਨੇ ਲਿੰਗਕ ਅਨੁਭਵਾਂ ਨੂੰ ਇਸ ਤਰ੍ਹਾਂ ਰਚਿਆ ਹੈ ਕਿ ਇਹ ਰਿਸ਼ਤਿਆਂ ਨੂੰ ਜੋੜੀ ਰੱਖਣ। ਲਿੰਗਕ ਸੰਬੰਧ ਬਣਾਉਣ ਦੇ ਦੌਰਾਨ, ਦਿਮਾਗ ਵਿੱਚ ਜੋ ਹਾਰਮੋਨ ਨਿੱਕਲਦਾ ਹੈ ਉਹ ਦੋਵਾਂ ਜੀਵਨ ਸਾਥੀਆਂ ਨੂੰ ਭਾਵਨਾਤਮਕ ਤੌਰ ’ਤੇ ਇੱਕ ਦੂਸਰੇ ਨਾਲ ਜੋੜਦਾ ਹੈ, ਉਨ੍ਹਾਂ ਦੇ ਰਿਸ਼ਤੇ ਨੂੰ ਮਜ਼ਬੂਤ ਬਣਾਉਂਦਾ ਹੈ। ਵਿਆਹ ਦੇ ਰਿਸ਼ਤੇ ਵਿੱਚ ਇਹ ਇੱਕ ਸ਼ਾਨਦਾਰ ਤੋਹਫ਼ਾ ਹੈ। ਪਰ, ਅਸ਼ਲੀਲ ਚਿਤਰਣ ਵੇਖਣਾ, ਵੇਖਣਾ ਵਾਲੇ ਨੂੰ ਭਾਵਨਾਤਮਕ ਤੌਰ ’ਤੇ ਅਸ਼ਲੀਲ ਚਿਤਰਣ ਦੇ ਨਾਲ ਜੋੜ ਦਿੰਦਾ ਹੈ।

ਅਸ਼ਲੀਲ ਚਿਤਰਣ ਨੂੰ ਵੇਖਣ ਤੋਂ ਆਉਣ ਵਾਲੀ ਦੋਸ਼ ਭਾਵਨਾ ਅਤੇ ਸ਼ਰਮ ਲੋਕਾਂ ਨੂੰ ਦੂਸਰਿਆਂ ਨਾਲੋਂ ਵੱਖ ਕਰ ਦਿੰਦੀ ਹੈ, ਉਨ੍ਹਾਂ ਨੂੰ ਲੋਕਾਂ ਨਾਲ ਚੰਗੇ ਰਿਸ਼ਤਿਆਂ ਵਿੱਚ ਜੁੜਨ ਤੋਂ ਰੋਕਦੀ ਹੈ। ਇਹ ਵਿਆਹ ਦੇ ਰਿਸ਼ਤੇ ਵਿੱਚ ਭਰੋਸੇ ਨੂੰ ਵੀ ਖਤਮ ਕਰ ਦਿੰਦਾ ਹੈ।

ਕਿਉਂਕਿ ਅਸ਼ਲੀਲ ਚਿਤਰਣ ਦਿਮਾਗ ਵਿੱਚ ਰਸਾਇਣਕ ਸੰਤੁਲਨ ਨੂੰ ਵਿਗਾੜ ਦਿੰਦਾ ਹੈ, ਇਸ ਲਈ ਅਸ਼ਲੀਲ ਚਿਤਰਣ ਵੇਖਣਾ ਵੇਖਣ ਵਾਲੇ ਨੂੰ ਮਾਯੂਸੀ ਦੇ ਵਿੱਚ ਲੈ ਕੇ ਜਾ ਸਕਦਾ ਹੈ।

ਅਸ਼ਲੀਲ ਚਿਤਰਣ ਵਿੱਚ ਵਿਖਾਏ ਗਏ ਦ੍ਰਿਸ਼ ਕਈ ਵਾਰ ਅਸਲ ਜੀਵਨ ਦੇ ਲਿੰਗਕ ਸੰਬੰਧਾਂ ਵਿੱਚ ਹਿੰਸਾ ਜਾਂ ਸ਼ੋਸ਼ਣ ਦੇ ਵੱਲ ਅਗਵਾਈ ਕਰਦੇ ਹਨ।

ਪਾਸਟਰਾਂ ਅਤੇ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਜਵਾਨ ਲੋਕਾਂ ਨੂੰ ਅਸ਼ਲੀਲ ਚਿਤਰਣ ਦੇ ਖਤਰਿਆਂ ਬਾਰੇ ਚੇਤਾਵਨੀ ਦੇਣ। ਜਦੋਂ ਬੱਚੇ ਐਨੇ ਪਰਿਪੱਕ ਨਹੀਂ ਹੁੰਦੇ ਹਨ ਕਿ ਉਹ ਪਰਤਾਵੇ ਦਾ ਵਿਰੋਧ ਕਰ ਸਕਣ, ਤਦ ਮਾਪਿਆਂ ਨੂੰ ਉਨ੍ਹਾਂ ਦੇ ਇੰਟਰਨੈਟ ਦੀ ਵਰਤੋਂ ਕਰਨ ਦੀ ਚੌਕਸੀ ਰੱਖਣੀ ਚਾਹੀਦੀ ਹੈ। ਕੋਈ ਵੀ ਵਿਅਕਤੀ ਜੋ ਅਸ਼ਲੀਲ ਚਿਤਰਣ ਨੂੰ ਵੇਖਣ ਦੇ ਪਰਤਾਵੇ ਨਾਲ ਸੰਘਰਸ਼ ਕਰ ਰਿਹਾ ਹੈ, ਉਸ ਨੂੰ ਕਿਸੇ ਭਰੋਸੇਯੋਗ, ਧਰਮੀ ਵਿਅਕਤੀ ਨੂੰ ਆਪਣੀਆਂ ਜਿੱਤਾਂ ਜਾਂ ਅਸਫਲਤਾਵਾਂ ਬਾਰੇ ਦੱਸਦੇ ਰਹਿਣਾ ਚਾਹੀਦਾ ਹੈ। ਇੱਕ ਪਰਿਪੱਕ ਵਿਸ਼ਵਾਸੀ ਦੇ ਨਾਲ ਮਿਲਕੇ ਜਾਂਚ ਕਰਦੇ ਰਹਿਣ ਨਾਲ ਇੱਕ ਸੰਘਰਸ਼ ਕਰ ਰਹੇ ਵਿਅਕਤੀ ਨੂੰ ਸ਼ੁੱਧਤਾ ਸੰਬੰਧੀ ਆਪਣੇ ਸਮਰਪਣ ਨੂੰ ਬਣਾਈ ਰੱਖਣ ਵਿੱਚ ਮਦਦ ਮਿਲ ਸਕਦੀ ਹੈ ਅਤੇ ਲਗਾਤਾਰ ਜਿੱਤਾਂ ਪ੍ਰਾਪਤ ਕਰਨ ਵਿੱਚ ਮਦਦ ਮਿਲ ਸਕਦੀ ਹੈ।

► ਲੋਕਾਂ ਨੂੰ ਅਸ਼ਲੀਲ ਚਿਤਰਣ ਦੇ ਨਸ਼ੇ ਦੀ ਲਤ ਤੋਂ ਬਚਾਉਣ ਲਈ, ਤੁਸੀਂ ਉਨ੍ਹਾਂ ਨੂੰ ਕਿਹੜੇ ਅਭਿਆਸ ਕਰਨ ਦੀ ਸਲਾਹ ਦੇਵੋਗੇ? ਕਲੀਸਿਯਾ ਕਿਵੇਂ ਮਦਦ ਕਰ ਸਕਦੀ ਹੈ?

## ਬੱਚਿਆਂ ਦਾ ਸ਼ੋਸ਼ਣ/ਬਲਾਤਕਾਰ

ਬੱਚਿਆਂ ਦਾ ਸ਼ੋਸ਼ਣ, ਇੱਕ ਬੱਚੇ ਦੇ ਨਾਲ ਲਿੰਗਕ ਕਿਰਿਆ ਕਰਨਾ ਹੈ। ਇਹ ਲਿੰਗਕ ਸੰਬੰਧਾਂ ਦਾ ਦੁਰਾਚਾਰ ਹੈ। ਕਈ ਕਾਰਣਾਂ ਦੇ ਕਰਕੇ ਇਹ ਇੱਕ ਬੁਰਾਈ ਹੈ, ਕੁਝ ਕਾਰਣ ਇਹ ਹਨ:

- ਇਹ ਵਿਆਹ ਦੇ ਨੇਮ ਵਿੱਚ ਲਿੰਗਕ ਸੰਬੰਧਾਂ ਬਾਰੇ ਪਰਮੇਸ਼ੁਰ ਦੇ ਇਰਾਦਿਆਂ ਦੀ ਉਲੰਘਣਾ ਹੈ (ਇਬਰਾਨੀਆਂ 13:4)।
- ਇਹ ਬੱਚੇ ਦੀ ਮਸੂਮੀਅਤ ਨੂੰ ਚੁਰਾ ਲੈਂਦਾ ਹੈ – ਬੱਚੇ ਨੂੰ ਹੁਣ ਉਨ੍ਹਾਂ ਗੱਲਾਂ ਦਾ ਅਨੁਭਵ ਹੈ ਜਿਨ੍ਹਾਂ ਬਾਰੇ ਉਸ ਨੂੰ ਅਜੇ ਜਾਣਨਾ ਵੀ ਨਹੀਂ ਚਾਹੀਦਾ ਸੀ।
- ਇਹ ਬੱਚੇ ਦੇ ਕੁਆਰੇਪਣ ਨੂੰ ਖੋਹ ਲੈਂਦਾ ਹੈ (1 ਥੱਸਲੁਨੀਕੀਆਂ 4:3-7)।
- ਇਹ ਬੱਚੇ ਨੂੰ ਇੱਕ ਝੂਠੀ ਦੋਸ਼ ਭਾਵਨਾ ਦਿੰਦਾ ਹੈ; ਬੱਚਾ ਇੱਕ ਗਲਤ ਕੰਮ ਦੇ ਵਿੱਚ ਹੈ ਪਰ ਉਹ ਅਸਲ ਫੈਸਲਾ ਲੈਣ ਦੇ ਯੋਗ ਨਹੀਂ ਜਾਂ ਉਸ ਨੂੰ ਫੈਸਲਾ ਲੈਣ ਦੀ ਅਨੁਮਤੀ ਨਹੀਂ ਦਿੱਤੀ ਗਈ।
- ਇਹ ਬੱਚਿਆਂ ਨੂੰ ਲਿੰਗਕ ਫੈਸਲੇ ਲੈਣ ਲਈ ਮਜ਼ਬੂਰ ਕਰਦਾ ਹੈ ਜੋ ਫੈਸਲੇ ਲੈਣ ਲਈ ਉਹ ਅਜੇ ਪਰਿਪੱਕ ਵੀ ਨਹੀਂ ਹਨ।
- ਇਹ ਬੱਚਿਆਂ ਨੂੰ ਭਵਿੱਖ ਵਿੱਚ ਅਨੈਤਿਕ ਵਿਹਾਰ ਦੀ ਚੋਣ ਕਰਨ ਵੱਲ ਲੈ ਜਾਂਦਾ ਹੈ ਕਿਉਂਕਿ ਉਹ ਗੰਦਾ ਜਾਂ ਵਿਅਰਥ ਮਹਿਸੂਸ ਕਰਦੇ ਹਨ (ਮੱਤੀ 18:6)।
- ਇਹ ਬੱਚੇ ਲਈ ਭਵਿੱਖ ਵਿੱਚ ਭ੍ਰਿਸ਼ਟ ਜਾਂ ਸ਼ੋਸ਼ਣ ਦੀ ਕਿਰਿਆ ਵਿੱਚ ਸ਼ਾਮਲ ਹੋਣ ਦੇ ਪਰਤਾਵੇ ਨੂੰ ਵਧਾਉਂਦਾ ਹੈ।
- ਇਹ ਉਨ੍ਹਾਂ ਦਾ ਸ਼ੋਸ਼ਣ ਕਰਦਾ ਹੈ ਜੋ ਕਮਜ਼ੋਰ ਹਨ ਅਤੇ ਆਪਣਾ ਬਚਾਅ ਨਹੀਂ ਕਰ ਸਕਦੇ ਹਨ।
- ਇਹ ਉਸ ਨੂੰ ਜਖਮੀ ਕਰਦਾ ਹੈ ਜੋ ਪਰਮੇਸ਼ੁਰ ਦੇ ਸਰੂਪ ’ਤੇ ਬਣਾਇਆ ਗਿਆ ਹੈ, ਜਿਸ ਦਾ ਅਸੀਮ ਮਹੱਤਵ ਹੈ (ਉਤਪਤ 1:27)।

ਕਈ ਵਾਰ ਬੱਚਿਆਂ ਦਾ ਸ਼ੋਸ਼ਣ ਪਰਿਵਾਰਾਂ ਵਿੱਚ ਜਾਂ ਦੋਸਤਾਂ ਦੇ ਵਿਚਕਾਰ ਕੀਤਾ ਜਾਂਦਾ ਹੈ। ਸ਼ਾਇਦ ਇਸ ’ਤੇ ਸੰਦੇਹ ਨਾ ਕੀਤਾ ਜਾਵੇ ਕਿਉਂਕਿ ਪਰਿਵਾਰ ਦੇ ਮੈਂਬਰਾਂ ਅਤੇ ਦੋਸਤਾਂ ਉੱਤੇ ਭਰੋਸਾ ਕੀਤਾ ਜਾਂਦਾ ਹੈ, ਅਤੇ ਬੱਚਾ ਉਸ ਬਾਰੇ ਕਿਸੇ ਨੂੰ ਵੀ ਦੱਸਣ ਤੋਂ ਡਰਦਾ ਹੈ ਜੋ ਹੋਇਆ ਹੈ।

ਬਲਾਤਕਾਰ, ਇੱਕ ਵਿਅਕਤੀ (ਭਾਵੇਂ ਬੱਚਾ ਜਾਂ ਬਾਲਗ ਹੋਵੇ) ਨਾਲ ਉਸ ਦੀ ਇੱਛਾ ਦੇ ਵਿਰੁੱਧ ਲਿੰਗਕ ਕਿਰਿਆ ਕਰਨ ਦੇ ਲਈ ਸਰੀਰਕ ਤੌਰ ’ਤੇ ਧੱਕਾ ਕਰਨਾ ਹੈ। ਬਲਾਤਕਾਰ ਵੀ ਬਹੁਤ ਸਾਰੇ ਉਨ੍ਹਾਂ ਕਾਰਣਾਂ ਦੇ ਕਰਕੇ ਹੀ ਇੱਕ ਬੁਰਾਈ ਹੈ ਜਿਨ੍ਹਾਂ ਦੇ ਕਰਕੇ ਬੱਚਿਆਂ ਦਾ ਸ਼ੋਸ਼ਣ ਇੱਕ ਬੁਰਾਈ ਹੈ (ਬਿਵਸਥਾ ਸਾਰ 22:25-27)।

ਲਿੰਗਕ ਸ਼ੋਸ਼ਣ ਦਾ ਇੱਕ ਹੋਰ ਰੂਪ ਲਿੰਗਕ ਤਸਕਰੀ ਹੈ। ਪੂਰੇ ਸੰਸਾਰ ਦੇ ਵਿੱਚ, ਬੱਚਿਆਂ ਅਤੇ ਜਵਾਨ ਲੋਕਾਂ ਨੂੰ ਅਜਨਬੀਆਂ ਦੁਆਰਾ ਅਗਵਾਹ ਕੀਤਾ ਜਾਂਦਾ ਹੈ ਜਾਂ ਪਰਿਵਾਰਕ ਮੈਂਬਰਾਂ ਦੁਆਰਾ ਵੇਚਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਵੇਸਵਾਗਮਨੀ ਲਈ ਜਾਂ ਅਸ਼ਲੀਲ ਚਿਤਰਣ ਬਣਾਉਣ ਲਈ ਵਰਤਿਆ ਜਾਂਦਾ ਹੈ। ਕਈ ਵਾਰ ਗਰੀਬ ਪਰਿਵਾਰ ਆਪਣੇ ਬੱਚਿਆਂ ਨੂੰ ਇਸ ਬੁਰੇ ਕਾਰੋਬਾਰ ਤੋਂ ਬਚਾਉਣ ਵਿੱਚ ਅਸਫ਼ਲ ਹੋ ਜਾਂਦੇ ਹਨ ਕਿਉਂਕਿ ਉਹ ਪੈਸੇ ਲਈ ਲਾਚਾਰ ਮਹਿਸੂਸ ਕਰਦੇ ਹਨ। ਕੋਈ ਲਾਭ ਕਮਾਉਂਦਾ ਹੈ, ਪਰ ਬੱਚਿਆਂ ਨੂੰ ਕੇਵਲ ਸਰੀਰਕ ਤੌਰ ’ਤੇ ਨੁਕਸਾਨ ਨਹੀਂ ਪਹੁੰਚਾਇਆ ਜਾਂਦਾ ਸਗੋਂ ਉਨ੍ਹਾਂ ਨੂੰ ਮਾਨਸਿਕ ਅਤੇ ਭਾਵਨਾਤਮਕ ਤੌਰ ’ਤੇ ਵੀ ਵੱਡਾ ਨੁਕਸਾਨ ਪਹੁੰਚਾਇਆ ਜਾਂਦਾ ਹੈ। ਗਰੀਬਾਂ ਅਤੇ ਕਮਜ਼ੋਰਾਂ ਉੱਤੇ ਇਸ ਪਾਪੀ ਜ਼ੁਲਮ ਦੇ ਲਈ ਪਰਮੇਸ਼ੁਰ ਸਜ਼ਾ ਦੇਵੇਗਾ (ਕਹਾਉਤਾਂ 14:31)।

ਬੱਚਿਆਂ ਦੇ ਵਿਰੁੱਧ ਇਹ ਪਾਪ, ਪਰਮੇਸ਼ੁਰ ਦੇ ਦਿਲ ਨੂੰ ਤੋੜ ਕੇ ਰੱਖ ਦਿੰਦੇ ਹਨ (ਮੱਤੀ 18:10-14, ਜ਼ਬੂਰ 146:7-9)। ਜਿਹੜੇ ਲੋਕ ਅਜਿਹੇ ਪਾਪ ਕਰਦੇ ਹਨ ਉਹ ਸਜ਼ਾ ਤੋਂ ਬਚਣਗੇ ਨਹੀਂ (1 ਥੱਸਲੁਨੀਕੀਆਂ 4:6, ਹਿਜ਼ਕੀਏਲ 7:8-9)। ਵਿਸ਼ਵਾਸੀਆਂ ਨੂੰ ਚਾਹੀਦਾ ਹੈ ਕਿ ਉਹ ਉਨ੍ਹਾਂ ਲੋਕਾਂ ਨੂੰ ਬਚਾਉਣ, ਛੁਡਾਉਣ, ਅਤੇ ਠੀਕ ਕਰਨ ਲਈ ਪਰਮੇਸ਼ੁਰ ਦਾ ਪਿਆਰ ਅਤੇ ਤਰਸ ਵਿਖਾਉਣ, ਜੋ ਲੋਕ ਗੁਲਾਮ ਬਣਾਏ ਗਏ ਹਨ (ਕਹਾਉਤਾਂ 24:11-12, ਅੱਯੂਬ 29:12-16, ਜ਼ਬੂਰ 72:12-14)।

### ਹੱਥਰਸੀ

ਹੱਥਰਸੀ ਦਾ ਮਤਲਬ ਹੈ ਕਿ ਆਪਣੇ ਅੰਗਾਂ ਨੂੰ ਲਿੰਗਕ ਅਨੰਦ ਦੇ ਲਈ ਖੁਦ ਉਤੇਜਿਤ ਕਰਨਾ ਜਾਂ ਲਿੰਗਕ ਤਣਾਅ ਤੋਂ ਰਾਹਤ ਪਾਉਣਾ।

ਭਾਵੇਂ ਕਿ ਬਾਈਬਲ ਸਿੱਧੇ ਤੌਰ ’ਤੇ, ਹੱਥਰਸੀ ਨੂੰ ਅਨੈਤਿਕ ਨਹੀਂ ਠਹਿਰਾਉਂਦੀ ਹੈ। ਪਰ, ਹੱਥਰਸੀ ਕਾਮੁਕ ਸੋਚ, ਅਸ਼ਲੀਲ ਚਿਤਰਣ ਵੇਖਣ, ਅਤੇ ਹਰਾਮਕਾਰੀ ਦੇ ਵੱਲ ਅਗਵਾਈ ਕਰ ਸਕਦੀ ਹੈ, ਅਤੇ ਇਹ ਸਭ ਪਾਪ ਹੈ (ਮੱਤੀ 5:27-28, ਮੱਤੀ 15:19-20)।

ਹੱਥਰਸੀ ਇੱਕ ਮੂਰਖਤਾ ਵੀ ਹੈ ਕਿਉਂਕਿ ਇਹ ਇੱਕ ਨਸ਼ਾ ਹੈ: ਜਿੰਨਾ ਜ਼ਿਆਦਾ ਤੁਸੀਂ ਇਹ ਕਰਦੇ ਹੋ, ਓਨਾਂ ਜ਼ਿਆਦਾ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਸੀਂ ਇਹ ਹੋਰ ਕਰਨਾ ਹੈ।

ਹੱਥਰਸੀ ਦੀ ਮਜ਼ਬੂਰ ਕਰ ਦੇਣ ਵਾਲੀ ਲਤ ਕਿਸੇ ਡੂੰਘੇ ਮਸਲੇ ਵੱਲ ਇਸ਼ਾਰਾ ਕਰਦੀ ਹੈ, ਜਿਵੇਂ ਕਿ ਭਾਵਨਾਤਮਕ ਜਾਂ ਰਿਸ਼ਤਿਆਂ ਵਿਚਲੀਆਂ ਸਮੱਸਿਆਵਾਂ, ਜਾਂ ਅਤੀਤ ਵਿੱਚ ਹੋਇਆ ਲਿੰਗਕ ਸ਼ੋਸ਼ਣ।

► ਵਿਦਿਆਰਥੀਆਂ ਨੂੰ ਸਮੂਹ ਲਈ 1 ਕੁਰਿੰਥੀਆਂ 6:12-13, 18-20 ਅਤੇ 1 ਥੱਸਲੁਨੀਕੀਆਂ 4:1-8 ਨੂੰ ਪੜ੍ਹਨਾ ਚਾਹੀਦਾ ਹੈ।

ਪਰਮੇਸ਼ੁਰ ਨੇ ਵਿਆਹ ਵਿੱਚ ਸਰੀਰਕ ਤੌਰ ’ਤੇ ਇੱਕ ਹੋਣ ਦੀ ਰਚਨਾ ਇਸ ਲਈ ਕੀਤੀ ਤਾਂ ਕਿ ਪਤੀ ਅਤੇ ਪਤਨੀ ਨੂੰ ਭਾਵਨਾਤਮਕ ਅਤੇ ਆਤਮਿਕ ਤੌਰ ’ਤੇ ਇੱਕ ਹੋਣ ਵਿੱਚ ਮਦਦ ਮਿਲੇ (1 ਕੁਰਿੰਥੀਆਂ 6:16-20, ਮਲਾਕੀ 2:15)।

> ਬਹੁਤੇ... ਮੰਨਦੇ ਹਨ ਕਿ ਹੱਥਰਸੀ ਉਨ੍ਹਾਂ ਦੀ ਤਦ ਤਕ ਕੁਆਰੇ ਰਹਿਣ ਵਿੱਚ ਮਦਦ ਕਰ ਸਕਦੀ ਹੈ ਜਦੋਂ ਤਕ ਉਹ ਵਿਆਹੇ ਨਹੀਂ ਜਾਂਦੇ। ਪਰ ਇਹ ਨਹੀਂ ਸਮਝ ਪਾਉਂਦੇ ਕਿ ਜਦੋਂ ਇਸ ਦੀ ਆਦਤ ਪੈ ਜਾਂਦੀ ਹੈ, ਤਾਂ ਇਹ ਭਵਿੱਖ ਵਿੱਚ ਵਿਆਹੁਤਾ ਰਿਸ਼ਤੇ ਵਿੱਚ ਲਿੰਗਕ ਸੰਬੰਧਾਂ ਦੀ ਸੁੰਦਰਤਾ ਅਤੇ ਨੇੜਤਾ ਲਈ ਇੱਕ ਖਤਰਾ ਹੋ ਸਕਦੀ ਹੈ।
>
> ਹੱਥਰਸੀ ਉਹ ਲਿੰਗਕ ਅਨੁਭਵ ਪ੍ਰਦਾਨ ਕਰਦੀ ਹੈ ਜਿਸ ਵਿੱਚ ਲਿੰਗਕ ਸੰਬੰਧਾਂ ਦੇ ਜ਼ਰੂਰੀ ਉਦੇਸ਼ ਨੂੰ ਪੂਰਾ ਨਹੀਂ ਕੀਤਾ ਜਾਂਦਾ: ਦੋ ਜਣਿਆਂ ਦੇ ਇਕੱਠੇ ਹੋਣ ਦਾ ਉਦੇਸ਼ ਸਰੀਰਕ ਅਤੇ ਭਾਵਨਾਤਮਕ ਤੌਰ 'ਤੇ ਇੱਕ ਹੋਣਾ ਹੈ... ਹੱਥਰਸੀ ਨੂੰ ਵਿਆਹੁਤਾ ਰਿਸ਼ਤੇ ਵਿੱਚ ਚੰਗੀ ਅਤੇ ਸਧਾਰਣ ਲਿੰਗਕ ਕਿਰਿਆ ਦੇ ਸਥਾਨ 'ਤੇ ਨਹੀਂ ਵਰਤਣਾ ਚਾਹੀਦਾ।[20]

ਜੇ ਹੱਥਰਸੀ ਲੋਕਾਂ ਦੇ ਜੀਵਨ ਵਿੱਚ ਇੱਕ ਸਮੱਸਿਆ ਹੈ ਤਾਂ ਅਣਵਿਆਹੇ ਵਿਅਕਤੀ ਨੂੰ ਕੀ ਕਰਨਾ ਚਾਹੀਦਾ ਹੈ? ਭਾਵੇਂ ਕੋਈ ਲਿੰਗਕ ਤਣਾਅ ਤੋਂ ਰਾਹਤ ਪਾਉਣ ਦੇ ਉਦੇਸ਼ ਨਾਲ ਹੀ ਹੱਥਰਸੀ ਕਿਉਂ ਨਾ ਕਰ ਰਿਹਾ ਹੋਵੇ, ਪਰ ਫਿਰ ਵੀ ਇਸ ਤੋਂ ਬਚਣਾ ਹੀ ਉੱਤਮ ਹੈ, ਉਨ੍ਹਾਂ ਪਰਤਾਵਿਆਂ ਦੇ ਕਾਰਣ ਜੋ ਮੌਜੂਦ ਹਨ ਅਤੇ ਕਿਉਂਕਿ ਹੱਥਰਸੀ ਲਿੰਗਕਤਾ ਦੇ ਲਈ ਪਰਮੇਸ਼ੁਰ ਦੇ ਉਦੇਸ਼ਾਂ ਨੂੰ ਪੂਰਾ ਨਹੀਂ ਕਰਦੀ ਹੈ।

ਜੇ ਉਨ੍ਹਾਂ ਦੇ ਜੀਵਨ ਵਿੱਚ ਕਿਸੇ ਪ੍ਰਕਾਰ ਦੀ ਅਨੈਤਿਕਤਾ ਹੈ, ਤਾਂ ਜ਼ਰੂਰੀ ਹੈ ਕਿ ਉਹ ਅੰਗੀਕਾਰ ਕਰਨ ਅਤੇ ਉਸ ਪਾਪ ਨੂੰ ਛੱਡ ਦੇਣ। ਉਨ੍ਹਾਂ ਨੂੰ ਨਿਯਮਤ ਤੌਰ 'ਤੇ ਅਤੇ ਅਕਸਰ ਆਪਣੀਆਂ ਜਿੱਤਾਂ ਅਤੇ ਅਸਫਲਤਾਵਾਂ ਬਾਰੇ ਉਸ ਧਰਮੀ ਬਜ਼ੁਰਗ ਗੁਰੂ ਨੂੰ ਦੱਸਣਾ ਚਾਹੀਦਾ ਹੈ ਜੋ ਉਨ੍ਹਾਂ ਲਈ ਪ੍ਰਾਰਥਨਾ ਕਰੇਗਾ ਅਤੇ ਉਨ੍ਹਾਂ ਨੂੰ ਸਲਾਹ ਦੇਵੇਗਾ।

ਜੇ ਹੱਥਰਸੀ ਭਾਵਨਾਤਮਕ ਜਾਂ ਰਿਸ਼ਤਿਆਂ ਵਿਚਲੀਆਂ ਸਮੱਸਿਆਵਾਂ ਜਾਂ ਅਤੀਤ ਵਿੱਚ ਹੋਏ ਲਿੰਗਕ ਸ਼ੋਸ਼ਣ ਦਾ ਨਤੀਜਾ ਹੈ, ਤਾਂ ਇੱਕ ਮਾਹਰ ਮਸੀਹੀ ਸਲਾਹਕਾਰ ਤੋਂ ਸਲਾਹ ਲੈਣਾ ਹੀ ਠੀਕ ਹੋਵੇਗਾ।

## ਬਾਈਬਲ ਸਮਲਿੰਗੀ ਸੰਬੰਧਾਂ ਬਾਰੇ ਕੀ ਆਖਦੀ ਹੈ

ਪਰਮੇਸ਼ੁਰ ਨੇ ਵਿਆਹ ਨੂੰ ਇੱਕ ਪੁਰਸ਼ ਅਤੇ ਇੱਕ ਇਸਤਰੀ ਵਿਚਕਾਰ ਜੀਵਨ ਭਰ ਦਾ ਇੱਕ ਸਮਰਪਣ ਹੋਣ ਦੇ ਲਈ ਰਚਿਆ ਹੈ। ਪਰਮੇਸ਼ੁਰ ਨੇ ਵੇਖਿਆ ਕਿ ਆਦਮ ਨੂੰ ਇੱਕ ਸਹਾਇਕ ਦੀ ਲੋੜ ਹੈ (ਉਤਪਤ 2:18)। ਸਹਾਇਕ ਲਈ ਵਰਤੇ ਗਏ ਸ਼ਬਦ ਦਾ ਮਤਲਬ ਹੈ ਕਿ ਕੋਈ ਅਜਿਹਾ ਜੋ ਦੂਸਰੇ ਨਾਲ ਸੰਬੰਧ ਰੱਖਦਾ ਹੈ, ਮਦਦਗਾਰ ਤਰੀਕਿਆਂ ਨਾਲ ਵੱਖਰਾ ਹੁੰਦੇ ਹੋਏ ਸਹਾਇਕ ਬਣਨਾ। ਪਰਮੇਸ਼ੁਰ ਨੇ ਆਦਮ ਦੀ ਸਹਾਇਕ ਬਣਨ ਦੇ ਲਈ ਇੱਕ ਔਰਤ ਨੂੰ ਬਣਾਇਆ, ਉਸ ਨੇ ਇੱਕ ਹੋਰ ਆਦਮੀ ਨੂੰ ਨਹੀਂ ਬਣਾਇਆ (ਉਤਪਤ

---

[20] Dr. Tim Clinton and Dr. Diane Langberg, *The Quick-Reference Guide to Counseling Women*, (Grand Rapids, MI: Baker Books, 2011), 185.

2:22)। ਸ੍ਰਿਸ਼ਟੀ ਦਾ ਸਾਰ ਸਾਰੀ ਮਨੁੱਖਜਾਤੀ ਲਈ ਵਿਆਹ ਨਾਲ ਸੰਬੰਧਤ ਇੱਕ ਆਮ ਸਿਧਾਂਤ ਦਿੰਦਾ ਹੈ – ਵਿਆਹੁਤਾ ਰਿਸ਼ਤੇ ਵਿੱਚ, ਇੱਕ ਪੁਰਸ਼ ਅਤੇ ਇੱਕ ਇਸਤਰੀ ਅਨੋਖੇ ਢੰਗ ਨਾਲ ਇੱਕ ਹੁੰਦੇ ਹਨ (ਉਤਪਤ 2:24)।

ਯਿਸੂ ਨੇ ਵਿਆਹ ਲਈ ਪਰਮੇਸ਼ੁਰ ਦੇ ਨਮੂਨੇ ਬਾਰੇ ਗੱਲ ਕੀਤੀ (ਮੱਤੀ 19:4-6)। ਉਸ ਨੇ ਉਤਪਤ ਵਿੱਚੋਂ ਵਚਨ ਦੇ ਇੱਕ ਭਾਗ ਦਾ ਹਵਾਲਾ ਦਿੱਤਾ ਅਤੇ ਆਖਿਆ ਕਿ ਇੱਕ ਪੁਰਸ਼ ਅਤੇ ਇੱਕ ਇਸਤਰੀ ਅਨੋਖੇ ਸਥਾਈ ਰਿਸ਼ਤੇ ਵਿੱਚ ਇੱਕ ਹੋਣ ਲਈ ਇਕੱਠੇ ਹੁੰਦੇ ਹਨ।

ਰਸੂਲ ਪੌਲੁਸ ਨੇ ਵਿਆਹ ਦੇ ਬਾਰੇ ਬਹੁਤ ਸਾਰੇ ਕਥਨ ਆਖੇ। ਉਸ ਨੇ ਆਖਿਆ ਕਿ ਵਿਆਹ ਇੱਕ ਉਦਾਹਰਣ ਹੈ ਜੋ ਸਾਨੂੰ ਮਸੀਹ ਅਤੇ ਕਲੀਸਿਯਾ ਵਿਚਲੇ ਰਿਸ਼ਤੇ ਬਾਰੇ ਸਿਖਾਉਂਦੀ ਹੈ (ਅਫ਼ਸੀਆਂ 5:22-33)। ਅਫ਼ਸੀਆਂ ਦੇ ਇਸ ਭਾਗ ਵਿੱਚ, ਉਸ ਨੇ ਪੁਰਸ਼ਾਂ ਅਤੇ ਉਨ੍ਹਾਂ ਦੀਆਂ ਪਤਨੀਆਂ ਵਿਚਲੇ ਰਿਸ਼ਤੇ ਬਾਰੇ ਕਥਨ ਆਖੇ। ਉਸ ਨੇ ਇੱਕ ਪੁਰਸ਼ ਅਤੇ ਇੱਕ ਇਸਤਰੀ ਵਿੱਚ ਵਿਸ਼ੇਸ਼ ਰਿਸ਼ਤੇ ਬਾਰੇ ਉਤਪਤ ਦੀ ਪੁਸਤਕ ਅਤੇ ਮੱਤੀ ਦੀ ਇੰਜੀਲ ਵਿੱਚ ਕਥਨ ਦਾ ਹਵਾਲਾ ਦਿੱਤਾ (ਅਫ਼ਸੀਆਂ 5:31)। ਵਚਨ ਦੇ ਇਸ ਭਾਗ ਤੋਂ ਇਹ ਸਪਸ਼ਟ ਹੈ ਕਿ ਵਿਆਹ ਇੱਕ ਪੁਰਸ਼ ਅਤੇ ਇੱਕ ਇਸਤਰੀ ਦੇ ਵਿਚਕਾਰ ਇੱਕ ਰਿਸ਼ਤਾ ਹੈ।

ਲੇਵੀਆਂ ਦੀ ਪੋਥੀ ਇਸਰਾਏਲ ਲਈ ਪਰਮੇਸ਼ੁਰ ਦੀ ਸ਼ਰਾ ਨੂੰ ਲਾਗੂ ਕਰਨ ਬਾਰੇ ਵਿਸਥਾਰ ਨਾਲ ਦੱਸਦੀ ਹੈ। ਇਹ ਆਖਦੀ ਹੈ ਕਿ ਇੱਕ ਪੁਰਸ਼ ਦਾ ਦੂਸਰੇ ਪੁਰਸ਼ ਦੇ ਨਾਲ ਇੱਕ ਔਰਤ ਨਾਲ ਸੌਣ ਵਾਂਗ ਹੀ ਸੌਣਾ ਘਿਣਾਉਣਾ ਹੈ (ਲੇਵੀਆਂ ਦੀ ਪੋਥੀ 18:22)। ਸਮਲਿੰਗੀ ਸੰਬੰਧਾਂ ਦੇ ਲਈ ਦੋਵਾਂ ਸਾਥੀਆਂ ਲਈ ਮੌਤ ਦੀ ਸਜ਼ਾ ਸੀ, ਕਿਉਂਕਿ ਦੋਵਾਂ ਨੇ ਇੱਕ ਘਿਣਾਉਣਾ ਕੰਮ ਕੀਤਾ ਹੈ (ਲੇਵੀਆਂ ਦੀ ਪੋਥੀ 20:13)।

ਕਈ ਵਾਰ ਲੋਕ ਆਖਦੇ ਹਨ ਕਿ ਲੇਵੀਆਂ ਦੀ ਪੋਥੀ ਆਧੁਨਿਕ ਲੋਕਾਂ ਉੱਤੇ ਲਾਗੂ ਨਹੀਂ ਹੁੰਦੀ। ਇਹ ਸੱਚ ਹੈ ਕਿ ਲੇਵੀਆਂ ਦੀ ਪੋਥੀ ਵਿੱਚ ਦਿੱਤੇ ਗਏ ਕੁਝ ਹੁਕਮਾਂ ਦਾ ਰਸਮੀ ਮਹੱਤਵ ਹੈ। ਪਰ, ਲੇਵੀਆਂ 18-20 ਵਿਚਲੇ ਹੁਕਮ ਹੋਰ ਲਿੰਗਕ ਭ੍ਰਿਸ਼ਟਤਾ ਤੋਂ ਮਨ੍ਹਾ ਕਰਦੇ ਹਨ ਜਿਵੇਂ ਕਿ ਕਰੀਬੀ ਰਿਸ਼ਤੇਦਾਰਾਂ ਦੇ ਨਾਲ ਲਿੰਗਕ ਸੰਬੰਧ, ਜਾਨਵਰਾਂ ਦੇ ਨਾਲ ਲਿੰਗਕ ਸੰਬੰਧ, ਅਤੇ ਇੱਕ ਧੀ ਦੀ ਵੇਸਵਾਗਮਨੀ। ਇਨ੍ਹਾਂ ਅਧਿਆਇਆਂ ਵਿੱਚ ਹੋਰ ਹੁਕਮ ਬੱਚਿਆਂ ਦੇ ਬਲੀਦਾਨ, ਚੋਰੀ, ਮੂਰਤੀਪੂਜਾ, ਬੋਲਿਆਂ ਜਾਂ ਅੰਨ੍ਹਿਆਂ ਦੇ ਨਾਲ ਬੁਰੇ ਵਿਹਾਰ, ਗਰੀਬ ਉੱਤੇ ਜ਼ੁਲਮ ਕਰਨ, ਪਰਦੇਸੀਆਂ ਨਾਲ ਬੁਰਾ ਵਿਹਾਰ ਕਰਨ, ਅਤੇ ਘੱਟ ਤੋਲਣ ਤੋਂ ਮਨ੍ਹਾ ਕਰਦੇ ਹਨ। ਇਹ ਸਪਸ਼ਟ ਹੈ ਕਿ ਇਹ ਹੁਕਮ ਨੈਤਿਕਤਾ ਅਤੇ ਨਿਆਂ ਸੰਬੰਧੀ ਪਰਮੇਸ਼ੁਰ ਦੇ ਮਿਆਰਾਂ ਦੇ ਉਪਯੋਗ ਹਨ ਜੋ ਹਰ ਸਮੇਂ ਸਾਰੇ ਸਥਾਨਾਂ ਦੇ ਲੋਕਾਂ ਉੱਤੇ ਲਾਗੂ ਹੁੰਦੇ ਹਨ।

► ਇੱਕ ਵਿਦਿਆਰਥੀ ਨੂੰ ਸਮੂਹ ਲਈ ਰੋਮੀਆਂ 1:18-32 ਨੂੰ ਪੜ੍ਹਨਾ ਚਾਹੀਦਾ ਹੈ।

ਵਚਨ ਦਾ ਭਾਗ ਇਸ ਕਥਨ ਦੇ ਨਾਲ ਸ਼ੁਰੂ ਹੁੰਦਾ ਹੈ ਕਿ ਪਰਮੇਸ਼ੁਰ ਦੀ ਸਜ਼ਾ ਉਨ੍ਹਾਂ ਸਾਰੇ ਲੋਕਾਂ ਉੱਤੇ ਆ ਰਹੀ ਹੈ ਜੋ ਜਾਣਬੁੱਝ ਕੇ ਪਰਮੇਸ਼ੁਰ ਦੇ ਵਿਰੁੱਧ ਵਿਦਰੋਹ ਕਰਦੇ ਹਨ। ਇਹ ਭਾਗ ਆਖਦਾ ਹੈ ਕਿ ਲੋਕਾਂ ਨੇ ਸਿਰਜਣਹਾਰ ਸੱਚੇ ਪਰਮੇਸ਼ੁਰ ਬਾਰੇ ਗਿਆਨ ਨੂੰ ਰੱਦ ਕਰ ਦਿੱਤਾ ਹੈ, ਅਤੇ ਉਸ ਤੋਂ ਬਾਅਦ ਉਹ ਉਹ ਮੂਰਤੀਪੂਜਕ ਬਣ ਗਏ ਹਨ, ਸ੍ਰਿਸ਼ਟੀ ਕੀਤੀਆਂ ਹੋਈਆਂ ਚੀਜ਼ਾਂ ਦੀ ਅਰਾਧਨਾ

ਕਰਦੇ ਹਨ। ਉਨ੍ਹਾਂ ਨੇ ਸੱਚਾਈ ਨੂੰ ਰੱਦ ਕੀਤਾ ਅਤੇ ਇਹ ਉਨ੍ਹਾਂ ਨੂੰ ਲਿੰਗਕ ਪਾਪ ਦੇ ਵੱਲ ਲੈ ਗਿਆ, ਇੱਥੋਂ ਤਕ ਕਿ ਉਨ੍ਹਾਂ ਨੂੰ ਸਮਲਿੰਗੀ ਸੰਬੰਧਾਂ ਦੇ ਵੱਲ ਲੈ ਗਿਆ। ਇਹ ਭਾਗ ਦੱਸਦਾ ਹੈ ਕਿ ਇੱਕੋ ਲਿੰਗ ਦੇ ਲੋਕਾਂ ਵਿਚਕਾਰ ਲਿੰਗਕ ਸੰਬੰਧ ਉਸ ਦੇ ਵਿਰੋਧ ਵਿੱਚ ਹਨ ਜੋ ਕੁਦਰਤੀ ਹੈ। ਕਈ ਲੋਕਾਂ ਨੇ ਆਖਿਆ ਹੈ ਕਿ ਇਹ ਭਾਗ ਸਮਲਿੰਗੀ ਬਲਾਤਕਾਰ ਦੇ ਬਾਰੇ ਗੱਲ ਕਰਦਾ ਹੈ, ਪਰ ਇਹ ਭਾਗ ਆਖਦਾ ਹੈ ਕਿ ਲੋਕਾਂ ਨੇ *ਮਿਲਕੇ* ਉਹ ਕੀਤਾ ਜੋ ਗਲਤ ਹੈ ਅਤੇ ਇਸ ਲਈ ਸਜ਼ਾ ਪਾਈ, ਸੋ ਇਹ ਸਵੈ-ਇੱਛਾ ਦੇ ਨਾਲ ਮਿਲਕੇ ਕੀਤੀ ਗਈ ਕਿਰਿਆ ਬਾਰੇ ਗੱਲ ਕਰਦਾ ਹੈ। ਇਹ ਭਾਗ ਬਹੁਤ ਪ੍ਰਕਾਰ ਦੇ ਪਾਪਾਂ ਦੀ ਸੂਚੀ ਦੱਸਦਾ ਹੈ ਅਤੇ ਪਰਮੇਸ਼ੁਰ ਦੇ ਵਿਰੁੱਧ ਵਿਦਰੋਹ ਦੇ ਇੱਕ ਰਵੱਈਏ ਦਾ ਵਰਣਨ ਕਰਦਾ ਹੈ।

ਰਸੂਲ ਪੌਲੁਸ ਸਮਲਿੰਗੀ ਸੰਬੰਧਾਂ ਨੂੰ ਉਨ੍ਹਾਂ ਹੋਰ ਪਾਪਾਂ ਦੀ ਸੂਚੀ ਦੇ ਵਿੱਚ ਹੀ ਰੱਖਦਾ ਹੈ ਜਿਨ੍ਹਾਂ ਲਈ ਪਰਮੇਸ਼ੁਰ ਸਜ਼ਾ ਦਿੰਦਾ ਹੈ (1 ਕੁਰਿੰਥੀਆਂ 6:9-10, 1 ਤਿਮੋਥਿਉਸ 1:9-10)।

## ਕਲੀਸਿਯਾ ਦੀਆਂ ਜ਼ਿੰਮੇਵਾਰੀਆਂ

ਕਈ ਕਲੀਸਿਯਾਵਾਂ ਨੇ ਉਨ੍ਹਾਂ ਲੋਕਾਂ ਲਈ ਪਿਆਰ ਵਿਖਾਉਣ ਦਾ ਢੰਗ ਲੱਭਣ ਵਿੱਚ ਸੰਘਰਸ਼ ਕੀਤਾ ਹੈ ਜੋ ਲਿੰਗਕ ਪਾਪ ਦੇ ਵਿੱਚ ਫਸੇ ਹੋਏ ਹਨ। ਕਈ ਕਲੀਸਿਯਾਵਾਂ ਨੇ ਲਿੰਗਕ ਪਾਪ ਦੀਆਂ ਬਹੁਤ ਸਾਰੀਆਂ ਕਿਸਮਾਂ ਨੂੰ ਸਧਾਰਣ ਅਤੇ ਸੁਭਾਵਕ ਅਤੇ ਇਹ ਆਖ ਕੇ ਮਾਫ਼ ਕਰ ਦਿੱਤਾ ਹੈ ਕਿ ਇਨ੍ਹਾਂ ਤੋਂ ਬਚਿਆ ਨਹੀਂ ਜਾ ਸਕਦਾ।

► ਲਿੰਗਕ ਨੈਤਿਕਤਾ ਦੇ ਮਸਲਿਆਂ ਬਾਰੇ ਕਲੀਸਿਯਾ ਦੀਆਂ ਕਿਹੜੀਆਂ ਕੁਝ ਜ਼ਿੰਮੇਵਾਰੀਆਂ ਹਨ?

### ਧਾਰਮਿਕਤਾ ਬਾਰੇ ਸਿਖਾਉਣਾ ਅਤੇ ਇਸ ਨੂੰ ਪਿਆਰ ਕਰਨਾ

ਕਈ ਵਾਰ ਕਲੀਸਿਯਾਵਾਂ ਲਿੰਗਕ ਅਨੈਤਿਕਤਾ ਦੀਆਂ ਉਨ੍ਹਾਂ ਕਿਸਮਾਂ ਬਾਰੇ ਬੇਪਰਵਾਹ ਜਾਪਦੀਆਂ ਹਨ ਜਿਨ੍ਹਾਂ ਬਾਰੇ ਉਹ ਸੋਚਦੇ ਹਨ ਕਿ ਉਹ ਘੱਟ ਨੁਕਸਾਨਦਾਇਕ ਅਤੇ ਘੱਟ ਭ੍ਰਿਸ਼ਟ ਹਨ। ਉਦਾਹਰਣ ਲਈ, ਕੁਆਰੇ ਜਵਾਨ ਲੋਕਾਂ ਨੂੰ ਪਰਤਾਵੇ ਉੱਤੇ ਜਿੱਤ ਪਾਉਣ ਬਾਰੇ ਸਿਖਾਉਣ ਦੇ ਬਜਾਏ, ਉਹ ਇਹ ਮੰਨ ਸਕਦੇ ਹਨ ਕਿ ਬਹੁਤ ਸਾਰੇ ਕੁਆਰੇ ਜਵਾਨ ਲੋਕ ਲਿੰਗਕ ਸੰਬੰਧ ਬਣਾਉਣਗੇ। ਵਿਸ਼ਵਾਸੀਆਂ ਨੂੰ ਪਵਿੱਤਰ ਜੀਵਨ ਜੀਣ ਬਾਰੇ ਪਰਮੇਸ਼ੁਰ ਦੇ ਮਿਆਰ ਨੂੰ ਬਣਾਈ ਰੱਖਣਾ ਚਾਹੀਦਾ ਹੈ ਅਤੇ ਲਿੰਗਕ ਸੰਬੰਧਾਂ ਨੂੰ ਵਿਆਹੁਤਾ ਰਿਸ਼ਤੇ ਦੇ ਲਈ ਹੀ ਰੱਖਣਾ ਚਾਹੀਦਾ ਹੈ।

ਕਲੀਸਿਯਾ ਦਾ ਸੰਦੇਸ਼ ਬਾਈਬਲ ਦੇ ਕਥਨਾਂ ਵਾਂਗ ਹੀ ਸਪਸ਼ਟ ਹੋਣਾ ਚਾਹੀਦਾ ਹੈ। ਪਰਮੇਸ਼ੁਰ ਉਨ੍ਹਾਂ ਦਾ ਨਿਆਂ ਕਰੇਗਾ ਜੋ ਵਿਆਹੁਤਾ ਰਿਸ਼ਤੇ ਤੋਂ ਬਾਹਰ ਲਿੰਗਕ ਸੰਬੰਧ ਬਣਾਉਂਦੇ ਹਨ (ਇਬਰਾਨੀਆਂ 13:4)। ਵਿਸ਼ਵਾਸੀਆਂ ਨੂੰ ਇੱਕ ਵਿਅਕਤੀ ਦੀ ਅਨੈਤਿਕ ਲਿੰਗਕ ਸੰਬੰਧ ਲਈ ਪ੍ਰਸ਼ੰਸ਼ਾ ਨਹੀਂ ਕਰਨੀ ਚਾਹੀਦੀ। ਮਸੀਹ ਦੇ ਚੇਲਿਆਂ ਨੂੰ ਲਿੰਗਕ ਅਨੈਤਿਕਤਾ ਦੇ ਬਾਰੇ ਚੁਟਕਲੇ ਨਹੀਂ ਬਣਾਉਣੇ ਚਾਹੀਦੇ। ਸੰਸਾਰ ਸਿਖਾਉਂਦਾ ਹੈ ਕਿ ਲਿੰਗਕ ਪਾਪ ਵਿੱਚ ਗਰਭਧਾਰਣ ਅਤੇ ਬਿਮਾਰੀ ਤੋਂ ਬਚਣ ਲਈ ਸਾਵਧਾਨੀ ਵਰਤਣੀ ਚਾਹੀਦੀ ਹੈ, ਪਰ

ਕਲੀਸਿਯਾ ਦਾ ਸੰਦੇਸ਼ ਬਹੁਤ ਮਹੱਤਵਪੂਰਣ ਹੈ। ਕਲੀਸਿਯਾ ਨੂੰ ਸਿਖਾਉਣਾ ਚਾਹੀਦਾ ਹੈ ਕਿ ਲਿੰਗਕ ਪਾਪ ਦੁੱਖ, ਪਰਿਵਾਰਾਂ ਦੇ ਟੁੱਟਣ, ਵਧੇਰੇ ਪਰਤਾਵੇ ਅਤੇ ਅਸੰਤੋਸ਼, ਅਤੇ ਦੋਸ਼ ਭਾਵਨਾ ਦੇ ਵੱਲ ਲੈ ਕੇ ਜਾਂਦਾ ਹੈ।

### ਖੁਸ਼ ਖਬਰੀ ਨੂੰ ਸਾਂਝਾ ਕਰਨਾ

ਕਲੀਸਿਯਾ ਨੂੰ ਸਾਰੇ ਪਾਪੀਆਂ ਨੂੰ ਪਿਆਰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਲਈ ਮਸੀਹ ਦੀ ਕਿਰਪਾ ਅਤੇ ਮਾਫ਼ੀ ਵਿਖਾਉਣੀ ਚਾਹੀਦੀ ਹੈ।

ਪਰਤਾਵੇ ਦਾ ਅਨੁਭਵ ਕਰਨਾ ਪਾਪ ਨਹੀਂ ਹੈ; ਮਸੀਹ ਨੂੰ ਵੀ ਪਰਤਾਇਆ ਗਿਆ ਸੀ, ਪਰ ਉਹ ਪਾਪ ਤੋਂ ਰਹਿਤ ਰਿਹਾ (ਇਬਰਾਨੀਆਂ 4:15)। ਕਲੀਸਿਯਾ ਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਉਹ ਇੱਕ ਵਿਅਕਤੀ ਨੂੰ ਪਰਤਾਵੇ ਦੇ ਕਾਰਣ ਦੋਸ਼ੀ ਅਤੇ ਨਿਰਾਸ਼ ਮਹਿਸੂਸ ਨਾ ਕਰਾਵੇ, ਇੱਥੇ ਤਕ ਕਿ ਭ੍ਰਿਸ਼ਟ ਲਿੰਗਕ ਕਿਰਿਆਵਾਂ ਦੇ ਪਰਤਾਵੇ ਦੇ ਕਾਰਣ ਵੀ ਨਹੀਂ। ਗਲਤ ਇੱਛਾਵਾਂ ਹਰੇਕ ਦੇ ਲਈ ਇੱਕੋ ਜਿਹੀਆਂ ਨਹੀਂ ਹਨ, ਪਰ ਹਰੇਕ ਪਾਪੀ ਸੁਭਾਅ ਅਤੇ ਆਤਮਿਕ ਨੁਕਸਾਂ ਦੇ ਨਾਲ ਪੈਦਾ ਹੋਇਆ ਜਿਸ ਕਾਰਨ ਗਲਤ ਇੱਛਾਵਾਂ ਪੈਦਾ ਹੁੰਦੀਆਂ ਹਨ।

ਇੱਕ ਪਾਸਟਰ ਮਹਿਸੂਸ ਕਰ ਸਕਦਾ ਹੈ ਕਿ ਉਸ ਨੇ ਉਸ ਵਿਅਕਤੀ ਦੀ ਮਦਦ ਕਰਨ ਲਈ ਵਿਸ਼ੇਸ਼ ਸਿਖਲਾਈ ਪ੍ਰਾਪਤ ਨਹੀਂ ਕੀਤੀ ਹੈ ਜੋ ਗਲਤ ਇੱਛਾਵਾਂ ਦੇ ਵਿੱਚ ਫਸਿਆ ਹੋਇਆ ਹੈ, ਪਰ ਉਹ ਇਸ ਸਮੱਸਿਆ ਦੇ ਨਾਲ ਸੰਘਰਸ਼ ਕਰ ਰਹੇ ਵਿਅਕਤੀ ਦੀ ਨੂੰ ਓਵੇਂ ਹੀ ਸਲਾਹ ਦੇ ਸਕਦਾ ਹੈ ਅਤੇ ਉਸ ਦੀ ਮਦਦ ਕਰ ਸਕਦਾ ਹੈ ਜਿਵੇਂ ਉਹ ਕਿਸੇ ਹੋਰ ਪਾਪ ਦੇ ਨਾਲ ਸੰਘਰਸ਼ ਕਰ ਰਹੇ ਵਿਅਕਤੀ ਲਈ ਕਰਦਾ ਹੈ। (ਇਸ ਪਾਠ ਦੇ ਦੋ ਅਗਲੇ ਭਾਗ ਅੱਗੇ ਵਿਸ਼ੇਸ਼ ਸਲਾਹ ਪੇਸ਼ ਕਰਦੇ ਹਨ ਤਾਂ ਕਿ ਵਿਸ਼ਵਾਸੀਆਂ ਦੀ ਲਿੰਗਕ ਅਨੈਤਿਕਤਾ ਦੇ ਪਰਤਾਵੇ ਉੱਤੇ ਜਿੱਤ ਪਾਉਣ ਵਿੱਚ ਮਦਦ ਕੀਤੀ ਜਾ ਸਕੇ।)

► ਜਦੋਂ ਕਲੀਸਿਯਾ ਦੇ ਇੱਕ ਮੈਂਬਰ ਨੇ ਲਿੰਗਕ ਅਨੈਤਿਕਤਾ ਦਾ ਪਾਪ ਕੀਤਾ ਹੈ ਤਾਂ ਕਲੀਸਿਯਾ ਨੂੰ ਕਿਵੇਂ ਪ੍ਰਤੀਉੱਤਰ ਦੇਣਾ ਚਾਹੀਦਾ ਹੈ?

### ਪਾਪੀ ਨੂੰ ਪਹਿਲੀ ਅਵਸਥਾ ਵਿੱਚ ਵਾਪਸ ਲਿਆਉਣਾ

ਗਲਾਤੀਆਂ 6:1 ਆਖਦੀ ਹੈ ਕਿ ਕਲੀਸਿਯਾ ਨੂੰ ਉਸ ਮੈਂਬਰ ਨੂੰ ਪਹਿਲੀ ਅਵਸਥਾ ਵਿੱਚ ਵਾਪਸ ਲਿਆਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜਿਸ ਨੇ ਪਾਪ ਕੀਤਾ ਹੈ। ਇਸ ਦਾ ਮਤਲਬ ਇਹ ਨਹੀਂ ਹੈ ਕਿ ਵਿਅਕਤੀ ਨੂੰ ਸੇਵਕਾਈ ਦੇ ਅਹੁਦੇ ਉੱਤੇ ਬਣੇ ਰਹਿਣਾ ਚਾਹੀਦਾ ਹੈ ਜਾਂ ਉਸ ਦੇ ਪਾਪ ਕਰਨ ਤੋਂ ਬਾਅਦ ਉਸ ਨੂੰ ਤੁਰੰਤ ਸੇਵਕਾਈ ਦੇ ਅਹੁਦੇ ਉੱਤੇ ਵਾਪਸ ਲਿਆਉਣਾ ਚਾਹੀਦਾ ਹੈ। ਪਹਿਲੀ ਅਵਸਥਾ ਵਿੱਚ ਵਾਪਸ ਲਿਆਉਣ ਦਾ ਮਤਲਬ ਹੈ ਕਿ ਉਸ ਨੂੰ ਸੰਗਤੀ ਅਤੇ ਕਲੀਸਿਯਾ ਦੀ ਦੇਖਭਾਲ ਵਿੱਚ ਮੁੜ ਸਵੀਕਾਰ ਕਰਨਾ ਚਾਹੀਦਾ ਹੈ। ਜੇ ਉਹ ਮੈਂਬਰ ਸੱਚਮੁੱਚ ਤੋਬਾ ਕਰਦਾ ਹੈ, ਤਾਂ ਉਹ ਪਰਮੇਸ਼ੁਰ ਦੁਆਰਾ ਅਤੇ ਕਲੀਸਿਯਾ ਦੁਆਰਾ ਮਾਫ਼ ਕੀਤਾ ਗਿਆ ਹੈ। ਕਲੀਸਿਯਾ ਨੂੰ ਉਸ ਦੀ ਜਿੱਤ ਨੂੰ ਬਣਾਈ ਰੱਖਣ ਅਤੇ ਆਤਮਿਕ ਤੌਰ ’ਤੇ ਮਜ਼ਬੂਤ ਬਣਨ ਵਿੱਚ ਮਦਦ ਕਰਨ ਲਈ ਉਸ ਨੂੰ

ਆਤਮਿਕ ਜਵਾਬਦੇਹੀ ਪ੍ਰਦਾਨ ਕਰਨੀ ਚਾਹੀਦੀ ਹੈ। ਇੱਕ ਪਹਿਲੀ ਅਵਸਥਾ ਦੇ ਵਿੱਚ ਵਾਪਸ ਲਿਆਂਦਾ ਗਿਆ ਵਿਸ਼ਵਾਸੀ ਜਵਾਬਦੇਹੀ ਦੇ ਵਿੱਚ ਜੀਵਨ ਬਿਤਾਉਂਦਾ ਹੈ, ਉਹ ਹੌਲੀ-ਹੌਲੀ ਆਪਣੇ ਕਲੀਸਿਯਾ ਪਰਿਵਾਰ ਦਾ ਭਰੋਸਾ ਮੁੜ ਪ੍ਰਾਪਤ ਕਰ ਸਕਦਾ ਹੈ।

ਜੇ ਇੱਕ ਕੁਆਰੀ ਕੁੜੀ ਗਰਭਵਤੀ ਹੋ ਜਾਂਦੀ ਹੈ, ਤਾਂ ਕਲੀਸਿਯਾ ਨੂੰ ਉਸ ਨੂੰ ਆਤਮਿਕ ਤੌਰ 'ਤੇ ਪਹਿਲਾਂ ਵਾਲੀ ਅਵਸਥਾ ਵਿੱਚ ਵਾਪਸ ਲਿਆਉਣ ਦੀ ਕੋਸ਼ਿਸ਼ ਕੀਤੇ ਬਿਨਾਂ ਸੰਗਤੀ ਅਤੇ ਕਲੀਸਿਯਾ ਦੀ ਦੇਖਭਾਲ ਵਿੱਚੋਂ ਬਾਹਰ ਨਹੀਂ ਕੱਢਣਾ ਚਾਹੀਦਾ। ਜੇ ਉਹ ਤੋਬਾ ਕਰਦੀ ਹੈ ਅਤੇ ਆਤਮਿਕ ਜਵਾਬਦੇਹੀ ਦੇ ਲਈ ਅਧੀਨ ਹੁੰਦੀ ਹੈ, ਤਾਂ ਉਹ ਮਾਫ਼ ਕੀਤੀ ਗਈ ਹੈ। ਉਸ ਦਾ ਪਾਪ ਉਸ ਆਦਮੀ ਦੇ ਪਾਪ ਨਾਲੋਂ ਬੁਰਾ ਨਹੀਂ ਹੈ ਜੋ ਇਸ ਵਿੱਚ ਸ਼ਾਮਲ ਸੀ। ਕਈ ਵਾਰ ਕੁੜੀ ਦੇ ਨਾਲ ਜ਼ਿਆਦਾ ਬੁਰਾ ਵਿਹਾਰ ਕੀਤਾ ਜਾਂਦਾ ਹੈ ਕਿ ਕਿਉਂਕਿ ਉਸ ਦੇ ਪਾਪ ਦੇ ਨਤੀਜੇ ਬਹੁਤ ਪ੍ਰਤੱਖ ਹੁੰਦੇ ਹਨ।

ਕਈ ਥਾਵਾਂ 'ਤੇ, ਕਲੀਸਿਯਾ ਉਨ੍ਹਾਂ ਬੱਚਿਆਂ ਦੇ ਨਾਲ ਵੱਖਰਾ ਵਿਹਾਰ ਕਰਦੀ ਹੈ ਜੋ ਇੱਕ ਵਿਆਹੁਤਾ ਰਿਸ਼ਤੇ ਤੋਂ ਬਿਨਾਂ ਪੈਦਾ ਹੋਏ ਹੁੰਦੇ ਹਨ, ਪਰ ਇਹ ਗਲਤ ਹੈ ਕਿਉਂਕਿ ਇਹ ਬੱਚੇ ਦੀ ਗਲਤੀ ਨਹੀਂ ਹੈ। ਕਲੀਸਿਯਾ ਲਈ ਬੱਚੇ ਨੂੰ ਪਿਆਰ ਕਰਨ ਅਤੇ ਸਵੀਕਾਰ ਕਰਨ ਦਾ ਅਰਥ ਇਹ ਨਹੀਂ ਹੈ ਕਿ ਉਹ ਕਲੀਸਿਯਾ ਪਾਪ ਨੂੰ ਅਣਵੇਖਿਆ ਕਰੇ।

### ਕਮਜ਼ੋਰ ਦੀ ਰੱਖਿਆ ਕਰਨਾ

ਕਈ ਸਮਾਜਾਂ ਵਿੱਚ, ਜਿਹੜੇ ਮਾਪੇ ਆਪਣੀ ਕੁੜੀ ਦੇ ਅਣਚਾਹੇ ਗਰਭਧਾਰਣ ਦੇ ਕਾਰਨ ਸ਼ਰਮ ਮਹਿਸੂਸ ਕਰਦੇ ਹਨ, ਉਹ ਪਰਿਵਾਰ ਦੀ ਸ਼ਾਖ ਨੂੰ ਬਚਾਉਣ ਲਈ ਅਣਜੰਮੇ ਬੱਚੇ ਨੂੰ ਮਾਰਨ ਲਈ ਪਰਤਾਏ ਜਾਂਦੇ ਹਨ। ਪਰ ਕਤਲ ਕਰਨ ਦੇ ਲਈ ਕਦੇ ਵੀ ਕੋਈ ਚੰਗਾ ਕਾਰਣ ਨਹੀਂ ਹੁੰਦਾ ਹੈ (ਕੂਚ 20:13)। ਹਰੇਕ ਅਣਜੰਮਿਆ ਬੱਚਾ ਪਰਮੇਸ਼ੁਰ ਦੇ ਸਰੂਪ ਉੱਤੇ ਬਣਾਇਆ ਗਿਆ ਹੈ (ਉਤਪਤ 9:6, ਜ਼ਬੂਰ 139:13-14)। ਕੁੜੀ ਦੇ ਬੱਚੇ ਦੀ ਰੱਖਿਆ ਕੀਤੀ ਜਾਣੀ ਚਾਹੀਦੀ ਹੈ, ਉਸ ਨੂੰ ਪਿਆਰ ਕਰਨਾ ਚਾਹੀਦਾ ਹੈ, ਅਤੇ ਉਸ ਦਾ ਪਾਲਣ-ਪੋਸ਼ਣ ਕਰਨਾ ਚਾਹੀਦਾ ਹੈ।

### ਗਰੀਬੀ ਦੇ ਲਈ ਸਮਾਂਤਰ ਹੱਲ ਪ੍ਰਦਾਨ ਕਰਨਾ

ਕਲੀਸਿਯਾ ਵਿਸ਼ਵਾਸ ਦਾ ਇੱਕ ਪਰਿਵਾਰ ਹੈ। ਐਨਾ ਹੀ ਕਾਫ਼ੀ ਨਹੀ ਹੈ ਕਿ ਕਲੀਸਿਯਾ ਸਿਰਫ ਲੋਕਾਂ ਨੂੰ ਪਾਪਾਂ ਲਈ ਹੀ ਦੋਸ਼ੀ ਠਹਿਰਾਵੇ। ਕਲੀਸਿਯਾ ਨੂੰ ਆਪਣੇ ਮੈਂਬਰਾਂ ਦੀ ਦੇਖਭਾਲ ਵੀ ਕਰਨੀ ਚਾਹੀਦੀ ਹੈ। ਉਦਾਹਰਣ ਲਈ, ਇੱਕ ਵਿਅਕਤੀ ਜਿਹੜਾ ਆਪਣੀਆਂ ਵਿੱਤੀ ਜ਼ਰੂਰਤਾਂ ਨੂੰ ਇੱਕ ਪਾਪਮਈ ਕੰਮ ਕਰਨ ਦੇ ਦੁਆਰਾ ਪੂਰਾ ਕਰਦਾ ਹੈ, ਉਸ ਨੂੰ ਸਮਾਂਤਰ ਵਿੱਤੀ ਸਹਿਯੋਗ ਦੀ ਲੋੜ ਹੋ ਸਕਦੀ ਹੈ।

ਉਦਾਹਰਣ ਦੇ ਲਈ, ਬਹੁਤ ਸਾਰੀਆਂ ਕੁੜੀਆਂ ਜੋ ਵੱਡੀ ਕਲੀਸਿਯਾ ਵਿੱਚ ਜਾਂਦੀਆਂ ਸਨ ਅਤੇ ਅਰਾਧਨਾ ਟੀਮ ਵਿੱਚ ਗਾਉਂਦੀਆਂ ਸਨ। ਉਨ੍ਹਾਂ ਦੇ ਪਰਿਵਾਰ ਗਰੀਬ ਸਨ। ਉਹ ਕੁੜੀਆਂ ਆਪਣੇ ਪਰਿਵਾਰਾਂ ਦੀ ਮਦਦ ਕਰਨ ਵਾਸਤੇ ਪੈਸਾ ਕਮਾਉਣ ਲਈ ਪੁਰਸ਼ਾਂ ਦੇ ਨਾਲ ਅਨੈਤਿਕ ਸੰਬੰਧਾਂ ਵਿੱਚ ਸਨ। ਅਜਿਹੀ ਸਥਿੱਤੀ ਵਿੱਚ ਕਲੀਸਿਯਾ ਨੂੰ ਕੀ ਕਰਨਾ ਚਾਹੀਦਾ ਹੈ?

► ਤੁਹਾਡੀ ਕਲੀਸਿਯਾ ਲੋਕਾਂ ਦੀ ਪਾਪ ਭਰੀ ਜੀਵਨ ਸ਼ੈਲੀ ਨੂੰ ਛੱਡਣ ਵਿੱਚ ਮਦਦ ਕਰਨ ਲਈ ਕੀ ਕਰਦੀ ਹੈ?

## ਉਨ੍ਹਾਂ ਲਈ ਮਦਦ ਜਿਹੜੇ ਪਰਤਾਵਾ ਝੱਲ ਰਹੇ ਹਨ

ਅਸੀਂ ਇਸ ਪਾਠ ਵਿੱਚ ਬਹੁਤ ਸਾਰੇ ਮੁਸ਼ਕਲ ਵਿਸ਼ਿਆਂ ਬਾਰੇ ਗੱਲ ਕੀਤੀ ਹੈ। ਇਹ ਸੰਭਾਵਨਾਂ ਹੈ ਕਿ ਪਾਠ ਨੂੰ ਪੜ੍ਹਨ ਵਾਲੇ ਬਹੁਤ ਸਾਰੇ ਲੋਕਾਂ ਨੇ ਉਨ੍ਹਾਂ ਮਸਲਿਆਂ ਦੇ ਨਾਲ ਸੰਘਰਸ਼ ਕੀਤਾ ਹੈ। ਕਈ ਪਾਠਕ ਕਲੀਸਿਯਾ ਦੇ ਆਗੂ ਹਨ ਜਿਨ੍ਹਾਂ ਨੂੰ ਇਹ ਜਾਣਨ ਦੀ ਲੋੜ ਹੈ ਕਿ ਪਰਤਾਵਿਆਂ ਦਾ ਸਾਹਮਣਾ ਕਰ ਰਹੇ ਵਿਸ਼ਵਾਸੀਆਂ ਦੀ ਮਦਦ ਕਿਵੇਂ ਕਰਨੀ ਹੈ।

ਭਾਵੇਂ ਪਰਤਾਵਾ ਕਿਸੇ ਵੀ ਪ੍ਰਕਾਰ ਦਾ ਹੋਵੇ, ਪਰ ਕੁਝ ਵਿਹਾਰ ਅਤੇ ਸੋਚ ਦੇ ਨਮੂਨੇ ਹਨ ਜੋ ਇੱਕ ਵਿਸ਼ਵਾਸੀ ਦੀ ਜਿੱਤ ਪਾਉਣ ਵਿੱਚ ਮਦਦ ਕਰ ਸਕਦੇ ਹਨ।

ਮਸੀਹ ਦਾ ਅਨੁਸਰਣ ਕਰਨ ਵਾਲੇ ਇੱਕ ਵਿਅਕਤੀ ਨੂੰ ਇਸ ਤੋਂ ਮਦਦ ਮਿਲੇਗੀ:

1. **ਮਸੀਹ ਨਾਲ ਤੁਹਾਡੇ ਰਿਸ਼ਤੇ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹੋਣ ਤੋਂ (ਮੱਤੀ 16:24-27)।** ਬਾਕੀ ਸਾਰੇ ਪਰਤਾਵੇ ਵਾਂਗ ਹੀ, ਲਿੰਗਕ ਅਨੈਤਿਕਤਾ ਦਾ ਪਰਤਾਵਾ ਵੀ ਤੁਹਾਡੇ ਆਤਮਾ ਉੱਤੇ ਸ਼ਤਾਨ ਦਾ ਹਮਲਾ ਹੈ (1 ਪਤਰਸ 2:11)। ਜੋ ਕੇਵਲ ਚੁਰਾਉਣਾ, ਮਾਰਨਾ, ਅਤੇ ਨਾਸ ਕਰਨਾ ਚਾਹੁੰਦਾ ਹੈ (ਯੂਹੰਨਾ 10:10)। ਤੁਹਾਨੂੰ ਆਪਣੇ ਜੀਵਨ ਨੂੰ ਬਚਾਉਣ ਲਈ ਇਸ ਤੋਂ ਭੱਜਣਾ ਚਾਹੀਦਾ ਹੈ (2 ਤਿਮੋਥਿਉਸ 2:22)।

2. **ਇਹ ਭਰੋਸਾ ਕਰਨ ਤੋਂ ਕਿ ਯਿਸੂ ਪਰਵਾਹ ਕਰਦਾ ਹੈ (ਜ਼ਬੂਰ 139:1-3, 1 ਪਤਰਸ 5:6-10)।** ਉਹ ਤੁਹਾਡੇ ਵਿਸ਼ਵਾਸ, ਤੁਹਾਡੀਆਂ ਸਰੀਰਕ ਲੋੜਾਂ, ਅਤੇ ਤੁਹਡੀ ਸ਼ੁੱਧਤਾ ਬਾਰੇ ਪਰਵਾਹ ਕਰਦਾ ਹੈ। ਉਸ ਨੇ ਵੀ ਆਪਣੀ ਮਨੁੱਖਤਾ ਵਿੱਚ ਉਨ੍ਹਾਂ ਸਰੀਰਕ ਅਤੇ ਮਾਨਸਿਕ ਪਰਤਾਵਿਆਂ ਨੂੰ ਜੇਤੂ ਢੰਗ ਨਾਲ ਝੱਲਿਆ ਹੈ ਜਿਨ੍ਹਾਂ ਦਾ ਅਸੀਂ ਸਾਹਮਣਾ ਕਰਦੇ ਹਨ, ਅਤੇ ਉਸ ਕੋਲ ਉਹ ਕਿਰਪਾ ਹੈ ਜਿਸ ਦੀ ਸਾਨੂੰ ਜਿੱਤ ਪਾਉਣ ਲਈ ਲੋੜ ਹੈ (ਇਬਰਾਨੀਆਂ 4:14-16)।

3. **ਸ਼ਤਾਨ ਦੇ ਝੂਠਾਂ ਉੱਤੇ ਵਿਸ਼ਵਾਸ ਨਾ ਕਰਨ ਤੋਂ (ਯੂਹੰਨਾ 8:44)।** ਸ਼ਤਾਨ ਤੁਹਾਨੂੰ ਆਖ ਸਕਦਾ ਹੈ, "ਯਿਸੂ ਨੂੰ ਕੋਈ ਪਰਵਾਹ ਨਹੀਂ ਹੈ, ਜਾਂ ਉਹ ਉਸ ਲਿੰਗਕ ਇੱਛਾ ਨੂੰ ਹਟਾ ਦੇਵੇਗਾ ਜੋ ਬਹੁਤ ਨਿਰਾਸ਼ਾਜਨਕ ਹੈ।" 1 ਪਤਰਸ 5:7-8 ਵਿੱਚ ਸਾਨੂੰ ਦੱਸਿਆ ਗਿਆ ਹੈ ਕਿ ਯਿਸੂ ਪਰਵਾਹ ਕਰਦਾ ਹੈ, ਅਤੇ ਸ਼ਤਾਨ ਹੈ ਜੋ ਸਾਨੂੰ ਨਾਸ ਕਰਨਾ ਚਾਹੁੰਦਾ ਹੈ । ਸ਼ਤਾਨ ਤੁਹਾਡੀਆਂ ਲਿੰਗਕ ਇੱਛਾਵਾਂ ਦੇ ਕਾਰਣ ਤੁਹਾਡੇ ਉੱਤੇ ਪਾਪੀ ਹੋਣ ਦਾ ਝੂਠਾ ਦੋਸ਼ ਲਗਾ ਸਕਦਾ ਹੈ (ਪਰਕਾਸ਼ ਦੀ ਪੋਥੀ 12:10)।

4. **ਯਿਸੂ ਉੱਤੇ ਧਿਆਨ ਕੇਂਦਰਿਤ ਕਰਨ ਅਤੇ ਜੋ ਉਹ ਹੈ ਉਸ ਲਈ ਉਸ ਦੀ ਪ੍ਰਸ਼ੰਸ਼ਾ ਕਰਨ ਤੋਂ (ਜ਼ਬੂਰ 105:3-4)।** ਸ਼ਤਾਨ ਇਸ ਪਰਤਾਵੇ ਦੇ ਦੁਆਰਾ ਤੁਹਾਡੇ ਵਿਸ਼ਵਾਸ ਅਤੇ ਪਰਮੇਸ਼ੁਰ ਨਾਲ ਤੁਹਾਡੇ ਰਿਸ਼ਤੇ ਨੂੰ ਨਾਸ ਕਰਨਾ ਚਾਹੇਗਾ (ਯੂਹੰਨਾ

10:10)। ਪਰ ਇਸ ਪਰਤਾਵੇ ਲਈ ਯਿਸੂ ਦਾ ਉਦੇਸ਼ ਇਹ ਹੈ ਕਿ ਤੁਹਾਡਾ ਵਿਸ਼ਵਾਸ ਮਜ਼ਬੂਤ ਹੋਵੇ, ਅਤੇ ਇਹ ਕਿ ਤੁਸੀਂ ਬਿਹਤਰ ਢੰਗ ਨਾਲ ਉਸ ਦੀ ਮਹਿਮਾ ਕਰ ਸਕੋ (1 ਪਤਰਸ 1:5-9)। ਜਦੋਂ ਤੁਸੀਂ ਯਿਸੂ ਦੀ ਅਰਾਧਨਾ ਕਰਨ ਉੱਤੇ ਧਿਆਨ ਕੇਂਦਰਿਤ ਕਰਦੇ ਹੋ, ਉਹ ਤੁਹਾਡੀ ਮਦਦ ਕਰਨ ਲਈ ਮੌਜੂਦ ਹੋਵੇਗਾ (ਜ਼ਬੂਰ 46:1)।

5. **ਪਰਮੇਸ਼ੁਰ ਦੇ ਵਚਨ ਉੱਤੇ ਮਨਨ ਕਰਨ ਤੋਂ (ਜ਼ਬੂਰ 119:9)।** ਪਰਮੇਸ਼ੁਰ ਦੇ ਵਚਨ ਨੂੰ ਪੜ੍ਹਨਾ, ਸੁਣਨਾ, ਅਤੇ ਉਸ ਉੱਤੇ ਮਨਨ ਕਰਨਾ, ਪਰਤਾਵੇ ਵਿੱਚ ਜਿੱਤ ਪਾ ਕੇ ਖੜ੍ਹੇ ਹੋਣ ਵਿੱਚ ਤੁਹਾਡੀ ਮਦਦ ਕਰੇਗਾ। ਜਦੋਂ ਯਿਸੂ ਨੂੰ ਪਰਤਾਇਆ ਗਿਆ ਸੀ, ਉਸ ਨੇ ਜਿੱਤ ਪਾਉਣ ਲਈ ਵਚਨ ਦੀ ਵਰਤੋਂ ਕੀਤੀ (ਮੱਤੀ 4)। ਸਾਨੂੰ ਵੀ ਇਹੋ ਹੀ ਕਰਨਾ ਚਾਹੀਦਾ ਹੈ।

6. **ਆਪਣੀਆਂ ਲਿੰਗਕ ਇੱਛਾਵਾਂ ਲਈ ਯਿਸੂ ਦਾ ਧੰਨਵਾਦ ਕਰਨ ਤੋਂ, ਤਦ ਵੀ ਜਦੋਂ ਤੁਸੀਂ ਪਰਤਾਵੇ ਉੱਤੇ ਜਿੱਤ ਪਾਉਣ ਲਈ ਪ੍ਰਾਰਥਨਾ ਕਰ ਰਹੇ ਹੋ (2 ਕੁਰਿੰਥੀਆਂ 12:7-9)।** ਤੁਸੀਂ ਆਪਣੀਆਂ ਸੁਭਾਵਕ ਇੱਛਾਵਾਂ ਦੇ ਲਈ ਧੰਨਵਾਦੀ ਹੋ ਸਕਦੇ ਹੋ, ਕਿਉਂਕਿ ਉਹ ਤੁਹਾਡੀ ਮਨੁੱਖਤਾ ਦੀ ਪਰਮੇਸ਼ੁਰ ਦੀ ਬਣਤਰ ਦਾ ਹਿੱਸਾ ਹਨ ਅਤੇ ਉਹ ਤੁਹਾਨੂੰ ਯਿਸੂ ਉੱਤੇ ਨਿਰਭਰ ਰਹਿਣ ਅਤੇ ਉਸ ਦੀ ਸ਼ਕਤੀ ਨੂੰ ਭਾਲਣ ਲਈ ਮਜ਼ਬੂਰ ਕਰਦੀਆਂ ਹਨ। ਤੁਹਾਡੀ ਕਮਜ਼ੋਰੀ ਉਸ ਨਾਲ ਚੱਲਣ ਵਿੱਚ ਪਰਿਪੱਕ ਹੋਣ ਦੇ ਲਈ ਇੱਕ ਮੌਕਾ ਦਿੰਦੀ ਹੈ।

7. **ਘੱਟੋ-ਘੱਟ ਇੱਕ ਪਰਿਪੱਕ ਅਤੇ ਧਰਮੀ ਵਿਅਕਤੀ ਦੇ ਪ੍ਰਤੀ ਜਵਾਬਦੇਹ ਰਹਿਣ ਤੋਂ (ਗਲਾਤੀਆਂ 6:2)।** ਕਿਸੇ ਅਜਿਹੇ ਵਿਅਕਤੀ (ਤੁਹਾਡੇ ਲਿੰਗ ਦੇ) ਦੇ ਨਾਲ ਖੁੱਲ੍ਹੇ ਅਤੇ ਇਮਾਨਦਾਰ ਹੋਣਾ ਮਦਦਗਾਰ ਹੋਵੇਗਾ, ਜੋ ਵਿਸ਼ਵਾਸ ਦੀ ਯਾਤਰਾ ਵਿੱਚ ਤੁਹਾਡੇ ਨਾਲੋਂ ਬਹੁਤ ਅੱਗੇ ਹੈ। ਉਹ ਤੁਹਾਡੇ ਲਈ ਪ੍ਰਾਰਥਨਾ ਕਰ ਸਕਣਗੇ ਅਤੇ ਤੁਹਾਨੂੰ ਸਲਾਹ ਦੇ ਸਕਣਗੇ। ਆਪਣੇ ਸੰਘਰਸ਼ਾਂ ਦੇ ਬਾਰੇ ਉਨ੍ਹਾਂ ਨਾਲ ਗੱਲ ਕਰਨਾ, ਸ਼ੁੱਧਤਾ ਨੂੰ ਬਣਾਈ ਰੱਖਣ ਅਤੇ ਆਪਣੇ ਵਿਸ਼ਵਾਸ ਵਿੱਚ ਉਤਸ਼ਾਹਿਤ ਰਹਿਣ ਵਿੱਚ ਤੁਹਾਡੀ ਮਦਦ ਕਰੇਗਾ।

8. **ਦੂਸਰਿਆਂ ਦੀ ਸੇਵਾ ਕਰਨਾ ਅਤੇ ਉਨ੍ਹਾਂ ਦੀਆਂ ਲੋੜਾਂ ਉੱਤੇ ਧਿਆਨ ਦੇਣ ਤੋਂ (ਫਿਲਿੱਪੀਆਂ 2:3-5)।** ਹੋਰ ਲੋਕਾਂ ਦੀ ਸੇਵਾ ਕਰਕੇ ਆਪਣੀਆਂ ਖੁਦ ਦੀਆਂ ਲੋੜਾਂ ਦੀ ਵਧੇਰੇ ਚਿੰਤਾ ਕਰਨ ਅਤੇ ਦੂਸਰੇ ਲੋਕਾਂ ਤੋਂ ਸੇਵਾ ਕਰਾਉਣ ਦੀਆਂ ਆਪਣੀਆਂ ਇੱਛਾਵਾਂ ਦੇ ਵਿਰੁੱਧ ਲੜੋ।

9. **ਪਰਮੇਸ਼ੁਰ ਦੇ ਸਮੇਂ ’ਤੇ ਸਹੀ ਵਿਅਕਤੀ ਨਾਲ ਵਿਆਹ ਕਰਨ ਤੋਂ (ਕਹਾਉਤਾਂ 5:15, 18-19)।** (ਅਗਲੇ ਪਾਠ ਇਹ ਚਰਚਾ ਕਰਨਗੇ ਕਿ ਵਿਆਹ ਲਈ ਬੁੱਧੀਮਾਨੀ ਦੇ ਨਾਲ ਚੋਣ ਕਿਵੇਂ ਕਰਨੀ ਹੈ।)

► ਇਨ੍ਹਾਂ ਵਿੱਚੋਂ ਕਿਹੜੇ ਵਿਚਾਰ ਤੁਹਾਡੇ ਲਈ ਨਵੇਂ ਹਨ? ਕਿਹੜੇ ਤੁਹਾਡੇ ਖੁਦ ਦੇ ਜੀਵਨ ਵਿੱਚ ਮਦਦਗਾਰ ਸਾਬਤ ਹੋਏ ਹਨ?

► ਹੋਰ ਕਿਹੜੇ ਵਿਹਾਰ ਜਾਂ ਸੋਚ ਦੇ ਨਮੂਨੇ ਤੁਹਾਡੇ ਲਈ ਮਦਦਗਾਰ ਸਾਬਤ ਹੋਏ ਹਨ?

## ਵਿਆਹ ਤੋਂ ਪਹਿਲਾਂ ਨੈਤਿਕ ਸ਼ੁੱਧਤਾ

ਜਵਾਨ ਲੋਕ ਵਿਆਹ ਤੋਂ ਪਹਿਲਾਂ ਬਹੁਤ ਪਰਤਾਵਿਆਂ ਦਾ ਸਾਹਮਣਾ ਕਰਦੇ ਹਨ। ਉਨ੍ਹਾਂ ਲਈ ਇਹ ਯਾਦ ਰੱਖਣਾ ਮਹੱਤਵਪੂਰਣ ਹੈ ਕਿ ਉਨ੍ਹਾਂ ਨੂੰ ਇੱਕ ਜੀਵਨ ਸਾਥੀ ਦੀ ਲੋੜ ਹੈ ਜੋ ਵਫ਼ਾਦਾਰ ਰਹਿ ਸਕਦਾ ਹੈ।[21] ਉਨ੍ਹਾਂ ਨੂੰ ਕਿਸੇ ਅਜਿਹੇ ਵਿਅਕਤੀ ਦੇ ਨਾਲ ਇੱਕ ਰਿਸ਼ਤਾ ਬਣਾਉਣ ਬਾਰੇ ਨਹੀਂ ਸੋਚਣਾ ਚਾਹੀਦਾ ਜੋ ਵਿਆਹ ਕੀਤੇ ਬਿਨਾਂ ਥੋੜ੍ਹੇ ਸਮੇਂ ਦਾ ਅਨੰਦ ਪ੍ਰਾਪਤ ਕਰਨਾ ਚਾਹੁੰਦਾ ਹੈ। ਉਨ੍ਹਾਂ ਨੂੰ ਕਿਸੇ ਅਜਿਹੇ ਵਿਅਕਤੀ ਦੇ ਨਾਲ ਇੱਕ ਰਿਸ਼ਤਾ ਬਣਾਉਣ ਬਾਰੇ ਨਹੀਂ ਸੋਚਣਾ ਚਾਹੀਦਾ ਜੋ ਇੱਕ ਸਮਰਪਿਤ ਵਿਸ਼ਵਾਸੀ ਨਹੀਂ ਹੈ (1 ਕੁਰਿੰਥੀਆਂ 7:39)। ਉਨ੍ਹਾਂ ਨੂੰ ਕੇਵਲ ਕਿਸੇ ਅਜਿਹੇ ਵਿਅਕਤੀ ਬਾਰੇ ਹੀ ਵਿਚਾਰ ਕਰਨਾ ਚਾਹੀਦਾ ਹੈ ਜੋ ਵਫ਼ਾਦਾਰ ਵਿਆਹੁਤਾ ਸਾਥੀ ਹੋਵੇਗਾ ਅਤੇ ਇੱਕ ਚੰਗੀ ਹੋਵੇਗੀ/ਇੱਕ ਚੰਗਾ ਪਿਓ ਹੋਵੇਗਾ।

ਇੱਕ ਜਵਾਨ ਵਿਅਕਤੀ ਜੋ ਇੱਕ ਚੰਗਾ ਵਿਆਹੁਤਾ ਰਿਸ਼ਤਾ ਬਣਾਉਣਾ ਚਾਹੁੰਦਾ ਹੈ ਉਸ ਨੂੰ ਮਸੀਹ ਦਾ ਵਫ਼ਾਦਾਰ, ਸਮਰਪਿਤ ਚੇਲਾ ਬਣਨਾ ਚਾਹੀਦਾ ਹੈ ਤਾਂ ਕਿ ਇੱਕ ਸਹੀ ਕਿਸਮ ਦਾ ਵਿਅਕਤੀ ਉਸ ਵੱਲ ਆਕਰਸ਼ਿਤ ਹੋ ਸਕੇ (ਕਹਾਉਤਾਂ 3:4-8)। ਇੱਕ ਵਿਅਕਤੀ ਉਚਿੱਤ ਵਿਹਾਰ ਅਤੇ ਸਾਡੇ ਕੱਪੜੇ ਪਹਿਨਣ ਦੁਆਰਾ ਚੰਗੇ ਚਰਿੱਤਰ ਨੂੰ ਵਿਖਾਉਂਦਾ ਹੈ (1 ਤਿਮੋਥਿਉਸ 2:9-10)। ਜਿਹੜੇ ਲੋਕ ਵਿਪਰੀਤ ਲਿੰਗ ਦੇ ਲੋਕਾਂ ਨਾਲ ਲਾਪਰਵਾਹੀ ਵਾਲਾ ਵਿਹਾਰ ਕਰਦੇ ਹਨ, ਉਹ ਵਿਖਾਉਂਦੇ ਹਨ ਕਿ ਉਹ ਗਲਤ ਇੱਛਾਵਾਂ ਦੇ ਅਧਾਰ ’ਤੇ ਇੱਕ ਰਿਸ਼ਤਾ ਬਣਾਉਣਾ ਚਾਹੁੰਦੇ ਹਨ (1 ਥੱਸਲੁਨੀਕੀਆਂ 4:1-7)। ਇੱਕ ਵਿਅਕਤੀ ਜਿਹੜਾ ਗਲਤ ਇੱਛਾਵਾਂ ਨੂੰ ਪੈਦਾ ਕਰਨ ਵਾਲੇ ਕੱਪੜੇ ਪਹਿਨਦਾ ਹੈ ਉਹ ਉਸ ਵਿਅਕਤੀ ਨੂੰ ਆਕਰਸ਼ਿਤ ਕਰਦਾ ਹੈ ਜੋ ਬਿਨਾਂ ਸਮਰਪਣ ਦੇ ਅਨੰਦ ਲੈਣਾ ਚਾਹੁੰਦਾ ਹੈ (ਕਹਾਉਤਾਂ 7)।

ਪਰਮੇਸ਼ੁਰ ਨੇ ਵਿਹਾਰ, ਕੱਪੜਿਆਂ, ਅਤੇ ਰਿਸ਼ਤਿਆਂ ਸੰਬੰਧੀ ਫੈਸਲਿਆਂ ਵਿੱਚ ਅਗਵਾਈ ਕਰਨ ਲਈ ਮਾਪੇ, ਪਾਸਟਰ, ਅਤੇ ਹੋਰ ਮਸੀਹੀ ਆਗੂ ਦਿੱਤੇ ਹਨ। ਜਦੋਂ ਜਵਾਨ ਲੋਕ ਪਰਮੇਸ਼ੁਰ ਪ੍ਰਤੀ ਆਗਿਆਕਾਰੀ ਦੇ ਵਿੱਚ ਇਨ੍ਹਾਂ ਆਗੂਆਂ ਦੇ ਅਧੀਨ ਹੁੰਦੇ ਹਨ, ਉਹ ਪਰਮੇਸ਼ੁਰ ਦੀ ਸਭ ਤੋਂ ਵੱਡੀ ਅਸੀਸ ਪ੍ਰਾਪਤ ਕਰਨਗੇ ਅਤੇ ਉਹ ਜ਼ਿਆਦਾ ਨੁਕਸਾਨ ਅਤੇ ਪਰਤਾਵੇ ਤੋਂ ਬਚਾਏ ਜਾਣਗੇ।

► ਵਿਦਿਆਰਥੀਆਂ ਨੂੰ ਸਮੂਹ ਲਈ 1 ਪਤਰਸ 5:5 ਅਤੇ ਇਬਰਾਨੀਆਂ 13:17 ਨੂੰ ਪੜ੍ਹਨਾ ਚਾਹੀਦਾ ਹੈ।

ਬੱਚਿਆਂ ਅਤੇ ਜਵਾਨ ਲੋਕਾਂ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਮਾਪਿਆਂ ਅਤੇ ਆਤਮਿਕ ਅਧਿਕਾਰੀਆਂ ਦੀ ਬੁੱਧੀ ਅਤੇ ਅਗਵਾਈ ਦੇ ਅਧੀਨ ਰਹਿਣ। ਇਹ ਇਨ੍ਹਾਂ ਆਗੂਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਜਵਾਨ ਲੋਕਾਂ ਦੀ ਪਰਤਾਵੇ ਉੱਤੇ ਜਿੱਤ ਪਾਉਣ ਵਾਲਾ ਜੀਵਨ ਜੀਣ ਵਿੱਚ ਮਦਦ ਕਰਨ।

► ਵਿਦਿਆਰਥੀਆਂ ਨੂੰ ਸਮੂਹ ਲਈ ਰੋਮੀਆਂ 13:14 ਅਤੇ 1 ਕੁਰਿੰਥੀਆਂ 10:13 ਨੂੰ ਪੜ੍ਹਨਾ ਚਾਹੀਦਾ ਹੈ।

---

[21] ਵੇਖੋ, ਕਹਾਉਤਾਂ 31:11-12, 1 ਤਿਮੋਥਿਉਸ 3:11-12, ਮਲਾਕੀ 2:14-16, ਅਤੇ ਕਹਾਉਤਾਂ 2:16-17.

ਪਰਮੇਸ਼ੁਰ ਵਿਸ਼ਵਾਸੀਆਂ ਨੂੰ ਪਰਤਾਵੇ ਦੇ ਅਜਿਹੇ ਹਾਲਾਤਾਂ ਵਿੱਚ ਨਹੀਂ ਜਾਣ ਦਿੰਦਾ ਜੋ ਉਸ ਤੋਂ ਪਰੇ ਹਨ ਜਿਨ੍ਹਾਂ ਦਾ ਵਿਰੋਧ ਕਰਨ ਅਤੇ ਜਿਨ੍ਹਾਂ ਵਿੱਚ ਨਿੱਕਲਣ ਦੇ ਉਹ ਯੋਗ ਹਨ, **ਜੇ** ਉਹ ਨਿੱਕਲਣਾ ਚਾਹੁੰਦੇ ਹੋਣ ਤਾਂ। ਜਵਾਨ ਲੋਕ ਪਰਤਾਵੇ ਤੋਂ ਭੱਜਣ ਲਈ ਜ਼ਿੰਮੇਵਾਰ ਹਨ (2 ਤਿਮੋਥਿਉਸ 2:22)। ਹਾਲਾਂਕਿ, ਜਿੰਨਾ ਸੰਭਵ ਹੋ ਸਕੇ ਮਾਪਿਆਂ ਨੂੰ ਆਪਣੇ ਜਵਾਨ ਬੱਚਿਆਂ ਨੂੰ ਬੇਲੋੜੇ ਪਰਤਾਵੇ ਦਾ ਸਾਹਮਣਾ ਕਰਨ ਤੋਂ ਰੋਕਣਾ ਚਾਹੀਦਾ ਹੈ। ਅਜਿਹਾ ਕਰਨ ਦੇ ਮਾਪਿਆਂ ਲਈ ਘੱਟੋ-ਘੱਟ ਤਿਨ ਢੰਗ ਦੱਸੇ ਗਏ ਹਨ:

1. **ਇਸ ਬਾਰੇ ਸਪਸ਼ਟ ਨਿਰਦੇਸ਼ ਦੇਣ ਦੁਆਰਾ** ਕਿ ਬੱਚਿਆਂ ਨੂੰ ਕੀ ਕਰਨਾ ਅਤੇ ਕੀ ਨਹੀਂ ਕਰਨਾ ਚਾਹੀਦਾ, ਉਨ੍ਹਾਂ ਨੂੰ ਕਿਸ ਨਾਲ ਹੋਣਾ ਚਾਹੀਦਾ ਹੈ, ਅਤੇ ਉਨ੍ਹਾਂ ਨੂੰ ਕਿੱਥੇ ਜਾਣਾ ਚਾਹੀਦਾ ਹੈ (ਅਫ਼ਸੀਆਂ 6:1-4)। ਮਾਪਿਆਂ ਨੂੰ ਬੱਚਿਆਂ ਨੂੰ ਅਜਿਹੇ ਹਾਲਾਤਾਂ ਵਿੱਚ ਜਾਣ ਨਹੀਂ ਦੇਣਾ ਚਾਹੀਦਾ ਜਿੱਥੇ ਉਨ੍ਹਾਂ ਨੂੰ ਪਰਤਾਵੇ ਤੋਂ ਬਚਾਉਣ ਲਈ ਪਰਿਪੱਕਤਾ ਕਾਫ਼ੀ ਨਹੀਂ ਹੋਵੇਗੀ। ਉਦਾਹਰਣ ਦੇ ਲਈ, ਜੇ ਇੱਕ ਜਵਾਨ ਆਦਮੀ ਅਤੇ ਇੱਕ ਜਵਾਨ ਔਰਤ ਇੱਕ ਨਿੱਜੀ ਸਥਾਨ ’ਤੇ ਇਕੱਠੇ ਹਨ, ਤਾਂ ਸੰਭਾਵਨਾ ਹੈ ਕਿ ਉਹ ਗਲਤ ਵਿਹਾਰ ਦੇ ਲਈ ਪਰਤਾਏ ਜਾਣਗੇ।

2. **ਆਪਣੇ ਜਵਾਨ ਬੱਚਿਆਂ ਨੂੰ ਪਰਤਾਵੇ ਦੇ ਖੇਤਰਾਂ ਵਿੱਚ ਜਵਾਬਦੇਹ ਠਹਿਰਾਉਣ ਦੁਆਰਾ।** ਮਾਂ ਜਾਂ ਪਿਓ ਨੂੰ ਆਪਣੇ ਜਵਾਨ ਬੱਚਿਆਂ ਦੇ ਨਾਲ ਪ੍ਰਾਰਥਨਾ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਦੇ ਜੀਵਨ ਬਾਰੇ ਸਵਾਲ ਪੁੱਛਣੇ ਚਾਹੀਦੇ ਹਨ। ਜਵਾਬਦੇਹੀ ਦਾ ਪ੍ਰਭਾਵਸ਼ਾਲੀ ਹੋਣਾ, ਬੱਚੇ ਦੇ ਮਾਂ ਜਾਂ ਪਿਓ ਦੇ ਨਾਲ ਰਿਸ਼ਤੇ ਦੀ ਮਜ਼ਬੂਤੀ ਉੱਤੇ ਨਿਰਭਰ ਹੋਵੇਗਾ। ਜੇ ਬੱਚੇ ਨੂੰ ਇਹ ਭਰੋਸਾ ਨਹੀਂ ਹੈ ਕਿ ਮਾਂ ਜਾਂ ਪਿਓ ਉਸ ਪ੍ਰਤੀ ਪਿਆਰ ਕਰਨ ਵਾਲੇ, ਸਵੀਕਾਰ ਕਰਨ ਵਾਲੇ, ਅਤੇ ਸਹਿਯੋਗ ਦੇਣ ਵਾਲੇ ਹੋਣਗੇ, ਤਾਂ ਬੱਚਾ ਕਿਸੇ ਵੀ ਗਲਤੀ ਨੂੰ ਮੰਨਣਾ ਨਹੀਂ ਚਾਹੇਗਾ।

3. **ਜਵਾਨ ਬੱਚਿਆਂ ਨੂੰ ਬਾਈਬਲ ਅਧਾਰਤ ਸਲਾਹ ਦੇਣ ਦੁਆਰਾ।** ਮਾਪਿਆਂ ਨੂੰ ਬੱਚਿਆਂ ਦੀ ਇਹ ਸਿੱਖਣ ਵਿੱਚ ਮਦਦ ਕਰਨੀ ਚਾਹੀਦੀ ਹੈ ਕਿ ਉਹ ਬਾਈਬਲ ਦੇ ਸਿਧਾਂਤਾਂ ਨੂੰ ਮਨ ਵਿੱਚ ਰੱਖਦੇ ਹੋਏ ਹਾਲਾਤਾਂ ਵਿਚਾਰ ਕਰਨ (ਕਹਾਉਤਾਂ 4:1-9, ਕਹਾਉਤਾਂ 7:1, 4-5)। ਉਨ੍ਹਾਂ ਨੂੰ ਆਪਣੇ ਜਵਾਨ ਬੱਚਿਆਂ ਨਾਲ ਉਨ੍ਹਾਂ ਖਤਰਿਆਂ ਬਾਰੇ ਗੱਲ ਕਰਨੀ ਚਾਹੀਦੀ ਹੈ ਜੋ ਉਹ ਵੇਖਦੇ ਹਨ। ਉਨ੍ਹਾਂ ਨੂੰ ਆਪਣੇ ਜਵਾਨ ਬੱਚਿਆਂ ਦੀ ਉਨ੍ਹਾਂ ਬਹੁਤ ਸਾਰੇ ਫੈਸਲਿਆਂ ਬਾਰੇ ਵਿਚਾਰ ਕਰਨ ਵਿੱਚ ਮਦਦ ਕਰਨੀ ਚਾਹੀਦੀ ਹੈ ਜੋ ਫੈਸਲੇ ਲੈਣ ਦੀ ਉਨ੍ਹਾਂ ਨੂੰ ਲੋੜ ਪਵੇਗੀ। ਉਹ ਆਪਣੇ ਜਵਾਨ ਬੱਚਿਆਂ ਦੀ ਇਸ ਬਾਰੇ ਸਮੇਂ ਤੋਂ ਪਹਿਲਾਂ ਹੀ ਸੋਚਣ ਵਿੱਚ ਮਦਦ ਕਰ ਸਕਦੇ ਹਨ ਕਿ ਪਰਤਾਵੇ ਤੋਂ ਕਿਵੇਂ ਬਚਣਾ ਹੈ ਅਤੇ ਤਦ ਕੀ ਕਰਨਾ ਹੈ ਜਦੋਂ ਉਹ ਪਰਤਾਵੇ ਦਾ ਸਾਹਮਣਾ ਕਰਦੇ ਹਨ।

ਕਲੀਸਿਯਾ ਨੂੰ ਬਾਈਬਲ ਅਧਾਰਤ ਨੈਤਿਕਤਾ ਦੀ ਰੱਖਿਆ ਕਰਦੇ ਹੋਏ ਆਪਣੇ ਸੱਭਿਆਚਾਰ ਤੋਂ ਵੱਖ ਅਤੇ ਸਪਸ਼ਟ ਹੋਣਾ ਚਾਹੀਦਾ ਹੈ। ਬਹੁਤ ਸੱਭਿਆਚਾਰ ਲਿੰਗਕ ਪਾਪ ਨੂੰ ਗੰਭੀਰ ਪਾਪ ਨਹੀਂ ਮੰਨਦੇ ਹਨ। ਉਹ ਉਮੀਦ ਰੱਖਦੇ ਹਨ ਕਿ ਅਣਵਿਆਹੇ ਜਵਾਨ ਲੋਕ ਵਿਆਹ ਤੋਂ ਪਹਿਲਾਂ ਲਿੰਗਕ ਸੰਬੰਧ ਬਣਾਉਣਗੇ। ਕਲੀਸਿਯਾ ਨੂੰ ਪਾਪ ਨਾਲ ਸਮਝੌਤਾ ਨਹੀਂ ਕਰਨਾ ਚਾਹੀਦਾ। ਕਲੀਸਿਯਾ ਨੂੰ ਇਹ

ਨਹੀਂ ਮੰਨਣਾ ਚਾਹੀਦਾ ਕਿ ਜਵਾਨ ਲੋਕਾਂ ਦੀ ਵਿੱਚ ਲਿੰਗਕ ਪਾਪ ਠੀਕ ਹੈ। ਪਰਮੇਸ਼ੁਰ ਆਖਦਾ ਹੈ ਕਿ ਉਹ ਜਿਹੜੇ ਹਰਾਮਕਾਰ ਹਨ, ਮਸੀਹ ਦੇ ਰਾਜ ਵਿੱਚ ਉਨ੍ਹਾਂ ਦਾ ਹਿੱਸਾ ਨਹੀਂ ਹੋਵੇਗਾ (ਅਫ਼ਸੀਆਂ 5:5)।

► ਕਲੀਸਿਯਾ ਉਨ੍ਹਾਂ ਜਵਾਨ ਲੋਕਾਂ ਦੀ ਮਦਦ ਕਿਵੇਂ ਕਰ ਸਕਦੀ ਹੈ ਜੋ ਸੰਸਾਰ ਦੇ ਪਰਤਾਵਿਆਂ ਨਾਲ ਸੰਘਰਸ਼ ਕਰ ਰਹੇ ਹਨ?

► ਵਿਦਿਆਰਥੀਆਂ ਨੂੰ ਸਮੂਹ ਲਈ ਅਫ਼ਸੀਆਂ 5:3-7 ਅਤੇ ਇਬਰਾਨੀਆਂ 13:4 ਨੂੰ ਪੜ੍ਹਨਾ ਚਾਹੀਦਾ ਹੈ।

ਵਿਆਹ ਤੋਂ ਪਹਿਲਾਂ ਇੱਕ ਰਿਸ਼ਤੇ ਦੇ ਬਣਨ ਦਾ ਸਮਾਂ ਲਿੰਗਕ ਸੰਬੰਧਾਂ ਨੂੰ ਸ਼ੁਰੂ ਕਰਨ ਲਈ ਇੱਕ ਸਮਾਂ ਨਹੀਂ ਹੈ। ਇਸ ਦੇ ਬਜਾਏ ਇਹ ਉਹ ਸਮਾਂ ਹੈ ਜਦੋਂ ਇੱਕ ਆਦਮੀ ਅਤੇ ਔਰਤ ਇਹ ਯਕੀਨੀ ਬਣਾਉਂਦੇ ਹਨ ਕਿ ਉਨ੍ਹਾਂ ਦੀਆਂ ਆਤਮਿਕ ਅਤੇ ਬਾਈਬਲ ਸੰਬੰਧੀ ਤਰਜੀਹਾਂ ਇੱਕੋ ਜਿਹੀਆਂ ਹਨ। ਇਹ ਉਹ ਸਮਾਂ ਹੈ ਜਦੋਂ ਉਹ ਇੱਕ ਦੂਸਰੇ ਦੇ ਲਈ ਇੱਕ ਸਮਝ ਨੂੰ ਵਿਕਸਤ ਕਰਦੇ ਹਨ ਜੋ ਉਨ੍ਹਾਂ ਨੂੰ ਇੱਕ ਦੂਸਰੇ ਪ੍ਰਤੀ ਸਥਾਈ ਸਮਰਪਣ ਕਰਨ ਲਈ ਇੱਕ ਦੂਸਰੇ ਉੱਤੇ ਲੋੜੀਂਦਾ ਭਰੋਸਾ ਕਰਨ ਦੇ ਯੋਗ ਬਣਾਉਂਦੀ ਹੈ। ਜੇ ਉਹ ਇੱਕ ਦੂਸਰੇ ਦੇ ਚਰਿੱਤਰ ਬਾਰੇ ਇਹ ਭਰੋਸਾ ਨਹੀਂ ਕਰ ਸਕਦੇ ਹਨ, ਉਨ੍ਹਾਂ ਨੂੰ ਰਿਸ਼ਤੇ ਨੂੰ ਸਮਾਪਤ ਕਰ ਦੇਣਾ ਚਾਹੀਦਾ ਹੈ ਅਤੇ ਵਿਆਹ ਨਹੀਂ ਕਰਨਾ ਚਾਹੀਦਾ।

ਕੁਝ ਸਮਾਜਾਂ ਵਿੱਚ ਲੋਕ ਵਿਆਹ ਕਰਾਉਣ ਵਿੱਚ ਦੇਰੀ ਕਰਦੇ ਹਨ ਕਿਉਂਕਿ ਉਨ੍ਹਾਂ ਦਾ ਸੱਭਿਆਚਾਰ ਉਮੀਦ ਕਰਦਾ ਹੈ ਕਿ ਵਿਆਹ ਇੱਕ ਵੱਡਾ ਅਤੇ ਮਹਿੰਗਾ ਸਮਾਰੋਹ ਹੋਵੇ। ਬਹੁਤ ਵਾਰ, ਜੋੜੇ ਵਿਆਹ ਵਿੱਚ ਦੇਰੀ ਕਰਦੇ ਹੋਏ ਕਈ ਸਾਲਾਂ ਤਕ ਇਕੱਠੇ ਰਹਿੰਦੇ ਹਨ ਅਤੇ ਬੱਚੇ ਪੈਦਾ ਕਰ ਲੈਂਦੇ ਹਨ। ਕੁਝ ਜੋੜਿਆਂ ਨੂੰ ਉਨ੍ਹਾਂ ਦੇ ਵਿਆਹ ਦਾ ਖਰਚਾ ਵਿਆਹ ਤੋਂ ਲੰਬਾ ਸਮਾਂ ਬਾਅਦ ਤਕ ਵਿੱਤੀ ਤੌਰ ’ਤੇ ਪ੍ਰਭਾਵਿਤ ਕਰਦਾ ਹੈ ਕਿਉਂਕਿ ਉਹ ਵਿਆਹ ਸਮਾਰੋਹ ਲਈ ਆਪਣਾ ਸਭ ਕੁਝ ਖਰਚ ਕਰ ਦਿੰਦੇ ਹਨ ਅਤੇ ਇੱਥੋਂ ਤਕ ਕਿ ਕਰਜ਼ਾ ਵੀ ਲੈ ਲੈਂਦੇ ਹਨ। ਕਲੀਸਿਯਾ ਨੂੰ ਵਿਸ਼ਵਾਸ ਦਾ ਇੱਕ ਉਹ ਸੁਮਦਾਏ ਹੋਣਾ ਚਾਹੀਦਾ ਹੈ ਜੋ ਵਿਆਹ ਦੇ ਲਈ ਇੱਕ ਵੱਖਰਾ ਨਮੂਨਾ ਪ੍ਰਦਾਨ ਕਰਦਾ ਹੈ। ਮਸੀਹੀ ਵਿਆਹ ਇੱਕ ਆਦਮੀ ਅਤੇ ਔਰਤ ਦੇ ਲਈ ਹੈ ਜੋ ਇੱਕ ਦੂਸਰੇ ਪ੍ਰਤੀ ਅਤੇ ਪਰਮੇਸ਼ੁਰ ਪ੍ਰਤੀ ਸਮਰਪਿਤ ਹਨ ਅਤੇ ਇਸ ਲਈ ਵੱਡਾ ਖਰਚਾ ਕਰਨ ਦੀ ਸ਼ਰਤ ਨਹੀਂ ਹੋਣੀ ਚਾਹੀਦੀ ਜੋ ਵਿਆਹ ਵਿੱਚ ਦੇਰੀ ਦਾ ਕਾਰਨ ਬਣਦੀ ਹੈ ਜਾਂ ਜੋੜੇ ਦੇ ਭਵਿੱਖ ਨੂੰ ਪ੍ਰਭਾਵਿਤ ਕਰਦੀ ਹੈ।

► ਕਿਹੜੇ ਤਰੀਕਿਆਂ ਨਾਲ ਮਸੀਹੀ ਵਿਆਹ, ਸਮਾਜ ਦੇ ਵਿਆਹ ਸੰਬੰਧੀ ਰਿਵਾਜ਼ਾਂ ਤੋਂ ਵੱਖਰਾ ਹੋਣਾ ਚਾਹੀਦਾ ਹੈ?

### ਬੱਚਿਆਂ ਨੂੰ ਲਿੰਗਕ ਸੰਬੰਧਾਂ ਲਈ ਪਰਮੇਸ਼ੁਰ ਦੇ ਉਦੇਸ਼ ਅਤੇ ਨਿਯਮ ਸਿਖਾਉਣਾ

ਬੱਚੇ ਲਿੰਗਕ ਸੰਬੰਧਾਂ ਬਾਰੇ ਚੀਜ਼ਾਂ ਨੂੰ ਵੇਖਦੇ ਅਤੇ ਸੁਣਦੇ ਹਨ। ਉਹ ਇਸ ਬਾਰੇ ਲੋਕਾਂ ਦੇ ਖਿਆਲਾਂ ਨੂੰ ਸੁਣਦੇ ਹਨ ਕਿ ਕੀ ਸਹੀ ਅਤੇ ਕੀ ਗਲਤ ਹੈ। ਬੱਚੇ ਵੀ ਲਿੰਗਕ ਭਾਵਨਾਵਾਂ ਅਤੇ ਇੱਛਾਵਾਂ ਨੂੰ ਮਹਿਸੂਸ ਕਰਨਗੇ ਅਤੇ ਪਰਤਾਵਿਆਂ ਦਾ ਸਾਹਮਣਾ ਕਰਨਗੇ, ਇਸ ਲਈ ਮਸੀਹੀ ਮਾਪਿਆਂ ਲਈ ਇਹ ਬਹੁਤ ਮਹੱਤਵਪੂਰਣ ਹੈ ਕਿ ਉਹ ਇਹ ਸਮਝਾਉਣ ਕਿ ਪਰਮੇਸ਼ੁਰ ਲਿੰਗਕ ਸੰਬੰਧਾਂ ਬਾਰੇ ਕੀ

ਆਖਦਾ ਹੈ। ਬੱਚਿਆਂ ਨੂੰ ਲਿੰਗਕ ਸੰਬੰਧਾਂ ਦੀ ਕਿਰਿਆ ਬਾਰੇ ਵਿਸਥਾਰ ਨਾਲ ਜਾਣਨ ਦੀ ਲੋੜ ਨਹੀਂ ਹੈ, ਕਿਉਂਕਿ ਉਹ ਐਨੇ ਵੱਡੇ ਨਹੀਂ ਹੋਏ ਕਿ ਉਨ੍ਹਾਂ ਦਾ ਵਿਆਹ ਕੀਤਾ ਜਾਵੇ, ਅਤੇ ਉਹ ਜਾਣਕਾਰੀ ਉਨ੍ਹਾਂ ਨੂੰ ਬੇਲੋੜੇ ਪਰਤਾਵੇ ਵਿੱਚ ਪਵੇਗੀ।

ਬੱਚਿਆਂ ਨੂੰ ਪਰਮੇਸ਼ੁਰ ਦੀ ਯੋਜਨਾ ਨੂੰ ਅਤੇ ਇਸ ਦੀ ਪਾਲਣਾ ਕਰਨ ਪ੍ਰਤੀ ਉਨ੍ਹਾਂ ਦੀ ਜ਼ਿੰਮੇਵਾਰੀ ਬਾਰੇ ਜਾਣਨ ਦੀ ਲੋੜ ਹੈ। ਉਨ੍ਹਾਂ ਨੂੰ ਇਹ ਜਾਣਨ ਦੀ ਲੋੜ ਹੈ ਕਿ ਉਹ ਪਰਤਾਵੇ ਦਾ ਸਾਹਮਣਾ ਕਰਨਗੇ। ਉਨ੍ਹਾਂ ਪਰਮੇਸ਼ੁਰ ਦੀ ਆਗਿਆਕਾਰੀ ਕਰਨ ਲਈ ਤਿਆਰ ਰਹਿਣ ਬਾਰੇ ਜਾਣਨ ਦੀ ਲੋੜ ਹੈ ਅਤੇ ਜਦੋਂ ਤਕ ਉਹ ਵਿਆਹੇ ਨਹੀਂ ਜਾਂਦੇ ਤਦ ਉਨ੍ਹਾਂ ਦੀਆਂ ਲਿੰਗਕ ਇੱਛਾਵਾਂ ਨੂੰ ਕਾਬੂ ਵਿੱਚ ਰੱਖਣ ਬਾਰੇ ਜਾਣਨ ਦੀ ਲੋੜ ਹੈ।

ਹੇਠਾਂ ਦਿੱਤੀ ਸਮੱਗਰੀ ਦੀ ਵਰਤੋਂ ਬੱਚਿਆਂ ਨੂੰ ਲਿੰਗਕ ਸੰਬੰਧਾਂ ਦੀ ਕਿਰਿਆ ਬਾਰੇ ਵਿਸਥਾਰ ਨਾਲ ਦੱਸਣ ਤੋਂ ਬਿਨਾਂ ਲਿੰਗਕਤਾ ਬਾਰੇ ਮਸੀਹੀ ਨਜ਼ਰੀਆ ਸਿਖਾਉਣ ਲਈ ਕੀਤੀ ਜਾਂਦੀ ਹੈ। ਇਸ ਨੂੰ ਸਰਲ ਤਰੀਕੇ ਨਾਲ ਲਿਖਿਆ ਗਿਆ ਹੈ, ਉਸ ਢੰਗ ਨਾਲ ਜਿਵੇਂ ਤੁਸੀਂ ਇੱਕ ਬੱਚੇ ਦੇ ਨਾਲ ਗੱਲ ਕਰੋਗੇ।

**ਇੱਕ ਬੱਚੇ ਨਾਲ ਗੱਲ ਕਰਨਾ**

► ਬੱਚੇ ਦੇ ਨਾਲ ਉਤਪਤ 2:7, 18-24 ਨੂੰ ਪੜ੍ਹੋ।

ਵਚਨ ਦਾ ਇਹ ਭਾਗ ਸਾਨੂੰ ਦੱਸਦਾ ਹੈ ਕਿ ਪਰਮੇਸ਼ੁਰ ਨੇ ਕਿਵੇਂ ਪਹਿਲੇ ਆਦਮੀ ਅਤੇ ਪਹਿਲੀ ਔਰਤ ਨੂੰ ਬਣਾਇਆ ਅਤੇ ਉਨ੍ਹਾਂ ਨੂੰ ਇੱਕ ਵਿਸ਼ੇਸ਼ ਰਿਸ਼ਤੇ ਦੇ ਵਿੱਚ ਰੱਖਿਆ।

ਪਰਮੇਸ਼ੁਰ ਨੇ ਵਿਆਹ ਨੂੰ ਇੱਕ ਆਦਮੀ ਅਤੇ ਇੱਕ ਔਰਤ ਵਿਚਕਾਰ ਵਿਸ਼ੇਸ਼ ਰਿਸ਼ਤੇ ਦੇ ਰੂਪ ਵਿੱਚ ਰਚਿਆ ਹੈ। ਇੱਕ ਵਿਆਹਿਆ ਹੋਇਆ ਜੋੜਾ ਇੱਕ ਦੂਸਰੇ ਲਈ ਵਿਸ਼ੇਸ਼ ਪਿਆਰ ਰੱਖਦਾ ਹੈ। ਉਨ੍ਹਾਂ ਦੇ ਰਿਸ਼ਤੇ ਦਾ ਇੱਕ ਹਿੱਸਾ ਵਿਸ਼ੇਸ਼ ਅਨੰਦ ਹੈ ਜੋ ਉਨ੍ਹਾਂ ਨੂੰ ਤਦ ਪ੍ਰਾਪਤ ਹੁੰਦਾ ਹੈ ਜਦੋਂ ਉਹ ਗੁਪਤ ਵਿੱਚ ਆਪਣੇ ਸਰੀਰਾਂ ਨੂੰ *ਲਿੰਗਕ ਸੰਬੰਧ* ਨਾਮਕ ਕਿਰਿਆ ਵਿੱਚ ਇੱਕ ਕਰਦੇ ਹਨ। ਪਰਮੇਸ਼ੁਰ ਨੇ ਇੱਕ ਪਤੀ ਅਤੇ ਪਤਨੀ ਨੂੰ ਅਨੰਦ ਦੇਣ ਲਈ ਲਿੰਗਕ ਸੰਬੰਧ ਦੀ ਰਚਨਾ ਕੀਤੀ ਹੈ ਅਤੇ ਕਈ ਵਾਰ ਪਤਨੀ ਇਸ ਦੁਆਰਾ ਬੱਚੇ ਨੂੰ ਜਨਮ ਦਿੰਦੀ ਹੈ।

ਕਿਉਂਕਿ ਲਿੰਗਕ ਸੰਬੰਧ ਇੱਕ ਵਿਸ਼ੇਸ਼ ਅਨੰਦ ਦਿੰਦੇ ਹਨ, ਇਸ ਲਈ ਇੱਕ ਆਦਮੀ ਅਤੇ ਇੱਕ ਔਰਤ ਵਿੱਚ ਇੱਕ ਦੂਸਰੇ ਨੂੰ ਵੇਖਣ ਅਤੇ ਇੱਕ ਦੂਸਰੇ ਦੇ ਸਰੀਰ ਨੂੰ ਛੋਹਣ ਅਤੇ ਇੱਕ ਦੂਸਰੇ ਪ੍ਰਤੀ ਆਕਰਸ਼ਣ ਦਾ ਅਨੰਦ ਉਠਾਉਣ ਦੀ ਸੁਭਾਵਕ ਇੱਛਾ ਹੁੰਦੀ ਹੈ।

ਬਾਈਬਲ ਵਿੱਚ, ਪਰਮੇਸ਼ੁਰ ਸਾਨੂੰ ਦੱਸਦਾ ਹੈ ਕਿ ਲਿੰਗਕ ਸੰਬੰਧ ਇੱਕ ਪਤੀ ਅਤੇ ਪਤਨੀ ਦੇ ਲਈ ਚੰਗੇ ਅਤੇ ਸਹੀ ਹਨ। ਪਰ ਪਰਮੇਸ਼ੁਰ ਇਹ ਵੀ ਦੱਸਦਾ ਹੈ ਕਿ ਲਿੰਗਕ ਸੰਬੰਧ ਉਨ੍ਹਾਂ ਲੋਕਾਂ ਦੇ ਲਈ ਬਹੁਤ ਗਲਤ ਹਨ ਜੋ ਇੱਕ ਦੂਸਰੇ ਦੇ ਨਾਲ ਵਿਆਹੇ ਨਹੀਂ ਹਨ। ਪਰਮੇਸ਼ੁਰ ਨੇ ਘੱਟੋ-ਘੱਟ ਚਾਰ ਕਾਰਣਾਂ ਦੇ ਕਰਕੇ ਸਾਨੂੰ ਲਿੰਗਕ ਸੰਬੰਧਾਂ ਦੀ ਕਿਰਿਆ ਬਾਰੇ ਨਿਯਮ ਦਿੱਤੇ ਹਨ:

(1) ਲਿੰਗਕ ਅਨੰਦ ਨੂੰ ਵਿਆਹ ਦੇ ਲਈ ਰਚਿਆ ਗਿਆ ਹੈ।

ਪਰਮੇਸ਼ੁਰ ਨੇ ਲਿੰਗਕ ਸੰਬੰਧਾਂ ਨੂੰ ਵਿਆਹੁਤਾ ਰਿਸ਼ਤੇ ਦਾ ਇੱਕ ਵਿਸ਼ੇਸ਼ ਹਿੱਸਾ ਹੋਣ ਲਈ ਰਚਿਆ ਹੈ। ਭਾਵੇਂ ਕਿ ਇਸ ਤਰ੍ਹਾਂ ਅਨੰਦ ਲੈਣਾ ਕਿਸੇ ਵੀ ਆਦਮੀ ਅਤੇ ਔਰਤ ਦੇ ਲਈ ਸੰਭਵ ਹੈ, ਪਰ ਵਿਆਹੁਤਾ ਰਿਸ਼ਤੇ ਦੇ ਵਿੱਚ ਅਨੰਦ ਸਭ ਤੋਂ ਵਿਸ਼ੇਸ਼ ਹੈ, ਕਿਉਂਕਿ ਹਰ ਇੱਕ ਵਿਅਕਤੀ ਪੂਰੀ ਤਰ੍ਹਾਂ ਦੂਸਰੇ ਵਿਅਕਤੀ ਦੇ ਲਈ ਹੀ ਸਮਰਪਿਤ ਹੁੰਦਾ ਹੈ। ਜਿਹੜੇ ਲੋਕ ਵਿਆਹੇ ਨਹੀਂ ਹਨ, ਉਨ੍ਹਾਂ ਲਈ ਲਿੰਗਕ ਸੰਬੰਧਾਂ ਦਾ ਉਹ ਅਰਥ ਨਹੀਂ ਹੋ ਸਕਦਾ, ਅਤੇ ਉਹ ਪੂਰਣ ਰਿਸ਼ਤਾ ਨਹੀਂ ਬਣਾ ਸਕਦੇ ਜੋ ਪਰਮੇਸ਼ੁਰ ਚਾਹੁੰਦਾ ਹੈ। ਇਸ ਲਈ, ਜਿਸ ਦੀ ਵਿਆਹ ਕਰਾਉਣ ਦੀ ਉਮਰ ਅਜੇ ਨਹੀਂ ਹੋਈ ਹੈ ਉਸ ਨੂੰ ਲਿੰਗਕ ਸੰਬੰਧ ਨਹੀਂ ਬਣਾਉਣੇ ਚਾਹੀਦੇ। ਲੋਕਾਂ ਨੂੰ ਉਦੋਂ ਤਕ ਲਿੰਗਕ ਸੰਬੰਧ ਨਹੀਂ ਬਣਾਉਣੇ ਚਾਹੀਦੇ ਜਦੋਂ ਤਕ ਉਹ ਵਿਆਹ ਦਾ ਸਮਰਪਣ ਨਹੀਂ ਕਰ ਲੈਂਦੇ ਅਤੇ ਵਿਆਹ ਦਾ ਇੱਕ ਜਨਤਕ ਸਮਾਰੋਹ ਨਹੀਂ ਕਰ ਲੈਂਦੇ। ਇੱਕ ਵਿਅਕਤੀ ਨੂੰ ਆਪਣੇ ਜੀਵਨ ਸਾਥੀ ਦੇ ਨਾਲ ਹੀ ਲਿੰਗਕ ਸੰਬੰਧ ਬਣਾਉਣੇ ਚਾਹੀਦੇ ਹਨ।

(2) ਲਿੰਗਕ ਇੱਛਾਵਾਂ ਬਹੁਤ ਸ਼ਕਤੀਸ਼ਾਲੀ ਹਨ।

ਲਿੰਗਕ ਇੱਛਾਵਾਂ ਦਾ ਹੋਣਾ ਗਲਤ ਨਹੀਂ ਹੈ, ਕਿਉਂਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਰਚਿਆ ਹੈ। ਪਰ ਕੁਝ ਅਜਿਹਾ ਕਰਨ ਲਈ ਇੱਛਾ ਨੂੰ ਜਾਣਬੁੱਝ ਕੇ ਵਧਾਉਣਾ ਗਲਤ ਹੈ, ਜੋ ਪਰਮੇਸ਼ੁਰ ਚਾਹੁੰਦਾ ਹੈ ਕਿ ਨਾ ਕੀਤਾ ਜਾਵੇ। ਇਸ ਕਾਰਣ:

- ਵਿਆਹੁਤਾ ਰਿਸ਼ਤੇ ਤੋਂ ਇਲਾਵਾ, ਵਿਅਕਤੀ ਨੂੰ ਹੋਰ ਕਿਤੇ ਅਜਿਹਾ ਕੁਝ ਨਹੀਂ ਕਰਨਾ ਚਾਹੀਦਾ ਜੋ ਲਿੰਗਕ ਇੱਛਾਵਾਂ ਨੂੰ ਹੋਰ ਦ੍ਰਿੜ੍ਹ ਬਣਾਉਂਦਾ ਹੈ, ਜਿਵੇਂ ਕਿ ਕਿਸੇ ਹੋਰ ਦੇ ਸਰੀਰ ਵੱਲ ਜਾਣਬੁੱਝ ਕੇ ਵੇਖਣਾ ਜਾਂ ਉਸ ਬਾਰੇ ਸੋਚਣਾ।
- ਵਿਆਹੁਤਾ ਰਿਸ਼ਤੇ ਤੋਂ ਇਲਾਵਾ, ਵਿਅਕਤੀ ਨੂੰ ਕਿਸੇ ਦੂਸਰੇ ਵਿਅਕਤੀ ਨੂੰ ਇਸ ਤਰ੍ਹਾਂ ਛੋਹਣਾ ਨਹੀਂ ਚਾਹੀਦਾ ਜਿਸ ਨਾਲ ਦੋਵਾਂ ਦੀਆਂ ਲਿੰਗਕ ਸੰਬੰਧ ਬਣਾਉਣ ਦੀਆਂ ਇੱਛਾਵਾਂ ਵਧਣ।
- ਇੱਕ ਵਿਅਕਤੀ ਨੂੰ ਗਲਤ ਕੰਮ ਕਰਨ ਬਾਰੇ ਕਲਪਨਾ ਕਰਨ ਦੀ ਚੋਣ ਨਹੀਂ ਕਰਨੀ ਚਾਹੀਦੀ।
- ਇੱਕ ਵਿਅਕਤੀ ਨੂੰ ਲੋਕਾਂ ਨੂੰ ਗਲਤ ਕੰਮ ਕਰਦੇ ਹੋਏ ਵੇਖ ਕੇ ਅਨੰਦ ਲੈਣ ਲਈ ਵੀਡੀਓਜ਼ ਜਾਂ ਤਸਵੀਰਾਂ ਨਹੀਂ ਵੇਖਣੀਆਂ ਚਾਹੀਦੀਆਂ।
- ਇੱਕ ਵਿਅਕਤੀ ਨੂੰ ਅਜਿਹੇ ਕੱਪੜੇ ਨਹੀਂ ਪਹਿਨਣੇ ਚਾਹੀਦੇ ਜੋ ਦੂਸਰਿਆਂ ਵਿੱਚ ਗਲਤ ਕੰਮ ਕਰਨ ਦੀ ਇੱਛਾ ਜਾਂ ਗਲਤ ਕੰਮ ਦੀ ਕਲਪਨਾ ਕਰਨ ਦੀ ਇੱਛਾ ਪੈਦਾ ਕਰਦੇ ਹਨ।
- ਇੱਕ ਵਿਅਕਤੀ ਨੂੰ ਇਸ ਤਰ੍ਹਾਂ ਵਿਹਾਰ ਨਹੀਂ ਕਰਨਾ ਚਾਹੀਦਾ ਜਾਂ ਗੱਲ ਨਹੀਂ ਕਰਨੀ ਚਾਹਦੀ ਜਿਸ ਤੋਂ ਜਾਪਦਾ ਹੈ ਕਿ ਉਹ ਗਲਤ ਕੰਮ ਕਰਨਾ ਚਾਹੁੰਦਾ ਹੈ।

(3) ਸਾਡੀਆਂ ਇੱਛਾਵਾਂ ਸਾਡੀ ਅਗਵਾਈ ਨਹੀਂ ਕਰ ਸਕਦੀਆਂ।

ਜਾਨਵਰਾਂ ਨੂੰ ਉਨ੍ਹਾਂ ਦੀਆਂ ਭਾਵਨਾਵਾਂ ਅਤੇ ਇੱਛਾਵਾਂ ਨਿਯੰਤਰਿਤ ਕਰਦੀਆਂ ਹਨ। ਅਸੀਂ ਜਾਨਵਰ ਨਹੀਂ ਹਾਂ; ਅਸੀਂ ਪਰਮੇਸ਼ੁਰ ਦੇ ਰੂਪ ਉੱਤੇ ਬਣਾਏ ਗਏ ਲੋਕ ਹਾਂ। ਇਸ ਦੇ ਕਾਰਨ, ਸਾਨੂੰ ਇਸ ਬਾਰੇ ਸੋਚਣਾ ਚਾਹੀਦਾ ਹੈ ਕਿ ਸਾਨੂੰ ਕੀ ਕਰਨਾ *ਚਾਹੀਦਾ* ਹੈ, ਅਤੇ ਫਿਰ ਸਹੀ ਫੈਸਲੇ ਲੈਣੇ ਚਾਹੀਦੇ ਹਨ। ਸਾਨੂੰ ਆਪਣੀਆਂ ਭਾਵਨਾਵਾਂ ਅਤੇ ਇੱਛਾਵਾਂ ਦੇ ਵੱਸ ਵਿੱਚ ਨਹੀਂ ਪੈਣਾ ਚਾਹੀਦਾ। ਕਈ ਵਾਰ ਉਹ ਕਰਨਾ ਸਹੀ ਹੁੰਦਾ ਹੈ ਜੋ ਅਸੀਂ ਚਾਹੁੰਦੇ ਹਾਂ; ਕਈ ਵਾਰ ਇਹ ਸਹੀ ਨਹੀਂ ਹੁੰਦਾ। ਸਾਡੀਆਂ ਇੱਛਾਵਾਂ ਸਾਨੂੰ ਇਹ ਨਹੀਂ ਦੱਸ ਸਕਦੀਆਂ ਕਿ ਕਦੋਂ ਲਿੰਗਕ ਸੰਬੰਧ ਬਣਾਉਣਾ ਸਹੀ ਹੈ। ਸਾਡੀਆਂ ਆਪਣੀਆਂ ਭਾਵਨਾਵਾਂ ਦੇ ਅਨੁਸਾਰ ਚੱਲਣ ਦੇ ਬਜਾਏ, ਸਾਨੂੰ ਪਰਮੇਸ਼ੁਰ ਦੇ ਆਤਮਾ ਦੀ ਮਦਦ ਨਾਲ ਬਾਈਬਲ ਤੋਂ ਪਰਮੇਸ਼ੁਰ ਦੇ ਨਿਰਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

(4) ਕਈ ਵਾਰ ਲਿੰਗਕ ਸੰਬੰਧ ਬਣਾਉਣ ਨਾਲ ਬੱਚੇ ਪੈਦਾ ਹੁੰਦੇ ਹਨ।

ਪਰਮੇਸ਼ੁਰ ਦੀ ਰਚਨਾ ਇਸ ਤਰ੍ਹਾਂ ਹੈ ਕਿ ਬੱਚੇ ਪਿਆਰ ਦੇ ਇੱਕ ਰਿਸ਼ਤੇ ਤੋਂ ਪੈਦਾ ਹੁੰਦੇ ਹਨ। ਉਸ ਨੇ ਇਹ ਇਸ ਤਰ੍ਹਾਂ ਬਣਾਇਆ ਹੈ ਕਿ ਬੱਚਿਆਂ ਨੂੰ ਪਰਿਵਾਰ ਵਿੱਚ ਵੱਡੇ ਹੋਣ ਲਈ ਕਈ ਸਾਲ ਲੱਗਦੇ ਹਨ, ਪਰਿਵਾਰ ਉਨ੍ਹਾਂ ਨੂੰ ਪਿਆਰ ਕਰਦਾ ਹੈ ਅਤੇ ਉਨ੍ਹਾਂ ਦੀ ਦੇਖਭਾਲ ਕਰਦਾ ਹੈ। ਇੱਕ ਬੱਚਾ ਜਿਸ ਦੇ ਮਾਤਾ ਅਤੇ ਪਿਤਾ ਇੱਕ ਦੂਸਰੇ ਨਾਲ ਵਿਆਹੇ ਹੋਏ ਨਹੀਂ ਹਨ, ਉਸ ਕੋਲ ਆਮਤੌਰ ’ਤੇ ਬਾਲਗ ਹੋਣ ਤਕ ਉਸ ਦੀ ਦੇਖਭਾਲ ਕਰਨ ਲਈ ਨਾ ਮਾਤਾ ਅਤੇ ਨਾ ਹੀ ਪਿਤਾ ਹੁੰਦੇ ਹਨ।

ਉੱਪਰ ਦਿੱਤੇ ਚਾਰ ਤੱਥਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਜਿਹੜੇ ਲੋਕ ਪਰਮੇਸ਼ੁਰ ਨੂੰ ਪ੍ਰਸੰਨ ਕਰਨਾ ਚਾਹੁੰਦੇ ਹਨ ਅਤੇ ਇੱਕ ਉੱਤਮ ਜੀਵਨ ਚਾਹੁੰਦੇ ਹਨ ਉਹ ਪਰਮੇਸ਼ੁਰ ਦੇ ਨਿਰਦੇਸ਼ਾਂ ਦੀ ਪਾਲਣਾ ਕਰਨਗੇ। ਉਹ ਪਰਮੇਸ਼ੁਰ ਦੀ ਅਵੱਗਿਆ ਕਰਨ ਦੇ ਪਰਤਾਵੇ ਤੋਂ ਬਚਣ ਲਈ ਚੌਕਸੀ ਵਰਤਣ ਦੀਆਂ ਆਦਤਾਂ ਵਿਕਸਤ ਕਰਨਗੇ।

## ਇੱਕ ਬੱਚੇ ਦੀ ਪ੍ਰਾਰਥਨਾ

ਪਿਆਰੇ ਪਰਮੇਸ਼ੁਰ,

ਮੈਨੂੰ ਇੱਕ (ਲੜਕਾ ਜਾਂ ਲੜਕੀ) ਬਣਾਉਣ ਲਈ ਤੇਰਾ ਧੰਨਵਾਦ। ਵਿਆਹ ਲਈ ਤੇਰੀ ਵਿਸ਼ੇਸ਼ ਅਤੇ ਚੰਗੀ ਯੋਜਨਾ ਲਈ ਤੇਰਾ ਧੰਨਵਾਦ। ਕਿਰਪਾ ਕਰਕੇ ਮੇਰੀ ਮਦਦ ਕਰ ਕਿ ਮੈਂ ਆਪਣੇ ਪੂਰੇ ਜੀਵਨ ਵਿੱਚ ਤੈਨੂੰ ਪਿਆਰ ਕਰਾਂ ਅਤੇ ਤੇਰੀ ਆਗਿਆਕਾਰੀ ਕਰਾਂ। ਤੂੰ ਉਹ ਸਭ ਵੇਖਦਾ ਹੈਂ ਜੋ ਮੈਂ ਕਰਦਾ ਹਾਂ, ਅਤੇ ਤੂੰ ਉਹ ਸਭ ਜਾਣਦਾ ਹੈਂ ਜੋ ਮੈਂ ਸੋਚਦਾ ਹਾਂ। ਕਿਰਪਾ ਕਰਕੇ ਮੇਰੀ ਮਦਦ ਕਰ ਕਿ ਮੈਂ ਹਮੇਸ਼ਾ ਜੀਵਨ ਲਈ ਤੇਰੇ ਨਿਰਦੇਸ਼ਾਂ ਦੀ ਪਾਲਣਾ ਕਰ ਸਕਾਂ। ਮੈਂ ਚਾਹੁੰਦਾ ਹਾਂ ਕਿ ਮੇਰੇ ਵਿਚਾਰ ਅਤੇ ਕੰਮ ਤੈਨੂੰ ਪ੍ਰਸੰਨ ਕਰਨ। ਮੇਰੀ ਮਦਦ ਕਰ ਕਿ ਮੈਂ ਆਪਣੇ ਦੋਸਤਾਂ ਦੇ ਲਈ ਇੱਕ ਚੰਗੀ ਉਦਾਹਰਣ ਬਣਨ ਦੇ ਦੁਆਰਾ ਉਨ੍ਹਾਂ ਦੀ ਤੇਰੀ ਆਗਿਆਕਾਰੀ ਕਰਨ ਵਿੱਚ ਮਦਦ ਕਰਾਂ। ਸਹੀ ਸਮੇਂ ’ਤੇ, ਜਦੋਂ ਮੈਂ ਵੱਡਾ ਹੋ ਜਾਂਦਾ ਹਾਂ, ਮੇਰੀ ਉਹ (ਪਤੀ ਜਾਂ ਪਤਨੀ) ਬਣਨ ਵਿੱਚ ਮਦਦ ਕਰ ਜੋ ਤੂੰ ਚਾਹੁੰਦਾ ਹੈਂ ਕਿ ਮੈਂ ਬਣਾਂ। ਮੈਂ ਤੈਨੂੰ ਪਿਆਰ ਕਰਦਾ ਹਾਂ, ਪਰਮੇਸ਼ੁਰ!

ਆਮੀਨ

## ਪ੍ਰਾਰਥਨਾ

ਸਵਰਗੀ ਪਿਤਾ,

ਸਾਨੂੰ ਆਪਣੇ ਸਰੂਪ ਉੱਤੇ ਬਣਾਉਣ ਲਈ, ਸਾਡੇ ਜੀਵਨਾਂ ਨੂੰ ਉਦੇਸ਼ ਅਤੇ ਅਰਥ ਦੇਣ ਲਈ ਤੇਰਾ ਧੰਨਵਾਦ। ਤੇਰਾ ਧੰਨਵਾਦ ਕਿ ਤੂੰ ਸਾਡੀ ਤੇਰੇ ਸਰੂਪ ਨੂੰ ਪ੍ਰਤੀਬਿੰਬਤ ਕਰਨ ਵਿੱਚ ਮਦਦ ਕਰਨ ਲਈ ਲਿੰਗ ਬਣਾਏ।

ਵਿਆਹੁਤਾ ਰਿਸ਼ਤੇ ਵਿੱਚ ਮਨੁੱਖੀ ਲਿੰਗਕਤਾ ਦੇ ਲਈ ਤੇਰੀ ਚੰਗੀ ਬਣਤਰ ਅਤੇ ਉਦੇਸ਼ਾਂ ਲਈ ਤੇਰਾ ਧੰਨਵਾਦ।

ਅਸੀਂ ਉਨ੍ਹਾਂ ਰਾਹਾਂ ਤੋਂ ਤੋਬਾ ਕਰਦੇ ਹਾਂ ਜਿਨ੍ਹਾਂ ਦੁਆਰਾ ਅਸੀਂ ਤੇਰੇ ਵਚਨ ਦੀ ਅਵੱਗਿਆ ਕੀਤੀ ਹੈ। ਕਿਰਪਾ ਕਰਕੇ, ਯਿਸੂ ਦੇ ਨਾਮ ਵਿੱਚ ਸਾਨੂੰ ਧੋ, ਮਾਫ਼ ਕਰ, ਅਤੇ ਪਵਿੱਤਰ ਕਰ (1 ਕੁਰਿੰਥੀਆਂ 6:11)। ਸਾਨੂੰ ਪਾਪ ਦੀ ਗੁਲਾਮੀ ਤੋਂ ਆਜ਼ਾਦ ਕਰ (ਰੋਮੀਆਂ 6:6-7)। ਹੁਣ ਅਸੀਂ ਆਪਣੇ ਸਰੀਰਾਂ ਨੂੰ ਤੈਨੂੰ ਭੇਟ ਚੜ੍ਹਾਉਂਦੇ ਹਾਂ, ਉਹ ਕਰਨ ਦਾ ਸਮਰਪਣ ਕਰਦੇ ਹੋਏ ਜੋ ਤੇਰੀ ਨਜ਼ਰ ਵਿੱਚ ਸਹੀ ਹੈ (ਰੋਮੀਆਂ 6:13-14)।

ਸਾਨੂੰ ਧਰਮੀ ਸੋਚ ਅਤੇ ਵਿਹਾਰ ਦੀਆਂ ਆਦਤਾਂ ਸਿੱਖਣ ਦੇ ਯੋਗ ਬਣਾ (1 ਤਿਮੋਥਿਉਸ 4:7, ਜ਼ਬੂਰ 23:3)। ਸਾਡੇ ਵਿਚਾਰ ਅਤੇ ਸਾਡੇ ਕੰਮ ਹਮੇਸ਼ਾ ਤੇਰੀ ਨਜ਼ਰ ਵਿੱਚ ਪ੍ਰਸੰਨ ਕਰਨ ਵਾਲੇ ਹੋਣ (ਜ਼ਬੂਰ 19:14)। ਪਰਤਾਵੇ ਦੇ ਹਰੇਕ ਸਮੇਂ ਵਿੱਚ ਸਾਨੂੰ ਜਿੱਤ ਦੇਣ ਦਾ ਵਾਇਦਾ ਕਰਨ ਲਈ ਤੇਰਾ ਧੰਨਵਾਦ (1 ਕੁਰਿੰਥੀਆਂ 10:13)।

ਆਮੀਨ

## ਪਾਠ ਕਾਰਜ

(1) ਇਸ ਪਾਠ ਵਿੱਚ ਜਿਹੜੇ ਵਿਸ਼ਿਆਂ ਦੀ ਚਰਚਾ ਕੀਤੀ ਗਈ ਹੈ, ਉਨ੍ਹਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਗਲਾਤੀਆਂ 5:16-6:9 ਨੂੰ ਪੜ੍ਹੋ। ਹੇਠ ਦਿੱਤੇ ਸਵਾਲਾਂ ਦੇ ਜਵਾਬ ਲਿਖਤੀ ਰੂਪ ਵਿੱਚ ਦਿਓ:

- ਸਰੀਰ ਦੀਆਂ ਇੱਛਾਵਾਂ (5:16) ਅਤੇ ਸਰੀਰ ਦੇ ਕੰਮਾਂ (5:19) ਵਿੱਚ ਕੀ ਅੰਤਰ ਹੈ?
- ਜਿਹੜੇ ਸਰੀਰ ਦੇ ਕੰਮ ਕਰਦੇ ਹਨ ਉਨ੍ਹਾਂ ਲਈ ਕਿਹੜੀਆਂ ਦੋ ਚੀਜ਼ਾਂ ਦਾ ਵਾਇਦਾ ਕੀਤਾ ਗਿਆ ਹੈ (5:19-21, 6:7-8)?
- ਇੱਕ ਵਿਅਕਤੀ ਸਰੀਰ ਦੀਆਂ ਇੱਛਾਵਾਂ ਦੇ ਅਨੁਸਾਰ ਨਾ ਚੱਲਣ ਦੀ ਸ਼ਕਤੀ ਕਿਵੇਂ ਪ੍ਰਾਪਤ ਕਰ ਸਕਦਾ ਹੈਂ (5:16, 22-23, 25)?
- ਕਿਹੜੀਆਂ ਕੁਝ ਸੱਚਾਈਆਂ ਹਨ ਜਿਨ੍ਹਾਂ ਨੂੰ ਵਿਸ਼ਵਾਸੀਆਂ ਨੂੰ ਪਰਤਾਵੇ ਦੇ ਸਮੇਂ ਯਾਦ ਰੱਖਣਾ ਚਾਹੀਦਾ ਹੈ ਜੋ ਜਿੱਤ ਪਾਉਣ ਵਿੱਚ ਉਨ੍ਹਾਂ ਦੀ ਮਦਦ ਕਰਨਗੀਆਂ? (ਵਚਨ ਦੇ ਇਸ ਭਾਗ ਤੋਂ ਘੱਟੋ-ਘੱਟ ਚਾਰ ਸੱਚਾਈਆਂ ਦੱਸੋ।)
- ਇਸ ਭਾਗ ਵਿੱਚ ਵਿਸ਼ਵਾਸੀਆਂ ਨੂੰ ਕਿਹੜੇ ਕੰਮ ਕਰਨ ਦੀ ਹਿਦਾਇਤ ਦਿੱਤੀ ਗਈ ਹੈ? (ਵਚਨ ਦੇ ਇਸ ਭਾਗ ਤੋਂ ਘੱਟੋ-ਘੱਟ ਚਾਰ ਕੰਮ ਦੱਸੋ।)
- ਇੱਕ ਦੂਸਰੇ ਪ੍ਰਤੀ ਵਿਸ਼ਵਾਸੀਆਂ ਦੀਆਂ ਕੀ ਜ਼ਿੰਮੇਵਾਰੀਆਂ ਹਨ (ਗਲਾਤੀਆਂ 6:1-2, 6)?

(2) ਰੋਮੀਆਂ 6:1-23 ਨੂੰ ਪੜ੍ਹੋ। ਹੇਠ ਦੇ ਸਵਾਲਾਂ ਦੇ ਜਵਾਬ ਦਿਓ:

- ਇਸ ਭਾਗ ਵਿੱਚ ਕਿਹੜੀਆਂ ਗੱਲਾਂ ਹਨ ਜੋ ਹਰੇਕ ਵਿਸ਼ਵਾਸੀ ਬਾਰੇ ਸੱਚ ਹਨ? (6-8 ਦੀ ਸੂਚੀ ਬਣਾਓ।)
- ਵਿਸ਼ਵਾਸੀਆਂ ਨੂੰ ਉਸ ਦੇ ਕਾਰਨ ਕਿਹੜੇ ਫੈਸਲੇ ਲੈਣੇ ਚਾਹੀਦੇ ਹਨ ਜੋ ਉਨ੍ਹਾਂ ਦੇ ਬਾਰੇ ਸੱਚ ਹੈ (6-8 ਗੱਲਾਂ ਦੀ ਸੂਚੀ ਬਣਾਓ।)
- ਪਾਪ ਲਈ ਪਰਤਾਵੇ ਦੇ ਸਮੇਂ ਇੱਕ ਵਿਸ਼ਵਾਸੀ ਜਿੱਤ ਪਾਉਣ ਦੀ ਉਮੀਦ ਕਿਉਂ ਰੱਖ ਸਕਦਾ ਹੈ? (ਇੱਕ ਪੈਰਾ ਲਿਖੋ।)

(3) ਰੋਮੀਆਂ 8:1-14 ਨੂੰ ਪੜ੍ਹੋ। ਇਸ ਭਾਗ ਵਿੱਚ ਦਿੱਤੀਆਂ ਸੱਚਾਈਆਂ ਦੇ ਅਧਾਰ ’ਤੇ ਇੱਕ ਪ੍ਰਾਰਥਨਾ ਲਿਖੋ।

(4) ਰੋਮੀਆਂ 6:11-14 ਅਤੇ ਕੁਲੁੱਸੀਆਂ 3:5-7 ਨੂੰ ਯਾਦ ਕਰੋ। ਅਗਲੀ ਕਲਾਸ ਦੇ ਸ਼ੁਰੂ ਵਿੱਚ, ਇਸ ਭਾਗ ਨੂੰ ਜ਼ੁਬਾਨੀ ਲਿਖੋ ਜਾਂ ਸੁਣਾਓ।

# ਪਾਠ 5

# ਕੁਆਰਾਪਣ

## ਪਾਠ ਦੇ ਟੀਚੇ

ਇਸ ਪਾਠ ਦੇ ਅੰਤ ਵਿੱਚ, ਵਿਦਿਆਰਥੀ ਹੇਠਾਂ ਦੱਸੇ ਕੰਮ ਕਰਨ ਦੇ ਯੋਗ ਹੋਣੇ ਚਾਹੀਦੇ ਹਨ:

(1) ਬਾਈਬਲ ਦੇ ਨਜ਼ਰੀਏ ਤੋਂ ਕੁਆਰੇਪਣ ਨੂੰ ਸਮਝਣਾ।

(2) ਵਿਆਹ ਕਰਾਉਣ ਜਾਂ ਕੁਆਰੇ ਰਹਿਣ ਦੇ ਫੈਸਲਿਆਂ ਬਾਰੇ ਬਾਈਬਲ ਦੀਆਂ ਤਰਜੀਹਾਂ ਨੂੰ ਪਛਾਨਣਾ।

(3) ਜੀਵਨ ਦੇ ਇਸ ਸਮੇਂ ਦੌਰਾਨ ਨੈਤਿਕ ਸ਼ੁੱਧਤਾ, ਧਰਮੀ ਚਰਿੱਤਰ, ਅਤੇ ਫਲਦਾਇਕ ਸੇਵਾ ਲਈ ਸਮਰਪਿਤ ਰਹਿਣਾ।

(4) ਯਿਸੂ ਨੂੰ ਪ੍ਰਭੂ ਮੰਨ ਕੇ ਉਸ ਅੱਗੇ ਸਮਰਪਣ ਕਰਨਾ ਅਤੇ ਉਸ ਵਿੱਚ ਪੂਰੇ ਹੋਣਾ।

## ਯਿਸੂ ਦੀ ਅਰਾਧਨਾ ਕਰਨਾ, ਕੁਆਰੇ ਜਾਂ ਵਿਆਹੇ ਹੋਏ

ਰਾਜੇਸ਼ ਅਤੇ ਕਿਰਨ ਇਹ ਜਾਣਨ ਦੀ ਕੋਸ਼ਿਸ਼ ਕਰ ਰਹੇ ਸਨ ਕਿ ਕੀ ਵਿਆਹ ਕਰਾਉਣ ਉਨ੍ਹਾਂ ਲਈ ਪਰਮੇਸ਼ੁਰ ਦੀ ਇੱਛਾ ਹੈ। ਕਿਰਨ ਜਾਣਦੀ ਸੀ ਕਿ ਜੇ ਉਹ ਰਾਜੇਸ਼ ਦੇ ਨਾਲ ਵਿਆਹ ਕਰਦੀ ਹੈ, ਤਾਂ ਉਸ ਦਾ ਜੀਵਨ ਕਈ ਤਰ੍ਹਾਂ ਨਾਲ ਬਦਲ ਜਾਵੇਗਾ ਕਿਉਂਕਿ ਰਾਜੇਸ਼ ਇੱਕ ਮਿਸ਼ਨਰੀ ਸੀ। ਉਹ ਰਹਿਣ ਲਈ ਇੱਕ ਨਵੇਂ ਦੇਸ ਵਿੱਚ ਜਾਵੇਗੀ, ਇੱਕ ਨਵੀਂ ਭਾਸ਼ਾ ਸਿੱਖੇਗੀ, ਅਤੇ ਇੱਕ ਨਵੇਂ ਸੱਭਿਆਚਾਰ ਨੂੰ ਅਪਣਾਏਗੀ। ਉਹ ਜਾਣਦੀ ਸੀ ਕਿ ਉਸ ਨੂੰ ਛੱਡਣਾ ਪਵੇਗਾ ਜਿਸ ਤੋਂ ਉਹ ਚੰਗੀ ਤਰ੍ਹਾਂ ਜਾਣੂ ਸੀ ਅਤੇ ਜਿਸ ਵਿੱਚ ਉਹ ਆਰਾਮਦਾਇਕ ਮਹਿਸੂਸ ਕਰਦੀ ਸੀ। ਨਿਰਾਸ਼ਾਵਾਂ ਅਤੇ ਬਲੀਦਾਨ ਹੋਣਗੇ। ਵਿਆਹ ਉਸ ਦੇ ਪਤੀ ਨੂੰ ਪਿਆਰ ਕਰਨ ਦੇ ਲਈ ਹੀ ਇੱਕ ਸਮਰਪਣ ਨਹੀਂ ਹੋਵੇਗਾ ਸਗੋਂ ਯਿਸੂ ਲਈ ਪਿਆਰ ਅਤੇ ਉਸ ਉੱਤੇ ਵਿਸ਼ਵਾਸ ਦਾ ਇੱਕ ਕੰਮ ਵੀ ਹੋਵੇਗਾ।

ਕੁਝ ਸਮੇਂ ਵਿੱਚ, ਰਾਜੇਸ਼ ਅਤੇ ਕਿਰਨ ਨੇ ਜਾਣਿਆ ਕਿ ਉਹ ਵਿਆਹ ਦੇ ਲਈ ਅਨਕੂਲ ਨਹੀਂ ਹਨ, ਅਤੇ ਇਹ ਕਿ ਉਨ੍ਹਾਂ ਨੂੰ ਵਿਆਹ ਨਹੀਂ ਕਰਨਾ ਚਾਹੀਦਾ। ਕਿਰਨ ਨਿਰਾਸ਼ ਹੋ ਗਈ ਸੀ। ਉਸ ਨੇ ਆਪਣੀ ਨਿਰਾਸ਼ਾ ਦੇ ਬਾਰੇ ਪ੍ਰਾਰਥਨਾ ਕੀਤੀ। ਉਸ ਨੇ ਪ੍ਰਾਰਥਨਾ ਕੀਤੀ ਕਿ ਜੀਵਨ ਦੇ ਇਸ ਸਮੇਂ ਦੌਰਾਨ ਪਰਮੇਸ਼ੁਰ ਉਸ ਦੀ ਉਸ ਲਈ ਫਲਦਾਇਕ ਹੋਣ ਵਿੱਚ ਮਦਦ ਕਰੇ। ਜਦੋਂ ਉਸ ਨੇ ਪ੍ਰਾਰਥਨਾ ਕੀਤੀ, ਤਾਂ ਉਸ ਨੂੰ ਅਹਿਸਾਸ ਹੋਇਆ ਕਿ ਉਸ ਦਾ ਪਰਮੇਸ਼ੁਰ ਦੇ ਇੱਛਾ ਦੇ ਅਧੀਨ ਹੋਣਾ, ਯਿਸੂ ਲਈ ਪਿਆਰ ਅਤੇ ਉਸ ਉੱਤੇ ਵਿਸ਼ਵਾਸ ਦੀ ਓਹੀ ਕਿਰਿਆ ਸੀ ਜਿਵੇਂ ਇਹ ਇੱਕ ਵਿਆਹੁਤਾ ਰਿਸ਼ਤੇ ਵਿੱਚ ਹੁੰਦੀ ਹੈ।

## ਕੁਆਰਾਪਣ

ਇਸ ਕੋਰਸ ਵਿੱਚ ਅਸੀਂ ਵਿਆਹ ਲਈ ਪਰਮੇਸ਼ੁਰ ਦੇ ਨਮੂਨੇ ਨੂੰ ਵੇਖਦੇ ਹਾਂ। ਵਚਨ ਤੋਂ ਅਸੀਂ ਵਿਆਹ ਲਈ ਪਰਮੇਸ਼ੁਰ ਦੇ ਉਦੇਸ਼ਾਂ ਨੂੰ ਸਿੱਖਦੇ ਹਾਂ। ਅਸੀਂ ਵਿਆਹ ਲਈ ਅਤੇ ਸਾਡੇ ਵਿਆਹੁਤਾਂ ਰਿਸ਼ਤਿਆਂ ਨੂੰ ਮਜ਼ਬੂਤ ਬਣਾਉਣ ਲਈ ਪਰਮੇਸ਼ੁਰ ਦੇ ਨਿਰਦੇਸ਼ਾਂ ਅਤੇ ਵਿਹਾਰਕ ਤਰੀਕਿਆਂ ਬਾਰੇ ਚਰਚਾ ਕਰਦੇ ਹਾਂ। ਅਸੀਂ ਵਿਆਹ ਲਈ ਪਰਮੇਸ਼ੁਰ ਦੀ ਯੋਜਨਾ ਦੀ ਭਲਾਈ ਨੂੰ ਵੇਖਦੇ ਹਾਂ।

ਜ਼ਿਆਦਾਤਰ ਲੋਕਾਂ ਲਈ ਵਿਆਹ ਪਰਮੇਸ਼ੁਰ ਦੀ ਇੱਛਾ ਹੈ। ਪਰ ਬਹੁਤੇ ਲੋਕ ਵਿਆਹ ਤੋਂ ਪਹਿਲਾਂ ਕਈ ਸਾਲਾਂ ਤਕ ਕੁਆਰੇ ਬਾਲਗਾਂ ਦੇ ਰੂਪ ਵਿੱਚ ਰਹਿੰਦੇ ਹਨ। ਕਈ ਵਾਰ ਇਹ ਕੁਆਰੇਪਣ ਦਾ ਸਮਾਂ ਲੰਬਾ ਹੁੰਦਾ ਹੈ। ਕਈ ਲੋਕ ਆਪਣੇ ਜੀਵਨ ਸਾਥੀ ਦੀ ਮੌਤ ਤੋਂ ਬਾਅਦ ਜਾਂ ਤਲਾਕ ਤੋਂ ਬਾਅਦ ਇਕੱਲੇ ਰਹਿਣ ਦੇ ਇੱਕ ਹੋਰ ਸਮੇਂ ਦਾ ਅਨੁਭਵ ਕਰਦੇ ਹਨ। ਕਈ ਲੋਕ ਕਦੇ ਵੀ ਵਿਆਹ ਨਹੀਂ ਕਰਾਉਂਦੇ।

ਇੱਕ ਵਿਅਕਤੀ ਇਨ੍ਹਾਂ ਵਿੱਚੋਂ ਇੱਕ ਜਾਂ ਜ਼ਿਆਦਾ ਕਾਰਣਾਂ ਦੇ ਕਰਕੇ ਅਣਵਿਆਹਿਆ ਹੋ ਸਕਦਾ ਹੈ:

- ਉਹ ਵਿਆਹ ਕਰਾਉਣ ਦੇ ਬਜਾਏ ਕੁਆਰੇ ਇਕੱਲੇ ਰਹਿਣ ਦੇ ਲਾਭਾਂ ਨੂੰ ਤਰਜੀਹ ਦਿੰਦੇ ਹਨ।
- ਉਹ ਵਿਆਹ ਦੇ ਬਾਰੇ ਚਿੰਤਤ ਹੁੰਦੇ ਹਨ ਕਿਉਂਕਿ ਉਨ੍ਹਾਂ ਨੇ ਚੰਗੇ ਵਿਆਹੁਤਾ ਰਿਸ਼ਤਿਆਂ ਨੂੰ ਨਹੀਂ ਵੇਖਿਆ ਹੈ।
- ਫਿਲਹਾਲ ਉਹ ਪੜਾਈ ਜਾਂ ਕਰੀਅਰ ਵਰਗੇ ਟੀਚਿਆਂ ਉੱਤੇ ਧਿਆਨ ਦੇ ਰਹੇ ਹਨ।
- ਉਨ੍ਹਾਂ ਨੂੰ ਵਿਆਹ ਲਈ ਇੱਕ ਭਾਵਨਾਤਮਕ ਜਾਂ ਸਰੀਰਕ ਲੋੜ ਮਹਿਸੂਸ ਨਹੀਂ ਹੁੰਦੀ ਹੈ।
- ਉਨ੍ਹਾਂ ਨੂੰ ਇੱਕ ਚੰਗੇ ਵਿਆਹੁਤਾ ਰਿਸ਼ਤੇ ਦੇ ਲਈ ਮੌਕਾ ਨਹੀਂ ਮਿਲਿਆ ਹੈ।

ਕਿਉਂਕਿ ਇੱਕ ਕੁਆਰੇ ਵਿਅਕਤੀ ਦੇ ਫੈਸਲੇ ਪਰਮੇਸ਼ੁਰ ਅਤੇ ਦੂਸਰਿਆਂ ਦੇ ਨਾਲ ਰਿਸ਼ਤਿਆਂ ਨੂੰ ਬਹੁਤ ਪ੍ਰਭਾਵਿਤ ਕਰਦੇ ਹਨ, ਇਹ ਪਾਠ ਇੱਕ ਅਣਵਿਆਹੇ ਵਿਸ਼ਵਾਸੀ ਦੇ ਜੀਵਨ ਉੱਤੇ ਕੇਂਦਰਿਤ ਹੈ।

### ਕੁਆਰੇਪਣ ਬਾਰੇ ਯਿਸੂ ਅਤੇ ਪੌਲੁਸ ਨੇ ਕੀ ਆਖਿਆ ਹੈ

ਫ਼ਰੀਸੀਆਂ ਨੇ ਯਿਸੂ ਨੂੰ ਤਲਾਕ ਦੇ ਬਾਰੇ ਇੱਕ ਸਵਾਲ ਪੁੱਛਿਆ। ਯਿਸੂ ਦਾ ਜਵਾਬ ਸੁਣਨ ਤੋਂ ਬਾਅਦ, ਉਸ ਦੇ ਚੇਲਿਆਂ ਨੇ ਇਹ ਸਿੱਟਾ ਕੱਢਿਆ ਕਿ ਵਿਆਹ ਕਰਨਾ ਹੀ ਅੱਛਾ ਨਹੀਂ (ਮੱਤੀ 19:10)। ਯਿਸੂ ਜੋ ਧਰਤੀ ਉੱਤੇ ਆਪਣੇ ਜੀਵਨ ਦੌਰਾਨ ਅਣਵਿਆਹਿਆ ਅਤੇ ਕੁਆਰਾ ਸੀ, ਉਸ ਨੇ ਉੱਤਰ ਦਿੱਤਾ ਕਿ ਜ਼ਿਆਦਾਤਰ ਲੋਕਾਂ ਨੂੰ ਵਿਆਹ ਕਰਾਉਣ ਦੀ ਲੋੜ ਹੈ ਅਤੇ ਕੁਝ ਹੀ ਹਨ ਜਿਨ੍ਹਾਂ ਨੂੰ ਲੰਬੇ ਸਮੇਂ ਤੱਕ ਅਣਵਿਆਹੇ ਰਹਿਣ ਦੀ ਯੋਗਤਾ ਦੀ ਦਾਤ ਮਿਲੀ ਹੈ (ਮੱਤੀ 19:11-12)।

ਰਸੂਲ ਪੌਲੁਸ – ਸ਼ਾਇਦ ਉਸ ਨੇ ਕਦੇ ਵਿਆਹ ਹੀ ਨਹੀਂ ਕੀਤਾ ਜਾਂ ਉਹ ਵਿਧਵਾ ਸੀ – ਨੇ ਕੁਰਿੰਥੁਸ ਦੀ ਕਲੀਸਿਯਾ ਵਿੱਚ ਅਣਵਿਆਹੇ ਵਿਸ਼ਵਾਸੀਆਂ ਨੂੰ ਇਹੋ ਸਲਾਹ ਦਿੱਤੀ ਸੀ। ਅਨੈਤਿਕ ਲਿੰਗਕ ਸੰਬੰਧਾਂ ਦੇ ਪਰਤਾਵੇ ਦੇ ਕਾਰਣ, ਜ਼ਿਆਦਾਤਰ ਲੋਕਾਂ ਨੂੰ ਵਿਆਹ ਕਰਾਉਣਾ

ਚਾਹੀਦਾ ਹੈ (1 ਕੁਰਿੰਥੀਆਂ 7:2, 8-9)। ਪੌਲੁਸ ਜਾਣਦਾ ਸੀ ਕਿ ਪਰਮੇਸ਼ੁਰ ਨੇ ਵਿਆਹੁਤਾ ਰਿਸ਼ਤੇ ਵਿੱਚ ਲਿੰਗਕ ਨੇੜਤਾ ਨੂੰ ਇੱਕ ਚੰਗੇ ਤੋਹਫ਼ੇ ਦੇ ਰੂਪ ਵਿੱਚ ਬਣਾਇਆ ਹੈ (1 ਕੁਰਿੰਥੀਆਂ 7:7, 1 ਤਿਮੋਥਿਉਸ 4:1-5, ਇਬਰਾਨੀਆਂ 13:4)। ਉਸ ਨੇ ਆਖਿਆ ਕਿ ਲਿੰਗਕ ਕਿਰਿਆ ਵਿਆਹੁਤਾ ਰਿਸ਼ਤੇ ਤੋਂ ਬਾਹਰ ਨਹੀਂ ਕੀਤੀ ਜਾਣੀ ਚਾਹੀਦੀ (1 ਥੱਸਲੁਨੀਕੀਆਂ 4:3-4)।

ਪੌਲੁਸ ਨੇ ਅਣਵਿਆਹੇ ਜੀਵਨ ਦੇ ਇੱਕ ਲਾਭ ਦਾ ਵਰਣਨ ਕੀਤਾ। ਅਣਵਿਆਹੇ ਵਿਸ਼ਵਾਸੀ ਆਪਣੇ ਸਮੇਂ, ਊਰਜਾ, ਅਤੇ ਮਿਹਨਤ ਨੂੰ ਪਰਮੇਸ਼ੁਰ ਨੂੰ ਪ੍ਰਸੰਨ ਕਰਨ ਅਤੇ ਸੇਵਕਾਈ ਵਿੱਚ ਸੇਵਾ ਕਰਨ ਉੱਤੇ ਕੇਂਦਰਿਤ ਕਰ ਸਕਦੇ ਹਨ (1 ਕੁਰਿੰਥੀਆਂ 7:32-35)।

ਪੌਲੁਸ ਅਣਵਿਆਹਿਆ ਰਿਹਾ (1 ਕੁਰਿੰਥੀਆਂ 9:5)। ਉਸ ਨੇ ਅਣਵਿਆਹੇ ਰਹਿਣ ਦਾ ਫੈਸਲਾ ਲਿਆ ਤਾਂ ਕਿ ਉਹ ਸੇਵਕਾਈ ਦੇ ਉਸ ਕੰਮ ਉੱਤੇ ਧਿਆਨ ਦੇ ਸਕੇ ਜੋ ਪਰਮੇਸ਼ੁਰ ਨੇ ਉਸ ਨੂੰ ਦਿੱਤਾ ਹੈ। ਉਹ ਅਣਵਿਆਹੇ ਰਹਿਣ ਨੂੰ ਇੱਕ ਦਾਤ ਮੰਨਦਾ ਸੀ (1 ਕੁਰਿੰਥੀਆਂ 7:7-8)। ਉਸ ਨੇ ਸੇਵਕਾਈ ਵਿੱਚ ਬਹੁਤ ਦੁੱਖ ਝੱਲਿਆ (2 ਕੁਰਿੰਥੀਆਂ 11:23-28)। ਦੁੱਖ ਦਾ ਸਾਹਮਣਾ ਕਰਨਾ ਸੌਖਾ ਸੀ ਕਿਉਂਕਿ ਉਸ ਉੱਤੇ ਪਤਨੀ ਜਾਂ ਬੱਚਿਆਂ ਦੀ ਜ਼ਿੰਮੇਵਾਰੀ ਨਹੀਂ ਸੀ (1 ਤਿਮੋਥਿਉਸ 5:8)।

ਭਾਵੇਂ ਪੌਲੁਸ ਨੇ ਇਹ ਵੇਖਿਆ ਕਿ ਅਣਵਿਆਹੇ ਰਹਿਣਾ ਸੇਵਕਾਈ ਦੇ ਲਈ ਲਾਭਦਾਇਕ ਹੈ, ਪਰ ਅਜਿਹੇ ਤਰੀਕੇ ਵੀ ਹਨ ਜਿਨ੍ਹਾਂ ਨਾਲ ਵਿਆਹ ਸੇਵਕਾਈ ਦੇ ਲਈ ਲਾਭਦਾਇਕ ਹੈ।

► ਅਣਵਿਆਹੇ ਰਹਿਣ ਨੂੰ ਸੇਵਕਾਈ ਦੇ ਲਈ ਇੱਕ ਲਾਭ ਵਜੋਂ ਤੁਸੀਂ ਕਿਵੇਂ ਵੇਖਿਆ ਹੈ? ਤੁਸੀਂ ਵਿਆਹ ਨੂੰ ਸੇਵਕਾਈ ਦੇ ਲਈ ਇੱਕ ਲਾਭ ਵਜੋਂ ਕਿਵੇਂ ਵੇਖਿਆ ਹੈ?

ਪੌਲੁਸ ਨੇ ਆਖਿਆ ਕਿ ਜਦੋਂ ਲੋਕ ਵਿਆਹ ਕਰਾਉਣ ਜਾਂ ਨਾ ਕਰਾਉਣ ਦਾ ਫੈਸਲਾ ਲੈਂਦੇ ਹਨ ਤਾਂ ਉਨ੍ਹਾਂ ਬਹੁਤ ਸਾਰੀਆਂ ਗੱਲਾਂ ਉੱਤੇ ਧਿਆਨ ਦੇਣਾ ਚਾਹੀਦਾ ਹੈ:

- ਅਣਵਿਆਹੇ ਰਹਿਣ ਲਈ ਉਨ੍ਹਾਂ ਦੀ ਨਿੱਜੀ ਯੋਗਤਾ ਜਾਂ ਅਯੋਗਤਾ (1 ਕੁਰਿੰਥੀਆਂ 7:9, 36-37)
- ਹੁਣ ਦੇ ਮੁਸ਼ਕਲ ਹਾਲਾਤ, ਜਿਵੇਂ ਕਿ ਸਤਾਓ (1 ਕੁਰਿੰਥੀਆਂ 7:26)
- ਵਿਆਹ ਦੀਆਂ ਜ਼ਿੰਮੇਵਾਰੀਆਂ (1 ਕੁਰਿੰਥੀਆਂ 7:27-28, 32-35)

### ਸਹੀ ਤਰਜੀਹਾਂ

ਨਾ ਹੀ ਵਿਆਹ ਅਤੇ ਨਾ ਹੀ ਕੁਆਰਾਪਣ ਬਿਹਤਰ ਹੈ ਜਾਂ ਇੱਕ ਦੂਸਰੇ ਨਾਲੋਂ ਜ਼ਿਆਦਾ ਆਤਮਿਕ ਨਹੀਂ ਹੈ। **ਹਰੇਕ ਦੇ ਲਈ ਅਨੋਖੇ ਪਰਤਾਵੇ, ਅਨੋਖੀਆਂ ਮੁਸ਼ਕਲਾਂ, ਅਸੀਸਾਂ, ਅਤੇ ਅਨੋਖੇ ਮੌਕੇ ਹਨ।** ਵੱਖ-ਵੱਖ ਸਮਿਆਂ ’ਤੇ ਵੱਖੋ-ਵੱਖਰੇ ਲੋਕਾਂ ਦੇ ਲਈ ਹਰ ਇੱਕ ਢੁੱਕਵਾਂ ਹੈ।

ਅਖੀਰ, ਨਿੱਜੀ ਸੰਤੁਸ਼ਟੀ ਅਤੇ ਭਰਪੂਰੀ ਇੱਕ ਵਿਅਕਤੀ ਦੇ ਪਰਮੇਸ਼ੁਰ ਨਾਲ ਰਿਸ਼ਤੇ ਤੋਂ ਆਉਣੀ ਚਾਹੀਦੀ ਹੈ, ਭਾਵੇਂ ਇੱਕ ਵਿਅਕਤੀ ਵਿਆਹਿਆ ਹੋਇਆ ਹੈ ਜਾਂ ਨਹੀਂ (ਜ਼ਬੂਰ 73:25, ਜ਼ਬੂਰ 107:8-9)। ਇਸ ਤੋਂ ਅੱਗੇ, ਸਾਰੇ ਵਿਸ਼ਵਾਸੀ, ਭਾਵੇਂ ਕੁਆਰੇ ਜਾਂ ਵਿਆਹੇ ਹੋਣ, ਉਨ੍ਹਾਂ ਆਪਣੇ ਧਿਆਨ ਨੂੰ ਸਦੀਪਕਤਾ ਦੇ ਵੱਲ ਲਗਾ ਕੇ ਰੱਖਣਾ ਚਾਹੀਦਾ ਹੈ ਕਿਉਂਕਿ ਜੀਵਨ ਛੋਟਾ ਹੈ, ਅਤੇ ਸਦੀਪਕਤਾ ਨਿਸ਼ਚਤ ਹੈ (1 ਕੁਰਿੰਥੀਆਂ 7:31)।

► ਇੱਕ ਵਿਦਿਆਰਥੀ ਨੂੰ ਸਮੂਹ ਲਈ ਮੱਤੀ 6:26-33 ਨੂੰ ਪੜ੍ਹਨਾ ਚਾਹੀਦਾ ਹੈ।

ਵਚਨ ਦੇ ਇਸ ਭਾਗ ਵਿੱਚ ਯਿਸੂ ਵਿਆਖਿਆ ਕਰਦਾ ਹੈ ਕਿ ਸੰਸਾਰ ਦੀਆਂ ਕਦਰਾਂ ਕੀਮਤਾਂ ਅਤੇ ਤਰਜੀਹਾਂ ਵਿਸ਼ਵਾਸੀਆਂ ਦੀਆਂ ਕਦਰਾਂ ਕੀਮਤਾ ਅਤੇ ਤਰਜੀਹਾਂ ਤੋਂ ਬਹੁਤ ਵੱਖਰੀਆਂ ਹਨ। ਇੱਕ ਵਿਸ਼ਵਾਸੀ ਦਾ ਸਰਬਉੱਚ ਟੀਚਾ ਪਰਮੇਸ਼ੁਰ ਦੇ ਰਾਜ ਵਿੱਚ ਭਾਗੀ ਹੋਣਾ ਹੈ। ਵਿਸ਼ਵਾਸੀ ਦੀ ਪਹਿਲੀ ਤਰਜੀਹ ਪਰਮੇਸ਼ੁਰ ਦੀ ਕਿਰਪਾ ਦੁਆਰਾ ਇੱਕ ਧਰਮੀ ਜੀਵਨ ਜੀਉਣਾ ਹੈ। ਜਦੋਂ ਉਹ ਮੱਤੀ 6:33 ਵਿੱਚ ਆਖੇ ਯਿਸੂ ਦੇ ਵਚਨਾਂ ਦੀ ਪਾਲਣਾ ਕਰਦਾ ਹੈ ਤਾਂ ਪਰਮੇਸ਼ੁਰ ਉਸ ਦੇ ਬੱਚਿਆਂ ਦੀਆਂ ਸਰੀਰਕ ਅਤੇ ਭੌਤਿਕ ਲੋੜਾਂ ਲਈ ਮੁਹੱਈਆ ਕਰਾਉਣ ਦਾ ਵਾਇਦਾ ਕਰਦਾ ਹੈ।

ਇੱਕ ਮਸੀਹੀ ਪੁਰਸ਼ ਨੂੰ ਕਦੋਂ ਵਿਆਹ ਕਰਾਉਣਾ ਚਾਹੀਦਾ ਹੈ? ਜਦੋਂ ਵਿਆਹ ਪਰਮੇਸ਼ੁਰ ਦੇ ਰਾਜ ਦੀ ਬਿਹਤਰ ਢੰਗ ਨਾਲ ਸੇਵਾ ਕਰਨ ਵਿੱਚ ਉਸ ਦੀ ਮਦਦ ਕਰੇਗਾ। ਜਦੋਂ ਵਿਆਹ ਧਾਰਮਿਕਤਾ ਦਾ ਵਧੇਰੇ ਫਲਦਾਇਕ ਅਤੇ ਜੇਤੂ ਜੀਵਨ ਜੀਣ ਵਿੱਚ ਉਸ ਦੀ ਮਦਦ ਕਰੇਗਾ।

ਕਦੋਂ ਇੱਕ ਅਣਵਿਆਹੇ ਮਸੀਹੀ ਪੁਰਸ਼ ਨੂੰ ਇਕੱਲਾ ਹੀ ਰਹਿਣਾ ਚਾਹੀਦਾ ਹੈ? ਜਦੋਂ ਵਿਆਹ ਕਰਾਉਣ ਦੇ ਮਗਰ ਜਾਣਾ ਜਾਂ ਵਿਆਹ, ਉਸ ਨੂੰ ਪਰਮੇਸ਼ੁਰ ਦੇ ਰਾਜ ਵਿੱਚ ਉਸ ਦੀ ਭੂਮਿਕਾ ਤੋਂ ਭਟਕਾ ਦੇਵੇਗਾ। ਜਦੋਂ ਉਹ ਇੱਕ ਅਣਵਿਆਹੇ ਪੁਰਸ਼ ਦੇ ਰੂਪ ਵਿੱਚ ਆਤਮਿਕ ਤੌਰ ’ਤੇ ਜ਼ਿਆਦਾ ਫਲਦਾਇਕ ਹੋ ਸਕਦਾ ਹੈ। ਜਦੋਂ ਉਹ ਵਿਆਹ ਲਈ ਪ੍ਰਦਾਨ ਕੀਤੀ ਗਈ ਲਿੰਗਕ ਨੇੜਤਾ ਬਣਾਏ ਬਿਨਾਂ ਹੀ ਆਤਮਿਕ ਤੌਰ ’ਤੇ ਜੇਤੂ ਹੋ ਸਕਦਾ ਹੈ ਅਤੇ ਨੈਤਿਕ ਸ਼ੁੱਧਤਾ ਨੂੰ ਬਣਾਈ ਰੱਖ ਸਕਦਾ ਹੈ।

► ਜੇ ਤੁਸੀਂ ਅਣਵਿਆਹੇ ਹੋ, ਤਾਂ ਇਮਾਨਦਾਰ ਨਿੱਜੀ ਝਲਕ ਲਈ ਇੱਕ ਪਲ ਰੁਕੋ।

- ਕੀ ਤੁਸੀਂ ਪਰਮੇਸ਼ੁਰ ਦੇ ਵਚਨ ਪ੍ਰਤੀ ਆਗਿਆਕਾਰੀ ਵਾਲਾ ਜੀਵਨ ਜੀ ਰਹੇ ਹੋ?
- ਹੁਣ ਪਰਮੇਸ਼ੁਰ ਨੇ ਤੁਹਾਨੂੰ ਆਪਣੇ ਰਾਜ ਵਿੱਚ ਕਰਨ ਲਈ ਕੀ ਦਿੱਤਾ ਹੈ?
- ਤੁਸੀਂ ਕੀ ਸੋਚਦੇ ਹੋ ਕਿ ਪਰਮੇਸ਼ੁਰ ਨੇ ਤੁਹਾਨੂੰ ਤੁਹਾਡੇ ਜੀਵਨ ਨਾਲ ਕੀ ਕਰਨ ਲਈ ਬੁਲਾਇਆ ਹੈ, ਲੰਬੇ ਸਮੇਂ ਲਈ?
- ਕੀ ਤੁਸੀਂ ਸੋਚਦੇ ਹੋ ਕਿ ਪਰਮੇਸ਼ੁਰ ਦੇ ਨਾਲ ਤੁਹਾਡੇ ਰਿਸ਼ਤੇ ਵਿੱਚ ਅਤੇ ਸੰਸਾਰ ਵਿੱਚ ਪਰਮੇਸ਼ੁਰ ਲਈ ਤੁਹਾਡੇ ਕੰਮ ਵਿੱਚ ਵਿਆਹ ਤੁਹਾਡੇ ਲਈ ਬਿਹਤਰ ਜਾਂ ਬੁਰਾ ਕਰਨ ਦਾ ਕਾਰਣ ਬਣੇਗਾ ਹੋਵੇਗਾ?

ਪਰਮੇਸ਼ੁਰ ਦੀਆਂ ਤਰਜੀਹਾਂ ਨੂੰ ਸਵੀਕਾਰ ਕਰਨਾ ਅਣਵਿਆਹੇ ਲੋਕਾਂ ਦੀ ਇਹ ਫੈਸਲਾ ਲੈਣ ਵਿੱਚ ਮਦਦ ਕਰਦਾ ਹੈ ਕਿ ਉਨ੍ਹਾਂ ਨੂੰ ਵਿਆਹ ਕਰਨਾ ਚਾਹੀਦਾ ਹੈ ਜਾਂ ਨਹੀਂ। ਇਹ ਇਸ ਬਾਰੇ ਵੀ ਸਾਡੀ ਸੋਚ ਨੂੰ ਆਕਾਰ ਦਿੰਦਾ ਹੈ ਕਿ ਸਾਨੂੰ ਆਪਣੇ ਸੰਭਾਵੀ ਜੀਵਨ ਸਾਥੀ ਵਿੱਚ ਕੀ ਵੇਖਣਾ ਚਾਹੀਦਾ ਹੈ। ਹਰੇਕ ਵਿਸ਼ਵਾਸੀ ਜੋ ਵਿਆਹ ਕਰਾਉਣਾ ਚਾਹੁੰਦਾ ਹੈ ਉਸ ਨੂੰ ਕਿਸੇ ਅਜਿਹੇ ਦੀ ਭਾਲ ਕਰਨੀ ਚਾਹੀਦੀ ਹੈ ਜੋ ਪਰਮੇਸ਼ੁਰ ਨੂੰ ਪਹਿਲਾ ਸਥਾਨ ਦਿੰਦਾ ਹੈ, ਪਰਮੇਸ਼ੁਰ ਦੇ ਵਚਨ ਪ੍ਰਤੀ ਆਗਿਆਕਾਰੀ ਵਾਲਾ ਜੀਵਨ ਜੀਉਂਦਾ ਹੈ, ਅਤੇ ਪਰਮੇਸ਼ੁਰ ਦੇ ਰਾਜ ਨੂੰ ਵਧਾਉਣਾ ਚਾਹੁੰਦਾ ਹੈ।

► ਵਿਦਿਆਰਥੀਆਂ ਨੂੰ ਸਮੂਹ ਲਈ ਅਫ਼ਸੀਆਂ 4:17-24 ਅਤੇ 1 ਯੂਹੰਨਾ 2:15-17 ਨੂੰ ਪੜ੍ਹਨਾ ਚਾਹੀਦਾ ਹੈ।

ਸੰਸਾਰ ਦੇ ਲੋਕ ਖੁਦ ਲਈ ਜੀਉਂਦੇ ਹਨ। ਉਹ ਉਨ੍ਹਾਂ ਕੰਮਾਂ ਨੂੰ ਕਰਨ ਦੀ ਚੋਣ ਕਰਦੇ ਹਨ ਜੋ ਉਨ੍ਹਾਂ ਦੇ ਸਰੀਰ ਅਤੇ ਮਨ ਚਾਹੁੰਦੇ ਹਨ (ਅਫ਼ਸੀਆਂ 2:3), ਅਤੇ ਉਹ ਪਰਮੇਸ਼ੁਰ ਦੇ ਵਚਨ ਦੀ ਅਵੱਗਿਆ ਕਰਨ ਲਈ ਵੀ ਤਿਆਰ ਹੁੰਦੇ ਹਨ। ਪਾਪੀ ਲੋਕ ਅਕਸਰ ਉਹ ਕਰਦੇ ਹਨ ਜੋ ਚੰਗਾ ਮਹਿਸੂਸ ਹੁੰਦਾ ਹੈ, ਜੋ ਸਭ ਤੋਂ ਜ਼ਿਆਦਾ ਸੌਖਾ ਹੈ, ਜਾਂ ਜਿਸ ਕਾਰਨ ਦੂਸਰੇ ਲੋਕ ਉਨ੍ਹਾਂ ਵੱਲ ਧਿਆਨ ਦਿੰਦੇ ਹਨ। ਉਨ੍ਹਾਂ ਦੀ ਤਰਜੀਹ ਖੁਦ ਨੂੰ ਪ੍ਰਸੰਨ ਕਰਨਾ ਹੈ। ਉਹ ਕਿਸੇ ਦੇ ਨਾਲ ਇੱਕ ਰੋਮਾਂਟਿਕ ਰਿਸ਼ਤਾ ਸਿਰਫ ਇਸ ਲਈ ਬਣਾ ਸਕਦੇ ਹਨ ਕਿਉਂਕਿ ਉਹ ਉਸ ਵਿਅਕਤੀ ਪ੍ਰਤੀ ਸਰੀਰਕ ਆਕਰਸ਼ਣ ਮਹਿਸੂਸ ਕਰਦੇ ਹਨ। ਉਹ ਕਿਸੇ ਦੇ ਨਾਲ ਇਸ ਕਾਰਣ ਇੱਕ ਰਿਸ਼ਤੇ ਵਿੱਚ ਹੋ ਸਕਦੇ ਹਨ ਕਿਉਂਕਿ ਜਦੋਂ ਉਹ ਉਸ ਵਿਅਕਤੀ ਦੇ ਨਾਲ ਹੁੰਦੇ ਹਨ ਤਾਂ ਉਨ੍ਹਾਂ ਦੀਆਂ ਭਾਵਨਾਵਾਂ ਉਤੇਜਿਤ ਹੁੰਦੀਆਂ ਹਨ।

ਸਵਾਰਥੀ ਲੋਕ ਵਿਆਹ ਦੇ ਖੁਦ ਦਾ ਤਿਆਗ ਕਰਨ ਵਾਲੇ ਰਿਸ਼ਤੇ ਲਈ ਸਮਰਪਣ ਕਰਨਾ ਨਹੀਂ ਚਾਹੁਣਗੇ। ਉਹ ਵਿਆਹ ਕੀਤੇ ਬਿਨਾਂ ਹੀ ਕਿਸੇ ਨਾਲ ਲਿੰਗਕ ਸੰਬੰਧ ਬਣਾਉਣ ਦੇ ਲਈ ਤਿਆਰ ਹੋ ਸਕਦੇ ਹਨ, ਭਾਵੇਂ ਕਿ ਪਰਮੇਸ਼ੁਰ ਆਖਦਾ ਹੈ ਕਿ ਅਜਿਹਾ ਰਿਸ਼ਤਾ ਗਲਤ ਹੈ (1 ਕੁਰਿੰਥੀਆਂ 6:9-11)।

ਸਵਾਰਥੀ ਲੋਕ ਤਦ ਇੱਕ ਜੀਵਨ ਸਾਥੀ ਬਾਰੇ ਹਾਰ ਮੰਨ ਸਕਦੇ ਹਨ ਜਦੋਂ ਵਿਆਹੁਤਾ ਰਿਸ਼ਤਾ ਮੁਸ਼ਕਲ ਹੋ ਜਾਂਦਾ ਹੈ। ਉਹ ਆਪਣੇ ਜੀਵਨ ਸਾਥੀ ਨੂੰ ਤਲਾਕ ਦੇ ਸਕਦੇ ਹਨ ਅਤੇ ਕਿਸੇ ਹੋਰ ਨਾਲ ਇੱਕ ਨਵੇਂ ਰਿਸ਼ਤੇ ਵਿੱਚ ਜਾ ਸਕਦੇ ਹਨ। ਪਰਮੇਸ਼ੁਰ ਕੋਲ ਉਨ੍ਹਾਂ ਲਈ ਕੁਝ ਹੈ ਜੋ ਕੀਤੇ ਬਿਹਤਰ ਹੈ, ਜੋ ਉਸ ਦੇ ਵਚਨ ਦੇ ਨਿਰਦੇਸ਼ਾਂ ਦਾ ਪਾਲਣ ਕਰਦੇ ਹਨ (ਜ਼ਬੂਰ 19:8, 11, ਬਿਵਸਥਾ ਸਾਰ 6:24)।

ਯਿਸੂ ਸਾਨੂੰ ਹਰ ਗੱਲ ਵਿੱਚ ਪਰਮੇਸ਼ੁਰ ਨੂੰ ਪ੍ਰਸੰਨ ਕਰਨ ਲਈ ਬੁਲਾਉਂਦਾ ਹੈ (ਮੱਤੀ 16:24, 2 ਕੁਰਿੰਥੀਆਂ 5:9, ਕੁਲੁੱਸੀਆਂ 1:10)। ਕਿਉਂਕਿ ਅਸੀਂ ਮਸੀਹ ਦੇ ਮਗਰ ਚੱਲਣ ਵਾਲੇ ਹਾਂ, ਸਾਡੇ ਵਿੱਚੋਂ ਹਰੇਕ ਦੇ ਜੀਵਨ ਦੀ ਤਰਜੀਹ ਪਰਮੇਸ਼ੁਰ ਦਾ ਰਾਜ ਅਤੇ ਉਸ ਦੀ ਧਾਰਮਿਕਤਾ ਹੋਣੀ ਚਾਹੀਦੀ ਹੈ। ਇਸ ਤੋਂ ਵੀ ਵਧਕੇ, ਸਾਡੇ ਵਿਆਹ ਕਰਾਉਣ ਦੀ ਭਾਲ ਵਿੱਚ ਵੀ ਪਰਮੇਸ਼ੁਰ ਦਾ ਰਾਜ ਅਤੇ ਉਸ ਦੀ ਧਾਰਮਿਕਤਾ ਹੀ ਸਾਡੀ ਤਰਜੀਹ ਹੋਣੀ ਚਾਹੀਦੀ ਹੈ। ਸਾਨੂੰ ਵਿਆਹ ਲਈ ਸਾਡੇ ਕਾਰਣਾਂ ਵਿੱਚ ਅਤੇ ਜਿਸ ਤਰ੍ਹਾਂ ਅਸੀਂ ਵਿਆਹ ਕਰਾਉਣ ਲਈ ਅੱਗੇ ਵਧਦੇ ਹਾਂ ਉਸ ਵਿੱਚ ਪਰਮੇਸ਼ੁਰ ਨੂੰ ਆਦਰ ਦੇਣਾ ਚਾਹੀਦਾ ਹੈ। ਸਾਨੂੰ ਯਿਸੂ ਨੂੰ ਉਸ ਦੀਆਂ ਕਦਰਾਂ ਕੀਮਤਾਂ ਬਾਰੇ ਸੁਣਨਾ ਚਾਹੀਦਾ ਹੈ ਅਤੇ ਉਸ ਦੀ ਪਾਲਣਾ ਕਰਨੀ ਚਾਹੀਦੀ ਹੈ ਜੋ ਯਿਸੂ ਆਖਦਾ ਹੈ ਕਿ ਸਹੀ ਅਤੇ ਭਲਾ ਹੈ। ਫਿਰ ਸਾਨੂੰ ਉਨ੍ਹਾਂ

ਉਮੀਦਾਂ ਦੀ ਪਾਲਣਾ ਕਰਨ ਦੁਆਰਾ ਪਰਮੇਸ਼ੁਰ ਦਾ ਆਦਰ ਕਰਨਾ ਚਾਹੀਦਾ ਹੈ ਜੋ ਸਾਡੇ ਪਤੀ ਅਤੇ ਪਤਨੀ ਹੋਣ ਦੇ ਨਾਤੇ ਉਸ ਨੂੰ ਸਾਡੇ ਤੋਂ ਹਨ।

## ਹਰੇਕ ਕੰਮ ਦਾ ਇੱਕ ਸਮਾਂ ਹੈ

ਜ਼ਿਆਦਾਤਰ ਲੋਕਾਂ ਲਈ ਸ਼ੁਰੂਆਤੀ ਬਾਲਗਪਣ ਵਿਆਹ ਕਰਾਉਣ ਲਈ ਉੱਤਮ ਹੈ (ਕਹਾਉਤਾਂ 5:18, ਮਲਾਕੀ 2:15, ਤੀਤੁਸ 2:4)। ਇੱਕ ਜਵਾਨ ਬਾਲਗ ਹੋਣ ਦੇ ਨਾਤੇ, ਵਿਅਕਤੀ ਨੂੰ ਜੀਵਨ ਲਈ ਪਹਿਲਾਂ ਹੀ ਸਿੱਖਿਅਤ ਅਤੇ ਤਿਆਰ ਹੋਣਾ ਚਾਹੀਦਾ ਹੈ। ਇੱਕ ਪੁਰਸ਼ ਜਾਂ ਇਸਤਰੀ ਨੂੰ ਪਰਿਪੱਕ ਹੋਣਾ ਚਾਹੀਦਾ ਹੈ, ਜ਼ਿੰਮੇਵਾਰੀ ਲੈਣ ਦੇ ਯੋਗ ਹੋਣਾ ਚਾਹੀਦਾ ਹੈ ਅਤੇ ਬੁੱਧੀਮਾਨੀ ਦੇ ਫੈਸਲੇ ਲੈਣ ਦੇ ਯੋਗ ਹੋਣਾ ਚਾਹੀਦਾ ਹੈ (1 ਤਿਮੋਥਿਉਸ 4:12)। ਆਦਰਸ਼ਕ ਤੌਰ ’ਤੇ, ਜਵਾਨ ਬਾਲਗ ਵਿਆਹ ਅਤੇ ਬੱਚਿਆਂ ਦੀ ਪਰਵਰਿਸ਼ ਕਰਨ ਦੀਆਂ ਜ਼ਿੰਮੇਵਾਰੀਆਂ ਲੈਣ ਲਈ ਤਿਆਰ ਹੁੰਦੇ ਹਨ। ਉਨ੍ਹਾਂ ਦੇ ਸਰੀਰ ਵੀ ਬੱਚਾ ਪੈਦਾ ਕਰਨ ਦੇ ਲਈ ਤਿਆਰ ਹੁੰਦੇ ਹਨ, ਅਤੇ ਬਹੁਤੇ ਹਾਲਾਤਾਂ, ਵਿੱਚ ਉਨ੍ਹਾਂ ਦੀਆਂ ਲਿੰਗਕ ਇੱਛਾਵਾਂ ਬਹੁਤ ਉਤੇਜਿਤ ਹੁੰਦੀਆਂ ਹਨ ਅਤੇ ਉਨ੍ਹਾਂ ਨੂੰ ਵਿਆਹੁਤਾ ਰਿਸ਼ਤੇ ਦੇ ਨੇੜਤਾ ਦੀ ਵੱਡੀ ਲੋੜ ਹੁੰਦੀ ਹੈ।

ਅੱਜ ਬਹੁਤ ਸਾਰੇ ਸੱਭਿਆਚਾਰਾਂ ਦੇ ਵਿੱਚ, ਇਹ ਆਮ ਹੀ ਹੋ ਰਿਹਾ ਹੈ ਕਿ ਜਵਾਨ ਬਾਲਗ ਤਦ ਤਕ ਵਿਆਹ ਲਈ ਦੇਰੀ ਕਰਦੇ ਹਨ ਜਦੋਂ ਤਕ ਉਹ ਆਪਣੀ ਉੱਚ ਪੜ੍ਹਾਈ ਪੂਰੀ ਨਹੀਂ ਕਰ ਲੈਂਦੇ ਜਾਂ ਆਪਣੇ ਕਰੀਅਰ ਵਿੱਚ ਸਥਾਪਿਤ ਨਹੀਂ ਹੋ ਜਾਂਦੇ। ਹੋਰ ਜਵਾਨ ਵਿਆਹ ਦੇ ਵਿੱਚ ਰੁਚੀ ਹੀ ਨਹੀਂ ਰੱਖਦੇ ਕਿਉਂਕਿ ਉਹ ਜ਼ਿੰਮੇਵਾਰੀਆਂ ਨਾਲ ਭਰਿਆ ਹੋਇਆ ਜੀਵਨ ਨਹੀਂ ਬਿਤਾਉਣਾ ਚਾਹੁੰਦੇ।

ਬਹੁਤ ਸਾਰੇ ਜਵਾਨ ਬਾਲਗ ਆਪਣੇ ਵਿਆਹ ਤੋਂ ਪਹਿਲਾਂ ਲਿੰਗਕ ਅਨੈਤਿਕਾ ਦੇ ਨਾਲ ਭਰਿਆ ਹੋਇਆ ਜੀਵਨ ਬਿਤਾਉਂਦੇ ਹਨ। ਉਨ੍ਹਾਂ ਦੀਆਂ ਲਿੰਗਕ ਇੱਛਾਵਾਂ ਬਹੁਤ ਪ੍ਰਬੱਲ ਹੁੰਦੀਆਂ ਹਨ। ਭਾਵਨਾਤਮਕ ਤੌਰ ’ਤੇ, ਉਹ ਨੇੜਤਾ ਭਰਿਆ ਸਾਥ ਚਾਹੁੰਦੇ ਹਨ। ਫਿਰ ਵੀ, ਉਹ ਵਿਆਹ ਲਈ ਸਮਰਪਣ ਨਹੀਂ ਕਰਨਾ ਚਾਹੁੰਦੇ ਅਤੇ ਇੱਕ ਪਰਿਵਾਰ ਦੀ ਪਰਵਰਿਸ਼ ਨਹੀਂ ਕਰਨਾ ਚਾਹੁੰਦੇ ਕਿਉਂਕਿ ਜਾਂ ਤਾਂ ਜੀਵਨ ਲਈ ਉਨ੍ਹਾਂ ਦੇ ਵੱਖਰੇ ਟੀਚੇ ਹਨ ਜਾਂ ਉਹ ਜ਼ਿੰਮੇਵਾਰੀ ਉਠਾਉਣਾ ਨਹੀਂ ਚਾਹੁੰਦੇ।

ਜਿਹੜੇ ਮਸੀਹੀ ਜਵਾਨ ਬਾਲਗ ਵਿਆਹ ਵਿੱਚ ਦੇਰੀ ਕਰ ਰਹੇ ਹਨ ਉਨ੍ਹਾਂ ਨੂੰ ਆਪਣੀਆਂ ਤਰਜੀਹਾਂ ਉੱਤੇ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਧਰਮੀ ਅਤੇ ਸ਼ੁੱਧ ਜੀਵਨ ਬਿਤਾ ਰਹੇ ਹਨ ਅਤੇ ਪਰਮੇਸ਼ੁਰ ਦੀ ਇੱਛਾ ਦਾ ਅਨੁਸਰਣ ਕਰ ਰਹੇ ਹਨ। ਕਈ ਲੋਕਾਂ ਨੂੰ ਉਸ ਮਹੱਤਵ ਬਾਰੇ ਵਿਚਾਰ ਕਰਨ ਦੀ ਲੋੜ ਹੈ ਜੋ ਪਰਮੇਸ਼ੁਰ ਵਿਆਹ ਅਤੇ ਧਰਮੀ ਬੱਚੇ ਪਾਲਣ ਨੂੰ ਦਿੰਦਾ ਹੈ।

### *ਜਿਹੜੇ ਅਣਵਿਆਹੇ ਜੋੜੇ ਇਕੱਠੇ ਰਹਿੰਦੇ ਹਨ*

ਕਈ ਵਾਰ ਇੱਕ ਆਦਮੀ ਅਤੇ ਇੱਕ ਔਰਤ ਇਕੱਠੇ ਕਰੀਬੀ ਰਿਸ਼ਤੇ ਵਿੱਚ ਇਕੱਠੇ ਰਹਿੰਦੇ ਹਨ, ਪਰ ਉਹ ਵਿਆਹ ਕਰਾਉਣ ਨੂੰ ਟਾਲਦੇ ਰਹਿੰਦੇ ਹਨ। ਹੋ ਇੱਕ ਦੂਸਰੇ ਪ੍ਰਤੀ ਸਮਰਪਿਤ ਹੋ ਸਕਦੇ ਹਨ, ਪਰ ਉਨ੍ਹਾਂ ਨੇ ਅਜੇ ਵਿਆਹ ਦਾ ਨੇਮ ਨਹੀਂ ਬੰਨ੍ਹਿਆ ਹੈ। ਲੋਕਾਂ ਕੋਲ ਇਸ ਦੇ ਵੱਖੋ-ਵੱਖਰੇ ਕਾਰਣ ਹਨ:

1. ਕਈ ਵਾਰ ਸੱਭਿਆਚਾਰ ਵੱਡੇ ਅਤੇ ਮਹਿੰਗੇ ਵਿਆਹਾਂ ਦੀ ਉਮੀਦ ਰੱਖਦਾ ਹੈ, ਇਸ ਲਈ ਗਰੀਬ ਜੋੜੇ ਇੱਕ ਸਵੀਕਾਰਯੋਗ ਵਿਆਹ ਨਹੀਂ ਕਰਾਉਂਦੇ ਹਨ।

2. ਕਈ ਵਾਰ ਜੋੜੇ ਇਸ ਕਾਰਣ ਵਿਆਹ ਦਾ ਸਮਰਪਣ ਨਹੀਂ ਕਰਦੇ ਕਿਉਂਕਿ ਉਹ ਡਰਦੇ ਹਨ ਕਿ ਵਿਆਹੁਤਾ ਰਿਸ਼ਤਾ ਟੁੱਟ ਜਾਵੇਗਾ। ਸ਼ਾਇਦ ਉਹ ਸੋਚਦੇ ਹਨ ਕਿ ਜੇ ਉਹ ਵਿਆਹੇ ਹੋਏ ਨਹੀਂ ਹਨ ਤਾਂ ਵੱਖ ਹੋਣਾ ਉਨ੍ਹਾਂ ਲਈ ਘੱਟ ਨੁਕਸਾਨਦਾਇਕ ਹੋਵੇਗਾ। ਉਹ ਸ਼ਾਇਦ ਇਹ ਉਮੀਦ ਰੱਖਦੇ ਹੋਣ ਕਿ ਇਕੱਠੇ ਰਹਿੰਦੇ ਹੋਏ ਉਨ੍ਹਾਂ ਦਾ ਰਿਸ਼ਤਾ ਹੋਰ ਮਜ਼ਬੂਤ ਬਣੇਗਾ।

ਪਰਮੇਸ਼ੁਰ ਨੇ ਲਿੰਗਕ ਨੇੜਤਾ ਨੂੰ ਕੇਵਲ ਵਿਆਹ ਦੇ ਲਈ ਹੀ ਰੱਖਿਆ ਹੈ (ਇਬਰਾਨੀਆਂ 13:4)। ਜਿਹੜੇ ਜੋੜੇ ਬਿਨਾਂ ਵਿਆਹ ਕੀਤੇ ਹੀ ਇਕੱਠੇ ਰਹਿੰਦੇ ਹਨ, ਉਹ ਪਰਮੇਸ਼ੁਰ ਦੇ ਵਚਨ ਦੀ ਉਲੰਘਣਾ ਕਰਨ ਲਈ ਦੋਸ਼ੀ ਹਨ। ਉਨ੍ਹਾਂ ਦਾ ਕਰੀਬੀ ਰਿਸ਼ਤਾ ਕਦੇ ਵੀ ਉਹ ਨਹੀਂ ਹੋ ਸਕਦਾ ਜੋ ਇਹ ਹੋਣਾ ਚਾਹੀਦਾ ਹੈ, ਇਸ ਦਾ ਕਾਰਨ ਇੱਕ ਦੂਸਰੇ ਪ੍ਰਤੀ ਉਨ੍ਹਾਂ ਦੇ ਵਿਸ਼ੇਸ਼ ਸਮਰਪਣ ਦੀ ਘਾਟ ਹੋਣਾ ਅਤੇ ਭਰੋਸੇ ਦੀ ਘਾਟ ਹੋਣਾ ਹੈ।

ਵਿਸ਼ਵਾਸੀਆਂ ਨੂੰ ਅਵਿਸ਼ਵਾਸੀਆਂ ਦੀ ਉਦਾਹਰਣ ਦੇ ਅਨੁਸਾਰ ਨਹੀਂ ਚੱਲਣਾ ਚਾਹੀਦਾ ਪਰ ਇਸ ਦੇ ਬਜਾਏ ਉਨ੍ਹਾਂ ਨੂੰ ਪਰਮੇਸ਼ੁਰ ਦੇ ਵਚਨ ਦੀ ਆਗਿਆਕਾਰੀ ਕਰਨੀ ਚਾਹੀਦੀ ਹੈ। ਕਲੀਸਿਯਾ ਨੂੰ ਨੈਤਿਕਤਾ ਦੇ ਲਈ ਪਰਮੇਸ਼ੁਰ ਦੀਆਂ ਉਮੀਦਾ ਨੂੰ ਉੱਚਾ ਚੁੱਕਣਾ ਚਾਹੀਦਾ ਹੈ ਅਤੇ ਜੋੜਿਆਂ ਨੂੰ ਵਿਹਾਰਕ ਸਹਿਯੋਗ ਦੇਣਾ ਚਾਹੀਦਾ ਹੈ ਤਾਂ ਕਿ ਉਹ ਵਿਆਹ ਲਈ ਪਰਮੇਸ਼ੁਰ ਦੀ ਯੋਜਨਾ ਦਾ ਅਨੁਸਰਣ ਕਰ ਸਕਣ। ਉਦਾਹਰਣ ਦੇ ਲਈ, ਜਦੋਂ ਇੱਕ ਜੋੜਾ ਮਹਿੰਗਾ ਵਿਆਹ ਨਹੀਂ ਕਰ ਸਕਦਾ, ਤਾਂ ਕਲੀਸਿਯਾ ਦੇ ਪਰਿਵਾਰ ਨੂੰ ਇੱਕ ਸਾਡਾ ਵਿਆਹ ਕਰਨ ਵਿੱਚ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ। ਇਹ ਜੋੜਿਆਂ ਦੀ ਮਦਦ ਕਰੇਗਾ ਕਿ ਉਹ ਵਿਆਹ ਕਰਾਉਣ ਦੁਆਰਾ ਨੈਤਿਕਤਾ ਦੇ ਲਈ ਪਰਮੇਸ਼ੁਰ ਦੇ ਮਿਆਰ ਦੀ ਪਾਲਣਾ ਕਰਨ। ਇਸ ਨਾਲ ਜੋੜਿਆਂ ਨੂੰ ਇਸ ਵਿੱਚ ਵੀ ਮਦਦ ਮਿਲੇਗੀ ਕਿ ਉਹ ਆਪਣੇ ਵਿਆਹੁਤਾ ਰਿਸ਼ਤੇ ਨੂੰ ਕਰਜ਼ ਦੇ ਵਿੱਚ ਸ਼ੁਰੂ ਨਾ ਕਰਨ। ਮਸੀਹੀਆਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਵਿਆਹ ਦੇ ਸਮਾਗਮ ਨਾਲੋਂ ਵਿਆਹ ਕਿਤੇ ਜ਼ਿਆਦਾ ਮਹੱਤਵਪੂਰਣ ਹੈ, ਫਿਰ ਵੀ ਇੱਕ ਨਿਸ਼ਚਤ ਵਿਆਹੁਤਾ ਸਮਰਪਣ ਕੀਤਾ ਜਾਣਾ ਚਾਹੀਦਾ ਹੈ।

► ਵਿਦਿਆਰਥੀਆਂ ਨੂੰ ਸਮੂਹ ਦੇ ਲਈ ਰੋਮੀਆਂ 12:2 ਅਤੇ ਫਿਲਿੱਪੀਆਂ 2:15-16 ਨੂੰ ਪੜ੍ਹਨਾ ਚਾਹੀਦਾ ਹੈ। ਇਹ ਚਰਚਾ ਕਰੋ ਕਿ ਨੈਤਿਕਤਾ ਦੇ ਲਈ ਵਿਸ਼ਵਾਸੀਆਂ ਦਾ ਸਮਰਪਣ ਉਨ੍ਹਾਂ ਦੇ ਆਲੇ-ਦੁਆਲੇ ਦੇ ਸੱਭਿਆਚਾਰ ਨੂੰ ਬਦਲ ਸਕਦਾ ਹੈ।

## ਚੰਗਾ ਕੁਆਰਾਪਣ

### ਸਮਰਪਣ ਦਾ ਮਸਲਾ

> ਤ੍ਰਿਪਤੀ ਉਹ ਸੰਤੁਸ਼ਟੀ ਹੈ ਜੋ ਇਹ ਜਾਣਨ ਤੋਂ ਆਉਂਦੀ ਹੈ ਕਿ ਪਰਮੇਸ਼ੁਰ ਮੇਰੇ ਹਾਲਾਤਾਂ ਉੱਤੇ ਪ੍ਰਭੂ ਹੈ ਅਤੇ ਮੈਨੂੰ ਉਹ ਦੇ ਰਿਹਾ ਹੈ ਜੋ ਮੇਰੇ ਲਈ ਉੱਤਮ ਹੈ।"
>
> - ਫਿਲ ਬ੍ਰਾਊਨ

ਪਰਮੇਸ਼ੁਰ ਦੇ ਹਰੇਕ ਬੱਚੇ ਨੂੰ ਆਪਣੀਆਂ ਇੱਛਾਵਾਂ ਨੂੰ ਯਿਸੂ ਦੇ ਅਧਿਕਾਰ ਦੇ ਅਧੀਨ ਕਰਨਾ ਚਾਹੀਦਾ ਹੈ। ਯਿਸੂ ਹੀ ਪ੍ਰਭੂ ਹੈ। ਆਪਣੇ ਜੀਵਨ ਦੇ ਵਿੱਚ, ਹਰੇਕ ਵਿਸ਼ਵਾਸ ਯਿਸੂ ਦੇ ਪ੍ਰਭੂ ਹੋਣ ਪ੍ਰਤੀ ਆਪਣੇ ਸਮਰਪਣ ਵਿੱਚ ਪਰਖਿਆ ਜਾਵੇਗਾ। ਕੁਝ ਮੁਸ਼ਕਲ ਹੋਵੇਗਾ... ਜਾਂ ਕੁਝ ਚੰਗਾ ਜਿਸ ਦੀ ਸਾਨੂੰ ਇੱਛਾ ਹੈ ਉਹ *ਨਹੀਂ* ਹੋਵੇਗਾ... ਅਤੇ ਯਿਸੂ ਸਾਨੂੰ ਜੋ ਉਸ ਦਾ ਅਨੁਸਰਣ ਕਰਦੇ ਹਾਂ ਪੁੱਛੇਗਾ, "ਕੀ ਮੈਂ ਤੁਹਾਡਾ ਪ੍ਰਭੂ ਹਾਂ? ਕੀ ਤੁਸੀਂ ਮੇਰੀ ਭਲਾਈ ਉੱਤੇ ਭਰੋਸਾ ਕਰੋਗੇ? ਕੀ ਤੁਸੀਂ ਵਿਸ਼ਵਾਸ ਕਰੋਗੇ ਕਿ ਮੇਰੇ ਇੱਕ ਸੰਪੂਰਣ ਯੋਜਨਾ ਹੈ? ਕੀ ਤੁਸੀਂ ਮੇਰੀ ਆਗਿਆਕਾਰੀ ਕਰੋਗੇ? ਕੀ ਤੁਸੀਂ ਮੇਰੇ ਅੱਗੇ ਸਮਰਪਣ ਕਰੋਗੇ? ਕੀ ਤੁਸੀਂ ਉਸ ਦੇ ਅਧੀਨ ਹੋਵੋਗੇ ਜੋ ਮੈਂ ਕਰ ਰਿਹਾ ਹਾਂ? ਕੀ ਤੁਸੀਂ ਇਸ ਵਿੱਚ ਮੇਰੀ ਮਹਿਮਾ ਕਰੋਗੇ?"

ਕੁਝ ਕੁਆਰੇ ਲੋਕ ਕੁਆਰੇ ਰਹਿ ਕੇ ਹੀ ਖੁਸ਼ ਹਨ। ਪਰ ਜਿਹੜੇ ਵਿਆਹ ਕਰਾਉਣ ਦੀ ਇੱਛਾ ਰੱਖਦੇ ਹਨ ਅਤੇ ਉਨ੍ਹਾਂ ਨੂੰ ਵਿਆਹ ਕਰਾਉਣ ਦਾ ਚੰਗਾ ਮੌਕਾ ਨਹੀਂ ਮਿਲਿਆ ਹੈ, ਉਨ੍ਹਾਂ ਨੂੰ ਵਿਆਹ ਨੂੰ ਰੋਕਣ ਦੇ ਪਰਮੇਸ਼ੁਰ ਦੇ ਫੈਸਲੇ ਨੂੰ ਹਲੀਮੀ ਨਾਲ ਸਵੀਕਾਰ ਕਰਨਾ ਚਾਹੀਦਾ ਹੈ।

> ਮਸੀਹ ਪੁਰਸ਼ਾਂ ਅਤੇ ਇਸਤਰੀਆਂ... ਇਹ ਜਾਣ ਲੈਣ ਕਿ ਜੇ ਪਰਮੇਸ਼ੁਰ ਚਾਹੁੰਦਾ ਹੈ ਕਿ ਉਹ ਵਿਆਹ ਕਰਾਉਣ, ਤਾਂ ਉਹ ਆਪਣੇ ਸੰਪੂਰਣ ਸਮੇਂ 'ਤੇ ਅਤੇ ਆਪਣੇ ਢੰਗ ਨਾਲ ਸਪਸ਼ਟ ਕਰੇਗਾ। ਪਰ ਹਮੇਸ਼ਾ ਉਸ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ, ਅਤੇ ਉਸ ਉੱਤੇ [ਪੂਰਣ ਭਰੋਸਾ] ਕੀਤਾ ਜਾਣਾ ਚਾਹੀਦਾ ਹੈ।[22]

ਪਰਮੇਸ਼ੁਰ ਭਲਾ ਅਤੇ ਭਰੋਸੇ ਦੇ ਯੋਗ ਹੈ। ਉਸ ਦਾ ਕੰਮ ਹੈ ਜੋ ਉਹ ਅਣਵਿਆਹੇ ਵਿਸ਼ਵਾਸੀ ਦੇ ਦਿਲ ਅਤੇ ਜੀਵਨ ਵਿੱਚ ਕਰਨਾ ਚਾਹੁੰਦਾ ਹੈ। ਪਰਮੇਸ਼ੁਰ ਹਮੇਸ਼ਾ ਉਸ ਲਈ ਅਨੁਮਤੀ ਦੇਵੇਗਾ ਜੋ ਉਸ ਦੇ ਬੱਚਿਆਂ ਲਈ ਉੱਤਮ ਹੈ, ਅਤੇ ਹੋਰ ਮਹੱਤਵਪੂਰਣ, ਉਸ ਲਈ ਅਨੁਮਤੀ ਦੇਵੇਗਾ ਜੋ ਯਿਸੂ ਨੂੰ ਸਭ ਤੋਂ ਵਧੇਰੇ ਮਹਿਮਾ ਦੇਵੇਗਾ। ਸਾਰੀਆਂ ਗੱਲਾਂ ਵਿੱਚ, ਪਰਮੇਸ਼ੁਰ ਸਾਨੂੰ ਸਾਡੇ ਚਰਿੱਤਰ ਵਿੱਚ ਮਸੀਹ ਵਰਗੇ ਬਣਾਉਣ ਲਈ ਕੰਮ ਕਰ ਰਿਹਾ ਹੈ (ਰੋਮੀਆਂ 8:28-29), ਅਤੇ ਸਾਨੂੰ ਯਿਸੂ ਦੀ ਅਰਾਧਨਾ ਉਸ ਤਰ੍ਹਾਂ ਕਰਨ ਦੇ ਯੋਗ ਬਣਾ ਰਿਹਾ ਹੈ ਜਿਵੇਂ ਸਾਨੂੰ ਸਦੀਪਕਤਾ ਦੇ ਵਿੱਚ ਕਰਨੀ ਚਾਹੀਦੀ ਹੈ (1 ਪਤਰਸ 1:6-7)।

---

[22] Adapted from Leslie Ludy, *Sacred Singleness* (Eugene, OR: Harvest House Publishers, 2009), 24.

ਪਰਮੇਸ਼ੁਰ ਆਪਣੇ ਹਰੇਕ ਬੱਚੇ ਦੇ ਲਈ ਇੱਕ ਧਰਮੀ ਜੀਵਨ ਸਾਥੀ ਦੇਣ ਲਈ ਸੰਪੂਰਣ ਤੌਰ ’ਤੇ ਯੋਗ ਹੈ। ਉਹ ਇੱਕ ਧਰਮੀ ਪਤਨੀ ਭਾਲਣ ਵਿੱਚ ਇੱਕ ਮਸੀਹੀ ਪੁਰਸ਼ ਦੀ ਮਦਦ ਕਰ ਸਕਦਾ ਹੈ, ਜਦੋਂ ਉਹ ਪੁਰਸ਼ ਇੱਕ ਜੇਤੂ ਇਸਤਰੀ ਦੀ ਭਾਲ ਵਿੱਚ ਹੈ ਜੋ ਆਪਣੇ ਜੀਵਨ ਦੇ ਨਾਲ ਪਰਮੇਸ਼ੁਰ ਦਾ ਆਦਰ ਕਰ ਰਹੀ ਹੈ (ਕਹਾਉਤਾਂ 18:22, ਕਹਾਉਤਾਂ 19:14, ਕਹਾਉਤਾਂ 31:10)।

ਇੱਕ ਅਣਵਿਆਹੀ ਇਸਤਰੀ ਜੋ ਮਸੀਹ ਲਈ ਜੀਵਨ ਬਿਤਾ ਰਹਿਹ ਹੈ, ਉਹ ਪਰਮੇਸ਼ੁਰ ਉੱਤੇ ਭਰੋਸਾ ਕਰ ਸਕਦੀ ਹੈ ਕਿ ਉਹ ਉਸ ਦੀਆਂ ਲੋੜਾਂ ਨੂੰ ਉੱਤਮ ਢੰਗ ਨਾਲ ਪੂਰਾ ਕਰੇਗਾ, ਭਾਵੇਂ ਉਸ ਨਾਲ ਵਿਆਹ ਕਰਾਉਣ ਲਈ ਇੱਕ ਪੁਰਸ਼ ਦੀ ਅਗਵਾਈ ਕਰਦਾ ਹੈ ਜਾਂ ਨਹੀਂ। ਉਹ ਪਰਮੇਸ਼ੁਰ ਦੇ ਮੁਹੱਈਆ ਕਰਾਉਣ ਅਤੇ ਪਰਮੇਸ਼ੁਰ ਦੀ ਵਫ਼ਾਦਾਰ ਦੇ ਕਾਰਣ ਇੱਕ ਭਰਪੂਰ ਅਤੇ ਆਤਮਿਕ ਤੌਰ ’ਤੇ ਫਲਦਾਇਕ ਜੀਵਨ ਬਿਤਾ ਸਕਦੀ ਹੈ।

ਜੇ ਪਰਮੇਸ਼ੁਰ ਉਸ ਲਈ ਕੁਆਰੀ ਰਹਿਣ ਦਾ ਫੈਸਲਾ ਲੈਂਦਾ ਹੈ, ਤਾਂ ਉਹ ਪਰਮੇਸ਼ੁਰ ਨੂੰ ਇੱਕ ਸੰਪੂਰਣ ਪਿਆਰ ਕਰਨ ਵਾਲੇ, ਮੁਹੱਈਆ ਕਰਾਉਣ ਵਾਲੇ, ਸੰਭਾਲਣ ਵਾਲੇ, ਅਤੇ ਆਗੂ ਦੇ ਰੂਪ ਵਿੱਚ ਵੇਖੇਗੀ। ਯਿਸੂ ਉਸ ਦੇ ਮਨ ਦਾ ਪਤੀ ਹੋ ਸਕਦਾ ਹੈ (ਯਸਾਯਾਹ 54:5), ਅਤੇ ਉਹ ਇੱਕ ਦੁਨਿਆਵੀ ਪਤੀ ਦੇ ਬਜਾਏ ਉਸ ਨੂੰ ਪਿਆਰ ਕਰ ਸਕਦੀ ਹੈ, ਉਸ ਦਾ ਆਦਰ ਕਰ ਸਕਦੀ ਹੈ, ਉਸ ਦੇ ਅਧੀਨ ਹੋ ਸਕਦੀ ਹੈ ਅਤੇ ਉਸ ਦੀ ਆਗਿਆਕਾਰੀ ਬਣ ਸਕਦੀ ਹੈ।

ਜੇ ਪਰਮੇਸ਼ੁਰ ਚਾਹੁੰਦਾ ਹੈ ਕਿ ਉਹ ਵਿਆਹ ਕਰਾਵੇ, ਤਾਂ ਉਸ ਦੇ ਕੁਆਰੇਪਣ ਦੇ ਸਮੇਂ ਨੇ ਉਸ ਨੂੰ ਪਰਮੇਸ਼ੁਰ ਉੱਤੇ ਭਰੋਸਾ ਕਰਨਾ ਸਿਖਾਇਆ ਹੋਵੇਗਾ (ਕੇਵਲ ਓਹੀ ਸੰਪੂਰਣ ਪਿਆਰ ਕਰਨਾ ਵਾਲਾ, ਮੁਹੱਈਆ ਕਰਾਉਣ ਵਾਲਾ, ਸੰਭਾਲਣ ਵਾਲਾ, ਅਤੇ ਆਗੂ ਹੈ), ਤਦ ਵੀ ਜਦੋਂ ਉਹ ਇੱਕ ਅਸੰਪੂਰਣ ਮਨੁੱਖੀ ਪਤੀ ਨੂੰ ਪਿਆਰ ਕਰਨਾ, ਉਸ ਦਾ ਆਦਰ ਕਰਨਾ, ਅਤੇ ਉਸ ਦੇ ਅਧੀਨ ਰਹਿਣਾ ਸਿੱਖਦੀ ਹੈ।

**ਇੱਕ ਪ੍ਰਾਰਥਨਾ**

“ਮੈਂ ਤੇਰਾ ਹਾਂ, ਪ੍ਰਭੂ।
ਇਹ ਮੇਰੀ ਪਹਿਚਾਣ,
ਮੇਰੀ ਬੁਲਾਹਟ,
ਮੇਰੀ ਸੁਰੱਖਿਆ,
ਮੇਰਾ ਦਿਲਾਸਾ,
ਮੇਰਾ ਉਦੇਸ਼,
ਮੇਰਾ ਅਨੰਦ,
ਅਤੇ ਮੇਰਾ ਫਲ ਹੈ।
ਤੂੰ ਕਾਫ਼ੀ ਹੈਂ।
ਤੂੰ ਮੈਨੂੰ ਭਰਪੂਰ ਕਰਦਾ ਹੈਂ।
ਤੂੰ ਮੇਰਾ ਸਰੋਤ ਹੈਂ।
ਤੂੰ ਮੈਨੂੰ ਪੂਰਾ ਕਰਦਾ ਹੈ।”

## ਮਸੀਹ ਵਿੱਚ ਪੂਰਣਤਾ

ਸਾਰੇ ਵਿਸ਼ਵਾਸੀਆਂ ਨੂੰ ਆਪਣੀ ਅੰਤਿਮ ਭਰਪੂਰੀ ਮਸੀਹ ਵਿੱਚ ਪਾਉਣੀ ਚਾਹੀਦੀ ਹੈ, ਨਾ ਕਿ ਇੱਕ ਮਨੁੱਖੀ ਸਾਥੀ ਵਿੱਚ। ਭਾਵੇਂ ਕੋਈ ਵਿਆਹ ਕਰਾਉਣ ਨੂੰ ਹੀ ਤਰਜੀਹ ਦਿੰਦਾ ਹੋਵੇ, ਪਰ ਲੰਬੇ ਸਮੇਂ ਦਾ ਕੁਆਰਾਪਣ ਇਹ ਯਕੀਨੀ ਬਣਾਉਣ ਦਾ ਮੌਕਾ ਦਿੰਦਾ ਹੈ ਕਿ ਉਹ ਸੱਚਮੁੱਚ ਯਿਸੂ ਵਿੱਚ ਪੂਰਣ ਹੈ। ਕੁਆਰਾਪਣ ਇਹ ਸਾਬਤ ਕਰਨ ਦਾ ਮੌਕਾ ਦਿੰਦਾ ਹੈ ਕਿ ਯਿਸੂ ਹੀ ਕਾਫ਼ੀ ਹੈ (ਫਿਲਿੱਪੀਆਂ 4:11-13)।

> ਇਹ ਸੱਚਾਈ ਕਿ ਪਰਮੇਸ਼ੁਰ ਨੇ ਵਿਆਹ ਨੂੰ ਰਚਿਆ ਹੈ, ਅਤੇ ਸਾਨੂੰ ਇਸ ਨੂੰ ਇੱਕ ਪਵਿੱਤਰ ਸੰਸਥਾਨ ਦੇ ਰੂਪ ਵਿੱਚ ਆਦਰ ਦੇਣਾ ਚਾਹੀਦਾ ਹੈ, ਇਹ ਵਚਨ ਦੇ ਵਿੱਚ ਪ੍ਰਤੱਖ ਹੈ... ਆਦਮ ਦੇ ਲਈ ਇਕੱਲਾ ਰਹਿਣਾ ਚੰਗਾ ਨਹੀਂ ਸੀ, ਪਰ ਕੀ ਇਹ ਇਸ ਲਈ ਸੀ ਕਿਉਂਕਿ

ਪਰਮੇਸ਼ੁਰ ਆਪ ਆਦਮ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਕਾਫ਼ੀ ਨਹੀਂ ਸੀ? ਬਿਲਕੁਲ ਨਹੀਂ! ਜਿਵੇਂ ਕਿ ਬਾਈਬਲ ਸਮਝਾਉਂਦੀ ਹੈ, ਪਰਮੇਸ਼ੁਰ ਨੇ ਹੱਵਾਹ ਨੂੰ ਇਸ ਲਈ ਬਣਾਇਆ ਕਿਉਂਕਿ ਆਦਮ ਨੂੰ ਇੱਕ *ਸਹਾਇਕ* ਦੀ ਲੋੜ ਸੀ, ਧਰਤੀ ਉੱਤੇ ਉਸ ਕੰਮ ਨੂੰ ਕਰਨ ਲਈ ਜਿਸ ਕੰਮ ਨੂੰ ਕਰਨ ਲਈ ਪਰਮੇਸ਼ੁਰ ਨੇ ਉਸ ਨੂੰ ਬੁਲਾਇਆ ਸੀ। ਹਾਂ, ਬਹੁਤ ਸਾਰੀਆਂ ਬਰਕਤਾਂ ਅਤੇ ਲਾਭ ਸਨ ਜੋ ਆਦਮ ਅਤੇ ਹੱਵਾਹ ਦੋਵਾਂ ਨੂੰ ਇੱਕ ਦੂਸਰੇ ਦੇ ਸਾਥ ਤੋਂ ਮਿਲੇ, ਪਰ ਉਨ੍ਹਾਂ ਦੇ ਵਿਆਹੁਤਾ ਰਿਸ਼ਤੇ ਨੂੰ ਕਦੇ ਵੀ ਪਰਮੇਸ਼ੁਰ ਦਾ ਸਥਾਨ ਨਹੀਂ ਲੈਣਾ ਚਾਹੀਦਾ ਸੀ। ਉਹ ਅਜੇ ਵੀ ਪਰਮੇਸ਼ੁਰ ਸੀ, ਅਤੇ ਅਜੇ ਵੀ ਪਿਆਰ ਅਤੇ ਅਰਾਧਨਾ ਦੇ ਲਈ ਉਸ ਦਾ ਪਹਿਲਾ ਅਤੇ ਮੁੱਖ ਸਥਾਨ ਹੋਣਾ ਚਾਹੀਦਾ ਸੀ।[23]

ਇੱਕ ਵਿਅਕਤੀ ਤਦ ਪਰਮੇਸ਼ੁਰ ਦੇ ਪਿਆਰ ਨੂੰ ਜ਼ਿਆਦਾ ਅਨੁਭਵ ਕਰਨਾ ਸਿੱਖ ਸਕਦਾ ਹੈ ਜਦੋਂ ਉਸ ਦਾ ਇੱਕ ਜੀਵਨ ਸਾਥੀ ਜਾਂ ਪਰਿਵਾਰ ਨਹੀਂ ਹੁੰਦਾ ਜਿਨ੍ਹਾਂ ਨੂੰ ਉਸ ਨੇ ਸਰੀਰਕ ਅਤੇ ਭਾਵਨਾਤਮਕ ਸਨੇਹ ਦੇਣਾ ਹੈ। ਜ਼ਬੂਰ 73:25-26 ਵਰਗੇ ਵਚਨ, ਭਾਵਨਾਤਮਕ ਪਰਤਾਵੇ ਅਤੇ ਸਰੀਰਕ ਪਰਤਾਵੇ ਦੇ ਸਮਿਆਂ ਵਿੱਚ ਉਤਸ਼ਾਹ ਦਿੰਦੇ ਹਨ:

> ਸੁਰਗ ਵਿੱਚ ਮੇਰਾ ਹੋਰ ਕੌਣ ਹੈ? ਅਤੇ ਧਰਤੀ ਉੱਤੇ ਤੈਥੋਂ ਬਿਨਾ ਮੈਂ ਕਿਸੇ ਹੋਰ ਨੂੰ ਲੋਚਦਾ ਨਹੀਂ। ਮੇਰਾ ਤਨ ਤੇ ਮੇਰਾ ਮਨ ਢਲ ਜਾਂਦੇ ਹਨ, ਪਰ ਪਰਮੇਸ਼ੁਰ ਸਦਾ ਲਈ ਮੇਰੇ ਮਨ ਦੀ ਚਟਾਨ ਅਤੇ ਮੇਰਾ ਭਾਗ ਹੈ।

ਜਿਵੇਂ ਲੇਸਲੀ ਲੁਡੀ ਲਿਖਦੇ ਹਨ:

> ਜ਼ਬੂਰਾਂ ਦੇ ਲੇਖਕ ਦਾਊਦ ਦੇ ਜੀਵਨ ਵਿੱਚ ਉਸ ਦੀਆਂ ਬਹੁਤ ਸਾਰੀਆਂ ਔਰਤਾਂ ਸਾਥੀ ਸਨ। ਪਰ ਇਹ ਦਾਊਦ ਦਾ ਪਰਮੇਸ਼ੁਰ ਦੇ ਨਾਲ ਕਰੀਬੀ ਰਿਸ਼ਤਾ ਹੈ ਜੋ ਉਸ ਲਈ ਸੰਪੂਰਣ ਸੰਤੁਸ਼ਟੀ ਨੂੰ ਲੈ ਕੇ ਆਉਂਦਾ ਹੈ ਜਿਸ ਨੂੰ ਇਹ ਆਇਤਾਂ ਵਿਖਾਉਂਦੀਆਂ ਹਨ।[24]

ਅਣਵਿਆਹਿਆ ਵਿਸ਼ਵਾਸੀ ਵੇਖੇਗਾ ਕਿ ਯਿਸੂ ਹੀ ਕਾਫ਼ੀ ਹੈ; ਪਰਮੇਸ਼ੁਰ ਦੇ ਨਾਲ ਇੱਕ ਰਿਸ਼ਤਾ ਸੰਤੁਸ਼ਟੀ ਦਿੰਦਾ ਹੈ।

### ਸੇਵਾ ਦੇ ਲਈ ਮੌਕੇ

ਜਦੋਂ ਅਣਵਿਆਹੇ ਵਿਸ਼ਵਾਸੀ ਮਸੀਹ ਵਿੱਚ ਆਪਣੀ ਸੰਤੁਸ਼ਟੀ ਨੂੰ ਪਾਉਂਦੇ ਹਨ, ਤਾਂ ਉਹ ਉਨ੍ਹਾਂ ਦੇ ਕੁਆਰੇਪਣ ਨੂੰ ਦੂਸਰਿਆਂ ਦੀ ਸੇਵਾ ਕਰਨ ਦੇ ਲਈ ਇੱਕ ਮੌਕਾ ਬਣਾਉਂਦਾ ਹੈ। ਆਪਣੀਆਂ ਖੁਦ ਦੀਆਂ ਲੋੜਾਂ ਉੱਤੇ ਕੇਂਦਰਿਤ ਰਹਿਣ ਦੇ ਬਜਾਏ ਅਤੇ ਅਸੰਤੋਸ਼ ਮਹਿਸੂਸ ਕਰਨ ਦੇ ਬਜਾਏ, ਉਹ

> "ਜੇ ਤੁਸੀਂ ਅਣਵਿਆਹੇ ਹੋ, ਤਾਂ ਯਾਦ ਰੱਖੋ ਕਿ ਤੁਹਾਨੂੰ ਇਸ ਲਈ ਨਹੀਂ ਬੁਲਾਇਆ ਗਿਆ ਕਿ ਤੁਸੀਂ ਆਪਣੇ ਸਮੇਂ ਅਤੇ ਆਜ਼ਾਦੀ ਨੂੰ ਸਵੈ-ਕੇਂਦਰਿਤ ਚੀਜ਼ਾਂ ਦੇ ਮਗਰ ਭੱਜਣ ਵਿੱਚ ਬਰਬਾਦ ਕਰੋ, ਪਰ ਤੁਹਾਨੂੰ ਕਲੀਸਿਯਾ ਅਤੇ ਸੰਸਾਰ ਦੀ ਸੇਵਾ ਕਰਨ ਲਈ ਬੁਲਾਇਆ ਗਿਆ ਹੈ।"
> - ਪੌਲ ਲਾਮਿਕੇਲਾ
> ਤੋਂ ਲਿਆ ਗਿਆ ਹੈ

[23] Leslie Ludy, *Sacred Singleness,* 66-67.

[24] Leslie Ludy, *Sacred Singleness,* 67. Leslie Ludy ਜ਼ਬੂਰ 16:11, ਜ਼ਬੂਰ 73:25, ਅਤੇ ਜ਼ਬੂਰ 107:9 ਦਾ ਹਵਾਲਾ ਦਿੰਦਾ ਹੈ.

ਦੂਸਰਿਆਂ ਦੀਆਂ ਲੋੜਾਂ ਨੂੰ ਵੇਖਣਾ ਅਤੇ ਪੂਰਾ ਕਰਨਾ ਸਿੱਖ ਸਕਦੇ ਹਨ। ਦੂਸਰਿਆਂ ਦੀ ਮਦਦ ਕਰਨਾ ਇੱਕ ਫਲਦਾਇਕ ਅਤੇ ਭਰਪੂਰ ਜੀਵਨ ਜੀਣ ਦਾ ਇੱਕ ਉੱਤਮ ਢੰਗ ਹੈ। ਜੀਵਨ ਦੇ ਇਸ ਸਮੇਂ ਵਿੱਚ ਵਿਕਸਤ ਹੋਇਆ ਚਰਿੱਤਰ, ਉਨ੍ਹਾਂ ਦੀ ਇਸ ਵਿੱਚ ਮਦਦ ਕਰੇਗਾ ਕਿ ਉਹ ਆਪਣੇ ਜੀਵਨਾਂ ਦੇ ਵਿੱਚ ਚੰਗਾ ਫਲ ਦਿੰਦੇ ਰਹਿਣ।

► ਵਿਦਿਆਰਥੀਆਂ ਨੂੰ ਸਮੂਹ ਲਈ ਫਿਲਿੱਪੀਆਂ 2:3-4 ਅਤੇ ਤੀਤੁਸ 3:8, 14 ਨੂੰ ਪੜ੍ਹਨਾ ਚਾਹੀਦਾ ਹੈ।

ਜਿਵੇਂ ਪਹਿਲਾਂ ਆਖਿਆ ਗਿਆ ਹੈ ਕਿ ਜੀਵਨ ਦੇ ਵੱਖ-ਵੱਖ ਹਾਲਾਤ ਅਨੋਖੇ ਮੌਕੇ ਪ੍ਰਦਾਨ ਕਰਦੇ ਹਨ। ਜੀਵਨ ਦੇ ਹਰੇਕ ਪੜਾਅ ਵਿੱਚ, ਕੁਝ ਕੰਮ ਅਜਿਹੇ ਹੁੰਦੇ ਹਨ ਜੋ ਇੱਕ ਵਿਅਕਤੀ ਕਰ ਸਕਦਾ ਹੈ, ਅਤੇ ਕੁਝ ਅਜਿਹੇ ਕੰਮ ਹੁੰਦੇ ਹਨ ਜੋ ਉਹ ਨਹੀਂ ਕਰ ਸਕਦੇ। ਇੱਕ ਕੁਆਰੀ ਔਰਤ ਨੇ ਉਨ੍ਹਾਂ ਕੰਮਾਂ ਦੀ ਸੂਚੀ ਬਣਾਈ ਜੋ ਉਹ ਕਰ ਸਕਦੀ ਹੈ, ਖਾਸ ਕਰਕੇ ਇਸ ਲਈ *ਕਿਉਂਕਿ* ਉਹ ਕੁਆਰੀ ਹੈ। ਹੋਰ ਕੁਆਰੇ ਪੁਰਸ਼ ਜਾਂ ਕੁਆਰੀਆਂ ਔਰਤਾਂ ਆਪਣੀ ਸੂਚੀ ਵਿੱਚ ਹੋਰ ਕੰਮਾਂ ਨੂੰ ਸ਼ਾਮਲ ਕਰ ਸਕਦੇ ਹਨ।

> ਕਿਉਂਕਿ ਮੈਂ ਇੱਕ ਕੁਆਰੀ ਜਵਾਨ ਇਸਤਰੀ ਹਾਂ, ਮੇਰੇ ਲਈ ਇਹ ਕਰਨਾ ਬਹੁਤ ਸੌਖਾ ਹੈ:
>
> - ਬਜ਼ੁਰਗਾਂ ਨੂੰ ਮਿਲਣ ਜਾ ਸਕਦੀ ਹਾਂ ਅਤੇ ਉਨ੍ਹਾਂ ਸਮਾਂ ਬਿਤਾ ਸਕਦੀ ਹਾਂ।
> - ਬੇਘਰੇ ਲੋਕਾਂ ਲਈ ਖਾਣਾ ਬਣਾ ਸਕਦੀ ਹਾਂ ਅਤੇ ਉਨ੍ਹਾਂ ਨੂੰ ਖਵਾ ਸਕਦੀ ਹਾਂ।
> - ਬਾਈਬਲ ਅਧਿਐਨ ਕਰ ਸਕਦੀ ਹਾਂ ਅਤੇ ਬੱਚਿਆਂ ਲਈ ਬਾਈਬਲ ਦੇ ਸਬਕ ਤਿਆਰ ਕਰ ਸਕਦੀ ਹਾਂ।
> - ਮੇਰੇ ਘਰ ਵਿੱਚ ਔਰਤਾਂ ਅਤੇ ਕੁੜੀਆਂ ਦੀ ਸੇਵਕਾਈ ਕਰ ਸਕਦੀ ਹਾਂ।
> - ਵਿਚੋਲਗੀ ਦੀ ਪ੍ਰਾਰਥਨਾ ਵਿੱਚ ਬਿਨਾਂ ਰੁਕਾਵਟ ਦੇ ਸਮੇਂ ਬਿਤਾ ਸਕਦੀ ਹਾਂ।
> - ਇੱਕ ਨਵਾਂ ਹੁਨਰ ਸਿੱਖ ਸਕਦੀ ਹਾਂ।
> - ਉਤਸ਼ਾਹ ਦੇ ਪੱਤਰ ਅਤੇ ਕਾਰਡ ਲਿਖ ਸਕਦੀ ਹਾਂ।
> - ਪ੍ਰਜੈਕਟਜ਼ ਦੇ ਨਾਲ ਦੂਸਰੇ ਵਿਅਕਤੀਆਂ ਦੀ ਸਵੈ-ਇੱਛਾ ਨਾਲ ਮਦਦ ਕਰ ਸਕਦੀ ਹਾਂ।
> - ਕਿਸੇ ਵਿਸ਼ੇਸ਼ ਲੋੜ ਲਈ ਜਾਂ ਜਦੋਂ ਕੋਈ ਘਟਨਾ ਅਚਾਨਕ ਹੋ ਜਾਂਦੀ ਹੈ ਤਦ ਆਪਣੀ ਸਮਾਂ ਸਾਰਣੀ ਵਿੱਚ ਤੁਰੰਤ ਬਦਲਾਵ ਕਰ ਸਕਦੀ ਹਾਂ।

ਹਰੇਕ ਵਿਅਕਤੀ ਕੋਲ ਆਪਣੇ ਜੀਵਨ ਦੇ ਹਾਲਾਤ ਦੇ ਕਾਰਣ ਵਿਸ਼ੇਸ਼ ਮੌਕੇ ਜਾਂ ਜ਼ਿੰਮੇਵਾਰੀਆਂ ਹੁੰਦੀਆਂ ਹਨ। ਇੱਕ ਜਵਾਨ ਮਾਂ ਜੋ ਸੂਚੀ ਬਣਾਵੇਗੀ ਉਸ ਵਿੱਚ ਇਨ੍ਹਾਂ ਕੰਮਾਂ ਦੀਆਂ ਉਦਾਹਰਣਾਂ ਸ਼ਾਮਲ ਹੋ ਸਕਦੀਆਂ ਹਨ, ਜਿਵੇਂ ਕਿ ਉਹ ਆਪਣੇ ਬੱਚਿਆਂ ਨੂੰ ਸਿਖਾ ਰਹੀ ਹੈ ਜਾਂ ਜਿਸ ਤਰ੍ਹਾਂ ਉਹ ਉਨ੍ਹਾਂ ਨੂੰ ਸਿਖਲਾਈ ਦੇ ਰਹੀ ਹੈ। ਕਿਉਂਕਿ ਉਹ ਉਨ੍ਹਾਂ ਦੀ ਮਾਂ ਹੈ, ਪਰਮੇਸ਼ੁਰ ਨੇ ਉਸ ਨੂੰ ਇਨ੍ਹਾਂ ਤਰੀਕਿਆਂ ਨਾਲ ਸੇਵਾ ਕਰਨ ਦੀ ਮੌਕਾ ਅਤੇ ਜ਼ਿੰਮੇਵਾਰੀ ਦਿੱਤੀ ਹੈ। (ਇਸ ਪਾਠ ਦੇ ਅੰਤ ਵਿੱਚ ਤੁਸੀਂ ਆਪਣੀ ਨਿੱਜੀ ਸੂਚੀ ਬਣਾਵੋਗੇ।)

**ਸਾਥ**

ਜੋ ਲੋਕ ਵਿਆਹੇ ਨਹੀਂ ਹਨ ਉਨ੍ਹਾਂ ਦੇ ਲਈ ਇਹ ਬਹੁਤ ਮਹੱਤਵਪੂਰਣ ਹੈ ਕਿ ਉਹ ਦੂਸਰਿਆਂ ਦੇ ਨਾਲ ਚੰਗੇ ਰਿਸ਼ਤੇ ਬਣਾਉਣ। ਜਿਵੇਂ ਕਿ ਪਿਛਲੇ ਪਾਠਾਂ ਦੇ ਵਿੱਚ ਚਰਚਾ ਕੀਤੀ ਗਈ ਹੈ, ਪਰਮੇਸ਼ੁਰ ਨੇ ਲੋਕਾਂ ਨੂੰ ਉਸ ਨਾਲ ਅਤੇ ਦੂਸਰੇ ਲੋਕਾਂ ਨਾਲ ਸੰਬੰਧ ਰੱਖਣ ਲਈ ਬਣਾਇਆ ਹੈ।

- ਅਣਵਿਆਹੇ ਲੋਕਾਂ ਨੂੰ ਉਨ੍ਹਾਂ ਲੋਕਾਂ ਦੇ ਨਾਲ ਰਿਸ਼ਤਿਆਂ ਦੀ ਲੋੜ ਹੈ ਜਿਨ੍ਹਾਂ ਦੀ ਉਹ ਸੇਵਾ ਕਰ ਸਕਦੇ ਹਨ – ਸ਼ਾਇਦ ਬੱਚੇ ਜਾਂ ਜਵਾਨ ਲੋਕ ਜਾਂ ਬਜ਼ੁਰਗ ਲੋਕ।
- ਅਣਵਿਆਹੇ ਲੋਕਾਂ ਨੂੰ ਸਲਾਹ ਅਤੇ ਜਵਾਬਦੇਹੀ ਦੇ ਲਈ ਬਜ਼ੁਰਗ, ਪਰਿਪੱਕ ਗੁਰੂਆਂ ਦੀ ਲੋੜ ਹੈ।
- ਅਣਵਿਆਹੇ ਲੋਕਾਂ ਨੂੰ ਅਜਿਹੇ ਦੋਸਤਾਂ ਦੀ ਲੋੜ ਹੈ ਜੋ ਜੀਵਨ ਵਿੱਚ ਓਹੋ ਸਥਾਨ ਵਿੱਚ ਹਨ, ਤਾਂ ਕਿ ਉਹ ਪ੍ਰਭੂ ਵਿੱਚ ਅਤੇ ਇੱਕ ਦੂਸਰੇ ਨਾਲ ਸੰਗਤੀ ਵਿੱਚ ਇੱਕ ਦੂਸਰੇ ਨੂੰ ਉਤਸ਼ਾਹਿਤ ਕਰ ਸਕਣ।
- ਅਣਵਿਆਹੇ ਲੋਕਾਂ ਨੂੰ ਵਿਆਹੇ ਹੋਏ ਜੋੜਿਆਂ ਅਤੇ ਪਰਿਵਾਰਾਂ ਦੇ ਨਾਲ ਦੋਸਤੀ ਕਰਨ ਦੀ ਲੋੜ ਹੈ। ਦੋਸਤੀ ਦੇ ਅਜਿਹੇ ਰਿਸ਼ਤਿਆਂ ਵਿੱਚ ਬਹੁਤ ਸਾਰੀਆਂ ਆਪਸੀ ਬਰਕਤਾਂ ਹਨ।

ਦੂਸਰੇ ਲੋਕਾਂ ਨਾਲ ਵੱਖ-ਵੱਖ ਰਿਸ਼ਤਿਆਂ ਨੂੰ ਰੱਖਣਾ, ਇੱਕ ਅਣਵਿਆਹੇ ਵਿਅਕਤੀ ਨੂੰ ਸੇਵਾ ਕਰਨ ਦੇ ਬਹੁਤ ਸਾਰੇ ਮੌਕੇ ਦਿੰਦਾ ਹੈ। ਦੋਸਤੀਆਂ ਕੁਝ ਭਾਵਨਾਤਮਕ ਅਤੇ ਆਤਮਿਕ ਸਾਥ ਦਿੰਦੀਆਂ ਹਨ ਜਿਸ ਦੀ ਇੱਕ ਅਣਵਿਆਹੇ ਵਿਅਕਤੀ ਨੂੰ ਲੋੜ ਹੁੰਦੀ ਹੈ। ਦੋਸਤੀਆਂ ਉਨ੍ਹਾਂ ਦੀ ਪਰਿਵਾਰ ਸੰਬੰਧੀ ਲੋੜ ਨੂੰ ਪੂਰਾ ਕਰਨ ਵਿੱਚ ਮਦਦ ਕਰਦੀਆਂ ਹਨ, ਖਾਸ ਕਰਕੇ ਜੇ ਉਹ ਆਪਣੇ ਪਰਿਵਾਰ ਦੇ ਨੇੜੇ ਨਹੀਂ ਰਹਿੰਦੇ ਹਨ।

ਦੋ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ:

1. ਇੱਕ ਵਿਅਕਤੀ ਜੋ ਵਿਆਹਿਆ ਹੋਇਆ ਨਹੀਂ ਹੈ, ਉਸ ਨੂੰ ਭਾਵਨਾਤਮਕ ਅਤੇ ਸਰੀਰਕ ਲੋੜਾਂ ਦੇ ਕਾਰਣ ਮੂਰਖਤਾ ਵਾਲੇ ਜਾਂ ਅਨੈਤਿਕ ਰਿਸ਼ਤੇ ਬਣਾਉਣ ਤੋਂ ਬਚਣ ਲਈ ਸਾਵਧਾਨ ਰਹਿਣਾ ਚਾਹੀਦਾ ਹੈ।
2. ਇੱਕ ਕੁਆਰੇ ਵਿਅਕਤੀ ਨੂੰ ਪਰਮੇਸ਼ੁਰ ਨਾਲ ਆਪਣੇ ਰਿਸ਼ਤੇ ਨੂੰ ਹੋਰ ਕਿਸੇ ਵੀ ਮਨੁੱਖੀ ਰਿਸ਼ਤੇ ਤੋਂ ਉੱਪਰ ਰੱਖਣਾ ਚਾਹੀਦਾ ਹੈ।

## ਵਿਚਾਰ

ਹਰੇਕ ਵਿਸ਼ਵਾਸ ਨੂੰ ਪਰਮੇਸ਼ੁਰ ਦੀ ਯੋਗ ਬਣਾਉਣ ਵਾਲੀ ਕਿਰਪਾ ਦੇ ਦੁਆਰਾ ਆਪਣੇ ਵਿਚਾਰਾਂ ਨੂੰ ਸ਼ੁੱਧ ਰੱਖਣ ਲਈ ਮਿਹਨਤ ਕਰਨੀ ਚਾਹੀਦੀ ਹੈ (ਕਹਾਉਤਾਂ 4:23)। ਜ਼ਬੂਰ 19:14 ਇੱਕ ਪ੍ਰਾਰਥਨਾ ਹੈ, ਜੋ ਪਰਮੇਸ਼ੁਰ ਕੋਲੋਂ ਇਹ ਮੰਗਣ ਬਾਰੇ ਹੈ ਕਿ ਪਰਮੇਸ਼ੁਰ ਸਾਡੇ ਸ਼ਬਦਾਂ ਅਤੇ ਸਾਡੇ ਵਿਚਾਰਾਂ ਵਿੱਚ ਸਾਵਧਾਨੀ ਨਾਲ ਜੀਣ ਵਿੱਚ ਸਾਡੀ ਮਦਦ ਕਰ। ਇਹ ਪ੍ਰਾਰਥਨਾ ਸਾਨੂੰ ਯਾਦ ਕਰਾਉਂਦੀ ਹੈ ਕਿ ਅਸੀਂ ਸਾਡੇ ਉਨ੍ਹਾਂ ਵਿਚਾਰਾਂ ਅਤੇ ਬੋਲਾਂ ਲਈ ਪਰਮੇਸ਼ੁਰ ਅੱਗੇ ਜਵਾਬਦੇਹ ਹਾਂ ਜੋ ਜਾਣਬੁੱਝ ਕੇ ਸੋਚਦੇ ਜਾਂ ਬੋਲਦੇ ਹਾਂ।

ਅਸੀਂ ਇਸ ਬਾਰੇ ਚੋਣ ਕਰਦੇ ਹਾਂ ਕਿ ਅਸੀਂ ਆਪਣੇ ਮਨਾਂ ਵਿੱਚ ਕੀ ਪਾਉਣਾ ਹੈ (ਫਿਲਿੱਪੀਆਂ 4:8): ਕੀ ਅਸੀਂ ਵੇਖਦੇ ਹਾਂ, ਸੁਣਦੇ ਹਾਂ, ਜਾਂ ਪੜ੍ਹਦੇ ਹਾਂ। ਜੇ ਅਸੀਂ ਪਰਮੇਸ਼ੁਰ ਦਾ ਆਦਰ ਕਰਦੇ ਹਾਂ, ਤਾਂ ਸਾਨੂੰ ਉਹ ਮਾਨਸਿਕ ਭੋਜਨ ਲੈਣਾ ਚਾਹੀਦਾ ਹੈ ਜੋ ਸ਼ੁੱਧ ਹੈ ਅਤੇ ਜੋ ਸਾਨੂੰ ਪਰਮੇਸ਼ੁਰ ਦੇ ਵੱਲ ਲੈ ਕੇ ਜਾਵੇਗਾ ਅਤੇ ਉਸ ਦੀ ਆਗਿਆਕਾਰੀ ਕਰਨ ਵਿੱਚ ਸਾਡੀ ਮਦਦ ਕਰੇਗਾ (ਰੋਮੀਆਂ 12:2, ਰੋਮੀਆਂ 13:14)।

ਮਸੀਹ ਦੇ ਚੇਲਿਆਂ ਨੂੰ ਦੂਸਰਿਆਂ ਦੇ ਪਾਪਾਂ ਦੇ ਦੁਆਰਾ ਆਪਣਾ ਮੰਨੋਰੰਜਨ ਨਹੀਂ ਕਰਨਾ ਚਾਹੀਦਾ (ਜ਼ਬੂਰ 101:3, 1 ਕੁਰਿੰਥੀਆਂ 15:33)। ਅਨੈਤਿਕ ਵਿਹਾਰ ਦਾ ਅਨੰਦ ਮਾਨਣਾ ਕਿਸੇ ਹੋਰ ਦੇ ਪਾਪ ਦੇ ਵਿੱਚ ਭਾਗੀਦਾਰ ਹੋਣਾ ਹੈ (ਰੋਮੀਆਂ 1:32)। ਅਜਿਹੀ ਸਮੱਗਰੀ ਨੂੰ ਵੇਖਣਾ ਜਾਂ ਸੁਣਨਾ ਇੱਕ ਵਿਸ਼ਵਾਸੀ ਦੀ ਪਾਪ ਪ੍ਰਤੀ ਸੰਵੇਦਨਾਂ ਨੂੰ ਖਤਮ ਕਰ ਦੇਵੇਗਾ ਅਤੇ ਉਸ ਦਾ ਧਿਆਨ ਪਰਮੇਸ਼ੁਰ ਨੂੰ ਪ੍ਰਸੰਨ ਕਰਨ ਵੱਲੋਂ ਹਟਾ ਦੇਵੇਗਾ (ਕਹਾਉਤਾਂ 13:20)। ਪਰਮੇਸ਼ੁਰ ਦਾ ਵਚਨ ਇਸ ਗੱਲ ਉੱਤੇ ਜ਼ੋਰ ਦਿੰਦਾ ਹੈ ਕਿ ਸਾਨੂੰ ਹਰ ਸਮੇਂ ਪਰਮੇਸ਼ੁਰ ਦਾ ਆਦਰ ਕਰਨ ਦੀ ਲੋੜ ਹੈ (ਕਹਾਉਤਾਂ 23:17) ਅਤੇ ਸਾਨੂੰ ਉਸ ਵਾਂਗ ਹੀ ਬੁਰਾਈ ਤੋਂ ਨਫਰਤ ਕਰਨ ਦੀ ਲੋੜ ਹੈ (ਕਹਾਉਤਾਂ 8:13)। ਜਦੋਂ ਅਸੀਂ ਪਰਮੇਸ਼ੁਰ ਦਾ ਭੈਅ ਮੰਨਦੇ ਹਾਂ ਅਤੇ ਬੁਰਾਈ ਤੋਂ ਮੁੜਦੇ ਹਾਂ, ਤਾਂ ਅਸੀਂ ਧੰਨ ਹੁੰਦੇ ਹਾਂ (ਜ਼ਬੂਰ 111:10)।

ਜਦੋਂ ਅਸੀਂ ਬਾਰੇ ਪਰਮੇਸ਼ੁਰ ਦੇ ਨਿਰਦੇਸ਼ਾਂ ਦਾ ਉਲੰਘਣ ਕਰ ਚੁੱਕੇ ਹਾਂ ਕਿ ਅਸੀਂ ਆਪਣੇ ਮਨਾਂ ਵਿੱਚ ਕੀ ਪਾਉਣਾ ਹੈ ਅਤੇ ਕਿਹੜੀਆਂ ਗੱਲਾਂ ਉੱਤੇ ਮਨਨ ਕਰਨਾ ਹੈ, ਤਾਂ ਸਾਨੂੰ ਆਪਣੇ ਪਾਪ ਦਾ ਅੰਗੀਕਾਰ ਕਰਨਾ ਚਾਹੀਦਾ ਹੈ ਅਤੇ ਉਹ ਕੰਮ ਕਰਨੇ ਬੰਦ ਕਰਨੇ ਚਾਹੀਦੇ ਹਨ। ਜਦੋਂ ਅਸੀਂ ਅਚਾਨਕ ਕੁਝ ਗਲਤ ਵੇਖ ਲੈਂਦੇ ਹਾਂ ਜਾਂ ਸੁਣ ਲੈਂਦੇ ਹਾਂ, ਉਨ੍ਹਾਂ ਹਾਲਾਤਾਂ ਵਿੱਚ ਵੀ ਸਾਨੂੰ ਜਾਣਬੁੱਝ ਕੇ ਆਪਣੇ ਵਿਚਾਰਾਂ ਨੂੰ ਉਨ੍ਹਾਂ ਗੱਲਾਂ ਤੋਂ ਹਟਾ ਕੇ ਚੰਗੀਆਂ ਅਤੇ ਈਸ਼ੁਰੀ ਗੱਲਾਂ ਵੱਲ ਲਾਉਣਾ ਚਾਹੀਦਾ ਹੈ।

► ਵਿਦਿਆਰਥੀਆਂ ਨੂੰ ਸਮੂਹ ਲਈ ਜ਼ਬੂਰ 19:14, ਜ਼ਬੂਰ 1:1-2, ਫਿਲਿੱਪੀਆਂ 4:6-8, ਅਤੇ ਅਫ਼ਸੀਆਂ 5:25-27 ਨੂੰ ਪੜ੍ਹਨਾ ਚਾਹੀਦਾ ਹੈ।

ਫਿਲਿੱਪੀਆਂ ਦੀ ਪੱਤ੍ਰੀ ਦੀਆਂ ਇਹ ਆਇਤਾਂ ਸਾਨੂੰ ਦੱਸਦੀਆਂ ਹਨ ਕਿ ਪਰਮੇਸ਼ੁਰ ਸਾਡੇ ਦਿਲਾਂ ਅਤੇ ਮਨਾਂ ਨੂੰ ਬਚਾਉਣਾ ਚਾਹੁੰਦਾ ਹੈ, ਪਰ ਸਾਨੂੰ ਜਾਣਬੁੱਝ ਕੇ ਚੰਗੀਆਂ ਗੱਲਾਂ ਉੱਤੇ ਮਨਨ ਕਰਨ ਦੇ ਦੁਆਰਾ ਉਸ ਦਾ ਸਾਥ ਦੇਣਾ ਚਾਹੀਦਾ ਹੈ। ਚੰਗੇ ਅਤੇ ਸ਼ੁੱਧ ਵਿਚਾਰਾਂ ਦੇ

ਲਈ ਵਚਨ ਉੱਤੇ ਮਨਨ ਕਰਨਾ ਬਹੁਤ ਮਹੱਤਵਪੂਰਣ ਹੈ। ਅਫ਼ਸੀਆਂ ਦੀ ਪੱਤ੍ਰੀ ਦੀਆਂ ਆਇਤਾਂ ਸਾਨੂੰ ਦੱਸਦੀਆਂ ਹਨ ਕਿ ਪਰਮੇਸ਼ੁਰ ਦਾ ਵਚਨ ਸਾਨੂੰ ਧੋ ਕੇ ਸ਼ੁੱਧ ਕਰਦਾ ਹੈ। ਨਿਸ਼ਚਤ ਤੌਰ 'ਤੇ ਉਹ ਉਹ ਸਾਡੇ ਮਨਾਂ ਅਤੇ ਵਿਚਾਰਾਂ ਨੂੰ ਵੀ ਧੋ ਕੇ ਸ਼ੁੱਧ ਕਰਦਾ ਹੈ।

► ਕਿਹੜੀਆਂ ਗਤੀਵਿਧੀਆਂ ਸਾਡੀ ਮਦਦ ਕਰਦੀਆਂ ਹਨ ਕਿ ਅਸੀਂ ਪਰਮੇਸ਼ੁਰ ਨੂੰ ਆਦਰ ਦੇਣ ਵਾਲੇ ਵਿਚਾਰ ਰੱਖ ਸਕੀਏ? ਹੋਰ ਕਿਹੜੀਆਂ ਆਇਤਾਂ ਨੇ ਤੁਹਾਡੇ ਵਿਚਾਰਾਂ ਵਿੱਚ ਤੁਹਾਡੀ ਮਦਦ ਕੀਤੀ ਹੈ?

### ਕੁਆਰਾਪਣ ਅਤੇ ਲਿੰਗਕਤਾ

*ਜੇ ਤੁਸੀਂ ਇਸ ਪਾਠ ਦਾ ਅਧਿਐਨ ਪੂਰੇ ਕੋਰਸ ਦੇ ਅਧਿਐਨ ਕੀਤੇ ਬਿਨਾਂ ਹੀ ਕਰ ਰਹੇ ਹੋ, ਤਾਂ ਕਿਰਪਾ ਕਰਕੇ ਪਾਠ 4 ਦਾ ਅਧਿਐਨ ਵੀ ਕਰੋ ਜਿੱਥੇ ਸ਼ੁੱਧਤਾ ਅਤੇ ਨੈਤਿਕ ਮਸਲਿਆਂ ਬਾਰੇ ਚਰਚਾ ਕੀਤੀ ਗਈ ਹੈ।*

## ਸਾਰ

ਕੁਆਰਾਪਣ ਵਿਸ਼ਵਾਸੀਆਂ ਨੂੰ ਇਸ ਲਈ ਅਨੋਖੇ ਮੌਕੇ ਦਿੰਦਾ ਹੈ ਕਿ ਉਹ ਮਸੀਹ ਨਾਲ ਆਪਣੇ ਰਿਸ਼ਤੇ ਵਿੱਚ ਅੱਗੇ ਵਧਣ ਅਤੇ ਦੂਸਰਿਆਂ ਦੀ ਸੇਵਾ ਕਰਨਾ ਸਿੱਖਣ। ਅਣਵਿਆਹੇ ਲੋਕਾਂ ਨੂੰ ਦੂਸਰਿਆਂ ਨਾਲ ਚੰਗੇ ਰਿਸ਼ਤੇ ਬਣਾਉਂਦੇ ਹੋਏ ਮਸੀਹ ਵਿੱਚ ਆਪਣੀ ਸੰਤੁਸ਼ਟੀ ਨੂੰ ਭਾਲਣਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣੇ ਕੁਆਰੇਪਣ ਦੇ ਮੌਕਿਆਂ ਨੂੰ ਪਰਮੇਸ਼ੁਰ ਦੀ ਮਹਿਮਾ ਅਤੇ ਉਸ ਦੇ ਰਾਜ ਦੇ ਭਲੇ ਲਈ ਇਸਤੇਮਾਲ ਕਰਨਾ ਚਾਹੀਦਾ ਹੈ। ਪਰਮੇਸ਼ੁਰ ਦੀਆਂ ਤਰਜੀਹਾਂ ਵਿਆਹ ਦੀ ਸੰਭਾਵਨਾਂ ਬਾਰੇ ਚੰਗੇ ਫੈਸਲੇ ਲੈਣ ਵਿੱਚ ਵਿਸ਼ਵਾਸੀਆਂ ਦੀ ਮਦਦ ਕਰਦੀਆਂ ਹਨ।

## ਸਮੂਹ ਵਿੱਚ ਚਰਚਾ ਲਈ

► ਉਨ੍ਹਾਂ ਤਰਜੀਹਾਂ ਦੇ ਨਾਮ ਲਿਖੋ ਅਤੇ ਉਨ੍ਹਾਂ ਬਾਰੇ ਚਰਚਾ ਕਰੋ ਜੋ ਤਰਜੀਹਾਂ ਕੁਆਰੇਪਣ ਦੇ ਸਾਲਾਂ ਬਾਰੇ, ਵਿਆਹ ਕਰਨ ਦਾ ਫੈਸਲਾ ਲੈਣ ਬਾਰੇ, ਅਤੇ ਵਿਆਹ ਕਰਾਉਣ ਬਾਰੇ ਲਏ ਜਾਣ ਵਾਲੇ ਫੈਸਲਿਆਂ ਵਿੱਚ ਸਾਡੀਆਂ ਮਾਰਗਦਰਸ਼ਕ ਹੋਣੀਆਂ ਚਾਹੀਦੀਆਂ ਹਨ।

► ਤੁਹਾਡੀ ਕਲੀਸਿਯਾ ਅਣਵਿਆਹੇ ਮੈਂਬਰਾਂ ਪ੍ਰਤੀ ਆਪਣੀ ਸੇਵਕਾਈ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਕਿਵੇਂ ਕਰ ਸਕਦੀ ਹੈ?

► ਤੁਹਾਡਾ ਪਰਿਵਾਰ ਕਿਸੇ ਅਣਵਿਆਹੇ ਵਿਅਕਤੀ ਦਾ ਮਿੱਤਰ ਕਿਵੇਂ ਬਣ ਸਕਦਾ ਹੈ?

► ਜੇ ਤੁਸੀਂ ਕੁਆਰੇ ਹੋ, ਤਾਂ ਤੁਸੀਂ ਆਪਣੇ ਕਲੀਸਿਯਾ ਪਰਿਵਾਰ ਵਿੱਚ ਕਿਵੇਂ ਸਹਿਯੋਗ ਦੇ ਸਕਦੇ ਹੋ? ਤੁਸੀਂ ਵੱਖ-ਵੱਖ ਉਮਰਾਂ ਦੇ ਲੋਕਾਂ ਲਈ ਅਤੇ ਜੀਵਨ ਦੇ ਵੱਖ-ਵੱਖ ਪੜਾਵਾਂ ਵਿੱਚੋਂ ਲੰਘ ਰਹੇ ਲੋਕਾਂ ਲਈ ਇੱਕ ਬਰਕਤ ਕਿਵੇਂ ਬਣ ਸਕਦੇ ਹੋ?

► ਇਸ ਪਾਠ ਵਿੱਚ ਕਿਹੜੇ ਵਿਚਾਰ ਤੁਹਾਡੇ ਲਈ ਨਵੇਂ ਸਨ?

► ਤੁਹਾਡੇ ਅਨੁਸਾਰ ਇਸ ਪਾਠ ਵਿੱਚ ਹੋਰ ਕਿਸ ਵਿਸ਼ੇ ਬਾਰੇ ਚਰਚਾ ਕੀਤੀ ਜਾਣੀ ਚਾਹੀਦੀ ਸੀ?

► ਚਰਚਾ ਕਰੋ ਕਿ ਜਿਨ੍ਹਾਂ ਵਿਸ਼ਿਆਂ ਦੀ ਇਸ ਪਾਠ ਵਿੱਚ ਚਰਚਾ ਕੀਤੀ ਗਈ ਹੈ ਉਹ ਜੀਵਨ ਦੇ ਹੋਰ ਪੜਾਵਾਂ ਵਿੱਚ ਕਿਵੇਂ ਲਾਗੂ ਹੁੰਦੇ ਹਨ।

## ਪ੍ਰਾਰਥਨਾ

ਸਵਰਗੀ ਪਿਤਾ,

ਤੇਰਾ ਧੰਨਵਾਦ ਕਿ ਤੂੰ ਸਾਡੇ ਜੀਵਨ ਦੇ ਹਰ ਪੜਾਅ ਵਿੱਚ ਵਫ਼ਾਦਾਰ ਰਿਹਾ। ਉਨ੍ਹਾਂ ਲੋਕਾਂ ਦੀਆਂ ਉਦਾਹਰਣਾਂ ਦੇ ਲਈ ਤੇਰਾ ਧੰਨਵਾਦ ਜੋ ਆਪਣੇ ਕੁਆਰੇਪਣ ਦੇ ਦਿਨਾਂ ਵਿੱਚ ਤੇਰੀ ਹਜ਼ੂਰੀ ਵਿੱਚ ਰਹਿੰਦੇ ਹਨ ਅਤੇ ਤੇਰੀ ਮਹਿਮਾ ਲਈ ਜੀਉਂਦੇ ਹਨ।

ਸਾਡੀ ਮਦਦ ਕਰ ਕਿ ਅਸੀਂ ਜੀਵਨ ਭਰ ਤੇਰੇ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਰਹੀਏ। ਸਾਡੀ ਮਦਦ ਕਰ ਕਿ ਅਸੀਂ ਤੇਰੇ ਨਾਲ ਸਾਡੇ ਰਿਸ਼ਤੇ ਵਿੱਚ ਸੰਤੁਸ਼ਟੀ ਨੂੰ ਭਾਲੀਏ ਅਤੇ ਪਾਈਏ। ਸਾਡੀ ਮਦਦ ਕਰ ਕਿ ਅਸੀਂ ਉਨ੍ਹਾਂ ਮੌਕਿਆਂ ਦਾ ਇਸਤੇਮਾਲ ਕਰ ਸਕੀਏ ਜੋ ਤੂੰ ਸਾਨੂੰ ਸਾਡੇ ਜੀਵਨ ਦੇ ਵਰਤਮਾਨ ਸਮੇਂ ਵਿੱਚ ਦਿੱਤੇ ਹਨ।

ਸਾਨੂੰ ਇਸ ਯੋਗ ਬਣਾ ਕਿ ਅਸੀਂ ਸਾਡੇ ਫੈਸਲਿਆਂ, ਸਾਡੇ ਵਿਚਾਰਾਂ, ਦੂਸਰਿਆਂ ਨਾਲ ਸਾਡੇ ਰਿਸ਼ਤਿਆਂ, ਅਤੇ ਸਾਡੀ ਸੇਵਾ ਵਿੱਚ ਹਮੇਸ਼ਾ ਤੈਨੂੰ ਆਦਰ ਦੇਈਏ। ਸਾਨੂੰ ਆਪਣੀ ਮਹਿਮਾ ਦੇ ਲਈ ਲਾਭਦਾਇਕ ਬਣਾ।

ਆਮੀਨ

## ਪਾਠ ਕਾਰਜ

(1) ਇੱਕ ਹਾਲਾਤ ਬਾਰੇ ਸੋਚੋ ਜਿਸ ਵਿੱਚ ਯਿਸੂ ਨੇ ਤੁਹਾਨੂੰ ਉਸ ਦੀ ਯੋਜਨਾ ਦੇ ਅਧੀਨ ਰਹਿਣ ਲਈ ਆਖਿਆ ਸੀ। ਘੱਟੋ-ਘੱਟ ਦੋ ਪੈਰਿਆਂ ਵਿੱਚ ਹਾਲਾਤ ਅਤੇ ਉਸ ਹਾਲਾਤ ਪ੍ਰਤੀ ਤੁਹਾਡੀ ਪ੍ਰਤੀਕਿਰਿਆ ਦਾ ਵਰਣਨ ਕਰੋ। (ਇਹ ਤੁਹਾਡੀ ਹੁਣ ਦੀ ਹਾਲਾਤ ਹੋ ਸਕਦੀ ਹੈ ਜਾਂ ਕੋਈ ਅਤੀਤ ਦੀ ਹਾਲਾਤ ਹੋ ਸਕਦੀ ਹੈ।) ਤੁਹਾਡੇ ਵਿਸ਼ਵਾਸ ਨੂੰ ਕਿਵੇਂ ਪਰਖਿਆ ਗਿਆ ਸੀ? ਪ੍ਰਭੂ ਨੇ ਤੁਹਾਡੀ ਅਗਵਾਈ ਕਿਵੇਂ ਕੀਤੀ? ਕੀ ਤੁਸੀਂ ਆਪਣੇ ਆਪ ਨੂੰ ਉਸ ਦੀ ਯੋਜਨਾ ਦੇ ਅਧੀਨ ਕੀਤਾ? ਤੁਸੀਂ ਉਸ ਨੂੰ ਕੀ ਆਖਿਆ? ਇਸ ਹਾਲਾਤ ਵਿੱਚ, ਆਗਿਆਕਾਰੀ ਤੁਹਾਨੂੰ ਕਿਸ ਤਰ੍ਹਾਂ ਵਿਖਾਈ ਦਿੰਦੀ ਸੀ?

(2) ਤੁਹਾਡੇ ਵਿਆਹੇ ਜਾਂ ਕੁਆਰੇ ਹੋਣ, ਤੁਹਾਡੇ ਲਿੰਗ ਜਾਂ ਤੁਹਾਡੇ ਜੀਵਨ ਦੀ ਸਥਿੱਤੀ ਦੇ ਕਾਰਣ ਤੁਹਾਡੇ ਕੋਲ ਕਿਹੜੇ ਮੌਕੇ ਹਨ? ਇੱਕ ਪਲ ਲਈ, ਉਸ ਬਾਰੇ ਨਾ ਸੋਚੋ ਜੋ ਤੁਸੀਂ ਨਹੀਂ ਕਰ ਸਕਦੇ। ਇਸ ਦੇ ਬਜਾਏ, ਕੁਝ ਪਲ ਲਵੋ ਅਤੇ ਉਨ੍ਹਾਂ ਕੰਮਾਂ ਦੀ ਸੂਚੀ ਬਣਾਓ ਜੋ ਤੁਸੀਂ ਉਸ ਕਾਰਣ ਕਰ ਸਕਦੇ ਹੋ, ਜਿੱਥੇ ਤੁਹਾਨੂੰ ਪਰਮੇਸ਼ੁਰ ਨੇ ਹੁਣ ਰੱਖਿਆ ਹੈ। ਲਿਖੋ, "ਕਿਉਂਕਿ ਮੈਂ___________ ਮੇਰੇ ਕੋਲ __________ ਮੌਕਾ ਹੈ।"

(3) ਹੇਠਾਂ ਦਿੱਤੇ ਵਚਨ ਦੇ ਹਰੇਕ ਭਾਗ ਨੂੰ ਪੜ੍ਹੋ ਅਤੇ ਉਸ ਉੱਤੇ ਮਨਨ ਕਰੋ, ਇਸ ਪਾਠ ਦੇ ਆਖਰੀ ਭਾਗ ਵਿੱਚ ਇਨ੍ਹਾਂ ਵਚਨਾਂ ਦਾ ਹਵਾਲਾ ਦਿੱਤਾ ਗਿਆ ਹੈ। ਪਰਮੇਸ਼ੁਰ ਤੋਂ ਮੰਗੋ ਕਿ ਉਹ ਤੁਹਾਨੂੰ ਵਿਖਾਵੇ ਕਿ ਤੁਹਾਨੂੰ ਕੀ ਬਦਲਣ ਦੀ ਲੋੜ ਹੈ, ਤਾਂ ਕਿ ਤੁਹਾਡਾ ਜੀਵਨ ਸ਼ੁੱਧ ਅਤੇ ਉਸ ਨੂੰ ਪ੍ਰਸੰਨ ਕਰਨ ਵਾਲਾ ਹੋਵੇ। ਅੰਗੀਕਾਰ ਅਤੇ ਆਗਿਆਕਾਰੀ ਪ੍ਰਤੀ ਸਮਰਪਣ ਦੀ ਇੱਕ ਪ੍ਰਾਰਥਨਾ ਲਿਖੋ।

- ਜ਼ਬੂਰ 1:1-2
- ਜ਼ਬੂਰ 19:14
- ਜ਼ਬੂਰ 101:3
- ਜ਼ਬੂਰ 111:10
- ਕਹਾਉਤਾਂ 4:23
- ਕਹਾਉਤਾਂ 8:13
- ਕਹਾਉਤਾਂ 13:20
- ਕਹਾਉਤਾਂ 23:17
- ਰੋਮੀਆਂ 1:32
- ਰੋਮੀਆਂ 12:2
- ਰੋਮੀਆਂ 13:14
- 1 ਕੁਰਿੰਥੀਆਂ 15:33
- ਫਿਲਿੱਪੀਆਂ 4:6-8

(4) ਕਾਰਜ 3 ਤੋਂ ਯਾਦ ਕਰਨ ਲਈ ਤਿੰਨ ਆਇਤਾਂ ਦੀ ਚੋਣ ਕਰੋ। ਅਗਲੀ ਕਲਾਸ ਦੇ ਸ਼ੁਰੂ ਵਿੱਚ, ਆਇਤਾਂ ਨੂੰ ਜ਼ੁਬਾਨੀ ਲਿਖੋ ਜਾਂ ਸੁਣਾਓ।

# ਪਾਠ 6

# ਵਿਆਹ ਲਈ ਤਿਆਰੀ

## ਪਾਠ ਦੇ ਟੀਚੇ

ਇਸ ਪਾਠ ਦੇ ਅੰਤ ਵਿੱਚ, ਵਿਦਿਆਰਥੀ ਹੇਠਾਂ ਦੱਸੇ ਕੰਮ ਕਰਨ ਦੇ ਯੋਗ ਹੋਣੇ ਚਾਹੀਦੇ ਹਨ:

(1) ਇੱਕ ਜੀਵਨ ਸਾਥੀ ਦੀ ਸਮਝਦਾਰੀ ਨਾਲ ਚੋਣ ਕਰਨ ਦੇ ਮਹੱਤਵ ਨੂੰ ਜਾਣਨਾ।

(2) ਬਾਈਬਲ ਦੀਆਂ ਤਰਜੀਹਾਂ ਅਤੇ ਸਿਧਾਂਤਾਂ ਦੇ ਅਧਾਰ ’ਤੇ ਉਸ ਵਿਅਕਤੀ ਦੀ ਕਿਸਮ ਦੀਆ ਵਿਆਖਿਆ ਕਰਨਾ ਜੋ ਇੱਕ ਵਿਸ਼ਵਾਸੀ ਦਾ ਜੀਵਨ ਸਾਥੀ ਬਣਨ ਦੇ ਯੋਗ ਹੈ।

(3) ਵਿਆਹ ਤੋਂ ਪਹਿਲਾਂ ਰਿਸ਼ਤਿਆਂ ਵਿੱਚ ਮਾਪਿਆਂ ਦੀ ਸ਼ਮੂਲੀਅਤ ਬਾਰੇ ਬਾਈਬਲ ਦੇ ਸਿਧਾਂਤਾਂ ਨੂੰ ਲਾਗੂ ਕਰਨਾ।

(4) ਵਿਆਹ ਤੋਂ ਪਹਿਲਾਂ ਦੋਸਤੀਆਂ ਵਿੱਚ ਸਮਝਦਾਰੀ ਦੇ ਫੈਸਲੇ ਲੈਣਾ।

## ਪ੍ਰੀਤੀ ਅਤੇ ਸੰਜੇ

ਪ੍ਰੀਤੀ ਭਾਰਤ ਵਿੱਚ ਇੱਕ ਮਸੀਹੀ ਪਰਿਵਾਰ ਦੇ ਵਿੱਚ ਜੰਮੀ-ਪਲੀ ਹੋਈ ਸੀ। ਇੱਕ ਦਿਨ ਉਸ ਦੇ ਪਰਿਵਾਰ ਨੇ ਉਸ ਨੂੰ ਇੱਕ ਜਵਾਨ ਪ੍ਰਚਾਰਕ ਸੰਜੇ ਬਾਰੇ ਦੱਸਿਆ ਜੋ ਵਿਆਹ ਕਰਾਉਣਾ ਚਾਹੁੰਦਾ ਸੀ। ਉਨ੍ਹਾਂ ਨੇ ਉਸ ਬਾਰੇ ਸੰਜੇ ਦੇ ਨਾਲ ਵੀ ਗੱਲ ਕੀਤੀ। ਪ੍ਰੀਤੀ ਨੇ ਆਖਿਆ ਕਿ ਉਹ ਉਸ ਨੂੰ ਮਿਲਣਾ ਨਹੀਂ ਚਾਹੁੰਦੀ ਸੀ। ਇੱਕ ਦਿਨ ਉਹ ਸ਼ਾਮ ਨੂੰ ਘਰ ਆਈ ਅਤੇ ਉਸ ਨੇ ਵੇਖਿਆ ਕਿ ਸੰਜੇ ਉਸ ਨੂੰ ਮਿਲਣ ਲਈ ਕਈ ਘੰਟਿਆਂ ਤੋਂ ਉਡੀਕ ਕਰ ਰਿਹਾ ਸੀ। ਉਹ ਉਸ ਨੂੰ ਵੇਖ ਕੇ ਖੁਸ਼ ਨਹੀਂ ਹੋਈ, ਪਰ ਉਹ ਬੈਠ ਗਈ ਤਾਂ ਕਿ ਸੰਜੇ ਉਸ ਨਾਲ ਗੱਲ ਕਰ ਸਕੇ। ਉਸ ਨੇ ਆਖਿਆ, “ਮੈਂ ਬਾਈਬਲ ਇੰਸਟੀਟਿਊਟ ਦੇ ਵਿੱਚ ਪੜ੍ਹਾਉਂਦਾ ਹਾਂ। ਮੇਰੀ ਤਨਖਾਹ ਜ਼ਿਆਦਾ ਨਹੀਂ ਹੈ। ਮੈਂ ਖੁਸ਼ ਖਬਰੀ ਦਾ ਪ੍ਰਚਾਰ ਕਰਨ ਲਈ ਮੁਸ਼ਕਲ ਸਥਾਨਾਂ ਦੀ ਯਾਤਰਾ ਵੀ ਕਰਦਾ ਹਾਂ, ਅਤੇ ਕਈ ਵਾਰ ਮੈਂ ਬਾਹਰ ਜ਼ਮੀਨ ਉੱਤੇ ਸੌਂਦਾ ਹਾਂ। ਕੀ ਤੂੰ ਮੇਰੇ ਨਾਲ ਦੁੱਖ ਉਠਾਉਣ ਲਈ ਤਿਆਰ ਹੈਂ?” ਜਦੋਂ ਉਸ ਨੇ ਇਹ ਆਖਿਆ ਤਾਂ ਪ੍ਰੀਤੀ ਰੋਣ ਲੱਗੀ ਕਿਉਂਕਿ ਉਸ ਨੂੰ ਮਹਿਸੂਸ ਹੋਇਆ ਕਿ ਪਰਮੇਸ਼ੁਰ ਉਸ ਨੂੰ ਦੱਸ ਰਿਹਾ ਸੀ ਕਿ ਇਹੋ ਉਹ ਆਦਮੀ ਹੈ ਜਿਸ ਨਾਲ ਉਸ ਨੂੰ ਵਿਆਹ ਕਰਾਉਣਾ ਚਾਹੀਦਾ ਹੈ। ਉਸ ਗੱਲਬਾਤ ਤੋਂ ਬਾਅਦ, ਵਿਆਹ ਤਕ ਉਹ ਇੱਕ ਦੂਸਰੇ ਨੂੰ ਘੱਟ ਹੀ ਮਿਲੇ, ਅਤੇ ਕਦੇ ਵੀ ਇਕੱਲੇ ਨਹੀਂ ਮਿਲੇ। ਹੁਣ ਉਹ ਸੇਵਕਾਈ ਦੇ ਵਿੱਚ ਕਈ ਸਾਲਾਂ ਦੀ ਸੇਵਾ ਕਰ ਚੁੱਕੇ ਹਨ।

## ਇੱਕ ਜੀਵਨ ਸਾਥੀ ਦੀ ਚੋਣ

### ਸਾਵਧਾਨੀ ਨਾਲ ਚੋਣ ਕਰੋ!

ਯਿਸੂ ਨੇ ਆਖਿਆ ਕਿ ਵਿਆਹ ਪਰਮੇਸ਼ੁਰ ਦੀ ਬਣਤਰ ਦੇ ਅਨੁਸਾਰ ਜੀਵਨ ਭਰ ਦਾ ਸਮਰਪਣ ਹੈ (ਮੱਤੀ 19:6-8)। ਤੁਸੀਂ ਕਿਸੇ ਨਾਲ ਹੁਣ ਥੋੜ੍ਹੇ ਸਮੇਂ ਦੇ ਲਈ ਵਿਆਹ ਨਹੀਂ ਕਰ ਰਹੇ ਹੋ। ਤੁਸੀਂ ਵਿਆਹ ਦੁਆਰਾ ਕਿਸੇ ਨੂੰ ਤਦ ਤਕ ਲਈ ਆਪਣਾ ਜੀਵਨ ਸਾਥੀ ਬਣਾ ਰਹੇ ਜਦੋਂ ਤਕ ਤੁਹਾਡੇ ਵਿੱਚੋਂ ਕੋਈ ਇੱਕ ਮਰ ਨਹੀਂ ਜਾਂਦਾ (ਰੋਮੀਆਂ 7:2)। ਸਮਝਦਾਰੀ ਨਾਲ ਚੋਣ ਕਰੋ!

ਤੁਸੀਂ ਕੇਵਲ ਚੰਗੇ ਅਤੇ ਅਨੰਦ ਭਰੇ ਸਮਿਆਂ ਦੇ ਵਿੱਚ ਹੀ ਸਾਂਝੀ ਨਹੀਂ ਹੋਵੋਗੇ। ਤੁਸੀਂ ਮੁਸ਼ਕਲਾਂ, ਪਰੇਸ਼ਾਨੀਆਂ, ਸੰਕਟਾਂ, ਅਤੇ ਜੀਵਨ ਦੀਆਂ ਬਿਪਤਾਵਾਂ ਦੇ ਵਿੱਚ ਵੀ ਸਾਂਝੀ ਹੋਵੋਗੇ। ਤੁਹਾਨੂੰ ਨਹੀਂ ਪਤਾ ਕਿ ਤੁਸੀਂ ਕਿਸ ਪ੍ਰਕਾਰ ਦੇ ਦੁੱਖ ਦਾ ਸਾਹਮਣਾ ਕਰੋਗੇ। ਇੱਕ ਚੰਗੇ ਅਤੇ ਈਸ਼ੁਰੀ ਜੀਵਨ ਸਾਥੀ ਨਾਲ ਵਿਆਹੇ ਹੋਣ ਕਾਰਣ ਮੁਸ਼ਕਲ ਸਮਿਆਂ ਵਿੱਚ ਬਹੁਤ ਅਸੀਸਾਂ ਮਿਲਦੀਆਂ ਹਨ। ਪਰ ਬੁਰੇ ਸਮੇਂ ਉਦੋਂ ਬਦਤਰ ਹੋ ਜਾਂਦੇ ਹਨ ਜਦੋਂ ਤੁਹਾਡਾ ਜੀਵਨ ਸਾਥੀ ਪ੍ਰਭੂ ਵਿੱਚ ਮਜ਼ਬੂਤ ਨਹੀਂ ਹੈ। ਤੁਸੀਂ ਆਪਣੇ ਬਾਕੀ ਦੇ ਜੀਵਨ ਲਈ ਕਿਸੇ ਨਾਲ ਵਿਆਹ ਕਰ ਰਹੇ ਹੋ – ਸਾਰੇ ਹਾਲਾਤਾਂ ਦੇ ਲਈ। ਇੱਕ ਜੀਵਨ ਸਾਥੀ ਦੀ ਚੋਣ ਸਾਵਧਾਨੀ ਦੇ ਨਾਲ ਕਰੋ!

> "ਤੁਸੀਂ ਆਪਣੇ ਪਰਿਵਾਰ ਵਿੱਚ ਜਨਮ ਲੈਣ ਦੀ ਚੋਣ ਨਹੀਂ ਕੀਤੀ ਸੀ; ਪਰ ਤੁਸੀਂ ਚੋਣ ਕਰਦੇ ਹੋ ਕਿ ਤੁਸੀਂ ਆਪਣਾ ਅਗਲਾ ਪਰਿਵਾਰ ਬਣਾਉਣ ਲਈ ਕਿਸ ਨਾਲ ਵਿਆਹ ਕਰੋਗੇ।"
> - ਗੈਰੀ ਥੋਮਸ
> *ਦਾ ਸੇਕਰਡ ਸਰਚ*

ਤੁਸੀਂ ਜਿਸ ਨਾਲ ਵਿਆਹ ਕਰ ਰਹੇ ਹੋ ਉਸ ਨਾਲ ਤੁਸੀਂ ਪਰਿਵਾਰ ਨੂੰ ਵਧਾਉਣਾ ਹੈ। ਤੁਸੀਂ ਆਪਣੇ ਬੱਚਿਆਂ ਲਈ ਮਾਤਾ ਜਾਂ ਪਿਤਾ ਦੀ ਚੋਣ ਕਰ ਰਹੇ ਹੋ ਅਤੇ ਆਪਣੇ ਵੰਸ਼ਜਾਂ ਦੇ ਲਈ ਦਾਦਾ ਜਾਂ ਦਾਦੀ ਦੀ ਚੋਣ ਕਰ ਰਹੇ ਹੋ। ਤੁਸੀਂ ਉਸ ਦੀ ਚੋਣ ਕਰ ਰਹੇ ਹੋ ਜਿਸ ਦਾ ਆਤਮਿਕ ਜੀਵਨ ਤੁਹਾਡੇ ਬੱਚਿਆਂ ਦੇ ਆਤਮਿਕ ਜੀਵਨ ਉੱਤੇ ਵੱਡਾ ਪ੍ਰਭਾਵ ਪਾਵੇਗਾ। ਤੁਸੀਂ ਉਸ ਦੀ ਚੋਣ ਕਰ ਰਹੇ ਹੋ ਜਿਸ ਦੇ ਚਰਿੱਤਰ, ਆਦਤਾਂ ਅਤੇ ਜਿਸ ਦੇ ਵਿਹਾਰਾਂ ਦੀ ਤੁਹਾਡੇ ਬੱਚੇ ਨਕਲ ਕਰਨਗੇ (ਅਫ਼ਸੀਆਂ 5:1)। ਤੁਸੀਂ ਜਿਸ ਦੀ ਚੋਣ ਕਰ ਰਹੇ ਹੋ ਉਹ ਮਿਸਾਲ ਅਤੇ ਬੋਲਣ ਦੇ ਦੁਆਰਾ ਤੁਹਾਡੇ ਬੱਚਿਆਂ ਨੂੰ ਸਿਖਲਾਈ ਦੇਵੇਗਾ (ਕਹਾਉਤਾਂ 23:26)। ਕਿਸੇ ਅਜਿਹੇ ਦੀ ਚੋਣ ਕਰੋ ਜੋ ਤੁਹਾਡੇ ਬੱਚਿਆਂ ਦਾ ਪਾਲਣ-ਪੋਸ਼ਣ ਕਰੇਗਾ ਅਤੇ ਉਨ੍ਹਾਂ ਨੂੰ ਪਿਆਰ ਕਰੇਗਾ, ਜੋ ਉਨ੍ਹਾਂ ਦੀ ਅਗਵਾਈ ਕਰੇਗਾ ਅਤੇ ਚੌਕਸੀ ਅਤੇ ਪਿਆਰ ਨਾਲ ਉਨ੍ਹਾਂ ਨੂੰ ਦਿਲੋਂ ਅਨੁਸ਼ਾਸ਼ਿਤ ਕਰੇਗਾ। ਤੁਸੀਂ ਉਸ ਦੀ ਚੋਣ ਕਰ ਰਹੇ ਹੋ ਜੋ ਪੀੜ੍ਹੀਆਂ ਨੂੰ ਪ੍ਰਭਾਵਿਤ ਕਰੇਗਾ – ਭਲਾਈ ਦੇ ਲਈ ਜਾਂ ਨੁਕਸਾਨ ਦੇ ਲਈ। ਸਮਝਦਾਰੀ ਦੇ ਨਾਲ ਚੋਣ ਕਰੋ!

► ਵਿਦਿਆਰਥੀਆਂ ਨੂੰ ਸਮੂਹ ਲਈ ਕਹਾਉਤਾਂ 14:1, ਕਹਾਉਤਾਂ 24:3-4, ਅਤੇ ਕਹਾਉਤਾਂ 31:10-12, 30 ਨੂੰ ਪੜ੍ਹਨਾ ਚਾਹੀਦਾ ਹੈ।

ਜੀਵਨ ਸਾਥੀ ਦੀ ਚੋਣ ਕਰਨਾ ਤੁਹਾਡਾ ਦੂਸਰਾ ਸਭ ਤੋਂ ਮਹੱਤਵਪੂਰਣ ਫੈਸਲਾ ਹੈ ਜੋ ਤੁਸੀਂ ਕਦੇ ਲਵੋਗੇ; ਪਹਿਲਾ ਫੈਸਲਾ ਯਿਸੂ ਨੂੰ ਆਪਣਾ ਪ੍ਰਭੂ ਅਤੇ ਮੁਕਤੀਦਾਤਾ ਮੰਨਣ ਦਾ ਫੈਸਲਾ ਹੈ। ਤੁਹਾਡੀ ਚੋਣ ਤੁਹਾਡੇ ਜੀਵਨ ਨੂੰ ਬਦਲ ਦੇਵੇਗੀ, ਪਰ ਇਹ ਹੋਰ ਬਹੁਤ ਸਾਰੇ

ਲੋਕਾਂ ਨੂੰ ਵੀ ਪ੍ਰਭਾਵਿਤ ਕਰੇਗੀ। ਸਮਝਦਾਰੀ ਨਾਲ ਕੀਤੀ ਗਈ ਇੱਕ ਚੋਣ ਤੁਹਾਨੂੰ ਅਤੇ ਹੋਰ ਬਹੁਤ ਸਾਰੇ ਲੋਕਾਂ ਨੂੰ ਅਸੀਸ ਦੇਵੇਗੀ। ਮੂਰਖਤਾ ਭਰੀ ਇੱਕ ਚੋਣ ਤੁਹਾਨੂੰ ਅਤੇ ਹੋਰ ਬਹੁਤ ਸਾਰੇ ਲੋਕਾਂ ਨੂੰ ਨੁਕਸਾਨ ਪਹੁੰਚਾਵੇਗੀ। ਪ੍ਰਾਰਥਨਾ ਦੇ ਨਾਲ ਚੋਣ ਕਰੋ!

ਸੰਸਾਰ ਦੇ ਵਿੱਚ ਕੋਈ ਵੀ ਸਿੱਧ ਨਹੀਂ ਹੈ। ਤੁਹਾਡੀਆਂ ਆਪਣੀਆਂ ਸਮੱਸਿਆਵਾਂ, ਕਮਜ਼ੋਰੀਆਂ, ਅਤੇ ਅਸਫਲਤਾਵਾਂ ਹਨ। ਤੁਹਾਡਾ ਜੀਵਨ ਸਾਥੀ ਵੀ ਸਿੱਧ ਨਹੀਂ ਹੋਵੇਗਾ ਅਤੇ ਜੀਵਨ ਭਰ ਅਸਿੱਧ ਰਹੇਗਾ। ਇਸ ਲਈ ਇੱਕ *ਸਿੱਧ* ਜੀਵਨ ਸਾਥੀ ਦੀ ਭਾਲ ਨਾ ਕਰੋ। ਇਸ ਦੇ ਬਜਾਏ, ਅਜਿਹੇ ਜੀਵਨ ਸਾਥੀ ਦੀ ਭਾਲ ਕਰੋ ਜੋ ਬਿਨਾਂ ਬਿਨਾਂ ਸੰਕੋਚ ਪਰਮੇਸ਼ੁਰ ਨੂੰ ਪਿਆਰ ਕਰਦਾ ਹੋਵੇ। ਕਿਸੇ ਅਜਿਹੇ ਵਿਅਕਤੀ ਦੀ ਭਾਲ ਕਰੋ ਜੋ ਐਨਾ ਹਲੀਮ ਹੈ ਕਿ ਉਹ ਆਪਣੀਆਂ ਗਲਤੀਆਂ ਅਤੇ ਕਮੀਆਂ ਨੂੰ ਮੰਨ ਸਕੇ ਅਤੇ ਸੁਧਾਰ ਕਰ ਸਕੇ। ਅਜਿਹਾ ਜੀਵਨ ਸਾਥੀ ਤੁਹਾਡੇ ਲਈ ਇੱਕ ਬਰਕਤ ਹੋਵੇਗਾ, ਅਤੇ ਤੁਸੀਂ ਕਮਜ਼ੋਰੀਆਂ ਦੇ ਖੇਤਰ ਵਿੱਚ ਇੱਕ ਦੂਸਰੇ ਦਾ ਸਾਥ ਦੇ ਸਕਦੇ ਹੋ ਅਤੇ ਇੱਕ ਦੂਸਰੇ ਦੀ ਮਦਦ ਕਰ ਸਕਦੇ ਹੋ।

► ਵਿਦਿਆਰਥੀਆਂ ਨੂੰ ਸਮੂਹ ਲਈ ਕਹਾਉਤਾਂ 11:14, ਕਹਾਉਤਾਂ 12:15, ਕਹਾਉਤਾਂ 13:18, ਅਤੇ ਕਹਾਉਤਾਂ 23:22 ਨੂੰ ਪੜ੍ਹਨਾ ਚਾਹੀਦਾ ਹੈ।

ਸਮਝਦਾਰੀ ਦੇ ਨਾਲ ਚੁਣੋ। ਜੀਵਨ ਭਰ ਲਈ ਚੁਣੋ। ਈਸ਼ੁਰੀ ਲੋਕਾਂ ਅਤੇ ਆਪਣੇ ਮਾਪਿਆਂ ਤੋਂ ਸਲਾਹ ਲਵੋ। ਉਨ੍ਹਾਂ ਦੀਆਂ ਚੇਤਾਵਨੀਆਂ ਨੂੰ ਸੁਣੋ। ਆਪਣੀਆਂ ਖੁਦ ਦੀਆਂ ਭਾਵਨਾਵਾਂ ਨੂੰ ਨਾ ਸੁਣੋ। ਇਹ ਚੋਣ ਕਰਨਾ ਤੁਹਾਡੇ ਲਈ ਬਹੁਤ ਜ਼ਿਆਦਾ ਮਹੱਤਵਪੂਰਣ ਹੈ, ਇਸ ਲਈ ਲਾਪਰਵਾਹ ਨਾ ਬਣੋ।

### ਇੱਕ ਅਵਿਸ਼ਵਾਸੀ ਨਾਲ ਵਿਆਹ ਨਾ ਕਰੋ

ਇੱਕ ਗੱਲ ਜੋ ਪਰਮੇਸ਼ੁਰ ਦੇ ਲਈ ਬਹੁਤ ਮਹੱਤਵਪੂਰਣ ਹੈ, ਉਹ ਇਹ ਹੈ ਕਿ ਲੋਕ ਸਾਥੀ ਵਿਸ਼ਵਾਸੀਆਂ ਦੇ ਨਾਲ ਹੀ ਵਿਆਹ ਕਰਨ। ਇਸ ਦਾ ਕਾਰਣ ਹੈ ਕਿ ਪਰਮੇਸ਼ੁਰ ਦੇ ਨਾਲ ਰਿਸ਼ਤਾ ਸਾਰੇ ਜੀਵਨ ਅਤੇ ਸਦੀਪਕਤਾ ਦੇ ਵਿੱਚ ਸਭ ਤੋਂ ਜ਼ਿਆਦਾ ਮਹੱਤਵਪੂਰਣ ਹੈ। ਵਿਆਹ ਮਨੁੱਖੀ ਰਿਸ਼ਤਿਆਂ ਵਿੱਚੋਂ ਸਭ ਤੋਂ ਕਰੀਬੀ ਰਿਸ਼ਤਾ ਹੈ, ਸੋ ਇਹ ਇੱਕ ਵਿਅਕਤੀ ਦੇ ਪਰਮੇਸ਼ੁਰ ਨਾਲ ਰਿਸ਼ਤੇ ਨੂੰ ਪ੍ਰਭਾਵਿਤ ਕਰਦਾ ਹੈ। ਜਦੋਂ ਇੱਕ ਵਿਸ਼ਵਾਸੀ ਦਾ ਜੀਵਨ ਸਾਥੀ ਅਵਿਸ਼ਵਾਸੀ ਹੁੰਦਾ ਹੈ ਤਦ ਉਸ ਵਿਸ਼ਵਾਸੀ ਲਈ ਪਰਮੇਸ਼ੁਰ ਦੇ ਨਾਲ ਨੇੜਤਾ ਅਤੇ ਚੌਕਸੀ ਨਾਲ ਚੱਲਣ ਨੂੰ ਬਣਾਈ ਰੱਖਣਾ ਹੋਰ ਮੁਸ਼ਕਲ ਹੋ ਜਾਂਦਾ ਹੈ।

ਇਸ ਤੋਂ ਅੱਗੇ, ਮਾਤਾ ਜਾਂ ਪਿਤਾ ਦਾ ਅਵਿਸ਼ਵਾਸ ਬੱਚਿਆਂ ਨੂੰ ਮਸੀਹ ਦੇ ਵਿਰੋਧ ਵਿੱਚ ਜਾਣ ਲਈ ਪ੍ਰਭਾਵਿਤ ਕਰਦਾ ਹੈ। ਜਿਨ੍ਹਾਂ ਪਰਿਵਾਰਾਂ ਦੇ ਵਿੱਚ ਮਾਤਾ ਜਾਂ ਪਿਤਾ ਅਵਿਸ਼ਵਾਸੀ ਹੁੰਦੇ ਹਨ, ਉਨ੍ਹਾਂ ਪਰਿਵਾਰਾਂ ਵਿੱਚ ਇਹ ਘੱਟ ਹੀ ਹੁੰਦਾ ਹੈ ਕਿ ਸਾਰੇ ਬੱਚੇ ਪਰਮੇਸ਼ੁਰ ਦੀ ਸੇਵਾ ਕਰਨ। ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਉਸ ਦੀ ਸੇਵਾ ਕਰੀਏ, ਅਤੇ ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਆਪਣੇ ਬੱਚਿਆਂ ਦੀ ਅਜਿਹੀ ਪਰਵਰਿਸ਼ ਕਰੀਏ ਤਾਂ ਜੋ ਉਹ ਉਸ ਦੀ ਸੇਵਾ ਕਰਨ। (ਉਤਪਤ 18:19; ਬਿਵਸਥਾ ਸਾਰ 6:2, 7; ਮਲਾਕੀ 2:15)।

ਪੁਰਾਣੇ ਨੇਮ ਵਿੱਚ, ਇਸਰਾਏਲੀਆਂ ਨੂੰ ਵਿਸ਼ਵਾਸ ਦੇ ਪਰਿਵਾਰ ਤੋਂ ਬਾਹਰ ਕਿਸੇ ਨਾਲ ਵਿਆਹ ਕਰਾਉਣ ਦੀ ਅਨੁਮਤੀ ਨਹੀਂ ਸੀ।[25] ਪਰਮੇਸ਼ੁਰ ਜਾਣਦਾ ਸੀ ਕਿ ਅਵਿਸ਼ਵਾਸੀਆਂ ਦੇ ਨਾਲ ਵਿਆਹ ਕਰਨਾ ਲੋਕਾਂ ਨੂੰ ਹੋਰ ਦੇਵਤਿਆਂ ਦੀ ਪੂਜਾ ਕਰਨ ਵੱਲ ਲੈ ਜਾਵੇਗਾ ਅਤੇ ਇੱਕੋ ਸੱਚੇ ਪਰਮੇਸ਼ੁਰ ਦੇ ਨਾਲ ਉਨ੍ਹਾਂ ਦੇ ਰਿਸ਼ਤੇ ਨੂੰ ਬਰਬਾਦ ਕਰ ਦੇਵੇਗਾ! ਪੁਰਾਣਾ ਨੇਮ ਸਾਨੂੰ ਪੂਰੀ ਤਰ੍ਹਾਂ ਉਹੋ ਵਿਖਾਉਂਦਾ ਹੈ ਜੋ ਇਸਰਾਏਲ ਦੇ ਵਿੱਚ ਹੋਇਆ ਸੀ।[26]

ਅੱਜ ਵੀ, ਵਿਸ਼ਵਾਸੀਆਂ ਨੂੰ ਵਿਸ਼ਵਾਸੀਆਂ ਦੇ ਨਾਲ ਹੀ ਵਿਆਹ ਕਰਨਾ ਚਾਹੀਦਾ ਹੈ। ਇਸ ਬਾਰੇ ਸਮਝੌਤਾ ਨਾ ਕਰੋ। ਇੱਕ ਅਵਿਸ਼ਵਾਸੀ ਦੇ ਨਾਲ ਇੱਕ ਰੋਮਾਂਟਿਕ ਰਿਸ਼ਤਾ ਨਾ ਰੱਖੋ।

► ਵਿਦਿਆਰਥੀਆਂ ਨੂੰ ਸਮੂਹ ਲਈ 2 ਕੁਰਿੰਥੀਆਂ 6:14-18 ਅਤੇ 1 ਕੁਰਿੰਥੀਆਂ 7:39 ਨੂੰ ਪੜ੍ਹਨਾ ਚਾਹੀਦਾ ਹੈ।

### ਜਦੋਂ ਤੁਹਾਡਾ ਜੀਵਨ ਸਾਥੀ ਵਿਸ਼ਵਾਸੀ ਨਹੀਂ ਹੈ

ਪਰਮੇਸ਼ੁਰ ਨਹੀਂ ਚਾਹੁੰਦਾ ਕਿ ਇੱਕ ਅਣਵਿਆਹਿਆ ਵਿਸ਼ਵਾਸੀ ਇੱਕ ਅਵਿਸ਼ਵਾਸੀ ਦੇ ਨਾਲ ਵਿਆਹ ਕਰੇ। ਇਹ ਪੱਕਾ ਹੈ। ਪਰ ਜਦੋਂ ਇੱਕ ਅਵਿਸ਼ਵਾਸੀ ਪਰਿਵਾਰ ਵਿੱਚੋਂ ਇੱਕ ਜੀਵਨ ਸਾਥੀ ਮੁਕਤੀ ਲਈ ਮਸੀਹ ਦੇ ਕੋਲ ਆਉਂਦਾ ਹੈ, ਉਸ ਨੂੰ ਆਪਣੇ ਅਵਿਸ਼ਵਾਸੀ ਜੀਵਨ ਸਾਥੀ ਦੇ ਨਾਲ ਆਪਣਾ ਵਿਆਹੁਤਾ ਰਿਸ਼ਤਾ ਬਣਾਈ ਰੱਖਣਾ ਚਾਹੀਦਾ ਹੈ, ਜੇ ਅਵਿਸ਼ਵਾਸੀ ਜੀਵਨ ਸਾਥੀ ਉਸ ਨਾਲ ਰਹਿਣ ਤੋਂ ਇਨਕਾਰ ਨਹੀਂ ਕਰਦਾ (1 ਕੁਰਿੰਥੀਆਂ 7:12-16)। ਕੁਝ ਮਸਲਿਆਂ ਵਿੱਚ, ਇੱਕ ਅਵਿਸ਼ਵਾਸੀ ਜੀਵਨ ਸਾਥੀ ਆਪਣੇ ਮਸੀਹੀ ਜੀਵਨ ਸਾਥੀ ਦੇ ਵਿਸ਼ਵਾਸ ਦੇ ਕਾਰਣ ਮੁਕਤੀ ਲਈ ਜਿੱਤਿਆ ਜਾਂਦਾ ਹੈ (1 ਕੁਰਿੰਥੀਆਂ 7:14, 16; 1 ਪਤਰਸ 3:1-2)। ਪਰ ਮਸੀਹੀ ਕੁਆਰਿਆਂ ਨੂੰ ਕਿਸੇ ਅਜਿਹੇ ਨਾਲ ਵਿਆਹ ਕਰਾਉਣ ਬਾਰੇ ਸੋਚਣਾ ਵੀ ਨਹੀਂ ਚਾਹੀਦਾ ਜੋ ਵਿਸ਼ਵਾਸੀ ਨਹੀਂ ਹੈ।

### ਸੰਭਾਵੀ ਜੀਵਨ ਸਾਥੀ ਵਿੱਚ ਕਿਹੜੇ ਗੁਣ ਵੇਖਣੇ ਚਾਹੀਦੇ ਹਨ

ਵਿਆਹ ਲਈ ਤਿਆਰੀ ਦੇ ਦੌਰਾਨ, ਲੋਕਾਂ ਨੂੰ ਚਰਿੱਤਰ ਦੇ ਉਨ੍ਹਾਂ ਗੁਣਾਂ ਨੂੰ ਵਿਕਸਤ ਕਰਨਾ ਚਾਹੀਦਾ ਹੈ ਜੋ ਉਨ੍ਹਾਂ ਦੀ ਇੱਕ ਚੰਗਾ ਜੀਵਨ ਸਾਥੀ ਬਣਨ ਵਿੱਚ ਮਦਦ ਕਰਨਗੇ। ਜਦੋਂ ਉਹ ਵਿਆਹ ਕਰਾਉਣ ਲਈ ਕਿਸੇ ਦੀ ਭਾਲ ਵਿੱਚ ਹਨ, ਉਨ੍ਹਾਂ ਨੂੰ ਕਿਸੇ ਅਜਿਹੇ ਦੀ ਭਾਲ ਕਰਨੀ ਚਾਹੀਦੀ ਹੈ ਜੋ ਚਰਿੱਤਰ ਦੇ ਇਨ੍ਹਾਂ ਗੁਣਾਂ ਵਿੱਚ ਹੀ ਵਧ ਰਿਹਾ ਹੋਵੇ।

---

[25] ਕੂਚ 34:11-16, ਬਿਵਸਥਾ ਸਾਰ 7:1-6, ਯਹੋਸ਼ੁਆ 23:11-13, Ezra 9-10

[26] ਨਿਆਈਂਆਂ 3:5-7, 1 ਰਾਜਿਆਂ 11:1-6, ਅਜ਼ਰਾ 9:10-15

ਇੱਕ ਪੁਰਸ਼ ਅਤੇ ਇਸਤਰੀ ਨੂੰ ਤਦ ਤਕ ਇੱਕ ਦੂਸਰੇ ਨਾਲ ਵਿਆਹ ਲਈ ਸਮਰਪਿਤ ਨਹੀਂ ਹੋਣਾ ਚਾਹੀਦਾ ਜਦੋਂ ਤਕ ਉਹ ਇੱਕ ਦੂਸਰੇ ਨੂੰ ਇਹ ਨਹੀਂ ਆਖ ਸਕਦੇ, "ਤੁਹਾਡੇ ਨਾਲ ਵਿਆਹ ਕਰਕੇ ਮੈਂ ਕੁਆਰੇ ਰਹਿਣ ਨਾਲੋਂ ਬਿਹਤਰ ਢੰਗ ਨਾਲ ਪਰਮੇਸ਼ੁਰ ਦੀ ਸੇਵਾ ਕਰ ਸਕਦਾ ਹਾਂ ਜਾਂ ਸਕਦੀ ਹਾਂ।"

1. **ਕਿਸੇ ਅਜਿਹੇ ਵਿਅਕਤੀ ਨਾਲ ਵਿਆਹ ਕਰੋ ਜਿਸ ਦਾ ਮਸੀਹ ਨਾਲ ਰਿਸ਼ਤਾ, ਤੁਹਾਡੇ ਮਸੀਹ ਨਾਲ ਰਿਸ਼ਤੇ ਵਿੱਚ ਤੁਹਾਨੂੰ ਉਤਸ਼ਾਹਿਤ ਕਰੇਗਾ ਅਤੇ ਤੁਹਾਡੇ ਆਤਮਿਕ ਵਾਧੇ ਦਾ ਕਾਰਣ ਬਣੇਗਾ** (2 ਪਤਰਸ 1:5-9, 2 ਪਤਰਸ 3:18)।
2. **ਕਿਸੇ ਅਜਿਹੇ ਨਾਲ ਵਿਆਹ ਕਰੋ ਜਿਸ ਦਾ ਚਰਿੱਤਰ ਚੰਗਾ ਹੈ।** ਅਫ਼ਸੀਆਂ 5:33 ਪਤਨੀਆਂ ਨੂੰ ਹੁਕਮ ਦਿੰਦੀ ਹੈ ਕਿ ਉਹ ਆਪਣੇ ਪਤੀਆਂ ਦੇ ਚਰਿੱਤਰ ਦੀ ਪਰਵਾਹ ਕੀਤੇ ਬਿਨਾਂ ਉਨ੍ਹਾਂ ਦਾ ਆਦਰ ਕਰਨ, ਪਰ ਇਹ ਤਦ ਬਹੁਤ ਸੌਖਾ ਹੋ ਜਾਂਦਾ ਹੈ ਜਦੋਂ ਉਹ ਆਦਰ ਦੇ ਯੋਗ ਪੁਰਸ਼ਾਂ ਦੇ ਨਾਲ ਵਿਆਹੀਆਂ ਹੁੰਦੀਆਂ ਹਨ। ਚੰਗੇ ਚਰਿੱਤਰ ਵਿੱਚ ਇਸ ਤਰ੍ਹਾਂ ਦੇ ਵਿਹਾਰ ਸ਼ਾਮਲ ਹਨ ਜਿਵੇਂ ਕਿ ਮਾਫ਼ੀ ਦੇਣਾ, ਸੰਜਮ ਰੱਖਣਾ, ਹਲੀਮ ਹੋਣਾ, ਮਿਹਨਤੀ ਅਤੇ ਜ਼ਿੰਮੇਵਾਰ ਹੋਣਾ, ਅਤੇ ਇੱਕ ਸਿਖਾਉਣ ਯੋਗ ਆਤਮਾ ਦਾ ਹੋਣਾ। ਜਿਸ ਵਿਅਕਤੀ ਨਾਲ ਤੁਸੀਂ ਵਿਆਹ ਕਰਦੇ ਹੋਏ ਸਿੱਧ ਨਹੀਂ ਹੋਵੇਗਾ ਪਰ ਉਸ ਨੂੰ ਇਨ੍ਹਾਂ ਵਿਹਾਰਾਂ ਦੇ ਵਿੱਚ ਵਧਣਾ ਚਾਹੀਦਾ ਹੈ।

   ਕਲੀਸਿਯਾ ਦੇ ਆਗੂਆਂ ਅਤੇ ਉਨ੍ਹਾਂ ਦੀਆਂ ਪਤਨੀਆਂ ਦੇ ਲਈ ਪਰਮੇਸ਼ੁਰ ਦੇ ਮਿਆਰ ਉੱਚੇ ਹਨ (1 ਤਿਮੋਥਿਉਸ 3:2-4, 8-9, 11-12; ਤੀਤੁਸ 1:6-8)। ਜੇ ਕਲੀਸਿਯਾ ਦਾ ਆਗੂ ਇੱਕ ਬੁਰੇ ਚਰਿੱਤਰ ਵਾਲੇ ਜੀਵਨ ਸਾਥੀ ਨਾਲ ਵਿਆਹਿਆ ਹੋਇਆ ਹੈ, ਤਾਂ ਸੇਵਕਾਈ ਦੇ ਵਿੱਚ ਵੱਡੀ ਰੁਕਾਵਟ ਆਵੇਗੀ।
3. **ਅਜਿਹੇ ਵਿਅਕਤੀ ਨਾਲ ਵਿਆਹ ਕਰੋ ਜੋ ਸ਼ੁੱਧ ਅਤੇ ਚੰਗੇ ਵਿਹਾਰ ਲਈ ਆਪਣੀ ਸ਼ਾਖ ਨੂੰ ਬਣਾ ਰਿਹਾ ਹੈ** (1 ਤਿਮੋਥਿਉਸ 2:9-10, 1 ਤਿਮੋਥਿਉਸ 3:7, 2 ਤਿਮੋਥਿਉਸ 2:19, ਤੀਤੁਸ 1:15, ਤੀਤੁਸ 2:4-5)।
4. **ਅਜਿਹੇ ਵਿਅਕਤੀ ਨਾਲ ਵਿਆਹ ਕਰੋ ਜੋ ਬਾਈਬਲ ਦੇ ਅਨੁਸਾਰ ਸੋਚਣਾ ਸਿੱਖ ਰਿਹਾ ਹੈ** (ਜ਼ਬੂਰ 119:66)। ਜਦੋਂ ਪਰਤਾਵੇ, ਡਰ, ਇੱਕ ਗਲਤ ਰਵੱਈਏ ਜਾਂ ਗਲਤ ਪ੍ਰੇਰਣਾ ਦੇ ਨਾਲ ਸਾਹਮਣਾ ਹੁੰਦਾ ਹੈ, ਤਾਂ ਉਹ ਪਰਮੇਸ਼ੁਰ ਦੇ ਵਚਨ ਨੂੰ ਯਾਦ ਰੱਖਣਾ, ਵਿਸ਼ਵਾਸ ਕਰਨਾ, ਅਤੇ ਵਚਨ ਦੀ ਪਾਲਣਾ ਕਰਨਾ ਸਿੱਖ ਰਹੇ ਹਨ (ਕਹਾਉਤਾਂ 4:4-6, ਯਹੋਸ਼ੁਆ 1:7-8)। ਜਦੋਂ ਲੋੜ, ਖਤਰੇ, ਬਿਪਤਾ, ਜਾਂ ਕਿਸੇ ਪ੍ਰਕਾਰ ਦੀ ਸਮੱਸਿਆ ਦੇ ਨਾਲ ਸਾਹਮਣਾ ਹੁੰਦਾ ਹੈ, ਤਾਂ ਉਹ ਪਰਮੇਸ਼ੁਰ ਉੱਤੇ ਕੇਂਦਰਿਤ ਰਹਿਣਾ ਸਿੱਖ ਰਹੇ ਹਨ ਅਤੇ ਉਸ ਮਦਦ ਨੂੰ ਉਸ ਦੇ ਵਚਨ ਵਿੱਚ ਪਾਉਂਦੇ ਹਨ ਜਿਸ ਦੀ ਉਨ੍ਹਾਂ ਨੂੰ ਲੋੜ ਹੈ (ਜ਼ਬੂਰ 119:50, 92, 114)।

5. **ਅਜਿਹੇ ਵਿਅਕਤੀ ਨਾਲ ਵਿਆਹ ਕਰੋ ਜੋ ਤੁਹਾਡੇ ਬੱਚਿਆਂ ਲਈ ਚੰਗਾ ਪਿਤਾ ਬਣੇਗਾ ਜਾਂ ਚੰਗੀ ਮਾਂ ਬਣੇਗੀ:** ਕੋਈ ਅਜਿਹਾ ਜੋ ਉਨ੍ਹਾਂ ਨੂੰ ਪਰਮੇਸ਼ੁਰ ਦੇ ਰਾਹ ਸਿਖਾਵੇਗਾ ਅਤੇ ਉਨ੍ਹਾਂ ਦੇ ਸਾਹਮਣੇ ਇਕਸਾਰ ਮਸੀਹੀ ਜੀਵਨ ਬਿਤਾਵੇਗਾ (ਕਹਾਉਤਾਂ 6:20-23, ਅਫ਼ਸੀਆਂ 6:4, 2 ਤਿਮੋਥਿਉਸ 1:5, 2 ਤਿਮੋਥਿਉਸ 3:14-15)।

6. **ਅਜਿਹੇ ਵਿਅਕਤੀ ਨਾਲ ਵਿਆਹ ਕਰੋ ਜਿਸ ਨੇ ਈਸ਼ੁਰੀ ਮਿੱਤਰਾਂ ਅਤੇ ਗੁਰੂਆਂ ਤੋਂ ਪ੍ਰਭਾਵਿਤ ਹੋਣ ਦੀ ਚੋਣ ਕੀਤੀ ਹੈ** (ਜ਼ਬੂਰ 119:63, 2 ਤਿਮੋਥਿਉਸ 2:22)।

7. **ਅਜਿਹੇ ਵਿਅਕਤੀ ਨਾਲ ਵਿਆਹ ਕਰੋ ਜੋ ਅਧਿਕਾਰ ਦੇ ਅਧੀਨ ਹੈ।** ਇੱਕ ਪੁਰਸ਼ ਅਜਿਹੀ ਪਤਨੀ ਨੂੰ ਭਾਲਣ ਲਈ ਸਮਝਦਾਰ ਹੈ ਜੋ ਉਸ ਦੇ ਅਧੀਨ ਰਹਿੰਦੀ ਹੈ (ਅਫ਼ਸੀਆਂ 5:22)। ਇਸੇ ਤਰ੍ਹਾਂ ਹੀ ਇੱਕ ਔਰਤ ਨੂੰ ਅਜਿਹੇ ਵਿਅਕਤੀ ਦੇ ਨਾਲ ਵਿਆਹ ਕਰਨਾ ਚਾਹੀਦਾ ਹੈ ਜੋ ਪਰਮੇਸ਼ੁਰ ਦੇ ਅਧੀਨ ਹੈ ਅਤੇ ਉਨ੍ਹਾਂ ਦੇ ਅਧੀਨ ਹੈ ਜਿਨ੍ਹਾਂ ਨੂੰ ਪਰਮੇਸ਼ੁਰ ਨੇ ਕਲੀਸਿਯਾ, ਉਸ ਦੀ ਨੌਕਰੀ, ਸਰਕਾਰ ਵਿੱਚ ਉਸ ਉੱਤੇ ਅਧਿਕਾਰੀ ਠਹਿਰਾਇਆ ਹੈ (ਰੋਮੀਆਂ 13:1, ਅਫ਼ਸੀਆਂ 6:5-8, ਇਬਰਾਨੀਆਂ 13:17, 1 ਪਤਰਸ 5:5)। ਜਦੋਂ ਉਸ ਦਾ ਪਤੀ ਪਰਮੇਸ਼ੁਰ ਦੇ ਅਧੀਨ ਹੁੰਦਾ ਹੈ, ਤਾਂ ਉਸ ਦੀ ਰੱਖਿਆ ਹੋਵੇਗੀ ਅਤੇ ਉਹ ਧੰਨ ਹੋਵੇਗੀ।

► ਚਰਿੱਤਰ ਦੇ ਉੱਪਰ ਦਿੱਤੇ ਗੁਣਾਂ ਵਿੱਚੋਂ, ਕਿਹੜਾ ਤੁਹਾਨੂੰ ਸਭ ਤੋਂ ਜ਼ਿਆਦਾ ਮਹੱਤਵਪੂਰਣ ਲੱਗਦਾ ਹੈ? ਕਿਹੜੀਆਂ ਉਦਾਹਰਣਾਂ ਤੁਸੀਂ ਵੇਖੀਆਂ ਹਨ ਜੋ ਚਰਿੱਤਰ ਦੇ ਇਨ੍ਹਾਂ ਗੁਣਾਂ ਦੇ ਮਹੱਤਵ ਨੂੰ ਵਿਖਾਉਂਦੀਆਂ ਹਨ?

## ਮਾਪਿਆਂ ਦੁਆਰਾ ਰਚਾਏ ਗਏ ਵਿਆਹ

ਬਹੁਤ ਸਾਰੇ ਸੱਭਿਆਚਾਰਾਂ ਵਿੱਚ ਇਹ ਆਮ ਗੱਲ ਹੈ ਕਿ ਮਾਪੇ ਆਪਣੇ ਬੱਚਿਆਂ ਦੇ ਵਿਆਹ ਰਚਾਉਂਦੇ ਹਨ। ਉਦਾਹਰਣ ਦੇ ਲਈ ਇੱਕ ਵੱਡੇ ਦੇਸ ਵਿੱਚ ਮਾਪੇ ਆਪਣੇ ਬੱਚੇ ਲਈ ਸੰਭਾਵੀ ਜੀਵਨ ਸਾਥੀ ਨੂੰ ਭਾਲਦੇ ਹਨ ਅਤੇ ਸੰਭਾਵੀ ਜੀਵਨ ਸਾਥੀ ਦੇ ਮਾਪਿਆਂ ਨਾਲ ਗੱਲ ਕਰਦੇ ਹਨ। ਆਮ ਤੌਰ ’ਤੇ, ਫਿਰ ਉਹ ਪੁੱਤਰ ਅਤੇ ਪੁੱਤਰੀ ਦੇ ਇੱਕ ਦੂਸਰੇ ਨਾਲ ਮਿਲਣ ਦਾ ਪ੍ਰਬੰਧ ਕਰਦੇ ਹਨ। ਜਵਾਨ ਲੋਕ ਇੱਕ ਵਾਰ, ਜਾਂ ਸ਼ਾਇਦ ਦੋ ਜਾਂ ਤਿੰਨ ਵਾਰ ਇੱਕ ਦੂਸਰੇ ਨੂੰ ਮਿਲ ਸਕਦੇ ਹਨ, ਵਿਆਹ ਕਰਨ ਦਾ ਫੈਸਲਾ ਲੈਣ ਤੋਂ ਪਹਿਲਾਂ। ਸ਼ਾਇਦ ਬੱਚਿਆਂ ਨੂੰ ਅਨੁਮਤੀ ਹੁੰਦੀ ਹੈ ਕਿ ਉਹ ਮਾਪਿਆਂ ਦੁਆਰਾ ਚੁਣੇ ਗਏ ਵਿਅਕਤੀ ਨਾਲ ਵਿਆਹ ਕਰਾਉਣ ਦੀ ਚੋਣ ਕਰ ਸਕਦੇ ਹਨ, ਪਰ ਉਨ੍ਹਾਂ ਨੂੰ ਇੱਕ ਦੂਸਰੇ ਨੂੰ ਚੰਗੀ ਤਰ੍ਹਾਂ ਜਾਣਨ ਦਾ ਸਮਾਂ ਨਹੀਂ ਮਿਲਦਾ।

ਇਨ੍ਹਾਂ ਸੱਭਿਆਚਾਰਾਂ ਵਿੱਚ ਮਸੀਹੀ ਮਾਪੇ ਜਦੋਂ ਆਪਣੇ ਬੱਚਿਆਂ ਦੇ ਲਈ ਜੀਵਨ ਸਾਥੀ ਦੀ ਖੋਜ ਕਰਦੇ ਹਨ, ਤਾਂ ਉਨ੍ਹਾਂ ਨੂੰ ਬਾਈਬਲ ਦੀਆਂ ਕਦਰਾਂ ਕੀਮਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਆਪਣੇ ਬੱਚਿਆਂ ਲਈ ਈਸ਼ੁਰੀ, ਸਮਝਦਾਰ, ਅਤੇ ਪਰਿਪੱਕ ਜੀਵਨ ਸਾਥੀਆਂ ਦੀ ਖੋਜ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਅਜਿਹੇ ਲੋਕਾਂ ਦੀ ਭਾਲ ਕਰਨੀ ਚਾਹੀਦੀ ਹੈ ਜੋ ਪਰਮੇਸ਼ੁਰ ਨੂੰ ਆਪਣੇ ਜੀਵਨਾਂ ਵਿੱਚ

ਪਹਿਲਾ ਸਥਾਨ ਦਿੰਦੇ ਹਨ। ਇਹ ਗੱਲਾਂ ਕਿਸੇ ਦੀ ਪੜ੍ਹਾਈ, ਕਿੱਤੇ, ਸਮਾਜਿਕ ਰੁਤਬੇ, ਜਾਂ ਆਰਥਿਕ ਪੱਧਰ ਤੋਂ ਵਧਕੇ ਮਾਪਿਆਂ ਦੀ ਚੋਣ ਨੂੰ ਪ੍ਰਭਾਵਿਤ ਕਰਨੀਆਂ ਚਾਹੀਦੀਆਂ ਹਨ।

## ਆਜ਼ਾਦੀ ਨਾਲ ਰਚਾਏ ਗਏ ਵਿਆਹ

### ਵੱਡੇ ਹੋ ਚੁੱਕੇ ਬੱਚਿਆਂ ਦੇ ਮਾਪਿਆਂ ਲਈ ਬੁੱਧੀ ਜੋ ਜੀਵਨ ਸਾਥੀਆਂ ਦੀ ਚੋਣ ਕਰ ਰਹੇ ਹਨ

ਕੁਝ ਸਮਾਜਾਂ ਅਤੇ ਸੱਭਿਆਚਾਰਾਂ ਦੇ ਵਿੱਚ, ਜਵਾਨ ਬਾਲਗਾਂ ਦੇ ਲਈ ਇਹ ਆਮ ਗੱਲ ਹੈ ਕਿ ਉਹ ਮਾਪਿਆਂ ਤੋਂ ਜ਼ਿਆਦਾ ਅਗਵਾਈ ਪ੍ਰਾਪਤ ਕੀਤੇ ਬਿਨਾਂ ਆਪਣੇ ਜੀਵਨ ਸਾਥੀਆਂ ਦੀ ਚੋਣ ਕਰਨ, ਇਨ੍ਹਾਂ ਵਿੱਚ ਯੂਰਪ ਅਤੇ ਉੱਤਰੀ ਅਮਰੀਕਾ ਸ਼ਾਮਲ ਹਨ।

ਇਨ੍ਹਾਂ ਸੱਭਿਆਚਾਰਾਂ ਦੇ ਵਿੱਚ ਮਸੀਹੀ ਮਾਪੇ ਸੋਚਦੇ ਹਨ ਕਿ ਉਨ੍ਹਾਂ ਨੂੰ ਆਪਣੇ ਵੱਡੇ ਹੋ ਚੁੱਕੇ ਅਤੇ ਜੀਵਨ ਸਾਥੀ ਦੀ ਭਾਲ ਕਰ ਰਹੇ ਬੱਚਿਆਂ ਨੂੰ ਪ੍ਰਭਾਵਿਤ ਨਹੀਂ ਕਰਨਾ ਚਾਹੀਦਾ ਜਾਂ ਉਹ ਸੋਚਦੇ ਹਨ ਕਿ ਪ੍ਰਭਾਵਿਤ ਨਹੀਂ ਕਰ ਸਕਦੇ। ਮਾਪੇ ਮਹਿਸੂਸ ਕਰਦੇ ਹੋਣਗੇ ਕਿ ਭਾਵੇਂ ਉਹ ਉਸ ਵਿਅਕਤੀ ਲਈ ਸਹਿਮਤ ਨਹੀਂ ਹਨ ਜਿਸ ਨਾਲ ਉਨ੍ਹਾਂ ਦਾ ਬੱਚਾ ਵਿਆਹ ਕਰਨ ਲਈ ਸੋਚ ਰਿਹਾ ਹੈ, ਪਰ ਫਿਰ ਵੀ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਪਰਗਟ ਕਰਨਾ ਚਾਹੀਦਾ। ਉਨ੍ਹਾਂ ਨੂੰ ਡਰ ਹੋ ਸਕਦਾ ਹੈ ਕਿ ਅਲੋਚਨਾ ਕਰਨ ਦੇ ਕਾਰਣ ਭਵਿੱਖ ਵਿੱਚ ਉਨ੍ਹਾਂ ਦੇ ਆਪਣੇ ਬੱਚੇ ਨਾਲ ਜਾਂ ਨੂਹ/ਜਵਾਈ ਨਾਲ ਰਿਸ਼ਤਿਆਂ ਸੰਬੰਧੀ ਸਮੱਸਿਆਵਾਂ ਆ ਸਕਦੀਆਂ ਹਨ।

ਭਾਵੇਂ ਜਦੋਂ ਮਸੀਹੀ ਮਾਪੇ ਆਪਣੇ ਬੱਚਿਆਂ ਦੇ ਵਿਆਹ ਆਪ ਨਹੀਂ ਰਚਾਉਂਦੇ ਹਨ, ਪਰ ਫਿਰ ਵੀ ਉਨ੍ਹਾਂ ਨੂੰ ਚਾਹੀਦਾ ਹੈ ਕਿ ਜੀਵਨ ਸਾਥੀ ਦੀ ਚੋਣ ਕਰਨ ਵਿੱਚ ਆਪਣੇ ਬੱਚਿਆਂ ਨੂੰ ਪ੍ਰਭਾਵਿਤ ਕਰਨ। ਮਾਪਿਆਂ ਨੂੰ ਆਪਣੇ ਬੱਚਿਆਂ ਨਾਲ ਤਦ ਹੀ ਇਨ੍ਹਾਂ ਗੱਲਾਂ ਬਾਰੇ ਗੱਲ ਕਰਨੀ ਚਾਹੀਦੀ ਹੈ ਜਦੋਂ ਉਹ ਛੋਟੇ ਹੀ ਹੁੰਦੇ ਹਨ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਉਦੇਸ਼ਪੂਰਣ ਢੰਗ ਦੇ ਨਾਲ ਆਪਣੇ ਬੱਚਿਆਂ ਦੀ ਸੋਚ ਅਤੇ ਕਦਰਾਂ ਕੀਮਤਾਂ ਨੂੰ ਆਕਾਰ ਦੇਣ (ਬਿਵਸਥਾ ਸਾਰ 6:5-9)। ਮਾਂ ਜਾਂ ਪਿਓ ਹੋਣ ਦੇ ਨਾਤੇ ਤੁਸੀਂ ਇਹ ਕਿਵੇਂ ਕਰ ਸਕਦੇ ਹੋ?

1. **ਆਪ ਇੱਕ ਧਰਮੀ ਜੀਵਨ ਸਾਥੀ ਅਤੇ ਮਾਂ/ਪਿਓ ਦੀ ਇੱਕ ਚੰਗੀ ਉਦਾਹਰਣ ਬਣੋ।** ਜਦੋਂ ਤਕ ਤੁਸੀਂ ਆਪ ਆਪਣੇ ਜੀਵਨ ਵਿੱਚ ਪਰਮੇਸ਼ੁਰ ਦੇ ਸਿਧਾਂਤਾਂ ਦੀ ਪਾਲਣਾ ਨਹੀਂ ਕਰਦੇ, ਤਦ ਤਕ ਤੁਹਾਡੇ ਸ਼ਾਬਦਿਕ ਨਿਰਦੇਸ਼ ਦਾ ਤੁਹਾਡੇ ਬੱਚਿਆਂ ਲਈ ਕੁਝ ਵੀ ਮਤਲਬ ਨਹੀਂ ਹੋਵੇਗਾ। ਜੇ ਤੁਹਾਡੀ ਮਿਸਾਲ ਤੁਹਾਡੇ ਕਥਨਾਂ ਦੇ ਨਾਲ ਮੇਲ ਨਹੀਂ ਖਾਂਦੀ, ਤਾਂ ਤੁਹਾਡੇ ਬੱਚੇ ਤੁਹਾਡੇ ਸ਼ਬਦਾਂ ਦੇ ਬਜਾਏ ਤੁਹਾਡੀ ਮਿਸਾਲ ਨੂੰ ਸੁਣਨਗੇ।

2. **ਜੀਵਨ ਦੇ ਉਦੇਸ਼ ਲਈ, ਵਿਆਹ ਦੇ ਉਦੇਸ਼ ਅਤੇ ਅਰਥ ਲਈ, ਅਤੇ ਇੱਕ ਜੀਵਨ ਸਾਥੀ ਵਿੱਚ ਕੀ ਵੇਖਣਾ ਹੈ ਇਸ ਲਈ ਪਰਮੇਸ਼ੁਰ ਦੇ ਮਿਆਰਾਂ ਉੱਤੇ ਜ਼ੋਰ ਦੇਵੋ** (ਜ਼ਬੂਰ 34:11-12)। ਜਦੋਂ ਅਸੀਂ ਸੰਸਾਰ ਦੇ ਨਿਯਮਾਂ ਨੂੰ ਵੇਖਦੇ, ਸੁਣਦੇ, ਪੜ੍ਹਦੇ, ਜਾਂ ਤੱਕਦੇ ਹਾਂ, ਤਦ ਅਸੀਂ ਆਪਣੇ ਬੱਚਿਆਂ ਨੂੰ ਸਿਖਾਉਂਦੇ ਹਾਂ ਕਿ ਸੰਸਾਰ ਸਾਡੇ ਲਈ ਨਮੂਨਾ ਹੈ, ਨਾ ਕਿ ਪਰਮੇਸ਼ੁਰ ਦਾ ਵਚਨ ਸਾਡੇ ਲਈ ਇੱਕ ਨਮੂਨਾ ਹੈ। ਇਹ ਕਰਨ ਦੇ ਬਜਾਏ, ਸਾਨੂ ਜਿਹੜੇ ਲੋਕ ਪਰਮੇਸ਼ੁਰ ਦੀਆਂ ਚੰਗੀਆਂ ਯੋਜਨਾਵਾਂ ਦਾ

ਅਨੁਸਰਣ ਕਰਦੇ ਹਨ ਉਨ੍ਹਾਂ ਵੱਲ ਧਿਆਨ ਖਿੱਚਣ ਦੇ ਦੁਆਰਾ ਆਪਣੇ ਬੱਚਿਆਂ ਦੇ ਵਿੱਚ ਧਰਮੀ ਇੱਛਾਵਾਂ ਨੂੰ ਪੈਦਾ ਕਰਨਾ ਚਾਹੀਦਾ ਹੈ। ਸਾਨੂੰ ਉਨ੍ਹਾਂ ਚੰਗੇ ਨਤੀਜਿਆਂ ਵੱਲ ਇਸ਼ਾਰਾ ਕਰਨਾ ਚਾਹੀਦਾ ਹੈ ਜਿਨ੍ਹਾਂ ਦਾ ਇਹ ਲੋਕ ਪਰਮੇਸ਼ੁਰ ਦੀ ਆਗਿਆਕਾਰੀ ਕਰਨ ਦੇ ਕਾਰਣ ਅਨੰਦ ਮਾਣਦੇ ਹਨ।

3. **ਆਪਣੇ ਬੱਚਿਆਂ ਨੂੰ ਸਿਖਾਓ ਕਿ ਜਦੋਂ ਉਹ ਇੱਕ ਜੀਵਨ ਸਾਥੀ ਦੀ ਚੋਣ ਕਰਦੇ ਹਨ, ਤਾਂ ਉਹ ਯਾਦ ਰੱਖਣ ਕਿ ਚਰਿੱਤਰ ਕਿਸੇ ਵੀ ਹੋਰ ਚੀਜ਼ ਨਾਲੋਂ ਵਧੇਰੇ ਮਹੱਤਵ ਰੱਖਦਾ ਹੈ।** ਜਦੋਂ ਤੁਹਾਡੇ ਬੱਚੇ ਛੋਟੇ ਹਨ ਤਦ ਤੋਂ ਹੀ ਉਨ੍ਹਾਂ ਨੂੰ ਸਿਖਾਓ ਕਿ ਉਹ ਆਕਰਸ਼ਕ ਸਰੀਰਾਂ ਜਾਂ ਸਖਸ਼ੀਅਤਾਂ ਦੇ ਨਾਲੋਂ ਦੂਸਰਿਆਂ ਵਿੱਚ ਚੰਗੇ ਚਰਿੱਤਰ ਨੂੰ ਵਧੇਰੇ ਵੇਖਣ ਅਤੇ ਚੰਗੇ ਚਰਿੱਤਰ ਦੀ ਵਧੇਰੇ ਕਦਰ ਕਰਨ। ਉਨ੍ਹਾਂ ਨੂੰ ਸਿਖਾਓ ਕਿ ਉਹ ਧਿਆਨ ਦੇਣ ਕਿ ਉਨ੍ਹਾਂ ਦੇ ਸਾਥੀ ਜ਼ਿੰਮੇਵਾਰ ਜਾਂ ਆਲਸੀ ਹਨ, ਆਗਿਆਕਾਰ ਜਾਂ ਵਿਦਰੋਹੀ ਹਨ, ਇਮਾਨਦਾਰ ਜਾਂ ਧੋਖੇਬਾਜ਼ ਹਨ। ਉਨ੍ਹਾਂ ਨੂੰ ਸਿਖਾਓ ਕਿ ਉਹ ਉਨ੍ਹਾਂ ਦੀ ਦਿੱਖ ਦੇ ਨਾਲੋਂ ਉਨ੍ਹਾਂ ਦੇ ਚਰਿੱਤਰ ਉੱਤੇ ਜ਼ਿਆਦਾ ਧਿਆਨ ਦੇਣ।

ਜੇ ਮਾਪੇ ਚਾਹੁੰਦੇ ਹਨ ਕਿ ਜਦੋਂ ਉਨ੍ਹਾਂ ਦੇ ਬੱਚੇ ਜਵਾਨ ਬਾਲਗਾਂ ਦੇ ਰੂਪ ਵਿੱਚ ਆਪਣੇ ਜੀਵਨ ਸਾਥੀਆਂ ਦੀ ਚੋਣ ਕਰਦੇ ਹਨ ਤਦ ਉਹ ਉਨ੍ਹਾਂ ਦੀ ਸਹਿਮਤੀ ਲੈਣ, ਤਾਂ ਉਨ੍ਹਾਂ ਨੂੰ ਆਪਣੇ ਬੱਚਿਆਂ ਨੂੰ ਸਿਖਾਉਣਾ ਚਾਹੀਦਾ ਹੈ ਕਿ ਪਿਤਾ ਅਤੇ ਮਾਤਾ ਦੀ ਗੱਲ ਸੁਣਨਾ ਸਮਝਦਾਰੀ ਹੁੰਦੀ ਹੈ! (ਕਹਾਉਤਾਂ 1:8) ਕਿਸ਼ੋਰ ਅਵਸਥਾ ਜਾਂ ਬਾਲਗਪਣ, ਇਹ ਸਿਖਾਉਣ ਲਈ ਬਹੁਤ ਦੇਰੀ ਹੈ; ਮਾਪਿਆਂ ਨੂੰ ਇਹ ਤਦ ਹੀ ਸਿਖਾਉਣਾ ਚਾਹੀਦਾ ਹੈ ਜਦੋਂ ਉਨ੍ਹਾਂ ਦੇ ਬੱਚੇ ਛੋਟੇ ਹੁੰਦੇ ਹਨ (ਕਹਾਉਤਾਂ 4:3-9)। ਧਰਮੀ ਮਾਪਿਆਂ ਦੀ ਗੱਲ ਸੁਣਨਾ ਬੱਚਿਆਂ ਨੂੰ ਸੁਰੱਖਿਅਤ ਰੱਖਣ ਅਤੇ ਧੰਨ ਬਣਾਉਣ ਦਾ ਪਰਮੇਸ਼ੁਰ ਦਾ ਤਰੀਕਾ ਹੈ।

ਜਿਵੇਂ ਪਾਠ 4 ਵਿੱਚ ਚਰਚਾ ਕੀਤੀ ਗਈ ਹੈ, ਪਰਮੇਸ਼ੁਰ ਦੇ ਅੱਗੇ ਇਹ ਮਾਪਿਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਜਵਾਨ ਲੋਕਾਂ ਦੀ ਰਿਸ਼ਤਿਆਂ ਵਿੱਚ ਨੈਤਿਕ ਸ਼ੁੱਧਤਾ ਬਣਾਈ ਰੱਖਣ ਵਿੱਚ ਮਦਦ ਕਰਨ। ਇਹ ਕਰਨ ਲਈ, ਤੁਹਾਡਾ ਪਹਿਲਾਂ ਹੀ ਆਪਣੇ ਬੱਚੇ ਨਾਲ ਇੱਕ ਚੰਗਾ ਅਤੇ ਖੁੱਲ੍ਹਾ ਰਿਸ਼ਤਾ ਹੋਣਾ ਚਾਹੀਦਾ ਹੈ, ਜਿਸ ਵਿੱਚ ਉਹ ਆਪਣੀ ਇੱਛਾ ਦੇ ਨਾਲ ਤੁਹਾਡੇ ਪ੍ਰਤੀ ਜਵਾਬਦੇਹ ਹਨ ਅਤੇ ਤੁਹਾਡੀ ਸਲਾਹ ਨੂੰ ਮੰਨਦੇ ਹਨ। ਇਸ ਤਰ੍ਹਾਂ ਦਾ ਰਿਸ਼ਤਾ ਬਚਪਨ ਦੇ ਪਹਿਲੇ ਸਾਲਾਂ ਵਿੱਚ ਹੀ ਬਣਾਇਆ ਜਾਂਦਾ ਹੈ ਜਦੋਂ ਤੁਸੀਂ ਹਰ ਦਿਨ ਆਪਣੇ ਬੱਚੇ ਨੂੰ ਦਿਲੋਂ ਸਿਖਾਉਂਦੇ ਹੋ, ਸਿਖਲਾਈ ਦਿੰਦੇ ਹੋ, ਅਗਵਾਈ ਕਰਦੇ ਹੋ, ਅਤੇ ਅਨੁਸ਼ਾਸ਼ਿਤ ਕਰਦੇ ਹੋ।

### ਇੱਕ ਜੀਵਨ ਸਾਥੀ ਦੀ ਚੋਣ ਕਰਨ ਲਈ ਜਵਾਨ ਵਿਅਕਤੀ ਲਈ ਬੁੱਧੀ

ਪਰਮੇਸ਼ੁਰ ਕੋਲ ਉਨ੍ਹਾਂ ਜਵਾਨ ਵਿਸ਼ਵਾਸੀਆਂ ਲਈ ਬੁੱਧੀ ਹੈ ਜਿਨ੍ਹਾਂ ਨੂੰ ਵਿਆਹ ਬਾਰੇ ਆਪ ਫੈਸਲਾ ਲੈਣਾ ਚਾਹੀਦਾ ਹੈ। ਇੱਥੇ ਚੰਗੇ ਫੈਸਲੇ ਲੈਣ ਲਈ ਸਮਝਦਾਰੀ ਦੀ ਕੁਝ ਸਲਾਹ ਦਿੱਤੀ ਗਈ ਹੈ:

**(1) ਉਨ੍ਹਾਂ ਵਿਕਲਪਾਂ ਤੋਂ ਇਨਕਾਰ ਕਰੋ ਜੋ ਬਾਈਬਲ ਅਧਾਰਤ ਨਹੀਂ ਹਨ।**

ਉਦਾਹਰਣ ਦੇ ਲਈ, ਅਸੀਂ ਜਾਣਦੇ ਹਾਂ ਕਿ ਇਹ ਪਰਮੇਸ਼ੁਰ ਦੀ ਇੱਛਾ ਨਹੀਂ ਹੈ ਵਿਸ਼ਵਾਸੀ ਲੋਕ ਅਵਿਸ਼ਵਾਸੀਆਂ ਦੇ ਨਾਲ ਵਿਆਹ ਕਰਾਉਣ, ਇਸ ਲਈ ਸਾਨੂੰ ਇੱਕ ਅਵਿਸ਼ਵਾਸੀ ਦੇ ਨਾਲ ਰੋਮਾਂਟਿਕ ਰਿਸ਼ਤਾ ਰੱਖਣ ਬਾਰੇ ਸੋਚਣਾ ਵੀ ਨਹੀਂ ਚਾਹੀਦਾ।

**(2) ਬੁੱਧੀ ਦੇ ਲਈ ਪ੍ਰਾਰਥਨਾ ਕਰੋ** (ਕਹਾਉਤਾਂ 2; ਯਾਕੂਬ 3:13, 17)।

ਜਦੋਂ ਅਸੀਂ ਆਪਣੇ ਪੂਰੇ ਦਿਲ ਨਾਲ ਪਰਮੇਸ਼ੁਰ ਦੀ ਸਮਝ ਨੂੰ ਭਾਲਦੇ ਹਾਂ, ਉਹ ਸਾਨੂੰ ਖੁਸ਼ੀ ਦੇ ਨਾਲ ਬੁੱਧੀ ਦਿੰਦਾ ਹੈ। ਬੁੱਧੀ ਨੂੰ ਪਰਮੇਸ਼ੁਰ ਦੇ ਵਚਨ ਦਾ ਧਿਆਨ ਨਾਲ ਅਧਿਐਨ ਕਰਨ ਅਤੇ ਇਸ ਦੀ ਆਗਿਆਕਾਰੀ ਕਰਨ ਦੁਆਰਾ ਪਾਇਆ ਜਾਂਦਾ ਹੈ। ਪਰਮੇਸ਼ੁਰ ਸਾਨੂੰ ਧਰਮੀ ਲੋਕਾਂ ਦੀ ਸਲਾਹ ਦੇ ਦੁਆਰਾ ਵੀ ਬੁੱਧੀ ਦਿੰਦਾ ਹੈ। ਪਰਮੇਸ਼ੁਰ ਦੀ ਬੁੱਧੀ ਨੂੰ ਅਪਣਾਉਣਾ ਸਾਨੂੰ ਪਾਪ ਅਤੇ ਹਾਨੀ ਤੋਂ ਬਚਾਉਂਦਾ ਹੈ। ਉਸ ਦੀ ਬੁੱਧੀ ਸਾਨੂੰ ਅਸੀਸ ਦਿੰਦੀ ਹੈ ਅਤੇ ਸਾਡੇ ਜੀਵਨਾਂ ਲਈ ਪਰਮੇਸ਼ੁਰ ਦੀ ਉੱਤਮ ਯੋਜਨਾ ਦਾ ਅਨੁਭਵ ਕਰਨ ਲਈ ਮੌਕਾ ਦਿੰਦੀ ਹੈ। ਸਭ ਤੋਂ ਮਹੱਤਵਪੂਰਣ, ਜਦੋਂ ਅਸੀਂ ਸਮਝਦਾਰੀ ਦੇ ਫੈਸਲੇ ਲੈਂਦੇ ਹਾਂ, ਅਸੀਂ ਸਾਡੇ ਸਵਰਗੀ ਪਿਤਾ ਦੀ ਮਹਿਮਾ ਕਰਦੇ ਹਾਂ।

**(3) ਪਵਿੱਤਰ ਆਤਮਾ ਦੀ ਅਗਵਾਈ ਦਾ ਅਨੁਸਰਣ ਕਰੋ** (ਜ਼ਬੂਰ 119:133, ਕਹਾਉਤਾਂ 3:5-7, ਯਿਰਮਿਯਾਹ 10:23)।

ਪਵਿੱਤਰ ਆਤਮਾ ਕਦੇ ਵੀ ਪਰਮੇਸ਼ੁਰ ਦੇ ਵਚਨ ਦੀ ਉਲੰਘਣਾ ਕਰਨ ਲਈ ਸਾਡੀ ਅਗਵਾਈ ਨਹੀਂ ਕਰੇਗਾ। ਇਸ ਦੇ ਬਜਾਏ, ਉਹ ਵਫਾਦਾਰੀ ਨਾਲ ਸਾਨੂੰ ਇਸ ਬਾਰੇ ਯਾਦ ਕਰਾਉਂਦਾ ਹੈ (ਯੂਹੰਨਾ 14:26, ਯੂਹੰਨਾ 16:13-14)। ਉਹ ਪਰਮੇਸ਼ੁਰ ਦੇ ਆਗਿਆਕਾਰੀ ਬੱਚਿਆਂ ਨੂੰ ਪਾਪ ਤੋਂ ਸੁਰੱਖਿਅਤ ਰੱਖਦਾ ਹੈ ਅਤੇ ਉਨ੍ਹਾਂ ਨੂੰ ਜੀਵਨ ਅਤੇ ਸ਼ਾਂਤੀ ਦਾ ਫਲ ਦਿੰਦਾ ਹੈ (ਰੋਮੀਆਂ 8:5-6, 13-14; ਗਲਾਤੀਆਂ 5:16, 22-25)। ਸ਼ਾਇਦ ਤੁਸੀਂ ਹਮੇਸ਼ਾ ਹਰ ਸਥਿੱਤੀ ਵਿੱਚ ਪਰਮੇਸ਼ੁਰ ਦੀ ਇੱਛਾ ਨੂੰ ਵਿਸਥਾਰ ਨਾਲ ਨਹੀਂ ਜਾਣਦੇ ਹੋਵੋਗੇ, ਪਰ ਤੁਹਾਨੂੰ ਉਸ ਦਾ ਅਨੁਸਰਣ ਕਰਨਾ ਚਾਹੀਦਾ ਹੈ ਜੋ ਤੁਸੀਂ ਨਿਸ਼ਚਤ ਤੌਰ ’ਤੇ ਜਾਣਦੇ ਹੋ। ਤੁਸੀਂ ਜਾਣਦੇ ਹੋ ਕਿ ਪਰਮੇਸ਼ੁਰ ਚਾਹੁੰਦਾ ਹੈ ਕਿ ਤੁਸੀਂ ਆਤਮਿਕ ਅਤੇ ਨੈਤਿਕ ਤੌਰ ’ਤੇ ਵਫ਼ਾਦਾਰ ਹੋਵੋ। ਤੁਸੀਂ ਜਾਣਦੇ ਹੋ ਕਿ ਉਹ ਚਾਹੁੰਦਾ ਹੈ ਕਿ ਤੁਸੀਂ ਕੁਝ ਗੱਲਾਂ ਨੂੰ ਅਣਵੇਖਿਆ ਕਰੋ ਅਤੇ ਕੁਝ ਗੱਲਾਂ ਦਾ ਅਨੁਸਰਣ ਕਰੋ। ਜਦੋਂ ਤੁਸੀਂ ਪਰਮੇਸ਼ੁਰ ਅੱਗੇ ਅਗਵਾਈ ਦੇ ਲਈ ਪ੍ਰਾਰਥਨਾ ਕਰਦੇ ਹੋ, ਤਦ ਉਹ ਕਰੋ ਜੋ ਤੁਸੀਂ ਜਾਣਦੇ ਹੋ ਕਿ ਸਹੀ ਹੈ।

**(4) ਧਰਮੀ ਲੋਕਾਂ ਦੀ ਸਲਾਹ ਵੱਲ ਚੌਕਸੀ ਨਾਲ ਧਿਆਨ ਦੇਵੋ।**

ਜਿਹੜੇ ਜਵਾਨ ਲੋਕਾਂ ਦੇ ਧਰਮੀ ਮਾਪੇ ਹਨ ਉਨ੍ਹਾਂ ਨੂੰ ਉਨ੍ਹਾਂ ਤੋਂ ਸਮਝ ਲੈਣੀ ਚਾਹੀਦੀ ਹੈ। ਉਹ ਵਿਆਹ ਬਾਰੇ ਆਪਣੇ ਵਿਚਾਰਾਂ ਬਾਰੇ ਆਪਣੇ ਮਾਪਿਆਂ ਦੇ ਨਾਲ ਖੁੱਲ੍ਹੇ ਅਤੇ ਇਮਾਨਦਾਰ ਹੋਣੇ ਚਾਹੀਦੇ ਹਨ। ਉਨ੍ਹਾਂ ਨੂੰ ਉਸ ਹਰੇਕ ਚਿੰਤਾ ਦੇ ਵੱਲ ਪੂਰਾ ਧਿਆਨ ਦੇਣਾ ਚਾਹੀਦਾ ਹੈ ਜੋ ਉਨ੍ਹਾਂ ਦੇ ਮਾਪਿਆਂ ਨੂੰ ਹੈ। ਪਰਮੇਸ਼ੁਰ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਮਾਪੇ ਦਿੱਤੇ ਹਨ ਤਾਂ ਕਿ ਉਹ ਉਨ੍ਹਾਂ ਨੂੰ ਨੁਕਸਾਨ ਤੋਂ

ਬਚਾਉਣ ਅਤੇ ਉਨ੍ਹਾਂ ਨੂੰ ਚੰਗਾ ਹੀ ਦੇਣ। ਜਵਾਨ ਲੋਕਾਂ ਨੂੰ ਇਨ੍ਹਾਂ ਤਰੀਕਿਆਂ ਨਾਲ ਬਰਕਤ ਪਾਉਣ ਦੇ ਮੌਕੇ ਨੂੰ ਗੁਆਉਣਾ ਨਹੀਂ ਚਾਹੀਦਾ।

ਬਹੁਤ ਸਾਰੇ ਮਸੀਹੀ ਜਵਾਨ ਲੋਕਾਂ ਨੂੰ ਪਰਿਵਾਰ ਦੇ ਵੱਡੇ ਧਰਮੀ ਲੋਕਾਂ ਦੀ ਸਲਾਹ ਨਹੀਂ ਮਿਲਦੀ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਧਰਮੀ ਚਰਿੱਤਰ ਵਾਲੇ ਲੋਕਾਂ ਤੋਂ ਸਲਾਹ ਲੈਣ ਜਿਨ੍ਹਾਂ ਨੇ ਚੰਗੇ ਨਤੀਜਿਆਂ ਨਾਲ ਸਮਝਦਾਰੀ ਦੇ ਫੈਸਲੇ ਲੈਣ ਦੀ ਯੋਗਤਾ ਨੂੰ ਵਿਖਾਇਆ ਹੈ।

ਪਰ, ਜਵਾਨ ਲੋਕਾਂ ਨੂੰ ਆਪਣੇ ਮਾਪਿਆਂ ਦੀ ਸਲਾਹ ਨੂੰ ਅਣਵੇਖਿਆ ਨਹੀਂ ਕਰਨਾ ਚਾਹੀਦਾ, ਭਾਵੇਂ ਉਨ੍ਹਾਂ ਦੇ ਮਾਪੇ ਪਰਮੇਸ਼ੁਰ ਦੀ ਸੇਵਾ ਨਾ ਹੀ ਕਰ ਰਹੇ ਹੋਣ। ਇਸ ਦੀਆਂ ਕੁਝ ਉਦਾਹਰਣਾਂ ਹੋ ਸਕਦੀਆਂ ਹਨ ਜਿਨ੍ਹਾਂ ਵਿੱਚ ਇੱਕ ਜਵਾਨ ਵਿਅਕਤੀ ਨੂੰ ਪਰਮੇਸ਼ੁਰ ਦੀ ਆਗਿਆਕਾਰੀ ਕਰਨ ਲਈ ਆਪਣੇ ਅਵਿਸ਼ਵਾਸੀ ਮਾਪਿਆਂ ਦੀਆਂ ਇੱਛਾਵਾਂ ਦੇ ਵਿਰੋਧ ਵਿੱਚ ਜਾਣਾ ਪਿਆ, ਪਰ ਇਹ ਕਦੇ ਵੀ ਵਿਦਰੋਹ (1 ਸਮੂਏਲ 15;23) ਦੇ ਢੰਗ ਨਾਲ ਜਾਂ ਨਿਰਾਦਰ (ਕੂਚ 20:12) ਦੇ ਨਾਲ ਨਹੀਂ ਕੀਤਾ ਜਾਣਾ ਚਾਹੀਦਾ। ਮਾਪਿਆਂ ਦੇ ਪਰਮੇਸ਼ੁਰ ਪ੍ਰਤੀ ਸਮਰਪਣ ਦੀ ਪਰਵਾਹ ਕੀਤੇ ਬਿਨਾਂ, ਪਰਮੇਸ਼ੁਰ ਉਨ੍ਹਾਂ ਦੇ ਦਿਲਾਂ ਨੂੰ ਨਰਮ ਕਰੇਗਾ ਤਾਂ ਜੋ ਉਹ ਆਪਣੇ ਪੁੱਤਰ ਜਾਂ ਪੁੱਤਰੀ ਦੇ ਵਿਆਹ ਉੱਤੇ ਆਪਣੀ ਅਸੀਸ ਦੇਣ। ਮਾਪਿਆਂ ਦੇ ਦਿਲਾਂ ਨੂੰ ਬਦਲਣ ਲਈ ਪਰਮੇਸ਼ੁਰ ਅੱਗੇ ਪ੍ਰਾਰਥਨਾ ਕਰਨ ਅਤੇ ਉਡੀਕ ਕਰਨਾ ਇਸ ਪੁੱਤਰ ਜਾਂ ਪੁੱਤਰੀ ਦੇ ਵਿਸ਼ਵਾਸ ਨੂੰ ਪਰਖੇਗਾ ਅਤੇ ਮਜ਼ਬੂਤ ਬਣਾਵੇਗਾ।

► ਵਿਆਹ ਦੇ ਫੈਸਲੇ ਵਿੱਚ ਮਾਪਿਆਂ ਦੀ ਸ਼ਮੂਲੀਅਤ ਬਾਰੇ ਵਚਨ ਤੋਂ ਸਿਧਾਂਤਾਂ ਜਾਂ ਉਦਾਹਰਣਾਂ ਬਾਰੇ ਚਰਚਾ ਕਰੋ। ਜੀਵਨ ਸਾਥੀ ਦੀ ਚੋਣ ਕਰਨ ਦੀ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਨ ਲਈ ਮਾਪਿਆਂ ਨੂੰ ਕੀ ਕਰਨਾ ਚਾਹੀਦਾ ਹੈ? ਵਿਆਹ ਦੇ ਫੈਸਲੇ ਵਿੱਚ ਇੱਕ ਮਸੀਹੀ ਬਾਲਗ ਦਾ ਆਪਣੇ ਮਾਪਿਆਂ ਦੇ ਪ੍ਰਤੀ ਕਿਸ ਤਰ੍ਹਾਂ ਦਾ ਰਵੱਈਆ ਹੋਣਾ ਚਾਹੀਦਾ ਹੈ?

## ਵਿਆਹ ਤੋਂ ਪਹਿਲਾਂ ਇੱਕ ਜੋੜੇ ਦੀ ਦੋਸਤੀ

ਜੇ ਇੱਕ ਦੂਸਰੇ ਨੂੰ ਮਿਲਣਾ ਸੰਭਵ ਹੈ, ਤਾਂ ਇੱਕ ਪੁਰਸ਼ ਅਤੇ ਇਸਤਰੀ ਲਈ ਇਹ ਉੱਤਮ ਹੈ ਕਿ ਵੱਖ-ਵੱਖ ਸਥਿੱਤੀਆਂ ਵਿੱਚ ਇੱਕ ਦੂਸਰੇ ਦੇ ਨਾਲ ਮਹੱਤਵਪੂਰਣ ਸਮਾਂ ਇਕੱਠੇ ਬਿਤਾਉਣ। ਇਹ ਉਨ੍ਹਾਂ ਨੂੰ ਇਹ ਜਾਣਨ ਦੇ ਯੋਗ ਬਣਾਉਂਦਾ ਹੈ ਕਿ ਦੂਸਰਾ ਵਿਅਕਤੀ ਕਿਸ ਤਰ੍ਹਾਂ ਵਿਹਾਰ ਕਰਦਾ ਹੈ, ਦੂਸਰਿਆਂ ਨਾਲ ਕਿਵੇਂ ਗੱਲਬਾਤ ਕਰਦਾ ਹੈ, ਕਿਵੇਂ ਅਣਚਾਹੇ ਹਾਲਾਤਾਂ ਪ੍ਰਤੀ ਪ੍ਰਤੀਉੱਤਰ ਦਿੰਦਾ ਹੈ, ਅਤੇ ਕਿਵੇਂ ਵੱਖ-ਵੱਖ ਹਾਲਾਤਾਂ ਦੇ ਨਾਲ ਨਜਿੱਠਦਾ ਹੈ। ਇਕੱਠੇ ਬਿਤਾਇਆ ਗਿਆ ਇਹ ਸਮਾਂ ਉਨ੍ਹਾਂ ਦੀ ਇਹ ਸਮਝਣ ਵਿੱਚ ਮਦਦ ਕਰਦਾ ਹੈ ਕਿ ਕੀ ਉਹ ਵਿਆਹ ਦੇ ਲਈ ਯੋਗ ਸਾਥੀ ਹਨ ਜਾਂ ਨਹੀਂ।

### ਸ਼ੁੱਧਤਾ ਦੇ ਲਈ ਸਮਰਪਣ

► ਵਿਦਿਆਰਥੀਆਂ ਨੂੰ ਸਮੂਹ ਲਈ 1 ਥੱਸਲੁਨੀਕੀਆਂ 4:1-8 ਅਤੇ 2 ਤਿਮੋਥਿਉਸ 2:19-22 ਨੂੰ ਪੜ੍ਹਨਾ ਚਾਹੀਦਾ ਹੈ।

ਪਰਮੇਸ਼ੁਰ ਨੇ ਪਿਆਰ ਨਾਲ ਆਦਮੀਆਂ ਅਤੇ ਔਰਤਾਂ ਨੂੰ ਸਰੀਰਕ ਅਤੇ ਭਾਵਨਾਤਮਕ ਨੇੜਤਾ ਲਈ ਇੱਛਾਵਾਂ ਅਤੇ ਯੋਗਤਾਵਾਂ ਦੇ ਨਾਲ ਬਣਾਇਆ ਹੈ। ਇਨ੍ਹਾਂ ਇੱਛਾਵਾਂ ਦੇ ਕਾਰਨ, ਜਿਹੜੇ ਦੋਸਤ ਭਵਿੱਖ ਵਿੱਚ ਵਿਆਹ ਦੇ ਲਈ ਅੱਗੇ ਵਧ ਰਹੇ ਹਨ ਉਨ੍ਹਾਂ ਨੂੰ ਇੱਕ ਦੂਸਰੇ ਨਾਲ ਆਪਣੇ ਰਿਸ਼ਤੇ ਵਿੱਚ ਸਾਵਧਾਨ ਰਹਿਣਾ ਚਾਹੀਦਾ ਹੈ। ਪਰਮੇਸ਼ੁਰ ਚਾਹੁੰਦਾ ਹੈ ਕਿ ਇਨ੍ਹਾਂ ਇੱਛਾਵਾਂ ਨੂੰ ਕੇਵਲ ਵਿਆਹ ਦੇ ਜੀਵਨ ਭਰ ਦੇ ਵਿਸ਼ੇਸ਼ ਸਮਰਪਣ ਵਿੱਚ ਹੀ ਪੂਰਾ ਕੀਤਾ ਜਾਵੇ।

ਜੇ ਇੱਕ ਪੁਰਸ਼ ਅਤੇ ਇੱਕ ਇਸਤਰੀ ਜਾਣਬੁੱਝ ਕੇ ਆਪਣੇ ਆਪ ਨੂੰ ਸਾਵਧਾਨੀ ਅਤੇ ਸ਼ੁੱਧਤਾ ਦੇ ਲਈ ਸਮਰਪਿਤ ਨਹੀਂ ਕਰਦੇ ਹਨ, ਤਾਂ ਇਹ ਸੰਭਾਵਨਾ ਹੈ ਕਿ ਪਰਤਾਵੇ ਦੇ ਸਮੇਂ ਉਹ ਆਪਣੀਆਂ ਇੱਛਾਵਾਂ ਦੇ ਅਨੁਸਾਰ ਚੱਲਣ ਦੇ ਦੁਆਰਾ ਪਰਮੇਸ਼ੁਰ ਦੀ ਅਵੱਗਿਆ ਕਰਨਗੇ। ਨੈਤਿਕ ਸ਼ੁੱਧਤਾ ਦੇ ਲਈ ਪਰਮੇਸ਼ੁਰ ਦੀਆਂ ਸ਼ਰਤਾਂ ਦੀ ਉਲੰਘਣਾ ਕਰਨਾ ਬਹੁਤ ਤਰੀਕਿਆਂ ਨਾਲ ਨੁਕਸਾਨਦਾਇਕ ਹੈ ਅਤੇ ਬਹੁਤ ਸਾਰੇ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ, ਕੇਵਲ ਉਸ ਪੁਰਸ਼ ਅਤੇ ਇਸਤਰੀ ਨੂੰ ਹੀ ਨਹੀਂ। ਉਲੰਘਣਾ ਕਰਨ ਦੇ ਨਤੀਜੇ ਅਫਸੋਸ, ਬੰਧਨ, ਦੋਸ਼ ਭਾਵਨਾ, ਸ਼ਰਮ, ਡਰ, ਬੇਯਕੀਨੀ, ਅਤੇ ਟੁੱਟੇ ਹੋਏ ਰਿਸ਼ਤੇ ਹੁੰਦੇ ਹਨ।

ਉਨ੍ਹਾਂ ਦੇ ਲਈ ਬਹੁਤ ਸਾਰੀਆਂ ਬਰਕਤਾਂ ਹਨ ਜੋ ਸ਼ੁੱਧਤਾ ਦੇ ਲਈ ਪਰਮੇਸ਼ੁਰ ਦੀ ਯੋਜਨਾ ਦੇ ਅਨੁਸਾਰ ਚੱਲਦੇ ਹਨ। ਜਿਹੜੇ ਆਗਿਆਕਾਰੀ ਦੇ ਦੁਆਰਾ ਪਰਮੇਸ਼ੁਰ ਦਾ ਆਦਰ ਕਰਦੇ ਹਨ ਉਹ ਉਸ ਹਰੇਕ ਭਲਾਈ ਨੂੰ ਅਨੁਭਵ ਕਰ ਸਕਦੇ ਹਨ ਜਿਸ ਦੀ ਪਰਮੇਸ਼ੁਰ ਨੇ ਉਨ੍ਹਾਂ ਲਈ ਯੋਜਨਾ ਬਣਾਈ ਹੈ। ਉਲੰਘਣਾ ਕਰਨ ਦੇ ਨਤੀਜਿਆਂ ਦੇ ਬਜਾਏ, ਉਹ ਅਨੰਦ ਅਤੇ ਸ਼ਾਂਤੀ ਪਾਉਣਗੇ। ਉਹ ਇੱਕ ਦੂਸਰੇ ਉੱਤੇ ਭਰੋਸਾ ਕਰਨ ਦੇ ਯੋਗ ਹੋਣਗੇ। ਉਹ ਪਰਮੇਸ਼ੁਰ ਨਾਲ ਅਤੇ ਇੱਕ ਦੂਸਰੇ ਦੇ ਨਾਲ ਇੱਕ ਭਰਪੂਰ ਕਰਨ ਵਾਲਾ ਰਿਸ਼ਤਾ ਰੱਖਣ ਦੇ ਯੋਗ ਹੋਣਗੇ।

> ਪਰਮੇਸ਼ੁਰ ਦੀ ਆਗਿਆਕਾਰੀ ਕਰਨਾ ਇਹ ਭਰੋਸਾ ਕਰਨਾ ਹੈ ਕਿ ਉਹ ਸਾਡੇ ਲਈ ਉੱਤਮ ਚਾਹੁੰਦਾ ਹੈ ਅਤੇ ਉਹ ਜਾਣਦਾ ਹੈ ਕਿ ਸਾਡੇ ਲਈ ਕੀ ਉੱਤਮ ਹੈ। (ਕਹਾਉਤਾਂ 3 ਨੂੰ ਵੇਖੋ।)

ਇਹ ਬਰਕਤਾਂ ਸ਼ੁੱਧਤਾ ਦੇ ਲਈ ਪਰਮੇਸ਼ੁਰ ਦੀ ਯੋਜਨਾ ਅਨੁਸਾਰ ਚੱਲਣ ਲਈ ਦ੍ਰਿੜ੍ਹ ਪ੍ਰੇਰਣਾ ਹਨ। ਹਾਲਾਂਕਿ, ਇਸ ਖੇਤਰ ਵਿੱਚ ਚੌਕਸੀ ਰੱਖਣ ਲਈ ਵਿਸ਼ਵਾਸੀਆਂ ਦੀ ਸਭ ਤੋਂ ਵੱਡੀ ਪ੍ਰੇਰਣਾ ਇਹ ਹੋਣੀ ਚਾਹੀਦੀ ਹੈ ਕਿ ਉਨ੍ਹਾਂ ਨੇ ਆਪਣੇ ਜੀਵਨ ਦੇ ਹਰੇਕ ਖੇਤਰ ਵਿੱਚ ਪ੍ਰਭੂ ਯਿਸੂ ਨੂੰ ਆਦਰ ਦੇਣਾ ਹੈ। ਇੱਕ ਜੋੜਾ ਜੋ ਇੱਕ ਦੂਸਰੇ ਦੇ ਨਾਲ ਮਿਲ ਰਿਹਾ ਹੈ ਉਸ ਨੂੰ ਇਹ ਪੁੱਛਣਾ ਚਾਹੀਦਾ ਹੈ, "ਅਸੀਂ ਆਪਣੇ ਰਿਸ਼ਤੇ ਵਿੱਚ ਕਿਵੇਂ **ਉੱਤਮ** ਢੰਗ ਨਾਲ ਪਰਮੇਸ਼ੁਰ ਨੂੰ ਆਦਰ ਦੇ ਸਕਦੇ ਹਾਂ? ਅਸੀਂ ਕਿਵੇਂ ਯਿਸੂ ਨੂੰ **ਸਭ ਤੋਂ ਜ਼ਿਆਦਾ** ਮਹਿਮਾ ਦੇ ਸਕਦੇ ਹਾਂ?"

ਅਸ਼ੁੱਧ ਕਿਰਿਆਵਾਂ ਤੋਂ ਬਚਣ ਲਈ, ਇੱਕ ਜੋੜਾ ਜੋ ਇੱਕ ਦੂਸਰੇ ਨੂੰ ਮਿਲ ਰਿਹਾ ਹੈ ਉਨ੍ਹਾਂ ਨੂੰ ਕਿਸੇ ਵੀ ਪ੍ਰਕਾਰ ਦੇ ਸਰੀਰਕ ਸੰਪਰਕ ਦੇ ਲਈ ਸਾਵਧਾਨੀ ਵਰਤਣੀ ਚਾਹੀਦੀ ਹੈ। ਉਨ੍ਹਾਂ ਨੂੰ ਅਜਿਹੇ ਸਥਾਨਾਂ ਉੱਤੇ ਇਕੱਲੇ ਲੰਬਾ ਸਮਾਂ ਬਿਤਾਉਣ ਤੋਂ ਬਚਣਾ ਚਾਹੀਦਾ ਹੈ ਜਿੱਥੇ ਉਹ ਮਹਿਸੂਸ ਕਰਦੇ ਹਨ ਕਿ ਇੱਥੇ

> ਤੁਹਾਡਾ ਅੱਜ ਦਾ ਸੰਜਮ ਤੁਹਾਡੇ ਭਵਿੱਖ ਦੇ ਜੀਵਨ ਸਾਥੀ ਲਈ ਇੱਕ ਤੋਹਫ਼ਾ ਹੈ। ਪਰਮੇਸ਼ੁਰ ਦੀ ਆਗਿਆਕਾਰੀ ਕਰਨ ਦੇ ਤੁਹਾਡੇ ਫੈਸਲੇ ਦੇ ਕਾਰਣ ਤੁਹਾਡਾ ਜੀਵਨ ਸਾਥੀ ਸੁਰੱਖਿਅਤ ਅਤੇ ਮਾਣ ਮਹਿਸੂਸ ਕਰੇਗਾ। ਤੁਹਾਡਾ ਜੀਵਨ ਸਾਥੀ ਬਹੁਤ ਪਿਆਰ ਮਹਿਸੂਸ ਕਰੇਗਾ।

ਕੋਈ ਵੀ ਨਹੀਂ ਜਾਣਗੇ ਕਿ ਉਹ ਕੀ ਕਰਦੇ ਹਨ। ਜਦੋਂ ਜੋੜਿਆਂ ਦੇ ਰਿਸ਼ਤੇ ਵਿੱਚ ਸਰੀਰਕ ਸੰਪਰਕ ਗੱਲਬਾਤ ਦੇ ਨਾਲੋਂ ਜ਼ਿਆਦਾ ਮਹੱਤਵਪੂਰਣ ਬਣ ਜਾਂਦਾ ਹੈ ਤਾਂ ਉਹ ਪਰਤਾਵੇ ਦੇ ਨਾਲ ਸੰਘਰਸ਼ ਕਰਦੇ ਹਨ। ਉਹ ਸ਼ਾਇਦ ਆਤਮਕ ਅਤੇ ਸੰਬੰਧਕ ਮਸਲਿਆਂ ਦੇ ਨਾਲ ਚੰਗੀ ਤਰ੍ਹਾਂ ਨਜਿੱਠ ਨਹੀਂ ਸਕਣਗੇ ਕਿਉਂਕਿ ਉਨ੍ਹਾਂ ਦੇ ਮਨਾਂ ਅਤੇ ਦਿਲਾਂ ਉੱਤੇ ਸਰੀਰਕ ਇੱਛਾ ਦਾ ਨਿਯੰਤਰਣ ਹੈ। ਰਿਸ਼ਤੇ ਦੀ ਸ਼ੁਰੂਆਤ ਵਿੱਚ ਮਿਲਕੇ ਇਹ ਫੈਸਲਾ ਕਰੋ ਕਿ ਤੁਸੀਂ ਵਿਆਹ ਤੋਂ ਪਹਿਲਾਂ ਆਪਣੇ ਰਿਸ਼ਤੇ ਵਿੱਚ ਕਿਹੜੇ ਵਿਸ਼ੇਸ਼ ਕੰਮ ਕਰੋਗੇ (ਅਤੇ ਨਹੀਂ ਕਰੋਗੇ)। ਤੁਹਾਡੀ ਯੋਜਨਾ ਤੁਹਾਡੇ ਵਿੱਚੋਂ ਹਰੇਕ ਨੂੰ ਪਾਪ ਤੋਂ ਬਚਾਵੇ, ਤੁਹਾਡੇ ਭਵਿੱਖ ਵਿਚਲੇ ਜੀਵਨ ਸਾਥੀਆਂ ਨੂੰ ਪਿਆਰ ਕਰਨ ਵਿੱਚ ਮਦਦ ਕਰੇ, ਅਤੇ ਤੁਹਾਨੂੰ ਪਰਮੇਸ਼ੁਰ ਦਾ ਆਦਰ ਕਰਨ ਦੇ ਯੋਗ ਬਣਾਵੇ। ਆਪਣੇ ਆਪ ਨੂੰ ਆਪਣੀ ਯੋਜਨਾ ਦੇ ਪ੍ਰਤੀ ਸਮਰਪਿਤ ਕਰੋ। ਧਰਮੀ ਗੁਰੂਆਂ ਦੇ ਪ੍ਰਤੀ ਜਵਾਬਦੇਹ ਬਣੋ ਅਤੇ ਉਨ੍ਹਾਂ ਦੁਆਰਾ ਦਿੱਤੀ ਸਲਾਹ ਅਤੇ ਦੱਸੀਆਂ ਗਈਆਂ ਸਾਵਧਾਨੀਆਂ ਨੂੰ ਸੁਣੋ। ਧਰਮੀ ਦੋਸਤਾਂ ਅਤੇ ਪਰਿਵਾਰਕ ਮੈਂਬਰਾਂ ਦੇ ਨਾਲ ਇਕੱਠੇ ਸਮਾਂ ਬਿਤਾਓ।

### ਕਿਰਿਆਵਾਂ ਜੋ ਉੱਨਤੀ ਨੂੰ ਵਧਾਉਂਦੀਆਂ ਹਨ

ਇੱਕ ਦੂਸਰੇ ਨੂੰ ਮਿਲਣ ਦਾ ਸਮਾਂ ਇੱਕ ਦੂਸਰੇ ਬਾਰੇ ਜਾਣਨ ਦਾ ਸਮਾਂ ਹੈ, ਪਰ ਇਹ ਉੱਨਤੀ ਦਾ ਸਮਾਂ ਵੀ ਹੋਣਾ ਚਾਹੀਦਾ ਹੈ। ਇੱਥੇ ਕੁਝ ਕਿਰਿਆਵਾਂ ਦੇ ਸੁਝਾਅ ਦਿੱਤੇ ਗਏ ਹਨ ਜਿਨ੍ਹਾਂ ਨੂੰ ਉਹ ਜੋੜਾ ਮਿਲਕੇ ਕਰ ਸਕਦਾ ਹੈ ਜੋ ਇੱਕ ਦੂਸਰੇ ਨੂੰ ਮਿਲ ਰਿਹਾ ਹੈ:

- ਕੰਮ ਦੇ ਪ੍ਰੋਜੈਕਟ ਕਰੋ।
- ਇੱਕ ਹੁਨਰ ਸਿੱਖੋ ਜੋ ਤੁਹਾਡੇ ਦੋਵਾਂ ਦੇ ਲਈ ਨਵਾਂ ਹੈ।
- ਚੰਗੀਆਂ ਕਿਤਾਬਾਂ ਨੂੰ ਪੜ੍ਹੋ ਅਤੇ ਉਨ੍ਹਾਂ ਬਾਰੇ ਚਰਚਾ ਕਰੋ।
- ਦੋਵੇਂ ਵਚਨ ਦੇ ਇੱਕੋ ਜਿਹੇ ਭਾਗਾਂ ਦਾ ਅਧਿਐਨ ਕਰੋ ਜਾਂ ਇਨ੍ਹਾਂ ਨੂੰ ਯਾਦ ਕਰੋ, ਫਿਰ ਉਨ੍ਹਾਂ ਬਾਰੇ ਚਰਚਾ ਕਰੋ।
- ਮਿਲਕੇ ਸੇਵਕਾਈ ਦੇ ਕੰਮਾਂ ਦੀ ਯੋਜਨਾ ਬਣਾਓ ਅਤੇ ਉਨ੍ਹਾਂ ਕੰਮਾਂ ਨੂੰ ਮਿਲਕੇ ਪੂਰਾ ਕਰੋ।
- ਮਿਲਕੇ ਬੱਚਿਆਂ ਦੀ ਦੇਖਭਾਲ ਕਰੋ।
- ਇੱਕ ਦੂਸਰੇ ਦੇ ਪਰਿਵਾਰ ਨਾਲ ਸਮਾਂ ਬਿਤਾਓ।

ਇਹ ਕਿਰਿਆਵਾਂ:

- ਇੱਕ ਪੁਰਸ਼ ਅਤੇ ਇੱਕ ਇਸਤਰੀ ਦੀ ਇੱਕ ਦੂਸਰੇ ਨੂੰ ਜਾਣਨ ਵਿੱਚ ਮਦਦ ਕਰਨਗੀਆਂ।
- ਉਨ੍ਹਾਂ ਦੀ ਇਹ ਜਾਣਨ ਵਿੱਚ ਮਦਦ ਕਰਨਗੀਆਂ ਕਿ ਉਹ ਇੱਕ ਦੂਸਰੇ ਲਈ ਯੋਗ ਸਾਥੀ ਹਨ ਜਾਂ ਨਹੀਂ।
- ਉਨ੍ਹਾਂ ਦੀ ਇੱਕ ਦੂਸਰੇ ਨਾਲ ਚੰਗੀ ਤਰ੍ਹਾਂ ਗੱਲਬਾਤ ਕਰਨ ਦੀ ਯੋਗਤਾ ਨੂੰ ਵਧਾਉਣਗੀਆਂ।
- ਉਨ੍ਹਾਂ ਦੀ ਉੱਨਤੀ ਕਰਨ ਵਿੱਚ ਮਦਦ ਕਰਨਗੀਆਂ।

► ਇੱਕ ਦੂਸਰੇ ਨੂੰ ਮਿਲਣ ਬਾਰੇ ਇਨ੍ਹਾਂ ਸਿਧਾਂਤਾਂ ਅਤੇ ਵਿਚਾਰਾਂ ਵਿੱਚੋਂ ਕਿਹੜਾ ਤੁਹਾਡੇ ਲਈ ਨਵਾਂ ਸੀ? ਤੁਹਾਡੇ ਸੰਦਰਭ ਵਿੱਚ ਵਿਸ਼ਵਾਸੀਆਂ ਨੂੰ ਵਿਆਹ ਤੋਂ ਪਹਿਲਾਂ ਰਿਸ਼ਤਿਆਂ ਵਿੱਚ ਸ਼ੁਧਤਾ ਅਤੇ ਪਰਮੇਸ਼ੁਰ ਦਾ ਆਦਰ ਕਰਨ ਲਈ ਬਾਈਬਲ ਅਧਾਰਤ ਸਿਧਾਂਤਾਂ ਨੂੰ ਕਿਵੇਂ ਲਾਗੂ ਕਰਨਾ ਚਾਹੀਦਾ ਹੈ?

### ਵਿਆਹ ਤੋਂ ਪਹਿਲਾਂ ਚਰਚਾ ਕਰਨ ਲਈ ਵਿਸ਼ੇ

ਜਿਹੜੇ ਸੱਭਿਆਚਾਰਾਂ ਵਿੱਚ ਜੋੜਿਆਂ ਨੂੰ ਮੌਕਾ ਮਿਲਦਾ ਹੈ ਕਿ ਉਹ ਫੈਸਲਾ ਲੈਣ ਦੇ ਲਈ ਇੱਕ ਦੂਸਰੇ ਨੂੰ ਜਾਣਨ, ਉਨ੍ਹਾਂ ਦੇ ਲਈ ਮਹੱਤਵਪੂਰਣ ਮਸਲੇ ਹਨ ਜਿਨ੍ਹਾਂ ਬਾਰੇ ਵਿਆਹ ਤੋਂ ਪਹਿਲਾਂ ਚਰਚਾ ਕਰਨੀ ਚਾਹੀਦੀ ਹੈ।

ਕੁਝ ਸੱਭਿਆਚਾਰਾਂ ਵਿੱਚ, ਜਿੱਥੇ ਵਿਆਹ ਮਾਪਿਆਂ ਦੁਆਰਾ ਰਚਾਏ ਜਾਂਦੇ ਹਨ, ਇੱਕ ਜੋੜੇ ਨੂੰ ਮੌਕਾ ਨਹੀਂ ਮਿਲਦਾ ਕਿ ਉਹ ਇੱਕ ਦੂਸਰੇ ਨੂੰ ਚੰਗੀ ਤਰ੍ਹਾਂ ਜਾਣ ਸਕਣ। ਉਨ੍ਹਾਂ ਦੇ ਕੋਲ ਇਹ ਮੌਕਾ ਨਹੀਂ ਹੁੰਦਾ ਕਿ ਉਹ ਹਰੇਕ ਮਹੱਤਵਪੂਰਣ ਮਸਲੇ ਬਾਰੇ ਵਿਆਹ ਤੋਂ ਪਹਿਲਾਂ ਚਰਚਾ ਕਰ ਸਕਣ। ਇਸ ਸਥਿੱਤੀ ਵਿੱਚ, ਇਹ ਉੱਤਮ ਹੁੰਦਾ ਹੈ ਜੇ ਪੁਰਸ਼ ਅਤੇ ਇਸਤਰੀ ਦੇ ਮਾਪੇ ਇੱਕ ਦੂਸਰੇ ਦੇ ਨਾਲ ਜਾਣਕਾਰੀ ਸਾਂਝੀ ਕਰਨ ਅਤੇ ਇਹ ਯਕੀਨੀ ਬਣਾਉਣ ਕਿ ਜਵਾਨ ਜੋੜਾ ਇੱਕ ਦੂਸਰੇ ਦੇ ਯੋਗ ਹੈ।

ਜਿਨ੍ਹਾਂ ਮਾਮਲਿਆਂ ਵਿੱਚ ਵਿਆਹ ਕਰਾਉਣ ਵਾਲੇ ਦੋ ਲੋਕ ਇੱਕ ਦੂਸਰੇ ਬਾਰੇ ਬਹੁਤ ਘੱਟ ਜਾਣਦੇ ਹਨ, ਉਹ ਵਿਆਹ ਤੋਂ ਬਾਅਦ ਇਨ੍ਹਾਂ ਮਸਲਿਆਂ ਦੇ ਨਾਲ ਨਜਿੱਠਦੇ ਹਨ, ਪਰ ਇਹ ਮਸਲੇ ਉਨ੍ਹਾਂ ਦੀ ਚੋਣ ਨੂੰ ਪ੍ਰਭਾਵਿਤ ਨਹੀਂ ਸਕਦੇ, ਕਿਉਂਕਿ ਉਨ੍ਹਾਂ ਨੇ ਪਹਿਲਾਂ ਹੀ ਇੱਕ ਦੂਸਰੇ ਦੇ ਪ੍ਰਤੀ ਅਤੇ ਪਰਮੇਸ਼ੁਰ ਦੇ ਪ੍ਰਤੀ ਇੱਕ ਸਮਰਪਣ ਕਰ ਲਿਆ ਹੈ।

ਜਿੰਨਾ ਜ਼ਿਆਦਾ ਇੱਕ ਪੁਰਸ਼ ਅਤੇ ਇੱਕ ਇਸਤਰੀ ਦੇ ਵਿਸ਼ਵਾਸ, ਪਿਛੋਕੜ, ਸੱਭਿਆਚਾਰ, ਜੀਵਨ ਦੇ ਟੀਚੇ, ਅਤੇ ਕਦਰਾਂ ਕੀਮਤਾਂ ਮੇਲ ਖਾਂਦੀਆਂ ਹਨ, ਓਨਾ ਜ਼ਿਆਦਾ ਉਹ ਵਿੱਚ ਇੱਕ ਦੂਸਰੇ ਦੇ ਲਈ ਯੋਗ ਹੋਣਗੇ। ਜੇ ਸੰਭਵ ਹੋਵੇ, ਤਾਂ ਇੱਕ ਜੋੜਾ ਜੋ ਵਿਆਹ ਕਰਾਉਣ ਬਾਰੇ ਸੋਚ ਰਿਹਾ ਹੈ ਉਨ੍ਹਾਂ ਨੂੰ ਇਹ ਚਰਚਾ ਕਰਨ ਲਈ ਸਮਾਂ ਬਿਤਾਉਣਾ ਚਾਹੀਦਾ ਹੈ:

- ਉਨ੍ਹਾਂ ਦੇ ਜੀਵਨ ਦੇ ਟੀਚੇ
- ਉਹ ਕਦਰਾਂ ਕੀਮਤਾਂ ਜੋ ਦੋਵਾਂ ਵਿੱਚੋਂ ਹਰੇਕ ਲਈ ਮਹੱਤਵਪੂਰਣ ਹਨ
- ਉਨ੍ਹਾਂ ਦਾ ਆਪਣਾ ਬਚਪਨ ਅਤੇ ਜਿਸ ਤਰ੍ਹਾਂ ਉਨ੍ਹਾਂ ਦਾ ਪਾਲਣ-ਪੋਸ਼ਣ ਹੋਇਆ ਸੀ
- ਉਨ੍ਹਾਂ ਦੇ ਮਾਪਿਆਂ ਅਤੇ ਹੋਰ ਰਿਸ਼ਤੇਦਾਰਾਂ ਦੇ ਨਾਲ ਉਨ੍ਹਾਂ ਦੇ ਰਿਸ਼ਤੇ
- ਉਨ੍ਹਾਂ ਦੇ ਨਿੱਜੀ ਸਿਧਾਂਤਕ ਵਿਸ਼ਵਾਸ ਅਤੇ ਵਿਸ਼ਵਾਸ ਦੇ ਅਭਿਆਸ, ਜਿਵੇਂ ਕਿ ਨਿੱਜੀ ਆਤਮਿਕ ਅਨੁਸ਼ਾਸ਼ਨ, ਕਲੀਸਿਯਾ ਦੇ ਵਿੱਚ ਹਾਜਰੀ, ਅਤੇ ਸੇਵਾ ਅਤੇ ਸੇਵਕਾਈ ਦੇ ਕੰਮ

- ਬੱਚਿਆਂ ਦੀ ਪਰਵਰਿਸ਼ ਬਾਰੇ ਉਨ੍ਹਾਂ ਦੀਆਂ ਸਮਝਾਂ ਅਤੇ ਧਾਰਨਾਵਾਂ, ਜਿਨ੍ਹਾਂ ਵਿੱਚ ਬੱਚਿਆਂ ਨੂੰ ਸਿਖਾਉਣਾ, ਸਿਖਲਾਈ ਦੇਣਾ, ਅਨੁਸ਼ਾਸ਼ਿਤ ਕਰਨਾ, ਅਤੇ ਮਸੀਹ ਨੂੰ ਜਾਣਨਾ ਅਤੇ ਉਸ ਦੀ ਆਗਿਆਕਾਰੀ ਕਰਨਾ ਸਿਖਾਉਣਾ, ਸ਼ਾਮਲ ਹੈ।
- ਪੈਸੇ ਬਾਰੇ ਉਨ੍ਹਾਂ ਦੇ ਵਿਚਾਰ, ਜਿਨ੍ਹਾਂ ਵਿੱਚ ਖਰਚ ਕਰਨਾ, ਬਚਤ ਕਰਨਾ, ਅਤੇ ਮੁਸ਼ਕਲ ਸਮਿਆਂ ਦੇ ਵਿੱਚ ਜੀਣਾ ਸ਼ਾਮਲ ਹੈ
- ਕੋਈ ਵੀ ਸਰੀਰਕ ਜਾਂ ਮਾਨਸਿਕ ਸਿਹਤ ਸੰਬੰਧੀ ਸਮੱਸਿਆ ਜਾਂ ਕੋਈ ਅਪੰਗਤਾ ਜੋ ਉਨ੍ਹਾਂ ਨੂੰ ਹੈ, ਅਤੇ ਉਹ ਸਿਹਤ ਸੰਬੰਧੀ ਸਮੱਸਿਆਵਾਂ ਜੋ ਉਨ੍ਹਾਂ ਦੇ ਪਰਿਵਾਰਾਂ ਵਿੱਚ ਆਮ ਹਨ

ਰਿਸ਼ਤੇ ਦੇ ਇਸ ਹਿੱਸੇ ਦੇ ਦੌਰਾਨ, ਤੁਹਾਨੂੰ ਜੀਵਨ ਦੇ ਮੁਸ਼ਕਲ ਅਤੇ ਗੁੰਝਲਦਾਰ ਵਿਸ਼ਿਆਂ ਬਾਰੇ ਗੱਲ ਕਰਨੀ ਚਾਹੀਦੀ ਹੈ। ਇੱਕ ਵਾਰ ਜਦੋਂ ਤੁਸੀਂ ਪਰਮੇਸ਼ੁਰ ਨਾਲ ਅਤੇ ਇੱਕ ਦੂਸਰੇ ਨਾਲ ਵਾਇਦਾ ਕਰ ਲਿਆ ਹੈ, ਫਿਰ ਭਾਵੇ ਭਲਾ ਹੋਵੇ ਜਾਂ ਬੁਰਾ ਤੁਸੀਂ ਵਿਆਹੇ ਹੋਏ ਹੋ। ਇੱਕ ਵਿਆਹੁਤਾ ਰਿਸ਼ਤੇ, ਇੱਕ ਪਤੀ ਅਤੇ ਇੱਕ ਪਤਨੀ ਇੱਕ ਦੂਸਰੇ ਨਾਲ ਉਹ ਸਭ ਸਾਂਝਾ ਕਰਦੇ ਹਨ ਜੋ ਉਹ ਹਨ, ਇਸ ਲਈ ਵਿਆਹ ਦੇ ਵੱਲ ਅਗਵਾਈ ਕਰਦੀ ਹੋਈ ਇੱਕ ਇਮਾਨਦਾਰ ਗੱਲਬਾਤ ਬਹੁਤ ਮਹੱਤਵਪੂਰਣ ਹੈ। ਚਰਚਾਵਾਂ ਖੁੱਲ੍ਹੀਆਂ ਅਤੇ ਡੂੰਘੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਇਨ੍ਹਾਂ ਦਾ ਖੁੱਲ੍ਹਾ ਹੋਣਾ ਅਤੇ ਡੂੰਘਾ ਹੋਣਾ ਵਧਦਾ ਜਾਣਾ ਚਾਹੀਦਾ ਹੈ। ਜੇ ਉਹ ਵਿਅਕਤੀ ਜਿਸ ਨਾਲ ਤੁਸੀਂ ਵਿਆਹ ਕਰਾਉਣਾ ਹੈ ਇਨ੍ਹਾਂ ਮਹੱਤਵਪੂਰਣ ਮਸਲਿਆਂ ਬਾਰੇ ਗੱਲ ਨਹੀਂ ਕਰਨਾ ਚਾਹੁੰਦਾ, ਤਾਂ ਇਹ ਗੰਭੀਰ ਖਤਰੇ ਦਾ ਨਿਸ਼ਾਨ ਹੈ।

ਉਨ੍ਹਾਂ ਦੇ ਵਿਆਹ ਤੋਂ ਬਿਲਕੁਲ ਪਹਿਲਾਂ, ਇੱਕ ਜੋੜੇ ਨੂੰ ਵਿਆਹ ਵਿੱਚ ਲਿੰਗਕ ਰਿਸ਼ਤੇ ਬਾਰੇ ਆਪਣੇ ਵਿਸ਼ਵਾਸਾਂ, ਉਮੀਦਾਂ, ਅਤੇ ਇੱਛਾਵਾਂ ਬਾਰੇ ਚਰਚਾ ਕਰਨੀ ਚਾਹੀਦੀ ਹੈ। ਰਿਸ਼ਤੇ ਵਿੱਚ ਲਿੰਗਕ ਸੰਬੰਧਾਂ ਬਾਰੇ ਬਹੁਤ ਪਹਿਲਾਂ ਚਰਚਾ ਕਰਨਾ ਬੇਲੋੜੇ ਪਰਤਾਵੇ ਦਾ ਕਾਰਣ ਬਣ ਸਕਦਾ ਹੈ, ਪਰ ਵਿਆਹ ਤੋਂ ਪਹਿਲਾਂ ਇਸ ਬਾਰੇ ਗੱਲ ਕਰਨਾ ਮਹੱਤਵਪੂਰਣ ਹੈ।

ਇੱਕ ਪੁਰਸ਼ ਅਤੇ ਇੱਕ ਇਸਤਰੀ ਜੋ ਇੱਕ ਦੂਸਰੇ ਨਾਲ ਵਿਆਹ ਕਰ ਰਹੇ ਹਨ, ਇਹ ਉਨ੍ਹਾਂ ਲਈ ਮਦਦਗਾਰ ਹੋਵੇਗਾ:

- ਬੌਧਿਕ ਤੌਰ ’ਤੇ ਇੱਕੋ ਜਿਹੇ ਹੋਣ ਲਈ।
- ਵਿਆਹੁਤਾ ਜੀਵਨ ਦੇ ਲਈ ਇੱਕੋ ਜਿਹੀਆਂ ਉਮੀਦਾ ਰੱਖਣ ਦੇ ਲਈ।
- ਇੱਕੋ ਜਿਹੇ ਸਿਧਾਂਤਕ ਵਿਸ਼ਵਾਸ ਅਤੇ ਆਤਮਿਕ ਅਭਿਆਸ ਰੱਖਣ ਦੇ ਲਈ।
- ਪੈਸੇ ਅਤੇ ਸਮੇਂ ਦੀ ਵਰਤੋਂ ਸੰਬੰਧੀ ਇੱਕੋ ਜਿਹੀਆਂ ਕਦਰਾਂ ਕੀਮਤਾਂ ਅਤੇ ਅਭਿਆਸ ਰੱਖਣ ਦੇ ਲਈ।
- ਜੀਵਨ ਅਤੇ ਬੱਚਿਆਂ ਦੀ ਪਰਵਰਿਸ਼ ਬਾਰੇ ਵਿਸਥਾਰਾਂ ਦੀ ਸਾਂਝੀ ਸਮਝ ਰੱਖਣ ਵਿੱਚ।

**ਇੱਕ ਦੂਸਰੇ ਨੂੰ ਮਿਲਣ ਵਿੱਚ ਖਤਰੇ ਦੇ ਨਿਸ਼ਾਨ**

ਜੋਹਨ ਡ੍ਰੇਸਚਰ ਅੱਠ ਸਮੱਸਿਆਵਾਂ ਦੀ ਸੂਚੀ ਦਿੰਦੇ ਹਨ ਜੋ ਜਿਨ੍ਹਾਂ ਦੇ ਕਾਰਣ ਇੱਕ ਪੁਰਸ਼ ਜਾਂ ਇਸਤਰੀ ਨੂੰ ਗੰਭੀਰਤਾ ਦੇ ਨਾਲ ਇੱਕ ਦੂਸਰੇ ਨੂੰ ਮਿਲਣ ਦਾ ਰਿਸ਼ਤਾ ਖਤਮ ਕਰ ਦੇਣਾ ਚਾਹੀਦਾ ਹੈ:[27]

1. **ਤੁਸੀਂ ਅਤੇ ਤੁਹਾਡਾ ਮਿੱਤਰ ਇੱਕ ਦੂਸਰੇ ਨਾਲ ਲਗਾਤਾਰ ਬਹਿਸ ਕਰਦੇ ਹੋ।**

2. **ਤੁਸੀਂ ਸੰਵੇਦਨਸ਼ੀਲ ਵਿਸ਼ਿਆਂ ਬਾਰੇ ਚਰਚਾ ਕਰਨ ਤੋਂ ਬਚਦੇ ਹੋ** ਕਿਉਂਕਿ ਤੁਸੀਂ ਆਪਣੇ ਮਿੱਤਰ ਨੂੰ ਭਾਵਨਾਤਮਕ ਤੌਰ ’ਤੇ ਠੇਸ ਨਹੀਂ ਪਹੁੰਚਾਉਣਾ ਚਾਹੁੰਦੇ। ਜੇ ਤੁਸੀਂ ਆਪਣੇ ਆਪ ਨੂੰ ਦੱਸਦੇ ਹੋ, “ਬਿਹਤਰ ਹੈ ਕਿ ਮੈਂ ਇਸ ਬਾਰੇ ਗੱਲ ਨਾ ਕਰਾਂ” – ਇਹ ਇੱਕ ਖਤਰੇ ਦਾ ਨਿਸ਼ਾਨ ਹੈ। ਵਿਆਹ ਦਾ ਅਰਥ ਹੈ ਕਿ ਤੁਹਾਨੂੰ ਦਲੇਰੀ ਅਤੇ ਪਿਆਰ ਨਾਲ ਬਹੁਤ ਸਾਰੀਆਂ ਗੱਲਾਂ ਬਾਰੇ ਚਰਚਾ ਕਰਨ ਦੀ ਲੋੜ ਹੋਵੇਗੀ।

3. **ਤੁਹਾਡਾ ਰਿਸ਼ਤਾ ਸਰੀਰਕ ਹੁੰਦਾ ਜਾ ਰਿਹਾ ਹੈ।** ਇੱਕ ਅਣਵਿਆਹੇ ਜੋੜੇ ਦੇ ਰੂਪ ਜਿੰਨਾ ਜ਼ਿਆਦਾ ਤੁਸੀਂ ਸਰੀਰਕ ਤੌਰ ’ਤੇ ਸ਼ਾਮਲ ਹੋਵੋਗੇ, ਓਨਾ ਘੱਟ ਤੁਸੀਂ ਇੱਕ ਦੂਸਰੇ ਨਾਲ ਸ਼ਬਦਾਂ, ਆਵਾਜ਼ ਦੇ ਸੁਰ, ਚਿਹਰੇ ਦੇ ਹਾਵ-ਭਾਵ, ਅਤੇ ਸਰੀਰ ਦੀ ਭਾਸ਼ਾ ਦੁਆਰਾ ਗੱਲ ਕਰਨਾ ਸਿੱਖੋਗੇ। ਜ਼ਿਆਦਾ ਸਪਰਸ਼ ਕਰਨਾ ਅਤੇ ਘੱਟ ਗੱਲ ਕਰਨਾ ਇੱਕ ਅਸਲ ਖਤਰੇ ਦਾ ਨਿਸ਼ਾਨ ਹੋ ਸਕਦਾ ਹੈ।

4. **ਤੁਸੀਂ ਮਹਿਸੂਸ ਕਰਦੇ ਹੋ ਕਿ ਤੁਸੀਂ ਕਿਸੇ ਪ੍ਰਕਾਰ ਦੇ ਡਰ ਕਾਰਨ ਰਿਸ਼ਤੇ ਵਿੱਚ ਰਹਿ ਰਹੇ ਹੋ।** ਉਦਾਹਰਣ ਦੇ ਲਈ, “ਮੈਂ ਇਸ ਰਿਸ਼ਤੇ ਨੂੰ ਖਤਮ ਕਰਨਾ ਚਾਹੁੰਦਾ ਹਾਂ, ਪਰ ਮੈਂ ਕਿਸੇ ਨੂੰ ਨਿਰਾਸ਼ ਨਹੀਂ ਕਰਨਾ ਚਾਹੁੰਦਾ।”

5. **ਤੁਹਾਡਾ ਦੋਸਤ ਉਸਾਰੂ ਅਲੋਚਨਾ ਨੂੰ ਸੁਣ ਨਹੀਂ ਸਕਦਾ ਹੈ।** ਜਦੋਂ ਤੁਹਾਡਾ ਮਿੱਤਰ ਗਲਤ ਹੁੰਦਾ ਹੈ, ਤਾਂ ਕੀ ਉਹ ਗਲਤੀ ਨੂੰ ਮੰਨ ਕੇ ਮਾਫ਼ੀ ਮੰਗਣ ਤੋਂ ਇਨਕਾਰ ਕਰਦਾ ਹੈ? ਇਹ ਹੁਣ ਵਿਨਾਸ਼ਕਾਰੀ ਹੈ, ਅਤੇ ਇਹ ਬਾਅਦ ਵਿੱਚ ਹੋਰ ਵੀ ਵਿਨਾਸ਼ਕਾਰੀ ਹੋਵੇਗਾ, ਜੇ ਤੁਸੀਂ ਇੱਕ ਦੂਸਰੇ ਨਾਲ ਵਿਆਹ ਕਰਦੇ ਹੋ ਤਾਂ।

6. **ਮਾਪਿਆਂ ਨੂੰ ਜਾਂ ਮਹੱਤਵਪੂਰਣ ਦੋਸਤਾਂ ਨੂੰ ਤੁਹਾਡੇ ਰਿਸ਼ਤੇ ਅਤੇ ਤੁਹਾਡੇ ਸੰਭਾਵੀ ਵਿਆਹ ਬਾਰੇ ਇਤਰਾਜ਼ ਹਨ।** ਇਹ ਨਿਸ਼ਚਤ ਤੌਰ ’ਤੇ ਖਤਰੇ ਦਾ ਇੱਕ ਨਿਸ਼ਾਨ ਹੋ ਸਕਦਾ ਹੈ ਅਤੇ ਤੁਹਾਨੂੰ ਰਿਸ਼ਤੇ ਨੂੰ ਖਤਮ ਕਰਨ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਇਹ ਸੱਚ ਹੈ ਕਿ ਤੁਸੀਂ ਕੇਵਲ ਇੱਕ ਵਿਅਕਤੀ ਦੇ ਨਾਲ ਨਹੀਂ ਕਰਦੇ, ਪਰ ਇੱਕ ਪਰਿਵਾਰ ਦੇ ਵਿੱਚ ਵਿਆਹ ਕਰਦੇ ਹੋ ਜਿਸ ਦਾ ਤੁਹਾਡੇ ਵਿਆਹੁਤਾ ਰਿਸ਼ਤੇ ਦੀ ਸੁਰੱਖਿਆ ਅਤੇ ਸਫ਼ਲਤਾ ਉੱਤੇ ਵੱਡਾ ਪ੍ਰਭਾਵ ਹੋਵੇਗਾ।

---

[27] Adapted from John Drescher, *For Better, For Worse: A Premarital Checklist,* (Morgantown, PA: Masthof Press, 1999), 30-31.

7. **ਤੁਹਾਡਾ ਮਿੱਤਰ ਲੋੜ ਤੋਂ ਜ਼ਿਆਦਾ ਈਰਖਾਲੂ ਜਾਂ ਸ਼ੱਕੀ ਹੈ।** ਉਦਾਹਰਣ ਦੇ ਲਈ, ਜੇ ਤੁਹਾਡਾ ਮਿੱਤਰ ਤੁਹਾਡੇ ਸ਼ਬਦਾਂ ਉੱਤੇ ਸਵਾਲ ਚੁੱਕਦਾ ਹੈ, ਜਾਂ ਹੋਰ ਤਰੀਕਿਆਂ ਨਾਲ ਤੁਹਾਡੇ ਉੱਤੇ ਭਰੋਸਾ ਨਹੀਂ ਕਰਦਾ ਹੈ, ਤਾਂ ਇਹ ਇੱਕ ਖਤਰੇ ਦਾ ਨਿਸ਼ਾਨ ਹੈ। ਭਰੋਸੇ ਦਾ ਨਾ ਹੋਣਾ ਕਿਸੇ ਵੀ ਵਿਆਹੁਤਾ ਰਿਸ਼ਤੇ ਨੂੰ ਮਾਰ ਦੇਵੇਗਾ। ਇਸ ਲਈ, ਜੇ ਤੁਹਾਡਾ ਮਿੱਤਰ ਲੋੜ ਤੋਂ ਜ਼ਿਆਦਾ ਈਰਖਾਲੂ ਜਾਂ ਭਰੋਸਾ ਕਰਨ ਵਾਲਾ ਨਹੀਂ ਹੈ, ਤਾਂ ਜਦੋਂ ਸੰਭਵ ਹੈ ਆਪਣੇ ਰਿਸ਼ਤੇ ਨੂੰ ਖਤਮ ਕਰ ਦੇਵੋ।

8. **ਰਿਸ਼ਤੇ ਦੇ ਬਾਰੇ ਤੁਹਾਨੂੰ ਇੱਕ ਅਣਸੁਖਾਵੀਂ ਭਾਵਨਾ ਹੈ;** ਖਾਸ ਕਰਕੇ ਜਦੋਂ ਤੁਸੀਂ ਆਪਣੇ ਮਿੱਤਰ ਦੇ ਨਾਲ ਇਕੱਲੇ ਹੁੰਦੇ ਹੋ। ਤੁਹਾਨੂੰ ਅਜਿਹੇ ਖਿਆਲ ਆਉਂਦੇ ਹਨ ਜਾਂ ਤੁਹਾਨੂੰ ਅਜਿਹਾ ਜਾਪਦਾ ਹੈ, “ਕੁਝ ਤਾਂ ਗਲਤ ਹੈ।” ਉਸ ਅੰਦਰੂਨੀ ਸ਼ਾਂਤੀ ਦੀ ਘਾਟ ਵੱਲ ਧਿਆਨ ਦਿਓ।

## ਸਾਰ

ਕਹਾਉਤਾਂ 24:3-4, “ਬੁੱਧ ਨਾਲ ਘਰ ਬਣਾਈਦਾ ਹੈ, ਅਤੇ ਸਮਝ ਨਾਲ ਉਹ ਅਸਥਿਰ ਰਹਿੰਦਾ ਹੈ। ਗਿਆਨ ਦੇ ਰਾਹੀਂ ਉਹ ਦੀਆਂ ਕੋਠੜੀਆਂ ਸਭ ਪਰਕਾਰ ਦੇ ਅਣਮੁੱਲ ਅਤੇ ਮਨ ਭਾਉਂਦੇ ਪਦਾਰਥਾਂ ਨਾਲ ਭਰਦੀਆਂ ਹਨ।”

ਇੱਕ ਜੀਵਨ ਸਾਥੀ ਦੀ ਚੋਣ ਕਰਨਾ ਸਭ ਤੋਂ ਜ਼ਿਆਦਾ ਮਹੱਤਵਪੂਰਣ ਚੋਣ ਹੈ ਜੋ ਕੋਈ ਕਰ ਸਕਦਾ ਹੈ। ਪਰਮੇਸ਼ੁਰ ਤਦ ਆਪਣੇ ਬੱਚਿਆਂ ਦੀ ਸਮਝਦਾਰੀ ਨਾਲ ਚੋਣ ਕਰਨ ਵਿੱਚ ਮਦਦ ਕਰਨ ਵਿੱਚ ਪ੍ਰਸੰਨ ਹੁੰਦਾ ਹੈ ਜਦੋਂ ਉਹ ਸੰਭਾਵੀ ਜੀਵਨ ਸਾਥੀਆਂ ਬਾਰੇ ਵਿਚਾਰ ਕਰਦੇ ਹਨ ਅਤੇ ਉਨ੍ਹਾਂ ਨੂੰ ਜਾਣਦੇ ਹਨ।

## ਸਮੂਹ ਵਿੱਚ ਚਰਚਾ ਲਈ

► ਇਸ ਪਾਠ ਵਿੱਚ ਕਿਹੜਾ ਵਿਸ਼ਾ ਤੁਹਾਡੇ ਲਈ ਨਵਾਂ ਸੀ? ਇਹ ਮਹੱਤਵਪੂਰਣ ਕਿਉਂ ਹੈ? ਇਸ ਨੂੰ ਸਮਝਣਾ ਕਿਵੇਂ ਤੁਹਾਡੇ ਰਿਸ਼ਤਿਆਂ ਵਿੱਚ ਤੁਹਾਡੀ ਮਦਦ ਕਰੇਗਾ? ਇਸ ਨੂੰ ਸਮਝਣਾ ਦੂਸਰਿਆਂ ਪ੍ਰਤੀ ਤੁਹਾਡੀ ਸੇਵਕਾਈ ਨੂੰ ਕਿਵੇਂ ਪ੍ਰਭਾਵਿਤ ਕਰੇਗਾ?

## ਪ੍ਰਾਰਥਨਾ

ਸਵਰਗੀ ਪਿਤਾ,

ਸਾਡੀ ਅਗਵਾਈ ਕਰਨ ਅਤੇ ਸਾਡੇ ਲਈ ਮੁਹੱਈਆ ਕਰਾਉਣ ਵਾਸਤੇ ਤੇਰਾ ਧੰਨਵਾਦ। ਉਨ੍ਹਾਂ ਸਿਧਾਂਤਾਂ ਦੇ ਲਈ ਤੇਰਾ ਧੰਨਵਾਦ ਜੋ ਤੂੰ ਸਾਨੂੰ ਆਪਣੇ ਵਚਨ ਵਿੱਚ ਦਿੱਤੇ ਹਨ ਜੋ ਜੀਵਨ ਵਿੱਚ ਮਹੱਤਵਪੂਰਣ ਫੈਸਲੇ ਲੈਣ ਬਾਰੇ ਸਮਝਦਾਰੀ ਨਾਲ ਚੋਣ ਕਰਨ ਵਿੱਚ ਸਾਡੀ ਮਦਦ ਕਰਦੇ ਹਨ।

ਜਦੋਂ ਅਸੀਂ ਇੱਕ ਜੀਵਨ ਸਾਥੀ ਦੀ ਖੋਜ ਕਰਦੇ ਹਾਂ ਤਦ ਸਾਡੀ ਮਦਦ ਕਰ ਕਿ ਅਸੀਂ ਤੇਰੀਆਂ ਤਰਜੀਹਾਂ ਉੱਤੇ ਧਿਆਨ ਦੇ ਸਕੀਏ। ਸਾਡੀ ਉਹ ਪੁਰਸ਼ ਅਤੇ ਇਸਤਰੀਆਂ ਬਣਨ ਵਿੱਚ ਮਦਦ ਕਰ ਜੋ ਤੂੰ ਚਾਹੁੰਦਾ ਹੈਂ ਕਿ ਅਸੀਂ ਬਣੀਏ। ਸਾਡੀ ਮਦਦ ਕਰ ਕਿ ਅਸੀਂ ਹਲੀਮ ਬਣੀਏ ਅਤੇ ਧਰਮੀ ਲੋਕਾਂ ਦੀ ਸਲਾਹ ਨੂੰ ਸੁਣੀਏ।

ਅਸੀਂ ਪਵਿੱਤਰ, ਵਫ਼ਾਦਾਰ ਜੀਵਨ ਜੀਣਾ ਚਾਹੁੰਦੇ ਹਾਂ ਜੋ ਤੈਨੂੰ ਆਦਰ ਦੇਣ।

ਆਮੀਨ

## ਪਾਠ ਕਾਰਜ

(1) ਆਪਣੀ ਸੇਵਕਾਈ ਦੇ ਸੰਦਰਭ ਵਿੱਚ ਸਿਖਾਉਣ ਲਈ ਇਸ ਪਾਠ ਦੇ ਹਿੱਸੇ ਦੀ ਚੋਣ ਕਰੋ। ਤੁਸੀਂ ਇੱਕ ਵਿਅਕਤੀ ਨੂੰ ਜਾਂ ਜਵਾਨ ਲੋਕਾਂ ਦੇ ਸਮੂਹ ਨੂੰ ਸਿਖਾ ਸਕਦੇ ਹੋ। ਜਦੋਂ ਤੁਸੀਂ ਕਲਾਸ ਦੇ ਬਾਹਰ ਇਹ ਸਿੱਖਿਆ ਦਿੰਦੇ ਹੋ ਤਾਂ ਆਪਣੀ ਕਲਾਸ ਦੇ ਆਗੂ ਨੂੰ ਇਸ ਬਾਰੇ ਦੱਸੋ।

(2) ਲਿਖਤੀ ਰੂਪ ਵਿੱਚ, ਆਪਣੇ ਸੱਭਿਆਚਾਰ ਵਿੱਚ ਇੱਕ ਧਰਮੀ ਪੁਰਸ਼ ਅਤੇ ਇਸਤਰੀ ਦੇ ਰਿਸ਼ਤੇ ਦੇ ਗੁਣਾਂ ਦਾ ਵਰਣਨ ਕਰੋ ਜੋ ਵਿਆਹ ਬਾਰੇ ਵਿਚਾਰ ਕਰ ਰਹੇ ਹਨ ਜਾਂ ਵਿਆਹ ਕਰਨ ਦੀ ਯੋਜਨਾ ਬਣਾ ਰਹੇ ਹਨ।

(3) ਭਾਵੇਂ ਤੁਸੀਂ ਵਿਆਹੇ ਹੋਏ ਹੋ ਜਾਂ ਨਹੀਂ, ਇੱਕ ਸੰਭਾਵੀ ਜੀਵਨ ਸਾਥੀ ਵਿੱਚ ਵੇਖਣ ਲਈ ਚਰਿੱਤਰ ਦੇ ਗੁਣਾਂ ਦੀ ਸੂਚੀ ਦੀ ਸਮੀਖਿਆ ਕਰੋ। ਵਚਨ ਦੇ ਦਿੱਤੇ ਗਏ ਹਰੇਕ ਹਵਾਲੇ ਨੂੰ ਪੜ੍ਹੋ। ਪਰਮੇਸ਼ੁਰ ਤੋਂ ਮੰਗੋ ਕਿ ਉਹ ਵਿਖਾਵੇ ਕਿ ਤੁਹਾਨੂੰ ਕਿਵੇਂ ਵਧਣ ਦੀ ਲੋੜ ਹੈ।

(4) ਜੇ ਤੁਸੀਂ ਕੁਆਰੇ ਹੋ ਅਤੇ ਭਵਿੱਖ ਵਿੱਚ ਵਿਆਹ ਕਰਾਉਣ ਦੀ ਯੋਜਨਾ ਬਣਾ ਰਹੇ ਹੋ, ਇਹ ਵਰਣਨ ਕਰਦੇ ਹੋਏ ਇੱਕ ਸੂਚੀ ਬਣਾਓ ਕਿ ਤੁਸੀਂ ਆਪਣੇ ਜੀਵਨ ਸਾਥੀ ਵਿੱਚ ਕੀ ਵੇਖ ਰਹੇ ਹੋ। ਤੁਹਾਨੂੰ ਇਹ ਆਪਣੀ ਕਲਾਸ ਦੇ ਆਗੂ ਨਾਲ ਸਾਂਝਾ ਕਰਨ ਦੀ ਲੋੜ ਨਹੀਂ ਹੈ, ਪਰ ਤੁਸੀਂ ਬੱਸ ਉਸ ਨੂੰ ਦੱਸੋ ਕਿ ਤੁਸੀਂ ਇਹ ਕਾਰਜ ਪੂਰਾ ਕੀਤਾ ਹੈ।

# ਪਾਠ 7

# ਇੱਕ ਵਿਆਹੁਤਾ ਰਿਸ਼ਤੇ ਨੂੰ ਮਜ਼ਬੂਤ ਬਣਾਉਣਾ

## ਪਾਠ ਦੇ ਟੀਚੇ

ਇਸ ਪਾਠ ਦੇ ਅੰਤ ਵਿੱਚ, ਵਿਦਿਆਰਥੀ ਹੇਠਾਂ ਦੱਸੇ ਕੰਮ ਕਰਨ ਦੇ ਯੋਗ ਹੋਣੇ ਚਾਹੀਦੇ ਹਨ:

(1) ਪੁਰਸ਼ਾਂ ਅਤੇ ਇਸਤਰੀਆਂ ਦੀ ਲੋੜਾਂ ਸੰਬੰਧੀ ਪਰਮੇਸ਼ੁਰ ਦੀ ਬਣਤਰ ਅਤੇ ਵਿਆਹ ਵਿੱਚ ਰਿਸ਼ਤਿਆਂ ਲਈ ਪਰਮੇਸ਼ੁਰ ਦੇ ਨਿਰਦੇਸ਼ਾਂ ਵਿਚਲੇ ਸੰਬੰਧ ਨੂੰ ਸਮਝਣਾ।

(2) ਉਨ੍ਹਾਂ ਤਰੀਕਿਆਂ ਨੂੰ ਵਿਖਾਉਣ ਜਿਨ੍ਹਾਂ ਦੁਆਰਾ ਪਤੀ ਅਤੇ ਪਤਨੀਆਂ ਵਚਨ ਦੇ ਸਿਧਾਂਤਾਂ ਦੀ ਪਾਲਣਾ ਕਰਦੇ ਹੋਏ ਇੱਕ ਦੂਸਰੇ ਦੀਆਂ ਲੋੜਾਂ ਨੂੰ ਪੂਰਾ ਕਰਦੇ ਹਨ।

## ਵਿਅਕਤੀਗਤ ਭਿੰਨਤਾਵਾਂ ਨੂੰ ਸਵੀਕਾਰ ਕਰਨਾ

ਇਹ ਕੋਈ ਭੇਤ ਨਹੀਂ ਹੈ ਕਿ ਪੁਰਸ਼ ਅਤੇ ਇਸਤਰੀਆਂ ਕਈ ਤਰੀਕਿਆਂ ਨਾਲ ਭਿੰਨ ਹਨ! ਬਹੁਤ ਸਾਰੇ ਪੁਰਸ਼ ਆਪਣੀਆਂ ਭਾਵਨਾਵਾਂ ਨੂੰ ਪਰਗਟ ਕਰਨ ਲਈ ਸੰਘਰਸ਼ ਕਰਦੇ ਹਨ, ਜਦੋਂ ਕਿ ਬਹੁਤ ਸਾਰੀਆਂ ਇਸਤਰੀਆਂ ਭਾਵਨਾਵਾਂ ਦੇ ਪ੍ਰਗਟਾਵੇ ਨੂੰ ਹਕੀਕੀ ਗੱਲਬਾਤ ਦਾ ਹਿੱਸਾ ਮੰਨਦੀਆਂ ਹਨ। ਪੁਰਸ਼ ਜ਼ਿਆਦਾ ਜ਼ੋਖਮ ਉਠਾਉਣ ਵੱਲ ਰੁਝਾਨ ਰੱਖਦੇ ਹਨ, ਜਦੋਂ ਕਿ ਇਸਤਰੀਆਂ ਆਮ ਤੌਰ ’ਤੇ ਸੁਰੱਖਿਆ ਦੇ ਬਾਰੇ ਚਿੰਤਤ ਹੁੰਦੀਆਂ ਹਨ। ਪੁਰਸ਼ ਸੁਭਾਵਿਕ ਤੌਰ ’ਤੇ ਸਰੀਰਕ ਸੁੰਦਰਤਾ ਵੱਲ ਵਧੇਰੇ ਆਕਰਸ਼ਿਤ ਹੁੰਦੇ ਹਨ, ਜਦੋਂ ਕਿ ਜ਼ਿਆਦਾਤਰ ਔਰਤਾਂ ਸੁਭਾਵਿਕ ਤੌਰ ’ਤੇ ਭਾਵਨਾਤਮਕ ਨੇੜਤਾ ਵੱਲ ਆਕਰਸ਼ਿਤ ਹੁੰਦੀਆਂ ਹਨ। ਹੋਰ ਬਹੁਤ ਸਾਰੀਆਂ ਭਿੰਨਤਾਵਾਂ ਨੂੰ ਸੂਚੀ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ।

ਲਿੰਗ ਦੇ ਵਿੱਚ ਆਮ ਭਿੰਨਤਾਵਾਂ ਤੋਂ ਇਲਾਵਾ, ਪਤੀ ਅਤੇ ਪਤਨੀ ਦੀ ਸਖਸ਼ੀਅਤ ਵਿੱਚ ਵੀ ਭਿੰਨਤਾਵਾਂ ਹੁੰਦੀਆਂ ਹਨ। ਹੋ ਸਕਦਾ ਹੈ ਕਿ ਇੱਕ ਨੂੰ ਲੋਕਾਂ ਦੇ ਨਾਲ ਹੋਣ ਤੋਂ ਅਨੰਦ ਮਿਲਦਾ ਹੋਵੇ, ਪਰ ਦੂਸਰੇ ਨੂੰ ਇਕੱਲੇ ਰਹਿਣ ਵਿੱਚ ਮਿਲਦਾ ਹੋਵੇਗਾ। ਛੋਟੀਆਂ-ਛੋਟੀਆਂ ਤਰਜੀਹਾਂ ਹੁੰਦੀਆਂ ਹਨ, ਜਿਵੇਂ ਕਿ ਘਰ ਦੇ ਵਿੱਚ ਕਿੰਨਾ ਚਾਨਣ ਹੋਣਾ ਚਾਹੀਦਾ ਹੈ ਜਾਂ ਕਮਰੇ ਦਾ ਤਾਪਮਾਨ ਕਿੰਨਾ ਹੋਣਾ ਚਾਹੀਦਾ ਹੈ। ਬਹੁਤ ਸਾਰੇ ਵਿਆਹੁਤਾ ਰਿਸ਼ਤਿਆਂ ਵਿੱਚ ਇਨ੍ਹਾਂ ਮਤਭੇਤਾਂ ਦੇ ਕਾਰਨ ਸਮੱਸਿਆ ਆਉਂਦੀ ਹੈ ਕਿ ਪੈਸੇ ਨੂੰ ਕਿਵੇਂ ਵਰਤਣਾ ਚਾਹੀਦਾ ਹੈ। ਜ਼ਰੂਰੀ ਨਹੀਂ ਹੈ ਕਿ ਇਹ ਭਿੰਨਤਾਵਾਂ ਚਰਿੱਤਰ ਦੇ ਵਿੱਚ ਭਿੰਨਤਾਵਾਂ ਹੋਣ; ਇਹ ਬੱਸ ਸਖਸ਼ੀਅਤ ਅਤੇ ਖਿਆਲਾਂ ਦੇ ਵਿੱਚ ਭਿੰਨਤਾਵਾਂ ਹੋ ਸਕਦੀਆਂ ਹਨ।

ਕਿਉਂਕਿ ਵਿਆਹ ਇੱਕ ਪੁਰਸ਼ ਅਤੇ ਇੱਕ ਇਸਤਰੀ ਨੂੰ ਇੱਕ ਕਰਦਾ ਹੈ, ਕਈ ਵਾਰ ਲੋਕ ਸੋਚਦੇ ਹਨ ਕਿ ਇਹ ਭਿੰਨਤਾਵਾਂ ਖਤਮ ਹੋ ਜਾਣੀਆਂ ਚਾਹੀਦੀਆਂ ਹਨ। ਇੱਕ ਵਿਅਕਤੀ ਸੋਚ ਸਕਦਾ ਹੈ ਕਿ ਉਸ ਦੇ ਜੀਵਨ ਸਾਥੀਆਂ ਦੀਆਂ ਭਿੰਨਤਾਵਾਂ ਉਹ ਨੁਕਸ ਹਨ ਜਿਨ੍ਹਾਂ ਨੂੰ ਸੁਧਾਰਿਆ ਜਾਣਾ ਚਾਹੀਦਾ ਹੈ। ਹਰੇਕ ਜੀਵਨ ਸਾਥੀ ਲਗਾਤਾਰ ਦੂਸਰੇ ਜੀਵਨ ਸਾਥੀ ਦੇ ਖਿਆਲਾਂ, ਆਦਤਾਂ, ਅਤੇ ਤਰਜੀਹਾਂ ਨੂੰ ਬਦਲਣ ਦੀ ਕੋਸ਼ਿਸ਼ ਕਰ ਸਕਦਾ ਹੈ।

ਇਹ ਸੱਚ ਹੈ ਕਿ ਹਰੇਕ ਵਿਅਕਤੀ ਨੂੰ ਰਿਸ਼ਤੇ ਦੇ ਕਾਰਨ ਵਿਕਸਤ ਹੋਣਾ ਚਾਹੀਦਾ ਹੈ ਅਤੇ ਸੁਧਾਰ ਕਰਨਾ ਚਾਹੀਦਾ ਹੈ। ਹਾਲਾਂਕਿ, ਕਈ ਵਾਰ ਇੱਕ ਵਿਅਕਤੀ ਨੂੰ ਬਦਲਣ ਦੀ ਸਾਡੀ ਕੋਸ਼ਿਸ਼ ਦੂਸਰੇ ਵਿਅਕਤੀ ਦੀ ਸਖਸ਼ੀਅਤ ’ਤੇ ਇੱਕ ਹਮਲਾ ਹੁੰਦੀ ਹੈ। ਚੰਗੇ ਵਿਆਹੁਤਾ ਰਿਸ਼ਤਿਆਂ ਵਿੱਚ, ਹਰੇਕ ਵਿਅਕਤੀ ਪਿਆਰ ਕਰਨ, ਆਦਰ ਦੇਣ, ਪ੍ਰਸ਼ੰਸ਼ਾ ਕਰਨ, ਅਤੇ ਦੂਸਰੇ ਦੀ ਸੇਵਾ ਕਰਨ ਦੇ ਅਨੁਸ਼ਾਸ਼ਨ ਨੂੰ ਵਿਕਸਤ ਕਰਦਾ ਹੈ।

► ਪੁਰਸ਼ਾਂ ਅਤੇ ਇਸਤਰੀਆਂ ਵਿੱਚ ਕਿਹੜੀਆਂ ਭਿੰਨਤਾਵਾਂ ਹਨ? ਸਖਸ਼ੀਅਤ ਦੇ ਵਿੱਚ ਹੋਰ ਕਿਹੜੀਆਂ ਭਿੰਨਤਾਵਾਂ ਹਨ ਜਿਨ੍ਹਾਂ ਨੂੰ ਲੋਕਾਂ ਨੂੰ ਸਵੀਕਾਰ ਕਰਨਾ ਚਾਹੀਦਾ ਹੈ?

## ਸੇਵਾ ਕਰਨ ਦੀ ਚੋਣ ਕਰਨਾ

ਗੈਰੀ ਥੋਮਸ ਆਪਣੀ ਕਿਤਾਬ, *ਸੇਕਰਡ ਮੈਰਿਜ਼,* ਵਿੱਚ ਆਖਦੇ ਹਨ,

> *ਇੱਕ ਚੰਗਾ ਵਿਆਹੁਤਾ ਰਿਸ਼ਤਾ ਹੁਣ ਨਹੀਂ ਹੈ ਜੋ ਤੁਹਾਨੂੰ ਪ੍ਰਾਪਤ ਹੁੰਦਾ ਹੈ, ਇਹ ਉਹ ਹੈ ਜਿਸ ਲਈ ਤੁਸੀਂ ਮਿਹਨਤ ਕਰਦੇ ਹੋ।* ਇਸ ਲਈ ਸੰਘਰਸ਼ ਕਰਨਾ ਪੈਂਦਾ ਹੈ। ਤੁਹਾਨੂੰ ਆਪਣੇ ਸਵਾਰਥ ਨੂੰ ਸਲੀਬ ਉੱਤੇ ਚੜ੍ਹਾਉਣਾ ਚਾਹੀਦਾ ਹੈ। ਕਈਆਂ ਸਮਿਆਂ ’ਤੇ ਤੁਹਾਨੂੰ ਸਾਹਮਣਾ ਕਰਨਾ ਚਾਹੀਦਾ ਹੈ, ਅਤੇ ਹੋਰ ਸਮਿਆਂ ’ਤੇ ਤੁਹਾਨੂੰ ਅੰਗੀਕਾਰ ਕਰਨਾ ਚਾਹੀਦਾ ਹੈ। ਮਾਫ਼ੀ ਦਾ ਅਭਿਆਸ ਜ਼ਰੂਰੀ ਹੈ। ਇਹ ਇੱਕ ਮੁਸ਼ਕਲ ਕੰਮ ਹੈ ਜਿਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਪਰ ਅਖੀਰ ਇਸ ਦਾ ਫਲ ਮਿਲਦਾ ਹੈ। ਅਖੀਰ, ਇਹ ਸੁੰਦਰਤਾ, ਭਰੋਸੇ, ਅਤੇ ਆਪਸੀ ਸਹਿਯੋਗ ਦੇ ਇੱਕ ਰਿਸ਼ਤੇ ਨੂੰ ਬਣਾਉਂਦਾ ਹੈ।[28]

ਥੋਮਸ ਓਟੋ ਪਾਇਪਰ ਦਾ ਹਵਾਲਾ ਦਿੰਦੇ ਹਨ:

> ਜੇ ਵਿਆਹ... ਬਹੁਤੇ ਲੋਕਾਂ ਲਈ ਨਿਰਾਸ਼ਾ ਭਰਿਆ ਅਨੁਭਵ ਹੈ, ਤਾਂ ਇਸ ਦਾ ਕਾਰਣ ਉਨ੍ਹਾਂ ਦੇ ਵਿਸ਼ਵਾਸ ਦੀ [ਉਦਾਸੀਨਤਾ] ਵਿੱਚ ਹੈ। ਉਹ ਇਸ ਸੱਚਾਈ ਨੂੰ ਪਸੰਦ ਨਹੀਂ ਕਰਦੇ ਹਨ ਕਿ ਪਰਮੇਸ਼ੁਰ ਦੀਆਂ ਬਰਕਤਾਂ ਤਦ ਹੀ

[28] Gary Thomas, *Sacred Marriage*, (Grand Rapids: Zondervan, 2000), 133.

ਪਾਈਆਂ ਜਾ ਸਕਦੀਆਂ ਹਨ ਅਤੇ ਤਦ ਹੀ ਇਨ੍ਹਾਂ ਦਾ ਅਨੰਦ ਮਾਣਿਆ ਜਾ ਸਕਦਾ ਹੈ ਜਦੋਂ ਲਗਾਤਾਰ ਇਨ੍ਹਾਂ ਦੀ ਭਾਲ ਕੀਤੀ ਜਾਂਦੀ ਹੈ (ਮੱਤੀ 7:7; ਲੂਕਾ 11:9)। ਇਸ ਲਈ, ਵਿਆਹ ਇੱਕ ਤੋਹਫ਼ਾ ਅਤੇ ਪੂਰਾ ਕਰਨ ਲਈ ਇੱਕ ਕੰਮ ਹੈ।[29]

ਵਿਆਹੁਤਾ ਰਿਸ਼ਤਾ ਅਕਸਰ ਇਸ ਕਾਰਣ ਵਧਣ-ਫੁੱਲਣ ਵਿੱਚ ਅਸਫ਼ਲ ਹੋ ਜਾਂਦਾ ਹੈ ਕਿਉਂਕਿ ਪਤੀ ਅਤੇ ਪਤਨੀਆਂ ਇੱਕ ਦੂਸਰੇ ਦੀਆਂ ਲੋੜਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਨ ਦੇ ਬਜਾਏ ਆਪਣੀਆਂ ਹੀ ਲੋੜਾਂ ਦੇ ਬਾਰੇ ਸੋਚਦੇ ਹਨ।

ਅਸੀਂ ਇੱਕ ਦੂਸਰੇ ਦੀਆਂ **ਸਭ ਤੋਂ ਡੂੰਘੀਆਂ** ਲੋੜਾਂ ਨੂੰ ਪੂਰਾ **ਨਹੀਂ ਕਰ ਸਕਦੇ**। ਕੇਵਲ ਸਾਡਾ ਸਵਰਗੀ ਪਿਤਾ ਹੀ ਸਾਡੀਆਂ ਲਾਲਸਾਵਾਂ ਅਤੇ ਇੱਛਾਵਾਂ ਨੂੰ ਸੰਤੁਸ਼ਟ ਕਰ ਸਕਦਾ ਹੈ, ਅਤੇ ਇਸੇ ਲਈ ਯਿਸੂ ਆਇਆ ਸੀ। ਉਸ ਦਾ ਉਦੇਸ਼ ਸਾਨੂੰ ਬਚਾਉਣਾ, ਸਾਨੂੰ ਪਵਿੱਤਰ ਆਤਮਾ ਦੇ ਨਾਲ ਭਰਨਾ, ਅਤੇ "ਅੱਬਾ, ਪਿਤਾ" ਦੇ ਨਾਲ ਡੂੰਘੇ ਅਤੇ ਸੰਤੋਸ਼ਜਨਕ ਰਿਸ਼ਤੇ ਵਿੱਚ ਲਿਆਉਣਾ ਹੈ (ਰੋਮੀਆਂ 8:14-15; ਗਲਾਤੀਆਂ 4:6)।

ਹਾਲਾਂਕਿ, ਪਰਮੇਸ਼ੁਰ ਦੇ ਵਿਆਹ ਲਈ ਉਦੇਸ਼ਾਂ ਵਿੱਚ ਇੱਕ ਉਦੇਸ਼ ਇਹ ਹੈ ਕਿ ਇਹ ਸੇਵਕ ਬਣਨ ਦੇ ਲਈ ਸਿਖਲਾਈ ਦਾ ਸਥਾਨ ਹੋਵੇ; ਜਿਸ ਤਰ੍ਹਾਂ ਦਾ ਸੇਵਕਪਣ ਅਸੀਂ ਯਿਸੂ ਵਿੱਚ ਵੇਖਦੇ ਹਾਂ (ਯੂਹੰਨਾ 13:14)। ਪਰਮੇਸ਼ੁਰ ਹਰੇਕ ਜੀਵਨ ਸਾਥੀ ਵਿੱਚ ਸੇਵਕ ਦਾ ਇੱਕ ਹਲੀਮ ਦਿਲ ਵਿਕਸਤ ਕਰਨਾ ਚਾਹੁੰਦਾ ਹੈ ਜੋ ਦੂਸਰੇ ਜੀਵਨ ਸਾਥੀ ਦੇ ਲਈ ਚਿੰਤਤ ਹੋਵੇ (ਫਿਲਿੱਪੀਆਂ 2:3-8)।

ਕੁਝ ਸਭ ਤੋਂ ਸੁੰਦਰ, ਖੁਸ਼ ਵਿਆਹੁਤਾ ਰਿਸ਼ਤੇ ਇਸ ਲਈ ਹੋਂਦ ਵਿੱਚ ਹਨ ਕਿਉਂਕਿ ਇੱਕ ਜੀਵਨ ਸਾਥੀ ਆਪਣੇ ਆਪ ਨੂੰ ਭੁੱਲਣ ਦੀ ਚੋਣ ਕਰਦਾ ਹੈ ਅਤੇ ਬਿਮਾਰੀ, ਅਸਫਲਤਾ, ਬਿਪਤਾ, ਜਾਂ ਦੁੱਖ ਦੇ ਅਸਧਾਰਣ ਮੁਸ਼ਕਲ ਹਾਲਾਤ ਵਿੱਚ ਦੂਸਰੇ ਜੀਵਨ ਸਾਥੀ ਦੀ ਸੇਵਾ ਕਰਦਾ ਹੈ। ਕੁਝ ਪਤੀ ਗਵਾਹੀ ਦਿੰਦੇ ਹਨ ਕਿ ਉਨ੍ਹਾਂ ਦੇ ਜੀਵਨ ਨਿਰਾਸ਼ਾ ਦੇ ਨਾਲ ਤਬਾਹ ਹੋ ਜਾਂਦੇ ਜੇ ਉਨ੍ਹਾਂ ਦੀਆਂ ਪਤਨੀਆਂ ਨੇ ਉਨ੍ਹਾਂ ਲਈ ਪ੍ਰਾਰਥਨਾ ਨਾ ਕੀਤੀ ਹੁੰਦੀ, ਉਨ੍ਹਾਂ ਨੂੰ ਮਾਫ਼ ਨਾ ਕੀਤਾ ਹੁੰਦਾ, ਉਨ੍ਹਾਂ ਨੂੰ ਜਵਾਬਦੇਹ ਨਾ ਠਹਿਰਾਇਆ ਹੁੰਦਾ, ਅਤੇ ਬਿਨਾਂ ਸ਼ਰਤ ਦੇ ਉਨ੍ਹਾਂ ਨੂੰ ਪਿਆਰ ਨਾ ਕੀਤਾ ਹੁੰਦਾ ਜਦੋਂ ਉਹ ਪਿਆਰ ਦੇ ਲਈ ਸਭ ਤੋਂ ਜ਼ਿਆਦਾ ਅਯੋਗ ਸਨ। ਕੁਝ ਪਤਨੀਆਂ ਗਵਾਹੀ ਦਿੰਦੀਆਂ ਹਨ ਕਿ ਇਹ ਉਨ੍ਹਾਂ ਦੇ ਪਤੀ ਦਾ ਧੀਰਜ ਅਤੇ ਸਮਝਦਾਰੀ ਸੀ ਜਿਸ ਨੇ ਉਨ੍ਹਾਂ ਨੂੰ ਉਸ ਭਾਵਨਾਤਮਕ ਨੁਕਸਾਨ ਉੱਤੇ ਜਿੱਤ ਪਾਉਣ ਦੇ ਯੋਗ ਬਣਾਇਆ ਜੋ ਭਾਵਨਾਤਮਕ ਨੁਕਸਾਨ ਇੱਕ ਸ਼ੋਸ਼ਣ ਕਰਨ ਵਾਲੇ ਪਿਤਾ ਜਾਂ ਇੱਕ ਦੁਰਘਟਨਾ ਦੇ ਕਾਰਣ ਹੋਇਆ ਸੀ। ਕਿਉਂਕਿ ਅਸੀਂ ਇੱਕ ਪਤਿਤ ਅਤੇ ਪਾਪੀ ਸੰਸਾਰ ਵਿੱਚ ਰਹਿੰਦੇ ਹਾਂ ਜਿੱਥੇ ਸਾਰੀ ਸ੍ਰਿਸ਼ਟੀ ਹਾਉਕੇ ਭਰਦੀ ਹੈ (ਰੋਮੀਆਂ 8:22), ਹਰੇਕ ਵਿਆਹਿਆ ਹੋਇਆ ਵਿਅਕਤੀ ਜਖਮ ਅਤੇ ਜਖਮਾਂ ਦੇ ਨਿਸ਼ਾਨ ਚੁੱਕੀ ਫਿਰਦਾ ਹੈ। ਪਰ ਪਰਮੇਸ਼ੁਰ ਦੀ ਕਿਰਪਾ ਸਾਨੂੰ ਇਸ ਯੋਗ ਬਣਾ ਸਕਦੀ ਹੈ ਕਿ ਅਸੀਂ ਇੱਕ ਦੂਸਰੇ ਦੀ ਦੇਖਭਾਲ ਕਰੀਏ ਅਤੇ ਇੱਕ ਦੂਸਰੇ ਦੇ ਜਖਮਾਂ 'ਤੇ ਪੱਟੀ ਬੰਨ੍ਹੀਏ!

ਸਾਡੇ ਵਿੱਚੋਂ ਹਰੇਕ ਜਨਮ ਤੋਂ ਸਵਾਰਥੀ ਹੈ। ਅਸੀਂ ਸੁਭਾਵਿਕ ਤੌਰ 'ਤੇ ਦੂਸਰਿਆਂ ਦੀਆਂ ਲੋੜਾਂ ਨਾਲੋਂ ਆਪਣੀਆਂ ਲੋੜਾਂ ਬਾਰੇ ਜ਼ਿਆਦਾ ਚਿੰਤਤ ਹੁੰਦੇ ਹਾਂ। ਪਰਮੇਸ਼ੁਰ ਦੀ ਬਚਾਉਣ ਵਾਲੀ ਅਤੇ ਪਵਿੱਤਰ ਕਰਨ ਵਾਲੀ ਕਿਰਪਾ ਸਾਨੂੰ ਪਵਿੱਤਰ ਦੇ ਵਾਸ ਰਾਹੀਂ ਬਦਲ ਸਕਦੀ

---

[29] Ibid.

ਹੈ ਜਦੋਂ ਤਕ ਅਸੀਂ ਉਹ ਲੋਕ ਨਹੀਂ ਬਣ ਜਾਂਦੇ ਜੋ ਦੂਸਰਿਆਂ ਦੀਆਂ ਲੋੜਾਂ ਨੂੰ ਆਪਣੀਆਂ ਲੋੜਾਂ ਤੋਂ ਪਹਿਲਾਂ ਰੱਖਦੇ ਹਨ। ਵਿਆਹੁਤਾ ਰਿਸ਼ਤਾ ਤਦ ਹੀ ਵਧਦਾ-ਫੁੱਲਦਾ ਹੈ ਜਦੋਂ ਹਰੇਕ ਜੀਵਨ ਸਾਥੀ ਦੂਸਰੇ ਦੀਆਂ ਲੋੜਾਂ ਅਤੇ ਇੱਛਾਵਾਂ ਵੱਲ ਧਿਆਨ ਦਿੰਦਾ ਹੈ।

► ਸੇਵਾ ਕਰਨ ਦੀ ਚੋਣ ਕਰਨ ਦਾ ਕੀ ਅਰਥ ਹੈ?

## ਪਤੀਆਂ ਅਤੇ ਪਤਨੀਆਂ ਦੀਆਂ ਮੁੱਖ ਲੋੜਾਂ

ਪਰਮੇਸ਼ੁਰ ਨੇ ਪੁਰਸ਼ਾਂ ਅਤੇ ਇਸਤਰੀਆਂ ਨੂੰ ਇਸ ਤਰ੍ਹਾਂ ਬਣਾਇਆ ਹੈ ਕਿ ਉਨ੍ਹਾਂ ਦੀ ਲੋੜਾਂ ਅਤੇ ਇੱਛਾਵਾਂ ਭਿੰਨ ਹੋਣ। ਇਸ ਦਾ ਅਰਥ ਹੈ ਕਿ ਇੱਕ ਪੁਰਸ਼ ਨੂੰ ਇਹ ਅਨੁਮਾਨ ਨਹੀਂ ਲਾਉਣਾ ਚਾਹੀਦਾ ਕਿ ਉਸ ਦੀ ਪਤਨੀ ਉਨ੍ਹਾਂ ਚੀਜ਼ਾਂ ਦੇ ਨਾਲ ਹੀ ਖੁਸ਼ ਹੋਵੇਗੀ ਜਿਨ੍ਹਾਂ ਤੋਂ ਉਸ ਨੂੰ ਖੁਸ਼ੀ ਮਿਲਦੀ ਹੈ। ਇੱਕ ਪਤਨੀ ਨੂੰ ਇਹ ਅਨੁਮਾਨ ਨਹੀਂ ਲਾਉਣਾ ਚਾਹੀਦਾ ਕਿ ਉਸ ਦਾ ਪਤੀ ਚਾਹੁੰਦਾ ਹੈ ਕਿ ਉਸ ਦੇ ਨਾਲ ਵੀ ਉਸੇ ਤਰ੍ਹਾਂ ਦਾ ਵਿਹਾਰ ਕੀਤਾ ਜਾਵੇ ਜਿਸ ਤਰ੍ਹਾਂ ਦਾ ਵਿਹਾਰ ਉਹ ਆਪ ਚਾਹੁੰਦੀ ਹੈ। ਸਪਸ਼ਟ ਤੌਰ ’ਤੇ, ਦਿਆਲਗੀ ਅਤੇ ਅਦਬ ਦੇ ਕੁਝ ਤਰੀਕੇ ਦੋਵਾਂ ਲਈ ਇੱਕੋ ਜਿਹੇ ਹੋਣੇ ਚਾਹੀਦੇ ਹਨ, ਫਿਰ ਵੀ ਪੁਰਸ਼ਾਂ ਅਤੇ ਇਸਤਰੀਆਂ ਦੀਆਂ ਆਪਣੀਆਂ ਅਨੋਖੀਆਂ ਲੋੜਾਂ ਹੁੰਦੀਆਂ ਹਨ।

ਜੇ ਅਸੀਂ ਪੁਰਸ਼ਾਂ ਅਤੇ ਇਸਤਰੀਆਂ ਦੀਆਂ ਵਿਸ਼ੇਸ਼ ਲੋੜਾਂ ਨੂੰ ਸਮਝਦੇ ਹਾਂ, ਤਾਂ ਅਸੀਂ ਸਮਝ ਸਕਦੇ ਹਾਂ ਕਿ ਇੱਕ ਜੀਵਨ ਸਾਥੀ ਦੀਆਂ ਲੋੜਾਂ ਨੂੰ ਕਿਵੇਂ ਪੂਰਾ ਕਰਨਾ ਹੈ। ਇਹ ਦੁੱਖ ਦੀ ਗੱਲ ਹੈ ਕਿ ਪਤੀਆਂ ਅਤੇ ਪਤਨੀਆਂ ਦੇ ਵਿਚਕਾਰ ਬਹੁਤ ਸਾਰੇ ਵਿਵਾਦ ਅਤੇ ਚਰਚਾਵਾਂ ਸਮੱਸਿਆਵਾਂ ਨੂੰ ਹੱਲ ਨਹੀਂ ਕਰਦੇ ਹਨ ਕਿਉਂਕਿ ਹਰੇਕ ਵਿਅਕਤੀ ਦੂਸਰੇ ਦੀਆਂ ਲੋੜਾਂ ਨੂੰ ਸਮਝਣ ਵਿੱਚ ਅਸਫ਼ਲ ਹੋ ਜਾਂਦਾ ਹੈ। ਹਰੇਕ ਗੁੱਸੇ ਅਤੇ ਨਾਰਾਜ਼ ਹੋ ਸਕਦਾ ਹੈ ਕਿਉਂਕਿ ਦੂਸਰਾ ਸਮਝਦਾ ਨਹੀਂ ਹੈ।

ਸਾਰੇ ਲੋਕਾਂ ਨੂੰ ਪਿਆਰ ਅਤੇ ਆਦਰ ਦੀ ਲੋੜ ਹੁੰਦੀ ਹੈ, ਪਰ ਪੁਰਸ਼ਾਂ ਅਤੇ ਇਸਤਰੀਆਂ ਦੇ ਵਿੱਚ ਇੱਕ ਭਿੰਨਤਾ ਹੈ। ਇੱਕ ਇਸਤਰੀ ਦੀ ਮੁੱਖ ਲੋੜ ਪਿਆਰ ਹੈ, ਅਤੇ ਇੱਕ ਪੁਰਸ਼ ਦੀ ਮੁੱਖ ਲੋੜ ਆਦਰ ਹੈ।[30]

► ਤੁਸੀਂ ਪੁਰਸ਼ਾਂ ਅਤੇ ਇਸਤਰੀਆਂ ਦੀਆਂ ਲੋੜਾਂ ਵਿੱਚ ਭਿੰਨਤਾ ਨੂੰ ਕਿਵੇਂ ਵੇਖਿਆ ਹੈ?

## ਇੱਕ ਪਤੀ ਆਪਣੀ ਪਤਨੀ ਲਈ ਪਿਆਰ ਨੂੰ ਕਿਵੇਂ ਵਿਖਾਉਂਦਾ ਹੈ

ਅਫ਼ਸੀਆਂ 5:25, 28 ਵਿੱਚ ਆਖਿਆ ਗਿਆ ਹੈ, “ਹੇ ਪਤੀਓ, ਆਪਣੀਆਂ ਪਤਨੀਆਂ ਨਾਲ ਪ੍ਰੇਮ ਰੱਖੋ ਜਿਵੇਂ ਮਸੀਹ ਨੇ ਵੀ ਕਲੀਸਿਯਾ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਉਸ ਦੇ ਲਈ ਦੇ ਦਿੱਤਾ... ਇਸੇ ਤਰਾਂ ਪਤੀਆਂ ਨੂੰ ਭੀ ਚਾਹੀਦਾ ਹੈ ਜੋ ਆਪਣੀਆਂ ਪਤਨੀਆਂ ਨਾਲ ਪ੍ਰੇਮ ਅਜਿਹਾ ਪ੍ਰੇਮ ਕਰਨ ਜਿਵੇਂ ਆਪਣੇ ਸਰੀਰਾਂ ਨਾਲ ਕਰਦੇ ਹਨ...”

---

[30] *Love and Respect* ਨਾਮਕ ਪੁਸਤਕ ਜੋ Dr. Emerson Eggerich ਦੁਆਰਾ ਲਿਖੀ ਗਈ ਹੈ ਉਹ ਇਸ ਭਾਗ ਵਿੱਚ ਬਹੁਤ ਮਦਦਗਾਰ ਰਹੀ ਹੈ.

ਇੱਕ ਪਤੀ ਨੂੰ ਅਕਸਰ ਆਪਣੀ ਪਤਨੀ ਨੂੰ ਦੱਸਦੇ ਰਹਿਣਾ ਚਾਹੀਦਾ ਹੈ ਕਿ ਉਹ ਉਸ ਨੂੰ ਪਿਆਰ ਕਰਦਾ ਹੈ ਅਤੇ ਇਹ ਅਨੁਮਾਨ ਨਹੀਂ ਲਾਉਣਾ ਚਾਹੀਦਾ ਕਿ ਉਹ ਜਾਣਦੀ ਹੈ। ਉਸ ਨੂੰ ਆਪਣੇ ਪਿਆਰ ਨੂੰ ਸ਼ਬਦਾਂ ਦੇ ਨਾਲੋਂ ਵਧਕੇ ਵੀ ਵਿਖਾਉਣਾ ਚਾਹੀਦਾ ਹੈ। ਉਸ ਨੂੰ ਉਨ੍ਹਾਂ ਤਰੀਕਿਆਂ ਦੇ ਨਾਲ ਵੀ ਪਿਆਰ ਵਿਖਾਉਣਾ ਚਾਹੀਦਾ ਹੈ ਜੋ ਉਸ ਲਈ ਮਹੱਤਵਪੂਰਣ ਹਨ। ਪਤੀ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਉਸ ਨੂੰ ਪਿਆਰੀ ਮਹਿਸੂਸ ਕਰਨਾ ਚਾਹੀਦਾ ਹੈ ਕਿਉਂਕਿ ਉਹ ਉਸ ਨੂੰ ਉਨ੍ਹਾਂ ਤਰੀਕਿਆਂ ਦੇ ਨਾਲ ਪਿਆਰ ਵਿਖਾਉਂਦਾ ਹੈ ਜੋ ਉਸ ਲਈ ਮਹੱਤਵਪੂਰਣ ਹਨ। ਪਤਨੀਆਂ ਦੀਆਂ ਲੋੜਾਂ ਪਤੀ ਨਾਲੋਂ ਭਿੰਨ ਹਨ।

### (1) ਇੱਕ ਪਤੀ ਆਪਣੀ ਪਤਨੀ ਨੂੰ ਸੁਰੱਖਿਆ ਪ੍ਰਦਾਨ ਕਰਨ ਦੁਆਰਾ ਪਿਆਰ ਕਰਦਾ ਹੈ।[31]

ਇੱਕ ਪਤਨੀ ਜਾਣਨਾ ਚਾਹੁੰਦੀ ਹੈ ਕਿ ਉਸ ਦਾ ਪਤੀ ਉਸ ਨੂੰ ਸਰੀਰਕ ਅਤੇ ਭਾਵਨਾਤਮਕ ਤੌਰ ’ਤੇ ਸੁਰੱਖਿਅਤ ਰੱਖਦਾ ਹੈ। ਪਤੀ ਨੂੰ ਗੁਆਂਢੀਆਂ ਦੇ ਨਾਲ ਹਰੇਕ ਝਗੜੇ ਦਾ ਨਿਪਟਾਰਾ ਕਰਨਾ ਚਾਹੀਦਾ ਹੈ। ਪਤੀ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਘਰ ਇੱਕ ਸੁਰੱਖਿਅਤ ਸਥਾਨ ਹੈ। ਪਤੀ ਨੂੰ ਉਸ ਦੇ ਬਚਾਅ ਲਈ ਬੋਲਣਾ ਚਾਹੀਦਾ ਹੈ ਜਦੋਂ ਉਸ ਦੀ ਦੂਸਰਿਆਂ ਦੁਆਰਾ ਅਲੋਚਨਾ ਕੀਤੀ ਜਾਂਦੀ ਹੈ, ਇੱਥੋਂ ਤਕ ਕਿ ਜਦੋਂ ਰਿਸ਼ਤੇਦਾਰਾਂ ਦੁਆਰਾ ਵੀ ਅਲੋਚਨਾ ਕੀਤੀ ਜਾਂਦੀ ਹੈ। ਪਤੀ ਨੂੰ ਕਦੇ ਵੀ ਆਪਣੀ ਪਤਨੀ ਤੋਂ ਗੱਲ ਮਨਵਾਉਣ ਲਈ ਉਸ ਨੂੰ ਮਾਰਨਾ ਜਾਂ ਸਰੀਰਕ ਤੌਰ ’ਤੇ ਚੋਟ ਨਹੀਂ ਪਹੁੰਚਾਉਣੀ ਚਾਹੀਦੀ। ਉਸ ਨੂੰ ਆਪਣੇ ਪਰਿਵਾਰ ਦੀਆਂ ਭੌਤਿਕ ਲੋੜਾਂ ਦੀ ਪੂਰਤੀ ਲਈ ਆਪਣਾ ਉੱਤਮ ਦੇਣਾ ਚਾਹੀਦਾ ਹੈ। ਜੇ ਇੱਕ ਪਤੀ ਪੈਸੇ ਦੇ ਨਾਲ ਲਾਪਰਵਾਹ ਹੈ, ਤਾਂ ਉਸ ਦੀ ਪਤਨੀ ਮਹਿਸੂਸ ਕਰਦੀ ਹੈ ਕਿ ਉਸ ਨੂੰ ਪਰਿਵਾਰ ਦੀਆਂ ਲੋੜਾਂ ਬਾਰੇ ਕੋਈ ਪਰਵਾਹ ਨਹੀਂ ਹੈ।

#### *ਪਤੀਆਂ ਲਈ ਪੈਸੇ ਸੰਬੰਧੀ ਨੁਕਤੇ*

ਪੈਸੇ ਸੰਬੰਧੀ ਸਮੱਸਿਆਵਾਂ ਵਿਆਹੁਤਾ ਰਿਸ਼ਤਿਆਂ ਵਿੱਚ ਝਗੜੇ ਦਾ ਇੱਕ ਸਭ ਤੋਂ ਵੱਡਾ ਕਾਰਣ ਹਨ। ਪਤੀਓ,

- ਲਾਭ ਦੇ ਲਈ ਕੋਈ ਬੇਈਮਾਨੀ ਜਾਂ ਕੁਝ ਅਨੈਤਿਕ ਕਰਨ ਤੋਂ ਇਨਕਾਰ ਕਰੋ; ਯਾਦ ਰੱਖੋ ਕਿ ਤੁਸੀਂ ਪਰਮੇਸ਼ੁਰ ਦੇ ਅਧਿਕਾਰ ਦੇ ਅਧੀਨ ਹੋ।
- ਕਲੀਸਿਯਾ ਦੇ ਵਿੱਚ ਆਪਣਾ ਦਸਵੰਧ ਦਿਓ ਕਿਉਂਕਿ ਤੁਸੀਂ ਆਪਣੀਆਂ ਲੋੜਾਂ ਦੇ ਲਈ ਪ੍ਰਦਾਨ ਕਰਨ ਲਈ ਪਰਮੇਸ਼ੁਰ ਉੱਤੇ ਭਰੋਸਾ ਕਰ ਰਹੇ ਹੋ।
- ਰੋਜ਼ਗਾਰ ਦੇ ਉੱਤਪ ਵਿਕਲਪ ਦੀ ਭਾਲ ਕਰੋ ਪਰ ਹੁਣ ਦੇ ਲਈ ਖੁਸ਼ੀ ਨਾ ਦੇਣ ਵਾਲੇ ਕੰਮ ਨੂੰ ਕਰਨ ਲਈ ਵੀ ਤਿਆਰ ਰਹੋ।

---

[31] ਇਸ ਬਾਰੇ ਬਹੁਤ ਸਾਰੇ ਵਚਨ ਹਨ, ਅਫ਼ਸੀਆਂ ਨੂੰ 5:28-31, ਕੁਲੁੱਸੀਆਂ ਨੂੰ 3:19 (ਭਾਵਨਾਤਮਕ ਸੁਰੱਖਿਆ), 1 ਤਿਮੋਥਿਉਸ ਨੂੰ 5:8 (ਸਰੀਰਕ ਪ੍ਰਦਾਨਤਾ), ਨਹਮਯਾਹ 4:13-14 (ਸਰੀਰਕ ਸੁਰੱਖਿਆ), and 1 ਤਿਮੋਥਿਉਸ ਨੂੰ 2:14 (ਆਤਮਕ ਸੁਰੱਖਿਆ).

- ਅੱਜ ਪੈਸਾ ਉਧਾਰ ਲੈਣ ਦੁਆਰਾ ਆਉਣ ਵਾਲੇ ਕੱਲ ਦੇ ਪੈਸੇ ਨੂੰ ਨਾ ਖਰਚੋ।
- ਜਦੋਂ ਤੁਸੀਂ ਅਨੰਦ ਦੇ ਲਈ ਪੈਸਾ ਖਰਚਦੇ ਹੋ, ਇਸ ਵਿੱਚ ਆਪਣੀ ਪਤਨੀ ਅਤੇ ਬੱਚਿਆਂ ਨੂੰ ਵੀ ਸ਼ਾਮਲ ਕਰੋ।
- ਆਪਣੇ ਰੋਜ਼ਮਰਾ ਦੇ ਖਰਚਿਆਂ ਲਈ ਨਿਯਮਤ ਤੌਰ ’ਤੇ ਬਚਤ ਕਰੋ ਜਿਵੇਂ ਕਿ ਤੁਹਾਡੇ ਘਰ ਦਾ ਕਿਰਾਇਆ।
- ਅਰਾਮ ਦੇ ਲਈ ਪੈਸਾ ਖਰਚਣ ਦੇ ਬਜਾਏ ਆਪਣੇ ਹਾਲਾਤ ਨੂੰ ਸੁਧਾਰਨ ਦੇ ਲਈ ਪੈਸੇ ਦਾ ਨਿਵੇਸ਼ ਕਰੋ।

**(2) ਇੱਕ ਪਤੀ ਆਪਣੇ ਆਪ ਨੂੰ ਆਪਣੀ ਪਤਨੀ ਦੇ ਲਈ ਰੱਖਣ ਦੁਆਰਾ ਉਸ ਨੂੰ ਪਿਆਰ ਕਰਦਾ ਹੈ।**

ਇੱਕ ਪਤੀ ਨੂੰ ਆਪਣੇ ਆਪ ਨੂੰ ਨੈਤਿਕ ਤੌਰ ’ਤੇ ਸ਼ੁੱਧ ਰੱਖਣਾ ਚਾਹੀਦਾ ਹੈ ਅਤੇ ਆਪਣੀ ਪਤਨੀ ਵਿੱਚ ਹੀ ਅਨੰਦ ਪ੍ਰਾਪਤ ਕਰਨਾ ਚਾਹੀਦਾ ਹੈ, “ਉਹ ਪਿਆਰੀ ਹਰਨੀ ਅਤੇ ਸੋਹਣੀ ਹਰਨੋਟੀ ਹੋਵੇ, ਉਹ ਦੀਆਂ ਛਾਤੀਆਂ ਤੋਂ ਸਦਾ ਤੈਨੂੰ ਤ੍ਰਿਪਤ ਆਵੇ, ਅਤੇ ਨਿੱਤ ਓਸੇ ਦੇ ਪ੍ਰੇਮ ਨਾਲ ਮੋਹਿਤ ਰਹੁ” (ਕਹਾਉਤਾਂ 5:19)। ਜੇ ਪਤੀ ਦੇ ਹੋਰ ਇਸਤਰੀਆਂ ਦੇ ਨਾਲ ਅਣਉਚਿੱਤ ਜਾਂ ਅਨੈਤਿਕ ਰਿਸ਼ਤੇ ਹਨ ਜਾਂ ਉਹ ਅਸ਼ੁੱਧ ਮੰਨੋਰੰਜਨ ਦੀ ਵਰਤੋਂ ਕਰਦੋ ਹੈ, ਤਾਂ ਉਸ ਦੀ ਪਤਨੀ ਮਹਿਸੂਸ ਕਰਦੀ ਹੈ ਕਿ ਉਸ ਨੂੰ ਪਿਆਰ ਨਹੀਂ ਕਰਦਾ।

**(3) ਇੱਕ ਪਤੀ ਆਪਣੀ ਪਤਨੀ ਨੂੰ ਸਮਝਣ ਦੀ ਕੋਸ਼ਿਸ਼ ਕਰਨ ਦੁਆਰਾ ਉਸ ਨੂੰ ਪਿਆਰ ਕਰਦਾ ਹੈ।**

ਇੱਕ ਪਤੀ ਹਮੇਸ਼ਾ ਆਪਣੀ ਪਤਨੀ ਨੂੰ ਸਮਝਣ ਵਿੱਚ ਸਫਲ ਨਹੀਂ ਹੋਵੇਗਾ, ਪਰ ਉਸ ਨੂੰ ਆਪਣੀ ਪਤਨੀ ਨੂੰ ਸੁਣਨ ਅਤੇ ਸਮਝਣ ਦੇ ਲਈ ਸਮਾਂ ਕੱਢਣਾ ਚਾਹੀਦਾ ਹੈ। ਵਚਨ ਪਤੀਆਂ ਨੂੰ ਦੱਸਦਾ ਹੈ, “ਇਸੇ ਤਰਾਂ ਹੇ ਪਤੀਓ, ਬੁੱਧ ਦੇ ਅਨੁਸਾਰ ਆਪਣੀਆਂ ਪਤਨੀਆਂ ਨਾਲ ਵੱਸੋ... ਭਈ ਤੁਸੀਂ ਦੋਵੇਂ ਜੀਵਨ ਦੀ ਬ਼ਖ਼ਸ਼ੀਸ਼ ਦੇ ਸਾਂਝੇ ਅਧਕਾਰੀ ਹੋ...” (1 ਪਤਰਸ 3:7)। ਜੇ ਇੱਕ ਪਤੀ ਆਪਣੀ ਪਤਨੀ ਦੀਆਂ ਭਾਵਨਾਵਾਂ ਅਤੇ ਉਸ ਦੇ ਖਿਆਲਾਂ ਦਾ ਮਖੌਲ ਉਡਾਉਂਦਾ ਹੈ, ਤਾਂ ਉਹ ਪਿਆਰ ਮਹਿਸੂਸ ਨਹੀਂ ਕਰਦੀ ਹੈ। ਉਸ ਨੂੰ ਲੋੜ ਹੈ ਕਿ ਉਸ ਦਾ ਪਤੀ ਉਸ ਦੀ ਚਿੰਤਾ ਨੂੰ ਸਮਝੇ ਭਾਵੇਂ ਕਿ ਉਸ ਦੇ ਕਥਨ ਤਰਕਪੂਰਣ ਨਾ ਜਾਪਦੇ ਹੋਣ।

ਕਿਉਂਕਿ ਪਰਮੇਸ਼ੁਰ ਨੇ ਪਤੀ ਨੂੰ ਘਰ ਦਾ ਮੁੱਖੀ ਬਣਾਇਆ ਹੈ (ਅਫ਼ਸੀਆਂ 5:23), ਪਤੀ ਦੀ ਜ਼ਿੰਮੇਵਾਰੀ ਹੈ ਕਿ ਉਹ ਘਰ ਦੀ ਅਗਵਾਈ ਕਰੇ (1 ਤਿਮੋਥਿਉਸ 3:4-5)। ਹਾਲਾਂਕਿ, ਪਤੀ ਅਤੇ ਪਤਨੀ ਨੂੰ ਉਦੋਂ ਤਕ ਚਰਚਾ ਦੇ ਲਈ ਸਮਾਂ ਲੈਣਾ ਚਾਹੀਦਾ ਹੈ ਜਦੋਂ ਤਕ ਉਹ ਜ਼ਿਆਦਾਤਰ ਫੈਸਲਿਆਂ ਦੇ ਲਈ ਸਹਿਮਤ ਨਹੀਂ ਹੋ ਜਾਂਦੇ। ਇੱਕ ਪਤੀ ਨੂੰ ਆਪਣੀ ਪਤਨੀ ਦੀਆਂ ਭਾਵਨਾਵਾਂ ਅਤੇ ਉਸ ਦੇ ਖਿਆਲਾਂ ਉੱਤੇ ਵਿਚਾਰ ਕੀਤੇ ਬਿਨਾਂ ਕਿਸੇ ਚੀਜ਼ ਬਾਰੇ ਫੈਸਲਾ ਲੈਣ ਦੀ ਕਾਹਲੀ ਨਹੀਂ ਕਰਨੀ ਚਾਹੀਦੀ। ਜੇ ਉਹ ਇੱਕ ਮਸਲੇ ਉੱਤੇ ਸਹਿਮਤ ਨਹੀਂ ਹੋ ਸਕਦੇ ਹਨ, ਤਾਂ ਹੋ ਸਕਦਾ ਹੈ ਕਿ ਪਤੀ ਨੂੰ ਫੈਸਲਾ ਲੈਣਾ ਪਵੇ, ਪਰ ਉਸ ਨੂੰ ਦੁੱਖੀ ਹੋਣਾ ਚਾਹੀਦਾ ਹੈ ਕਿ ਉਹ ਸਹਿਮਤ ਨਹੀਂ ਹੋ ਸਕੇ। ਆਮ ਤੌਰ ’ਤੇ ਏਕਤਾ ਦਾ ਨਾ ਹੋਣਾ ਪਤੀ ਦੇ ਲਈ ਇੱਕ ਚੇਤਾਵਨੀ ਹੁੰਦੀ ਹੈ। ਅਕਸਰ ਔਰਤਾਂ ਦੇ ਕੋਲ ਉਹ ਬੁੱਧੀ ਅਤੇ ਸਮਝ ਹੁੰਦੀ ਹੈ ਜਿਸ ਦੀ ਪੁਰਸ਼ਾਂ ਨੂੰ ਚੰਗੇ ਫੈਸਲੇ ਲੈਣ ਲਈ ਲੋੜ ਹੁੰਦੀ ਹੈ।

► ਇੱਕ ਵਿਦਿਆਰਥੀ ਨੂੰ ਸਮੂਹ ਲਈ ਅਫ਼ਸੀਆਂ 4:2-3, 15-16 ਨੂੰ ਪੜ੍ਹਨਾ ਚਾਹੀਦਾ ਹੈ। ਇਹ ਆਇਤਾਂ ਇੱਕ ਪਤੀ ਅਤੇ ਪਤਨੀ ਵਿਚਲੇ ਰਿਸ਼ਤੇ ਉੱਤੇ ਕਿਵੇਂ ਲਾਗੂ ਹੁੰਦੀਆਂ ਹਨ।

### (4) ਇੱਕ ਪਤੀ ਆਪਣੀ ਪਤਨੀ ਦੀ ਪ੍ਰਸ਼ੰਸ਼ਾ ਕਰਨ ਦੁਆਰਾ ਉਸ ਨੂੰ ਪਿਆਰ ਕਰਦਾ ਹੈ।[32]

ਬਹੁਤ ਸਾਰੀਆਂ ਪਤਨੀਆਂ ਮਹਿਸੂਸ ਕਰਦੀਆਂ ਹਨ ਕਿ ਉਨ੍ਹਾਂ ਦੇ ਪਤੀ ਉਨ੍ਹਾਂ ਦੁਆਰਾ ਕੀਤੇ ਗਏ ਕੰਮ ਦੀ ਪ੍ਰਸ਼ੰਸ਼ਾ ਨਹੀਂ ਕਰਦੇ ਹਨ। ਇੱਕ ਪਤੀ ਨੂੰ ਆਪਣੀ ਪਤਨੀ ਦੇ ਲਈ ਸ਼ੁਕਰਗੁਜ਼ਾਰੀ ਵਿਖਾਉਣੀ ਚਾਹੀਦੀ ਹੈ। ਉਸ ਨੂੰ ਉਨ੍ਹਾਂ ਕੋਸ਼ਿਸ਼ਾਂ ਨੂੰ ਜਾਣਨਾ ਚਾਹੀਦਾ ਹੈ ਜੋ ਉਹ ਉਨ੍ਹਾਂ ਦੇ ਪਰਿਵਾਰ ਦੇ ਲਈ ਕਰਦੀ ਹੈ। ਉਸ ਨੂੰ ਕਦੇ ਵੀ ਦੂਸਰੇ ਲੋਕਾਂ ਦੇ ਸਾਹਮਣੇ ਆਪਣੀ ਪਤਨੀ ਦੀ ਅਲੋਚਨਾ ਨਹੀਂ ਕਰਨੀ ਚਾਹੀਦੀ।[33] ਉਸ ਨੂੰ ਉਸ ਦੇ ਚਰਿੱਤਰ, ਆਕਰਸ਼ਣ, ਅਤੇ ਯੋਗਤਾਵਾਂ ਦੀ ਪ੍ਰਸ਼ੰਸ਼ਾ ਕਰਨੀ ਚਾਹੀਦੀ ਹੈ। ਜਿਨ੍ਹਾਂ ਉਹ ਕਰਨ ਦੇ ਯੋਗ ਹੈ, ਉਸ ਨੂੰ ਆਪਣੀ ਪਤਨੀ ਦੇ ਲਈ ਚੰਗੇ ਬਸਤਰ ਪ੍ਰਦਾਨ ਕਰਨੇ ਚਾਹੀਦੇ ਹਨ। ਇੱਕ ਪਤਨੀ ਉਦੋਂ ਪਿਆਰ ਮਹਿਸੂਸ ਨਹੀਂ ਕਰਦੀ, ਜਦੋਂ ਉਹ ਮਹਿਸੂਸ ਕਰਦੀ ਹੈ ਕਿ ਉਸ ਦੇ ਪਤੀ ਨੂੰ ਉਸ ਦੀ ਦਿੱਖ ਦੀ ਪਰਵਾਹ ਨਹੀਂ ਹੈ।

ਜਦੋਂ ਇੱਕ ਪਤਨੀ ਆਪਣੀ ਪਤਨੀ ਦੀ ਅਲੋਚਨਾ ਕਰਦਾ ਹੈ ਤਾਂ ਉਹ ਉਸ ਨੂੰ ਇਹ ਸੋਚਣ ਲਈ ਮਜ਼ਬੂਰ ਕਰ ਸਕਦਾ ਹੈ ਕਿ ਉਹ ਇੱਕ ਵਿਅਕਤੀ ਦੇ ਤੌਰ ’ਤੇ ਕਾਫ਼ੀ ਨਹੀਂ ਹੈ ਅਤੇ ਉਸ ਨੂੰ ਨਿਰਾਸ਼ ਕਰ ਸਕਦਾ ਹੈ। ਪੌਲੁਸ ਵਿਸ਼ਵਾਸੀਆਂ ਨੂੰ ਆਖਦਾ ਹੈ, “ਕਿਸੇ ਦੀ ਬਦਨਾਮੀ ਨਾ ਕਰਨ । ਝਗੜਾਲੂ ਨਹੀਂ ਸਗੋਂ ਸ਼ੀਲ ਸੁਭਾਉ ਹੋਣ ਅਤੇ ਸੱਭੇ ਮਨੁੱਖਾਂ ਨਾਲ ਪੂਰੀ ਨਰਮਾਈ ਰੱਖਣ” (ਤੀਤੁਸ 3:2)। ਜੇ ਅਲੋਚਨਾ ਜ਼ਰੂਰੀ ਹੋਵੇ, ਤਾਂ ਇੱਕ ਪਤੀ ਨੂੰ ਇਹ ਪੁਸ਼ਟੀ ਕਰਨ ਦੇ ਲਈ ਬਹੁਤ ਸਾਵਧਾਨੀ ਵਰਤਣੀ ਚਾਹੀਦੀ ਹੈ ਕਿ ਉਸ ਦੀ ਪਤਨੀ ਦੇ ਲਈ ਉਸ ਦੀ ਪ੍ਰਸ਼ੰਸ਼ਾ ਉਸ ਦੀ ਅਲੋਚਨਾ ਦੇ ਨਾਲੋਂ ਜ਼ਿਆਦਾ ਹੈ। ਉਸ ਨੂੰ ਉਨ੍ਹਾਂ ਇਸਤਰੀਆਂ ਦੀਆਂ ਉਦਾਹਰਣਾਂ ਦੇ ਵੱਲ ਇਸ਼ਾਰਾ ਕਰਨ ਤੋਂ ਬਚਣਾ ਚਾਹੀਦਾ ਹੈ ਜੋ ਬਹੁਤ ਸਾਰੇ ਗੁਣਾਂ ਵਿੱਚ ਉਸ ਦੀ ਪਤਨੀ ਦੇ ਨਾਲੋਂ ਸਰੇਸ਼ਟ ਹਨ।

### (5) ਇੱਕ ਪਤੀ ਰਿਸ਼ਤੇ ਦੇ ਲਈ ਸਮਾਂ ਕੱਢਣ ਦੇ ਦੁਆਰਾ ਆਪਣੀ ਪਤਨੀ ਨੂੰ ਪਿਆਰ ਕਰਦਾ ਹੈ।

ਇਕੱਠੇ ਜੀਵਨ ਨੂੰ ਸਾਂਝਾ ਕਰਨ ਲਈ ਗੱਲਬਾਤ ਲਈ ਸਮਾਂ ਕੱਢਣ ਦੀ ਲੋੜ ਹੁੰਦੀ ਹੈ। ਸ਼ਬਦਾਂ ਦੇ ਦੁਆਰਾ ਰਿਸ਼ਤੇ ਹੋਰ ਡੂੰਘੇ ਹੁੰਦੇ ਹਨ (ਕਹਾਉਤਾਂ 16:24, ਕਹਾਉਤਾਂ 20:5)। ਜੀਵਨ ਸਾਥੀਆਂ ਨੂੰ ਉਨ੍ਹਾਂ ਚੀਜ਼ਾਂ ਬਾਰੇ ਗੱਲ ਕਰਨੀ ਚਾਹੀਦੀ ਹੈ ਜੋ ਉਨ੍ਹਾਂ ਦੇ ਦਿਨ ਨੂੰ ਭਰਦੀਆਂ ਹਨ। ਉਨ੍ਹਾਂ ਨੂੰ ਆਪਣੀਆਂ ਦੋਸਤੀਆਂ, ਆਪਣੀਆਂ ਭਾਵਨਾਵਾਂ, ਆਪਣੀਆਂ ਇੱਛਾਵਾਂ, ਅਤੇ ਆਪਣੀਆਂ ਚਿੰਤਾਵਾਂ ਬਾਰੇ ਗੱਲ ਕਰਨੀ ਚਾਹੀਦੀ ਹੈ। ਇੱਕ ਪਤਨੀ ਉਦੋਂ ਪਿਆਰ ਮਹਿਸੂਸ ਕਰਦੀ ਹੈ ਜਦੋਂ ਉਸ ਦਾ ਪਤੀ ਗੱਲ ਕਰਨ ਅਤੇ ਸੁਣਨ ਲਈ ਸਮਾਂ ਕੱਢਦਾ ਹੈ। ਜਦੋਂ ਉਹ ਕੰਮ ਤੋਂ ਥੱਕਿਆ ਹੋਇਆ ਘਰ ਆਉਂਦਾ ਹੈ ਤਾਂ ਹੋ ਸਕਦਾ ਹੈ ਕਿ ਉਹ ਇਹ ਮਹਿਸੂਸ ਨਾ ਕਰੇ ਕਿ ਉਸ ਨੂੰ ਘਰ

---

[32] ਕਹਾਉਤਾਂ 31:28-31

[33] ਵਿਆਹ ਦੇ ਸੰਦਰਭ ਵਿੱਚ, ਇਹ ਅਫ਼ਸੀਆਂ ਨੂੰ 4:29-32, ਅਫ਼ਸੀਆਂ ਨੂੰ 5:25- 29 ਅਤੇ ਮੱਤੀ 7:12 ਵਿੱਚ ਸਾਡੇ ਲਈ ਪਰਮੇਸ਼ੁਰ ਦੀ ਹਿਦਾਇਤ ਦਾ ਇੱਕ ਉਪਯੋਗ ਹੈ.

ਦੀਆਂ ਸਮੱਸਿਆਵਾਂ ਬਾਰੇ ਗੱਲ ਕਰਨੀ ਚਾਹੀਦੀ ਹੈ ਜਾਂ ਸੁਣਨਾ ਚਾਹੀਦਾ ਹੈ, ਪਰ ਉਸ ਨੂੰ ਇਸ ਲੋੜ ਨੂੰ ਅਣਵੇਖਿਆ ਨਹੀਂ ਕਰਨਾ ਚਾਹੀਦਾ। ਜੇ ਇੱਕ ਪਤੀ ਸਰੀਰਕ ਨੇੜਤਾ ਚਾਹੁੰਦਾ ਹੈ ਪਰ ਭਾਵਨਾਤਮਕ ਨੇੜਤਾ ਦੇ ਲਈ ਉਸ ਕੋਲ ਸਮਾਂ ਨਹੀਂ ਹੁੰਦਾ, ਤਾਂ ਪਤਨੀ ਮਹਿਸੂਸ ਕਰਦੀ ਹੈ ਕਿ ਉਸ ਨੂੰ ਵਰਤਿਆ ਗਿਆ ਹੈ ਅਤੇ ਪਿਆਰ ਨਹੀਂ ਕੀਤਾ ਗਿਆ।

### (6) ਇੱਕ ਪਤੀ ਆਪਣੀ ਪਤਨੀ ਦੀਆਂ ਕਮਜ਼ੋਰੀਆਂ ਦੇ ਨਾਲ ਧੀਰਜਵਾਨ ਰਹਿ ਕੇ ਉਸ ਨੂੰ ਪਿਆਰ ਕਰਦਾ ਹੈ।

1 ਪਤਰਸ 3:7 ਸਿਖਾਉਂਦੀ ਹੈ, "ਇਸੇ ਤਰਾਂ ਹੇ ਪਤੀਓ, ਬੁੱਧ ਦੇ ਅਨੁਸਾਰ ਆਪਣੀਆਂ ਪਤਨੀਆਂ ਨਾਲ ਵੱਸੋ ਅਤੇ ਇਸਤ੍ਰੀ ਨੂੰ ਆਪਣੇ ਨਾਲੋਂ ਕੋਮਲ ਸਰੀਰ ਜਾਣ ਕੇ... ਉਹ ਦਾ ਆਦਰ ਕਰੇ..." ਜ਼ਿਆਦਾਤਰ ਇਸਤਰੀਆਂ ਜ਼ਿਆਦਾਤਰ ਪੁਰਸ਼ਾਂ ਦੇ ਵਾਂਗ ਸਰੀਰਕ ਤੌਰ 'ਤੇ ਮਜ਼ਬੂਤ ਨਹੀਂ ਹੁੰਦੀਆਂ ਹਨ। ਨਾਲ ਹੀ, ਜ਼ਿਆਦਾਤਰ ਔਰਤਾਂ ਭਾਵਨਾਤਮਕ ਦਰਦ ਅਤੇ ਬਿਪਤਾ ਦੇ ਲਈ ਜ਼ਿਆਦਾਤਰ ਪੁਰਸ਼ਾਂ ਦੇ ਨਾਲੋਂ ਕਮਜ਼ੋਰ ਹੁੰਦੀਆਂ ਹਨ। ਇੱਕ ਪੁਰਸ਼ ਨੂੰ ਆਪਣੀ ਪਤਨੀ ਨੂੰ ਦਿਲਾਸਾ ਦੇਣਾ ਚਾਹੀਦਾ ਹੈ ਅਤੇ ਉਸ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਉਸ ਨੂੰ ਸਿੱਖਣਾ ਚਾਹੀਦਾ ਹੈ ਕਿ ਉਸ ਦੇ ਤਣਾਅ ਤੋਂ ਉਸ ਨੂੰ ਰਾਹਤ ਕਿਵੇਂ ਦਿਵਾਉਣੀ ਹੈ। ਜਦੋਂ ਉਹ ਥੱਕੀ ਹੋਈ ਹੈ, ਤਣਾਅ ਵਿੱਚ ਹੈ, ਜਾਂ ਚਿੰਤਤ ਹੈ, ਤਦ ਪਤੀ ਨੂੰ ਉਸ ਤੋਂ ਮੰਗ ਕਰਨ ਤੋਂ ਬਚਣਾ ਚਾਹੀਦਾ ਹੈ।

### (7) ਇੱਕ ਪਤੀ ਆਪਣੀ ਪਤਨੀ ਦੀਆਂ ਵਿਹਾਰਕ ਲੋੜਾਂ ਨੂੰ ਪੂਰਾ ਕਰਨ ਦੁਆਰਾ ਉਸ ਨੂੰ ਪਿਆਰ ਕਰਦਾ ਹੈ।

ਜਿਵੇਂ ਇੱਕ ਪੁਰਸ਼ ਚਾਹੁੰਦਾ ਹੈ ਕਿ ਉਸ ਦੇ ਕੋਲ ਉਸ ਦੇ ਕੰਮ ਲਈ ਉੱਤਮ ਔਜ਼ਾਰ ਹੋਣ ਅਤੇ ਕੰਮ ਕਰਨ ਲਈ ਇੱਕ ਚੰਗਾ ਸਥਾਨ ਹੋਵੇ, ਉਸੇ ਤਰ੍ਹਾਂ ਉਸ ਨੂੰ ਆਪਣੀ ਪਤਨੀ ਦੇ ਲਈ ਵੀ ਇੱਕ ਚੰਗਾ ਮਹੌਲ ਪ੍ਰਦਾਨ ਕਰਨਾ ਚਾਹੀਦਾ ਹੈ। ਉਸ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਘਰ ਦੀ ਮੁਰੰਮਤ ਕਰਾਈ ਗਈ ਹੈ ਅਤੇ ਉਸ ਵਿੱਚ ਉਹ ਚੀਜ਼ਾਂ ਹਨ ਜਿਨ੍ਹਾਂ ਦੀ ਉਸ ਦੀ ਪਤਨੀ ਨੂੰ ਲੋੜ ਹੈ।

### ਜਦੋਂ ਪਤੀ ਆਪਣੀਆਂ ਪਤਨੀਆਂ ਨੂੰ ਪਿਆਰ ਕਰਦੇ ਹਨ, ਤਾਂ ਇਸ ਦੇ ਨਤੀਜੇ

ਜ਼ਿਆਦਾਤਰ ਪਤੀ ਇਹ ਵੇਖਦੇ ਹਨ ਕਿ ਜਦੋਂ ਉਹ ਆਪਣੀਆਂ ਪਤਨੀਆਂ ਦੇ ਲਈ ਪਿਆਰ ਵਿਖਾਉਂਦੇ ਹਨ, ਤਾਂ ਉਨ੍ਹਾਂ ਦੀਆਂ ਪਤਨੀਆਂ ਅਨੰਦ ਅਤੇ ਸਹਿਯੋਗ ਦੇ ਨਾਲ ਜਵਾਬ ਦਿੰਦੀਆਂ ਹਨ। ਇਸਤਰੀਆਂ ਉਦੋਂ ਖੁਸ਼ੀ ਮਹਿਸੂਸ ਕਰਦੀਆਂ ਹਨ ਜਦੋਂ ਉਨ੍ਹਾਂ ਦੇ ਪਤੀ ਉਨ੍ਹਾਂ ਪ੍ਰਤੀ ਸਮਰਪਿਤ ਹੁੰਦੇ ਹਨ ਅਤੇ ਦੱਸੇ ਗਏ ਤਰੀਕਿਆਂ ਦੇ ਨਾਲ ਉਨ੍ਹਾਂ ਲਈ ਪਿਆਰ ਵਿਖਾਉਂਦੇ ਹਨ। ਪੁਰਸ਼ ਜਦੋਂ ਆਪਣੀਆਂ ਪਤਨੀਆਂ ਦੇ ਲਈ ਪਿਆਰ ਵਿਖਾਉਂਦੇ ਹਨ ਤਾਂ ਉਹ ਆਪਣੇ ਵਿਆਹੁਤਾ ਰਿਸ਼ਤੇ ਤੋਂ ਸਭ ਤੋਂ ਜ਼ਿਆਦਾ ਲਾਭ ਪ੍ਰਾਪਤ ਕਰਦੇ ਹਨ (ਅਫ਼ਸੀਆਂ 5:28)। ਹਾਲਾਂਕਿ, ਪੁਰਸ਼ਾਂ ਨੂੰ ਨਤੀਜਿਆਂ ਦਾ ਭਰੋਸਾ ਨਹੀਂ ਦਿੱਤਾ ਗਿਆ ਹੈ। ਇਹ ਲਾਭ ਹੋ ਸਕਦੇ ਹਨ ਜਾਂ ਨਹੀਂ ਵੀ ਹੋ ਸਕਦੇ। ਇੱਕ ਪੁਰਸ਼ ਨੂੰ ਇਸ ਉਹ ਪ੍ਰਾਪਤ ਕਰਨ ਦੇ ਉਦੇਸ਼ ਨਾਲ ਪਿਆਰ ਨਹੀਂ ਵਿਖਾਉਣਾ ਚਾਹੀਦਾ ਜੋ ਉਹ ਚਾਹੁੰਦਾ ਹੈ। ਉਸ ਨੂੰ ਆਪਣੀਆਂ ਲੋੜਾਂ ਦੀ ਚਿੰਤਾ ਕਰਨ ਦੇ ਬਜਾਏ ਪਰਮੇਸ਼ੁਰ ਨੂੰ ਪ੍ਰਸੰਨ ਕਰਨ ਲਈ ਅਤੇ ਆਪਣੀ ਪਤਨੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਪਿਆਰ ਵਿਖਾਉਣਾ ਚਾਹੀਦਾ ਹੈ।

ਕੁਝ ਪਤਨੀਆਂ ਨੂੰ ਅਤੀਤ ਦੇ ਅਨੁਭਵਾਂ ਦੇ ਕਾਰਨ ਭਾਵਨਾਤਮਕ ਨੁਕਸਾਨ ਹੋਇਆ ਹੈ, ਅਤੇ ਹੋ ਸਕਦਾ ਹੈ ਕਿ ਉਹ ਆਪਣੇ ਪਤੀਆਂ ਦੇ ਪਿਆਰ ਲਈ ਤੁਰੰਤ ਜਵਾਬ ਨਾ ਦੇਣ। ਪਿਆਰ ਵਿਖਾਉਣ ਦੇ ਇਹ ਅਭਿਆਸ ਇੱਕ ਤਕਨੀਕ ਨਹੀਂ ਹਨ ਜਿਨ੍ਹਾਂ ਦੀ ਇੱਕ ਪ੍ਰਯੋਗ ਦੇ ਵਜੋਂ ਕੁਝ ਦਿਨ ਕੋਸ਼ਿਸ਼ ਕੀਤੀ ਜਾਵੇ। ਇੱਕ ਪਤੀ ਨੂੰ ਉਸ ਪਿਆਰ ਦੇ ਕਾਰਨ ਲਗਾਤਾਰ ਇਨ੍ਹਾਂ ਤਰੀਕਿਆਂ ਦੇ ਨਾਲ ਪਿਆਰ ਵਿਖਾਉਂਦੇ ਰਹਿਣਾ ਚਾਹੀਦਾ ਹੈ ਜੋ ਪਿਆਰ ਉਸ ਦੇ ਦਿਲ ਵਿੱਚ ਪਰਮੇਸ਼ੁਰ ਲਈ ਅਤੇ ਉਸ ਦੀ ਪਤਨੀ ਲਈ ਹੈ। ਮਸੀਹ ਇਸ ਵਫ਼ਾਦਾਰੀ ਅਤੇ ਖੁਦ ਦਾ ਤਿਆਗ ਕਰਨ ਵਾਲੇ ਸਮਰਪਣ ਦੇ ਨਾਲ ਕਲੀਸਿਯਾ ਨੂੰ ਪਿਆਰ ਕਰਦਾ ਹੈ।

## ਇੱਕ ਪਤਨੀ ਆਪਣੇ ਪਤੀ ਲਈ ਆਦਰ ਨੂੰ ਕਿਵੇਂ ਵਿਖਾਉਂਦੀ ਹੈ

ਅਫ਼ਸੀਆਂ 5:33 ਹੁਕਮ ਦਿੰਦੀ ਹੈ, "ਪਰ ਤੁਸਾਂ ਵਿੱਚੋਂ ਭੀ ਹਰੇਕ ਆਪੋ ਆਪਣੀ ਪਤਨੀ ਨਾਲ ਆਪਣੇ ਹੀ ਜਿਹਾ **ਪ੍ਰੇਮ** ਕਰੇ ਅਰ ਪਤਨੀ ਆਪਣੇ ਪਤੀ ਦਾ **ਮਾਨ** ਕਰੇ।"

ਇੱਕ ਪੁਰਸ਼ ਨੂੰ ਆਦਰ ਦੀ ਲੋੜ ਹੈ। ਜ਼ਿਆਦਾਤਰ ਪੁਰਸ਼ ਇਹ ਚਾਹੁੰਦੇ ਹਨ ਕਿ ਦੂਸਰੇ ਲੋਕ ਉਨ੍ਹਾਂ ਨੂੰ ਪਸੰਦ ਕਰਨ ਦੇ ਬਜਾਏ ਉਨ੍ਹਾਂ ਦਾ ਆਦਰ ਕਰਨ। ਪਰਮੇਸ਼ੁਰ ਨੇ ਪੁਰਸ਼ਾਂ ਨੂੰ ਇਸ ਤਰ੍ਹਾਂ ਬਣਾਇਆ ਹੈ ਕਿ ਉਹ ਆਪਣੇ ਪਰਿਵਾਰਾਂ ਨੂੰ ਸੁਰੱਖਿਆ ਦੇਣ, ਉਨ੍ਹਾਂ ਦਾ ਸਮਰਥਨ ਕਰਨ, ਅਤੇ ਉਨ੍ਹਾਂ ਦੀ ਅਗਵਾਈ ਕਰਨ। ਇੱਕ ਪਿਤਾ ਅਤੇ ਪਤੀ ਦਾ ਅਹੁਦਾ ਆਦਰ ਪ੍ਰਾਪਤ ਕਰਨ ਲਈ ਕੁਝ ਕਰਨ ਤੋਂ ਪਹਿਲਾਂ ਹੀ ਆਦਰ ਦਾ ਹੱਕਦਾਰ ਹੈ। ਭਾਵੇਂ ਪਤੀ ਦੇ ਕੰਮ ਗਲਤ ਹੀ ਹਨ, ਪਰ ਤਾਂ ਵੀ ਪਤਨੀ ਨੂੰ ਆਪਣੇ ਪਤੀ ਪ੍ਰਤੀ ਆਦਰ ਭਰਿਆ ਵਿਹਾਰ ਕਰਨਾ ਚਾਹੀਦਾ ਹੈ। ਉਸ ਨੂੰ ਉਸ ਦੇ ਨਾਲ ਅਜਿਹਾ ਵਿਹਾਰ ਕਰਨਾ ਚਾਹੀਦਾ ਹੈ ਜਿਵੇਂ ਉਹ ਪਰਮੇਸ਼ੁਰ ਦੇ ਸਰੂਪ ਉੱਤੇ ਬਣਾਇਆ ਗਿਆ ਹੈ, ਜੋ ਤਦ ਵੀ ਮਹੱਤਵਪੂਰਣ ਹੈ ਜਦੋਂ ਉਹ ਆਪਣੇ ਅਧਿਕਾਰ ਦੀ ਵਰਤੋਂ ਪੂਰੀ ਤਰ੍ਹਾਂ ਸਹੀ ਢੰਗ ਨਾਲ ਨਹੀਂ ਕਰਦਾ ਹੈ (ਅਫ਼ਸੀਆਂ 5:23)। ਇਸ ਦਾ ਅਰਥ ਇਹ ਨਹੀਂ ਹੈ ਕਿ ਉਹ ਆਪਣੇ ਪਤੀ ਨੂੰ ਇਹ ਨਹੀਂ ਦੱਸ ਸਕਦੀ ਕਿ ਉਹ ਉਸ ਦੇ ਕੰਮਾਂ ਜਾਂ ਫੈਸਲਿਆਂ ਦੇ ਨਾਲ ਸਹਿਮਤ ਨਹੀਂ ਹੈ, ਪਰ ਉਸ ਨੂੰ ਆਪਣੇ ਪਤੀ ਦੇ ਨਾਲ ਨਿਰਾਦਰ ਭਰਿਆ ਵਿਹਾਰ ਨਹੀਂ ਕਰਨਾ ਚਾਹੀਦਾ।

ਜਦੋਂ ਇੱਕ ਪਤਨੀ ਆਪਣੇ ਪਤੀ ਦੇ ਅਧਿਕਾਰ ਹੇਠ ਆਪਣੇ ਆਪ ਨੂੰ ਅਧੀਨ ਕਰਨ ਦੁਆਰਾ ਉਸ ਦਾ ਆਦਰ ਕਰਦੀ ਹੈ, ਉਹ ਯਿਸੂ ਲਈ ਆਪਣੇ ਪਿਆਰ ਨੂੰ ਪਰਗਟ ਕਰਦੀ ਹੈ (ਅਫ਼ਸੀਆਂ 5:22, 31-33)।

ਕੁਝ ਪਤਨੀਆਂ ਸੋਚਦੀਆਂ ਹਨ ਕਿ ਉਹ ਤਦ ਵੀ ਆਪਣੇ ਪਤੀਆਂ ਨੂੰ ਪਿਆਰ ਕਰਦੀਆਂ ਹਨ ਜਦੋਂ ਉਹ ਉਨ੍ਹਾਂ ਦੇ ਨਾਲ ਨਿਰਾਦਰ ਭਰਿਆ ਵਿਹਾਰ ਕਰਦੀਆਂ ਹਨ – ਉਨ੍ਹਾਂ ਦੇ ਮਿੱਤਰਾਂ ਕੋਲ ਉਨ੍ਹਾਂ ਦੀ ਅਲੋਚਨਾ ਕਰਦੀਆਂ ਹਨ, ਭੇਤਪੂਰਣ ਵਿਹਾਰ ਕਰਦੀਆਂ ਹਨ, ਅਤੇ ਠੇਸ ਪਹੁੰਚਾਉਣ ਵਾਲੇ ਸ਼ਬਦਾਂ ਦੀ ਵਰਤੋਂ ਕਰਦੀਆਂ ਹਨ। ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ ਕਿ ਸਨੇਹ ਦੀ ਕੋਈ ਵੀ ਮਾਤਰਾ ਨਿਰਾਦਰ ਦੀ ਭਰਪਾਈ ਨਹੀਂ ਕਰ ਸਕਦੀ।

ਜ਼ਿਆਦਾਤਰ ਇਸਤਰੀਆਂ ਦਾ ਇੱਕ ਛੋਟੇ ਬੱਚੇ ਦੀ ਦੇਖਭਾਲ ਕਰਨ ਵੱਲ ਵੱਡਾ ਝੁਕਾਅ ਹੁੰਦਾ ਹੈ। ਇੱਕ ਛੋਟੇ ਬੱਚੇ ਦੀ ਦੇਖਭਾਲ ਕਰਨ ਲਈ ਉਨ੍ਹਾਂ ਦੇ ਅੰਦਰ ਇੱਕ ਸੁਭਾਵਿਕ ਯੋਗਤਾ ਅਤੇ ਇੱਕ ਸੁਭਾਵਿਕ ਇੱਛਾ ਹੈ। ਕਲਪਨਾ ਕਰੋ ਕਿ ਇੱਕ ਇਸਤਰੀ ਤਦ ਕਿਵੇਂ ਮਹਿਸੂਸ ਕਰੇਗੀ ਜਦੋਂ ਉਸ ਨੂੰ ਕੋਈ ਆਖਦਾ ਹੈ, "ਤੂੰ ਇੱਕ ਬੱਚੇ ਦੀ ਦੇਖਭਾਲ ਕਰਨ ਦੇ ਯੋਗ ਨਹੀਂ ਹੈਂ।" ਉਸੇ ਤਰ੍ਹਾਂ ਹੀ, ਪੁਰਸ਼ਾਂ ਦਾ ਵੱਡਾ ਝੁਕਾਅ ਸੁਰੱਖਿਆ ਦੇਣ, ਮੁਹੱਈਆ ਕਰਾਉਣ, ਅਤੇ ਅਗਵਾਈ ਕਰਨ ਵੱਲ ਹੁੰਦਾ ਹੈ। ਜਦੋਂ ਇੱਕ ਪੁਰਸ਼ ਦੀ ਪਤਨੀ ਉਸ ਨੂੰ ਦੱਸਦੀ ਹੈ ਕਿ ਉਹ ਇਹ ਸਾਰੇ ਕੰਮ ਨਹੀਂ ਕਰ ਸਕਦਾ ਹੈ, ਉਹ ਮਹਿਸੂਸ ਕਰਦਾ ਹੈ ਕਿ ਉਹ ਇੱਕ ਪੁਰਸ਼ ਦੇ ਰੂਪ ਵਿੱਚ ਅਸਫ਼ਲ ਹੋਇਆ ਹੈ।

ਇੱਕ ਪਤਨੀ ਨੂੰ ਸਮਝਣਾ ਚਾਹੀਦਾ ਹੈ ਕਿ ਦੂਸਰੇ ਪੁਰਸ਼ ਹੋਣਗੇ ਜਿਨ੍ਹਾਂ ਦੀ ਸਖਸ਼ੀਅਤ ਉਸ ਦੇ ਪਤੀ ਨਾਲੋਂ ਜ਼ਿਆਦਾ ਦ੍ਰਿੜ੍ਹ ਹੋਵੇਗੀ, ਜੋ ਉਸ ਦੇ ਪਤੀ ਨਾਲੋਂ ਜ਼ਿਆਦਾ ਪੈਸਾ ਕਮਾਉਂਦੇ ਹੋਣਗੇ, ਜਾਂ ਜੋ ਉਸ ਦੇ ਪਤੀ ਨਾਲੋਂ ਉੱਚੀ ਪਦਵੀ 'ਤੇ ਹੋਣਗੇ। ਉਸ ਨੂੰ ਚਾਹੀਦਾ ਹੈ ਕਿ ਉਹ ਆਪਣੇ ਪਤੀ ਦੀ ਤੁਲਨਾ ਦੂਸਰਿਆਂ ਨਾਲ ਕਰਨ ਦੁਆਰਾ ਉਸ ਨੂੰ ਅਸਫ਼ਲ ਮਹਿਸੂਸ ਨਾ ਕਰਾਵੇ। ਜਿਵੇਂ ਅਸੀਂ ਅਫ਼ਸੀਆਂ 5:21-33 ਤੋਂ ਸਿੱਖਦੇ ਹਾਂ, ਇੱਕ ਪਤਨੀ ਆਪਣੇ ਪਤੀ ਦੇ ਨਾਲ ਇੱਕ ਹੈ। ਜਦੋਂ ਇੱਕ ਪਤਨੀ ਉਸ ਦੀ ਅਲੋਚਨਾ ਕਰਦੀ ਹੈ ਜਾਂ ਦੂਸਰਿਆਂ ਨਾਲ ਉਸ ਦੀ ਤੁਲਨਾ ਕਰਦੀ ਹੈ, ਉਹ ਦੋਵਾਂ ਨੂੰ ਅਤੇ ਉਨ੍ਹਾਂ ਦੇ ਰਿਸ਼ਤੇ ਨੂੰ ਨੁਕਸਾਨ ਪਹੁੰਚਾਉਂਦੀ ਹੈ।

► ਇੱਕ ਵਿਦਿਆਰਥੀ ਨੂੰ ਸਮੂਹ ਲਈ ਕਹਾਉਤਾਂ 31:11-12, 26 ਨੂੰ ਪੜ੍ਹਨਾ ਚਾਹੀਦਾ ਹੈ। ਇਹ ਆਇਤਾਂ ਸਾਨੂੰ ਇਸ ਬਾਰੇ ਕੀ ਸਿਖਾਉਂਦੀਆਂ ਹਨ ਕਿ ਇੱਕ ਧਰਮੀ ਪਤਨੀ ਆਪਣੇ ਵਿਹਾਰ ਅਤੇ ਸ਼ਬਦਾਂ ਦੇ ਵਿੱਚ ਆਪਣੇ ਪਤੀ ਨਾਲ ਕਿਸ ਤਰ੍ਹਾਂ ਦਾ ਵਿਹਾਰ ਕਰਦੀ ਹੈ?

### (1) ਇੱਕ ਪਤਨੀ ਪੁਸ਼ਟੀ ਦੇ ਸ਼ਬਦਾਂ ਨਾਲ ਆਪਣੇ ਪਤੀ ਦਾ ਆਦਰ ਕਰਦੀ ਹੈ।

ਇੱਕ ਪਤਨੀ ਨੂੰ ਆਪਣੇ ਪਤੀ ਦੀ ਸੰਭਾਵੀ ਸਮਰੱਥਾ ਦੀ ਪੁਸ਼ਟੀ ਕਰਨੀ ਚਾਹੀਦੀ ਹੈ। ਆਦਰ ਉਨ੍ਹਾਂ ਪੁਸ਼ਟੀ ਦੇ ਸ਼ਬਦਾਂ ਵਿੱਚ ਸਪਸ਼ਟ ਵਿਖਾਈ ਦੇਵੇਗਾ ਜੋ ਸ਼ਬਦ ਇੱਕ ਪਤਨੀ ਆਪਣੇ ਪਤੀ ਲਈ ਬੋਲਦੀ ਹੈ। ਸ਼ਬਦ ਜ਼ਿਆਦਾਤਰ ਪੁਰਸ਼ਾਂ ਉੱਤੇ ਸ਼ਕਤੀਸ਼ਾਲੀ ਪ੍ਰਭਾਵ ਪਾਉਂਦੇ ਹਨ। ਉਹ ਜਾਂ ਤਾਂ ਨਿਰਮਾਣ ਕਰਨਗੇ ਜਾਂ ਉਹ ਪਾੜ ਦੇਣਗੇ (ਕਹਾਉਤਾਂ 14:1)। ਉਹ ਜਾਂ ਤਾਂ ਉਤਸ਼ਾਹਿਤ ਕਰਨਗੇ ਜਾਂ ਕਮਜ਼ੋਰ ਬਣਾਉਣਗੇ। ਉਹ ਜਾਂ ਤਾਂ ਉਸ ਦੀ ਦਲੇਰੀ ਨੂੰ ਹੋਰ ਮਜ਼ਬੂਤ ਬਣਾਉਣਗੇ ਜਾਂ ਉਸ ਦੇ ਆਤਮਾ ਨੂੰ ਤੋੜ ਦੇਣਗੇ (ਕਹਾਉਤਾਂ 18:21)। ਹੋ ਸਕਦਾ ਹੈ ਕਿ ਇੱਕ ਪੁਰਸ਼ ਹਰੇਕ ਉੱਦਮ ਵਿੱਚ ਸਫਲ ਨਾ ਹੋਵੇ ਜਾਂ ਕੁਝ ਅਹੁਦਿਆਂ ਨੂੰ ਨਾ ਸੰਭਾਲ ਸਕੇ, ਪਰ ਇੱਕ ਪਤਨੀ ਨੂੰ ਚਾਹੀਦਾ ਹੈ ਕਿ ਘਰ ਲਈ ਮੁਹੱਈਆ ਕਰਾਉਣ ਅਤੇ ਉਸ ਦੇ ਪਰਿਵਾਰ ਦੀ ਸੁਰੱਖਿਆ ਲਈ ਉਸ ਦੀਆਂ ਕੋਸ਼ਿਸ਼ਾਂ ਦੀ ਪੁਸ਼ਟੀ ਕਰੇ। ਪਤਨੀ ਨੂੰ ਚਾਹੀਦਾ ਹੈ ਕਿ ਉਹ ਉਸ ਨੂੰ ਨਵੇਂ ਵਿਚਾਰਾਂ ਪ੍ਰਤੀ ਕੋਸ਼ਿਸ਼ ਕਰਨ ਅਤੇ ਨਵੀਆਂ ਚੁਣੌਤੀਆਂ ਲੈਣ ਲਈ ਨਿਰਾਸ਼ ਨਾ ਕਰੇ।

► ਇੱਕ ਵਿਦਿਆਰਥੀ ਨੂੰ ਸਮੂਹ ਲਈ ਕਹਾਉਤਾਂ 15:4 ਅਤੇ ਕਹਾਉਤਾਂ 16:24 ਨੂੰ ਪੜ੍ਹਨਾ ਚਾਹੀਦਾ ਹੈ।

**(2) ਇੱਕ ਪਤਨੀ ਅਧੀਨ ਹੋਣ ਦੁਆਰਾ ਆਪਣੇ ਪਤੀ ਦਾ ਆਦਰ ਕਰਦੀ ਹੈ (1 ਪਤਰਸ 3:5)।**

ਇੱਕ ਪਤਨੀ ਦੇ ਅਧੀਨ ਹੋਣ ਦਾ ਅਰਥ ਇਹ ਨਹੀਂ ਹੈ ਕਿ ਉਹ ਆਪਣੇ ਪਤੀ ਨਾਲੋਂ ਨੀਵੀਂ ਹੈ। ਸਗੋਂ ਇਸ ਦਾ ਅਰਥ ਇਹ ਹੈ ਕਿ ਉਨ੍ਹਾਂ ਦੀਆਂ ਭੂਮਿਕਾਵਾਂ ਵੱਖ-ਵੱਖ ਹਨ। ਤ੍ਰਿਏਕਤਾ ਦੇ ਵਿੱਚ ਵੀ ਅਸੀਂ ਵੇਖਦੇ ਹਾਂ ਕਿ ਪੁੱਤਰ ਪਿਤਾ ਦੇ ਅਧੀਨ ਹੁੰਦਾ ਹੈ, ਭਾਵੇਂ ਕਿ ਪੁੱਤਰ ਸੁਭਾਅ ਜਾਂ ਸਮਰੱਥਾ ਜਾਂ ਕਿਸੇ ਗੁਣ ਦੇ ਵਿੱਚ ਪਿਤਾ ਨਾਲੋਂ ਘੱਟ ਨਹੀਂ ਹੈ।

ਇਹ ਸਿਧਾਂਤ ਕੁਝ ਪਤਨੀਆਂ ਦੇ ਲਈ ਸੌਖਾ ਨਹੀਂ ਹੈ, ਖਾਸ ਕਰਕੇ ਜੇ ਉਨ੍ਹਾਂ ਦੇ ਪਤੀ ਪਰਮੇਸ਼ੁਰ ਦੇ ਵਚਨ ਅਨੁਸਾਰ ਨਹੀਂ ਜੀਉਂਦੇ ਹਨ, ਜਾਂ ਜੇ ਉਹ ਉਨ੍ਹਾਂ ਪ੍ਰਤੀ ਦਿਆਲੂ ਨਹੀਂ ਹਨ। ਕੁਝ ਪਤਨੀਆਂ ਸੋਚਦੀਆਂ ਹਨ ਕਿ ਉਹ ਆਪਣੇ ਲਈ ਜਾਂ ਆਪਣੇ ਪਰਿਵਾਰ ਲਈ ਆਪਣੇ ਪਤੀਆਂ ਨਾਲੋਂ ਬਿਹਤਰ ਫੈਸਲੇ ਲੈ ਸਕਦੀਆਂ ਹਨ। ਕਈ ਵਾਰ ਪਤਨੀ ਸਹੀ ਹੁੰਦੀ ਹੈ, ਅਤੇ ਪਤੀ ਗਲਤ ਹੁੰਦਾ ਹੈ। ਹਾਲਾਂਕਿ, ਜੇ ਇੱਕ ਪਤਨੀ ਆਪਣੇ ਪਤੀ ਦੇ ਉਦੋਂ ਹੀ ਅਧੀਨ ਹੁੰਦੀ ਹੈ ਜਦੋਂ ਉਹ ਉਸ ਦੇ ਨਾਲ ਸਹਿਮਤ ਹੁੰਦੀ ਹੈ, ਤਾਂ ਉਹ ਅਧਿਕਾਰ ਨੂੰ ਆਪਣੇ ਹੱਥ ਵਿੱਚ ਲੈ ਰਹੀ ਹੈ ਅਤੇ ਸੱਚਮੁੱਚ ਅਧੀਨ ਨਹੀਂ ਹੈ। ਅਧੀਨ ਹੋਣ ਦਾ ਅਰਥ ਹੈ ਕਿ ਦੂਸਰੇ ਨੂੰ ਫੈਸਲੇ ਲੈਣ ਦੀ ਅਨੁਮਤੀ ਦੇਣਾ।

ਪਤਰਸ ਪਤਨੀਆਂ ਨੂੰ ਦੱਸਦਾ ਹੈ,

> ਇਸੇ ਪਰਕਾਰ ਹੇ ਪਤਨੀਓ, ਆਪਣਿਆਂ ਪਤੀਆਂ ਦੇ ਅਧੀਨ ਹੋਵੋ ਭਈ ਜੇ ਕੋਈ ਬਚਨ ਨਾ ਵੀ ਮੰਨਦੇ ਹੋਣ ਤਾਂ ਓਹ ਬਚਨ ਤੋਂ ਬਿਨਾ ਆਪਣੀਆਂ ਪਤਨੀਆਂ ਦੀ ਚਾਲ ਢਾਲ ਦੇ ਕਾਰਨ ਖਿੱਚੇ ਜਾਣ... ਤੇ ਤੁਹਾਡਾ ਸਿੰਗਾਰ ਸਿਰ ਗੁੰਦਣ ਅਤੇ ਸੋਨੇ ਦੇ ਗਹਿਣੇ ਪਾਉਣ ਅਥਵਾ ਬਸਤਰ ਪਹਿਨਣ ਦੇ ਨਾਲ ਬਾਹਰਲਾ ਨਾ ਹੋਵੇ ਪਰ ਉਹ ਮਨ ਦੀ ਗੁਪਤ ਇਨਸਾਨੀਅਤ ਹੋਵੇ ਜਿਹੜੀ ਓਸ ਅਵਨਾਸੀ ਸਿੰਗਾਰ ਨਾਲ ਹੈ ਅਰਥਾਤ ਕੋਮਲ ਅਤੇ ਗੰਭੀਰ ਆਤਮਾ ਨਾਲ ਕਿਉਂ ਜੋ ਇਹ ਪਰਮੇਸ਼ੁਰ ਦੇ ਲੇਖੇ ਵੱਡੇ ਮੁੱਲ ਦਾ ਹੈ (1 ਪਤਰਸ 3:1, 3-4)।

ਬਹੁਤ ਸਾਰੇ ਮੁਸ਼ਕਲ ਹਾਲਾਤ ਹੁੰਦੇ ਹਨ। ਬਹੁਤ ਸਾਰੀਆਂ ਪਤਨੀਆਂ ਸਵਾਲ ਪੁੱਛਦੀਆਂ ਹਨ। "ਜੇ ਉਹ ਮੈਨੂੰ _________ ਕਰਨ ਲਈ ਆਖਦਾ ਹੈ, ਤਾਂ ਕੀ ਮੈਂ ਇਹ ਕਰਨਾ ਹੈ?" ਇਹ ਪਾਠ ਉਨ੍ਹਾਂ ਹਾਲਾਤਾਂ ਦੀ ਵੱਡੀ ਭਿੰਨਤਾ ਬਾਰੇ ਗੱਲ ਨਹੀਂ ਕਰ ਸਕਦਾ ਜੋ ਹੋਂਦ ਵਿੱਚ ਹਨ। ਹਾਲਾਂਕਿ, ਅਧੀਨਗੀ ਦੀ ਸਮੱਸਿਆ ਇਹ ਕਾਰਣ ਨਹੀਂ ਹੈ ਕਿਉਂਕਿ ਇੱਕ ਪਤੀ ਉਨ੍ਹਾਂ ਚੀਜ਼ਾਂ ਦੀ ਮੰਗ ਕਰਦਾ ਹੈ ਜੋ ਇੱਕ ਪਤਨੀ ਨੂੰ ਨਹੀਂ ਕਰਨਾ ਚਾਹੀਦਾ। ਹੋ ਸਕਦਾ ਹੈ ਕਿ ਇੱਕ ਪਤਨੀ ਇਸ ਲਈ ਅਧੀਨ ਹੋਣਾ ਨਾ ਚਾਹੀਦੇ ਕਿਉਂਕਿ ਉਹ ਸੋਚਦੀ ਹੈ ਜੇ ਉਹ ਇਹ ਕਰਦੀ ਹੈ ਤਾਂ ਉਸ ਦਾ ਅਣਉਚਿੱਤ ਹੋਵੇਗਾ। ਹੋ ਸਕਦਾ ਹੈ ਕਿ ਪਤੀ ਪਿਆਰ ਕਰਨਾ ਅਤੇ ਦਿਆਲੂ ਨਹੀਂ ਹੈ। ਹੋ ਸਕਦਾ ਹੈ ਕਿ ਇੱਕ ਪਤਨੀ ਆਪਣੇ ਫੈਸਲੇ ਲੈਣ ਦੀ ਆਪਣੀ ਆਜ਼ਾਦੀ ਨੂੰ ਸਮਰਪਿਤ ਕਰਨਾ ਨਾ ਚਾਹੁੰਦੀ ਹੋਵੇ। ਪਤਨੀ ਦਾ ਇੱਕ ਢੀਠ ਰਵੱਈਆ ਹੋ ਸਕਦਾ ਹੈ। ਪਤਨੀ ਪਤੀ ਦੇ ਅਧਿਕਾਰ ਤੋਂ ਇਨਕਾਰ ਕਰਨ ਦੇ ਲਈ ਉਸ ਦੇ ਰੁੱਖੇ ਵਿਹਾਰ ਜਾਂ ਉਸ ਦੀਆਂ ਗਲਤੀਆਂ ਦੀਆਂ ਉਦਾਹਰਣਾਂ ਨੂੰ ਬਹਾਨੇ ਦੇ ਤੌਰ ’ਤੇ ਵਰਤਦੀ ਹੈ। ਇਹ ਪਰਮੇਸ਼ੁਰ ਦੇ ਵਚਨ ਦੇ ਹੁਕਮਾਂ ਦੀ ਉਲੰਘਣਾ ਹੈ।

ਬਾਈਬਲ ਸਾਨੂੰ ਦੱਸਦੀ ਹੈ ਕਿ ਇੱਕ ਧਰਮੀ, ਅਧੀਨ ਪਤਨੀ ਆਪਣੇ ਪਤੀ ਨੂੰ ਪ੍ਰਭੂ ਦੇ ਲਈ ਜਿੱਤ ਸਕਦੀ ਹੈ। ਸਾਨੂੰ ਇਹ ਪੱਕਾ ਭਰੋਸਾ ਨਹੀਂ ਦਿੱਤਾ ਗਿਆ ਕਿ ਇੱਕ ਪਤੀ ਇੱਕ ਚੰਗੀ ਪਤਨੀ ਦੇ ਕਾਰਣ ਇੱਕ ਵਿਸ਼ਵਾਸੀ ਬਣ ਜਾਵੇਗਾ, ਪਰ ਜੇ ਉਸ ਦੀ ਮਸੀਹੀ ਪਤਨੀ ਢੀਠ ਹੈ ਤਾਂ ਉਸ ਦੇ ਵਿਸ਼ਵਾਸੀ ਬਣਨ ਦੀ ਕੋਈ ਸੰਭਾਵਨਾ ਨਹੀਂ ਰਹੇਗੀ। ਇੱਕ ਪਤਨੀ ਆਪਣੇ ਪਤੀ ਨੂੰ ਆਦਰ ਦੇਣ ਦੇ ਦੁਆਰਾ ਉਸ ਵੱਲੋਂ ਵੱਡੀ ਕਿਰਪਾ ਨੂੰ ਪ੍ਰਾਪਤ ਕਰ ਸਕਦੀ ਹੈ, ਪਰ ਇਹ ਆਦਰ ਦੇਣ ਦੇ ਲਈ ਮੁੱਖ ਕਾਰਣ ਨਹੀਂ ਹੈ। ਉਸ ਨੂੰ ਇਸ ਲਈ ਆਪਣੇ ਪਤੀ ਦਾ ਆਦਰ ਕਰਨਾ ਚਾਹੀਦਾ ਹੈ ਕਿਉਂਕਿ ਇਹ ਉਸ ਦਾ ਫ਼ਰਜ਼ ਹੈ ਅਤੇ ਕਿਉਂਕਿ ਉਹ ਪਰਮੇਸ਼ੁਰ ਨੂੰ ਪ੍ਰਸੰਨ ਕਰਨਾ ਚਾਹੁੰਦੀ ਹੈ।

ਕਹਾਉਤਾਂ 12:4 ਆਖਦੀ ਹੈ, "ਪਤਵੰਤੀ ਤੀਵੀਂ ਆਪਣੇ ਪਤੀ ਦਾ ਮੁਕਟ ਹੈ, ਪਰ ਖੱਜਲ ਕਰਨ ਵਾਲੀ ਉਹ ਦੀਆਂ ਹੱਡੀਆਂ ਦਾ ਸਾੜਾ ਹੈ।" ਜੇ ਇੱਕ ਪਤਨੀ ਆਪਣੇ ਪਤੀ ਦੇ ਦੋਸਤਾਂ ਦੇ ਸਾਹਮਣੇ ਉਸ ਨਾਲ ਨਿਰਾਦਰ ਭਰਿਆ ਵਿਹਾਰ ਕਰਦੀ ਹੈ, ਇਹ ਉਸ ਦੇ ਆਦਰ ਨੂੰ ਖੋਹ ਲੈਂਦਾ ਹੈ ਜਿਸ ਨੂੰ ਉਹ ਫਿਰ ਕਦੇ ਵੀ ਬਹਾਲ ਨਹੀਂ ਕਰ ਸਕੇਗੀ। ਪੁਰਸ਼ ਉਨ੍ਹਾਂ ਦੂਸਰੇ ਪੁਰਸ਼ਾਂ ਦੀ ਪ੍ਰਸ਼ੰਸ਼ਾ ਕਰਦੇ ਹਨ ਜਿਨ੍ਹਾਂ ਦੀਆਂ ਪਤਨੀਆਂ ਸਮਰਪਿਤ ਹੁੰਦੀਆਂ ਹਨ। ਪੁਰਸ਼ ਉਨ੍ਹਾਂ ਦੂਸਰੇ ਪੁਰਸ਼ਾਂ ਪ੍ਰਤੀ ਤਰਸ ਦੀ ਭਾਵਨਾ ਰੱਖਦੇ ਹਨ ਜਿਨ੍ਹਾਂ ਦੀਆਂ ਪਤਨੀਆਂ ਨਿਰਾਦਰ ਕਰਦੀਆਂ ਹਨ।

**(3) ਪਤਨੀ ਆਪਣੇ ਪਤੀ ਦੀਆਂ ਲੋੜਾਂ ਵੱਲ ਧਿਆਨ ਦੇਣ ਦੁਆਰਾ ਉਸ ਦਾ ਆਦਰ ਕਰਦੀ ਹੈ (ਕਹਾਉਤਾਂ 31:15, 21, 25, 27)।**

ਜਦੋਂ ਇੱਕ ਪਤਨੀ ਉਸ ਢੰਗ ਨਾਲ ਖਾਣਾ ਬਣਾਉਣ ਅਤੇ ਘਰ ਦੀ ਦੇਖਭਾਲ ਕਰਨ ਬਾਰੇ ਵਿਸਥਾਰ ਨਾਲ ਸਿੱਖਦੀ ਹੈ, ਜੋ ਢੰਗ ਉਸ ਦੇ ਪਤੀ ਨੂੰ ਪ੍ਰਸੰਨ ਕਰਦਾ ਹੈ, ਤਾਂ ਪਤੀ ਆਦਰਵਾਨ ਮਹਿਸੂਸ ਕਰਦਾ ਹੈ। ਜੇ ਪਤਨੀ ਉਸ ਦੇ ਲਈ ਆਪਣੀਆਂ ਆਦਤਾਂ ਨੂੰ ਬਦਲਣ ਤੋਂ ਇਨਕਾਰ ਕਰਦੀ ਹੈ, ਤਾਂ ਉਹ ਮਹਿਸੂਸ ਕਰਦਾ ਹੈ ਕਿ ਉਹ ਉਸ ਦੇ ਮਹੱਤਵਪੂਰਣ ਨਹੀਂ ਹੈ।

ਜੇ ਇੱਕ ਪਤਨੀ ਕੰਮ ਵਿੱਚ ਜਾਂ ਦੋਸਤਾਂ ਦੇ ਨਾਲ ਜਾਂ ਕਲੀਸਿਯਾ ਵਿੱਚ ਜਾਂ ਮੰਨੋਰੰਜਨ ਵਿੱਚ ਰੁਝੀ ਹੋਈ ਹੈ ਅਤੇ ਆਪਣੇ ਪਤੀ ਦੀ ਗੱਲ ਨੂੰ ਸੁਣਨ ਜਾਂ ਉਸ ਦੀਆਂ ਲੋੜਾਂ ਨੂੰ ਵੇਖਣ ਲਈ ਸਮਾਂ ਨਹੀਂ ਕੱਢਦੀ ਹੈ, ਤਾਂ ਪਤੀ ਮਹਿਸੂਸ ਕਰਦਾ ਹੈ ਕਿ ਉਹ ਉਸ ਦੇ ਲਈ ਮਹੱਤਵਪੂਰਣ ਨਹੀਂ ਹੈ।

ਉਤਪਤ 2:18 ਸਿਖਾਉਂਦੀ ਹੈ, "ਫੇਰ ਯਹੋਵਾਹ ਪਰਮੇਸ਼ੁਰ ਨੇ ਆਖਿਆ ਭਈ ਚੰਗਾ ਨਹੀਂ ਕਿ ਆਦਮੀ ਇਕੱਲਾ ਰਹੇ ਸੋ ਮੈਂ ਉਹ ਦੇ ਲਈ ਉਹ ਦੇ ਵਾਂਙੁ ਇੱਕ ਸਹਾਇਕਣ ਬਣਾਵਾਂਗਾ।"

**(4) ਇੱਕ ਪਤਨੀ ਸਰੀਰਕ ਸਨੇਹ ਦੇਣ ਦੁਆਰਾ ਆਪਣੇ ਪਤੀ ਦਾ ਆਦਰ ਕਰਦੀ ਹੈ।**

ਜਾਪਦਾ ਹੈ ਕਿ ਕੁਝ ਪੁਰਸ਼ਾਂ ਦੇ ਲਿੰਗਕ ਸੰਤੁਸ਼ਟੀ ਔਰਤਾਂ ਦੇ ਨਾਲੋਂ ਜ਼ਿਆਦਾ ਮਹੱਤਵ ਰੱਖਦੀ ਹੈ। ਇੱਕ ਔਰਤ ਜਦੋਂ ਤਕ ਉਸ ਦੀਆਂ ਭਾਵਨਾਵਾਂ ਜਾਂ ਮਨ ਹੋਵੇ ਤਦ ਤਕ ਹੋ ਸਕਦਾ ਹੈ ਕਿ ਉਹ ਲਿੰਗਕ ਕਿਰਿਆ ਦੇ ਲਈ ਰੁਚੀ ਨਾ ਵਿਖਾਵੇ, ਪਰ ਇਹ ਉਸ ਨਾਲੋਂ ਬਹੁਤ ਘੱਟ ਵਾਰ ਹੁੰਦਾ ਹੈ ਜਿੰਨਾ ਇੱਕ ਪੁਰਸ਼ ਚਾਹੁੰਦਾ ਹੈ। ਇਸ ਦਾ ਅਰਥ ਹੈ ਕਿ ਇੱਕ ਪਤੀ ਅਕਸਰ ਵੱਖ ਰਹੇਗਾ ਜਦੋਂ ਉਸ ਦੀ ਪਤਨੀ

ਉਸ ਦੀ ਲੋੜ ਨੂੰ ਨਹੀਂ ਸਮਝਦੀ ਹੈ। ਹੋ ਸਕਦਾ ਹੈ ਕਿ ਉਹ ਪੁਰਸ਼ ਦੀਆਂ ਲਿੰਗਕ ਇੱਛਾਵਾਂ ਨੂੰ ਇਸ ਲਈ ਨਫਰਤ ਕਰਦੀ ਹੋਵੇ ਕਿਉਂਕਿ ਅਤੀਤ ਵਿੱਚ ਉਸ ਨੇ ਸ਼ੋਸ਼ਣ ਦਾ ਅਨੁਭਵ ਕੀਤਾ ਸੀ ਜਾਂ ਸ਼ੋਸ਼ਣ ਵੇਖਿਆ ਸੀ। ਇਸ ਲਈ ਪਤੀ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਉਹ ਧੀਰਜਵਾਨ ਬਣੇ ਅਤੇ ਆਪਣੀ ਪਤਨੀ ਨੂੰ ਸਮਝੇ। ਪਰ ਇੱਕ ਪਤਨੀ ਨੂੰ ਇਹ ਜਾਣਨਾ ਚਾਹੀਦਾ ਹੈ ਕਿ ਭਾਵੇਂ ਜਦੋਂ ਉਹ ਲਿੰਗਕ ਕਿਰਿਆ ਦੇ ਲਈ ਆਪ ਲੋੜ ਮਹਿਸੂਸ ਨਹੀਂ ਕਰਦੀ ਹੈ, ਪਰ ਇਹ ਉਸ ਲਈ ਚੰਗਾ ਹੈ ਕਿ ਉਹ ਤਦ ਵੀ ਆਪਣੇ ਪਤੀ ਦੀ ਲਿੰਗਕ ਲੋੜ ਨੂੰ ਪੂਰਾ ਕਰੇ। ਜੇ ਇੱਕ ਪੁਰਸ਼ ਵਫ਼ਾਦਾਰ ਹੈ ਅਤੇ ਆਪਣੀ ਪਤਨੀ ਦੇ ਪ੍ਰਤੀ ਸਮਰਪਿਤ ਹੈ, ਉਸ ਦੇ ਦੂਸਰੀਆਂ ਇਸਤਰੀਆਂ ਦੇ ਨਾਲ ਕੋਈ ਗਲਤ ਸੰਬੰਧ ਨਹੀਂ ਹਨ, ਸੋ ਜਦੋਂ ਉਸ ਦੀ ਪਤਨੀ ਉਸ ਦੀ ਲੋੜ ਦੀ ਪਰਵਾਹ ਨਹੀਂ ਕਰਦੀ ਹੈ ਤਾਂ ਉਹ ਨਰਾਜ਼ਗੀ ਮਹਿਸੂਸ ਕਰ ਸਕਦਾ ਹੈ। ਵਿਆਹੁਤਾ ਰਿਸ਼ਤੇ ਦੇ ਲਈ ਸਮਰਪਣ ਪ੍ਰਤੀ ਇੱਕ ਪਤੀ ਦੀ ਵਫ਼ਾਦਾਰੀ ਕਦੇ ਵੀ ਉਸ ਦੀ ਸਰੀਰਕ ਸੰਤੁਸ਼ਟੀ 'ਤੇ ਨਿਰਭਰ ਨਹੀਂ ਹੋਣੀ ਚਾਹੀਦੀ, ਪਰ ਜੇ ਉਸ ਦੀ ਪਤਨੀ ਉਸ ਦੀਆਂ ਲਿੰਗਕ ਲੋੜਾਂ ਵੱਲ ਧਿਆਨ ਦਿੰਦੀ ਹੈ ਤਾਂ ਇਹ ਪਰਤਾਵੇ ਨਾਲ ਉਸ ਦੇ ਸੰਘਰਸ਼ ਨੂੰ ਘੱਟ ਕਰ ਸਕਦਾ ਹੈ।

ਸਰੇਸ਼ਟ ਗੀਤ ਇਹ ਦੱਸਦਾ ਹੈ, "ਮੇਰਾ ਬਾਲਮ ਮੇਰਾ ਹੈ ਤੇ ਮੈਂ ਉਸ ਦੀ ਹਾਂ... **ਮੇਰੇ ਬਾਲਮ, ਆ,** ਅਸੀਂ ਖੇਤ ਵਿੱਚ ਚੱਲੀਏ, ਅਤੇ ਪਿੰਡਾਂ ਵਿੱਚ ਰਾਤ ਕਟੀਏ... ਉੱਥੇ **ਮੈਂ ਤੈਨੂੰ ਆਪਣਾ ਪ੍ਰੇਮ ਦਿਆਂਗੀ।** (ਸਰੇਸ਼ਟ ਗੀਤ 2:16; ਸਰੇਸ਼ਟ ਗੀਤ 7:11-12, ਜ਼ੋਰ ਦਿੱਤਾ ਗਿਆ ਹੈ; 1 ਕੁਰਿੰਥੀਆਂ 7:3-5 ਨੂੰ ਵੀ ਵੇਖੋ)।

## ਪਰਮੇਸ਼ੁਰ ਦੇ ਨਿਰਦੇਸ਼ਾਂ ਦੀ ਉਲੰਘਣਾ ਕਰਨ ਦੇ ਨਤੀਜੇ

ਇਨ੍ਹਾਂ ਆਇਤਾਂ ਵਿੱਚ ਦਿੱਤੇ ਗਏ ਵੇਰਵੇ ਵਿਆਹ ਵਿਚਲੇ ਹਰੇਕ ਝਗੜੇ ਉੱਤੇ ਲਾਗੂ ਨਹੀਂ ਹੁੰਦੇ ਹਨ, ਪਰ ਉਹ ਆਮ ਹਨ। ਇਹ ਵੇਰਵੇ ਵਿਹਾਰ ਸੰਬੰਧੀ ਕਾਰਣ-ਅਤੇ-ਪ੍ਰਭਾਵ ਦੇ ਸੁਭਾਵਿਕ ਚੱਕਰ ਨੂੰ ਵਿਖਾਉਂਦੇ ਹਨ ਜੋ ਤਦ ਹੁੰਦਾ ਹੈ ਜਦੋਂ ਜੀਵਨ ਸਾਥੀ ਆਪਣੀਆਂ ਭਾਵਨਾਵਾਂ ਦੇ ਪ੍ਰਤੀ ਗੈਰ ਆਤਮਿਕ ਢੰਗ ਨਾਲ ਜਵਾਬ ਦਿੰਦੇ ਹਨ, ਇਸ ਦੇ ਬਜਾਏ ਕਿ (1) ਉਹ ਜਾਣਨ ਕਿ ਉਹ ਕੀ ਮਹਿਸੂਸ ਕਰ ਰਹੇ ਹਨ, (2) ਪਰਮੇਸ਼ੁਰ ਦੀ ਸੱਚਾਈ ਨੂੰ ਯਾਦ ਰੱਖਣ ਅਤੇ ਉਸ ਨੂੰ ਜੋ ਉਹ ਉਨ੍ਹਾਂ ਦੇ ਲਈ ਚਾਹੁੰਦਾ ਹੈ, ਅਤੇ (3) ਬਾਈਬਲ ਅਧਾਰਤ ਤਰੀਕਿਆਂ ਨਾਲ ਜਵਾਬ ਦੇਣ ਵਿੱਚ ਮਦਦ ਲਈ ਪਵਿੱਤਰ ਆਤਮਾ ਉੱਤੇ ਨਿਰਭਰ ਰਹਿਣ।

ਜੇ ਇੱਕ ਪਤਨੀ ਆਤਮਾ ਦੇ ਵਿੱਚ ਨਹੀਂ ਚੱਲਦੀ ਹੈ ਅਤੇ ਪਰਮੇਸ਼ੁਰ ਦੇ ਪਿਆਰ ਨੂੰ ਆਪਣੇ ਰਾਹੀਂ ਕੰਮ ਕਰਨ ਦੀ ਅਨੁਮਤੀ ਨਹੀਂ ਦਿੰਦੀ ਹੈ, ਤਾਂ ਉਹ ਉਨ੍ਹਾਂ ਸੁਭਾਵਿਕ ਤਰੀਕਿਆਂ ਨਾਲ ਪ੍ਰਤੀਉੱਤਰ ਦੇ ਸਕਦੀ ਹੈ ਜੋ ਉਸ ਦੇ ਵਿਆਹੁਤਾ ਰਿਸ਼ਤੇ ਨੂੰ ਨੁਕਸਾਨ ਪਹੁੰਚਾਉਣਗੇ। ਜੇ ਇੱਕ ਪਤਨੀ ਪਿਆਰ ਮਹਿਸੂਸ ਨਹੀਂ ਕਰਦੀ ਹੈ, ਤਾਂ ਉਹ ਸੁਰੱਖਿਅਤ ਮਹਿਸੂਸ ਨਹੀਂ ਕਰਦੀ ਹੈ। ਉਹ ਆਪਣੀ ਗੱਲ ਰੱਖਣ ਲੱਗੇਗੀ ਅਤੇ ਆਪਣੇ ਪਤੀ ਦੇ ਅਧਿਕਾਰ ਦਾ ਵਿਰੋਧ ਕਰਨ ਲੱਗੇਗੀ ਕਿਉਂਕਿ ਉਹ ਆਪਣੀ ਦੇਖਭਾਲ ਦੇ ਲਈ ਉਸ ਉੱਤੇ ਭਰੋਸਾ ਨਹੀਂ ਕਰਦੀ ਹੈ। ਜਦੋਂ ਉਹ ਇਹ ਕਰਦੀ ਹੈ, ਤਾਂ ਉਹ ਨਿਰਾਦਰ ਮਹਿਸੂਸ ਕਰਦਾ ਹੈ। ਜੇ ਉਹ ਅਧਿਕਾਰ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਆਦਰ ਦੀ ਮੰਗ ਕਰਦਾ ਹੈ, ਤਾਂ ਉਹ ਹੋਰ ਵੀ ਮਹਿਸੂਸ ਕਰਦੀ ਹੈ ਕਿ ਉਹ ਉਸ ਨੂੰ ਪਿਆਰ ਨਹੀਂ ਕਰਦਾ ਹੈ।

ਜੇ ਇੱਕ ਪਤੀ ਆਤਮਾ ਦੇ ਵਿੱਚ ਨਹੀਂ ਚੱਲਦਾ ਹੈ ਅਤੇ ਪਰਮੇਸ਼ੁਰ ਦੇ ਪਿਆਰ ਨੂੰ ਆਪਣੇ ਰਾਹੀਂ ਕੰਮ ਕਰਨ ਦੀ ਅਨੁਮਤੀ ਨਹੀਂ ਦਿੰਦਾ ਹੈ, ਤਾਂ ਹੋ ਸਕਦਾ ਹੈ ਕਿ ਉਹ ਉਸ ਰਵੱਈਏ ਰੱਖਣ ਵਿੱਚ ਅਸਫ਼ਲ ਹੋ ਜਾਵੇ ਜੋ ਉਸ ਦੇ ਵਿਆਹੁਤਾ ਰਿਸ਼ਤੇ ਨੂੰ ਮਜ਼ਬੂਤ ਬਣਾਉਂਦਾ ਹੈ। ਜਦੋਂ ਇੱਕ ਪਤੀ ਨਿਰਾਦਰ ਮਹਿਸੂਸ ਕਰਦਾ ਹੈ, ਉਹ ਠੇਸ ਅਤੇ ਗੁੱਸੇ ਨੂੰ ਮਹਿਸੂਸ ਕਰਦਾ ਹੈ। ਉਹ ਆਪਣੀ ਪਤਨੀ ਨੂੰ ਠੇਸ ਪਹੁੰਚਾਉਣ ਵਾਲੀਆਂ ਗੱਲਾਂ ਆਖ ਸਕਦਾ ਹੈ। ਜੇ ਉਹ ਆਪਣੀਆਂ ਭਾਵਨਾਵਾਂ ਨੂੰ ਨਿਯੰਤਰਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਤਾਂ ਉਹ ਚੁੱਪ ਹੋ ਸਕਦਾ ਹੈ। ਉਹ ਆਪਣੀ ਪਤਨੀ ਦੇ ਨੇੜੇ ਨਹੀਂ ਰਹਿਣਾ ਚਾਹੁੰਦਾ ਜਾਂ ਉਸ ਦੇ ਅੱਗੇ ਆਪਣਾ ਦਿਲ ਨਹੀਂ ਖੋਲ੍ਹਣਾ ਚਾਹੁੰਦਾ, ਕਿਉਂਕਿ ਉਹ ਮਹਿਸੂਸ ਕਰਦਾ ਹੈ ਕਿ ਉਹ ਇੱਕ ਸਹਿਯੋਗੀ ਨਹੀਂ ਹੈ। ਜਦੋਂ ਉਹ ਇਹ ਕਰਦਾ ਹੈ, ਉਸ ਦੀ ਪਤਨੀ ਨੂੰ ਸਮਝ ਨਹੀਂ ਆਉਂਦੀ ਕਿ ਉਹ ਇਹ ਕਿਉਂ ਕਰ ਰਿਹਾ ਹੈ। ਹੋ ਸਕਦਾ ਹੈ ਕਿ ਪਤਨੀ ਨੇ ਉਸ ਨਾਲ ਨਿਰਾਦਰ ਭਰਿਆ ਵਿਹਾਰ ਕੀਤਾ ਹੋਵੇ ਕਿਉਂਕਿ ਉਹ ਕੋਸ਼ਿਸ਼ ਕਰ ਰਹੀ ਸੀ ਕਿ ਉਸ ਨੂੰ ਅਹਿਸਾਸ ਕਰਾਵੇ ਕਿ ਉਹ ਖੁਸ਼ ਨਹੀਂ ਹੈ ਅਤੇ ਉਸ ਨੂੰ ਬਦਲਣ ਦੀ ਲੋੜ ਹੈ। ਜਦੋਂ ਉਹ ਗੁੱਸੇ ਹੋ ਜਾਂਦਾ ਹੈ ਅਤੇ ਵੱਖ ਹੋ ਜਾਂਦਾ ਹੈ, ਉਹ ਸੋਚਦੀ ਹੈ ਕਿ ਉਹ ਪੁਸ਼ਟੀ ਕਰ ਰਿਹਾ ਹੈ ਕਿ ਉਸ ਨੂੰ ਉਸ ਦੀਆਂ ਭਾਵਨਾਵਾਂ ਦੀ ਕੋਈ ਪਰਵਾਹ ਨਹੀਂ ਹੈ। ਤਾਂ ਉਹ ਹੋਰ ਵੀ ਨਿਰਾਦਰ ਕਰਨ ਵਾਲੀ ਬਣ ਜਾਂਦੀ ਹੈ।

ਜਦੋਂ ਵਿਆਹੁਤਾ ਰਿਸ਼ਤਾ ਨੁਕਸਾਨਿਆ ਜਾਂਦਾ ਹੈ ਤਦ ਇੱਕ ਵਿਅਕਤੀ ਪਰਤਾਵੇ ਦੇ ਲਈ ਹੋਰ ਕਮਜ਼ੋਰ ਬਣ ਜਾਂਦਾ ਹੈ। ਪਤਨੀ ਆਪਣੇ ਪਤੀ ਦੀ ਅਗਵਾਈ ਦਾ ਹੋਰ ਵਿਰੋਧ ਕਰਨ ਲਈ ਪਰਤਾਈ ਜਾਂਦੀ ਹੈ। ਉਹ ਦੂਸਰਿਆਂ ਨਾਲ ਉਸ ਬਾਰੇ ਨਿਰਾਦਰ ਦੇ ਨਾਲ ਗੱਲ ਕਰਨ ਲਈ ਪਰਤਾਈ ਜਾਂਦੀ ਹੈ। ਹੋ ਸਕਦਾ ਹੈ ਕਿ ਉਹ ਦੂਸਰੇ ਪੁਰਸ਼ ਦੇ ਉਸ ਵੱਲ ਧਿਆਨ ਦੇਣ ਦਾ ਅਨੰਦ ਮਾਣਨ ਲਈ ਪਰਤਾਈ ਜਾਵੇ, ਜੋ ਪੁਰਸ਼ ਜਾਪਦਾ ਹੈ ਕਿ ਉਸ ਦੀ ਪ੍ਰਸ਼ੰਸਾ ਕਰ ਰਿਹਾ ਹੈ। ਪਤੀ ਆਪਣੀ ਪਤਨੀ ਤੋਂ ਦੂਰ ਰਹਿਣ ਲਈ ਪਰਤਾਇਆ ਜਾਂਦਾ ਹੈ ਕਿਉਂਕਿ ਪਤਨੀ ਦਾ ਵਿਹਾਰ ਉਸ ਨੂੰ ਠੇਸ ਪਹੁੰਚਾਉਂਦਾ ਹੈ। ਉਹ ਅਜਿਹਾ ਮਹਿਸੂਸ ਨਹੀਂ ਕਰਦਾ ਕਿ ਉਹ ਉਸ ਲਈ ਪਿਆਰ ਭਰੇ ਕੰਮ ਕਰੇ। ਹੋ ਸਕਦਾ ਹੈ ਕਿ ਉਹ ਦੂਸਰੀਆਂ ਇਸਤਰੀਆਂ ਦੇ ਉਸ ਵੱਲ ਧਿਆਨ ਦੇਣ ਦਾ ਅਨੰਦ ਮਾਣਨ ਲਈ ਪਰਤਾਇਆ ਜਾਵੇ ਜੋ ਉਸ ਦੀ ਪ੍ਰਸ਼ੰਸਾ ਕਰਦੀਆਂ ਹਨ।

ਹਰੇਕ ਵਿਅਕਤੀ ਆਪਣੇ ਫੈਸਲਿਆਂ ਲਈ ਪਰਮੇਸ਼ੁਰ ਅੱਗੇ ਜ਼ਿੰਮੇਵਾਰ ਹੈ। ਪਰਮੇਸ਼ੁਰ ਇੱਕ ਵਿਅਕਤੀ ਦੇ ਪਾਪ ਨੂੰ ਉਸ ਕਾਰਣ ਅਣਦੇਖਿਆ ਨਹੀਂ ਕਰੇਗਾ ਜੋ ਉਸ ਦੇ ਜੀਵਨ ਸਾਥੀ ਨੇ ਕੀਤਾ ਹੈ। ਪਰਮੇਸ਼ੁਰ ਸਾਨੂੰ ਉਹ ਸ਼ਕਤੀ ਦੇਣ ਦਾ ਵਾਇਦਾ ਕਰਦਾ ਹੈ ਜੋ ਸਾਡੀ ਉਸ ਤਰ੍ਹਾਂ ਜੀਣ ਵਿੱਚ ਮਦਦ ਕਰੇਗੀ ਜਿਵੇਂ ਸਾਨੂੰ ਜੀਣਾ ਚਾਹੀਦਾ ਹੈ। ਇਸ ਜਾਣਕਾਰੀ ਦਾ ਉਦੇਸ਼ ਇੱਕ ਵਿਅਕਤੀ ਦੇ ਲਈ ਇਹ ਨਹੀਂ ਹੈ ਕਿ ਉਹ ਉਸ ਦੀ ਮੰਗ ਕਰੇ ਜੋ ਇੱਕ ਜੀਵਨ ਸਾਥੀ ਨੂੰ ਕਰਨਾ ਚਾਹੀਦਾ ਹੈ ਜਾਂ ਆਪਣੇ ਪਾਪ ਦੇ ਲਈ ਇੱਕ ਜੀਵਨ ਸਾਥੀ ਨੂੰ ਦੋਸ਼ੀ ਠਹਿਰਾਵੇ। ਇਸ ਦਾ ਉਦੇਸ਼ ਇਹ ਹੈ ਕਿ ਇੱਕ ਵਿਅਕਤੀ ਨੂੰ ਪਰਮੇਸ਼ੁਰ ਨੂੰ ਪ੍ਰਸੰਨ ਕਰਨ ਅਤੇ ਇੱਕ ਜੀਵਨ ਸਾਥੀ ਦੀਆਂ ਲੋੜਾਂ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਦਾ ਅਹਿਸਾਸ ਹੋਵੇ।

## ਗਲਤ ਟੀਚੇ

ਕਈ ਵਾਰ ਇੱਕ ਵਿਅਕਤੀ ਆਪਣੇ ਜੀਵਨ ਨੂੰ ਸੌਖਾ ਬਣਾਉਣ ਦੇ ਰਾਹ ਦੀ ਭਾਲ ਕਰਦਾ ਹੈ। ਇੱਕ ਪਤੀ ਆਪਣੀ ਪਤਨੀ ਨੂੰ ਬਦਲਣ ਦੇ ਦੁਆਰਾ ਆਪਣੇ ਜੀਵਨ ਨੂੰ ਸੌਖਾ ਬਣਾਉਣਾ ਚਾਹੁੰਦਾ ਹੈ। ਉਸੇ ਤਰ੍ਹਾਂ, ਇੱਕ ਪਤਨੀ ਸੋਚ ਸਕਦੀ ਹੈ ਕਿ ਜੇ ਉਸ ਦਾ ਪਤੀ ਬਦਲ ਜਾਵੇ ਤਾਂ ਉਸ ਦਾ ਜੀਵਨ ਬਿਹਤਰ ਹੋਵੇਗਾ। ਇੱਕ ਵਿਅਕਤੀ ਇੱਕ ਸਲਾਹਕਾਰ ਜਾਂ ਪਾਸਟਰ ਜਾਂ ਦੋਸਤਾਂ ਨੂੰ ਪੁੱਛਦਾ ਹੈ ਕਿ ਦੂਸਰੇ ਵਿਅਕਤੀ ਨੂੰ ਕਿਵੇਂ ਬਦਲਣਾ ਹੈ। ਵਿਅਕਤੀ ਦੇ ਜੀਵਨ ਸਾਥੀ ਨੂੰ ਬਦਲਣਾ ਇੱਕ ਸਹੀ ਟੀਚਾ ਨਹੀਂ ਹੈ। ਇੱਕ ਵਿਅਕਤੀ ਜੋ ਰਿਸ਼ਤੇ ਸੰਬੰਧੀ ਤਕਨੀਕਾਂ ਦੀ ਵਰਤੋਂ ਕਰਨ ਦੁਆਰਾ ਆਪਣੇ ਜੀਵਨ ਨੂੰ ਸੌਖਾ ਬਣਾਉਣ ਦੀ ਕੋਸ਼ਿਸ਼ ਕਰਦਾ ਹੈ, ਉਹ ਪਰਮੇਸ਼ੁਰ ਲਈ ਜਾਂ ਦੂਸਰੇ ਵਿਅਕਤੀ ਲਈ ਪਿਆਰ ਦੁਆਰਾ ਪ੍ਰੇਰਿਤ ਨਹੀਂ ਹੁੰਦਾ ਹੈ।

ਕਈ ਵਾਰ ਇੱਕ ਵਿਅਕਤੀ ਦੂਸਰੇ ਵਿਅਕਤੀ ਦੀਆਂ ਗਲਤੀਆਂ ਨੂੰ ਸੁਧਾਰਨ ਲਈ ਸਾਲਾਂ ਤਕ ਕੋਸ਼ਿਸ਼ ਕਰਦਾ ਹੈ। ਉਹ ਓਹੀ ਗਲਤੀਆਂ ਦੇ ਲਈ ਅਲੋਚਨਾ ਕਰਨਾ ਬੰਦ ਨਹੀਂ ਕਰਦੇ। ਭਾਵੇਂ ਕਿ ਹਰੇਕ ਵਿਅਕਤੀ ਵਿੱਚ ਅਸਲ ਕਮੀਆਂ ਹਨ, ਅਖੀਰ ਹਰੇਕ ਜੀਵਨ ਸਾਥੀ ਨੂੰ ਦੂਸਰੇ ਨੂੰ ਕਮੀਆਂ ਦੇ ਨਾਲ ਸਵੀਕਾਰ ਕਰਨਾ ਚਾਹੀਦਾ ਹੈ। ਇਹ ਕਮੀਆਂ ਸਖਸ਼ੀਅਤ ਵਿੱਚ ਦੋਸ਼, ਚਰਿੱਤਰ ਵਿੱਚ ਦੋਸ਼ ਜਾਂ ਆਤਮਿਕ ਦੋਸ਼ (ਇੱਥੋਂ ਤਕ ਕਿ ਪਾਪ ਵੀ) ਹੋ ਸਕਦੇ ਹਨ। ਰਿਸ਼ਤਾ ਦੂਸਰੇ ਵਿਅਕਤੀ ਦੇ ਬਦਲਣ ਦੀ ਇੱਛਾ ਉੱਤੇ ਨਿਰਭਰ ਨਹੀਂ ਹੋਣਾ ਚਾਹੀਦਾ। ਉਹ ਮਹਿਸੂਸ ਕਰ ਸਕਦਾ ਹੈ ਕਿ ਉਹ ਬਦਲ ਨਹੀਂ ਸਕਦਾ। ਭਾਵੇਂ ਉਸ ਦੇ ਨਾ ਬਦਲਣ ਦਾ ਕਾਰਨ ਕੋਈ ਵੀ ਹੋਵੇ, ਪਰ ਹਰੇਕ ਜੀਵਨ ਸਾਥੀ ਨੂੰ ਦੂਸਰੇ ਲਈ ਪਿਆਰ ਅਤੇ ਆਦਰ ਵਿਖਾਉਣਾ ਚਾਹੀਦਾ ਹੈ, ਕਮੀਆਂ ਦੇ ਨਾਲ ਹੀ ਵਿਅਕਤੀ ਦੀ ਕਦਰ ਕਰਦੇ ਹੋਏ।

## ਸਾਰ

ਪਰਮੇਸ਼ੁਰ ਨੇ ਪੁਰਸ਼ਾਂ ਅਤੇ ਇਸਤਰੀਆਂ ਦੇ ਸੁਭਾਅ ਨੂੰ ਬਣਾਇਆ ਹੈ, ਅਤੇ ਉਸ ਨੇ ਵਿਆਹ ਨੂੰ ਮਨੁੱਖੀ ਲੋੜਾਂ ਦੀ ਪੂਰਤੀ ਲਈ ਰਚਿਆ ਹੈ। ਹਾਲਾਂਕਿ, ਅਸੀਂ ਉਸ ਸੰਸਾਰ ਵਿੱਚ ਰਹਿੰਦੇ ਹਾਂ ਜਿੱਥੇ ਵਿਆਹੁਤਾ ਰਿਸ਼ਤਿਆਂ ਅਤੇ ਪਰਿਵਾਰਾਂ ਨੂੰ ਪਾਪ ਦੁਆਰਾ ਵੱਡਾ ਨੁਕਸਾਨ ਪਹੁੰਚਾਇਆ ਗਿਆ ਹੈ। ਸਾਡੇ ਵਿੱਚੋਂ ਹਰੇਕ ਆਪਣੇ ਪਾਪਾਂ ਦੁਆਰਾ ਅਤੇ ਦੂਸਰਿਆਂ ਦੇ ਪਾਪਾਂ ਦੁਆਰਾ ਤਬਾਹ ਹੋਇਆ ਹੈ, ਜਿਨ੍ਹਾਂ ਪਾਪਾਂ ਨੇ ਸਾਨੂੰ ਪ੍ਰਭਾਵਿਤ ਕੀਤਾ ਹੈ। ਜਿਹੜੀ ਕਿਰਪਾ ਸਾਨੂੰ ਬਦਲਦੀ ਹੈ ਅਤੇ ਦੂਸਰਿਆਂ ਲਈ ਕਿਰਪਾ ਦਿਖਾਉਣ ਵਿੱਚ ਸਾਡੀ ਮਦਦ ਕਰਦੀ ਹੈ, ਉਸ ਕਿਰਪਾ ਦੇ ਬਿਨਾਂ ਅਸੀਂ ਵਿਆਹੁਤਾ ਰਿਸ਼ਤੇ ਦਾ ਉਹ ਅਨੁਭਵ ਪ੍ਰਾਪਤ ਨਹੀਂ ਕਰ ਸਕਦੇ ਜੋ ਅਨੁਭਵ ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਪ੍ਰਾਪਤ ਕਰੀਏ। ਸਾਨੂੰ ਪਰਮੇਸ਼ੁਰ ਦੇ ਆਤਮਾ ਦੁਆਰਾ ਸ਼ੁਧ ਕੀਤੇ ਜਾਣ ਦੀ ਲੋੜ ਹੈ ਤਾਂ ਕਿ ਸਾਡੇ ਇਰਾਦੇ ਸ਼ੁੱਧ ਹੋਣ, ਸਾਡਾ ਉਹ ਪਿਆਰ ਹੋਵੇ ਜੋ ਮਜ਼ਬੂਤ ਹੈ, ਅਤੇ ਉਹ ਹਲੀਮੀ ਹੋਵੇ ਜੋ ਸੇਵਾ ਕਰਦੀ ਹੈ।

## ਸਮੂਹ ਵਿੱਚ ਚਰਚਾ ਲਈ

► ਇਸ ਪਾਠ ਵਿੱਚ ਉਹ ਕਿਹੜੇ ਵਿਸ਼ੇ ਹਨ ਜੋ ਤੁਹਾਡੇ ਲਈ ਨਵੇਂ ਹਨ? ਤੁਸੀਂ ਆਪਣੇ ਰਵੱਈਏ ਅਤੇ ਵਿਹਾਰ ਨੂੰ ਕਿਵੇਂ ਬਦਲਣ ਦੇ ਲਈ ਯੋਜਨਾ ਬਣਾਉਂਦੇ ਹੋ?

► ਵਿਆਹੁਤਾ ਰਿਸ਼ਤਿਆਂ ਨੂੰ ਮਜ਼ਬੂਤ ਬਣਾਉਣ ਲਈ ਕਲੀਸਿਯਾ ਕੀ ਕਰ ਸਕਦੀ ਹੈ?

## ਪ੍ਰਾਰਥਨਾ

ਸਵਰਗੀ ਪਿਤਾ,

ਤੇਰਾ ਧੰਨਵਾਦ ਕਿ ਤੂੰ ਵਿਆਹੁਤਾ ਰਿਸ਼ਤੇ ਨੂੰ ਬਹੁਤ ਸਾਰੀਆਂ ਵਿਸ਼ੇਸ਼ ਲੋੜਾ ਦੀ ਪੂਰਤੀ ਲਈ ਰਚਿਆ ਹੈ। ਵਿਆਹ ਸੰਬੰਧੀ ਸਾਨੂੰ ਨਿਰਦੇਸ਼ ਦੇਣ ਲਈ ਤੇਰਾ ਧੰਨਵਾਦ।

ਸਾਡੀ ਉਸ ਤਰ੍ਹਾਂ ਦੇਖ ਭਾਲ ਕਰਨ ਲਈ ਪਿਆਰ ਅਤੇ ਸਮਝ ਪ੍ਰਾਪਤ ਕਰਨ ਵਿੱਚ ਮਦਦ ਕਰ ਜਿਸ ਤਰ੍ਹਾਂ ਸਾਨੂੰ ਦੇਖਭਾਲ ਕਰਨੀ ਚਾਹੀਦੀ ਹੈ। ਸਾਡੀ ਉਹ ਪਰਿਵਾਰ ਬਣਾਉਣ ਦੇ ਵਿੱਚ ਮਦਦ ਕਰ ਜੋ ਸੰਸਾਰ ਵਿੱਚ ਤੇਰੇ ਪਿਆਰ ਨੂੰ ਪਰਗਟ ਕਰਨ।

ਤੇਰੀ ਉਸ ਕਿਰਪਾ ਦੇ ਲਈ ਤੇਰਾ ਧੰਨਵਾਦ ਜੋ ਸਾਡੀ ਤੇਰੇ ਵਾਂਗ ਪਿਆਰ ਕਰਨ ਵਿੱਚ ਮਦਦ ਕਰਦੀ ਹੈ।

ਆਮੀਨ

## ਪਾਠ ਕਾਰਜ

(1) 1 ਕੁਰਿੰਥੀਆਂ 13:4-8 ਨੂੰ ਯਾਦ ਕਰੋ। ਅਗਲੀ ਕਲਾਸ ਦੇ ਸ਼ੁਰੂ ਵਿੱਚ, ਇਸ ਭਾਗ ਨੂੰ ਜ਼ੁਬਾਨੀ ਸੁਣਾਓ ਜਾਂ ਲਿਖੋ।

(2) ਪਤੀ ਜਾਂ ਪਤਨੀ ਦੀਆਂ ਲੋੜਾਂ ਦਾ ਵਰਣਨ ਕਰਦੇ ਹੋਏ ਦੋ ਸਫ਼ਿਆਂ ਦਾ ਇੱਕ ਪੇਪਰ ਲਿਖੋ। ਜੀਵਨ ਸਾਥੀ ਦੇ ਉਸ ਵਿਹਾਰ ਦੀਆਂ ਉਦਾਹਰਣਾਂ ਦਿਓ ਜੋ ਉਨ੍ਹਾਂ ਲੋੜਾਂ ਨੂੰ ਪੂਰਾ ਕਰਨ ਵਿੱਚ ਮਦਦ ਕਰਦਾ ਹੈ। ਉਸ ਹਰੇਕ ਲੋੜ ਦੇ ਸਮਰਥਨ ਲਈ ਵਚਨਾਂ ਦਾ ਇਸਤੇਮਾਲ ਕਰੋ, ਜਿਸ ਲੋੜ ਬਾਰੇ ਤੁਹਾਡੇ ਵੱਲੋਂ ਚਰਚਾ ਕੀਤੀ ਗਈ ਹੈ।

# ਪਾਠ 8

# ਪਿਆਰ ਦੀਆਂ ਪੰਜ ਭਾਸ਼ਾਵਾਂ ਭਾਗ 1

### ਪਾਠ ਦੇ ਟੀਚੇ

ਇਸ ਪਾਠ ਦੇ ਅੰਤ ਵਿੱਚ, ਵਿਦਿਆਰਥੀ ਹੇਠਾਂ ਦੱਸੇ ਕੰਮ ਕਰਨ ਦੇ ਯੋਗ ਹੋਣੇ ਚਾਹੀਦੇ ਹਨ:

(1) ਅਸਲ ਪਿਆਰ ਦੇ ਗੁਣਾਂ ਅਤੇ ਵਿਹਾਰਾਂ ਦਾ ਵਰਣਨ ਕਰਨਾ।

(2) ਇਹ ਸਮਝਾਉਣਾ ਕਿ ਕਿਸੇ ਨੂੰ ਬਿਨਾਂ ਸ਼ਰਤ ਦੇ ਪਿਆਰ ਕਰਨ ਦਾ ਕੀ ਅਰਥ ਹੈ।

(3) ਕਿਸੇ ਦੀ ਮੁੱਖ ਭਾਸ਼ਾ ਵਿੱਚ ਪਿਆਰ ਨੂੰ ਪਰਗਟ ਕਰਨ ਦੇ ਮਹੱਤਵ ਬਾਰੇ ਚਰਚਾ ਕਰਨਾ।

(4) ਪਿਆਰ ਵਿਖਾਉਣ ਅਤੇ ਪਰਿਵਾਰ ਦੇ ਇੱਕ ਮੈਂਬਰ ਦੇ ਨਿੱਜੀ ਗੁਣਾਂ, ਚਰਿੱਤਰ ਦੇ ਗੁਣਾਂ, ਅਤੇ ਸਖਸ਼ੀਅਤ ਦੇ ਗੁਣਾਂ ਦੀ ਪ੍ਰਸ਼ੰਸ਼ਾ ਕਰਨ ਲਈ ਪੁਸ਼ਟੀ ਦੇ ਸ਼ਬਦਾਂ ਦਾ ਇਸਤੇਮਾਲ ਕਰਨਾ।

### ਜਸਵੰਤ ਅਤੇ ਰੁਪਿੰਦਰ – ਇੱਕ ਵਿਕਸਤ ਹੋ ਰਿਹਾ ਵਿਆਹੁਤਾ ਰਿਸ਼ਤਾ

ਜਸਵੰਤ ਨਿਰਾਸ਼ ਸੀ ਕਿਉਂਕਿ ਉਸ ਦੀ ਪਤਨੀ ਖੁਸ਼ ਨਹੀਂ ਸੀ। ਉਸ ਨੂੰ ਸਮਝ ਨਹੀਂ ਆਉਂਦਾ ਸੀ ਕਿ ਉਹ ਉਸ ਕੋਲੋਂ ਕੀ ਚਾਹੁੰਦੀ ਸੀ। ਜਸਵੰਤ ਸਖ਼ਤ ਮਿਹਨਤ ਕਰਦਾ ਸੀ ਅਤੇ ਉਸ ਨੇ ਆਪਣੀ ਪਤਨੀ ਅਤੇ ਆਪਣੇ ਬੱਚਿਆਂ ਲਈ ਇੱਕ ਘਰ ਅਤੇ ਭੋਜਨ ਅਤੇ ਜੀਵਨ ਲਈ ਲੋੜੀਂਦੀ ਹਰੇਕ ਚੀਜ਼ ਮੁਹੱਈਆ ਕਰਾਈ। ਉਸ ਨੇ ਆਪਣੀ ਪਤਨੀ ਨੂੰ ਅਨੁਮਤੀ ਦਿੱਤੀ ਕਿ ਉਹ ਜੋ ਵੀ ਚਾਹੁੰਦੀ ਹੈ ਉਹ ਖਰੀਦ ਸਕਦੀ ਹੈ। ਉਸ ਦੀ ਪਤਨੀ ਨੂੰ ਕਿਸੇ ਵੀ ਚੀਜ਼ ਲਈ ਚਿੰਤਾ ਕਰਨ ਦੀ ਲੋੜ ਨਹੀਂ ਪੈਂਦੀ ਸੀ। ਇੱਕ ਪਤਨੀ ਨੂੰ ਹੋਰ ਕੀ ਲੋੜ ਹੋ ਸਕਦੀ ਹੈ? ਜਸਵੰਤ ਨੇ ਮਹਿਸੂਸ ਕੀਤਾ ਕਿ ਉਸ ਦੀ ਪਤਨੀ ਉਸ ਦੇ ਕੰਮ ਦੀ ਪ੍ਰਸ਼ੰਸ਼ਾ ਨਹੀਂ ਕਰਦੀ ਸੀ।

ਰੁਪਿੰਦਰ ਨਾਖੁਸ਼ ਸੀ ਕਿਉਂਕਿ ਉਹ ਚਾਹੁੰਦੀ ਸੀ ਕਿ ਜਸਵੰਤ ਉਸ ਦੇ ਲਈ ਕਰਨ ਵਾਸਤੇ ਵਿਸ਼ੇਸ਼ ਚੀਜ਼ਾਂ ਸੋਚਣ ਦੇ ਦੁਆਰਾ ਉਸ ਨੂੰ ਪਿਆਰ ਵਿਖਾਵੇ। ਜਸਵੰਤ ਵੱਲੋਂ ਦਿੱਤਾ ਗਿਆ ਉਸ ਦਾ ਪਸੰਦੀਦਾ ਤੋਹਫ਼ਾ ਇੱਕ ਛੋਟਾ ਜਿਹਾ ਲੱਕੜੀ ਦਾ ਟੁਕੜਾ ਸੀ ਜਿਸ ਉੱਤੇ ਉਸ ਦਾ ਨਾਮ ਲਿਖਿਆ ਹੋਇਆ ਸੀ ਅਤੇ ਜਸਵੰਤ ਨੇ ਇਸ ਨੂੰ ਉਸ ਲਈ ਆਪਣੀ ਦੁਕਾਨ ਵਿੱਚ ਬਣਾਇਆ ਸੀ। ਉਹ ਚਾਹੁੰਦੀ ਸੀ ਕਿ ਉਸ ਨੂੰ ਉਸ ਦੀ ਇੱਛਾ ਦਾ ਸਭ ਕੁਝ ਖਰੀਦਣ ਦੀ ਅਨੁਮਤੀ ਦੇਣ ਦੇ ਬਜਾਏ, ਉਹ ਕਦੇ-ਕਦੇ ਉਸ ਲਈ ਫੁੱਲ ਖਰੀਦ ਕੇ ਲਿਆਵੇ।

ਜਸਵੰਤ ਅਤੇ ਰੁਪਿੰਦਰ ਨੇ ਉਨ੍ਹਾਂ ਦੀਆਂ ਭਾਵਨਾਵਾਂ ਬਾਰੇ ਗੱਲ ਕੀਤੀ ਅਤੇ ਇੱਕ ਦੂਸਰੇ ਦੀਆਂ ਲੋੜਾਂ ਨੂੰ ਸਮਝਣਾ ਸ਼ੁਰੂ ਕੀਤਾ।

## ਅਸਲ ਪਿਆਰ ਕੀ ਹੈ?

► ਕਿਸੇ ਨੂੰ ਸੱਚਮੁੱਚ ਪਿਆਰ ਕਰਨ ਦਾ ਅਰਥ ਕੀ ਹੈ?

► ਇੱਕ ਵਿਦਿਆਰਥੀ ਨੂੰ ਸਮੂਹ ਲਈ 1 ਕੁਰਿੰਥੀਆਂ 13:4-8 ਨੂੰ ਪੜ੍ਹਨਾ ਚਾਹੀਦਾ ਹੈ। ਵਚਨ ਦੇ ਇਸ ਭਾਗ ਤੋਂ, ਪਿਆਰ ਦੇ ਗੁਣਾਂ ਅਤੇ ਵਿਹਾਰਾਂ ਦੀ ਸੂਚੀ ਬਣਾਓ। ਉਨ੍ਹਾਂ ਚੀਜ਼ਾਂ ਦੀ ਸੂਚੀ ਬਣਾਓ ਜੋ ਪਿਆਰ ਨਹੀਂ ਹੈ ਅਤੇ ਜੋ ਪਿਆਰ ਨਹੀਂ ਕਰਦਾ ਹੈ।

| 1 ਕੁਰਿੰਥੀਆਂ 13 ਪਿਆਰ | |
|---|---|
| ਪਿਆਰ ਕਿਸ ਤਰ੍ਹਾਂ ਦਾ ਹੈ | ਪਿਆਰ ਕੀ ਕਰਦਾ ਹੈ |
| | |
| ਪਿਆਰ ਕਿਸ ਤਰ੍ਹਾਂ ਦਾ ਨਹੀਂ ਹੈ | ਪਿਆਰ ਕੀ ਨਹੀਂ ਕਰਦਾ ਹੈ |
| | |

ਇਸ ਭਾਗ ਤੋਂ ਇਸ ਤਰ੍ਹਾਂ ਲੱਗ ਸਕਦਾ ਹੈ ਕਿ ਪਿਆਰ ਉਸ ਦੇ ਲਈ ਜ਼ਿਆਦਾ ਜਾਣਿਆ ਜਾਂਦਾ ਹੈ ਜੋ **ਇਹ** ਨਹੀਂ **ਹੈ**, ਉਸ ਨਾਲੋਂ ਜੋ ਇਹ **ਹੈ**। ਪਰ ਪਿਆਰ **ਜਿਸ ਤਰ੍ਹਾਂ ਦਾ ਨਹੀਂ ਹੈ** ਉਸ ਬਾਰੇ ਵੇਰਵੇ ਸਾਨੂੰ ਸਿਖਾਉਂਦੇ ਹਨ ਕਿ ਪਿਆਰ **ਕਿਸ ਤਰ੍ਹਾਂ ਦਾ ਹੈ**। ਜੇ ਪਿਆਰ ਆਕੜਬਾਜ਼ ਨਹੀਂ ਹੈ, ਤਾਂ ਫਿਰ ਇਹ ਕੀ ਹੈ? ਇਹ ਇਸ ਦਾ ਉਲਟਾ ਹੈ। ਪਿਆਰ ਹਲੀਮ ਹੈ।

► ਜੋ ਗੱਲਾਂ ਪਿਆਰ ਦੇ ਬਾਰੇ ਸੱਚ ਨਹੀਂ ਹਨ ਉਸ ਦੇ ਉਲਟ ਗੱਲਾਂ ਦੀ ਸੂਚੀ ਬਣਾਓ, ਜਿਵੇਂ 1 ਕੁਰਿੰਥੀਆਂ 13:4-8 ਵਿੱਚ ਵਰਣਨ ਕੀਤਾ ਗਿਆ ਹੈ ਅਤੇ ਉੱਪਰ ਦਿੱਤੇ ਟੇਬਲ ਵਿੱਚ ਲਿਖਿਆ ਗਿਆ ਹੈ।

| ਪਿਆਰ ਕਿਸ ਤਰ੍ਹਾਂ ਦਾ ਹੈ | ਪਿਆਰ ਕੀ ਕਰਦਾ ਹੈ |
| --- | --- |
| | |

ਅਸਲ ਪਿਆਰ:

- ਇਹ ਕੇਵਲ ਇੱਕ ਭਾਵਨਾ ਨਹੀਂ ਹੈ (ਭਾਵੇਂ ਕਿ ਭਾਵਨਾਵਾਂ ਅਕਸਰ ਪਿਆਰ ਦੇ ਨਾਲ ਹੀ ਹੁੰਦੀਆਂ ਹਨ)।
- ਇਹ ਖੁਦ ਦੀ ਇੱਛਾ ਨਾਲ ਦਿੱਤਾ ਜਾਂਦਾ ਹੈ, ਨਾ ਕਿ ਕਿਸੇ ਸ਼ਰਤ ਦੇ ਕਾਰਣ।
- ਇਹ ਇੱਕ ਸਮਰਪਣ ਹੈ।
- ਇਹ ਬਲੀਦਾਨ ਹੈ।
- ਇਹ ਬਿਨਾਂ ਸ਼ਰਤ ਤੋਂ ਹੁੰਦਾ ਹੈ; ਇਹ ਦੂਸਰੇ ਵਿਅਕਤੀ ਦੇ ਵਿਹਾਰਾਂ ਉੱਤੇ ਨਿਰਭਰ ਨਹੀਂ ਹੁੰਦਾ।
- ਇਹ ਸੋਚ ਸਮਝ ਕੇ ਕੀਤਾ ਜਾਂਦਾ ਹੈ, ਅਚਾਨਕ ਨਹੀਂ ਹੁੰਦਾ ਹੈ।
- ਇਸ ਦੇ ਲਈ ਕੁਝ ਕੀਮਤ ਚੁਕਾਉਣੀ ਪੈਂਦੀ ਹੈ।
- ਉਸ ਦੀ ਭਾਲ ਕਰਦਾ ਹੈ ਜੋ ਦੂਸਰੇ ਵਿਅਕਤੀ ਦੇ ਲਈ ਉੱਤਮ ਹੈ।
- ਦੇਣ ਦੁਆਰਾ ਆਪਣੇ ਨੂੰ ਪਰਗਟ ਕਰਦਾ ਹੈ।

ਤੁਸੀਂ ਬਿਨਾਂ ਪਿਆਰ ਕੀਤੇ ਦੇ ਸਕਦੇ ਹੋ, ਪਰ ਬਿਨਾਂ ਦਿੱਤੇ ਪਿਆਰ ਕਰਨਾ ਅਸੰਭਵ ਹੈ। ਪਿਆਰ ਦੇ ਲਈ ਤੁਹਾਨੂੰ ਕੁਝ ਭੁਗਤਾਨ ਕਰਨਾ ਪਵੇਗਾ।

“ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣੇ ਇਕਲੌਤਾ ਪੁੱਤ੍ਰ ਬਖ਼ਸ਼ ਦਿੱਤਾ...” (ਯੂਹੰਨਾ 3:16)। ਸੱਚਾ ਪਿਆਰ ਦੇਣ ਦੁਆਰਾ ਆਪਣੇ ਆਪ ਨੂੰ ਪਰਗਟ ਕਰਦਾ ਹੈ। ਇਹ ਹਮੇਸ਼ਾ ਠੋਸ, ਭੌਤਿਕ ਤੋਹਫ਼ੇ ਦੇਣਾ ਨਹੀਂ ਹੁੰਦਾ ਹੈ। ਕਈ ਵਾਰ ਤੋਹਫ਼ਾ ਪਿਆਰ ਭਰੇ ਸ਼ਬਦ ਹੁੰਦੇ ਹਨ। ਕਈ ਵਾਰ ਇਹ ਤੋਹਫ਼ਾ ਸਮਾਂ ਹੁੰਦਾ ਹੈ: ਕਿਸੇ ਦੇ ਨਾਲ ਹੋਣਾ ਅਤੇ ਉਨ੍ਹਾਂ ਦੇ ਲਈ ਉਪਲੱਬਧ ਹੋਣਾ। ਕਈ ਵਾਰ ਪਿਆਰ ਸੇਵਾ ਦੇ ਕੰਮਾਂ ਜਾਂ ਇੱਕ ਪਿਆਰ ਭਰੀ ਛੋਹ ਦੇ ਰਾਹੀਂ ਦਿੱਤਾ ਜਾਂਦਾ ਹੈ। ਪਰਮੇਸ਼ੁਰ ਪਿਤਾ ਨੇ ਸਾਨੂੰ ਐਨਾ ਪਿਆਰ ਕੀਤਾ ਜੋ ਉਸ ਨੇ ਸਾਨੂੰ ਉਹ ਉੱਤਮ ਦਿੱਤਾ ਜੋ ਉਸ ਕੋਲ ਸੀ, ਉਸ ਦਾ ਇਕਲੌਤਾ ਪੁੱਤਰ, ਤਾਂ ਕਿ ਅਸੀਂ ਵੀ ਉਸ ਦੇ ਪੁੱਤਰ ਬਣ ਸਕੀਏ। ਜਦੋਂ ਅਸੀਂ ਸੱਚਮੁੱਚ ਦੂਸਰਿਆਂ ਨੂੰ ਪਿਆਰ ਕਰਦੇ ਹਾਂ, ਤਾਂ ਅਸੀਂ ਵੀ ਦੇਵਾਂਗੇ।

ਅਸਲ ਪਿਆਰ ਵਿੱਚ ਕੋਈ ਸ਼ਰਤ ਨਹੀਂ ਹੁੰਦੀ ਹੈ। ਇਹ ਉਸ ਦੇ ਵਿਹਾਰ ਅਤੇ ਉਸ ਦੇ ਯੋਗ ਹੋਣ ’ਤੇ ਨਿਰਭਰ ਨਹੀਂ ਹੁੰਦਾ ਜਿਸ ਨੂੰ ਪਿਆਰ ਕੀਤਾ ਜਾ ਰਿਹਾ ਹੈ। ਇਹ ਇਸ ਤਰ੍ਹਾਂ ਨਹੀਂ ਆਖਦਾ, “ਜੇ ਤੁਸੀਂ ਇਹ ਕਰੋ ਅਤੇ ਇਸ ਤਰ੍ਹਾਂ ਮੈਨੂੰ ਖੁਸ਼ ਕਰੋ, ਤਾਂ ਮੈਂ ਤੁਹਾਨੂੰ ਪਿਆਰ ਕਰਾਂਗਾ; ਪਰ ਜੇ ਤੁਸੀਂ ਉਹ ਕਰੋ ਅਤੇ ਮੈਨੂੰ ਨਾਖੁਸ਼ ਕਰੋ, ਤਾਂ ਮੈਂ ਤੁਹਾਨੂੰ ਪਿਆਰ ਨਹੀਂ ਕਰਾਂਗਾ।”

ਸ਼ਰਤਾਂ ਵਾਲਾ ਪਿਆਰ ਆਖਦਾ ਹੈ, “ਜੇ ਤੁਹਾਡਾ ਵਿਹਾਰ ਮੈਨੂੰ ਖੁਸ਼ ਕਰਦਾ ਹੈ, ਤਾਂ ਮੈਂ ਪਿਆਰ ਵਿਖਾਉਣ ਦੁਆਰਾ ਤੁਹਾਨੂੰ ਫਲ ਦੇਵਾਂਗਾ ਜੋ ਤੁਹਾਡੇ ਲਈ ਅਰਥਪੂਰਣ ਹੈ। ਪਰ ਜੇ ਤੁਸੀਂ ਉਹ ਨਾ ਕਰੋ ਜੋ ਮੈਂ ਚਾਹੁੰਦਾ ਹਾਂ, ਤਾਂ ਮੈਂ ਪਿਆਰ ਦੇ ਅਰਥਪੂਰਣ ਪ੍ਰਗਟਾਵੇ ਨੂੰ ਰੋਕ ਦੇਵਾਂਗਾ।”

ਸੱਚੇ ਪਿਆਰ ਵਿੱਚ ਕੋਈ ਸ਼ਰਤ ਨਹੀਂ ਹੁੰਦੀ। ਸੱਚਾ ਪਿਆਰ ਆਪਣੇ ਆਪ ਨੂੰ ਪਰਗਟ ਕਰੇਗਾ ਭਾਵੇਂ ਉਹ ਵਿਅਕਤੀ ਕੁਝ ਵੀ ਕਰੇ ਜਾਂ ਨਾ ਕਰੇ ਜਿਸ ਨੂੰ ਪਿਆਰ ਕੀਤਾ ਜਾ ਰਿਹਾ ਹੈ। ਇਹ ਆਪਣੇ ਆਪ ਨੂੰ ਤਦ ਵੀ ਪਰਗਟ ਕਰੇਗਾ ਜਦੋਂ ਉਹ ਵਿਅਕਤੀ ਪਿਆਰ ਵਿਖਾਉਣ ਦੇ ਯੋਗ ਨਹੀਂ ਹੈ ਜਿਸ ਨੂੰ ਪਿਆਰ ਕੀਤਾ ਜਾ ਰਿਹਾ ਹੈ; ਜਦੋਂ ਬਦਲੇ ਵਿੱਚ ਦੇਣ ਲਈ ਉਸ ਕੋਲ ਕੁਝ ਵੀ ਨਹੀਂ ਹੈ।

ਇਹ ਜਾਣਨਾ ਵੀ ਮਹੱਤਵਪੂਰਣ ਹੈ ਕਿ ਕਿਸੇ ਨੂੰ ਬਿਨਾਂ ਸ਼ਰਤ ਦੇ ਪਿਆਰ ਕਰਨ ਦਾ ਅਰਥ ਇਹ ਨਹੀਂ ਹੈ ਅਸੀਂ ਉਨ੍ਹਾਂ ਨੂੰ ਉਹ ਸਭ ਦੇਈਏ ਜੋ ਉਹ ਚਾਹੁੰਦੇ ਹਨ। ਇਸ ਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਉਨ੍ਹਾਂ ਦੇ ਗਲਤ ਵਿਹਾਰ ਦੇ ਨਤੀਜਿਆਂ ਨੂੰ ਹਟਾ ਦਿੰਦੇ ਹਾਂ। ਇਸ ਦਾ ਮਤਲਬ ਹੈ ਕਿ ਅਸੀਂ ਹਮੇਸ਼ਾ ਉਹ ਕਰਨ ਦੀ ਕੋਸ਼ਿਸ਼ ਕਰਦੇ ਹਾਂ ਜੋ ਉਨ੍ਹਾਂ ਦੇ ਲਈ ਉੱਤਮ ਹੈ। ਕਿਸੇ ਪਿਆਰ ਨੂੰ ਦੁੱਖ ਝੱਲਦੇ ਹੋਏ ਵੇਖਣਾ ਮੁਸ਼ਕਲ ਹੈ, ਪਰ ਜੇ ਉਹ ਗਲਤ ਕਰ ਰਹੇ ਹਨ, ਦੁੱਖ ਦਾ ਅਨੁਭਵ ਕਰਨਾ ਹੀ ਇੱਕ ਚੀਜ਼ ਹੈ ਜੋ ਉਨ੍ਹਾਂ ਨੂੰ ਉਨ੍ਹਾਂ ਦੇ ਵਿਨਾਸ਼ਕਾਰੀ ਵਿਹਾਰ ਤੋਂ ਪਰੇ ਮੋੜ ਸਕਦੀ ਹੈ। ਕਈ ਵਾਰ ਸਾਡੇ ਪਿਆਰਿਆਂ ਦੇ ਲਈ ਇਹ ਉੱਤਮ ਹੁੰਦਾ ਹੈ ਕਿ ਉਨ੍ਹਾਂ ਨੂੰ ਸੰਘਰਸ਼ ਕਰਨ ਦਿੱਤਾ ਜਾਵੇ। ਹੋਰ ਸਮਿਆਂ ’ਤੇ, ਸਾਡੇ ਲਈ ਇਹ ਉੱਤਮ ਹੁੰਦਾ ਹੈ ਕਿ ਅਸੀਂ ਉਨ੍ਹਾਂ ਦੀ ਸੰਘਰਸ਼ ਵਿੱਚੋਂ ਬਾਹਰ ਨਿੱਕਲਣ ਵਿੱਚ ਮਦਦ ਕਰੀਏ। ਸਾਨੂੰ ਹਮੇਸ਼ਾ ਧਰਮੀ ਸਲਾਹ ਅਤੇ ਪਵਿੱਤਰ ਆਤਮਾ ਦੀ ਮਦਦ ਦੀ ਲੋੜ ਹੈ ਤਾਂ ਕਿ ਅਸੀਂ ਜਾਣ ਸਕੀਏ ਕਿ ਸਾਨੂੰ ਅਜਿਹੇ ਹਾਲਾਤਾਂ ਵਿੱਚ ਕੀ ਕਰਨਾ ਚਾਹੀਦਾ ਹੈ।

► ਦੂਸਰਿਆਂ ਨੂੰ ਬਿਨਾਂ ਸ਼ਰਤ ਦੇ ਪਿਆਰ ਕਰਨ ਲਈ, ਸਾਨੂੰ ਕੀ ਪ੍ਰੇਰਿਤ ਕਰੇਗਾ?

► ਇੱਕ ਵਿਦਿਆਰਥੀ ਨੂੰ ਸਮੂਹ ਲਈ ਰੋਮੀਆਂ 5:8 ਨੂੰ ਪੜ੍ਹਨਾ ਚਾਹੀਦਾ ਹੈ।

ਬਹੁਤ ਸਾਰੇ ਲੋਕ ਮਹਿਸੂਸ ਕਰਦੇ ਹਨ ਕਿ ਪਰਮੇਸ਼ੁਰ ਦਾ ਪਿਆਰ ਪ੍ਰਦਰਸ਼ਨ 'ਤੇ ਅਧਾਰਤ ਹੈ। ਇਸ ਦੇ ਕਾਰਣ, ਉਹ ਇਹ ਨਹੀਂ ਸਮਝਦੇ ਹਨ ਕਿ ਕਿਉਂ ਉਨ੍ਹਾਂ ਨੂੰ ਦੂਸਰਿਆਂ ਨਾਲ ਬਿਨਾਂ ਕਿਸੇ ਸ਼ਰਤ ਦੇ ਪਿਆਰ ਕਰਨਾ ਚਾਹੀਦਾ ਹੈ। ਪਰ ਰੋਮੀਆਂ 5:8 ਸਾਨੂੰ ਦੱਸਦੀ ਹੈ ਕਿ ਪਰਮੇਸ਼ੁਰ ਨੇ ਪਹਿਲਾਂ ਹੀ ਸਾਨੂੰ ਉਦੋਂ ਪਿਆਰ ਕੀਤਾ ਜਦੋਂ ਅਸੀਂ ਉਸ ਦੇ ਵੈਰੀ ਸੀ। ਉਸ ਨੇ ਸਾਨੂੰ ਤਦ ਮੁਕਤੀਦਾਤਾ ਦਿੱਤਾ ਜਦੋਂ ਅਸੀਂ ਪਾਪੀ ਸੀ। ਸਾਰੇ ਲੋਕਾਂ ਲਈ ਉਸ ਦਾ ਪਿਆਰ ਬਿਨਾਂ ਕਿਸੇ ਸ਼ਰਤ ਤੋਂ ਹੈ। ਉਸ ਦਾ ਪਿਆਰ ਤੁਹਾਡੇ ਵਿਹਾਰ ਜਾਂ ਤੁਹਾਡੀ ਸਿੱਧਤਾ 'ਤੇ ਅਧਾਰਤ ਨਹੀਂ ਹੈ। ਪਰਮੇਸ਼ੁਰ ਤੁਹਾਨੂੰ ਉਸ ਲਈ ਪਿਆਰ ਕਰਦਾ ਹੈ ਜੋ ਤੁਸੀਂ ਇੱਕ ਵਿਅਕਤੀ ਦੇ ਰੂਪ ਵਿੱਚ ਹੋ, ਉਸ ਦੇ ਸਰੂਪ ਉੱਤੇ ਬਣਾਏ ਗਏ।

ਉਹ ਚਾਹੁੰਦਾ ਹੈ ਕਿ ਅਸੀਂ ਵੀ ਦੂਸਰਿਆਂ ਨੂੰ ਉਸ ਤਰ੍ਹਾਂ ਹੀ ਪਿਆਰ ਕਰੀਏ ਜਿਵੇਂ ਉਹ ਸਾਨੂੰ ਕਰਦਾ ਹੈ (ਯੂਹੰਨਾ 15:12, ਅਫ਼ਸੀਆਂ 5:2, 1 ਯੂਹੰਨਾ 4:11)। ਸਾਨੂੰ ਦੂਸਰਿਆਂ ਨਾਲ ਬਿਨਾਂ ਸ਼ਰਤ ਦੇ ਪਿਆਰ ਕਰਨਾ ਚਾਹੀਦਾ ਹੈ, ਇਸ ਦਾ ਮੁੱਖ ਕਾਰਣ ਇਹ ਹੈ ਕਿ ਪਰਮੇਸ਼ੁਰ ਸਾਨੂੰ ਇਹ ਕਰਨ ਲਈ ਬੁਲਾਉਂਦਾ ਹੈ (ਮੱਤੀ 5:43-48, 1 ਪਤਰਸ 4:8)।

## ਲੋਕ ਵੱਖ-ਵੱਖ ਤਰੀਕਿਆਂ ਨਾਲ ਪਿਆਰ ਮਹਿਸੂਸ ਕਰਦੇ ਹਨ

ਪਰਮੇਸ਼ੁਰ ਵਿਭਿੰਨਤਾ ਨੂੰ ਪਸੰਦ ਕਰਦਾ ਹੈ। ਉਹ ਲੋਕਾਂ ਨੂੰ ਅਨੋਖੀਆਂ ਸਖਸ਼ੀਅਤਾਂ ਦਿੰਦਾ ਹੈ। ਕੋਈ ਵੀ ਦੋ ਵਿਅਕਤੀਆਂ ਦੇ ਸੋਚਣ ਦਾ ਢੰਗ ਅਤੇ ਆਪਣੀਆਂ ਭਾਵਨਾਵਾਂ ਨੂੰ ਪਰਗਟ ਕਰਨ ਦਾ ਢੰਗ ਇੱਕੋ ਜਿਹਾ ਨਹੀਂ ਹੁੰਦਾ। ਸਖਸ਼ੀਅਤਾਂ ਦੇ ਵਿੱਚ ਭਿੰਨਤਾਵਾਂ ਦੇ ਕਾਰਣ, ਸਾਡੇ ਪਰਿਵਾਰਕ ਮੈਂਬਰਾਂ ਦੀਆਂ ਲੋੜਾਂ ਸਾਡੇ ਨਾਲੋਂ ਕੁਝ ਵੱਖਰੀਆਂ ਹੁੰਦੀਆਂ ਹਨ। ਸਾਡੀਆਂ ਭਿੰਨਤਾਵਾਂ ਹਰ ਰੋਜ਼ ਸਾਡੇ ਪਰਿਵਾਰਕ ਰਿਸ਼ਤਿਆਂ ਨੂੰ ਪ੍ਰਭਾਵਿਤ ਕਰਦੀਆਂ ਹਨ।

ਇੱਕ ਤਰੀਕਾ ਜਿਸ ਨਾਲ ਵਿਅਕਤੀ ਭਿੰਨ ਹੁੰਦੇ ਹਨ, ਉਹ ਹੈ ਕਿ ਉਹ ਆਪਣੇ ਪਿਆਰ ਨੂੰ ਕਿਵੇਂ ਪਰਗਟ ਕਰਦੇ ਹਨ ਅਤੇ ਦੂਸਰਿਆਂ ਨਾਲ ਆਪਣੇ ਰਿਸ਼ਤਿਆਂ ਵਿੱਚ ਕਿਵੇਂ ਪਿਆਰਾ, ਪ੍ਰਸ਼ੰਸ਼ਾ ਯੋਗ, ਅਤੇ ਸੁਰੱਖਿਅਤ ਮਹਿਸੂਸ ਕਰਦੇ ਹਨ।

ਪਿਆਰ ਨੂੰ ਪਰਗਟ ਕਰਨ ਦੇ ਬਹੁਤ ਸਾਰੇ ਢੰਗ ਹਨ, ਅਤੇ ਲੋਕਾਂ ਨੂੰ ਪਿਆਰਾ ਮਹਿਸੂਸ ਕਰਾਉਣ ਦੇ ਬਹੁਤ ਸਾਰੇ ਢੰਗ ਹਨ। ਗੈਰੀ ਚੈਪਮੈਨ ਪਿਆਰ ਨੂੰ ਪਰਗਟ ਕਰਨ ਦੀਆਂ ਪੰਜ ਆਮ ਸ਼੍ਰੇਣੀਆਂ ਦੀ ਸੂਚੀ ਦਿੰਦੇ ਹਨ।[34] ਉਹ ਉਨ੍ਹਾਂ ਨੂੰ ਪਿਆਰ ਦੀਆਂ ਪੰਜ ਭਾਸ਼ਾਵਾਂ ਆਖਦੇ ਹਨ। ਇਨ੍ਹਾਂ ਵਿੱਚੋਂ ਪਿਆਰ ਵਿਖਾਉਣ ਦਾ ਹਰੇਕ ਤਰੀਕਾ ਵਿਹਾਰ ਦੀ ਇੱਕ ਪੂਰਣ ਪ੍ਰਣਾਲੀ ਹੈ, ਕੋਈ ਇਕੱਲਾ ਕੰਮ ਨਹੀਂ ਹੈ।

---

[34] ਇਸ ਭਾਗ ਵਿੱਚ ਬਹੁਤ ਸਾਰੇ ਵਿਚਾਰ ਇਸ ਤੋਂ ਲਏ ਗਏ ਹਨ, Gary Chapman, *The Five Love Languages: How to Express HearFelt Commitment to Your Mate,* (Northfield Publishing, Chicago, 1995)

ਭਾਵੇਂ ਕਿ ਹਰੇਕ ਨੂੰ ਇਨ੍ਹਾਂ ਸਾਰੇ ਪੰਜ ਤਰੀਕਿਆਂ ਨਾਲ ਪਿਆਰ ਪਾਉਣ ਦੀ ਲੋੜ ਹੈ, ਪਰ ਇਸ ਤਰ੍ਹਾਂ ਜਾਪਦਾ ਹੈ ਕਿ ਜ਼ਿਆਦਾਤਰ ਵਿਅਕਤੀ ਕਿਸੇ ਇੱਕ ਤਰ੍ਹਾਂ ਦੇ ਪ੍ਰਗਟਾਵੇ ਨਾਲ ਜ਼ਿਆਦਾ ਪਿਆਰ ਮਹਿਸੂਸ ਕਰਦੇ ਹਨ, ਉਸ ਨਾਲੋਂ ਜਿੰਨਾ ਉਹ ਦੂਸਰੇ ਪ੍ਰਗਟਾਵੇ ਨਾਲ ਪਿਆਰਾ ਮਹਿਸੂਸ ਕਰਦੇ ਹਨ। ਪਿਆਰ ਦਾ ਦੂਸਰਾ ਪਰਗਟਾਵਾ ਉਨ੍ਹਾਂ ਦੇ ਲਈ ਓਨਾ ਜ਼ਿਆਦਾ ਅਰਥ ਨਹੀਂ ਰੱਖਦਾ ਹੈ।

**ਪਿਆਰ ਦੀਆਂ ਪੰਜ ਭਾਸ਼ਾਵਾਂ**

ਲੋਕ ਇਨ੍ਹਾਂ ਦੇ ਦੁਆਰਾ ਪਿਆਰ ਵਿਖਾਉਂਦੇ ਹਨ:

1. ਪੁਸ਼ਟੀ ਦੇ ਸ਼ਬਦਾਂ ਦੁਆਰਾ
2. ਮਹੱਤਵਪੂਰਣ ਸਮਾਂ ਇਕੱਠੇ ਬਿਤਾਉਣ ਦੁਆਰਾ
3. ਤੋਹਫ਼ੇ ਦੇਣ ਦੁਆਰਾ
4. ਸੇਵਾ ਦੇ ਕੰਮਾਂ ਦੁਆਰਾ
5. ਸਰੀਰਕ ਸਪਰਸ਼ ਦੇ ਦੁਆਰਾ

ਇਸੇ ਤਰ੍ਹਾਂ ਹੀ, ਲੋਕ ਇਨ੍ਹਾਂ ਪੰਜ ਤਰੀਕਿਆਂ ਨਾਲ ਹੀ ਪਿਆਰ ਨੂੰ ਜਾਣਦੇ ਅਤੇ ਪ੍ਰਾਪਤ ਕਰਦੇ ਹਨ।

**ਪਿਆਰ ਦੀ ਇੱਕ ਮੁੱਖ ਭਾਸ਼ਾ**

ਬਹੁਤ ਸਾਰੇ ਲੋਕ ਸੁਭਾਵਿਕ ਤੌਰ ’ਤੇ ਇਨ੍ਹਾਂ ਪੰਜਾਂ ਵਿੱਚੋਂ ਇੱਕ ਜਾਂ ਦੋ ਤਰੀਕਿਆਂ ਨੂੰ ਹੀ ਜਾਣਦੇ ਹਨ ਅਤੇ ਇੱਕ ਜਾਂ ਦੋ ਤਰੀਕਿਆਂ ਦੇ ਰਾਹੀਂ ਹੀ ਪਿਆਰ ਪਰਗਟ ਕਰਦੇ ਹਨ। ਜੇ ਪਰਿਵਾਰ ਦੇ ਮੈਂ ਇੱਕ ਜੀਵਨ ਸਾਥੀ ਜਾਂ ਇੱਕ ਬੱਚੇ ਦੇ ਲਈ ਉਸ ਦੀ ਪਿਆਰ ਦੀ ਮੁੱਖ ਭਾਸ਼ਾ ਵਿੱਚ ਪਿਆਰ ਨੂੰ ਪਰਗਟ ਨਹੀਂ ਕਰਦੇ ਹਨ, ਤਾਂ ਉਹ ਜੀਵਨ ਸਾਥੀ ਜਾਂ ਬੱਚਾ ਪਿਆਰ ਮਹਿਸੂਸ ਨਹੀਂ ਕਰੇਗਾ, ਭਾਵੇਂ ਕਿ ਉਹ ਹੋਰ ਤਰੀਕਿਆਂ ਦੇ ਨਾਲ ਪਿਆਰ ਵਿਖਾ ਰਹੇ ਹੋਣ।

ਇੱਕ ਔਰਤ ਸ਼ਾਇਦ ਮੁੱਖ ਤੌਰ ’ਤੇ ਉਸ ਨਾਲ ਮਹੱਤਵਪੂਰਣ ਸਮਾਂ ਬਿਤਾਉਣ ਦੁਆਰਾ ਪਿਆਰ ਵਿਖਾ ਸਕਦੀ ਹੈ ਜਿਸ ਨੂੰ ਉਹ ਪਿਆਰ ਕਰਦੀ ਹੈ। ਉਹ ਜਿਸ ਨਾਲ ਪਿਆਰ ਕਰਦੀ ਹੈ ਉਸ ਨਾਲ ਗੱਲਬਾਤ ਕਰਨ ਲਈ ਉਪਲੱਬਧ ਰਹਿਣ ਦੀ ਕੋਸ਼ਿਸ਼ ਕਰਦੀ ਹੈ। ਉਹ ਮਿਲਕੇ ਕੁਝ ਕੰਮ ਕਰਨ ਲਈ ਸਮਾਂ ਕੱਢਦੀ ਹੈ। ਉਸੇ ਤਰ੍ਹਾਂ ਹੀ, ਕਿਉਂਕਿ ਇਹ ਮੁੱਖ ਤਰੀਕਾ ਹੈ ਜਿਸ ਦੁਆਰਾ ਉਹ ਪਿਆਰ ਵਿਖਾਉਂਦੀ ਹੈ, ਸੋ ਇਹੋ ਤਰੀਕਾ ਹੈ ਜਿਸ ਦੁਆਰਾ ਉਹ ਉਸ ਲਈ ਦੂਸਰਿਆਂ ਦੇ ਪਿਆਰ ਨੂੰ ਪਛਾਣਦੀ ਹੈ। ਜਦੋਂ ਕੋਈ ਉਸ ਨੂੰ ਆਪਣਾ ਸਮਾਂ ਦਿੰਦਾ ਹੈ ਤਾਂ ਉਹ ਸਭ ਤੋਂ ਜ਼ਿਆਦਾ ਪਿਆਰੀ ਮਹਿਸੂਸ ਕਰਦੀ ਹੈ। ਜੇ ਉਸ ਦਾ ਪਤੀ ਉਸ ਲਈ ਤੋਹਫ਼ੇ ਖਰੀਦਦਾ ਹੈ ਜਾਂ ਉਸ ਲਈ ਕੁਝ ਕਰਦਾ ਹੈ, ਇਹ ਉਸ ਲਈ ਓਨਾ ਮਹੱਤਵ ਨਹੀਂ ਰੱਖਦਾ ਜਿੰਨਾ ਕਿ ਇਹ ਮਹੱਤਵ ਰੱਖਦਾ ਹੈ ਕਿ ਉਹ ਉਸ ਨਾਲ ਕੇਂਦਰਿਤ ਸਮਾਂ ਬਿਤਾਵੇ।

ਕੋਈ ਪੁਰਸ਼ ਮੁੱਖ ਤੌਰ 'ਤੇ ਸਰੀਰਕ ਸਪਰਸ਼ ਦੇ ਦੁਆਰਾ ਆਪਣਾ ਪਿਆਰ ਪਰਗਟ ਕਰ ਸਕਦਾ ਹੈ। ਉਹ ਆਪਣੀ ਪਤਨੀ ਅਤੇ ਆਪਣੇ ਬੱਚਿਆਂ ਨੂੰ ਜੱਫੀ ਪਾਉਂਦਾ ਅਤੇ ਉਦੋਂ ਖੁਸ਼ ਹੁੰਦਾ ਹੈ ਜਦੋਂ ਉਹ ਉਸ ਨੂੰ ਜੱਫੀ ਪਾਉਂਦੇ ਹਨ ਅਤੇ ਉਸ ਦੇ ਨੇੜੇ ਰਹਿਣਾ ਚਾਹੁੰਦੇ ਹਨ। ਉਹ ਆਪਣੇ ਦੋਸਤਾਂ ਨੂੰ ਜੱਫੀ ਪਾ ਸਕਦਾ ਹੈ ਜਾਂ ਘੱਟੋ-ਘੱਟ ਉਨ੍ਹਾਂ ਦੇ ਮੋਢੇ ਨੂੰ ਥਪਥਪਾ ਸਕਦਾ ਹੈ ਜਾਂ ਉਨ੍ਹਾਂ ਨੂੰ ਪਿਆਰ ਨਾਲ ਧੱਕਾ ਮਾਰ ਸਕਦਾ ਹੈ ਜਾਂ ਹੱਥੋਪਾਈ ਕਰ ਸਕਦਾ ਹੈ। ਉਹ ਆਪਣੇ ਪਰਿਵਾਰ ਦੇ ਲਈ ਆਪਣੀ ਪਤਨੀ ਦੀ ਸਖ਼ਤ ਮਿਹਨਤ ਲਈ ਉਸ ਦੀ ਪ੍ਰਸ਼ੰਸ਼ਾ ਕਰ ਸਕਦਾ ਹੈ, ਪਰ ਕੰਮ ਉਹ ਨਹੀਂ ਹੈ ਜੋ ਉਸ ਨੂੰ ਮਹਿਸੂਸ ਕਰਾਉਂਦਾ ਹੈ ਕਿ ਉਹ ਉਸ ਨੂੰ ਪਿਆਰ ਕਰਦੀ ਹੈ। ਉਹ ਉਦੋਂ ਪਿਆਰ ਮਹਿਸੂਸ ਕਰਦਾ ਹੈ ਜਦੋਂ ਉਹ ਉਸ ਦੇ ਕੋਲ ਬੈਠਦੀ ਹੈ ਅਤੇ ਉਸ ਨੂੰ ਆਪਣੇ ਦੁਆਲੇ ਬਾਂਹ ਰੱਖਣ ਦਿੰਦੀ ਹੈ, ਜਾਂ ਜਦੋਂ ਉਹ ਉਸ ਨੂੰ ਬਹੁਤ ਸਾਰੇ ਪਿਆਰ ਭਰੇ ਤਰੀਕਿਆਂ ਨਾਲ ਸਪਰਸ਼ ਕਰਦੀ ਹੈ।

ਇੱਕ ਵਾਹਨ ਦੇ ਵਿੱਚ ਈਂਧਣ ਵਾਲੀ ਟੈਂਕੀ ਹੁੰਦੀ ਹੈ। ਜਦੋਂ ਟੈਂਕੀ ਖਾਲੀ ਹੋ ਜਾਂਦੀ ਹੈ, ਤਦ ਵਾਹਨ ਚੱਲਦਾ ਨਹੀਂ। ਜਦੋਂ ਇੱਕ ਵਿਅਕਤੀ ਉਸ ਤਰੀਕੇ ਨਾਲ ਪਿਆਰ ਨੂੰ ਪ੍ਰਾਪਤ ਕਰਦਾ ਹੈ ਜਿਸ ਨਾਲ ਉਹ ਪਿਆਰ ਨੂੰ ਪਛਾਣਦਾ ਹੈ ਅਤੇ ਜਿਸ ਤਰੀਕੇ ਨਾਲ ਉਸ ਨੂੰ ਪਿਆਰ ਦੀ ਲੋੜ ਹੈ, ਇਸ ਨਾਲ ਉਸ ਨੂੰ ਭਾਵਨਾਤਮਕ ਈਂਧਣ ਮਿਲਦਾ ਹੈ। ਜਦੋਂ ਇੱਕ ਵਿਅਕਤੀ ਦੀ ਭਾਵਨਾਤਮਕ ਟੈਂਕੀ ਭਰੀ ਹੁੰਦੀ ਹੈ, ਉਸ ਕੋਲ ਚੁਣੌਤੀਆਂ ਲਈ ਦਲੇਰੀ ਅਤੇ ਊਰਜਾ ਹੁੰਦੀ ਹੈ। ਉਹ ਦੂਸਰਿਆਂ ਦੇ ਨਾਲ ਸਹਿਯੋਗ ਕਰਨ ਦੇ ਜ਼ਿਆਦਾ ਯੋਗ ਹੁੰਦਾ ਹੈ। ਉਹ ਝਗੜਿਆਂ ਦਾ ਹੱਲ ਕਰਨ ਲਈ ਜ਼ਿਆਦਾ ਯੋਗ ਹੁੰਦਾ ਹੈ। ਉਹ ਸੁਧਾਰ ਕਰਨ ਅਤੇ ਪ੍ਰਾਪਤ ਕਰਨ ਲਈ ਜ਼ਿਆਦਾ ਪ੍ਰੇਰਿਤ ਮਹਿਸੂਸ ਕਰਦਾ ਹੈ।

ਜਦੋਂ ਇੱਕ ਵਿਅਕਤੀ ਉਸ ਢੰਗ ਨਾਲ ਪਿਆਰ ਪ੍ਰਾਪਤ ਨਹੀਂ ਕਰਦਾ ਜਿਸ ਤਰ੍ਹਾਂ ਉਸ ਨੂੰ ਲੋੜ ਹੈ, ਤਾਂ ਉਸ ਨੂੰ ਭਾਵਨਾਤਮਕ ਈਂਧਣ ਦੀ ਕਮੀ ਹੋ ਜਾਂਦੀ ਹੈ। ਜੇ ਉਹ ਪਿਆਰਾ ਮਹਿਸੂਸ ਨਹੀਂ ਕਰਦਾ ਹੈ ਤਾਂ ਉਹ ਕੁਝ ਪ੍ਰਾਪਤ ਕਰਨ ਲਈ ਜਾਂ ਸੁਧਾਰ ਕਰਨ ਲਈ ਘੱਟ ਹੀ ਕੋਸ਼ਿਸ਼ ਕਰਦਾ ਹੈ।

ਜੇ ਅਸੀਂ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਅਕਸਰ ਪਿਆਰ ਲਈ ਉਨ੍ਹਾਂ ਦੀ ਮੁੱਖ ਭਾਸ਼ਾ ਵਿੱਚ ਪਿਆਰ ਨਹੀਂ ਵਿਖਾਉਂਦੇ, ਤਾਂ ਸ਼ਾਇਦ ਉਨ੍ਹਾਂ ਨੂੰ ਅਹਿਸਾਸ ਹੀ ਨਹੀਂ ਹੋਵੇਗਾ ਕਿ ਅਸੀਂ ਉਨ੍ਹਾਂ ਨੂੰ ਕਿੰਨਾ ਪਿਆਰ ਕਰਦੇ ਹਾਂ। ਇਹ ਸੱਚ ਹੈ, ਭਾਵੇਂ ਅਸੀਂ ਕਿੰਨਾ ਵੀ ਮਹਿਸੂਸ ਕਰੀਏ ਕਿ ਅਸੀਂ ਉਨ੍ਹਾਂ ਨੂੰ ਪਿਆਰ ਕਰਦੇ ਹਾਂ। ਸਾਨੂੰ ਆਪਣੇ ਪਿਆਰ ਦਾ ਸੰਚਾਰ ਉਸ ਢੰਗ ਨਾਲ ਕਰਨਾ ਚਾਹੀਦਾ ਹੈ ਜਿਸ ਨੂੰ ਉਹ ਸਮਝਦੇ ਹਨ।

ਜੇ ਅਸੀਂ ਕਿਸੇ ਦੀ ਪਿਆਰ ਦੀ ਮੁੱਖ ਭਾਸ਼ਾ ਵਿੱਚ ਉਨ੍ਹਾਂ ਨੂੰ ਠੇਸ ਪਹੁੰਚਾਉਂਦੇ ਹਾਂ, ਤਾਂ ਇਹ ਹੋਰ ਵੀ ਬੁਰਾ ਹੈ। ਉਦਾਹਰਣ ਦੇ ਲਈ, ਜੇ ਪੁਸ਼ਟੀ ਦੇ ਸ਼ਬਦ ਸਭ ਤੋਂ ਮਹੱਤਵਪੂਰਣ ਤਰੀਕਾ ਹਨ ਜਿਸ ਦੁਆਰਾ ਅਸੀਂ ਆਪਣੇ ਬੱਚੇ ਲਈ ਪਿਆਰ ਵਿਖਾ ਸਕਦੇ ਹਾਂ, ਤਾਂ ਸਾਡੇ ਅਲੋਚਨਾ ਦੇ ਸ਼ਬਦ ਸਾਡੇ ਬੱਚੇ ਨੂੰ ਉਸ ਨਾਲੋਂ ਜ਼ਿਆਦਾ ਠੇਸ ਦੇਣਗੇ, ਜਿੰਨੀ ਠੇਸ ਉਸ ਨੂੰ ਤਦ ਪਹੁੰਚੇਗੀ ਜਦੋਂ ਅਸੀਂ ਪਿਆਰ ਦੀ ਵੱਖਰੀ ਮੁੱਖ ਭਾਸ਼ਾ ਦੇ ਵਿੱਚ ਪਿਆਰ ਵਿਖਾਉਂਦੇ ਹਾਂ।

## ਇੱਕ ਦੂਸਰੇ ਲਈ ਸਾਡੇ ਪਿਆਰ ਰਾਹੀਂ ਵਧਣਾ

ਪਾਠ 1 ਵਿੱਚ, ਅਸੀਂ ਸਿੱਖਿਆ ਹੈ ਕਿ ਪਰਮੇਸ਼ੁਰ ਨੇ ਕਿਵੇਂ ਸਾਰੇ ਲੋਕਾਂ ਨੂੰ ਉਸ ਨਾਲ ਅਤੇ ਦੂਸਰਿਆਂ ਨਾਲ ਰਿਸ਼ਤਾ ਰੱਖਣ ਲਈ ਬਣਾਇਆ ਹੈ। ਪਿਆਰ ਦੇ ਪ੍ਰਗਟਾਵੇ ਹਰੇਕ ਰਿਸ਼ਤੇ ਦਾ ਇੱਕ ਮਹੱਤਵਪੂਰਣ ਹਿੱਸਾ ਹਨ। ਸਾਡੇ ਲਈ ਇਹ ਮਹੱਤਵਪੂਰਣ ਹੈ ਕਿ ਅਸੀਂ ਉਨ੍ਹਾਂ ਤਰੀਕਿਆਂ ਨੂੰ ਸਮਝੀਏ ਜਿਨ੍ਹਾਂ ਦੁਆਰਾ ਸਾਡੇ ਜੀਵਨ ਸਾਥੀ, ਬੱਚੇ, ਅਤੇ ਪਰਿਵਾਰ ਦੇ ਹੋਰ ਕਰੀਬੀ ਮੈਂਬਰ ਸਭ ਤੋਂ ਜ਼ਿਆਦਾ ਪਿਆਰੇ ਮਹਿਸੂਸ ਕਰਦੇ ਹਨ। ਇਹ ਜਾਣਕਾਰੀ ਸਾਨੂੰ ਸਾਡੇ ਪਰਿਵਾਰਾਂ ਨੂੰ ਉਨ੍ਹਾਂ ਤਰੀਕਿਆਂ ਨਾਲ ਪਰਗਟ ਕਰਨ ਦੇ ਯੋਗ ਬਣਾਉਂਦੀ ਹੈ ਜੋ ਉਨ੍ਹਾਂ ਦੇ ਲਈ ਨਿੱਜੀ ਤੌਰ ’ਤੇ ਮਹੱਤਵਪੂਰਣ ਹਨ।

ਵਿਆਹੁਤਾ ਰਿਸ਼ਤਾ ਘੱਟ ਹੀ ਬਿਲਕੁਲ ਉਸ ਵਰਗਾ ਹੁੰਦਾ ਹੈ ਜਿਸ ਤਰ੍ਹਾਂ ਦੀ ਉਮੀਦ ਲੋਕ ਇਸ ਬਾਰੇ ਰੱਖਦੇ ਹਨ। ਲੋਕ ਅਕਸਰ ਆਪਣੇ ਅਤੇ ਆਪਣੇ ਜੀਵਨ ਸਾਥੀਆਂ ਵਿਚਕਾਰ ਮਤਭੇਤਾਂ ਦੇ ਕਾਰਣ ਨਿਰਾਸ਼ ਹੋ ਜਾਂਦੇ ਹਨ। ਜਦੋਂ ਪਿਆਰ ਦੇ ਪ੍ਰਗਟਾਵੇ ਦੀ ਗੱਲ ਆਉਂਦੀ ਹੈ, ਤਾਂ ਇਸ ਤਰ੍ਹਾਂ ਲੱਗ ਸਕਦਾ ਹੈ ਕਿ ਸਭ ਤੋਂ ਵਧੀਆਂ ਸਥਿੱਤੀ ਇਹ ਹੈ ਕਿ ਦੋਵਾਂ ਦੀ ਪਿਆਰ ਦੀ ਮੁੱਖ ਭਾਸ਼ਾ ਇੱਕੋ ਹੀ ਹੋਵੇ। ਜੇ ਉਹ ਇਸ ਤਰੀਕੇ ਨਾਲ ਇੱਕੋ ਜਿਹੇ ਹੁੰਦੇ ਹਨ ਤਾਂ ਬਹੁਤ ਸਾਰੀਆਂ ਗਲਤਫਹਿਮੀਆਂ ਅਤੇ ਨਿਰਾਸ਼ਾਵਾਂ ਤੋਂ ਬਚਿਆ ਜਾ ਸਕਦਾ ਹੈ। ਹਾਲਾਂਕਿ, ਜੇ ਜੀਵਨ ਸਾਥੀ ਆਪਣੇ ਵਿਆਹੁਤਾ ਰਿਸ਼ਤੇ ਦੇ ਪ੍ਰਤੀ ਸਮਰਪਿਤ ਹਨ ਅਤੇ ਇੱਕ ਦੂਸਰੇ ਲਈ ਆਪਣੇ ਪਿਆਰ ਵਿੱਚ ਵਧਣ ਪ੍ਰਤੀ ਸਮਰਪਿਤ ਹਨ ਤਾਂ ਇਸ ਤਰ੍ਹਾਂ ਦੇ ਮਤਭੇਤ ਵਿਆਹੁਤਾ ਰਿਸ਼ਤਿਆਂ ਨੂੰ ਮਜ਼ਬੂਤ ਬਣਾ ਸਕਦੇ ਹਨ।

> “ਅਤੇ ਪ੍ਰਭੂ ਤੁਹਾਡੇ ਇੱਕ ਦੂਏ ਨਾਲ ਅਤੇ ਸਭਨਾਂ ਮਨੁੱਖਾਂ ਨਾਲ ਪ੍ਰੇਮ ਕਰਨ ਨੂੰ ਵਧਾਵੇ ਅਤੇ ਬਹੁਤਾ ਕਰੇ, ਜਿਵੇਂ ਅਸੀਂ ਵੀ ਤੁਹਾਡੇ ਨਾਲ।”
> - 1 ਥੱਸਲੁਨੀਕੀਆਂ 3:12

ਇੱਕ ਦੂਸਰੇ ਨੂੰ ਸਮਝਣ ਦੀ ਕੋਸ਼ਿਸ਼ ਕਰਨ, ਇੱਕ ਦੂਸਰੇ ਦੇ ਅਨਕੂਲ ਬਣਨ, ਅਤੇ ਅਰਥਪੂਰਣ ਤਰੀਕਿਆਂ ਨਾਲ ਦੇਖਭਾਲ ਕਰਨ ਦੀ ਪ੍ਰਕਿਰਿਆ ਹਰੇਕ ਵਿਅਕਤੀ ਨੂੰ ਵਿਕਸਤ ਕਰਦੀ ਹੈ ਅਤੇ ਅਸਲ ਪਿਆਰ ਦਾ ਅਦਭੁਤ ਪਰਗਟਾਵਾ ਬਣ ਜਾਂਦੀ ਹੈ। ਜਦੋਂ ਅਸੀਂ ਆਪਣੇ ਪਰਿਵਾਰਕ ਮੈਂਬਰਾਂ ਦੇ ਲਈ ਉਨ੍ਹਾਂ ਤਰੀਕਿਆਂ ਨਾਲ ਪਿਆਰ ਵਿਖਾਉਣ ਦੁਆਰਾ ਉਨ੍ਹਾਂ ਦੀ ਸੇਵਾ ਕਰਦੇ ਹਾਂ ਜਿਨ੍ਹਾਂ ਦੁਆਰਾ ਉਹ ਪਿਆਰੇ ਮਹਿਸੂਸ ਕਰਦੇ ਹਨ, ਤਾਂ ਅਸੀਂ ਆਪਣੀ ਸਮਝ ਅਤੇ ਚਰਿੱਤਰ ਵਿੱਚ ਵਧਦੇ ਹਾਂ।

ਜਦੋਂ ਸਾਡੇ ਜੀਵਨ ਸਾਥੀਆਂ ਅਤੇ ਪਰਿਵਾਰ ਦੇ ਹੋਰ ਮੈਂਬਰਾਂ ਲਈ ਪਿਆਰ ਵਿਖਾਉਣ ਦੀ ਗੱਲ ਆਉਂਦੀ ਹੈ, ਤਾਂ ਇਹ ਜਾਣਨਾ ਮਹੱਤਵਪੂਰਣ ਹੈ ਕਿ ਅਸੀਂ ਆਪਣੇ ਖੁਦ ਦੇ ਤਰੀਕੇ ਨਾਲ ਪਿਆਰ ਪਰਗਟ ਨਹੀਂ ਕਰ ਸਕਦੇ, ਜਾਂ ਅਸੀਂ ਤਦ ਹੀ ਪਿਆਰ ਪਰਗਟ ਨਹੀਂ ਕਰ ਸਕਦੇ ਜਦੋਂ ਅਸੀਂ ਮਹਿਸੂਸ ਕਰਦੇ ਹਾਂ। ਪਿਆਰ ਉਹ ਚੋਣ ਅਤੇ ਇੱਕ ਸਮਰਪਣ ਹੈ ਜੋ ਰਿਸ਼ਤੇ ਦੀਆਂ ਕਦਰਾਂ ਕੀਮਤਾਂ ਦੇ ਦੁਆਰਾ ਪ੍ਰੇਰਿਤ ਹੁੰਦੀ ਹੈ। ਕੁਝ ਮਸਲਿਆਂ ਵਿੱਚ, ਸਾਨੂੰ ਪਿਆਰ ਵਿਖਾਉਣ ਦੇ ਨਵੇਂ ਤਰੀਕਿਆਂ ਨੂੰ ਸਿੱਖਣਾ ਪਵੇਗਾ। ਸ਼ਾਇਦ ਅਸੀਂ ਉਸ ਪਰਿਵਾਰ ਦੇ ਵਿੱਚ ਵੱਡੇ ਨਹੀਂ ਹੋਏ ਹੋਵਾਂਗੇ ਜਿਸ ਨੇ ਇੱਕ ਵਿਸ਼ੇਸ਼ ਤਰੀਕੇ ਨਾਲ ਪਿਆਰ ਵਿਖਾਇਆ ਸੀ, ਪਰ ਅੱਜ ਪਰਿਵਾਰ ਦੇ ਇੱਕ ਮੈਂਬਰ ਨੂੰ ਉਸ ਤਰ੍ਹਾਂ ਪਿਆਰ ਕੀਤੇ ਜਾਣ ਦੀ ਲੋੜ ਹੈ। ਇਸ ਤਰ੍ਹਾਂ ਦੇ ਹਾਲਾਤਾਂ ਵਿੱਚ, ਜਿਸ ਤਰੀਕੇ ਬਾਰੇ ਅਸੀਂ ਜਾਣਦੇ ਨਹੀਂ ਹਾਂ ਉਸ ਤਰੀਕੇ ਨਾਲ ਪਿਆਰ ਵਿਖਾਉਣਾ ਪਹਿਲੀ ਵਾਰ ਅਜ਼ੀਬ ਜਾਂ ਇੱਕ ਅਸੁਵਿਧਾ ਲੱਗ ਸਕਦਾ ਹੈ, ਪਰ ਅਸੀਂ ਸਿੱਖ ਸਕਦੇ ਹਾਂ!

ਇਹ ਮਹੱਤਵਪੂਰਣ ਹੈ ਕਿ ਕਦੇ ਵੀ ਇਸ ਤਰ੍ਹਾਂ ਵਿਹਾਰ ਨਾ ਕਰੀਏ ਕਿ ਇਹ ਇੱਕ ਨਾਖੁਸ਼ ਕਰਨ ਵਾਲਾ ਫਰਜ਼ ਹੈ ਜਾਂ ਸਾਡੇ ਪਿਆਰ ਨੂੰ ਪਰਗਟ ਕਰਨਾ ਇੱਕ ਅਸੁਵਿਧਾ ਹੈ। ਜੇ ਇਸ ਤਰ੍ਹਾਂ ਲੱਗਦਾ ਹੈ ਕਿ ਅਸੀਂ ਬੱਸ ਆਪਣੇ ਫਰਜ਼ ਨੂੰ ਪੂਰਾ ਕਰ ਰਹੇ ਹਾਂ, ਤਾਂ ਸਾਡਾ ਪਿਆਰ ਦਾ ਪਰਗਟਾਵਾ ਅਸਲ ਪਿਆਰ ਦਾ ਸੰਚਾਰ ਨਹੀਂ ਕਰੇਗਾ।

► ਵਿਦਿਆਰਥੀਆਂ ਨੂੰ ਸਮੂਹ ਲਈ ਰੋਮੀਆਂ 12:9-10, 16 ਅਤੇ 1 ਪਤਰਸ 3:7-8 ਨੂੰ ਪੜ੍ਹਨਾ ਚਾਹੀਦਾ ਹੈ। ਇਨ੍ਹਾਂ ਵਚਨਾਂ ਤੋਂ, ਇਸ ਲਈ ਬਹੁਤ ਸਾਰੇ ਕਾਰਣਾਂ ਨੂੰ ਦੱਸੋ ਕਿ ਸਾਨੂੰ ਉਨ੍ਹਾਂ ਤਰੀਕਿਆਂ ਨਾਲ ਦੇਖਭਾਲ ਕਰਨੀ ਚਾਹੀਦੀ ਹੈ ਜਿਨ੍ਹਾਂ ਨਾਲ ਸਾਡੇ ਪਰਿਵਾਰ ਦੇ ਮੈਂਬਰ ਸਭ ਤੋਂ ਜ਼ਿਆਦਾ ਪਿਆਰੇ ਮਹਿਸੂਸ ਕਰਦੇ ਹਨ।

**ਇਹ ਯਾਦ ਰੱਖਣਾ ਮਹੱਤਵਪੂਰਣ ਹੈ ਕਿ ਪਿਆਰ ਦੂਸਰੇ ਵਿਅਕਤੀ ਦੀ ਸਭ ਤੋਂ ਵੱਡੀ ਭਲਾਈ ਦੀ ਭਾਲ ਵਿੱਚ ਸਵੈ-ਬਲੀਦਾਨ ਦਾ ਇੱਕ ਸਮਰਪਣ ਹੈ।**

ਅਸੀਂ ਸਵੈ-ਕੇਂਦਰਿਤ ਸੁਭਾਅ ਦੇ ਨਾਲ ਪੈਦਾ ਹੋਏ ਹਾਂ। ਦੂਸਰਿਆਂ ਦੇ ਲਈ ਸੱਚਾ ਪਿਆਰ ਸਾਡੇ ਵਿੱਚੋਂ ਕਿਸੇ ਦੇ ਅੰਦਰ ਵੀ ਸੁਭਾਵਕ ਤੌਰ ’ਤੇ ਨਹੀਂ ਆਉਂਦਾ। ਸੱਚੇ ਪਿਆਰ ਨੂੰ ਸਾਡੇ ਦਿਲਾਂ ਦੇ ਵਿੱਚ ਪਵਿੱਤਰ ਆਤਮਾ ਦੇ ਕੰਮ ਦੁਆਰਾ ਸੰਭਵ ਬਣਾਇਆ ਜਾਂਦਾ ਹੈ (ਰੋਮੀਆਂ 5:5)। ਵਿਸ਼ਵਾਸੀ ਹੋਣ ਦੇ ਨਾਤੇ, ਸਾਨੂੰ ਮਸੀਹ ਦੇ ਸੋਚਣ ਦਾ ਤਰੀਕਾ ਸਿੱਖਣਾ ਚਾਹੀਦਾ ਹੈ, ਜਿਵੇਂ ਪੌਲੁਸ ਨੇ ਫਿਲਿੱਪੀਆਂ 2 ਵਿੱਚ ਵਰਣਨ ਕੀਤਾ ਹੈ। ਜਦੋਂ ਅਸੀਂ ਇਹ ਕਰਦੇ ਹਾਂ, ਤਾਂ ਅਸੀਂ:

- ਸਵਾਰਥੀ ਲਾਲਸਾਵਾਂ ਦੇ ਦੁਆਰਾ ਪ੍ਰੇਰਿਤ ਨਹੀਂ ਹੋਵਾਂਗੇ (ਆਇਤ 3)
- ਸਾਡੇ ਆਪਣੇ ਮਹੱਤਵ ਦੇ ਬਾਰੇ ਇੱਕ ਘਮੰਡੀ ਨਜ਼ਰੀਆ ਨਹੀਂ ਰੱਖਾਂਗੇ (ਆਇਤ 3)
- ਦੂਸਰਿਆਂ ਨੂੰ ਆਪਣੇ ਨਾਲੋਂ ਜ਼ਿਆਦਾ ਮਹੱਤਵਪੂਰਣ ਸਮਝਾਂਗੇ (ਆਇਤ 3)
- ਦੂਸਰਿਆਂ ਦੇ ਹਿਤਾਂ ਬਾਰੇ ਸੋਚਾਂਗੇ (ਆਇਤ 4)

ਸਾਨੂੰ ਸਾਡੇ ਪਰਿਵਾਰ ਦੇ ਮੈਂਬਰਾਂ ਲਈ ਸਾਡੇ ਪਿਆਰ ਵਿੱਚ ਵਧਣ ਵਾਸਤੇ ਇੱਕ ਸਮਰਪਣ ਕਰਨਾ ਚਾਹੀਦਾ ਹੈ। ਸਾਨੂੰ ਉਨ੍ਹਾਂ ਦੀਆਂ ਲੋੜਾਂ ਉੱਤੇ ਧਿਆਨ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਪੂਰਾ ਕਰਨ ਦੇ ਤਰੀਕਿਆਂ ਨੂੰ ਭਾਲਣਾ ਚਾਹੀਦਾ ਹੈ। ਸਾਡਾ ਟੀਚਾ ਉਨ੍ਹਾਂ ਨੂੰ ਆਪਣੇ ਪਿਆਰ ਨੂੰ ਉਸ ਤਰੀਕੇ ਨਾਲ ਵਿਖਾਉਣ ਦਾ ਹੋਣਾ ਚਾਹੀਦਾ ਹੈ ਜਿਸ ਤਰੀਕੇ ਨਾਲ ਉਹ ਸਭ ਤੋਂ ਜ਼ਿਆਦਾ ਪਿਆਰੇ ਮਹਿਸੂਸ ਕਰਦੇ ਹਨ।

ਮਾਪੇ ਹੋਣ ਦੇ ਨਾਤੇ ਸਾਨੂੰ ਆਪਣੇ ਬੱਚਿਆਂ ਨੂੰ ਵੀ ਸਿਖਾਉਣਾ ਚਾਹੀਦਾ ਹੈ ਕਿ ਉਹ ਵੀ ਆਪਣੇ ਭੈਣ-ਭਰਾਵਾਂ, ਮਾਪਿਆਂ, ਅਤੇ ਦਾਦਾ-ਦਾਦੀ ਦਾ ਇਨ੍ਹਾਂ ਤਰੀਕਿਆਂ ਨਾਲ ਧਿਆਨ ਰੱਖਣ। ਸਾਡੇ ਬੱਚਿਆਂ ਨੂੰ ਲੋੜ ਹੈ ਕਿ ਉਹ ਆਪਣੇ ਪਰਿਵਾਰਾਂ ਨੂੰ ਪਿਆਰ ਕਰਨਾ ਅਤੇ ਉਨ੍ਹਾਂ ਦੀ ਸੇਵਾ ਕਰਨਾ ਸਿੱਖਣ। ਉਹ ਸਿੱਖ ਸਕਦੇ ਹਨ ਕਿ ਉਨ੍ਹਾਂ ਨੇ ਆਪਣੇ ਪਰਿਵਾਰ ਦੇ ਲਈ ਆਪਣੇ ਪਿਆਰ ਨੂੰ ਸਭ ਤੋਂ ਅਰਥਪੂਰਣ ਢੰਗ ਦੇ ਨਾਲ ਕਿਵੇਂ ਵਿਖਾਉਣਾ ਹੈ। ਸਾਨੂੰ ਮਿਸਾਲ ਦੇ ਦੁਆਰਾ ਸਿਖਾਉਣਾ ਚਾਹੀਦਾ ਹੈ। ਸਾਨੂੰ ਇਸ ਲਈ ਵੀ ਸਮਾਂ ਕੱਢਣਾ ਚਾਹੀਦਾ

ਹੈ ਕਿ ਅਸੀਂ ਉਨ੍ਹਾਂ ਨੂੰ ਇਹ ਵਿਸ਼ੇ ਸਮਝਾਈਏ ਅਤੇ ਇਨ੍ਹਾਂ ਨੂੰ ਉਨ੍ਹਾਂ ਦੇ ਰਿਸ਼ਤਿਆਂ ਵਿੱਚ ਲਾਗੂ ਕਰਨ ਵਿੱਚ ਉਨ੍ਹਾਂ ਦੀ ਅਗਵਾਈ ਕਰੀਏ।

► ਉਹ ਕਿਹੜੇ ਤਰੀਕੇ ਹਨ ਜਿਨ੍ਹਾਂ ਦੁਆਰਾ ਮਾਪੇ ਆਪਣੇ ਬੱਚਿਆਂ ਦੀ ਦੂਸਰਿਆਂ ਲਈ ਖੁਦ ਦਾ ਤਿਆਗ ਕਰਨ ਵਾਲਾ ਪਿਆਰ ਸਿੱਖ ਵਿੱਚ ਮਦਦ ਕਰ ਸਕਦੇ ਹਨ, ਉਨ੍ਹਾਂ ਦੇ ਆਪਣੇ ਪਰਿਵਾਰ ਤੋਂ ਸ਼ੁਰੂ ਕਰਦੇ ਹੋਏ?

### ਪਿਆਰ ਦੀ ਭਾਸ਼ਾ 1: ਪੁਸ਼ਟੀ ਦੇ ਸ਼ਬਦ

ਜਿਨ੍ਹਾਂ ਲੋਕਾਂ ਦੀ ਪਿਆਰ ਦੀ ਮੁੱਖ ਭਾਸ਼ਾ ਪੁਸ਼ਟੀ ਦੇ ਸ਼ਬਦ ਹੈ ਉਹ ਤਦ ਸਭ ਤੋਂ ਜ਼ਿਆਦਾ ਪਿਆਰੇ ਮਹਿਸੂਸ ਕਰਦੇ ਹਨ ਜਦੋਂ ਦੂਸਰੇ ਗੰਭੀਰਤਾ ਦੇ ਨਾਲ ਉਨ੍ਹਾਂ ਦੀ ਪ੍ਰਸ਼ੰਸ਼ਾ ਦੇ ਲਈ ਸ਼ਬਦਾਂ ਦੀ ਵਰਤੋਂ ਕਰਦੇ ਹਨ। ਜੇ ਇੱਕ ਇਸਤਰੀ ਦੀ ਪਿਆਰ ਦੀ ਮੁੱਖ ਭਾਸ਼ਾ ਪੁਸ਼ਟੀ ਦੇ ਸ਼ਬਦ ਹੈ, ਉਸ ਦਾ ਪਤੀ ਉਸ ਨਾਲ ਗੱਲ ਕਰਦੇ ਹੋਏ ਜਾਂ ਉਸ ਬਾਰੇ ਗੱਲ ਕਰਦੇ ਹੋਏ ਉਸ ਲਈ ਆਪਣੇ ਪਿਆਰ ਨੂੰ ਪਰਗਟ ਕਰ ਸਕਦਾ ਹੈ। ਉਹ ਉਸ ਦੇ ਲਈ ਇੱਕ ਨੋਟ ਲਿਖ ਸਕਦਾ ਹੈ, ਕੁਝ ਵਿਸ਼ੇਸ਼ ਕਾਰਣ ਦੱਸਦੇ ਹੋਏ ਜਿਨ੍ਹਾਂ ਲਈ ਉਹ ਉਸ ਦੀ ਪ੍ਰਸ਼ੰਸ਼ਾ ਕਰਦਾ ਹੈ। ਉਹ ਆਪਣੀ ਪਤਨੀ ਦੇ ਚੰਗੇ ਚਰਿੱਤਰ ਜਾਂ ਕੰਮ ਦੇ ਬਾਰੇ ਕਿਸੇ ਹੋਰ ਨਾਲ ਗੱਲ ਕਰ ਸਕਦਾ ਹੈ। ਜਦੋਂ ਉਸ ਦੀ ਪਤਨੀ ਉਸ ਦੇ ਸ਼ਬਦ ਸੁਣਦੀ ਹੈ, ਉਹ ਪਿਆਰੀ ਅਤੇ ਮਹੱਤਵਪੂਰਣ ਮਹਿਸੂਸ ਕਰਦੀ ਹੈ।

ਅਸੀਂ ਆਪਣੇ ਮਿੱਤਰਾਂ ਤੋਂ ਉਸ ਤਰੀਕੇ ਨਾਲ ਸਲਾਹ ਮੰਗ ਸਕਦੇ ਹਾਂ ਜੋ ਉਨ੍ਹਾਂ ਦੇ ਮਹੱਤਵ ਦੀ ਪੁਸ਼ਟੀ ਕਰਦਾ ਹੈ। ਉਦਾਹਰਣ ਦੇ ਲਈ:

- "ਤੁਸੀਂ ਹਮੇਸ਼ਾ ਇੱਕ ਮਦਦਗਾਰ ਨਜ਼ਰੀਆ ਜੋੜਦੇ ਹੋ, ਇਸ ਲਈ ਮੈਂ ਇਸ... ਬਾਰੇ ਤੁਹਾਡੇ ਵਿਚਾਰ ਜਾਣਨਾ ਚਾਹੁੰਦਾ ਹਾਂ।"
- ਤੁਸੀਂ ਇਸ ਮਾਮਲੇ ਵਿੱਚ ਅਨੁਭਵੀ ਹੋ, ਅਤੇ ਮੈਂ ਤੁਹਾਡੀ ਸਲਾਹ ਲੈਣਾ ਪਸੰਦ ਚਾਹਾਂਗਾ।"
- ਤੁਸੀਂ _________ ਬਾਰੇ ਮੇਰੇ ਨਾਲੋਂ ਜ਼ਿਆਦਾ ਜਾਣਦੇ ਹੋ, ਇਸ ਲਈ ਜੇ ਮੇਰੇ ਲਈ ਤੁਹਾਡੇ ਕੋਲ ਕੋਈ ਸੁਝਾਅ ਜਾਂ ਮਸ਼ਵਰਾ ਹੈ ਤਾਂ ਮੈਨੂੰ ਸੁਣਕੇ ਖੁਸ਼ੀ ਹੋਵੇਗੀ।"

ਪੁਸ਼ਟੀ ਦੇ ਸਾਰੇ ਸ਼ਬਦਾਂ ਨੂੰ ਗੰਭੀਰਤਾ ਦੇ ਨਾਲ ਬੋਲਿਆ ਜਾਵੇ। ਨਹੀਂ ਤਾਂ ਵਿਅਰਥ ਜਾਂ ਠੇਸ ਪਹੁੰਚਾਉਣ ਵਾਲੇ ਹੋਣਗੇ। ਪੁਸ਼ਟੀ ਦੇ ਜਿਹੜੇ ਸ਼ਬਦ ਗੰਭੀਰਤਾ ਦੇ ਨਾਲ ਨਹੀਂ ਬੋਲੇ ਜਾਂਦੇ ਹੋ ਰਿਸ਼ਤਿਆਂ ਨੂੰ ਕਮਜ਼ੋਰ ਬਣਾਉਂਦੇ ਹਨ। ਉਹ ਸੱਚਾਈ 'ਤੇ ਅਧਾਰਤ ਨਹੀਂ ਹੁੰਦੇ ਹਨ, ਇਸ ਲਈ ਸੁਣਨ ਵਾਲਾ ਵਕਤਾ ਦੀ ਪ੍ਰੇਰਣਾ ਉੱਤੇ ਭਰੋਸਾ ਨਹੀਂ ਕਰ ਸਕਦਾ।

ਗੰਭੀਰਤਾ ਦੇ ਨਾਲ ਬੋਲੇ ਗਏ ਪੁਸ਼ਟੀ ਦੇ ਸ਼ਬਦ ਹਕੀਕਤ ਦੇ ਲਈ ਸੱਚੇ ਹੁੰਦੇ ਹਨ। ਉਹ ਝੂਠੇ ਜਾਂ ਵਧਾ ਚੜ੍ਹਾ ਕੇ ਬੋਲੇ ਹੋਏ ਨਹੀਂ ਹੁੰਦੇ। ਸੱਚੀ ਪੁਸ਼ਟੀ ਨੂੰ ਦਿਲ ਤੋਂ ਪਰਗਟ ਕੀਤਾ ਜਾਂਦਾ ਹੈ। ਜੋ ਆਖਿਆ ਗਿਆ ਹੈ ਉਹੋ ਹੀ ਹੈ ਜੋ ਬੋਲਣ ਵਾਲਾ ਸੱਚਮੁੱਚ ਮਹਿਸੂਸ ਕਰਦਾ ਹੈ ਅਤੇ ਵਿਸ਼ਵਾਸ ਕਰਦਾ ਹੈ।

ਪੁਸ਼ਟੀ ਦੇ ਸ਼ਬਦ ਸੁਣਨ ਵਾਲੇ ਨੂੰ ਅੱਗੇ ਉੱਨਤੀ ਅਤੇ ਭਵਿੱਖ ਵਿੱਚ ਸਫ਼ਲਤਾ ਦੇ ਲਈ ਪ੍ਰੇਰਿਤ ਕਰ ਸਕਦੇ ਹਨ ਪਰ ਇਹ ਕਦੇ ਵੀ ਫੁਸਲਾਉਣ ਵਾਲੇ ਨਹੀਂ ਹੋਣੇ ਚਾਹੀਦੇ। ਸਾਨੂੰ ਪੁਸ਼ਟੀ ਦੇ ਸ਼ਬਦਾਂ ਨਾਲ ਦੂਸਰਿਆਂ ਨੂੰ ਨਿਯੰਤਰਿਤ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।

► ਇੱਕ ਵਿਦਿਆਰਥੀ ਨੂੰ ਸਮੂਹ ਲਈ ਅਫ਼ਸੀਆਂ 4:29 ਨੂੰ ਪੜ੍ਹਨਾ ਚਾਹੀਦਾ ਹੈ। ਜਿਹੜੀਆਂ ਗੱਲਾਂ ਨਹੀਂ ਆਖੀਆਂ ਜਾਣੀਆਂ ਚਾਹੀਦੀਆਂ ਉਨ੍ਹਾਂ ਦੇ ਲਈ ਇੱਥੇ ਕੀ ਵੇਰਵਾ ਦਿੱਤਾ ਗਿਆ ਹੈ? ਸਾਡੇ ਸ਼ਬਦਾਂ ਨੂੰ ਕੀ ਪੂਰਾ ਕਰਨਾ ਚਾਹੀਦਾ ਹੈ? ਕੀ ਕੁਝ ਸ਼ਬਦ ਹਨ ਜੋ ਇੱਕ ਹਾਲਾਤ ਵਿੱਚ ਢੁੱਕਵੇਂ ਹਨ ਅਤੇ ਦੂਸਰੀ ਹਾਲਾਤ ਵਿੱਚ ਨਹੀਂ?

ਜੋ ਅਸੀਂ ਦੂਸਰਿਆਂ ਨੂੰ ਆਖਦੇ ਹਾਂ ਉਹ ਹਮੇਸ਼ਾ ਢੁੱਕਵਾਂ ਅਤੇ ਦਿਆਲੂ ਹੋਣਾ ਚਾਹੀਦਾ ਹੈ। ਜਿਹੜੀਆਂ ਗੱਲਾਂ ਅਸੀਂ ਆਖਦੇ ਹਾਂ ਉਹ ਉਨ੍ਹਾਂ ਦੇ ਦਿਲਾਂ ਵਿੱਚ ਪਰਮੇਸ਼ੁਰ ਨੂੰ ਕੰਮ ਕਰਨ ਦਾ ਮੌਕਾ ਦੇਣ, ਜਿਨ੍ਹਾਂ ਨੂੰ ਅਸੀਂ ਆਖ ਰਹੇ ਹਾਂ। ਜੋ ਅਸੀਂ ਆਖਦੇ ਹਾਂ ਉਹ ਉਸਾਰੀ ਕਰਨ ਵਾਲਾ ਹੋਣਾ ਚਾਹੀਦਾ ਹੈ, ਵਿਨਾਸ਼ਕਾਰੀ ਨਹੀਂ। ਇਹ ਸਿਹਤ ਅਤੇ ਚੰਗਾਈ ਨੂੰ ਵਧਾਵੇ, ਅਤੇ ਕਦੇ ਵੀ ਨੁਕਸਾਨ ਪਹੁੰਚਾਉਣ ਵਾਲਾ ਨਾ ਹੋਵੇ।

### ਪੁਸ਼ਟੀ ਦੇ ਵਿਸ਼ੇ

ਪੁਸ਼ਟੀ ਦੇ ਸ਼ਬਦਾਂ ਦੀਆਂ ਵੱਖ-ਵੱਖ ਕਿਸਮਾਂ ਹਨ। ਪੁਸ਼ਟੀ ਦੇ ਸਾਰੇ ਸ਼ਬਦ ਇੱਕੋ ਜਿਹਾ ਮਹੱਤਵ ਜਾਂ ਇੱਕੋ ਜਿਹੀਆਂ ਕਦਰਾਂ ਕੀਮਤਾ ਨਹੀਂ ਰੱਖਦੇ। ਪੁਸ਼ਟੀ ਦੇ ਸ਼ਬਦਾਂ ਦੀ ਉੱਚ ਗੁਣਵੱਤਾ ਦੇ ਲਈ ਬੋਲਣ ਵਾਲੇ ਵਿਅਕਤੀ ਵੱਲੋਂ ਜ਼ਿਆਦਾ ਵਿਚਾਰ ਅਤੇ ਕੋਸ਼ਿਸ਼ ਕਰਨ ਦੀ ਲੋੜ ਹੁੰਦੀ ਹੈ; ਇੱਥੋਂ ਤਕ ਕਿ ਕਈ ਵਾਰ ਉਨ੍ਹਾਂ ਨੂੰ ਬੋਲਣਾ ਭੱਦਾ ਲੱਗ ਸਕਦਾ ਹੈ; ਪਰ ਉਹ ਸ਼ਬਦ ਪਿਆਰ ਨੂੰ ਸਭ ਤੋਂ ਦ੍ਰਿੜ੍ਹ ਅਤੇ ਸਭ ਤੋਂ ਅਰਥਪੂਰਣ ਢੰਗਾਂ ਦੇ ਨਾਲ ਪਰਗਟ ਕਰਦੇ ਹਨ।

#### *ਦਿੱਖ ਦੀ ਪ੍ਰਸ਼ੰਸ਼ਾ ਕਰਨਾ*

ਕਿਸੇ ਦੀ ਦਿੱਖ ਦੀ ਪ੍ਰਸ਼ੰਸ਼ਾ ਕਰਨਾ ਪੁਸ਼ਟੀ ਕਰਨ ਦਾ ਇੱਕ ਢੰਗ ਹੋ ਸਕਦਾ ਹੈ, ਖਾਸ ਕਰਕੇ ਜੇ ਇਹ ਉਨ੍ਹਾਂ ਦੀ ਮਿਹਨਤ ਦੇ ਲਈ ਪ੍ਰਸ਼ੰਸ਼ਾ ਨੂੰ ਵਿਖਾਉਂਦਾ ਹੈ ਜਾਂ ਉਨ੍ਹਾਂ ਦੇ ਆਪਣੀ ਸਖਸ਼ੀਅਤ ਨੂੰ ਪਰਗਟ ਕਰਨ ਦੇ ਢੰਗ ਲਈ ਪ੍ਰਸ਼ੰਸ਼ਾ ਵਿਖਾਉਂਦਾ ਹੈ। ਪਰ, ਕਿਸੇ ਦੀ ਦਿੱਖ ਦੀ ਪ੍ਰਸ਼ੰਸ਼ਾ ਕਰਨਾ ਇੱਕ ਖੋਖਲੀ ਪੁਸ਼ਟੀ ਹੈ, ਖਾਸ ਕਰਕੇ ਜਦੋਂ ਇਹ ਵਿਅਕਤੀ ਦੀ ਅਸਲੀਅਤ ਦੇ ਨਾਲ ਸੰਬੰਧਤ ਨਹੀਂ ਹੁੰਦੀ ਹੈ।

ਬਹੁਤ ਜ਼ਿਆਦਾ ਆਕਰਸ਼ਿਤ ਲੋਕ ਜਿਨ੍ਹਾਂ ਦੀ ਅਕਸਰ ਪ੍ਰਸ਼ੰਸ਼ਾ ਕੀਤੀ ਜਾਂਦੀ ਹੈ ਉਹ ਆਪਣੀ ਦਿੱਖ ਦੇ ਬਾਰੇ ਅਸੁਰੱਖਿਅਤ ਹੋ ਸਕਦੇ ਹਨ, ਕਿਉਂਕਿ ਉਹ ਇਹ ਮਹਿਸੂਸ ਕਰਨ ਲੱਗਦੇ ਹਨ ਕਿ ਉਨ੍ਹਾਂ ਦਾ ਮਹੱਤਵ ਇਸ ’ਤੇ ਹੀ ਨਿਰਭਰ ਹੈ, ਅਤੇ ਉਹ ਸੋਚਦੇ ਹਨ ਕਿ ਇਹ ਸੰਪੂਰਣ ਹੋਣੀ ਚਾਹੀਦੀ ਹੈ।

ਨਿੱਜੀ ਯੋਗਤਾ ਨੂੰ ਆਕਰਸ਼ਣ ਦੇ ਦੁਆਰਾ ਨਿਰਧਾਰਤ ਨਹੀਂ ਕੀਤਾ ਜਾਂਦਾ ਹੈ। ਅਤੇ ਜੋ ਇੱਕ ਵਿਅਕਤੀ ਆਪਣੇ ਸਰੀਰ ਨੂੰ ਆਕਰਸ਼ਿਤ ਬਣਾਉਂਦੇ ਲਈ ਕਰ ਸਕਦਾ ਹੈ, ਉਹ ਸੀਮਿਤ ਵੀ ਹੈ। ਇਨ੍ਹਾਂ ਗੱਲਾਂ ਦੇ ਕਾਰਣ, ਇਸ ਤਰ੍ਹਾਂ ਦੀ ਪੁਸ਼ਟੀ ਦਾ ਇਸਤੇਮਾਲ ਲੋੜ ਤੋਂ ਜ਼ਿਆਦਾ ਨਹੀਂ ਕਰਨਾ ਚਾਹੀਦਾ।

### *ਪ੍ਰਾਪਤੀਆਂ ਅਤੇ ਸੇਵਾ ਦੀ ਪ੍ਰਸ਼ੰਸ਼ਾ ਕਰਨਾ*

ਸ਼ਬਦਾਂ ਦੇ ਨਾਲ ਕਿਸੇ ਲਈ ਪੁਸ਼ਟੀ ਦੇਣ ਦਾ ਹੋਰ ਤਰੀਕਾ ਉਸ ਦੀਆਂ ਪ੍ਰਾਪਤੀਆਂ ਅਤੇ ਉਸ ਦੇ ਪ੍ਰਦਰਸ਼ਨ ਦੀ ਪ੍ਰਸ਼ੰਸ਼ਾ ਕਰਨਾ ਹੈ। ਉਨ੍ਹਾਂ ਦੇ ਕੰਮਾਂ ਨੂੰ ਹਲਕੇ ਵਿੱਚ ਲੈਣ ਦੇ ਬਜਾਏ, ਜਿਹੜਾ ਵਿਅਕਤੀ ਬੋਲ ਰਿਹਾ ਹੈ ਉਹ ਉਸ ਲਈ ਪ੍ਰਸ਼ੰਸ਼ਾ ਕਰਨ ਵਾਸਤੇ ਸਮਾਂ ਲੈਂਦਾ ਹੈ ਜੋ ਦੂਸਰੇ ਵਿਅਕਤੀ ਨੇ ਕੀਤਾ ਹੈ।

ਉਦਾਹਰਣਾਂ:

- ਇੱਕ ਪਤਨੀ ਆਪਣੇ ਪਤੀ ਦੀ ਉਸ ਮੁਸ਼ਕਲ ਟੀਚੇ ਨੂੰ ਪੂਰਾ ਕਰਨ ਲਈ ਪ੍ਰਸ਼ੰਸ਼ਾ ਕਰਦੀ ਹੈ ਜਿਸ ਲਈ ਉਹ ਕੰਮ ਕਰ ਰਿਹਾ ਸੀ।
- ਇੱਕ ਪਤੀ ਉਸ ਲਈ ਆਪਣੀ ਪਤਨੀ 'ਤੇ ਧਿਆਨ ਦਿੰਦਾ ਹੈ ਅਤੇ ਉਸ ਬਾਰੇ ਸੋਚਦੇ ਹੈ ਜੋ ਉਸ ਨੇ ਉਸ ਪ੍ਰੋਜੈਕਟ ਵਿੱਚ ਮਦਦ ਕਰਨ ਲਈ ਕੀਤਾ ਸੀ ਜਿਸ ਉੱਤੇ ਉਹ ਕੰਮ ਕਰ ਰਿਹਾ ਸੀ।
- ਪਰਿਵਾਰ ਦੇ ਮੈਂਬਰ ਰਸੋਈਏ ਦੇ ਸਵਾਦੀ ਖਾਣੇ ਲਈ ਉਸ ਦੀ ਪ੍ਰਸ਼ੰਸ਼ਾ ਕਰਦੇ ਹਨ ਜੋ ਉਸ ਨੇ ਉਨ੍ਹਾਂ ਦੇ ਲਈ ਬਣਾਇਆ ਸੀ।

ਪ੍ਰਦਰਸ਼ਨ ਜਾਂ ਪ੍ਰਾਪਤੀ ਦੀ ਪ੍ਰਸ਼ੰਸ਼ਾ ਕਰਦੇ ਹੋਏ, ਇਸ ਤੋਂ ਬਚੋ ਕਿ ਵਿਅਕਤੀ ਇਹ ਨਾ ਸੋਚੇ ਕਿ ਤੁਹਾਡਾ ਪਿਆਰ ਉਸ ਵਿਅਕਤੀ ਦੇ ਪ੍ਰਦਰਸ਼ਨ 'ਤੇ ਅਧਾਰਤ ਹੈ। ਉਦਾਹਰਣ ਦੇ ਲਈ, ਤੁਹਾਡੇ ਪੁੱਤਰ ਨੂੰ ਇਹ ਦੱਸਣਾ ਕਿ ਉਸ ਨੇ ਤੁਹਾਨੂੰ ਮਾਣ ਮਹਿਸੂਸ ਕਰਾਇਆ ਹੈ ਕਿਉਂਕਿ ਉਸ ਨੇ ਚੰਗੇ ਨੰਬਰ ਲਏ ਹਨ, ਤੁਹਾਡੇ ਪੁੱਤਰ ਨੂੰ ਇਹ ਮਹਿਸੂਸ ਕਰਾ ਸਕਦਾ ਹੈ ਕਿ ਜੇ ਉਹ ਘੱਟ ਨੰਬਰ ਲੈਂਦਾ ਹੈ ਤਾਂ ਤੁਸੀਂ ਉਸ ਨੂੰ ਘੱਟ ਪਿਆਰ ਕਰੋਗੇ। ਇੱਕ ਵਿਅਕਤੀ ਦੇ ਮਹੱਤਵ ਦੀ ਪੁਸ਼ਟੀ ਕਰਨ ਦਾ ਇੱਕ ਤਰੀਕਾ ਇਹ ਆਖਣਾ ਹੈ, "ਮੈਂ ਖੁਸ਼ ਹਾਂ ਕਿ ਤੂੰ ਉਸ ਪ੍ਰੀਖਿਆ ਦੇ ਵਿੱਚ ਬਹੁਤ ਵਧੀਆ ਕੀਤਾ ਹੈ। ਮੈਨੂੰ ਤੇਰੇ ਉੱਤੇ ਮਾਣ ਹੈ ਕਿ ਤੂੰ ਪੜ੍ਹਨ ਅਤੇ ਆਪਣਾ ਉੱਤਮ ਦੇਣ ਦੀ ਜ਼ਿੰਮੇਵਾਰੀ ਲਈ ਹੈ।" ਪਰ ਜਦੋਂ ਤੁਸੀਂ ਇਹ ਕਰਦੇ ਹੋ, ਤਾਂ ਉਨ੍ਹਾਂ ਪ੍ਰਾਪਤੀਆਂ ਦੇ ਲਈ ਪ੍ਰਸ਼ੰਸ਼ਾ ਕਰਨਾ ਨਾ ਭੁੱਲੋ ਜੋ ਉਨ੍ਹਾਂ ਦੇ ਲਈ ਮਹੱਤਵਪੂਰਣ ਹਨ।

*ਚਰਿੱਤਰ ਅਤੇ ਮਿਹਨਤ ਨੂੰ ਮਾਨਤਾ ਦੇਣਾ*

ਕੇਵਲ ਚੰਗੇ ਪ੍ਰਦਰਸ਼ਨ ਦੀ ਪ੍ਰਸ਼ੰਸ਼ਾ ਕਰਨ ਦੇ ਬਜਾਏ, ਇੱਕ ਵਿਅਕਤੀ ਦੇ ਚਰਿੱਤਰ ਅਤੇ ਉਸ ਨੂੰ ਸਫਲ ਬਣਾਉਣ ਵਾਲੀ ਕੋਸ਼ਿਸ਼ ਦੀ ਪੁਸ਼ਟੀ ਕਰਨਾ ਉੱਤਮ ਹੈ। ਉਦਾਹਰਣ ਦੇ ਲਈ, ਇੱਕ ਅਥਲੀਟ ਬੱਚੇ ਦੀ ਇੱਕ ਖੇਡ ਨੂੰ ਜਿੱਤਣ ਨਾਲੋਂ ਉਸ ਦੀ ਲਗਨ ਨਾਲ ਕੀਤੀ ਗਈ ਕੋਸ਼ਿਸ਼ ਅਤੇ ਚੰਗੇ ਰਵੱਈਏ ਲਈ ਜ਼ਿਆਦਾ ਪ੍ਰਸ਼ੰਸ਼ਾ ਕਰਨੀ ਚਾਹੀਦੀ ਹੈ। ਬਹੁਤੇ ਲੋਕ ਹਮੇਸ਼ਾ ਪ੍ਰਦਰਸ਼ਨ ਦੇ ਵਿੱਚ ਉੱਤਮ ਨਹੀਂ ਕਰ ਸਕਦੇ ਹਨ, ਪਰ ਇੱਕ ਵਿਅਕਤੀ ਚੰਗਾ ਚਰਿੱਤਰ ਵਿਖਾਉਣ ਦੀ ਚੋਣ ਕਰ ਸਕਦਾ ਹੈ, ਅਤੇ ਚਰਿੱਤਰ ਸਭ ਤੋਂ ਜ਼ਿਆਦਾ ਮਹੱਤਵਪੂਰਣ ਹੈ।

*ਇੱਕ ਵਿਅਕਤੀ ਜੋ ਵੀ ਹੈ, ਉਸ ਲਈ ਉਸ ਨਾਲ ਜਸ਼ਨ ਮਨਾਉਣਾ*

ਉੱਤਮ ਪੁਸ਼ਟੀ ਕਿਸੇ ਦੇ ਗੁਣਾਂ ਦੀ ਪਛਾਣ ਕਰਦੀ ਹੈ: ਨਿੱਜੀ ਗੁਣ, ਚਰਿੱਤਰ ਦੇ ਗੁਣ, ਅਤੇ ਸਖਸ਼ੀਅਤ ਦੇ ਗੁਣ। ਇਸ ਤਰ੍ਹਾਂ ਦੀ ਪੁਸ਼ਟੀ ਪ੍ਰਾਪਤੀਆਂ ਦੇ ਲਈ ਪੁਸ਼ਟੀ ਨਾਲੋਂ ਦ੍ਰਿੜ੍ਹ ਹੁੰਦੀ ਹੈ ਕਿਉਂਕਿ ਇਹ ਵਿਅਕਤੀ ਦੇ ਆਪਣੇ ਮਹੱਤਵ ’ਤੇ ਅਧਾਰਤ ਹੁੰਦੀ ਹੈ, ਬਦਲਣ ਵਾਲੇ ਹਾਲਾਤਾਂ ’ਤੇ ਨਹੀਂ।

ਉਦਾਹਰਣਾਂ:

- “ਬੱਚੇ ਤੁਹਾਡੇ ਵੱਲ ਖਿੱਚੇ ਆਉਂਦੇ ਹਨ! ਤੁਸੀਂ ਉਨ੍ਹਾਂ ਨੂੰ ਸਮਝਾਉਣ ਵਿੱਚ ਬਹੁਤ ਹੀ ਚੰਗੇ ਹੋ, ਅਤੇ ਤੁਸੀਂ ਉਨ੍ਹਾਂ ਦੇ ਸਵਾਲਾਂ ਦੇ ਲਈ ਬਹੁਤ ਧੀਰਜਵਾਨ ਹੋ।”
- “ਮੈਂ ਤੁਹਾਡੇ ਉੱਤੇ ਭਰੋਸਾ ਕਰਦਾ ਹਾਂ, ਕਿਉਂਕਿ ਮੈਂ ਵੇਖਿਆ ਹੈ ਕਿ ਤੁਸੀਂ ਭਰੋਸੇਯੋਗ ਹੋ।”

ਇਸ ਪ੍ਰਕਾਰ ਦੀ ਪੁਸ਼ਟੀ ਦੇ ਨਾਲ ਬਹੁਤ ਜ਼ਿਆਦਾ ਸੰਬੰਧਤ ਇਹ ਜਾਣਨਾ ਹੈ ਕਿ ਪਰਮੇਸ਼ੁਰ ਕਿਵੇਂ ਕਿਸੇ ਵਿਅਕਤੀ ਦੇ ਜੀਵਨ ਵਿੱਚ ਕੰਮ ਕਰ ਰਿਹਾ ਹੈ, ਉਨ੍ਹਾਂ ਨੂੰ ਕਿਸੇ ਤਰ੍ਹਾਂ ਦੇ ਬਣਨ ਜਾਂ ਕੁਝ ਕਰਨ ਦੇ ਯੋਗ ਬਣਾਉਂਦੇ ਹੋਏ।

ਉਦਾਹਰਣਾਂ:

- ਮੈਂ ਉਹ ਵੇਖਕੇ ਬਹੁਤ ਖੁਸ਼ ਹਾਂ ਜਿਵੇਂ ਪਰਮੇਸ਼ੁਰ ਤੁਹਾਨੂੰ ਉਨ੍ਹਾਂ ਜਵਾਨ ਲੋਕਾਂ ਦੇ ਜੀਵਨਾਂ ਵਿੱਚ ਇਸਤੇਮਾਲ ਕਰ ਰਿਹਾ ਹੈ ਜਿਨ੍ਹਾਂ ਨੂੰ ਤੁਸੀਂ ਸਿਖਾ ਰਹੇ ਹੋ। ਉਨ੍ਹਾਂ ਵਿੱਚੋਂ ਇੱਕ ਨੇ ਮੈਨੂੰ ਦੱਸਿਆ ਕਿ ਉਹ ਤੁਹਾਡੇ ਜੀਵਨ ਨੂੰ ਵੇਖਣ ਦੇ ਕਾਰਣ ਯਿਸੂ ਲਈ ਜੀਣਾ ਚਾਹੁੰਦੀ ਹੈ।”
- “ਮੈਨੂੰ ਵਿਸ਼ਵਾਸ ਹੈ ਕਿ ਪਰਮੇਸ਼ੁਰ ਤੁਹਾਡੀ ਉਸ ਚੁਣੌਤੀਪੂਰਣ ਕੰਮ ਵਿੱਚ ਮਦਦ ਕਰੇਗਾ ਜੋ ਤੁਹਾਨੂੰ ਦਿੱਤਾ ਗਿਆ ਹੈ। ਮੈਂ ਤੁਹਾਡੇ ਲਈ ਪ੍ਰਾਰਥਨਾ ਕਰਾਂਗਾ!”

ਕਿਸੇ ਵਿਅਕਤੀ ਦੀ ਮੌਜੂਦਗੀ ਅਤੇ ਰਿਸ਼ਤੇ ਦੇ ਲਈ ਅਨੰਦ ਅਤੇ ਧੰਨਵਾਦ ਦੇ ਪ੍ਰਗਟਾਵੇ ਪੁਸ਼ਟੀ ਦੇ ਸਭ ਤੋਂ ਜ਼ਿਆਦਾ ਦ੍ਰਿੜ੍ਹ ਸ਼ਬਦ ਹਨ। ਉਹ ਉਸ ਵਿਅਕਤੀ ਦੇ ਮਹੱਤਵ ਨੂੰ ਪਰਗਟ ਕਰਦੇ ਹਨ।

ਉਦਾਹਰਣਾਂ:

- "ਜਦੋਂ ਤੁਸੀਂ ਇੱਥੇ ਹੁੰਦੇ ਹੋ ਤਾਂ ਪਰਿਵਾਰਕ ਇਕੱਠ ਹਮੇਸ਼ਾ ਹੋਰ ਵੀ ਖਾਸ ਬਣ ਜਾਂਦੇ ਹਨ।"
- "ਮੈਨੂੰ ਤੁਹਾਡੇ ਨਾਲ ਰਹਿਣਾ ਪਸੰਦ ਹੈ।"
- "ਤੁਸੀਂ ਮੇਰੇ ਲਈ ਬੇਸ਼ਕੀਮਤੀ ਹੋ, ਅਤੇ ਮੈਂ ਤੁਹਾਨੂੰ ਪਿਆਰ ਕਰਦਾ ਹਾਂ!"

**ਸ਼ਬਦਾਂ ਅਤੇ ਪੁਸ਼ਟੀ ਨਾਲ ਸੰਬੰਧਤ ਮਹੱਤਵਪੂਰਣ ਨੋਟਸ**

1. ਇੱਕ ਵਿਅਕਤੀ ਦੇ ਸਰੀਰਕ ਗੁਣਾਂ ਦੀ ਕਦੇ ਵੀ ਅਲੋਚਨਾ ਨਾ ਕਰੋ ਜਾਂ ਕਦੇ ਵੀ ਮਖੌਲ ਨਾ ਉਡਾਓ। ਲੋਕਾਂ ਦੇ ਸਰੀਰਕ ਗੁਣਾਂ ਜੀਵਨ ਭਰ ਉਨ੍ਹਾਂ ਦੇ ਨਾਲ ਰਹਿੰਦੇ ਹਨ। ਕਦੇ ਵੀ ਕਿਸੇ ਨੂੰ ਉਸ ਦੇ ਸਰੀਰਕ ਗੁਣਾਂ ਦੇ ਅਨੁਸਾਰ ਛੋਟਾ ਨਾਮ ਨਾ ਦਿਓ, ਖਾਸ ਕਰਕੇ ਇੱਕ ਨੁਕਸ ਦੇ ਲਈ।

2. ਤਾਕਤਾਂ, ਗੁਣਾਂ, ਅਤੇ ਚੰਗੇ ਵਿਹਾਰ ਦੀ ਪੁਸ਼ਟੀ ਕਰਨਾ ਸੁਣਨ ਵਾਲੇ ਨੂੰ ਉਸ ਵਿੱਚ ਬਣੇ ਰਹਿਣ ਅਤੇ ਉੱਨਤੀ ਕਰਨ ਦੇ ਲਈ ਪ੍ਰੇਰਿਤ ਕਰਦਾ ਹੈ। ਗਲਤੀਆਂ ਕੱਢਣਾ ਘੱਟ ਹੀ ਮਦਦ ਕਰਦਾ ਹੈ।

3. ਇੱਕ ਸਲਾਹ ਦੇਣਾ ਅਸਿੱਧੇ ਤੌਰ 'ਤੇ ਸੁਣਨ ਵਾਲੇ ਵਿਚਲੇ ਨੁਕਸ ਨੂੰ ਦੱਸ ਸਕਦਾ ਹੈ। ਪੁਸ਼ਟੀ ਸਲਾਹ ਪ੍ਰਾਪਤ ਕਰਦੇ ਹੋਏ ਵਿਅਕਤੀ ਦੀ ਸੁਰੱਖਿਅਤ ਮਹਿਸੂਸ ਕਰਨ ਵਿੱਚ ਮਦਦ ਕਰ ਸਕਦੀ ਹੈ। ਜੇ ਤੁਹਾਨੂੰ ਕਿਸੇ ਨੂੰ ਸਲਾਹ ਦੇਣ ਦੀ ਲੋੜ ਹੈ, ਤਾਂ ਸਲਾਹ ਦੇ ਨਾਲ-ਨਾਲ ਦ੍ਰਿੜ੍ਹ ਪੁਸ਼ਟੀ ਵੀ ਦਿਓ।

4. ਸ਼ਕਾਇਤਾਂ ਦੇ ਰੂਪ ਵਿੱਚ ਦਿੱਤੇ ਗਏ ਸੁਝਾਅ ਪ੍ਰੇਰਿਤ ਨਹੀਂ ਕਰਦੇ ਹਨ। ਉਦਾਹਰਣ ਦੇ ਲਈ, ਇਹ ਆਖਣਾ ਕਿ ਇੱਕ ਕੰਮ ਪਹਿਲਾਂ ਹੀ ਹੋ ਜਾਣਾ ਚਾਹੀਦਾ ਸੀ, ਜਾਂ ਕਿਸੇ ਦੇ ਇਸ ਨੂੰ ਕਰਨ ਵਿੱਚ ਅਸਫ਼ਲ ਹੋਣ 'ਤੇ ਸ਼ਰਮਿੰਦਗੀ ਪਰਗਟ ਕਰਨਾ, ਮਦਦਗਾਰ ਨਹੀਂ ਹੁੰਦਾ ਹੈ। ਇਸ ਤਰ੍ਹਾਂ ਦੇ ਕਥਨ ਵਿਅਕਤੀ ਨੂੰ ਮਹਿਸੂਸ ਕਰਾਉਂਦੇ ਹਨ ਕਿ ਉਹ ਪਹਿਲਾਂ ਹੀ ਅਸਫ਼ਲ ਹੋ ਗਿਆ ਹੈ; ਜੇ ਉਹ ਕੰਮ ਦੇਰੀ ਨਾਲ ਕਰਦਾ ਹੈ, ਉਹ ਫਿਰ ਵੀ ਮਹਿਸੂਸ ਕਰੇਗਾ ਕਿ ਉਹ ਅਸਫ਼ਲ ਹੋਇਆ ਹੈ।

**ਠੇਸ ਪਹੁੰਚਾਉਣ ਵਾਲੇ ਸ਼ਬਦ**

ਜਿਹੜੇ ਵਿਅਕਤੀ ਨੂੰ ਸਭ ਤੋਂ ਜ਼ਿਆਦਾ ਪੁਸ਼ਟੀ ਦੇ ਸ਼ਬਦਾਂ ਦੀ ਲੋੜ ਹੁੰਦੀ ਹੈ ਉਹ ਇਸ ਤੋਂ ਉਲਟੇ ਸ਼ਬਦਾਂ ਦੇ ਨਾਲ ਸਭ ਤੋਂ ਜ਼ਿਆਦਾ ਦੁਖੀ ਹੁੰਦਾ ਹੈ। ਅਲੋਚਨਾ ਖਾਸ ਕਰਕੇ ਦਰਦਨਾਕ ਹੁੰਦੀ ਹੈ ਅਤੇ ਉਸ ਨੂੰ ਆਪਣੇ ਖੁਦ ਦੇ ਮਹੱਤਵ ਉੱਤੇ ਸ਼ੱਕ ਕਰਨ ਵੱਲ ਲੈ ਜਾਂਦੀ ਹੈ। ਰੁੱਖੇ, ਗੁੱਸੇ ਵਾਲੇ ਸ਼ਬਦ ਭਾਵਨਾਤਮਕ ਜਖਮ ਦਿੰਦੇ ਹਨ ਜਿਸ ਤੋਂ ਇੱਕ ਵਿਅਕਤੀ ਸ਼ਾਇਦ ਹੀ ਪੂਰੀ ਤਰ੍ਹਾਂ ਠੀਕ ਹੋ ਸਕੇ। ਇਹ

ਖਾਸ ਕਰਕੇ ਉਦੋਂ ਸੱਚ ਹੁੰਦਾ ਹੈ ਜਦੋਂ ਬੋਲਣ ਵਾਲਾ ਉਸ ਦਰਦ ਨੂੰ ਨਹੀਂ ਸਮਝਦਾ ਜੋ ਉਸ ਦੇ ਸ਼ਬਦਾਂ ਨੇ ਦਿੱਤਾ ਹੈ ਅਤੇ ਕਦੇ ਵੀ ਮਾਫ਼ੀ ਨਹੀਂ ਮੰਗਦਾ।

ਜਿਵੇਂ ਕਿ ਪੁਸ਼ਟੀ ਦੇ ਸਭ ਤੋਂ ਦ੍ਰਿੜ੍ਹ ਸ਼ਬਦ ਵਿਅਕਤੀ ਦੇ ਮਹੱਤਵ ਨਾਲ ਸੰਬੰਧ ਰੱਖਦੇ ਹਨ, ਉਸੇ ਤਰ੍ਹਾਂ ਸਭ ਤੋਂ ਬੁਰੇ, ਅਤੇ ਦੁਖਦਾਇਕ ਕਥਨ ਇੱਕ ਨਿੱਜੀ ਹਮਲਾ ਹੁੰਦੇ ਹਨ। ਉਦਾਹਰਣ ਦੇ ਲਈ, “ਕਾਸ਼ ਮੈਂ ਤੁਹਾਨੂੰ ਕਦੇ ਮਿਲਿਆ ਹੀ ਨਾ ਹੁੰਦਾ।”

ਅਗਲੇ ਬੁਰੇ ਕਥਨ ਉਹ ਹਨ ਜੋ ਵਿਅਕਤੀ ਦੇ ਜ਼ਰੂਰੀ ਚਰਿੱਤਰ ਦੇ ਬਾਰੇ ਕੁਝ ਘੋਸ਼ਣਾ ਕਰਦੇ ਹਨ “ਤੁਸੀਂ________ ਹੋ।” ਵਿਹਾਰ ਦੇ ਬਾਰੇ ਵਿਨਾਸ਼ਕਾਰੀ ਕਥਨ ਇਹ ਹਨ “ਤੁਸੀਂ ਹਮੇਸ਼ਾ _________” ਜਾਂ ਤੁਸੀਂ ਕਦੇ ਵੀ __________ ।” ਇਹ ਕਥਨ ਸਪਸ਼ਟ ਕਰਦੇ ਹਨ ਕਿ ਇੱਕ ਵਿਅਕਤੀ ਜ਼ਰੂਰੀ ਅਤੇ ਨਾ ਬਦਲਣ ਵਾਲਿਆਂ ਗਲਤੀਆਂ ਦੇ ਕਾਰਣ ਸੁਧਾਰ ਨਹੀਂ ਕਰ ਸਕਦਾ ਹੈ।

ਜੇ ਕੋਈ ਜਖਮੀ ਹੁੰਦਾ ਹੈ – ਖਾਸ ਕਰਕੇ ਜੇ ਕੋਈ ਪਿਆਰ ਦੀ ਪਾਣੀ ਮੁੱਖ ਭਾਸ਼ਾ ਦੇ ਵਿੱਚ ਜਖਮੀ ਹੁੰਦਾ ਹੈ – ਉਹ ਸੁਭਾਵਕ ਤੌਰ ’ਤੇ ਹੋਰ ਜਖਮ ਤੋਂ ਬਚਣ ਦੀ ਕੋਸ਼ਿਸ਼ ਕਰੇਗਾ। ਜਿਹੜੇ ਲੋਕ ਨਕਾਰਾਤਮਕ ਸ਼ਬਦਾਂ ਦਾ ਇਸਤੇਮਾਲ ਕਰਦੇ ਹਨ ਉਹ ਆਮ ਤੌਰ ’ਤੇ ਸਕਾਰਾਤਮਕ ਸ਼ਬਦ ਵਰਤਣ ਲਈ ਉਦਾਰ ਨਹੀਂ ਹੁੰਦੇ ਹਨ, ਇਸ ਲਈ ਸੁਣਨ ਵਾਲੇ ਨੂੰ ਇਸ ਦੀ ਘੱਟ ਹੀ ਉਮੀਦ ਹੁੰਦੀ ਹੈ ਕਿ ਉਹ ਆਪਣੇ ਵਿਹਾਰ ਨੂੰ ਸੁਧਾਰਨ ਦੁਆਰਾ ਬਿਹਤਰ ਵਿਹਾਰ ਹਾਸਲ ਕਰ ਸਕਦਾ ਹੈ। ਉਹ ਆਪਣੇ ਵਿਹਾਰ ਵਿੱਚ ਸੁਧਾਰ ਕਰਨ ਲਈ ਪ੍ਰੇਰਿਤ ਨਹੀਂ ਹੋਵੇਗਾ ਤਾਂ ਕਿ ਉਹ ਪਿਆਰ ਨੂੰ ਹਾਸਲ ਕਰ ਸਕੇ।

ਕਈ ਵਾਰ ਜਿਹੜੇ ਲੋਕ ਗੁੱਸੇ ਵਿੱਚ ਹੁੰਦੇ ਹਨ ਉਹ ਦੁੱਖ ਦੇਣ ਵਾਲੀਆਂ ਗੱਲਾਂ ਆਖਦੇ ਹਨ ਕਿਉਂਕਿ ਉਹ ਕਿਸੇ ਨੂੰ ਦੁਖੀ ਕਰਨਾ ਚਾਹੁੰਦੇ ਹਨ। ਕਈ ਵਾਰ, ਬੋਲਣ ਵਾਲੇ ਦੇ ਇਰਾਦੇ ਨੇਕ ਹੁੰਦੇ ਹਨ, ਪਰ ਫਿਰ ਵੀ ਉਸ ਦੇ ਸ਼ਬਦ ਦੁੱਖ ਦੇਣ ਵਾਲੇ ਹੁੰਦੇ ਹਨ। ਕਈ ਵਾਰ ਲੋਕ ਕਿਸੇ ਨੂੰ ਬਿਹਤਰ ਰਵੱਈਆ ਅਪਣਾਉਣ ਲਈ ਮਜ਼ਬੂਰ ਕਰਨ ਵਾਸਤੇ ਨਕਾਰਾਤਮਕ ਸ਼ਬਦਾਂ ਦਾ ਇਸਤੇਮਾਲ ਕਰਦੇ ਹਨ, ਪਰ ਇਹ ਕਦੇ ਵੀ ਕੰਮ ਨਹੀਂ ਕਰਦਾ ਹੈ।

► ਇੱਕ ਵਿਦਿਆਰਥੀ ਨੂੰ ਸਮੂਹ ਲਈ ਕੁਲੁੱਸੀਆਂ 3:8 ਨੂੰ ਪੜ੍ਹਨਾ ਚਾਹੀਦਾ ਹੈ। ਵਿਸ਼ਵਾਸੀਆਂ ਨੂੰ ਇਨ੍ਹਾਂ ਤਰੀਕਿਆਂ ਨਾਲ ਪਰਮੇਸ਼ੁਰ ਦੇ ਵਿਰੋਧ ਵਿੱਚ ਅਤੇ ਦੂਸਰਿਆਂ ਦੇ ਵਿਰੋਧ ਵਿੱਚ ਪਾਪਾ ਕਰਨਾ ਜਾਰੀ ਨਹੀਂ ਰੱਖਣਾ ਚਾਹੀਦਾ।

### ਸਮੂਹ ਵਿੱਚ ਚਰਚਾ ਲਈ

► ਆਪਣੇ ਖੁਦ ਦੇ ਸ਼ਬਦਾਂ ਵਿੱਚ, ਸੱਚੇ ਪਿਆਰ ਦਾ ਵਰਣਨ ਕਰੋ। ਕਿਉਂ ਪਵਿੱਤਰ ਆਤਮਾ ਸਾਡੀ ਦੂਸਰਿਆਂ ਨੂੰ ਉਸ ਤਰ੍ਹਾਂ ਪਿਆਰ ਕਰਨ ਦੇ ਯੋਗ ਬਣਨ ਵਿੱਚ ਮਦਦ ਕਰੇ ਜਿਵੇਂ ਸਾਨੂੰ ਪਿਆਰ ਕਰਨਾ ਚਾਹੀਦਾ ਹੈ?

► ਵਿਆਖਿਆ ਕਰੋ ਕਿ ਕਿਸੇ ਨੂੰ ਬਿਨਾਂ ਸ਼ਰਤ ਦੇ ਪਿਆਰ ਕਰਨ ਦਾ ਕੀ ਅਰਥ ਹੈ। ਤੁਹਾਡੇ ਲਈ ਪਰਮੇਸ਼ੁਰ ਦੇ ਬਿਨਾਂ ਸ਼ਰਤ ਦੇ ਪਿਆਰ ਦਾ ਕੀ ਮਹੱਤਵ ਹੈ?

► ਤੁਹਾਡੇ ਲਈ ਇਹ ਖਾਸ ਮਹੱਤਵਪੂਰਣ ਕਿਉਂ ਹੈ ਕਿ ਤੁਸੀਂ ਆਪਣੇ ਜੀਵਨ ਸਾਥੀ ਜਾਂ ਬੱਚੇ ਲਈ ਪਿਆਰ ਨੂੰ ਉਨ੍ਹਾਂ ਦੀ ਪਿਆਰ ਦੀ ਆਪਣੀ ਮੁੱਖ ਭਾਸ਼ਾ ਵਿੱਚ ਪਰਗਟ ਕਰੋ?

► ਪੁਸ਼ਟੀ ਦੇ ਸ਼ਬਦਾਂ ਨੂੰ ਪ੍ਰਾਪਤ ਕਰਨਾ ਤੁਹਾਡੇ ਲਈ ਮਦਦਗਾਰ ਕਿਵੇਂ ਰਿਹਾ ਹੈ?

► ਇਸ ਹਫਤੇ ਪੁਸ਼ਟੀ ਦੇ ਸ਼ਬਦਾਂ ਨਾਲ ਤੁਸੀਂ ਆਪਣੇ ਪਰਿਵਾਰ ਦੇ ਮੈਂਬਰਾਂ ਲਈ ਆਪਣੇ ਪਿਆਰ ਨੂੰ ਕਿਵੇਂ ਵਿਖਾਇਆ ਹੈ?

## ਪ੍ਰਾਰਥਨਾ

ਸਵਰਗੀ ਪਿਤਾ,

ਮੈਨੂੰ ਸੱਚੇ, ਬਿਨਾਂ ਸ਼ਰਤ ਦੇ ਪਿਆਰ ਸਿਖਾਉਣ ਲਈ ਤੇਰਾ ਧੰਨਵਾਦ। ਇਸ ਦਾ ਆਪਣੇ ਖੁਦ ਦੇ ਸ਼ਬਦਾਂ ਵਿੱਚ ਵਰਣਨ ਕਰਨ ਲਈ ਤੇਰਾ ਧੰਨਵਾਦ ਅਤੇ ਮੇਰੇ ਲਈ ਤੇਰੇ ਪਿਆਰ ਦੁਆਰਾ ਇਸ ਨੂੰ ਵਿਖਾਉਣ ਲਈ ਤੇਰਾ ਧੰਨਵਾਦ।

ਮੇਰੀ ਮਦਦ ਕਰ ਕਿ ਮੈਂ ਉਸ ਤਰ੍ਹਾਂ ਆਪਣੇ ਪਰਿਵਾਰ ਨੂੰ ਪਿਆਰ ਕਰਾਂ ਅਤੇ ਉਨ੍ਹਾਂ ਦੀ ਸੇਵਾ ਕਰਾਂ ਜਿਵੇਂ ਮਸੀਹ ਨੇ ਮੈਨੂੰ ਪਿਆਰ ਕੀਤਾ ਹੈ ਅਤੇ ਮੇਰੀ ਸੇਵਾ ਕੀਤੀ ਹੈ। ਮੈਨੂੰ ਇਸ ਯੋਗ ਬਣਾ ਕਿ ਮੈਂ ਆਪਣੇ ਜੀਵਨ ਸਾਥੀ, ਬੱਚਿਆਂ, ਭੈਣ-ਭਰਾਵਾਂ, ਅਤੇ ਮਾਪਿਆਂ ਦੇ ਭਲੇ ਉੱਤੇ ਧਿਆਨ ਦੇਵਾਂ।

ਮੈਨੂੰ ਉਨ੍ਹਾਂ ਸ਼ਬਦਾਂ ਦੇ ਮਹੱਤਵ ਬਾਰੇ ਯਾਦ ਕਰਾਉਣ ਲਈ ਤੇਰਾ ਧੰਨਵਾਦ, ਜੋ ਸ਼ਬਦ ਮੈਂ ਬੋਲਦਾ ਹਾਂ। ਮੈਨੂੰ ਉਨ੍ਹਾਂ ਸ਼ਬਦਾਂ ਦੇ ਲਈ ਮਾਫ਼ੀ ਮੰਗਦਾ ਹਾਂ ਜੋ ਮੈਂ ਆਖੇ ਸਨ ਜੋ ਦੂਸਰਿਆਂ ਨੂੰ ਠੇਸ ਦੇਣ ਵਾਲੇ ਸਨ ਅਤੇ ਤੇਰਾ ਨਿਰਾਦਰ ਕਰਨ ਵਾਲੇ ਸਨ। ਮੇਰੀ ਇਹ ਯਾਦ ਰੱਖਣ ਵਿੱਚ ਮਦਦ ਕਰ ਕਿ ਮੇਰੇ ਸ਼ਬਦ ਪੁਸ਼ਟੀ ਕਰਨ ਵਾਲੇ, ਉਸਾਰੀ ਕਰਨ ਵਾਲੇ, ਅਤੇ ਚੰਗਾਈ ਦੇਣ ਵਾਲੇ ਹੋਣੇ ਚਾਹੀਦੇ ਹਨ।

ਆਮੀਨ

## ਪਾਠ ਕਾਰਜ

(1) ਇੱਕ ਜੋੜੇ ਨਾਲ ਗੱਲ ਕਰੋ ਜਿਨ੍ਹਾਂ ਦਾ ਵਿਆਹੁਤਾ ਰਿਸ਼ਤਾ ਮਜ਼ਬੂਤ ਹੈ, ਉਨ੍ਹਾਂ ਦੇ ਜੀਵਨਾਂ ਤੋਂ ਸਿੱਖਣ ਲਈ ਸਵਾਲ ਪੁੱਛਦੇ ਹੋਏ। ਜਦੋਂ ਤੁਸੀਂ ਗੱਲਬਾਤ ਨੂੰ ਖਤਮ ਕਰ ਲੈਂਦੇ ਹੋ, ਤਾਂ ਉਨ੍ਹਾਂ ਸਿੱਖਿਆਵਾਂ ਬਾਰੇ ਅਤੇ ਜੋ ਕੁਝ ਤੁਸੀਂ ਆਪਣੇ ਵਿਆਹੁਤਾ ਰਿਸ਼ਤੇ ਵਿੱਚ ਲਾਗੂ ਕਰਨਾ ਚਾਹੁੰਦੇ ਹੋ ਉਸ ਬਾਰੇ ਦੋ ਪੈਰੇ ਲਿਖੋ।

ਇੱਥੇ ਸਵਾਲ ਪੁੱਛਣ ਦੇ ਲਈ ਕੁਝ ਸੁਝਾਅ ਦਿੱਤੇ ਗਏ ਹਨ:

- ਤੁਹਾਡੀਆਂ ਸਖਸ਼ੀਅਤਾਂ ਵਿਚਲੀਆਂ ਕਿਹੜੀਆਂ ਕੁਝ ਭਿੰਨਤਾਵਾਂ ਹਨ ਜਿਨ੍ਹਾਂ ਨੇ ਤੁਹਾਡੇ ਰਿਸ਼ਤੇ ਨੂੰ ਪ੍ਰਭਾਵਿਤ ਕੀਤਾ ਹੈ?
- ਇਨ੍ਹਾਂ ਭਿੰਨਤਾਵਾਂ ਦੇ ਕਾਰਣ ਤੁਹਾਡੇ ਵਿੱਚੋਂ ਹਰੇਕ ਕਿਵੇਂ ਵਧਿਆ ਹੈ?
- ਇੱਕ ਦੂਸਰੇ ਦਾ ਆਦਰ ਕਰਨ ਅਤੇ ਇੱਕ ਦੂਸਰੇ ਦੀ ਸੇਵਾ ਕਰਨ ਲਈ ਤੁਹਾਨੂੰ ਆਪਣੀਆਂ ਉਮੀਦਾਂ, ਨਜ਼ਰੀਏ, ਅਤੇ ਵਿਹਾਰ ਦੇ ਵਿੱਚ ਕੀ ਬਦਲਾਅ ਕਰਨੇ ਪਏ?
- ਕਿਹੜੇ ਕੁਝ ਵਿਹਾਰਕ ਢੰਗ ਹਨ ਜਿਨ੍ਹਾਂ ਦੁਆਰਾ ਤੁਸੀਂ ਇੱਕ ਦੂਸਰੇ ਲਈ ਆਪਣੇ ਪਿਆਰ ਨੂੰ ਵਿਖਾਉਂਦੇ ਹੋ?
- ਤੁਹਾਡਾ ਜੀਵਨ ਸਾਥੀ ਉਹ ਕਿਵੇਂ ਕਰਦਾ ਜਾਂ ਆਖਦਾ ਹੈ ਜੋ ਤੁਹਾਨੂੰ ਪਿਆਰੇ ਮਹਿਸੂਸ ਕਰਨ ਵਿੱਚ ਮਦਦ ਕਰਦਾ ਹੈ?
- ਤੁਹਾਡੇ ਜੀਵਨ ਸਾਥੀ ਨਾਲ ਤੁਹਾਡੇ ਰਿਸ਼ਤੇ ਨੇ ਪਰਮੇਸ਼ੁਰ ਨਾਲ ਤੁਹਾਡੇ ਰਿਸ਼ਤੇ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ?

(2) ਕਹਾਉਤਾਂ 31:10-31 ਵਿੱਚ, ਲੇਖਕ ਆਪਣੀ ਪਤਨੀ ਦੇ ਲਈ ਬਹੁਤ ਸਾਰੇ ਪੁਸ਼ਟੀ ਦੇ ਸ਼ਬਦਾਂ ਨੂੰ ਸ਼ਾਮਲ ਕਰਦਾ ਹੈ। ਉਸ ਦੇ ਵਿਹਾਰ ਅਤੇ ਉਸ ਦੇ ਸ਼ਬਦਾਂ ਬਾਰੇ ਵੇਰਵੇ ਸਾਨੂੰ ਉਸ ਦੇ ਚਰਿੱਤਰ ਬਾਰੇ ਦੱਸਦੇ ਹਨ। ਕਿਸ ਪ੍ਰਕਾਰ ਦੀਆਂ ਚੀਜ਼ਾਂ ਦੇ ਲਈ ਉਹ ਆਪਣੀ ਪਤਨੀ ਲਈ ਪੁਸ਼ਟੀ ਦਿੰਦਾ ਹੈ? ਇਨ੍ਹਾਂ ਚੀਜ਼ਾਂ ਦੇ ਲਈ ਵਚਨ ਦੇ ਇਸ ਭਾਗ ਨੂੰ ਵੇਖੋ:

- ਉਸ ਦੀ ਦਿੱਖ
- ਉਸ ਦੀਆਂ ਪ੍ਰਾਪਤੀਆਂ ਅਤੇ ਉਸ ਦੀ ਸੇਵਾ
- ਉਸ ਦਾ ਚਰਿੱਤਰ ਅਤੇ ਉਸ ਦੀ ਮਿਹਨਤ
- ਇੱਕ ਵਿਅਕਤੀ ਦੇ ਰੂਪ ਵਿੱਚ ਉਹ ਕੌਣ ਹੈ
- ਇੱਕ ਵਿਸ਼ਵਾਸੀ ਦੇ ਰੂਪ ਵਿੱਚ ਉਹ ਕੌਣ ਹੈ

ਜਿਸ ਗੱਲ ਉੱਤੇ ਇਸ ਭਾਗ ਵਿੱਚ ਜ਼ੋਰ ਦਿੱਤਾ ਗਿਆ ਹੈ ਉਸ ਤੋਂ ਅਸੀਂ ਕੀ ਸਿੱਖ ਸਕਦੇ ਹਾਂ?

# ਪਾਠ 9

# ਪਿਆਰ ਦੀਆਂ ਪੰਜ ਭਾਸ਼ਾਵਾਂ ਭਾਗ 2

## ਪਾਠ ਦੇ ਟੀਚੇ

ਇਸ ਪਾਠ ਦੇ ਅੰਤ ਵਿੱਚ, ਵਿਦਿਆਰਥੀ ਹੇਠਾਂ ਦੱਸੇ ਕੰਮ ਕਰਨ ਦੇ ਯੋਗ ਹੋਣੇ ਚਾਹੀਦੇ ਹਨ:

(1) ਉਨ੍ਹਾਂ ਪੰਜ ਭਾਸ਼ਾਵਾਂ ਨੂੰ ਸਮਝਣਾ ਜਿਨ੍ਹਾਂ ਵਿੱਚ ਪਿਆਰ ਨੂੰ ਪਰਗਟ ਕੀਤਾ ਜਾਂਦਾ ਹੈ।

(2) ਪਿਆਰ ਦੀਆਂ ਪੰਜ ਭਾਸ਼ਾਵਾਂ ਦੇ ਵਿੱਚੋਂ ਹਰੇਕ ਭਾਸ਼ਾ ਦੀ ਗਲਤ ਵਰਤੋਂ ਜਾਂ ਅਣਵੇਖਿਆ ਕਰਨ ਨਾਲ ਸੰਬੰਧਤ ਖਤਰੇ ਬਾਰੇ ਚਰਚਾ ਕਰਨਾ।

(3) ਇੱਕ ਬੱਚੇ ਦੇ ਭਾਵਨਾਤਮਕ ਟੈਂਕ ਦੇ ਭਰੇ ਹੋਣ ਦੇ ਲਾਭਾਂ ਦਾ ਵਰਣਨ ਕਰਨਾ।

(4) ਪਰਿਵਾਰ ਦੇ ਕਰੀਬੀ ਮੈਂਬਰਾਂ ਦੀਆਂ ਪਿਆਰ ਦੀਆਂ ਮੁੱਖ ਭਾਸ਼ਾਵਾਂ ਨੂੰ ਪਛਾਨਣਾ।

(5) ਪਿਆਰ ਦੀਆਂ ਪੰਜ ਭਾਸ਼ਾਵਾਂ ਦੇ ਵਿੱਚੋਂ ਹਰੇਕ ਭਾਸ਼ਾ ਵਿੱਚ ਪਰਿਵਾਰ ਦੇ ਮੈਂਬਰਾਂ ਲਈ ਪਿਆਰ ਵਿਖਾਉਣ ਦੇ ਵਿਸ਼ੇਸ਼ ਤਰੀਕਿਆਂ ਦੀ ਸੂਚੀ ਬਣਾਉਣਾ।

(6) ਪਰਿਵਾਰ ਦੇ ਮੈਂਬਰਾਂ ਲਈ ਉਨ੍ਹਾਂ ਦੀਆਂ ਪਿਆਰ ਦੀਆਂ ਮੁੱਖ ਭਾਸ਼ਾਵਾਂ ਵਿੱਚ ਪਿਆਰ ਵਿਖਾਉਣ ਲਈ ਸਮਰਪਣ ਕਰਨਾ।

## ਜਾਣ-ਪਛਾਣ

ਪਿਛਲੇ ਪਾਠ ਵਿੱਚ, ਅਸੀਂ ਸਵੈ ਦਾ ਤਿਆਗ ਕਰਨ ਵਾਲੇ ਬਿਨਾਂ ਸ਼ਰਤ ਦੇ ਪਿਆਰ ਬਾਰੇ ਸਿੱਖਿਆ ਸੀ। ਅਸੀਂ ਇਹ ਵੀ ਸਿੱਖਿਆ ਸੀ ਕਿ ਘੱਟੋ-ਘੱਟ ਪੰਜ ਵੱਖ-ਵੱਖ ਤਰੀਕੇ (ਭਾਸ਼ਾਵਾਂ) ਹਨ ਜਿਨ੍ਹਾਂ ਵਿੱਚ ਪਿਆਰ ਨੂੰ ਪਰਗਟ ਕੀਤਾ ਜਾ ਸਕਦਾ ਹੈ। ਬਹੁਤੇ ਲੋਕ ਉਨ੍ਹਾਂ ਪੰਜਾਂ ਵਿੱਚੋਂ ਇੱਕ ਜਾਂ ਦੋ ਵਿੱਚ ਸੁਭਾਵਕ ਤੌਰ ’ਤੇ ਪਿਆਰ ਨੂੰ ਮਹਿਸੂਸ ਕਰਦੇ ਜਾਂ ਪਰਗਟ ਕਰਦੇ ਹਨ।

ਅਸੀਂ ਪੁਸ਼ਟੀ ਦੇ ਸ਼ਬਦਾਂ ਬਾਰੇ ਚਰਚਾ ਕੀਤੀ ਸੀ ਅਤੇ ਸਾਡੇ ਪਰਿਵਾਰਕ ਮੈਂਬਰਾਂ ਲਈ ਪਿਆਰ ਦਾ ਸੰਚਾਰ ਕਰਨ ਦੇ ਵਿਹਾਰਕ ਤਰੀਕਿਆਂ ਨੂੰ ਜਾਣਿਆ ਸੀ। ਇਸ ਪਾਠ ਵਿੱਚ, ਅਸੀਂ ਪਿਆਰ ਦੀਆਂ ਬਾਕੀ ਚਾਰ ਭਾਸ਼ਾਵਾਂ ਬਾਰੇ ਸਿੱਖਾਂਗੇ, ਫਿਰ ਸਾਡੇ ਬੱਚਿਆਂ ਲਈ ਸਾਡੇ ਪਿਆਰ ਨੂੰ ਵਿਖਾਉਣ ਵਾਸਤੇ ਵਿਸ਼ੇਸ਼ ਅਮਲ ਕਰਾਂਗੇ।

## ਪਿਆਰ ਦੀ ਭਾਸ਼ਾ 2: ਮਹੱਤਵਪੂਰਣ ਸਮਾਂ ਇਕੱਠੇ ਬਿਤਾਉਣਾ

ਉਹ ਲੋਕ ਜਿਨ੍ਹਾਂ ਦੀ ਪਿਆਰ ਦੀ ਮੁੱਖ ਭਾਸ਼ਾ ਮਹੱਤਵਪੂਰਣ ਸਮਾਂ ਇਕੱਠੇ ਬਿਤਾਉਣਾ ਹੈ ਉਹ ਤਦ ਪਿਆਰੇ ਮਹਿਸੂਸ ਕਰਦੇ ਹਨ ਜਦੋਂ ਦੂਸਰੇ ਜਾਣਬੁੱਝ ਕੇ ਉਨ੍ਹਾਂ ਨਾਲ ਮਹੱਤਵਪੂਰਣ ਸਮਾਂ ਬਿਤਾਉਣ ਲਈ ਸਮਾਂ ਕੱਢਦੇ ਹਨ। ਇਹ ਸਮਾਂ ਚੌਕਸੀ ਨਾਲ ਇੱਕ ਦੂਸਰੇ ਲਈ ਰੱਖਿਆ ਜਾਂਦਾ ਹੈ, ਇੱਕ ਦੂਸਰੇ ਉੱਤੇ ਧਿਆਨ ਦਿੰਦੇ ਹੋ। ਇਹ ਅਨੰਦ ਅਤੇ ਸੰਗਤੀ ਦੇ ਲਈ ਸਮਾਂ ਹੈ।

ਮਹੱਤਵਪੂਰਣ ਸਮਾਂ ਇਕੱਠੇ ਬਿਤਾਉਣਾ ਅਚਾਨਕ ਆਉਣ ਵਾਲਾ ਸਮਾਂ ਜਾਂ ਬਚਿਆ ਹੋਇਆ ਸਮਾਂ ਨਹੀਂ ਹੈ। ਜੇ ਤੁਸੀਂ ਟ੍ਰੈਫ਼ਿਕ ਜਾਮ ਦੇ ਵਿੱਚ ਫਸੇ ਹੋਏ ਹੋ ਜਾਂ ਇੱਕ ਮੁਲਾਕਾਤ ਦੇ ਲਈ ਉਡੀਕ ਕਰ ਰਹੇ ਹੋ, ਤੁਹਾਨੂੰ ਇਸ ਸਮੇਂ ਨੂੰ ਸਮਝਦਾਰੀ ਨਾਲ ਵਰਤਣਾ ਚਾਹੀਦਾ ਹੈ, ਪਰ ਇਹ ਸਮਾਂ ਆਮ ਤੌਰ ’ਤੇ ਇਕੱਠੇ ਸਮਾਂ ਬਿਤਾਉਣ ਲਈ ਜਾਣਬੁੱਝ ਕੇ ਠਹਿਰਾਏ ਗਏ ਸਮੇਂ ਦੇ ਵਾਂਗ ਨਹੀਂ ਹੁੰਦਾ ਹੈ। ਇੱਕ ਜੀਵਨ ਸਾਥੀ ਜਾਂ ਇੱਕ ਬੱਚਾ ਤੁਹਾਡੇ ਨਾਲ ਇੱਕ ਪ੍ਰੋਜੈਕਟ ’ਤੇ ਕੰਮ ਕਰ ਸਕਦਾ ਹੈ, ਅਤੇ ਇਹ ਮਹੱਤਵਪੂਰਣ ਹੈ, ਪਰ ਇਹ ਸਮਾਂ ਤੁਹਾਡੇ ਨਾਲ ਉਨ੍ਹਾਂ ਦੇ ਇਕੱਠੇ ਸਮਾਂ ਬਿਤਾਉਣ ਦੀ ਲੋੜ ਨੂੰ ਹਮੇਸ਼ਾ ਪੂਰਾ ਨਹੀਂ ਕਰ ਸਕੇਗਾ।

ਬਿਨਾਂ ਵਿਘਨ ਦੇ ਇੱਕ ਗੱਲਬਾਤ, ਮਹੱਤਵਪੂਰਣ ਸਮਾਂ ਇਕੱਠੇ ਬਿਤਾਉਣ ਦੀ ਇੱਕ ਉੱਤਮ ਉਦਾਹਰਣ ਹੈ। ਅਜਿਹੇ ਵਾਰਤਾਲਾਪਾਂ ਦੇ ਵਿੱਚ, ਹਰੇਕ ਵਿਅਕਤੀ ਦੂਸਰੇ ਨੂੰ ਧਿਆਨ ਨਾਲ ਸੁਣਦਾ ਹੈ। ਹਰੇਕ ਵਿਅਕਤੀ ਟੈਕਸਟ ਮੈਸਜ਼ ਅਤੇ ਫੋਨ ਕਾਲਾਂ ਵਰਗੀਆਂ ਵਿਘਨ ਪਾਉਣ ਵਾਲੀਆਂ ਚੀਜ਼ਾਂ ਨੂੰ ਹਟਾਉਂਦਾ ਹੈ ਤਾਂ ਕਿ ਉਹ ਦੂਸਰੇ ਵਿਅਕਤੀ ਉੱਤੇ ਅਤੇ ਚਰਚਾ ਉੱਤੇ ਧਿਆਨ ਕੇਂਦਰਿਤ ਕਰ ਸਕੇ।

ਇੱਥੇ ਹੋਰ ਕੁਝ ਤਰੀਕੇ ਦੱਸੇ ਗਏ ਹਨ ਜਿਨ੍ਹਾਂ ਦੁਆਰਾ ਤੁਸੀਂ ਵਿਖਾ ਸਕਦੇ ਹੋ ਕਿ ਤੁਸੀਂ ਧਿਆਨ ਨਾਲ ਸੁਣ ਰਹੇ ਹੋ:

1. **ਅੱਖਾਂ ਦਾ ਸੰਪਰਕ ਬਣਾ ਕੇ ਰੱਖੋ।**
2. **ਸਰਗਰਮੀ ਦੇ ਨਾਲ ਸੁਣੋ।** ਜੋ ਦੂਸਰਾ ਵਿਅਕਤੀ ਆਖ ਰਿਹਾ ਹੈ ਉਸ ਆਈ ਜਵਾਬ ਦਿਓ। ਕੇਵਲ ਉਸ ਬਾਰੇ ਨਾ ਸੋਚੋ ਜੋ ਤੁਸੀਂ ਅੱਗੇ ਆਖਣਾ ਚਾਹੁੰਦੇ ਹੋ। ਇਸ ਦੇ ਬਜਾਏ, ਉਸ ਬਾਰੇ ਆਪਣੀ ਸਮਝ ਦੀ ਜਾਂਚ ਕਰਨ ਲਈ ਸਮਾਂ ਲਵੋ ਜੋ ਦੂਸਰਾ ਵਿਅਕਤੀ ਸੋਚ ਰਿਹਾ ਹੈ ਅਤੇ ਆਖ ਰਿਹਾ ਹੈ। ਤੁਸੀਂ ਅਜਿਹਾ ਕੁਝ ਆਖਣ ਦੇ ਦੁਆਰਾ ਪੁਸ਼ਟੀ ਕਰ ਸਕਦੇ ਹੋ ਕਿ ਤੁਸੀਂ ਸਹੀ ਤਰ੍ਹਾਂ ਦੇ ਨਾਲ ਸਮਝਦੇ ਹੋ, “ਜੇ ਮੈਂ ਸਹੀ ਸੁਣਿਆ ਹੈ, ਤਾਂ ਤੁਸੀਂ ਮਹਿਸੂਸ... ਕਰਦੇ ਹੋ।”
3. **ਟੋਕੋ ਨਾ।** ਸੁਣਨ ਵਾਲਾ ਅਕਸਰ ਸੋਚਦਾ ਹੈ ਕਿ ਉਹ ਪੂਰੇ ਵਿਚਾਰ ਨੂੰ ਸਮਝ ਗਿਆ ਹੈ ਅਤੇ ਫਿਰ ਜਲਦੀ ਨਾਲ ਆਪਣੀ ਸਲਾਹ ਦੇਣ ਲਈ ਟੋਕਦਾ ਹੈ। ਇਸ ਦੇ ਨਾਲ ਬੋਲਣ ਵਾਲਾ ਇਸ ਤਰ੍ਹਾਂ ਮਹਿਸੂਸ ਕਰਦਾ ਹੈ ਕਿ ਸੁਣਨ ਵਾਲੇ ਨੇ ਸੱਚਮੁੱਚ ਸਮਝਣ ਦੇ ਲਈ ਸਮਾਂ ਨਹੀਂ ਲਿਆ ਹੈ।
4. **ਭਾਵਨਾਵਾਂ ਨੂੰ ਸੁਣੋ, ਕੇਵਲ ਤੱਥਾਂ ਨੂੰ ਹੀ ਨਹੀਂ।** ਜਦੋਂ ਅਸੀਂ ਦੂਸਰੇ ਵਿਅਕਤੀ ਦੇ ਨਜ਼ਰੀਏ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ, ਅਸੀਂ ਉਨ੍ਹਾਂ ਨੂੰ ਵਿਖਾਉਂਦੇ ਹਾਂ ਕਿ ਅਸੀਂ ਸੋਚਦੇ ਹਾਂ ਕਿ ਉਹ ਮਹੱਤਵਪੂਰਣ ਹਨ। ਸਾਡੇ ਦਿਲਾਂ ਦੇ ਨਾਲ ਸੁਣਨ

ਦੁਆਰਾ, ਅਸੀਂ ਇਹ ਦੱਸ ਰਹੇ ਹਾਂ ਕਿ ਉਨ੍ਹਾਂ ਦੇ ਖਿਆਲ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਸਾਡੇ ਲਈ ਮਹੱਤਵਪੂਰਣ ਹਨ; ਅਤੇ ਉਹ ਆਪ ਵੀ ਸਾਡੇ ਲਈ ਮਹੱਤਵਪੂਰਣ ਹਨ।

ਮਹੱਤਵਪੂਰਣ ਸਮਾਂ ਇਕੱਠੇ ਬਿਤਾਉਣ ਦਾ ਸਭ ਤੋਂ ਉੱਤਮ ਢੰਗ ਉਹ ਹੈ ਜਦੋਂ ਤੁਸੀਂ ਕੁਝ ਵੀ ਨਹੀਂ ਕਰਦੇ ਹੋ ਪਰ ਇੱਕ ਦੂਸਰੇ ਦੇ ਨਾਲ ਗੱਲਬਾਤ ਕਰਦੇ ਹੋ, ਪਰ ਮਹੱਤਵਪੂਰਣ ਸਮਾਂ ਇਕੱਠੇ ਬਿਤਾਉਣ ਦੀਆਂ ਹੋਰ ਕਿਸਮਾਂ ਵੀ ਮਹੱਤਵਪੂਰਣ ਹਨ। ਪਰਿਵਾਰ ਖਾਣੇ ਦੇ ਸਮੇਂ ਹਰ ਦਿਨ ਇਕੱਠੇ ਸਮਾਂ ਬਿਤਾ ਸਕਦੀਆਂ ਹਨ, ਜਾਣਬੁੱਝ ਕੇ ਇੱਕ ਦੂਸਰੇ ਵੱਲ ਧਿਆਨ ਦਿੰਦੇ ਹੋਏ, ਜਦੋਂ ਉਹ ਖਾਂਦੇ ਹਨ।

ਛੋਟੇ ਬੱਚਿਆਂ ਦੇ ਲਈ ਕਹਾਣੀਆਂ ਪੜ੍ਹਨਾ, ਇਕੱਠੇ ਖੇਡਣਾ, ਜਾਂ ਮਿਲਕੇ ਕੁਝ ਮੰਨੋਰੰਜਕ ਕਰਨਾ, ਹੋਰ ਤਰੀਕੇ ਹਨ ਜਿਨ੍ਹਾਂ ਦੁਆਰਾ ਪਰਿਵਾਰ ਮਹੱਤਵਪੂਰਣ ਸਮਾਂ ਇਕੱਠੇ ਬਿਤਾਉਂਦੇ ਹਨ। ਇਕੱਠੇ ਇੱਕ ਪ੍ਰੋਜੈਕਟ ਜਾਂ ਕਰਾਫਟ ਕਰਨਾ ਵੀ ਮਹੱਤਵਪੂਰਣ ਸਮਾਂ ਇਕੱਠੇ ਬਿਤਾਉਣਾ ਹੈ, ਜੋ ਕੇਵਲ ਮਜ਼ੇ ਦੇ ਲਈ ਹੈ, ਸਕੂਲ, ਜਾਂ ਕੰਮ, ਜਾਂ ਸੇਵਕਾਈ, ਦੇ ਲਈ ਨਹੀਂ ਹੈ।

ਜਦੋਂ ਕੋਈ ਪਰਿਵਾਰ ਤੋਂ ਦੂਰ ਹੁੰਦਾ ਹੈ, ਤਾਂ ਫੋਨ 'ਤੇ ਗੱਲ ਕਰਨ ਦੁਆਰਾ ਮਹੱਤਵਪੂਰਣ ਸਮਾਂ ਇਕੱਠੇ ਬਿਤਾਇਆ ਜਾ ਸਕਦਾ ਹੈ।

ਮਹੱਤਵਪੂਰਣ ਸਮਾਂ ਇਕੱਠੇ ਬਿਤਾਉਣਾ ਰਾਖਵਾਂ, ਬਿਨਾਂ ਵਿਘਨ ਦੇ, ਜਾਂ ਬਿਨਾਂ ਜਲਦਬਾਜ਼ੀ ਦੇ ਇੱਕ ਸਮਾਂ ਹੁੰਦਾ ਹੈ ਜੋ ਇੱਕ ਦੂਸਰੇ ਉੱਤੇ ਧਿਆਨ ਦੇਣ ਅਤੇ ਇੱਕ ਦੂਸਰੇ ਦੇ ਸਾਥ ਦਾ ਅਨੰਦ ਮਾਣਣ ਦਾ ਸਮਾਂ ਹੁੰਦਾ ਹੈ। ਆਪਣੇ ਜੀਵਨ ਸਾਥੀ ਅਤੇ ਬੱਚਿਆਂ ਨਾਲ ਹਰ ਦਿਨ ਮਹੱਤਵਪੂਰਣ ਸਮਾਂ ਇਕੱਠੇ ਬਿਤਾਉਣ ਲਈ ਕੁਝ ਸਮਾਂ ਕੱਢਣਾ ਉੱਤਮ ਹੈ।

**ਜਦੋਂ ਸਮਾਂ ਨਹੀਂ ਕੱਢਿਆ ਜਾਂਦਾ**

ਜਦੋਂ ਇੱਕ ਜੀਵਨ ਸਾਥੀ ਜਾਂ ਮਾਂ/ਪਿਓ ਸੇਵਕਾਈ ਦੇ ਵਿੱਚ ਆਗੂ ਹੁੰਦੇ ਹਨ, ਤਦ ਪਰਿਵਾਰ ਦੇ ਨਾਲ ਮਹੱਤਵਪੂਰਣ ਸਮਾਂ ਇਕੱਠੇ ਬਿਤਾਉਣ ਲਈ ਸਮਾਂ ਕੱਢਣਾ ਖਾਸ ਕਰਕੇ ਮੁਸ਼ਕਲ ਹੋ ਜਾਂਦਾ ਹੈ। ਪਾਸਟਰਾਂ ਦੇ ਬੱਚੇ ਅਕਸਰ ਮਹਿਸੂਸ ਕਰ ਸਕਦੇ ਹਨ ਕਿ ਕਿਸੇ ਵੀ ਸਮੇਂ ਕੋਈ ਵੀ ਕਾਲ ਕਰ ਸਕਦਾ ਹੈ ਅਤੇ ਉਨ੍ਹਾਂ ਦੇ ਪਿਤਾ ਦੇ ਧਿਆਨ ਨੂੰ ਖਿੱਚ ਸਕਦਾ ਹੈ, ਪਰ ਉਹ ਬਹੁਤ ਰੁੱਝਿਆ ਹੋਇਆ ਹੈ ਕਿ ਆਪਣੇ ਬੱਚਿਆਂ ਲਈ ਸਮਾਂ ਨਹੀਂ ਕੱਢ ਸਕਦਾ। ਇਸ ਤਰ੍ਹਾਂ ਲੱਗ ਸਕਦਾ ਹੈ ਕਿ ਆਮ ਤੌਰ 'ਤੇ ਸੇਵਕਾਈ ਦੇ ਲਈ ਪਰਿਵਾਰਕ ਸਮੇਂ ਨੂੰ ਬਲੀਦਾਨ ਕਰ ਦਿੱਤਾ ਜਾਂਦਾ ਹੈ।

ਜਿਹੜਾ ਵਿਅਕਤੀ ਸੇਵਕਾਈ ਦੇ ਵਿੱਚ ਹੈ ਉਸ ਲਈ ਪੂਰੀ ਤਰ੍ਹਾਂ ਵਿਘਨਾਂ ਤੋਂ ਬਚ ਨਹੀਂ ਸਕਦਾ, ਪਰ ਤੁਹਾਨੂੰ ਆਪਣੇ ਪਰਿਵਾਰ ਦੇ ਲਈ ਸਮਾਂ ਕੱਢਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇ ਤੁਸੀਂ ਇਹ ਕਰਦੇ ਹੋ, ਤਾਂ ਇਸ ਦੀ ਸੰਭਾਵਨਾ ਜ਼ਿਆਦਾ ਹੈ ਕਿ ਉਹ ਤੁਹਾਡੇ ਨਿਯਮਤ ਫ਼ਰਜ਼ਾਂ ਅਤੇ ਵਾਧੂ ਗਤੀਵਿਧੀਆਂ ਨੂੰ ਸਮਝਣਗੇ, ਉਨ੍ਹਾਂ ਆਉਣ ਵਾਲੇ ਵਿਘਨਾਂ ਨੂੰ ਸਮਝਣਗੇ ਜਿਨ੍ਹਾਂ ਤੋਂ ਬਚਿਆ ਨਹੀਂ ਜਾ ਸਕਦਾ।

ਜਿਸ ਵਿਅਕਤੀ ਦੀ ਪਿਆਰ ਦੀ ਮੁੱਖ ਭਾਸ਼ਾ ਮਹੱਤਵਪੂਰਣ ਸਮਾਂ ਇਕੱਠੇ ਬਿਤਾਉਣਾ ਹੈ, ਉਹ ਤਦ ਸਭ ਤੋਂ ਘੱਟ ਪਿਆਰਾ ਮਹਿਸੂਸ ਕਰ ਸਕਦਾ ਹੈ ਜਦੋਂ ਉਸ ਨੂੰ ਪਰਿਵਾਰ ਦੇ ਨਾਲ ਜਾਣਬੁਝ ਕੇ, ਕੇਂਦਰਿਤ ਸਮਾਂ ਬਿਤਾਉਣ ਲਈ ਨਹੀਂ ਮਿਲਦਾ। ਉਹ ਤਦ ਸਭ ਤੋਂ ਜ਼ਿਆਦਾ ਦੁਖੀ ਮਹਿਸੂਸ ਕਰਦਾ ਹੈ ਜਦੋਂ ਇਕੱਠੇ ਸਮਾਂ ਬਿਤਾਉਣ ਨੂੰ ਤਰਜੀਹ ਨਹੀਂ ਦਿੱਤੀ ਜਾਂਦੀ, ਅਤੇ ਜਦੋਂ ਵਿਘਨ ਪੈਦਾ ਹੁੰਦੇ ਹਨ ਤਦ ਮਹੱਤਵਪੂਰਣ ਸਮਾਂ ਇਕੱਠੇ ਬਿਤਾਉਣ ਲਈ ਰੱਖੇ ਗਏ ਸਮੇਂ ਨੂੰ ਹਟਾ ਕਰ ਦਿੱਤਾ ਜਾਂਦਾ ਹੈ। ਇਹ ਉਸ ਦੇ ਲਈ ਉਦੋਂ ਬਹੁਤ ਮੁਸ਼ਕਲ ਹੁੰਦਾ ਹੈ ਜਦੋਂ ਉਸ ਦਾ ਪਰਿਵਾਰ ਐਨਾ ਰੁੱਝਿਆ ਹੋਇਆ ਹੁੰਦਾ ਹੈ ਉਨ੍ਹਾਂ ਕੋਲ ਉਸ ਨਾਲ ਬਿਤਾਉਣ ਲਈ ਸਮਾਂ ਹੀ ਨਹੀਂ ਹੁੰਦਾ। ਉਹ ਉਦੋਂ ਘੱਟ ਮਹੱਤਵਪੂਰਣ ਮਹਿਸੂਸ ਕਰਦਾ ਹੈ ਜਦੋਂ ਪਰਿਵਾਰ ਦੇ ਮੈਂਬਰ ਬਿਨਾਂ ਐਧਰ ਓਧਰ ਧਿਆਨ ਦਿੱਤੇ ਉਸ ਦੀ ਗੱਲ ਨਹੀਂ ਸੁਣਦੇ ਹਨ।

ਜੇ ਤੁਸੀਂ ਆਪਣੇ ਜੀਵਨ ਸਾਥੀ ਜਾਂ ਬੱਚੇ ਵੱਲ ਨਿੱਜੀ ਧਿਆਨ ਦੇਣ ਵਿੱਚ ਅਸਫ਼ਲ ਹੋ ਰਹੇ ਹੋ, ਤਾਂ ਉਹ ਉਸ ਪਿਆਰ ਨੂੰ ਮਹਿਸੂਸ ਨਹੀਂ ਕਰਨਗੇ ਜੋ ਤੁਹਾਡੇ ਅੰਦਰ ਉਨ੍ਹਾਂ ਲਈ ਹੈ, ਭਾਵੇਂ ਤੁਸੀਂ ਉਨ੍ਹਾਂ ਦੇ ਲਈ ਸਭ ਕੁਝ ਕਰ ਰਹੇ ਹੋਵੋ। ਹੋ ਸਕਦਾ ਹੈ ਕਿ ਇੱਕ ਪੁਰਸ਼ ਆਪਣੇ ਪਰਿਵਾਰ ਦੇ ਲਈ ਕਠੋਰ ਮਿਹਨਤ ਕਰ ਰਿਹਾ ਹੋਵੇ, ਹੋ ਸਕਦਾ ਹੈ ਕਿ ਫਿਰ ਵੀ ਉਸ ਦੀ ਪਤਨੀ ਪਿਆਰ ਮਹਿਸੂਸ ਨਾ ਕਰੇ ਕਿਉਂਕਿ ਉਹ ਬਹੁਤ ਜ਼ਿਆਦਾ ਰੁੱਝਿਆ ਹੋਇਆ ਹੈ ਅਤੇ ਉਸ ਕੋਲ ਆਪਣੀ ਪਤਨੀ ਦੇ ਲਈ ਸਮਾਂ ਨਹੀਂ ਹੈ।

ਇੱਕ ਛੋਟਾ ਲੜਕਾ ਆਪਣੇ ਪਿਤਾ ਕੋਲ ਉਨ੍ਹਾਂ ਨੂੰ ਉਹ ਕਹਾਣੀ ਸੁਣਾਉਣ ਲਈ ਗਿਆ ਜੋ ਉਸ ਨੇ ਹਾਲ ਹੀ ਵਿੱਚ ਸੁਣੀ ਸੀ। ਪਿਤਾ ਇੱਕ ਪੁਸਤਕ ਨੂੰ ਪੜ੍ਹ ਰਹੇ ਸਨ, ਪਰ ਇੱਕ ਮਿੰਟ ਲਈ ਸੁਣਨ ਵਾਸਤੇ ਰੁਕ ਗਏ, ਫਿਰ ਜਦੋਂ ਉਨ੍ਹਾਂ ਦਾ ਬੱਚਾ ਕਹਾਣੀ ਸੁਣਾ ਹੀ ਰਿਹਾ ਸੀ ਉਹ ਵਾਪਸ ਪੁਸਤਕ ਪੜ੍ਹਨ ਲੱਗ ਗਏ। ਆਪਣੇ ਬਾਕੀ ਦੇ ਜੀਵਨ ਵਿੱਚ, ਲੜਕੇ ਨੇ ਯਾਦ ਰੱਖਿਆ ਕਿ ਉਸ ਨੇ ਕਿਵੇਂ ਮਹਿਸੂਸ ਕੀਤਾ ਸੀ।

► ਆਮ ਤੌਰ ’ਤੇ ਤੁਹਾਡੇ ਪਰਿਵਾਰ ਲਈ ਮਹੱਤਵਪੂਰਣ ਸਮਾਂ ਇਕੱਠੇ ਬਿਤਾਉਣਾ ਕਿਸ ਤਰ੍ਹਾਂ ਦਾ ਲੱਗਦਾ ਹੈ? ਕਿਹੜੀਆਂ ਮੁਸ਼ਕਲਾਂ ਉੱਤੇ ਤੁਸੀਂ ਜਿੱਤ ਪਾਉਣੀ ਹੈ ਤਾਂ ਕਿ ਤੁਸੀਂ ਇਕੱਠੇ ਇੱਕ ਮਹੱਤਵਪੂਰਣ ਸਮਾਂ ਬਿਤਾ ਸਕੋ?

## ਪਿਆਰ ਦੀ ਭਾਸ਼ਾ 3: ਤੋਹਫ਼ੇ

ਜਿਨ੍ਹਾਂ ਲੋਕਾਂ ਦੀ ਪਿਆਰ ਦੀ ਮੁੱਖ ਭਾਸ਼ਾ ਤੋਹਫ਼ੇ ਪ੍ਰਾਪਤ ਕਰਨਾ ਹੁੰਦੀ ਹੈ ਉਹ ਤਦ ਸਭ ਤੋਂ ਜ਼ਿਆਦਾ ਪਿਆਰੇ ਮਹਿਸੂਸ ਕਰਦੇ ਹਨ ਜਦੋਂ ਦੂਸਰੇ ਉਨ੍ਹਾਂ ਨੂੰ ਕੁਝ ਅਜਿਹਾ ਦਿੰਦੇ ਹਨ ਜੋ ਵਿਖਾਉਂਦਾ ਹੈ ਕਿ ਉਹ ਉਨ੍ਹਾਂ ਬਾਰੇ ਸੋਚ ਰਹੇ ਸਨ।

ਜਿਹੜੇ ਤੋਹਫ਼ੇ ਕਿਸੇ ਨੂੰ ਪਿਆਰਾ ਮਹਿਸੂਸ ਕਰਾਉਂਦੇ ਹਨ, ਉਹ ਤੋਹਫ਼ੇ ਹਨ ਜੋ ਸੋਚ ਸਮਝ ਕਰ ਦਿੱਤੇ ਜਾਂਦੇ ਹਨ। ਉਹ ਪ੍ਰਾਪਤ ਕਰਨ ਵਾਲੇ ਦੇ ਹਿੱਤ ਨੂੰ ਧਿਆਨ ਵਿੱਚ ਰੱਖ ਕੇ ਖਰੀਦੇ ਜਾਂਦੇ ਹਨ। ਜ਼ਰੂਰੀ ਨਹੀਂ ਹੈ ਕਿ ਉਹ ਵਿਹਾਰਕ ਜਾਂ ਲੋੜੀਂਦੇ ਹੋਣ। ਪਿਆਰ ਦੇ ਤੋਹਫ਼ੇ ਇਸ ਲਈ ਨਹੀਂ ਦਿੱਤੇ ਜਾਂਦੇ ਕਿਉਂਕਿ ਦੇਣ ਵਾਲੇ ਨੂੰ ਹੁਣ ਇਨ੍ਹਾਂ ਦੀ ਲੋੜ ਨਹੀਂ ਹੈ। ਤੋਹਫਿਆਂ ਨੂੰ ਦੇਣ ਵਾਲੇ ਦੁਆਰਾ ਸੋਚ ਸਮਝ ਕੇ ਚੁਣਿਆ ਜਾਂ ਬਣਾਇਆ ਜਾਣਾ ਚਾਹੀਦਾ ਹੈ।

ਇੱਕ ਤੋਹਫ਼ਾ ਜੋ ਕਿਸੇ ਨੂੰ ਪਿਆਰਾ ਮਹਿਸੂਸ ਕਰਾਉਂਦਾ ਹੈ, ਜ਼ਰੂਰੀ ਨਹੀਂ ਹੈ ਕਿ ਉਹ ਤੋਹਫ਼ਾ ਜ਼ਿਆਦਾ ਮਹਿੰਗਾ ਹੋਵੇ। ਇਹ ਕੁਝ ਅਜਿਹਾ ਹੋ ਸਕਦਾ ਹੈ ਜੋ ਇੱਕ ਪਲ ਦੇ ਲਈ ਹੁੰਦਾ ਹੈ, ਜਿਵੇਂ ਕਿ ਵਿਸ਼ੇਸ਼ ਭੋਜਨ ਜਾਂ ਟੋਫੀ; ਜਾਂ ਇਹ ਦੇਣ ਵਾਲੇ ਦੇ ਨਾਲ ਰਿਸ਼ਤੇ ਬਾਰੇ ਇੱਕ ਪ੍ਰਤੱਖ ਠੋਸ ਯਾਦਗਾਰ ਹੋ ਸਕਦੀ ਹੈ। ਜਿਸ ਦੀ ਪਿਆਰ ਦੀ ਮੁੱਖ ਭਾਸ਼ਾ ਤੋਹਫ਼ੇ ਪ੍ਰਾਪਤ ਕਰਨਾ ਹੈ, ਉਸ ਲਈ ਜਨਮ ਦਿਨ, ਸਾਲਗਿਰਾ, ਅਤੇ ਛੁੱਟੀਆਂ ਬਹੁਤ ਮਹੱਤਵਪੂਰਣ ਹੁੰਦੀਆਂ ਹਨ। ਪਰਿਵਾਰ ਦੇ ਮੈਂਬਰਾਂ ਲਈ ਇਹ ਖਾਸ ਕਰਕੇ ਮਹੱਤਵਪੂਰਣ ਹੈ ਕਿ ਉਹ ਇਸ ਵਿਅਕਤੀ ਦੇ ਲਈ ਇੱਕ ਖਾਸ ਤੋਹਫ਼ੇ ਦੇ ਨਾਲ ਉਨ੍ਹਾਂ ਦਿਨਾਂ ਨੂੰ ਯਾਦ ਰੱਖਣ। ਇਨ੍ਹਾਂ ਵਿਸ਼ੇਸ਼ ਦਿਨਾਂ ’ਤੇ ਤੋਹਫ਼ੇ ਨਾ ਪ੍ਰਾਪਤ ਕਰਨਾ ਇਸ ਵਿਅਕਤੀ ਦੇ ਲਈ ਦਰਦਨਾਕ ਹੋ ਸਕਦਾ ਹੈ।

ਤੋਹਫ਼ੇ ਦੇਣਾ ਵਿਸ਼ੇਸ਼ ਦਿਨਾਂ ਤਕ ਹੀ ਸੀਮਿਤ ਨਹੀਂ ਹੋਣਾ ਚਾਹੀਦਾ; ਇਹ ਜੀਵਨ ਦਾ ਚੱਲਦਾ ਰਹਿਣ ਵਾਲਾ ਤਰੀਕਾ ਹੋਣਾ ਚਾਹੀਦਾ ਹੈ। ਜੇ ਕਿਸੇ ਦੇ ਜੀਵਨ ਸਾਥੀ, ਮਾਂ/ਪਿਓ, ਜਾਂ ਬੱਚੇ ਦੀ ਪਿਆਰ ਦੀ ਮੁੱਖ ਭਾਸ਼ਾ ਤੋਹਫ਼ੇ ਪ੍ਰਾਪਤ ਕਰਨਾ ਹੈ, ਤਾਂ ਉਸ ਨੂੰ ਉਨ੍ਹਾਂ ਤੋਹਫਿਆਂ ਦੀ ਭਾਲ ਕਰਨ ਦੀ ਆਦਤ ਬਣਾਉਣੀ ਚਾਹੀਦੀ ਹੈ ਜੋ ਉਸ ਦੇ ਪਿਆਰਿਆਂ ਨੂੰ ਮਹਿਸੂਸ ਕਰਾਉਂਦੇ ਹਨ ਕਿ ਉਨ੍ਹਾਂ ਬਾਰੇ ਸੋਚਿਆ ਜਾਂਦਾ ਹੈ ਅਤੇ ਉਹ ਪਿਆਰੇ ਹਨ।

ਇੱਕ ਪਤਨੀ ਜਿਸ ਦੀ ਪਿਆਰ ਦੀ ਮੁੱਖ ਭਾਸ਼ਾ ਤੋਹਫ਼ੇ ਪ੍ਰਾਪਤ ਕਰਨਾ ਹੈ, ਹੋ ਸਕਦਾ ਹੈ ਕਿ ਉਹ ਪਿਆਰ ਮਹਿਸੂਸ ਨਾ ਕਰੇ ਜੇ ਉਹ ਸੋਚਦੀ ਹੈ ਕਿ ਉਸ ਦੇ ਪਤੀ ਨੇ ਖਰਚ ਨੂੰ ਬਚਾਉਣ ਲਈ ਉਸ ਨੂੰ ਤੋਹਫ਼ੇ ਵਿੱਚ ਉਹ ਚੀਜ਼ ਦਿੱਤੀ ਹੈ ਜਿਸ ਦੀ ਉਸ ਨੂੰ ਵੈਸੇ ਵੀ ਲੋੜ ਸੀ। ਸ਼ਾਇਦ ਉਸ ਨੂੰ ਇੱਕ ਨਵੇਂ ਝਾੜੂ ਦੀ ਲੋੜ ਹੈ, ਅਤੇ ਉਹ ਉਸ ਨੂੰ ਦਿੰਦਾ ਹੈ। ਇੱਕ ਨਵਾਂ ਝਾੜੂ ਪ੍ਰਾਪਤ ਕਰਨਾ ਉਸ ਦੇ ਲਈ ਚੰਗਾ ਹੈ, ਪਰ ਇਹ ਤੋਹਫ਼ਾ ਉਸ ਦੀ ਇਹ ਮਹਿਸੂਸ ਕਰਨ ਵਿੱਚ ਮਦਦ ਨਹੀਂ ਕਰੇਗਾ ਕਿ ਉਸ ਨੂੰ ਪਿਆਰ ਕੀਤਾ ਗਿਆ ਹੈ।

ਤੋਹਫ਼ੇ ਉਦੋਂ ਮਹੱਤਵਪੂਰਣ ਹੁੰਦੇ ਹਨ ਜਦੋਂ ਉਹ ਵਿਖਾਉਂਦੇ ਹਨ ਵਿਅਕਤੀ ਨੇ ਪ੍ਰਾਪਤ ਕਰਨ ਵਾਲੇ ਨੂੰ ਸਮਝਿਆ ਹੈ ਅਤੇ ਉਸ ਦੀ ਪਰਵਾਹ ਕੀਤੀ ਹੈ। ਉਹ ਤਦ ਮਹੱਤਵਪੂਰਣ ਹੁੰਦੇ ਹਨ ਜਦੋਂ ਉਨ੍ਹਾਂ ਨੂੰ ਖਰੀਦਣਾ ਇੱਕ ਲੋੜ ਨਹੀਂ ਸੀ। ਇੱਕ ਤੋਹਫ਼ਾ ਉਦੋਂ ਮਹੱਤਵਪੂਰਣ ਹੁੰਦਾ ਹੈ ਜਦੋਂ ਇਸ ਵਿੱਚ ਕੁਝ ਸੋਚ ਵਿਚਾਰ, ਮਿਹਨਤ, ਅਤੇ ਕੀਮਤੀ ਲਈ ਜਾਂਦੀ ਹੈ।

ਬੱਚੇ ਜਿਨ੍ਹਾਂ ਦੀ ਪਿਆਰ ਦੀ ਮੁੱਖ ਭਾਸ਼ਾ ਤੋਹਫ਼ੇ ਪ੍ਰਾਪਤ ਕਰਨਾ ਹੈ ਉਹ ਤਦ ਜ਼ਿਆਦਾ ਪਿਆਰ ਮਹਿਸੂਸ ਕਰਦੇ ਹਨ ਜਦੋਂ ਉਨ੍ਹਾਂ ਦਾ ਪਿਤਾ ਉਨ੍ਹਾਂ ਦੇ ਲਈ ਆਇਸਕ੍ਰੀਮ ਖਰੀਦਦਾ ਹੈ, ਉਸ ਨਾਲੋਂ ਜਦੋਂ ਉਹ ਉਨ੍ਹਾਂ ਦੇ ਸਕੂਲ ਦੀ ਫੀਸ ਭਰਦਾ ਹੈ, ਭਾਵੇਂ ਕਿ ਸਕੂਲ ਦੀ ਫੀਸ ਕਿਤੇ ਜ਼ਿਆਦਾ ਹੈ ਅਤੇ ਜ਼ਿਆਦਾ ਮਹੱਤਵਪੂਰਣ ਹੈ। ਇਹ ਮੰਗ ਕਰਨ ਦੇ ਬਜਾਏ ਕਿ ਤੁਹਾਡੇ ਪਰਿਵਾਰ ਦੇ ਮੈਂਬਰ ਉਸ ਲਈ ਤੁਹਾਡੀ ਪ੍ਰਸ਼ੰਸ਼ਾ ਕਰਨ ਜੋ ਤੁਸੀਂ ਉਨ੍ਹਾਂ ਲਈ ਹਰ ਦਿਨ ਕਰਦੇ ਹੋ, ਉਨ੍ਹਾਂ ਲਈ ਕੁਝ ਕਰਨ ਦੇ ਉਹ ਤਰੀਕੇ ਭਾਲੋ ਜੋ ਉਨ੍ਹਾਂ ਲਈ ਮਹੱਤਵਪੂਰਣ ਹਨ।

ਕੁਝ ਲੋਕ ਆਪਣੇ ਬੱਚਿਆਂ ਜਾਂ ਜੀਵਨ ਸਾਥੀ ਨੂੰ ਇਸ ਲਈ ਮਜ਼ਬੂਰ ਕਰਦੇ ਹਨ ਕਿ ਉਹ ਹਰ ਚੀਜ਼ ਉਨ੍ਹਾਂ ਤੋਂ ਮੰਗਣ। ਇੱਕ ਵਿਅਕਤੀ ਜੋ ਕੰਜੂਸ ਹੈ ਅਤੇ ਘੱਟ ਹੀ ਰੁੱਝਿਆ ਹੋਇਆ ਹੁੰਦਾ ਹੈ, ਉਸ ਲਈ ਉਦਾਰ ਬਣਨਾ ਅਤੇ ਬੇਲੋੜੇ ਤੋਹਫ਼ੇ ਦੇਣਾ ਆਸਾਨ ਨਹੀਂ ਹੋ ਸਕਦਾ।

ਉਹ ਨਹੀਂ ਚਾਹੁੰਦਾ ਕਿ ਉਸ ਦੇ ਪਰਿਵਾਰ ਦੇ ਮੈਂਬਰ ਤੋਹਫਿਆਂ ਦੀ ਉਮੀਦ ਰੱਖਣ ਸ਼ੁਰੂ ਕਰਨ। ਪਰ ਜੇ ਉਸ ਦਾ ਜੀਵਨ ਸਾਥੀ ਜਾਂ ਬੱਚਾ ਹੈ ਜਿਸ ਲਈ ਤੋਹਫ਼ੇ ਮਹੱਤਵਪੂਰਣ ਹਨ, ਉਸ ਨੂੰ ਆਪਣੇ ਸੁਭਾਵਕ ਰੁਝਾਨ ਤੋਂ ਬਾਹਰ ਨਿੱਕਲਣ ਲਈ ਕੰਮ ਕਰਨਾ ਚਾਹੀਦਾ ਹੈ। ਉਸ ਨੂੰ ਤੋਹਫਿਆਂ ਨੂੰ ਉਸ ਤਰ੍ਹਾਂ ਹੀ ਵੇਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜਿਵੇਂ ਉਹ ਵੇਖਦੇ ਹਨ – ਮਹੱਤਵਪੂਰਣ ਅਤੇ ਬਹੁਮੁੱਲੇ। ਜਦੋਂ ਤੋਹਫ਼ੇ ਦਿੰਦੇ, ਤਾਂ ਮੁਫ਼ਤ ਅਤੇ ਅਨੰਦ ਨਾਲ ਦਿਓ!

► ਇੱਕ ਵਿਦਿਆਰਥੀ ਨੂੰ ਸਮੂਹ ਲਈ 2 ਕੁਰਿੰਥੀਆਂ 9:6-9 ਨੂੰ ਪੜ੍ਹਨਾ ਚਾਹੀਦਾ ਹੈ। ਇਸ ਭਾਗ ਵਿੱਚ, ਪੌਲੁਸ ਕੁਰਿੰਥੀਆਂ ਦੇ ਵਿਸ਼ਵਾਸੀਆਂ ਨੂੰ ਬੇਨਤੀ ਕਰ ਰਿਹਾ ਹੈ ਕਿ ਉਹ ਆਪਣੇ ਸਾਥੀ ਵਿਸ਼ਵਾਸੀਆਂ ਨੂੰ ਖੁੱਲ੍ਹੇ ਦਿਲ ਨਾਲ ਦੇਣ, ਜੋ ਲੋੜਵੰਦ ਹਨ। ਇਨ੍ਹਾਂ ਆਇਤਾਂ ਤੋਂ, ਉਦਾਰਤਾ ਦੇ ਲਈ ਚਾਰ ਜਾਂ ਪੰਜ ਪ੍ਰੇਰਣਾਵਾਂ ਨੂੰ ਪਛਾਨਣ ਦੀ ਕੋਸ਼ਿਸ਼ ਕਰੋ। ਇਨ੍ਹਾਂ ਆਇਤਾਂ ਦੇ ਵਿੱਚੋਂ ਉਦਾਰਤਾ ਦੇ ਸਿਧਾਂਤ ਕਿਹੜੇ ਤਰੀਕਿਆਂ ਸਾਡੇ ਪਰਿਵਾਰਾਂ ਦੇ ਵਿੱਚ ਲਾਗੂ ਹੁੰਦੇ ਹਨ?

► ਤੋਹਫ਼ੇ ਦੇਣ ਦਾ ਤੁਹਾਡੇ ਪਰਿਵਾਰ ਵਿੱਚ ਕਿਹੜਾ ਸਥਾਨ ਹੈ? ਕੀ ਤੁਸੀਂ ਤੋਹਫ਼ੇ ਦੇਣ ਦੁਆਰਾ ਪਿਆਰ ਪਰਗਟ ਵਿੱਚ ਕੁਝ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋ? ਉਹ ਕਿਹੜੀਆਂ ਮੁਸ਼ਕਲਾਂ ਹਨ ਅਤੇ ਤੁਸੀਂ ਉਨ੍ਹਾਂ ਉੱਤੇ ਜਿੱਤ ਕਿਵੇਂ ਪਾ ਸਕਦੇ ਹੋ?

### ਪਿਆਰ ਦੀ ਭਾਸ਼ਾ 4: ਸੇਵਾ ਦੇ ਕੰਮ

ਜਿਹੜੇ ਲੋਕਾਂ ਦੀ ਪਿਆਰ ਦੀ ਮੁੱਖ ਭਾਸ਼ਾ ਸੇਵਾ ਦੇ ਕੰਮ ਹੈ ਉਹ ਤਦ ਸਭ ਤੋਂ ਜ਼ਿਆਦਾ ਪਿਆਰੇ ਮਹਿਸੂਸ ਕਰਦੇ ਹਨ ਜਦੋਂ ਦੂਸਰੇ ਉਨ੍ਹਾਂ ਦੇ ਲਈ ਕੁਝ ਕਰਦੇ ਹਨ।

ਸੇਵਾ ਦੇ ਕੰਮ ਵਿਹਾਰਕ ਲੋੜਾਂ ਨੂੰ ਪੂਰਾ ਕਰਦੇ ਹਨ। ਇਹ ਉਹ ਕੰਮ ਹੋ ਸਕਦੇ ਹਨ ਜੋ ਇੱਕ ਵਿਅਕਤੀ ਆਪਣੇ ਲਈ ਆਪ ਕਰ ਸਕਦਾ ਹੈ ਜਾਂ ਨਹੀਂ ਕਰ ਸਕਦਾ ਹੈ। ਸੇਵਾ ਇੱਕ ਸਧਾਰਣ ਕੰਮ ਹੋ ਸਕਦੀ ਹੈ ਜਿਵੇਂ ਕਿਸੇ ਨੂੰ ਪੀਣ ਲਈ ਕੁਝ ਦੇਣਾ। ਇਹ ਕਿਸੇ ਬੀਮਾਰ ਦੀ ਦੇਖਭਾਲ ਕਰਨਾ ਹੋ ਸਕਦਾ ਹੈ। ਇਹ ਲੋੜ ਦੇ ਸਮੇਂ ਮਦਦ ਕਰਨਾ ਹੋ ਸਕਦਾ ਹੈ।

ਬਹੁਤੇ ਪਰਿਵਾਰਾਂ ਦੇ ਵਿੱਚ, ਅਜਿਹੇ ਲੰਬੇ ਸਮੇਂ ਹੋ ਸਕਦੇ ਹਨ ਜਦੋਂ ਇੱਕ ਪਰਿਵਾਰ ਦੇ ਮੈਂਬਰ ਨੂੰ ਲਗਾਤਾਰ ਨਿੱਜੀ ਦੇਖਭਾਲ ਦੀ ਲੋੜ ਹੁੰਦੀ ਹੈ। ਵਿਅਕਤੀ ਦੇ ਲਈ ਪਰਿਵਾਰ ਦੇ ਪਿਆਰ ਅਤੇ ਸਮਰਪਣ ਦੇ ਕਾਰਣ, ਉਹ ਲਗਾਤਾਰ ਸੇਵਾ ਦੇ ਬਹੁਤ ਸਾਰੇ ਕੰਮ ਕਰਦੇ ਹਨ। ਭਾਵੇਂ ਕਿ ਸੇਵਾ ਦੇ ਕੰਮਾਂ ਲਈ ਬਹੁਤ ਸਾਰਾ ਸਮਾਂ ਦਿੱਤਾ ਜਾਂਦਾ ਹੈ, ਪਰਿਵਾਰ ਦੇ ਮੈਂਬਰਾਂ ਨੂੰ ਦੂਸਰੇ ਹੋਰ ਅਰਥਪੂਰਣ ਤਰੀਕਿਆਂ ਨਾਲ ਪਿਆਰ ਵਿਖਾਉਣਾ ਯਾਦ ਰੱਖਣਾ ਚਾਹੀਦਾ ਹੈ, ਖਾਸ ਕਰਕੇ ਜੇ ਇਸ ਵਿਅਕਤੀ ਦੀ ਪਿਆਰ ਦੀ ਮੁੱਖ ਭਾਸ਼ਾ ਸੇਵਾ ਦੇ ਕੰਮ ਨਹੀਂ ਹੈ।

ਸੇਵਾ ਦੇ ਕਈ ਕੰਮ ਰੁਟੀਨ ਦੇ ਵਿੱਚ ਹੁੰਦੇ ਹਨ ਅਤੇ ਉਨ੍ਹਾਂ ਨੂੰ ਆਸਾਨੀ ਨਾਲ ਅਣਵੇਖਿਆ ਕੀਤਾ ਜਾ ਸਕਦਾ ਹੈ ਜਾਂ ਹਲਕੇ ਵਿੱਚ ਲਿਆ ਜਾ ਸਕਦਾ ਹੈ। ਬਹੁਤ ਸਾਰੀਆਂ ਔਰਤਾਂ ਰੋਜ਼ਾਨਾ ਖਾਣਾ ਬਣਾਉਣ ਅਤੇ ਘਰ ਦੀ ਸਾਂਭ ਸੰਭਾਲ ਕਰਨ ਦੁਆਰਾ ਆਪਣੇ ਪਿਆਰ ਨੂੰ ਪਰਗਟ ਕਰ ਰਹੀਆਂ ਹਨ। ਇੱਕ ਪੁਰਸ਼ ਆਪਣੇ ਪਰਿਵਾਰ ਲਈ ਮੁਹੱਈਆ ਕਰਾਉਣ ਵਾਸਤੇ ਕੰਮ ਕਰ ਸਕਦਾ ਹੈ। ਜੇ ਤੁਸੀਂ

ਪਹਿਲਾਂ ਹੀ ਹਰ ਦਿਨ ਆਪਣੇ ਪਰਿਵਾਰ ਦੀ ਸੇਵਾ ਇਨ੍ਹਾਂ ਤਰੀਕਿਆਂ ਨਾਲ ਕਰ ਰਹੇ ਹੋ, ਤਾਂ ਤੁਹਾਨੂੰ ਫਿਰ ਵੀ ਪਰਿਵਾਰ ਦੇ ਇੱਕ ਮੈਂਬਰ ਲਈ ਪਿਆਰ ਦੀ ਇਸ ਮੁੱਖ ਭਾਸ਼ਾ ਦੇ ਨਾਲ, ਸੇਵਾ ਦੇ ਕੰਮ ਕਰਨ ਲਈ ਖਾਸ ਤਰੀਕਿਆਂ ਨੂੰ ਭਾਲਣਾ ਚਾਹੀਦਾ ਹੈ।

ਜਦੋਂ ਇੱਕ ਪਤਨੀ ਆਪਣੇ ਪਤੀ ਦੀਆਂ ਛੋਟੀਆਂ-ਛੋਟੀਆਂ ਲੋੜਾਂ ਦੇ ਵਿੱਚ ਕੋਈ ਰੁਚੀ ਨਹੀਂ ਵਿਖਾਉਂਦੀ, ਉਹ ਪਿਆਰ ਦੀ ਇਸ ਭਾਸ਼ਾ ਨੂੰ ਬੋਲਣ ਵਿੱਚ ਅਸਫ਼ਲ ਹੋ ਰਹੀ ਹੈ। ਸ਼ਾਇਦ ਉਹ ਸੋਚਦੀ ਹੈ, “ਉਹ ਆਪ ਪੀਣ ਦੇ ਲਈ ਪਾਣੀ ਲੈ ਸਕਦਾ ਹੈ।” ਪਰ ਜੇ ਉਹ ਉਸ ਦੇ ਲਈ ਪਾਣੀ ਲਿਆਉਂਦੀ ਹੈ, ਤਾਂ ਇਹ ਪਤੀ ਲਈ ਉਸ ਦੇ ਵਿਸ਼ੇਸ਼ ਪਿਆਰ ਨੂੰ ਪਰਗਟ ਕਰੇਗਾ।

ਇਸੇ ਤਰ੍ਹਾਂ, ਇੱਕ ਪਤੀ ਨੂੰ ਵੀ ਵਿਖਾਉਣਾ ਚਾਹੀਦਾ ਹੈ ਕਿ ਉਹ ਉਸ ਬਾਰੇ ਸੋਚਦਾ ਹੈ। ਜਦੋਂ ਉਹ ਆਪਣੀ ਪਤਨੀ ਨੂੰ ਉਹ ਕੰਮ ਕਰਨ ਦੁਆਰਾ, ਉਸ ਕੰਮ ਤੋਂ ਛੁੱਟੀ ਦਿੰਦਾ ਹੈ ਜੋ ਉਹ ਆਮ ਤੌਰ ’ਤੇ ਕਰਦੀ ਹੈ, ਉਹ ਉਸ ਦੀ ਭੂਮਿਕਾ ਦਾ ਆਦਰ ਕਰ ਰਿਹਾ ਹੈ ਅਤੇ ਇਹ ਦੱਸ ਰਿਹਾ ਹੈ ਕਿ ਉਸ ਦਾ ਕੰਮ ਮੁਸ਼ਕਲ ਅਤੇ ਮਹੱਤਵਪੂਰਣ ਹੈ।

ਇੱਕ ਪਤੀ ਮਹਿਸੂਸ ਕਰ ਸਕਦਾ ਹੈ ਕਿ ਉਹ ਪਹਿਲਾਂ ਹੀ ਕਾਫ਼ੀ ਕੰਮ ਕਰਦਾ ਹੈ, ਅਤੇ ਇਹ ਕਿ ਇਹ ਉਸ ਦੀ ਪਤਨੀ ਦਾ ਕੰਮ ਹੈ ਕਿ ਉਹ ਘਰ ਦੇ ਕੰਮਾਂ ਦੀ ਦੇਖਭਾਲ ਕਰੇ। ਉਹ ਇਹ ਵੀ ਸੋਚ ਸਕਦਾ ਹੈ ਕਿ ਉਸ ਨੂੰ ਹੋਰ ਮਿਹਨਤੀ ਹੋਣਾ ਚਾਹੀਦਾ ਹੈ। ਜੇ ਉਹ ਇਹ ਮੰਨਦਾ ਹੈ ਕਿ ਘਰ ਦੇ ਕੰਮ ਉਸ ਦੇ ਆਦਰ ਤੋਂ ਨੀਵੇਂ ਹਨ, ਤਾਂ ਇਹ ਵਿਖਾਉਂਦਾ ਹੈ ਕਿ ਉਹ ਔਰਤਾਂ ਨੂੰ ਨੀਵੀਆਂ ਸਮਝਦਾ ਹੈ ਅਤੇ ਛੋਟੇ ਕੰਮਾਂ ਦੀਆਂ ਹੱਕਦਾਰ ਸਮਝਦਾ ਹੈ। ਔਰਤਾਂ ਨੀਵੀਆਂ ਨਹੀਂ ਹਨ, ਅਤੇ ਘਰ ਦਾ ਕੰਮ ਕਿਸੇ ਬਾਹਰਲੇ ਕੰਮ ਦੇ ਨਾਲੋਂ ਨੀਵਾਂ ਨਹੀਂ ਹੈ।

ਇੱਕ ਪੁਰਸ਼ ਮਹਿਸੂਸ ਕਰ ਸਕਦਾ ਹੈ ਕਿ ਜਦੋਂ ਉਹ ਘਰ ਵਿੱਚ ਮਦਦ ਕਰਦਾ ਹੈ ਤਦ ਉਹ ਇੱਕ ਸੇਵਕ (ਆਪਣੀ ਪਤਨੀ ਦੇ ਹੇਠਾਂ) ਦੀ ਭੂਮਿਕਾ ਨਿਭਾ ਰਿਹਾ ਹੈ, ਪਰ ਇਹ ਸੱਚ ਨਹੀਂ ਹੈ। ਜੇ ਆਪਣੀ ਇੱਛਾ ਦੇ ਨਾਲ ਮਦਦ ਕਰਦਾ ਹੈ, ਤਾਂ ਉਹ ਉਸ ਕੰਮ ਦੇ ਮਹੱਤਵ ਨੂੰ ਅਤੇ ਜਿਸ ਵਿਅਕਤੀ ਦੀ ਉਹ ਮਦਦ ਕਰ ਰਿਹਾ ਹੈ ਉਸ ਦੇ ਮਹੱਤਵ ਨੂੰ ਵਿਖਾਉਂਦਾ ਹੈ। ਉਸ ਦੀ ਸੇਵਾ ਉਸ ਵਿਅਕਤੀ ਦਾ ਆਦਰ ਕਰਦੀ ਹੈ ਜੋ ਆਮ ਤੌਰ ’ਤੇ ਇਹ ਕੰਮ ਕਰਦੀ ਹੈ ਅਤੇ ਉਨ੍ਹਾਂ ਦੇ ਲਈ ਆਪਣੀ ਪੁਸ਼ਟੀ ਨੂੰ ਵਿਖਾਉਂਦਾ ਹੈ। ਉਸ ਦੀ ਪਤਨੀ ਉਸ ਨੂੰ ਇੱਕ ਸੇਵਕ ਦੇ ਵਾਂਗ ਨਹੀਂ ਵੇਖੇਗੀ ਸਗੋਂ ਹੋਰ ਆਦਰਯੋਗ ਵਿਅਕਤੀ ਦੇ ਰੂਪ ਵਿੱਚ ਵੇਖੇਗੀ।

ਜੇ ਲੋਕ ਝਿਜਕਦੇ ਹੋਏ ਅਤੇ ਕ੍ਰਿੜਦੇ ਹੋਏ ਮਦਦ ਕਰਦੇ ਹਾਂ, ਉਹ ਵਿਖਾਉਂਦੇ ਹਨ ਕਿ ਉਨ੍ਹਾਂ ਨੂੰ ਮਦਦ ਕਰਨ ਦੇ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ। ਉਨ੍ਹਾਂ ਦਾ ਸੇਵਾ ਦਾ ਕੰਮ ਪਿਆਰ ਨੂੰ ਪਰਗਟ ਨਹੀਂ ਕਰਦਾ ਹੈ। ਜੇ ਉਹ ਸੇਵਾ ਦੇ ਕੰਮ ਖੁਸ਼ੀ ਨਾਲ ਕਰਦੇ ਹਨ ਅਤੇ ਆਪਣੀ ਉੱਤਮ ਕੋਸ਼ਿਸ਼ ਕਰਦੇ ਹਾਂ, ਤਾਂ ਇਹ ਵਿਖਾਉਂਦਾ ਹੈ ਕਿ ਉਹ ਆਪ ਸੇਵਾ ਕਰਨ ਦੀ ਚੋਣ ਕਰ ਰਹੇ ਹਨ, ਕਿਉਂਕਿ ਕੋਈ ਵੀ ਉਨ੍ਹਾਂ ਨੂੰ ਇਸ ਤਰ੍ਹਾਂ ਸੇਵਾ ਕਰਨ ਲਈ ਮਜ਼ਬੂਰ ਨਹੀਂ ਕਰ ਸਕਦਾ। ਇਹ ਖੁਸ਼ੀ ਨਾਲ ਕੀਤੀ ਗਈ ਸੇਵਾ ਉਨ੍ਹਾਂ ਦੇ ਪਿਆਰ ਨੂੰ ਸਪਸ਼ਟ ਰੂਪ ਵਿੱਚ ਵਿਖਾਉਂਦੀ ਹੈ। ਇਹ ਉਨ੍ਹਾਂ ਦੇ ਪਿਆਰੇ ਤੋਂ ਆਦਰ ਪ੍ਰਾਪਤ ਕਰਨ ਵਿੱਚ ਵੀ ਮਦਦ ਕਰਦੀ ਹੈ।

► ਕਦੋਂ ਤੁਹਾਡੇ ਲਈ ਆਪਣੇ ਪਰਿਵਾਰ ਦੀ ਸੇਵਾ ਕਰਨਾ ਸਭ ਤੋਂ ਜ਼ਿਆਦਾ ਮੁਸ਼ਕਲ ਹੁੰਦਾ ਹੈ? ਸੇਵਾ ਬਾਰੇ ਇਹ ਸੋਚਣਾ ਕਿ ਇਹ ਪਿਆਰ ਦਾ ਇੱਕ ਪਰਗਟਾਵਾ ਹੈ, ਕਿਸ ਤਰ੍ਹਾਂ ਸੇਵਾ ਬਾਰੇ ਤੁਹਾਡੇ ਨਜ਼ਰੀਏ ਨੂੰ ਬਦਲਦਾ ਹੈ?

### ਪਿਆਰ ਦੀ ਭਾਸ਼ਾ 5: ਸਰੀਰਕ ਸਪਰਸ਼

ਜਿਹੜੇ ਲੋਕਾਂ ਦੀ ਪਿਆਰ ਦੀ ਮੁੱਖ ਭਾਸ਼ਾ ਸਰੀਰਕ ਸਪਰਸ਼ ਹੈ ਉਹ ਉਦੋਂ ਸਭ ਤੋਂ ਜ਼ਿਆਦਾ ਪਿਆਰੇ ਮਹਿਸੂਸ ਕਰਦੇ ਹਨ ਜਦੋਂ ਉਨ੍ਹਾਂ ਨੂੰ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੁਆਰਾ ਸਪਰਸ਼ ਕੀਤਾ ਜਾਂਦਾ ਹੈ।

ਸਰੀਰਕ ਸਪਰਸ਼ ਦੇ ਦੁਆਰਾ ਸਨੇਹ ਵਿਖਾਉਣ ਦੇ ਵੱਖ-ਵੱਖ ਢੰਗ ਹਨ। ਕੁਝ ਢੰਗ ਕੁਝ ਰਿਸ਼ਤਿਆਂ ਅਤੇ ਕੁਝ ਹਾਲਾਤਾਂ ਵਿੱਚ ਉਚਿੱਤ ਹਨ ਪਰ ਹੋਰ ਰਿਸ਼ਤਿਆਂ ਵਿੱਚ ਉਚਿੱਤ ਨਹੀਂ ਹਨ। ਇੱਥੇ ਕੁਝ ਉਦਾਹਰਣਾਂ ਹਨ:

- ਇੱਕ ਦੂਸਰੇ ਨੂੰ ਜੱਫੀ ਪਾਉਣਾ
- ਕਿਸੇ ਦੀ ਪਿੱਠ ਜਾਂ ਮੋਢੇ ਦੇ ਦੁਆਲੇ ਆਪਣੀ ਬਾਂਹ ਰੱਖਣਾ
- ਕਿਸੇ ਦੇ ਮੋਢਿਆਂ ਉੱਤੇ ਆਪਣੇ ਹੱਥਾਂ ਨੂੰ ਰੱਖਣਾ
- ਕਿਸੇ ਦੀ ਪਿੱਠ ਜਾਂ ਮੋਢੇ ਨੂੰ ਥਪ-ਥਪਾਉਣਾ
- ਇਕੱਠੇ ਬੈਠਣਾ
- ਇੱਕ ਦੂਸਰੇ ਦੇ ਹੱਥ ਫੜ੍ਹਨਾ
- ਇੱਕ ਦੂਸਰੇ ਨੂੰ ਚੁੰਮਣਾ
- ਪਿੱਠ ਦੀ ਮਾਲਿਸ਼ ਕਰਨਾ
- ਇੱਕ ਬੱਚੇ ਨੂੰ ਚੁੱਕਣਾ
- ਇੱਕ ਬੱਚੇ ਦੇ ਵਾਲਾਂ ਨੂੰ ਸਵਾਰਨਾ ਜਾਂ ਕੰਘੀ ਕਰਨਾ
- ਜਦੋਂ ਕੋਈ ਬੀਮਾਰ ਹੈ ਜਾਂ ਸਰੀਰਕ ਤੌਰ ’ਤੇ ਕਮਜ਼ੋਰ ਹੈ ਤਾਂ ਉਸ ਦੀ ਨਰਮਾਈ ਦੇ ਨਾਲ ਦੇਖਭਾਲ ਕਰਨਾ

ਜਦੋਂ ਕੋਈ ਇੱਕ ਮੁਸ਼ਕਲ ਸਮੇਂ ਦੇ ਵਿੱਚੋਂ ਲੰਘ ਰਿਹਾ ਹੁੰਦਾ ਹੈ ਤਦ ਸਰੀਰਕ ਸਪਰਸ਼ ਖਾਸ ਕਰਕੇ ਅਰਥਪੂਰਣ ਹੋ ਸਕਦਾ ਹੈ। ਦੁੱਖ, ਦਰਦ, ਇਕੱਲੇਪਣ, ਜਾਂ ਨਿਰਾਸ਼ਾ ਦੇ ਸਮੇਂ, ਉਸ ਵਿਅਕਤੀ ਦੇ ਲਈ ਇੱਕ ਜੱਫੀ ਜ਼ਿਆਦਾ ਅਰਥਪੂਰਣ ਹੋ ਸਕਦੀ ਹੈ ਜਿਸ ਦੀ ਪਿਆਰ ਦੀ ਮੁੱਖ ਭਾਸ਼ਾ ਸਰੀਰਕ ਸਪਰਸ਼ ਹੈ, ਸ਼ਬਦਾਂ ਜਾਂ ਸੇਵਾ ਦੇ ਕੰਮਾਂ ਨਾਲੋਂ ਜ਼ਿਆਦਾ ਅਰਥਪੂਰਣ ਹੋਵੇਗੀ।

ਜਿਸ ਵਿਅਕਤੀ ਦੀ ਪਿਆਰ ਦੀ ਮੁੱਖ ਭਾਸ਼ਾ ਸਰੀਰਕ ਸਪਰਸ਼ ਹੈ, ਇਹ ਮਹੱਤਵਪੂਰਣ ਹੈ ਕਿ ਉਸ ਲਈ ਤੁਸੀਂ ਆਪਣੇ ਪਿਆਰ ਨੂੰ ਸਰੀਰਕ ਤੌਰ ’ਤੇ ਪਰਗਟ ਕਰਦੇ ਰਹੀ, ਜੇ ਸੰਭਵ ਹੋਵੇ ਤਾਂ ਤਦ ਵੀ ਜਦੋਂ ਉਹ ਬੀਮਾਰ ਹਨ। ਯਾਦ ਰੱਖੋ ਕਿ ਪਿਆਰ ਬਿਨਾਂ ਸ਼ਰਤ

ਦੇ ਅਤੇ ਸਵੈ-ਤਿਆਗ ਕਰਨ ਵਾਲਾ ਹੁੰਦਾ ਹੈ। ਲੂਕਾ 15:20 ਵਿਚਲੇ ਪਿਤਾ ਨੇ ਆਪਣੇ ਤੋਬਾ ਕਰਨ ਵਾਲੇ ਪੁੱਤਰ ਨੂੰ ਜੱਫੀ ਪਾਈ ਅਤੇ ਚੁੰਮਿਆ, ਭਾਵੇਂ ਕਿ ਉਸ ਦੇ ਪੁੱਤਰ ਵਿੱਚ ਬਦਬੂ ਆ ਰਹੀ ਸੀ, ਉਹ ਗੰਦਾ ਸੀ, ਅਤੇ ਹਰ ਤਰੀਕੇ ਨਾਲ ਨਾ-ਪਿਆਰਾ ਸੀ।

ਜ਼ਰੂਰੀ ਨਹੀਂ ਹੈ ਸਰੀਰਕ ਸਪਰਸ਼ ਵਾਲੀ ਪਿਆਰ ਦੀ ਭਾਸ਼ਾ ਲਿੰਗਕ ਸੰਬੰਧਾਂ ਬਾਰੇ ਹੋਵੇ। ਲਿੰਗਕ ਕਿਰਿਆ ਸਪਰਸ਼ ਦੀ ਇੱਕ ਸ਼੍ਰੇਣੀ ਹੈ, ਪਰ ਜਿਸ ਵਿਅਕਤੀ ਦੀ ਪਿਆਰ ਦੀ ਮੁੱਖ ਭਾਸ਼ਾ ਸਰੀਰਕ ਸਪਰਸ਼ ਹੈ ਉਸ ਲਈ ਕੇਵਲ ਲਿੰਗਕ ਕਿਰਿਆ ਹੀ ਕਾਫ਼ੀ ਨਹੀਂ ਹੋਵੇਗੀ।

ਸਰੀਰਕ ਸਪਰਸ਼ ਦੇ ਦੁਆਰਾ ਪਿਆਰ ਨੂੰ ਮਹਿਸੂਸ ਕਰਨ ਦੀ ਇੱਛਾ ਇੱਕ ਵਿਅਕਤੀ ਨੂੰ ਅਨੈਤਿਕ ਲਿੰਗਕ ਕਿਰਿਆ ਦੇ ਲਈ ਪਰਤਾਵੇ ਵਿੱਚ ਪਾ ਸਕਦੀ ਹੈ। ਮਾਪਿਆਂ ਦੇ ਲਈ ਇਹ ਮਹੱਤਵਪੂਰਣ ਹੈ ਕਿ ਉਹ ਆਪਣੇ ਪੁੱਤਰਾਂ ਅਤੇ ਧੀਆਂ ਨੂੰ ਉਚਿੱਤ, ਗੈਰ-ਲਿੰਗਕ ਸਰੀਰਕ ਸਪਰਸ਼ ਦੇ ਕਾਫ਼ੀ ਪ੍ਰਗਟਾਵੇ ਦੇਣ, ਤਾਂ ਕਿ ਸਰੀਰਕ ਸਪਰਸ਼ ਲਈ ਉਨ੍ਹਾਂ ਦੇ ਬੱਚਿਆਂ ਨੂੰ ਪੂਰਾ ਕੀਤਾ ਜਾ ਸਕੇ। ਇੱਕ ਬੱਚਾ ਜੋ ਪਿਆਰਾ ਮਹਿਸੂਸ ਕਰਦਾ ਹੈ ਉਸ ਕੋਲ ਪਰਤਾਵੇ ਦਾ ਵਿਰੋਧ ਕਰਨ ਲਈ ਇੱਕ ਦ੍ਰਿੜ੍ਹ ਉਤਸ਼ਾਹ ਹੁੰਦਾ ਹੈ।

### ਸਰੀਰਕ ਸਪਰਸ਼ ਦੇ ਪਾਪ

ਜਿਨ੍ਹਾਂ ਲਈ ਪਿਆਰ ਦੀ ਮੁੱਖ ਭਾਸ਼ਾ ਸਪਰਸ਼ ਹੈ, ਉਹ ਖਾਸ ਕਰਕੇ ਸਰੀਰਕ ਰੁੱਖੇਪਣ ਦੁਆਰਾ ਪੀੜਤ ਹੁੰਦੇ ਹਨ। ਕਿਸੇ ਨੂੰ ਗੁੱਸੇ ਦਾ ਨਾਲ ਮਾਰਨਾ (ਗਲਾਤੀਆਂ 5:20), ਕਿਸੇ ਦੀ ਬੇਇੱਜ਼ਤੀ ਕਰਨ ਲਈ ਉਸ ਦੇ ਮੂੰਹ 'ਤੇ ਥੱਪੜ ਮਾਰਨਾ (ਮੱਤੀ 5:39) ਜਾਂ ਅਧਿਕਾਰ ਦੀ ਦੁਰਵਰਤੋਂ ਕਰਦੇ ਹੋਏ ਕਿਸੇ ਨੂੰ ਕੁੱਟਣਾ (ਮੱਤੀ 24:48-49) ਬੁਰਾਈ ਹੈ। ਇਨ੍ਹਾਂ ਵਚਨਾਂ ਦੇ ਕਾਰਨ, ਅਸੀਂ ਜਾਣਦੇ ਹਾਂ ਕਿ ਮਾਪਿਆਂ ਕੋਲ ਕਦੇ ਵੀ ਆਪਣੇ ਬੱਚਿਆਂ ਨੂੰ ਚੋਟ ਪਹੁੰਚਾਉਣ ਦਾ ਹੱਕ ਨਹੀਂ ਹੈ, ਤਦ ਵੀ ਨਹੀਂ ਹੈ ਜਦੋਂ ਉਹ ਗੁੱਸਾ ਜਾਂ ਨਿਰਾਸ਼ਾ ਮਹਿਸੂਸ ਕਰਦੇ ਹਨ। ਪਰਮੇਸ਼ੁਰ ਇਹ ਵੀ ਆਖਦਾ ਹੈ ਕਿ ਮਾਪਿਆਂ ਨੂੰ ਮਾਰਨਾ ਵੀ ਬੱਚਿਆਂ ਦੇ ਲਈ ਬੁਰਾਈ ਹੈ (ਕੂਚ 21:15)।

ਸੁਧਾਰਨ ਦੇ ਮਕਸਦ ਨਾਲ ਅਤੇ ਧਾਰਮਿਕਤਾ ਵਿੱਚ ਨਿਰਦੇਸ਼ ਦੇ ਲਈ, ਮਾਪਿਆਂ ਵੱਲੋਂ ਨਰਮਾਈ ਦੇ ਆਤਮਾ ਨਾਲ ਬੱਚਿਆਂ ਨੂੰ ਦਿੱਤੀ ਗਈ ਢੁੱਕਵੀਂ, ਨਿਯੰਤਰਿਤ, ਸਰੀਰਕ ਤਾੜਨਾ (ਕੁਲੁੱਸੀਆਂ 3:21), ਪਾਪ ਨਹੀਂ ਹੈ। ਇਸ ਦੇ ਬਜਾਏ, ਪਰਮੇਸ਼ੁਰ ਮਾਪਿਆਂ ਦੇ ਕੋਲੋਂ ਇਹ ਮੰਗ ਕਰਦਾ ਹੈ, ਉਨ੍ਹਾਂ ਨੂੰ ਉਨ੍ਹਾਂ ਦੇ ਬੱਚਿਆਂ ਦੀਆਂ ਰੂਹਾਂ ਨੂੰ ਛੁਡਾਉਣ ਦੇ ਯੋਗ ਬਣਾਉਂਦੇ ਹੋਏ (ਕਹਾਉਤਾਂ 13:24, ਕਹਾਉਤਾਂ 19:18, ਕਹਾਉਤਾਂ 29:15, ਇਬਰਾਨੀਆਂ 12:5-7)।

ਸਾਰੀ ਲਿੰਗਕ ਅਨੈਤਿਕਤਾ ਅਤੇ ਸ਼ੋਸ਼ਣ, ਅਤੇ ਰਿਸ਼ਤਿਆਂ ਵਿੱਚ ਲਿੰਗਕ ਰਿਸ਼ਤੇ (ਲੇਵੀਆਂ ਦੀ ਪੋਥੀ 20:11-12, 14) ਵੀ ਬੁਰਾਈ ਹਨ।

## ਆਪਣੀ ਪਿਆਰ ਦੀ ਮੁੱਖ ਭਾਸ਼ਾ ਨੂੰ ਪਛਾਨਣਾ

ਲੋਕ ਹਮੇਸ਼ਾ ਆਪਣੀ ਪਿਆਰ ਦੀ ਮੁੱਖ ਭਾਸ਼ਾ ਦੇ ਬਾਰੇ ਜਾਗਰੂਕ ਨਹੀਂ ਹੁੰਦੇ ਹਨ। ਹੋ ਸਕਦਾ ਹੈ ਕਿ ਉਨ੍ਹਾਂ ਤਰੀਕਿਆਂ ਬਾਰੇ ਨਾ ਸੋਚਦੇ ਹੋਣ ਜਿਨ੍ਹਾਂ ਦੁਆਰਾ ਉਹ ਦੂਸਰਿਆਂ ਲਈ ਆਪਣੇ ਪਿਆਰ ਨੂੰ ਅਕਸਰ ਪਰਗਟ ਕਰਦੇ ਹਨ। ਹੋ ਸਕਦਾ ਹੈ ਕਿ ਉਹ ਇਸ ਬਾਰੇ ਨਾ ਜਾਣਦੇ ਹੋਣ ਕਿ ਅਜਿਹਾ ਕੀ ਹੈ ਜੋ ਦੂਸਰੇ ਕਰਦੇ ਹਨ ਜੋ ਉਨ੍ਹਾਂ ਨੂੰ ਪਿਆਰੇ ਮਹਿਸੂਸ ਕਰਾਉਂਦਾ ਹੈ। ਜੋ ਤੁਸੀਂ ਪਿਆਰ ਦੀਆਂ ਪੰਜ ਭਾਸ਼ਾਵਾਂ ਬਾਰੇ ਜਾਣਦੇ ਹੋ ਉਸ ’ਤੇ ਵਿਚਾਰ ਕਰਨ ਲਈ ਇੱਕ ਪਲ ਦਾ ਸਮਾਂ ਲਵੋ।

► ਪਿਆਰ ਦੀ ਕਿਹੜੀ ਭਾਸ਼ਾ ਦੇ ਨਾਲ ਤੁਸੀਂ ਜ਼ਿਆਦਾ ਸੁਭਾਵਕ ਢੰਗ ਨਾਲ ਅਤੇ ਅਕਸਰ ਦੂਸਰਿਆਂ ਲਈ ਆਪਣੇ ਪਿਆਰ ਨੂੰ ਪਰਗਟ ਕਰਦੇ ਹੋ?

► ਤੁਹਾਡ ਪਿਆਰ ਦੀ ਮੁੱਖ ਭਾਸ਼ਾ ਕਿਹੜੀ ਹੈ ਅਤੇ ਦੂਸਰੇ ਦਰਜੇ ਦੀ ਭਾਸ਼ਾ ਕਿਹੜੀ ਹੈ? ਜੇ ਤੁਹਾਨੂੰ ਇਹ ਸਮਝਣ ਵਿੱਚ ਮੁਸ਼ਕਲ ਆ ਰਹੀ ਹੈ ਕਿ ਪਿਆਰ ਦਾ ਕਿਹੜਾ ਪਰਗਟਾਵਾ ਤੁਹਾਡੇ ਲਈ ਸਭ ਤੋਂ ਜ਼ਿਆਦਾ ਮਹੱਤਵ ਰੱਖਦਾ ਹੈ, ਤਾਂ ਇੱਥੇ ਤੁਹਾਡੀ ਮਦਦ ਕਰਨ ਲਈ ਕੁਝ ਸਵਾਲ ਦਿੱਤੇ ਗਏ ਹਨ:

- ਉਨ੍ਹਾਂ ਚੀਜ਼ਾਂ ਦੀਆਂ ਕਿਹੜੀਆਂ ਉਦਾਹਰਣਾਂ ਹਨ ਜੋ ਤੁਹਾਨੂੰ ਖੁਸ਼ੀ ਦਿੰਦੀਆਂ ਹਨ?
- ਤੁਹਾਡੀਆਂ ਪਸੰਦੀਦਾ ਯਾਦਾਂ ਕਿਹੜੀਆਂ ਹਨ?
- ਤੁਸੀਂ ਕਿਸ ਗੱਲ ਬਾਰੇ ਸ਼ਕਾਇਤ ਕਰਦੇ ਹੋ (ਇੱਥੋਂ ਤਕ ਕਿ ਚੁੱਪਚਾਪ ਵੀ)?
- ਕੀ ਹੈ ਜੋ ਤੁਹਾਨੂੰ ਦੁਖੀ ਕਰਦਾ ਹੈ?

## ਪਿਆਰ ਦੀਆਂ ਪੰਜ ਭਾਸ਼ਾਵਾਂ ਅਤੇ ਬੱਚੇ

ਸਾਰੇ ਲੋਕਾਂ ਨੂੰ ਨਿਯਮਤ ਤੌਰ ’ਤੇ ਪਿਆਰ ਦੀਆਂ ਸਾਰੀਆਂ ਪੰਜ ਭਾਸ਼ਾਵਾਂ ਵਿੱਚ ਪਿਆਰ ਦੇ ਪ੍ਰਗਟਾਵੇ ਪ੍ਰਾਪਤ ਕਰਨ ਦੀ ਲੋੜ ਹੁੰਦੀ ਹੈ, ਪਰ ਬੱਚਿਆਂ ਨੂੰ ਖਾਸ ਕਰਕੇ ਇਸ ਦੀ ਲੋੜ ਹੁੰਦੀ ਹੈ। ਸੰਤੁਲਿਤ, ਭਾਵਨਾਤਮਕ ਤੌਰ ’ਤੇ ਤੰਦਰੁਸਤ ਬੱਚੇ ਬਣਨ ਲਈ, ਉਨ੍ਹਾਂ ਨੂੰ ਲੋੜ ਹੈ ਕਿ ਉਨ੍ਹਾਂ ਨੂੰ ਲਗਾਤਾਰ ਅਤੇ ਵਾਰ-ਵਾਰ ਇਹ ਦੱਸਿਆ ਜਾਵੇ ਅਤੇ ਵਿਖਾਇਆ ਜਾਵੇ ਕਿ ਮਾਪੇ ਉਨ੍ਹਾਂ ਨੂੰ ਬਿਨਾਂ ਸ਼ਰਤ ਦੇ ਪਿਆਰ ਕਰਦੇ ਹਨ। ਜਦੋਂ ਮਾਪੇ ਹਰ ਦਿਨ ਕਈ ਵਾਰ ਆਪਣੇ ਬੱਚਿਆਂ ਦੇ ਲਈ ਵੱਖ-ਵੱਖ ਤਰੀਕਿਆਂ ਨਾਲ ਆਪਣੇ ਪਿਆਰ ਨੂੰ ਪਰਗਟ ਕਰਦੇ ਹਨ, ਇਹ ਉਨ੍ਹਾਂ ਦੇ ਬੱਚਿਆਂ ਦੇ ਦਿਲਾਂ ਦੀ ਮਿੱਟੀ ਉੱਤੇ ਨਰਮ, ਪੋਸ਼ਣ ਦੇਣ ਵਾਲੇ ਮੀਂਹ ਦੇ ਵਾਂਗ ਹੁੰਦਾ ਹੈ।

ਇਸ ਬਾਰੇ ਅਨੁਮਾਨ ਨਾ ਲਗਾਓ ਕਿ ਤੁਹਾਡੇ ਬੱਚੇ ਉਨ੍ਹਾਂ ਲਈ ਤੁਹਾਡੇ ਪਿਆਰ ਨੂੰ ਜਾਣਦੇ ਹਨ ਅਤੇ ਮਹਿਸੂਸ ਕਰਦੇ ਹਨ। ਜ਼ਰੂਰੀ ਹੈ ਕਿ ਉਹ ਵਾਰ-ਵਾਰ ਅਤੇ ਨਿਯਮਤ ਤੌਰ ’ਤੇ ਉਨ੍ਹਾਂ ਲਈ ਤੁਹਾਡੇ ਪਿਆਰ ਨੂੰ ਪਿਆਰ ਦੀਆਂ ਦੂਸਰੀਆਂ ਭਾਸ਼ਾਵਾਂ ਦੇ ਨਾਲ-ਨਾਲ ਉਨ੍ਹਾਂ ਲਈ ਪਿਆਰ ਦੀ ਮੁੱਖ ਭਾਸ਼ਾ ਦੇ ਵਿੱਚ ਪਰਗਟ ਹੁੰਦਾ ਵੇਖਣ।

## ਬੱਚੇ ਦੀ ਪਿਆਰ ਦੀ ਮੁੱਖ ਭਾਸ਼ਾ ਨੂੰ ਨਿਰਧਾਰਤ ਕਰਨਾ

ਗੈਰੀ ਚਾਪਮੈਨ ਅਤੇ ਰੋਸ ਕੈਮਬੈਲ, ਇਸ ਲਈ ਇਨ੍ਹਾਂ ਵਿਚਾਰਾਂ ਨੂੰ ਦੱਸਦੇ ਹਨ ਕਿ ਤੁਸੀਂ ਕਿਵੇਂ ਆਪਣੇ ਬੱਚੇ ਦੀ ਪਿਆਰ ਦੀ ਮੁੱਖ ਭਾਸ਼ਾ ਨੂੰ ਖੋਜ ਸਕਦੇ ਹੋ:[35]

1. ਧਿਆਨ ਦੇਵੋ ਕਿ ਤੁਹਾਡਾ ਬੱਚਾ ਤੁਹਾਡੇ ਲਈ ਪਿਆਰ ਨੂੰ ਕਿਵੇਂ ਪਰਗਟ ਕਰਦਾ ਹੈ।
2. ਧਿਆਨ ਦੇਵੋ ਕਿ ਤੁਹਾਡਾ ਬੱਚਾ ਦੂਸਰਿਆਂ ਲਈ ਪਿਆਰ ਨੂੰ ਕਿਵੇਂ ਪਰਗਟ ਕਰਦਾ ਹੈ।
3. ਸੁਣੋ ਕਿ ਤੁਹਾਡਾ ਬੱਚਾ ਅਕਸਰ ਕਿਸ ਚੀਜ਼ ਲਈ ਬੇਨਤੀ ਕਰਦਾ ਹੈ।
4. ਧਿਆਨ ਦੇਵੋ ਕਿ ਤੁਹਾਡਾ ਬੱਚਾ ਅਕਸਰ ਕਿਸ ਚੀਜ਼ ਬਾਰੇ ਸ਼ਕਾਇਤ ਕਰਦਾ ਹੈ।
5. ਆਪਣੇ ਬੱਚੇ ਨੂੰ ਦੋ ਵਿਕਲਪਾਂ ਦੇ ਵਿੱਚ ਚੋਣ ਕਰਨ ਦਿਓ।

ਹੋ ਸਕਦਾ ਹੈ ਕਿ ਪੰਜ ਸਾਲ ਦੀ ਉਮਰ ਤੋਂ ਪਹਿਲਾਂ ਬੱਚੇ ਲਈ ਪਿਆਰ ਦੀ ਮੁੱਖ ਭਾਸ਼ਾ ਨੂੰ ਨਿਰਧਾਰਤ ਕਰਨਾ ਸੰਭਵ ਨਾ ਹੋਵੇ।

## ਬੱਚਿਆਂ ਲਈ ਪਿਆਰ ਦੀਆਂ ਭਾਸ਼ਾਵਾਂ ਬਾਰੇ ਵਿਸ਼ੇਸ਼ ਨੋਟਸ

ਇੱਥੇ ਅਸੀਂ ਪਿਆਰ ਦੀ ਹਰੇਕ ਭਾਸ਼ਾ ਬਾਰੇ ਵਿਸਥਾਰ ਨਾਲ ਗੱਲ ਨਹੀਂ ਕਰਾਂਗੇ ਕਿਉਂਕਿ ਅਸੀਂ ਹਰੇਕ ਬਾਰੇ ਪਹਿਲਾਂ ਹੀ ਚਰਚਾ ਕੀਤੀ ਹੈ। ਇਸ ਦੇ ਬਜਾਏ, ਅਸੀਂ ਬੱਚਿਆਂ ਲਈ ਪਿਆਰ ਵਿਖਾਉਣ ਦੇ ਕੁਝ ਵਿਸ਼ੇਸ਼ ਪ੍ਰਗਟਾਵਿਆਂ ਅਤੇ ਉਪਯੋਗਾਂ ਉੱਤੇ ਧਿਆਨ ਦੇਵਾਂਗੇ।

### *ਪੁਸ਼ਟੀ ਦੇ ਸ਼ਬਦ*

ਜਦੋਂ ਕੋਈ ਅਕਸਰ ਗਲਤ ਕਰ ਰਿਹਾ ਹੁੰਦਾ ਹੈ ਜਾਂ ਚੰਗਾ ਪ੍ਰਦਰਸ਼ਨ ਨਹੀਂ ਕਰ ਰਿਹਾ ਹੁੰਦਾ, ਤਦ ਪੁਸ਼ਟੀ ਦੇਣਾ ਖਾਸ ਕਰਕੇ ਮੁਸ਼ਕਲ ਲੱਗਦਾ ਹੈ। ਪਰ ਜੇ ਤੁਸੀਂ ਬੋਲਣ ਲਈ ਕੁਝ ਗੰਭੀਰ ਅਤੇ ਪੁਸ਼ਟੀ ਦੇਣ ਵਾਲਾ ਭਾਲ ਸਕਦੇ ਹੋ ਤਾਂ ਇਹ ਤੁਹਾਡੇ ਬੱਚਿਆਂ ਨੂੰ ਪ੍ਰੇਰਿਤ ਕਰੇਗਾ, ਅਤੇ ਇਸ ਦੀ ਜ਼ਿਆਦਾ ਸੰਭਾਵਨਾ ਹੈ ਕਿ ਉਹ ਉੱਨਤੀ ਕਰ ਸਕਣਗੇ।

### *ਮਹੱਤਵਪੂਰਣ ਸਮਾਂ ਇਕੱਠੇ ਬਿਤਾਉਣਾ*

ਪਰਿਵਾਰਾਂ ਦੇ ਲਈ ਇਹ ਬਹੁਤ ਲਾਭਦਾਇਕ ਹੈ ਕਿ ਉਹ ਘੱਟੋ-ਘੱਟ ਦਿਨ ਵਿੱਚ ਇੱਕ ਵਾਰ ਇਕੱਠੇ ਖਾਣਾ ਖਾਣ ਅਤੇ ਇਸ ਸਮੇਂ ਦੌਰਾਨ ਇੱਕ ਦੂਸਰੇ ਨਾਲ ਗੱਲ ਕਰਨ ਉੱਤੇ ਧਿਆਨ ਦੇਣ।

---

[35] Dr. Gary Chapman and Dr. Ross Campbell, *The Five Love Languages of Children*, (Northfield Publishing, Chicago, 1997), 101-103.

ਜਿਹੜੇ ਪਰਿਵਾਰਾਂ ਦੇ ਵਿੱਚ ਜ਼ਿਆਦਾ ਬੱਚੇ ਹਨ, ਤਾਂ ਇੱਕ ਬੱਚੇ ਦੇ ਨਾਲ ਮਹੱਤਵਪੂਰਣ ਸਮਾਂ ਬਿਤਾਉਣ ਨੂੰ ਅਣਦੇਖਿਆ ਕਰ ਦੇਣਾ ਆਸਾਨ ਹੁੰਦਾ ਹੈ। ਹਾਲਾਂਕਿ, ਹਰ ਇੱਕ ਬੱਚੇ ਦੇ ਨਾਲ ਕੁਝ ਖਾਸ ਕਰਨ ਲਈ ਸਮਾਂ ਕੱਢਣਾ ਉਨ੍ਹਾਂ ਲਈ ਤੁਹਾਡੇ ਪਿਆਰ ਨੂੰ ਮਹਿਸੂਸ ਕਰਨ ਵਿੱਚ ਉਨ੍ਹਾਂ ਦੀ ਮਦਦ ਕਰੇਗਾ। ਹਰੇਕ ਬੱਚੇ ਦੇ ਨਾਲ ਇਕੱਲੇ ਸਮਾਂ ਬਿਤਾਉਣ ਦੇ ਨਾਲ ਉਨ੍ਹਾਂ ਨੂੰ ਆਪਣੇ ਨਿੱਜੀ ਵਿਚਾਰਾਂ ਨੂੰ ਸਾਂਝਾ ਕਰਨ ਦੇ ਲਈ ਇੱਕ ਸੁਰੱਖਿਅਤ ਮੌਕਾ ਮਿਲੇਗਾ ਜਿਨ੍ਹਾਂ ਵਿਚਾਰਾਂ ਨੂੰ ਆਪਣੇ ਭੈਣ-ਭਰਾਵਾਂ ਜਾਂ ਪਰਿਵਾਰ ਦੇ ਹੋਰ ਮੈਂਬਰਾਂ ਸਾਹਮਣੇ ਸਾਂਝਾ ਕਰਨ ਲਈ ਉਹ ਝਿਜਕਦੇ ਹੋਣਗੇ।

ਬਹੁਤ ਵਾਰ, ਬੱਚੇ ਅਚਾਨਕ ਆਪਣੀ ਮਾਂ ਜਾਂ ਆਪਣੇ ਪਿਤਾ ਦੇ ਨਾਲ ਇਕੱਲੇ ਸਮਾਂ ਬਿਤਾਉਣ ਦੇ ਲਈ ਬੇਨਤੀ ਕਰਨਗੇ। ਕਈ ਵਾਰ ਸੌਣ ਦੇ ਸਮੇਂ ਇੱਕ ਬੱਚਾ ਕਿਸੇ ਚੀਜ਼ ਬਾਰੇ ਗੱਲ ਕਰਨਾ ਚਾਹੇਗਾ ਜੋ ਉਨ੍ਹਾਂ ਦੇ ਦਿਲਾਂ ਉੱਤੇ ਇੱਕ ਬੋਝ ਹੈ। ਮਾਪਿਆਂ ਦੇ ਲਈ ਇਹ ਬਹੁਤ ਮਹੱਤਵਪੂਰਣ ਹੈ ਕਿ ਉਹ ਅਜਿਹੇ ਪਲਾਂ ਦੇ ਵਿੱਚ ਆਪਣੇ ਬੱਚਿਆਂ ਦੀ ਗੱਲ ਸੁਣਨ। ਬਹੁਤ ਵਾਰ, ਇੱਕ ਬੱਚਾ ਆਤਮਿਕ ਮਸਲੇ ਦੇ ਨਾਲ ਨਜਿੱਠ ਰਿਹਾ ਹੁੰਦਾ ਹੈ, ਅਤੇ ਆਪਣੀ ਮਾਂ ਜਾਂ ਆਪਣੇ ਪਿਤਾ ਕੋਲ ਨਿੱਜੀ ਤੌਰ ’ਤੇ ਆਉਣ ਦੁਆਰਾ, ਉਹ ਆਤਮਿਕ ਮਦਦ ਦੀ ਭਾਲ ਕਰ ਰਿਹਾ ਹੁੰਦਾ ਹੈ। ਅਜਿਹੇ ਸਮਿਆਂ ਵਿੱਚ ਮਾਪਿਆਂ ਦੇ ਕੋਲ ਇੱਕ ਵਿਸ਼ੇਸ਼ ਮੌਕਾ ਹੁੰਦਾ ਹੈ ਕਿ ਉਹ ਆਪਣੇ ਬੱਚਿਆਂ ਦੀ ਯਿਸੂ ਵੱਲ ਅਗਵਾਈ ਕਰ ਸਕਣ।

ਜਦੋਂ ਤੁਸੀਂ ਆਪਣੇ ਬੱਚਿਆਂ ਦੇ ਨਾਲ ਸਮਾਂ ਬਿਤਾਉਂਦੇ ਹੋ, ਤਾਂ ਉਨ੍ਹਾਂ ਤੋਂ ਅਜਿਹੇ ਸਵਾਲ ਪੁੱਛੋ ਜਿਨ੍ਹਾਂ ਲਈ ਵਿਸਥਾਰ ਨਾਲ ਜਵਾਬ ਦੇਣ ਦੀ ਲੋੜ ਹੁੰਦੀ ਹੈ, ਇਹ ਤੁਹਾਡੀ ਇਹ ਸਮਝਣ ਵਿੱਚ ਮਦਦ ਕਰੇਗਾ ਕਿ ਉਹ ਕਿਵੇਂ ਸੋਚ ਰਹੇ ਹਨ ਅਤੇ ਉਹ ਕੀ ਮਹਿਸੂਸ ਕਰ ਰਹੇ ਹਨ। ਵਿਸਥਾਰ ਸਹਿਤ ਜਵਾਬ ਵਾਲੇ ਸਵਾਲਾਂ ਦਾ ਜਵਾਬ “ਹਾਂ” ਜਾਂ “ਨਾਂਹ” ਦੇ ਨਾਲ ਨਹੀਂ ਦਿੱਤਾ ਜਾ ਸਕਦਾ। ਇਨ੍ਹਾਂ ਸਵਾਲਾਂ ਦੇ ਲਈ ਇੱਕ ਵਿਸ਼ੇਸ਼ ਉੱਤਰ ਨਹੀਂ ਹੁੰਦਾ ਹੈ। ਅਜਿਹੇ ਸਵਾਲ ਆਮ ਤੌਰ ’ਤੇ “ਕਿਉਂ...” “ਕਿਵੇਂ...” ਜਾਂ “ਕੀ...” ਦੇ ਨਾਲ ਸ਼ੁਰੂ ਹੁੰਦੇ ਹਨ। ਵਿਸਥਾਰ ਨਾਲ ਗੱਲਬਾਤ ਕਰਨ ਦੀ ਸ਼ੁਰੂਆਤ ਅਜਿਹੀਆਂ ਪੰਕਤੀਆਂ ਦੇ ਨਾਲ ਹੁੰਦੀ ਹੈ “ਮੈਨੂੰ... ਬਾਰੇ ਦੱਸੋ” ਜਾਂ “ਤੁਸੀਂ... ਬਾਰੇ ਕੀ ਸੋਚਦੇ ਹੋ।”

ਜਦੋਂ ਤੁਹਾਡਾ ਬੱਚਾ ਤੁਹਾਡੇ ਸਵਾਲਾਂ ਦੇ ਜਵਾਬ ਦਿੰਦਾ ਹੈ, ਉਨ੍ਹਾਂ ਦੇ ਜਵਾਬ ਨੂੰ ਧਿਆਨ ਨਾਲ ਸੁਣਨਾ ਯਕੀਨੀ ਬਣਾਓ ਅਤੇ ਢੁੱਕਵੇਂ ਢੰਗ ਨਾਲ ਜਵਾਬ ਦਿਓ। ਕੁਝ ਮਸਲਿਆਂ ਵਿੱਚ, ਤੁਸੀਂ ਫਾਲੋਅਪ ਦੇ ਲਈ ਸਵਾਲ ਪੁੱਛਣਾ ਚਾਹੋਗੇ। ਹੋਰ ਸਮਿਆਂ ’ਤੇ, ਤੁਸੀਂ ਇਹ ਯਕੀਨੀ ਬਣਾਉਣ ਲਈ ਸਪਸ਼ਟ ਕਰਨਾ ਚਾਹੋਗੇ ਕਿ ਤੁਸੀਂ ਉਹ ਸਮਝਦੇ ਹੋ ਜੋ ਉਹ ਸਮਝਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਕਈ ਵਾਰ ਤੁਹਾਨੂੰ ਉਸ ਵਿੱਚ ਉਨ੍ਹਾਂ ਦੀ ਪੁਸ਼ਟੀ ਕਰਨੀ ਚਾਹੀਦੀ ਹੈ ਜੋ ਉਹ ਸਮਝ ਰਹੇ ਹਨ ਜਾਂ ਮਹਿਸੂਸ ਕਰ ਰਹੇ ਹਨ। ਇਹ ਮਹੱਤਵਪੂਰਣ ਹੈ ਕਿ ਬੱਚਾ ਇਹ ਮਹਿਸੂਸ ਨਾ ਕਰੇ ਕਿ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ, ਪਰ ਇਹ ਕਿ ਗੱਲਬਾਤ ਸੁਭਾਵਕ ਹੋਵੇ। ਤੁਹਾਡਾ ਧਿਆਨ ਦੇ ਨਾਲ ਸੁਣਨਾ ਬੱਚੇ ਦੀ ਇਹ ਮਹਿਸੂਸ ਕਰਨ ਵਿੱਚ ਮਦਦ ਕਰੇਗਾ ਕਿ ਉਸ ਦੀ ਗੱਲ ਸੁਣੀ ਗਈ ਹੈ, ਉਸ ਨੂੰ ਮਹੱਤਵ ਦਿੱਤਾ ਗਿਆ ਹੈ, ਅਤੇ ਉਸ ਨੂੰ ਪਿਆਰ ਕੀਤਾ ਗਿਆ ਹੈ।

ਇੱਕ ਬੱਚੇ ਦੀ ਇੱਕ ਕਹਾਣੀ ਨੂੰ ਸੁਣਨ ਦੇ ਲਈ ਸਮਾਂ ਕੱਢਣਾ ਵੀ ਉਨ੍ਹਾਂ ਦੇ ਲਈ ਤੁਹਾਡੇ ਪਿਆਰ ਨੂੰ ਉਸ ਤਰੀਕੇ ਨਾਲ ਪਰਗਟ ਕਰਦਾ ਹੈ ਜੋ ਉਨ੍ਹਾਂ ਲਈ ਬਹੁਤ ਮਹੱਤਵਪੂਰਣ ਹੈ। ਬੱਚਿਆਂ ਨੂੰ ਕਹਾਣੀਆਂ ਸੁਣਾਉਣਾ ਜਾਂ ਉਨ੍ਹਾਂ ਲਈ ਕਿਤਾਬਾਂ ਨੂੰ ਪੜ੍ਹਨ ਵਾਸਤੇ ਸਮਾਂ ਕੱਢਣਾ ਵੀ ਮਹੱਤਵਪੂਰਣ ਸਮਾਂ ਇਕੱਠੇ ਬਿਤਾਉਣ ਦਾ ਇੱਕ ਅਦਭੁਤ ਤਰੀਕਾ ਹੈ।

ਮਿਲਕੇ ਗੇਮਾਂ ਖੇਡਣਾ ਜਾਂ ਮਜ਼ੇਦਾਰ ਪ੍ਰੋਜੈਕਟ ਉੱਤੇ ਮਿਲਕੇ ਕੰਮ ਕਰਨਾ ਬੱਚਿਆਂ ਦੇ ਨਾਲ ਮਹੱਤਵਪੂਰਣ ਸਮਾਂ ਬਿਤਾਉਣ ਦੇ ਹੋਰ ਤਰੀਕੇ ਹਨ।

ਕਈ ਮਾਪੇ ਆਪਣੇ ਬੱਚਿਆਂ ਦੇ ਨਾਲ ਲੋੜ ਅਨੁਸਾਰ ਸਮਾਂ ਨਹੀਂ ਬਿਤਾਉਂਦੇ ਹਨ। ਉਹ ਆਪਣੇ ਬੱਚਿਆਂ ਨੂੰ ਤੋਹਫ਼ੇ ਦੇਣ ਨਾਲ ਇਸ ਦੀ ਭਰਪਾਈ ਕਰਨ ਦੀ ਕੋਸ਼ਿਸ਼ ਕਰਦੇ ਹਨ। ਤੋਹਫ਼ੇ ਮਹੱਤਵਪੂਰਣ ਸਮਾਂ ਇਕੱਠੇ ਬਿਤਾਉਣ ਦਾ ਸਥਾਨ ਨਹੀਂ ਲੈ ਸਕਦੇ। ਬੱਚਿਆਂ ਨੂੰ ਆਪਣੇ ਮਾਪਿਆਂ ਦੇ ਨਾਲ ਜ਼ਿਆਦਾ ਸਮਾਂ ਬਿਤਾਉਣ ਦੀ ਲੋੜ ਹੁੰਦੀ ਹੈ, ਭਾਵੇਂ ਉਨ੍ਹਾਂ ਲਈ ਪਿਆਰ ਦੀ ਮੁੱਖ ਭਾਸ਼ਾ ਕੋਈ ਵੀ ਹੋਵੇ। ਤੋਹਫਿਆਂ ਦੀ ਕੋਈ ਵੀ ਗਿਣਤੀ, ਤੁਹਾਡੇ ਬੱਚਿਆਂ ਦੇ ਨਾਲ ਮਹੱਤਵਪੂਰਣ ਸਮਾਂ ਬਿਤਾਉਣ ਦਾ ਸਥਾਨ ਨਹੀਂ ਲਵੇਗੀ।

***ਤੋਹਫ਼ੇ***

ਬਹੁਤੇ ਮਾਪੇ ਆਪਣੇ ਬੱਚੇ ਲਈ ਕਦੇ ਹੀ ਕੋਈ ਖਿਡਾਉਣਾ ਜਾਂ ਕੋਈ ਦਿਲਚਸਪ ਕਿਤਾਬ ਖਰੀਦਦੇ ਹਨ, ਕਿਉਂਕਿ ਉਹ ਚੀਜ਼ਾਂ ਜ਼ਰੂਰੀ ਨਹੀਂ ਜਾਪਦੀਆਂ। ਇਹ ਚੀਜ਼ਾਂ ਪਿਆਰ ਦਾ ਇੱਕ ਪ੍ਰਗਟਾਵਾਂ ਹੋਣ ਤੋਂ ਇਲਾਵਾ, ਬੱਚੇ ਦੇ ਵਿਕਾਸ ਲਈ ਮਦਦਗਾਰ ਹੋ ਸਕਦੀਆਂ ਹਨ।

***ਸੇਵਾ ਦੇ ਕੰਮ***

ਸੇਵਾ ਦੇ ਕੰਮਾਂ ਵਿੱਚ ਆਪਣੇ ਬੱਚੇ ਦੇ ਲਈ ਪਿਆਰ ਨੂੰ ਪਰਗਟ ਕਰਨ ਵਾਸਤੇ ਕੁਝ ਸੁਝਾਅ:

- ਉਨ੍ਹਾਂ ਦੇ ਜਨਮ ਦਿਨ ਲਈ ਉਨ੍ਹਾਂ ਦਾ ਪਸੰਦੀਦਾ ਖਾਣਾ ਬਣਾਓ
- ਜਦੋਂ ਉਹ ਬੀਮਾਰ ਹਨ ਤਾਂ ਕੋਮਲਤਾ ਨਾਲ ਉਨ੍ਹਾਂ ਦੀ ਦੇਖਭਾਲ ਕਰੋ
- ਆਪਣੇ ਬੱਚੇ ਦੀ ਸਕੂਲ ਦੇ ਇੱਕ ਪ੍ਰੋਜੈਕਟ ਵਿੱਚ ਮਦਦ ਕਰੋ
- ਆਪਣੇ ਬੱਚੇ ਦੇ ਨਾਲ ਘਰ ਦੇ ਕੰਮ ਕਰੋ ਅਤੇ ਉਨ੍ਹਾਂ ਦੇ ਕਾਮ ਦੀ ਪ੍ਰਸ਼ੰਸ਼ਾ ਕਰੋ
- ਆਪਣੇ ਬੱਚੇ ਦੇ ਨਾਲ ਕਿਸੇ ਲਈ ਕੁਝ ਮਦਦਗਾਰ ਕਰੋ ਜੋ ਤੁਹਾਡੇ ਘਰ ਦਾ ਮੈਂਬਰ ਨਹੀਂ ਹੈ

***ਸਰੀਰਕ ਸਪਰਸ਼***

ਸਾਰੇ ਬੱਚਿਆਂ ਅਤੇ ਛੋਟਿਆਂ ਨੂੰ ਸਰੀਰਕ ਛੋਹ ਰਾਹੀਂ ਪਿਆਰ ਦਾ ਅਨੁਭਵ ਕਰਨਾ ਚਾਹੀਦਾ ਹੈ। ਬੱਚਿਆਂ ਦੀਆਂ ਵਿਹਾਰਕ ਜ਼ਰੂਰਤਾਂ ਹੁੰਦੀਆਂ ਹਨ, ਜਿਵੇਂ ਕਿ ਖੁਆਉਣਾ ਅਤੇ ਉਨ੍ਹਾਂ ਦੇ ਡਾਇਪਰ ਬਦਲਣਾ, ਪਰ ਉਨ੍ਹਾਂ ਨੂੰ ਚੁੱਕਣ, ਜੱਫੀ ਪਾਉਣ, ਪਿਆਰ ਕਰਨ ਅਤੇ

ਚੁੰਮਣ ਦੀ ਵੀ ਜ਼ਰੂਰਤ ਹੁੰਦੀ ਹੈ। ਇਹ ਕੋਮਲ ਸਰੀਰਕ ਛੋਹ ਪਿਆਰ ਨੂੰ ਇਸ ਤਰੀਕੇ ਨਾਲ ਪਰਗਟ ਕਰਦੀ ਹੈ ਜਿਸ ਤਰ੍ਹਾਂ ਉਹ ਮਹਿਸੂਸ ਕਰਦੇ ਹਨ ਅਤੇ ਉਨ੍ਹਾਂ ਦੀ ਭਾਵਨਾਤਮਕ ਅਤੇ ਮਾਨਸਿਕ ਸਿਹਤ ਲਈ ਜ਼ਰੂਰੀ ਹੈ।

ਇੱਕ ਪਿਤਾ ਲਈ ਆਪਣੇ ਪੁੱਤਰਾਂ ਨਾਲ ਮਸਤੀ ਕਰਨਾ ਪਿਆਰ ਦਾ ਪ੍ਰਗਟਾਵਾ ਹੋ ਸਕਦਾ ਹੈ। ਮੁਕਾਬਲਾ ਦੁੱਖਦਾਇਕ, ਹਾਵੀ, ਕਾਬੂ ਤੋਂ ਬਾਹਰ, ਜਾਂ ਗੁੱਸੇ ਦਾ ਕਾਰਨ ਨਹੀਂ ਹੋਣਾ ਚਾਹੀਦਾ।

**ਮਾਪਿਆਂ ਦੇ ਕੰਮਾਂ ਅਤੇ ਸ਼ਬਦਾਂ ਦੇ ਲੰਬੇ ਸਮੇਂ ਲਈ ਪ੍ਰਭਾਵ**

ਮਾਪਿਆਂ ਨੂੰ ਆਪਣੇ ਬੱਚਿਆਂ ਨਾਲ ਆਪਣੇ ਵਿਹਾਰ ਵਿੱਚ ਪਰਮੇਸ਼ੁਰ ਦੀ ਮਿਸਾਲ ਦੀ ਪਾਲਣਾ ਕਰਨੀ ਚਾਹੀਦੀ ਹੈ। ਉਹ ਹਮੇਸ਼ਾ ਆਪਣੇ ਬੱਚਿਆਂ ਦੀ ਦੇਖਭਾਲ ਸੰਪੂਰਣ, ਸਵੈ-ਤਿਆਗ ਵਾਲੇ, ਬਿਨਾਂ ਸ਼ਰਤ ਦੇ ਪਿਆਰ ਨਾਲ ਕਰਦਾ ਹੈ। ਉਹ ਆਪਣੇ ਬੱਚਿਆਂ ਨੂੰ ਉਨ੍ਹਾਂ ਲਈ ਆਪਣੇ ਪਿਆਰ **ਦੇ ਕਾਰਨ** ਤਾੜਦਾ, ਸੁਧਾਰਦਾ ਹੈ ਅਤੇ ਸਿਖਲਾਈ ਦਿੰਦਾ ਹੈ (ਇਬਰਾਨੀਆਂ 12:5-7)। ਇਹ ਇੱਕ ਪਿਤਾ/ਬੱਚੇ ਦੇ ਰਿਸ਼ਤੇ ਦੇ ਸੰਦਰਭ ਵਿੱਚ ਹੈ ਕਿ ਉਹ ਵਿਸ਼ਵਾਸੀਆਂ ਦੇ ਜੀਵਨਾਂ ਵਿੱਚ ਉਨ੍ਹਾਂ ਨੂੰ ਆਪਣੇ ਵਰਗੇ ਬਣਾਉਣ ਲਈ ਕੰਮ ਕਰਦਾ ਹੈ (ਇਬਰਾਨੀਆਂ 12:10-11)।

ਮਾਪਿਆਂ ਦਾ ਆਪਣੇ ਬੱਚਿਆਂ ਲਈ ਪਿਆਰ, ਉਨ੍ਹਾਂ ਦੇ ਬੱਚਿਆਂ ਦੇ ਵਿਹਾਰ 'ਤੇ ਨਿਰਭਰ ਨਹੀਂ ਹੋਣਾ ਚਾਹੀਦਾ। ਬੇਸ਼ੱਕ, ਵਿਹਾਰ ਲਈ ਸਕਾਰਾਤਮਕ ਇਨਾਮ ਜਾਂ ਨਕਾਰਾਤਮਕ ਨਤੀਜੇ ਬੱਚਿਆਂ ਦੀ ਸਿਖਲਾਈ ਦਾ ਇੱਕ ਢੁਕਵਾਂ ਹਿੱਸਾ ਹਨ, ਪਰ *ਪਿਆਰ ਦੇ ਪ੍ਰਗਟਾਵੇ* ਵਿਹਾਰ ਦੇ ਕਾਰਣ ਨਹੀਂ ਦਿੱਤੇ ਜਾਣੇ ਚਾਹੀਦੇ ਜਾਂ ਵਿਹਾਰ ਦੇ ਕਾਰਣ ਰੋਕੇ ਨਹੀਂ ਜਾਣੇ ਚਾਹੀਦੇ।

ਜੇਕਰ ਇੱਕ ਬੱਚਾ ਆਪਣੇ ਮਾਪਿਆਂ ਦੇ ਬਿਨਾਂ ਸ਼ਰਤ ਦੇ ਪਿਆਰ ਦਾ ਅਨੁਭਵ ਲਗਾਤਾਰ ਕਰਦਾ ਹੈ, ਤਾਂ ਉਹ ਆਪਣੇ ਲਈ ਪਰਮੇਸ਼ੁਰ ਦੇ ਪਿਆਰ ਨੂੰ ਵਧੇਰੇ ਆਸਾਨੀ ਨਾਲ ਸਮਝੇਗਾ ਅਤੇ ਇਸ ’ਤੇ ਵਿਸ਼ਵਾਸ ਕਰੇਗਾ। ਹਾਲਾਂਕਿ, ਉਨ੍ਹਾਂ ਲਈ ਉਨ੍ਹਾਂ ਦੇ ਵੱਡੇ ਹੋ ਜਾਣ ਤੋਂ ਬਾਅਦ ਵੀ ਇੱਕ ਪਿਆਰ ਕਰਨ ਵਾਲੇ ਸਵਰਗੀ ਪਿਤਾ ਨੂੰ ਸਮਝਣਾ ਅਤੇ ਉਸ ਉੱਤੇ ਵਿਸ਼ਵਾਸ ਕਰਨਾ ਵਧੇਰੇ ਮੁਸ਼ਕਲ ਹੁੰਦਾ ਹੈ ਜਿਨ੍ਹਾਂ ਨਾਲ ਬੱਚਿਆਂ ਦੇ ਰੂਪ ਵਿੱਚ ਦੁਰਵਿਹਾਰ ਕੀਤਾ ਗਿਆ ਸੀ ਜਾਂ ਜਿਨ੍ਹਾਂ ਨੂੰ ਅਣਵੇਖਿਆ ਕੀਤਾ ਗਿਆ ਸੀ।

ਬੱਚਿਆਂ ਦੀ ਆਪਣੇ ਆਪ ਬਾਰੇ ਸਮਝ - ਖਾਸ ਕਰਕੇ ਵਿਅਕਤੀਗਤ ਤੌਰ 'ਤੇ ਉਨ੍ਹਾਂ ਦਾ ਮਹੱਤਵ - ਲਗਭਗ ਹਮੇਸ਼ਾ ਉਸ ਤੋਂ ਆਉਂਦੀ ਹੈ ਜੋ ਉਹ ਦੂਸਰਿਆਂ ਤੋਂ ਸੁਣਦੇ ਅਤੇ ਸਮਝਦੇ ਹਨ। ਉਨ੍ਹਾਂ ਦੇ ਮਾਪਿਆਂ ਦੇ ਕੰਮ ਅਤੇ ਸ਼ਬਦ ਸਭ ਤੋਂ ਪ੍ਰਭਾਵਸ਼ਾਲੀ ਹੁੰਦੇ ਹਨ, ਪਰ ਰਿਸ਼ਤੇਦਾਰਾਂ ਅਤੇ ਦੋਸਤਾਂ ਦਾ ਵੀ ਵੱਡਾ ਪ੍ਰਭਾਵ ਹੁੰਦਾ ਹੈ। ਬੱਚਿਆਂ ਨੂੰ ਪਿਆਰ ਦੇ ਪ੍ਰਗਟਾਵੇ ਮਿਲਦੇ ਹਨ ਜਾਂ ਨਹੀਂ ਜਿਨ੍ਹਾਂ ਦੀ ਉਨ੍ਹਾਂ ਨੂੰ ਲੋੜ ਹੁੰਦੀ ਹੈ, ਇਹ ਉਸ ਦਾ ਹਿੱਸਾ ਹੈ ਜੋ ਉਨ੍ਹਾਂ ਦੀ ਖੁਦ ਬਾਰੇ ਤਸਵੀਰ ਨੂੰ ਬਣਾਉਂਦਾ ਹੈ। ਜਦੋਂ ਬੱਚਿਆਂ ਤੋਂ ਪਿਆਰ ਨੂੰ ਰੋਕਿਆ ਜਾਂਦਾ ਹੈ, ਜਾਂ ਬੱਚੇ ਭਾਵਨਾਤਮਕ ਜਾਂ ਸਰੀਰਕ ਸ਼ੋਸ਼ਣ ਦਾ ਅਨੁਭਵ ਕਰਦੇ ਹਨ, ਤਾਂ ਇਹ ਉਨ੍ਹਾਂ ਦੇ ਖੁਦ ਦੇ ਮਹੱਤਵ ਪ੍ਰਤੀ ਉਨ੍ਹਾਂ ਦੇ ਨਜ਼ਰੀਏ ਨੂੰ ਇਸ ਤਰੀਕੇ ਨਾਲ ਨੁਕਸਾਨ ਪਹੁੰਚਾਉਂਦਾ ਹੈ ਜੋ ਉਨ੍ਹਾਂ ਦੇ ਪੂਰੇ ਜੀਵਨ ਨੂੰ ਪ੍ਰਭਾਵਿਤ ਕਰਦਾ ਹੈ।

ਮਾਪਿਆਂ ਦੇ ਸ਼ਬਦ ਬੱਚਿਆਂ ਦੀ ਉਨ੍ਹਾਂ ਦੇ ਆਪਣੇ ਬਾਰੇ ਸਮਝ ਨੂੰ ਪ੍ਰਭਾਵਿਤ ਕਰਦੇ ਹਨ। ਉਦਾਹਰਣ ਦੇ ਲਈ:

- **ਪੁਸ਼ਟੀ ਦੇ ਸ਼ਬਦ:** "ਤੁਹਾਡੇ ਐਨੀ ਮਿਹਨਤ ਕਰਨ ਕਰਨ ਲਈ ਮੈਨੂੰ ਤੁਹਾਡੇ 'ਤੇ ਮਾਣ ਹੈ! ਮੈਂ ਜਾਣਦਾ ਹਾਂ ਕਿ ਤੁਸੀਂ ਇਹ ਕਰ ਸਕਦੇ ਹੋ!" ਇਹ ਬੱਚਿਆਂ ਨੂੰ ਦੱਸਦਾ ਹੈ ਕਿ ਕੋਸ਼ਿਸ਼ ਮਹੱਤਵਪੂਰਣ ਹੈ, ਅਤੇ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ ਪ੍ਰਾਪਤੀਆਂ ਕਰਨ ਵਾਲੇ ਬਣ ਸਕਦੇ ਹਨ।

- **ਵਿਨਾਸ਼ਕਾਰੀ ਸ਼ਬਦ:** "ਤੁਸੀਂ ਬਹੁਤ ਆਲਸੀ ਹੋ। ਮੈਂ ਕਿਸੇ ਵੀ ਚੀਜ਼ ਲਈ ਤੁਹਾਡੇ 'ਤੇ ਭਰੋਸਾ ਨਹੀਂ ਕਰ ਸਕਦਾ!" ਇਹ ਇੱਕ ਬੱਚੇ ਨੂੰ ਇਹ ਵਿਸ਼ਵਾਸ ਕਰਨ ਲਈ ਪ੍ਰੇਰਿਤ ਕਰ ਸਕਦਾ ਹੈ ਕਿ ਉਹ ਬਦਲਣ ਦੇ ਯੋਗ ਨਹੀਂ ਹਨ; ਇਸ ਦਾ ਕੋਈ ਕਾਰਨ ਨਹੀਂ ਹੈ ਕਿ ਉਨ੍ਹਾਂ ਨੂੰ ਬਦਲਣ ਜਾਂ ਤੁਹਾਡਾ ਆਦਰ ਪਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਕਿਉਂਕਿ ਤੁਸੀਂ ਪਹਿਲਾਂ ਹੀ ਉਨ੍ਹਾਂ ਲਈ ਹਾਰ ਮੰਨ ਲਈ ਹੈ। ਇਹ ਬੱਚਿਆਂ ਨੂੰ ਮਹਿਸੂਸ ਕਰਵਾ ਸਕਦਾ ਹੈ ਕਿ ਤੁਸੀਂ ਉਨ੍ਹਾਂ ਨੂੰ ਰੱਦ ਕਰ ਦਿੱਤਾ ਹੈ।

- **ਪੁਸ਼ਟੀ ਦੇ ਸ਼ਬਦ:** "ਇਹ ਠੀਕ ਹੈ। ਅਸੀਂ ਸਾਰੇ ਕਈ ਵਾਰ ਗਲਤੀਆਂ ਕਰਦੇ ਹਾਂ, ਅਤੇ ਫਿਰ ਅਸੀਂ ਸਿੱਖਦੇ ਹਾਂ ਕਿ ਅਗਲੀ ਵਾਰ ਬਿਹਤਰ ਕਿਵੇਂ ਕਰਨਾ ਹੈ।" ਇਹ ਬੱਚਿਆਂ ਨੂੰ ਦੱਸਦਾ ਹੈ ਕਿ ਗਲਤੀਆਂ ਕਰਨਾ ਸੁਰੱਖਿਅਤ ਹੈ—ਉਨ੍ਹਾਂ ਲਈ ਤੁਹਾਡਾ ਪਿਆਰ ਉਨ੍ਹਾਂ ਦੇ ਸਿੱਧ ਪ੍ਰਦਰਸ਼ਨ 'ਤੇ ਨਿਰਭਰ ਨਹੀਂ ਹੈ। ਇਹ ਬੱਚਿਆਂ ਨੂੰ ਇਹ ਵੀ ਦੱਸਦਾ ਹੈ ਕਿ ਉਨ੍ਹਾਂ ਨੂੰ ਵਧਣ ਦੇ ਯੋਗ ਹੋਣ ਦੀ ਉਮੀਦ ਕਰਨੀ ਚਾਹੀਦੀ ਹੈ, ਕੋਸ਼ਿਸ਼ ਕਰਦੇ ਰਹਿਣ ਦਾ ਇੱਕ ਕਾਰਨ ਹੁੰਦਾ ਹੈ।

- **ਵਿਨਾਸ਼ਕਾਰੀ ਸ਼ਬਦ: "**ਤੁਸੀਂ ਬਹੁਤ ਮੂਰਖ ਹੋ। ਤੁਸੀਂ ਹਮੇਸ਼ਾ ਗੜਬੜ ਕਰਦੇ ਹੋ।" ਇਹ ਇੱਕ ਬੱਚੇ ਨੂੰ ਇਹ ਵਿਸ਼ਵਾਸ ਕਰਨ ਲਈ ਪ੍ਰੇਰਿਤ ਕਰ ਸਕਦਾ ਹੈ ਕਿ ਕੋਸ਼ਿਸ਼ ਕਰਨਾ ਨਿਰਾਸ਼ਾਜਨਕ ਹੈ। ਇਹ ਉਨ੍ਹਾਂ ਨੂੰ ਆਸਾਨੀ ਨਾਲ ਦੱਸ ਸਕਦਾ ਹੈ ਕਿ ਉਨ੍ਹਾਂ ਦਾ ਮਹੱਤਵ ਉਨ੍ਹਾਂ ਦੇ ਸਿੱਧ ਪ੍ਰਦਰਸ਼ਨ 'ਤੇ ਨਿਰਭਰ ਕਰਦਾ ਹੈ; ਅਤੇ ਕਿਉਂਕਿ ਉਹ ਹਮੇਸ਼ਾ ਗੜਬੜ ਕਰਦੇ ਹਨ, ਉਹ ਕਦੇ ਵੀ ਮਹੱਤਵਪੂਰਣ ਬਣਨ ਦੇ ਯੋਗ ਨਹੀਂ ਹੋਣਗੇ। ਉਹ ਕਦੇ ਵੀ ਪਿਆਰ ਪ੍ਰਾਪਤ ਕਰਨ ਦੇ ਯੋਗ ਨਹੀਂ ਹੋਣਗੇ... ਤੁਹਾਡੇ ਤੋਂ ਜਾਂ ਕਿਸੇ ਹੋਰ ਤੋਂ।

ਇੱਕ ਬੱਚੇ ਦੀ ਆਪਣੇ ਆਪ ਨੂੰ ਇੱਕ ਵਿਅਕਤੀ ਵਜੋਂ ਸਮਝਣ ਦੀ ਸਮਰੱਥਾ ਉਸ ਪਿਆਰ ਦੁਆਰਾ ਆਕਾਰ ਵਿੱਚ ਆਉਂਦੀ ਹੈ ਜੋ ਉਸ ਨੂੰ ਦਿੱਤਾ ਜਾਂਦਾ ਹੈ ਜਾਂ ਉਸ ਤੋਂ ਰੋਕਿਆ ਜਾਂਦਾ ਹੈ। ਦੂਸਰਿਆਂ ਨਾਲ ਸਿਹਤਮੰਦ ਤਰੀਕਿਆਂ ਨਾਲ ਰਿਸ਼ਤੇ ਬਣਾਉਣ ਦੀ ਉਸ ਦੀ ਯੋਗਤਾ, ਜਾਂ ਤਾਂ ਉਸ ਦੇ ਮਾਪਿਆਂ ਨਾਲ ਉਸ ਦੇ ਰਿਸ਼ਤੇ ਦੁਆਰਾ ਵਿਕਸਤ ਹੁੰਦੀ ਹੈ ਜਾਂ ਅਪਾਹਜ ਹੁੰਦੀ ਹੈ। ਜਿਸ ਬੱਚੇ ਨੂੰ ਚੰਗੀ ਤਰ੍ਹਾਂ ਪਿਆਰ ਕੀਤਾ ਜਾਂਦਾ ਹੈ ਉਹ ਦੂਸਰੇ ਲੋਕਾਂ ਨੂੰ ਸਵੈ-ਤਿਆਗ ਵਾਲੇ, ਬਿਨਾਂ ਸ਼ਰਤ ਦੇ ਪਿਆਰ ਨਾਲ ਪਿਆਰ ਕਰਨਾ ਸਿੱਖ ਸਕਦਾ ਹੈ। ਉਸ ਕੋਲ ਪਿਆਰ ਦਾ ਭੰਡਾਰ ਵੀ ਹੈ, ਜਿਸ ਤੋਂ ਲਿਆ ਜਾ ਸਕਦਾ ਹੈ।

ਅਸਲੀ ਪਿਆਰ ਬੱਚਿਆਂ ਲਈ ਭਾਵਨਾਤਮਕ ਈਂਧਣ ਹੈ, ਜਿਵੇਂ ਕਿ ਇਹ ਬਾਲਗਾਂ ਲਈ ਹੈ।

**ਭਰੇ ਹੋਏ ਭਾਵਨਾਤਮਕ ਟੈਂਕ ਦੇ ਲਾਭ**

ਬਹੁਤ ਸਾਰੇ ਤਰੀਕੇ ਹਨ ਜਿਨ੍ਹਾਂ ਦੁਆਰਾ ਬੱਚੇ ਭਾਵਨਾਤਮਕ ਈਂਧਣ ਦੇ ਭਰੇ ਹੋਏ ਟੈਂਕਾਂ ਦਾ ਲਾਭ ਉਠਾ ਸਕਦੇ ਹਨ। ਜਦੋਂ ਬੱਚੇ ਜਾਣਦੇ ਹਨ ਕਿ ਉਨ੍ਹਾਂ ਨੂੰ ਪਿਆਰ ਕੀਤਾ ਜਾਂਦਾ ਹੈ, ਤਾਂ ਉਨ੍ਹਾਂ ਕੋਲ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਸਹੀ ਢੰਗ ਨਾਲ ਵਿਕਾਸ ਕਰਨ ਲਈ ਲੋੜੀਂਦੀ ਤਾਕਤ ਅਤੇ ਸਥਿਰਤਾ ਹੁੰਦੀ ਹੈ।

ਉਹ ਬੱਚੇ ਜੋ ਜਾਣਦੇ ਹਨ ਕਿ ਉਨ੍ਹਾਂ ਨੂੰ ਬਿਨਾਂ ਸ਼ਰਤ ਦੇ ਪਿਆਰ ਕੀਤਾ ਜਾਂਦਾ ਹੈ, ਉਹ ਭਾਵਨਾਤਮਕ ਤੌਰ 'ਤੇ ਸੁਰੱਖਿਅਤ ਹੁੰਦੇ ਹਨ। ਇਸ ਕਰਕੇ, ਉਹ ਆਪਣੇ ਮਾਪਿਆਂ ਵੱਲੋਂ ਅਨੁਸ਼ਾਸਨ, ਤਾੜਨਾ ਅਤੇ ਮਾਰਗਦਰਸ਼ਨ ਨੂੰ ਸਵੀਕਾਰ ਕਰਨ ਲਈ ਹੋਰ ਤਿਆਰ ਹੁੰਦੇ ਹਨ, ਜਿੰਨਾ ਕਿ ਉਹ ਇਸ ਦਾ ਉਲਟਾ ਕਰਨ ’ਤੇ ਨਹੀਂ ਹੁੰਦੇ। ਉਹ ਹਾਣੀਆਂ ਦੇ ਦਬਾਅ ਕਾਰਨ ਆਉਣ ਵਾਲੇ ਪਰਤਾਵੇ ਦਾ ਵਿਰੋਧ ਕਰਨ ਦੇ ਵੀ ਵਧੇਰੇ ਯੋਗ ਹੁੰਦੇ ਹਨ, ਕਿਉਂਕਿ ਉਹ ਇਸ ਗੱਲ ਵਿੱਚ ਸੁਰੱਖਿਅਤ ਹੁੰਦੇ ਹਨ ਕਿ ਉਹ ਕੌਣ ਹਨ ਅਤੇ ਉਨ੍ਹਾਂ ਨੂੰ ਦੂਸਰਿਆਂ ਸਾਹਮਣੇ ਆਪਣੇ ਆਪ ਨੂੰ ਸਾਬਤ ਕਰਨ ਦੀ ਜ਼ਰੂਰਤ ਨਹੀਂ ਹੁੰਦੀ।

ਇੱਕ ਕੁੜੀ ਜੋ ਆਮ ਤੌਰ 'ਤੇ ਲੜਕਿਆਂ ਨੂੰ ਛੇੜਦੀ ਹੈ, ਇਸ ਤਰ੍ਹਾਂ ਦਾ ਵਿਹਾਰ ਇਸ ਲਈ ਕਰ ਸਕਦੀ ਹੈ ਕਿਉਂਕਿ ਉਸ ਨੂੰ ਡਰ ਹੈ ਕਿ ਉਹ ਉਸ ਨੂੰ ਪਸੰਦ ਨਹੀਂ ਕਰਨਗੇ ਜਾਂ ਉਸ ਵੱਲ ਧਿਆਨ ਨਹੀਂ ਦੇਣਗੇ। ਇੱਕ ਕੁੜੀ ਜੋ ਲੜਕਿਆਂ ਨਾਲ ਸ਼ਰਮੀਲੀ ਹੈ, ਉਸ ਨੂੰ ਡਰ ਹੋ ਸਕਦਾ ਹੈ ਕਿ ਉਹ ਉਸਨੂੰ ਪਸੰਦ ਨਹੀਂ ਕਰਨਗੇ, ਜੇ ਉਹ ਸੱਚਮੁੱਚ ਆਪਣੀ ਸ਼ਖਸੀਅਤ ਨੂੰ ਪਰਗਟ ਕਰਦੀ ਹੈ। ਜਿਨ੍ਹਾਂ ਧੀਆਂ ਨੂੰ ਆਪਣੇ ਪਿਤਾਵਾਂ ਤੋਂ ਪੁਸ਼ਟੀ ਅਤੇ ਪਿਆਰ ਮਿਲਦਾ ਹੈ, ਉਹ ਲੜਕਿਆਂ ਨੂੰ ਛੇੜਨ ਜਾਂ ਸ਼ਰਮੀਲੇ ਹੋਣ ਤੋਂ ਬਿਨਾਂ ਚੰਗੇ ਤਰੀਕਿਆਂ ਨਾਲ ਗੱਲਬਾਤ ਕਰ ਸਕਦੀਆਂ ਹਨ। ਉਹ ਆਪਣੇ ਪਿਤਾ ਦੇ ਪਿਆਰ ਕਾਰਨ ਆਪਣੀ ਪਛਾਣ ਵਿੱਚ ਸੁਰੱਖਿਅਤ ਹਨ।

ਪਿਆਰ ਦੀਆਂ ਪੰਜ ਭਾਸ਼ਾਵਾਂ ਵਿੱਚ ਅਕਸਰ ਪਰਗਟ ਕੀਤਾ ਗਿਆ ਮਾਪਿਆਂ ਦਾ ਸੱਚਾ, ਬਿਨਾਂ ਸ਼ਰਤ ਦਾ ਪਿਆਰ ਬੱਚਿਆਂ ਨੂੰ ਬਹੁਤ ਨੁਕਸਾਨ ਤੋਂ ਬਚਾਉਂਦਾ ਹੈ। ਜਿਨ੍ਹਾਂ ਬੱਚਿਆਂ ਨੂੰ ਚੰਗੀ ਤਰ੍ਹਾਂ ਪਿਆਰ ਕੀਤਾ ਜਾਂਦਾ ਹੈ, ਉਹ ਆਮ ਤੌਰ ’ਤੇ ਉਨ੍ਹਾਂ ਦੂਸਰਿਆਂ ਤੋਂ ਪਿਆਰ ਅਤੇ ਸੁਰੱਖਿਆ ਨਹੀਂ ਭਾਲਦੇ ਜੋ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣ ਦਾ ਇਰਾਦਾ ਰੱਖਦੇ ਹਨ।

ਸੰਖੇਪ ਵਿੱਚ, ਇੱਕ ਬੱਚੇ ਦੇ ਰੂਪ ਵਿੱਚ ਇੱਕ ਭਾਵਨਾਤਮਕ ਈਂਧਣ ਦੇ ਭਰੇ ਹੋਏ ਟੈਂਕ ਦੇ ਬਹੁਤ ਸਾਰੇ ਲਾਭ ਹਨ:

- ਕਿਸੇ ਦੇ ਮਹੱਤਵ ਅਤੇ ਇਸ ਦੇ ਸਰੋਤ ਬਾਰੇ ਸਹੀ ਸਮਝ
- ਕੋਸ਼ਿਸ਼ਾਂ, ਗਲਤੀਆਂ, ਵਿਕਾਸ ਅਤੇ ਬਿਨਾਂ ਸ਼ਰਤ ਦੇ ਪਿਆਰ ਬਾਰੇ ਸਹੀ ਸਮਝ
- ਦੂਸਰਿਆਂ ਨੂੰ ਚੰਗੀ ਤਰ੍ਹਾਂ ਪਿਆਰ ਕਰਨਾ ਸਿੱਖਣ ਦੀ ਯੋਗਤਾ
- ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਸਹੀ ਢੰਗ ਨਾਲ ਵਿਕਾਸ ਕਰਨ ਲਈ ਤਾਕਤ ਅਤੇ ਸਥਿਰਤਾ
- ਭਾਵਨਾਤਮਕ ਸੁਰੱਖਿਆ
- ਅਨੁਸ਼ਾਸਨ, ਸੁਧਾਰ ਅਤੇ ਮਾਰਗਦਰਸ਼ਨ ਨੂੰ ਸਵੀਕਾਰ ਕਰਨ ਦੀ ਯੋਗਤਾ

- ਸਾਥੀਆਂ ਦੇ ਗਲਤ ਪ੍ਰਭਾਵਾਂ ਨੂੰ ਰੱਦ ਕਰਨ ਦੀ ਯੋਗਤਾ
- ਭਵਿੱਖ ਦੇ ਰਿਸ਼ਤਿਆਂ ਵਿੱਚ ਦੁਰਵਿਹਾਰ ਹੋਣ ਦੀ ਸੰਭਾਵਨਾ ਦਾ ਘੱਟ ਹੋਣਾ
- ਜਿਹੜੇ ਬੱਚਿਆਂ ਨੂੰ ਚੰਗਾ ਪਿਆਰ ਮਿਲਦਾ ਹੈ ਤੁਸੀਂ ਉਨ੍ਹਾਂ ਨੂੰ ਹੋਰ ਕਿਹੜੇ ਤਰੀਕਿਆਂ ਨਾਲ ਲਾਭ ਉਠਾਉਂਦੇ ਵੇਖਿਆ ਹੈ?

### ਇੱਕ ਖਾਲੀ ਭਾਵਨਾਤਮਕ ਟੈਂਕ ਦੇ ਨੁਕਸਾਨ

ਜਿਹੜੇ ਬੱਚੇ ਪਿਆਰ ਮਹਿਸੂਸ ਨਹੀਂ ਕਰਦੇ, ਉਹ ਅਗਵਾਈ ਦਾ ਵਿਰੋਧ ਕਰ ਸਕਦੇ ਹਨ ਕਿਉਂਕਿ ਉਨ੍ਹਾਂ ਵਿੱਚ ਆਪਣੀ ਮਾਂ ਜਾਂ ਪਿਤਾ ਨੂੰ ਖੁਸ਼ ਕਰਨ ਦੀ ਪ੍ਰੇਰਣਾ ਦੀ ਘਾਟ ਹੁੰਦੀ ਹੈ। ਭਾਵਨਾਤਮਕ ਈਂਧਣ ਦੇ ਇੱਕ ਭਰੇ ਹੋਏ ਟੈਂਕ ਤੋਂ ਬਿਨਾਂ, ਬਹੁਤ ਸਾਰੇ ਬੱਚਿਆਂ ਵਿੱਚ ਉਸ ਮਾਤਾ ਜਾਂ ਪਿਤਾ ਨਾਲ ਵਫ਼ਾਦਾਰੀ ਦੇ ਮਜ਼ਬੂਤ, ਸਕਾਰਾਤਮਕ ਰਿਸ਼ਤੇ ਦੀ ਘਾਟ ਹੁੰਦੀ ਹੈ ਜੋ ਉਨ੍ਹਾਂ ਦੀ ਅਗਵਾਈ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

ਜਿਨ੍ਹਾਂ ਬੱਚਿਆਂ ਦੇ ਭਾਵਨਾਤਮਕ ਈਂਧਣ ਦੇ ਟੈਂਕ ਖਾਲੀ ਹੁੰਦੇ ਹਨ, ਉਹ ਉਨ੍ਹਾਂ ਬੱਚਿਆਂ ਦੇ ਨਾਲੋਂ ਸ਼ੋਸ਼ਣ ਲਈ ਜ਼ਿਆਦਾ ਕਮਜ਼ੋਰ ਹੁੰਦੇ ਹਨ ਜਿਨ੍ਹਾਂ ਬੱਚਿਆਂ ਦੇ ਪਰਿਵਾਰਕ ਮੈਂਬਰਾਂ ਨਾਲ ਸਿਹਤਮੰਦ, ਪਿਆਰ ਭਰੇ ਰਿਸ਼ਤੇ ਹੁੰਦੇ ਹਨ। ਕਿਉਂਕਿ ਉਹ ਪਿਆਰ ਮਹਿਸੂਸ ਨਹੀਂ ਕਰਦੇ, ਇਸ ਲਈ ਉਹ ਉਨ੍ਹਾਂ ਲੋਕਾਂ ਤੋਂ ਪਿਆਰ ਦੀ ਮੰਗ ਕਰ ਸਕਦੇ ਹਨ ਜੋ ਉਨ੍ਹਾਂ ਨੂੰ ਵਰਤਣਾ ਚਾਹੁੰਦੇ ਹਨ ਜਾਂ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ।

### ਮਜ਼ਬੂਤ ਪਰਿਵਾਰਾਂ ਦੇ ਗੁਣ

ਇਨ੍ਹਾਂ ਪਾਠਾਂ ਵਿੱਚ ਅਸੀਂ ਪਿਆਰ ਦੀਆਂ ਪੰਜ ਮੁੱਖ ਭਾਸ਼ਾਵਾਂ ਬਾਰੇ ਸਿੱਖਿਆ ਹੈ। ਭਾਵੇਂ ਵਿਅਕਤੀਆਂ ਕੋਲ ਆਮ ਤੌਰ 'ਤੇ ਇੱਕ ਜਾਂ ਦੋ ਪਿਆਰ ਦੀਆਂ ਮੁੱਖ ਭਾਸ਼ਾਵਾਂ ਹੁੰਦੀਆਂ ਹਨ, ਪਰ ਹਰੇਕ ਵਿਅਕਤੀ ਨੂੰ ਨਿਯਮਿਤ ਤੌਰ 'ਤੇ ਪੰਜਾਂ ਤਰੀਕਿਆਂ ਨਾਲ ਪਿਆਰ ਪ੍ਰਾਪਤ ਕਰਨ ਦੀ ਜ਼ਰੂਰਤ ਹੁੰਦੀ ਹੈ। ਇੱਕ ਸਿਹਤਮੰਦ ਪਰਿਵਾਰ ਉਹ ਹੁੰਦਾ ਹੈ ਜਿਸ ਵਿੱਚ ਹਰੇਕ ਵਿਅਕਤੀ ਜਾਣਬੁੱਝ ਕੇ ਰੋਜ਼ਾਨਾ ਸਕਾਰਾਤਮਕ ਸ਼ਬਦ ਬੋਲ ਕੇ, ਮਹੱਤਵਪੂਰਣ ਸਮਾਂ ਇਕੱਠੇ ਬਿਤਾ ਕੇ, ਸੇਵਾ ਕਰਕੇ ਅਤੇ ਪਿਆਰ ਭਰਿਆ ਸਪਰਸ਼ ਕਰਕੇ, ਦੂਸਰਿਆਂ ਨਾਲ ਆਪਣੇ ਰਿਸ਼ਤਿਆਂ ਨੂੰ ਪੋਸ਼ਣ ਦਿੰਦਾ ਹੈ। ਇੱਕ ਦੂਸਰੇ ਨੂੰ ਤੋਹਫ਼ੇ ਹਰ ਰੋਜ਼ ਨਹੀਂ ਦਿੱਤੇ ਜਾ ਸਕੇ ਪਰ ਫਿਰ ਵੀ ਇਹ ਪਰਿਵਾਰ ਦੇ ਅੰਦਰ ਸਿਹਤਮੰਦ ਰਿਸ਼ਤਿਆਂ ਦਾ ਇੱਕ ਮਹੱਤਵਪੂਰਣ ਹਿੱਸਾ ਹੈ।

► ਤੁਹਾਡੇ ਪਰਿਵਾਰ ਵਿੱਚ ਪਿਆਰ ਸਭ ਤੋਂ ਵੱਧ ਕਿਵੇਂ ਪਰਗਟ ਕੀਤਾ ਜਾਂਦਾ ਹੈ? ਕੀ ਪਿਆਰ, ਪਿਆਰ ਦੀਆਂ ਪੰਜਾਂ ਭਾਸ਼ਾਵਾਂ ਵਿੱਚ ਪ੍ਰਗਟ ਕੀਤਾ ਜਾਂਦਾ ਹੈ? ਪਿਆਰ ਦੇ ਪ੍ਰਗਟਾਵੇ ਕਿੰਨੀ ਵਾਰ ਸਾਂਝੇ ਕੀਤੇ ਜਾਂਦੇ ਹਨ?

14,000 ਪਰਿਵਾਰਾਂ ’ਤੇ 25 ਸਾਲਾਂ ਵਿੱਚ ਕੀਤੇ ਗਏ ਇੱਕ ਗੈਰ-ਧਾਰਮਿਕ ਅਧਿਐਨ ਨੇ ਵਿਖਾਇਆ ਹੈ ਕਿ ਵੱਖ-ਵੱਖ ਸੱਭਿਆਚਾਰਕ ਪਿਛੋਕੜ ਵਾਲੇ ਬਹੁਤ ਸਾਰੇ ਸਿਹਤਮੰਦ, ਸਫਲ ਅਤੇ ਸੰਤੁਲਿਤ ਪਰਿਵਾਰਾਂ ਵਿੱਚ ਛੇ ਗੁਣ ਸਾਂਝੇ ਹੁੰਦੇ ਹਨ।[36] ਇਨ੍ਹਾਂ ਵਿੱਚੋਂ ਕੁਝ ਗੁਣ ਸਿੱਧੇ ਤੌਰ 'ਤੇ ਪਿਆਰ ਦੀਆਂ ਵੱਖ-ਵੱਖ ਭਾਸ਼ਾਵਾਂ ਨਾਲ ਸਬੰਧਤ ਹਨ, ਜੋ ਪਿਆਰ ਦੇ ਵੱਖ-ਵੱਖ ਪ੍ਰਗਟਾਵਿਆਂ ਦੇ ਮਹੱਤਵ ’ਤੇ ਜ਼ੋਰ ਦਿੰਦੇ ਜਾਪਦੇ ਹਨ। ਸਟਿੰਨੇਟ ਅਤੇ ਬੀਮ ਨੇ ਹਰੇਕ ਲਈ ਉਨ੍ਹਾਂ ਛੇ ਗੁਣਾਂ ਅਤੇ ਵਰਣਨਾਂ ਨੂੰ ਸੂਚੀਬੱਧ ਕੀਤਾ:

1. **ਸਮਰਪਣ।** ਮਜ਼ਬੂਤ ਪਰਿਵਾਰਾਂ ਦੇ ਮੈਂਬਰ ਇੱਕ ਦੂਸਰੇ ਦੀ ਭਲਾਈ ਅਤੇ ਖੁਸ਼ੀ ਨੂੰ ਉਤਸ਼ਾਹਿਤ ਕਰਨ ਲਈ ਸਮਰਪਿਤ ਹੁੰਦੇ ਹਨ। ਉਹ ਪਰਿਵਾਰ ਦੀ ਏਕਤਾ ਨੂੰ ਮਹੱਤਵ ਦਿੰਦੇ ਹਨ।

2. **ਪ੍ਰਸ਼ੰਸ਼ਾ ਅਤੇ ਪਿਆਰ।** ਮਜ਼ਬੂਤ ਪਰਿਵਾਰਾਂ ਦੇ ਮੈਂਬਰ ਅਕਸਰ ਇੱਕ ਦੂਸਰੇ ਦੀ ਪ੍ਰਸ਼ੰਸ਼ਾ ਕਰਦੇ ਹਨ। ਉਹ ਮਹਿਸੂਸ ਕਰ ਸਕਦੇ ਹਨ ਕਿ ਉਨ੍ਹਾਂ ਦਾ ਪਰਿਵਾਰ ਚੰਗਾ ਹੈ।

3. **ਸਕਾਰਾਤਮਕ ਗੱਲਬਾਤ।** ਚੰਗੇ ਪਰਿਵਾਰਾਂ ਦੇ ਮੈਂਬਰਾਂ ਕੋਲ ਵਧੀਆ ਗੱਲਬਾਤ ਕਰਨ ਦੇ ਹੁਨਰ ਹੁੰਦੇ ਹਨ ਅਤੇ ਉਹ ਇੱਕ ਦੂਸਰੇ ਨਾਲ ਗੱਲ ਕਰਨ ਵਿੱਚ ਬਹੁਤ ਸਮਾਂ ਬਿਤਾਉਂਦੇ ਹਨ।

4. **ਮਹੱਤਵਪੂਰਣ ਸਮਾਂ ਇਕੱਠੇ ਬਿਤਾਉਣਾ।** ਮਜ਼ਬੂਤ ਪਰਿਵਾਰ ਇੱਕ ਦੂਸਰੇ ਨਾਲ ਸਮਾਂ ਬਿਤਾਉਂਦੇ ਹਨ—ਖੁੱਲ੍ਹੇ ਦਿਲ ਨਾਲ ਵਧੀਆ ਸਮਾਂ ਬਿਤਾਉਂਦੇ ਹਨ।

5. **ਆਤਮਿਕ ਤੰਦਰੁਸਤੀ।** ਭਾਵੇਂ ਉਹ ਧਾਰਮਿਕ ਸੇਵਾਵਾਂ ਵਿੱਚ ਜਾਂਦੇ ਹਨ ਜਾਂ ਨਹੀਂ, ਮਜ਼ਬੂਤ ਪਰਿਵਾਰਾਂ ਵਿੱਚ ਇਹ ਭਾਵਨਾ ਹੁੰਦੀ ਹੈ ਕਿ ਜੀਵਨ ਵਿੱਚ ਇੱਕ ਵੱਡੀ ਭਲਾਈ ਜਾਂ ਸ਼ਕਤੀ ਹੁੰਦੀ ਹੈ। ਇਹ ਵਿਸ਼ਵਾਸ ਉਨ੍ਹਾਂ ਨੂੰ ਤਾਕਤ ਅਤੇ ਉਦੇਸ਼ ਦਿੰਦਾ ਹੈ।

6. **ਤਣਾਅ ਅਤੇ ਸੰਕਟ ਨਾਲ ਸਿੱਝਣ ਦੀ ਯੋਗਤਾ।** ਮਜ਼ਬੂਤ ਪਰਿਵਾਰਾਂ ਦੇ ਮੈਂਬਰ ਤਣਾਅ ਜਾਂ ਸੰਕਟ ਨੂੰ ਵਧਣ ਦੇ ਮੌਕਿਆਂ ਵਜੋਂ ਵੇਖਣ ਦੇ ਯੋਗ ਹੁੰਦੇ ਹਨ।

## ਨਿੱਜੀ ਉਪਯੋਗ

ਅਸੀਂ ਇਨ੍ਹਾਂ ਦੋ ਪਾਠਾਂ ਵਿੱਚ ਬਹੁਤ ਸਾਰੀਆਂ ਗੱਲਾਂ 'ਤੇ ਵਿਚਾਰ ਕੀਤਾ ਹੈ। ਅਸੀਂ ਸੱਚੇ ਪਿਆਰ ਬਾਰੇ ਚਰਚਾ ਨਾਲ ਸ਼ੁਰੂਆਤ ਕੀਤੀ ਸੀ, ਫਿਰ ਉਨ੍ਹਾਂ ਪੰਜ ਭਾਸ਼ਾਵਾਂ ਨੂੰ ਪਛਾਣਿਆ ਜਿਨ੍ਹਾਂ ਵਿੱਚ ਪਿਆਰ ਆਮ ਤੌਰ 'ਤੇ ਪਰਗਟ ਕੀਤਾ ਜਾਂਦਾ ਹੈ। ਅਸੀਂ ਭਾਵਨਾਤਮਕ ਈਂਧਣ ਟੈਂਕਾਂ ਬਾਰੇ ਸਿੱਖਿਆ ਅਤੇ ਸਾਡੇ ਪਰਿਵਾਰ ਦੇ ਮੈਂਬਰਾਂ ਨੂੰ ਉਨ੍ਹਾਂ ਲਈ ਪਿਆਰ ਦੀ ਮੁੱਖ ਭਾਸ਼ਾ ਵਿੱਚ, ਉਨ੍ਹਾਂ ਲਈ ਸਾਡੇ ਪਿਆਰ

[36] Dr. Nick & Nancy Stinnett and Joe & Alice Beam, *Fantastic Families: 6 Proven Steps to Building a Strong Family*, (Brentwood, TN: Howard Books, 2008)

ਦਾ ਅਨੁਭਵ ਕਰਨ ਦੀ ਜ਼ਰੂਰਤ ਬਾਰੇ ਸਿੱਖਿਆ। ਅਸੀਂ ਇਸ ਬਾਰੇ ਗੱਲ ਕੀਤੀ ਕਿ ਕਿਵੇਂ ਇੱਕ ਪਰਿਵਾਰ ਦੇ ਅੰਦਰ ਸ਼ਖਸੀਅਤਾਂ ਦੇ ਵਿੱਚ ਭਿੰਨਤਾਵਾਂ ਸਾਡੇ ਪਿਆਰ ਵਿੱਚ ਵਧਣ ਦਾ ਕਾਰਨ ਬਣ ਸਕਦੀਆਂ ਹਨ।

ਇਸ ਤੋਂ ਬਾਅਦ, ਅਸੀਂ ਪਿਆਰ ਦੀਆਂ ਪੰਜ ਭਾਸ਼ਾਵਾਂ ਵਿੱਚੋਂ ਹਰੇਕ ਦੀ ਡੂੰਘਾਈ ਨਾਲ ਪੜਚੋਲ ਕੀਤੀ, ਹਰੇਕ ਦੀਆਂ ਉਦਾਹਰਣਾਂ ਨੂੰ ਵੇਖਿਆ, ਅਤੇ ਜਦੋਂ ਹਰੇਕ ਨੂੰ ਅਣਗੌਲਿਆ ਜਾਂਦਾ ਹੈ ਜਾਂ ਜਦੋਂ ਹਰੇਕ ਦੀ ਦੁਰਵਰਤੋਂ ਕੀਤੀ ਜਾਂਦੀ ਹੈ, ਤਾਂ ਉਸ ਤੋਂ ਹੋਣ ਵਾਲੇ ਨੁਕਸਾਨ ਬਾਰੇ ਜਾਣਿਆ। ਅਸੀਂ ਸਿੱਖਿਆ ਕਿ ਬੱਚਿਆਂ ਨੂੰ ਭਾਵਨਾਤਮਕ ਈਂਧਣ ਦੇ ਟੈਂਕ ਦੇ ਭਰੇ ਹੋਣ ਤੋਂ ਕਿਵੇਂ ਲਾਭ ਹੁੰਦਾ ਹੈ, ਅਤੇ ਜਦੋਂ ਉਨ੍ਹਾਂ ਦੇ ਟੈਂਕ ਖਾਲੀ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਕਿਵੇਂ ਦੁੱਖ ਹੁੰਦਾ ਹੈ। ਅਸੀਂ ਆਪਣੇ ਬੱਚਿਆਂ ਲਈ ਆਪਣਾ ਪਿਆਰ ਪਰਗਟ ਕਰਨ ਬਾਰੇ ਹੋਰ ਵਿਸਥਾਰ ਵਿੱਚ ਗੱਲ ਕੀਤੀ। ਫਿਰ, ਅਸੀਂ ਵੇਖਿਆ ਕਿ ਪਿਆਰ ਦੀਆਂ ਪੰਜ ਭਾਸ਼ਾਵਾਂ ਦਾ ਅਭਿਆਸ ਸਿਹਤਮੰਦ ਪਰਿਵਾਰਾਂ ਦੇ ਛੇ ਸਾਂਝੇ ਗੁਣਾਂ ਨਾਲ ਕਿਵੇਂ ਜੁੜਿਆ ਹੋਇਆ ਹੈ।

ਜਿਵੇਂ ਹੀ ਅਸੀਂ ਇਨ੍ਹਾਂ ਪਾਠਾਂ ਨੂੰ ਸਮਾਪਤ ਕਰਦੇ ਹਾਂ, ਅਸੀਂ ਤੁਹਾਡੀ ਨਿੱਜੀ ਜ਼ਿੰਮੇਵਾਰੀ ਬਾਰੇ ਚਰਚਾ ਕਰਾਂਗੇ - ਤੁਸੀਂ ਕੀ ਕਰ ਸਕਦੇ ਹੋ ਅਤੇ ਜੋ ਤੁਸੀਂ ਸਿੱਖਿਆ ਹੈ ਉਸ ਨਾਲ ਤੁਹਾਨੂੰ ਕੀ ਕਰਨਾ ਚਾਹੀਦਾ ਹੈ।

**(1) ਤੁਸੀਂ ਆਪਣੇ ਪਰਿਵਾਰ ਦੇ ਲਈ ਜ਼ਿੰਮੇਵਾਰ ਹੋ।**

ਤੁਹਾਨੂੰ ਇਹ ਉਡੀਕ ਕੀਤੇ ਬਿਨਾਂ ਕਿ ਤੁਹਾਡੇ ਪਰਿਵਾਰ ਦੇ ਮੈਂਬਰ ਤੁਹਾਨੂੰ ਪਿਆਰ ਕਰਨ, ਕਿਸੇ ਵੀ ਤਰੀਕੇ ਨਾਲ ਬਦਲਣ ਲਈ ਤਿਆਰ ਰਹਿਣਾ ਚਾਹੀਦਾ ਹੈ। ਸੱਚਾ ਪਿਆਰ ਉਦੋਂ ਤੱਕ ਉਡੀਕ ਨਹੀਂ ਕਰਦਾ ਜਦੋਂ ਤੱਕ ਦੂਸਰਾ ਵਿਅਕਤੀ ਤੁਹਾਨੂੰ ਪਿਆਰ ਨਹੀਂ ਵਿਖਾਉਂਦਾ। ਇਹ ਉਦੋਂ ਵੀ ਆਪਣੇ ਆਪ ਨੂੰ ਪਰਗਟ ਕਰਦਾ ਹੈ ਜਦੋਂ ਦੂਸਰਾ ਵਿਅਕਤੀ ਸਭ ਤੋਂ ਘੱਟ ਯੋਗ ਜਾਪਦਾ ਹੈ, ਕਿਉਂਕਿ ਪਿਆਰ ਪ੍ਰਾਪਤ ਕਰਨ ਵਾਲੇ ਦੀ ਯੋਗਤਾ 'ਤੇ ਅਧਾਰਤ ਨਹੀਂ ਹੁੰਦਾ।

**(2) ਤੁਸੀਂ ਆਪਣੇ ਪਰਿਵਾਰ ਲਈ ਆਪਣੇ ਪਿਆਰ ਨੂੰ ਉਨ੍ਹਾਂ ਤਰੀਕਿਆਂ ਨਾਲ ਪਰਗਟ ਕਰਨ ਵਾਸਤੇ ਆਪਣੀ ਪੂਰੀ ਕੋਸ਼ਿਸ਼ ਕਰਨ ਲਈ ਜ਼ਿੰਮੇਵਾਰ ਹੋ, ਜੋ ਤਰੀਕੇ ਉਨ੍ਹਾਂ ਲਈ ਸਭ ਤੋਂ ਮਹੱਤਵਪੂਰਣ ਹਨ।**

ਇਹ ਸੰਭਾਵਨਾ ਹੈ ਕਿ ਤੁਹਾਨੂੰ ਇੱਕ ਜਾਂ ਇੱਕ ਤੋਂ ਵੱਧ ਭਾਸ਼ਾਵਾਂ ਵਿੱਚ ਪਿਆਰ ਦਿਖਾਉਣ ਲਈ ਵਾਧੂ ਕੋਸ਼ਿਸ਼ ਕਰਨੀ ਪਵੇਗੀ ਜੋ ਤੁਹਾਡੇ ਕੋਲ ਸੁਭਾਵਕ ਤੌਰ ’ਤੇ ਨਹੀਂ ਹੁੰਦੀਆਂ। ਪਹਿਲਾਂ, ਪਿਆਰ ਦੇ ਕੁਝ ਪ੍ਰਗਟਾਵੇ ਤੁਹਾਨੂੰ ਗੈਰ-ਕੁਦਰਤੀ, ਅਜੀਬ ਜਾਂ ਮੂਰਖਤਾਪੂਰਣ ਲੱਗ ਸਕਦੇ ਹਨ।

ਆਪਣੇ ਪਰਿਵਾਰ ਦੇ ਮੈਂਬਰਾਂ ਲਈ ਪਿਆਰ ਵਿਖਾਉਣ ਦੇ ਮੌਕਿਆਂ ’ਤੇ ਧਿਆਨ ਦੇਣਾ ਸਿੱਖੋ। ਇਸ ਗੱਲ ਪ੍ਰਤੀ ਸੁਚੇਤ ਰਹੋ ਕਿ ਤੁਹਾਡੇ ਪਰਿਵਾਰ ਦੇ ਮੈਂਬਰਾਂ ਨੂੰ ਕਿਸੇ ਸਮੇਂ ’ਤੇ ਕੀ ਲੋੜ ਹੋ ਸਕਦੀ ਹੈ। ਇੱਥੇ ਪਿਆਰ ਦੀ ਹਰੇਕ ਭਾਸ਼ਾ ਲਈ ਕੁਝ ਉਦਾਹਰਣਾਂ ਹਨ:

- **ਪੁਸ਼ਟੀ ਦੇ ਸ਼ਬਦ:** ਸੋਚੋ, "______ ਸ਼ਾਇਦ ਉਸ ਨੇ ਜੋ ਕਿਹਾ ਉਸ ਬਾਰੇ ਅਨਿਸ਼ਚਿਤ ਮਹਿਸੂਸ ਹੋ ਰਿਹਾ ਹੈ। ਪਰ ਉਸ ਨੇ ਜੋ ਕਿਹਾ ਉਸ ਵਿੱਚ ਉਹ ਸਹੀ ਸੀ। ਮੈਨੂੰ ਕੁਝ ਪੁਸ਼ਟੀ ਕਰਨ ਵਾਲੀ ਗੱਲ ਆਖਣ ਦੀ ਲੋੜ ਹੈ।"

- **ਮਹੱਤਵਪੂਰਣ ਸਮਾਂ ਇਕੱਠੇ ਬਿਤਾਉਣਾ:** ਪੁੱਛੋ, "ਕੀ ਤੁਸੀਂ ਇਸ ਬਾਰੇ ਗੱਲ ਕਰਨਾ ਚਾਹੋਗੇ?" ਫਿਰ ਜੋ ਤੁਸੀਂ ਕਰ ਰਹੇ ਹੋ ਉਸ ਨੂੰ ਬੰਦ ਕਰ ਦਿਓ, ਉਨ੍ਹਾਂ ਵੱਲ ਆਪਣਾ ਪੂਰਾ ਧਿਆਨ ਦਿਓ, ਅਤੇ ਆਪਣੀ ਸਰੀਰਕ ਭਾਸ਼ਾ ਨਾਲ ਦਿਖਾਓ ਕਿ ਤੁਸੀਂ ਸੱਚਮੁੱਚ ਸੁਣ ਰਹੇ ਹੋ।

- **ਤੋਹਫ਼ੇ:** ਜਦੋਂ ਤੁਸੀਂ ਉਨ੍ਹਾਂ ਨੂੰ ਤੋਹਫ਼ਾ ਦਿੰਦੇ ਹੋ ਤਾਂ ਆਖੋ, "ਮੈਂ ਇਹ ਵੇਖਿਆ ਅਤੇ ਇਸ ਨੇ ਮੈਨੂੰ ਤੁਹਾਡੇ ਬਾਰੇ ਸੋਚਣ ਲਈ ਮਜਬੂਰ ਕਰ ਦਿੱਤਾ।"

- **ਸੇਵਾ ਦੇ ਕੰਮ:** ਉਤਸ਼ਾਹ ਦੇ ਨਾਲ ਪੁੱਛੋ, "ਕੀ ਮੈਂ ਤੁਹਾਡੇ ਇਹ ਲਿਆਵਾਂ?" ਜਾਂ "ਕੀ ਮੈਂ ਇਸ ਵਿੱਚ ਤੁਹਾਡੀ ਮਦਦ ਕਰ ਸਕਦਾ ਹਾਂ?"

- **ਸਰੀਰਕ ਸਪਰਸ਼:** ਉਨ੍ਹਾਂ ਕੋਲ ਜਾਓ ਅਤੇ ਆਖੋ, "ਤੁਹਾਨੂੰ ਵੇਖ ਕੇ ਲੱਗ ਰਿਹਾ ਹੈ ਕਿ ਤੁਹਾਨੂੰ ਜੱਫੀ ਪਾ ਲਵਾਂ" ਜਦੋਂ ਤੁਸੀਂ ਉਨ੍ਹਾਂ ਦੇ ਦੁਆਲੇ ਆਪਣੀਆਂ ਬਾਹਾਂ ਪਾਉਂਦੇ ਹੋ।

**(3) ਤੁਸੀਂ ਆਪਣੀਆਂ ਭਾਵਨਾਵਾਂ ਲਈ ਜ਼ਿੰਮੇਵਾਰ ਹੋ।**

ਪਰਮੇਸ਼ੁਰ ਨੇ ਤੁਹਾਨੂੰ ਇਸ ਤਰ੍ਹਾਂ ਬਣਾਇਆ ਹੈ ਕਿ ਤੁਹਾਨੂੰ ਦੂਸਰਿਆਂ ਨਾਲ ਸਿਹਤਮੰਦ ਰਿਸ਼ਤਿਆਂ ਵਿੱਚ ਰਹਿਣ ਦੀ ਲੋੜ ਹੈ। ਪਰ ਭਾਵੇਂ ਇਹ ਸੰਭਵ ਹੋਵੇ ਜਾਂ ਨਾ, ਪਰਮੇਸ਼ੁਰ ਖੁਦ ਤੁਹਾਡਾ ਅੰਤਮ ਸਰੋਤ ਅਤੇ ਅੰਤਮ ਸੰਤੁਸ਼ਟੀ ਹੈ। ਤੁਹਾਡਾ ਪਰਿਵਾਰ ਤੁਹਾਡੀ ਭਾਵਨਾਤਮਕ ਤੰਦਰੁਸਤੀ ਲਈ ਅੰਤਮ ਤੌਰ 'ਤੇ ਜ਼ਿੰਮੇਵਾਰ ਨਹੀਂ ਹੈ। ਪਰਮੇਸ਼ੁਰ ਤੁਹਾਨੂੰ ਪੂਰੀ ਤਰ੍ਹਾਂ ਪਿਆਰ ਕਰਦਾ ਹੈ, ਭਾਵੇਂ ਹੋਰ ਕੋਈ ਕਦੇ ਵੀ ਅਜਿਹਾ ਪਿਆਰ ਨਹੀਂ ਕਰ ਸਕਦਾ। ਉਹ ਤੁਹਾਡੀ ਕਿਸੇ ਵੀ ਕਮੀ ਨੂੰ ਪੂਰਾ ਕਰ ਸਕਦਾ ਹੈ, ਜਦੋਂ ਤੁਸੀਂ ਉਸ ਦੇ ਪਿਆਰ ਵਿੱਚ ਬਣੇ ਰਹਿੰਦੇ ਹੋ (ਯੂਹੰਨਾ 15:9-11)।

ਸ਼ਾਇਦ ਤੁਹਾਡਾ ਪਰਿਵਾਰ ਤੁਹਾਡੀ ਪਿਆਰ ਦੀ ਮੁੱਖ ਭਾਸ਼ਾ ਵਿੱਚ ਤੁਹਾਡੇ ਲਈ ਪਿਆਰ ਪਰਗਟ ਨਾ ਕਰ ਸਕੇ। ਸ਼ਾਇਦ ਉਹ ਤੁਹਾਡੀ ਪਿਆਰ ਦੀ ਮੁੱਖ ਭਾਸ਼ਾ ਅਤੇ ਤੁਹਾਡੀਆਂ ਭਾਵਨਾਤਮਕ ਜ਼ਰੂਰਤਾਂ ਤੋਂ ਅਣਜਾਣ ਹੋਣ। ਸ਼ਾਇਦ ਉਨ੍ਹਾਂ ਕੋਲ ਤੁਹਾਡੇ ਲਈ ਉਸ ਤਰੀਕੇ ਨਾਲ ਪਿਆਰ ਪਰਗਟ ਕਰਨ ਦੀ ਪ੍ਰੇਰਣਾ ਦੀ ਘਾਟ ਹੈ, ਜੋ ਤਰੀਕਾ ਤੁਹਾਡੇ ਲਈ ਸਭ ਤੋਂ ਮਹੱਤਵਪੂਰਣ ਹੈ। ਤੁਸੀਂ ਉਨ੍ਹਾਂ ਨੂੰ ਸਮਝਾ ਸਕਦੇ ਹੋ ਕਿ ਤੁਸੀਂ ਸਭ ਤੋਂ ਵੱਧ ਪਿਆਰ ਕਿਵੇਂ ਮਹਿਸੂਸ ਕਰਦੇ ਹੋ। ਪਰ ਤੁਸੀਂ ਉਨ੍ਹਾਂ ਨੂੰ ਮਜ਼ਬੂਰ ਨਹੀਂ ਕਰ ਸਕਦੇ ਕਿ ਉਹ ਇਸ ਤਰੀਕੇ ਨਾਲ ਤੁਹਾਡੇ ਲਈ ਪਿਆਰ ਪਰਗਟ ਕਰਨ।

ਸ਼ਾਇਦ ਤੁਹਾਡਾ ਪਰਿਵਾਰ ਹੋਰ ਤਰੀਕਿਆਂ ਨਾਲ ਤੁਹਾਡੇ ਲਈ ਆਪਣਾ ਪਿਆਰ ਪਰਗਟ ਕਰ ਰਿਹਾ ਹੈ। ਜਿਵੇਂ ਹੀ ਤੁਸੀਂ ਪਿਆਰ ਦੀਆਂ ਭਾਸ਼ਾਵਾਂ ਨੂੰ ਜਾਣ ਲੈਂਦੇ ਹੋ, ਤੁਸੀਂ ਉਨ੍ਹਾਂ ਤਰੀਕਿਆਂ ਵੱਲ ਧਿਆਨ ਦੇਣਾ ਸ਼ੁਰੂ ਕਰ ਦਿਓਗੇ ਜਿਨ੍ਹਾਂ ਤਰੀਕਿਆਂ ਨਾਲ ਤੁਹਾਡਾ ਪਰਿਵਾਰ ਪਹਿਲਾਂ ਹੀ ਤੁਹਾਡੇ ਲਈ ਆਪਣਾ ਪਿਆਰ ਵਿਖਾ ਰਿਹਾ ਹੈ। ਜਦੋਂ ਕਿ ਤੁਸੀਂ ਉਨ੍ਹਾਂ ਨੂੰ ਬਦਲ ਨਹੀਂ ਸਕਦੇ, ਤੁਸੀਂ ਉਨ੍ਹਾਂ ਦੇ ਪਿਆਰ ਦੇ ਪ੍ਰਗਟਾਵੇ ਨੂੰ ਸਵੀਕਾਰ ਕਰਨ ਦੀ ਚੋਣ ਕਰ ਸਕਦੇ ਹੋ ਅਤੇ ਉਸ ਪਿਆਰ ਲਈ ਉਨ੍ਹਾਂ ਦੀ ਪ੍ਰਸ਼ੰਸ਼ਾ ਕਰ ਸਕਦੇ ਹੋ।

## ਪ੍ਰਾਰਥਨਾ

ਸਵਰਗੀ ਪਿਤਾ,

ਮੈਨੂੰ ਮੇਰਾ ਪਰਿਵਾਰ ਦੇਣ ਲਈ ਤੇਰਾ ਧੰਨਵਾਦ। ਮੇਰੀ ਮਦਦ ਕਰ ਕਿ ਮੈਂ ਉਨ੍ਹਾਂ ਵਿੱਚੋਂ ਹਰੇਕ ਦੀ ਕਦਰ ਕਰਾਂ ਜਿਵੇਂ ਮੈਨੂੰ ਕਰਨੀ ਚਾਹੀਦੀ ਹੈ, ਅਤੇ ਉਨ੍ਹਾਂ ਵਿੱਚੋਂ ਹਰੇਕ ਨਾਲ ਇੱਕ ਚੰਗਾ ਰਿਸ਼ਤਾ ਕਾਇਮ ਕਰਨ ਵਿੱਚ ਮੇਰੀ ਮਦਦ ਕਰ।

ਉਨ੍ਹਾਂ ਤਰੀਕਿਆਂ ’ਤੇ ਵਿਚਾਰ ਕਰਨ ਦਾ ਮੌਕਾ ਦੇਣ ਲਈ ਤੇਰਾ ਧੰਨਵਾਦ, ਜਿਨ੍ਹਾਂ ਤਰੀਕਿਆਂ ਦੁਆਰਾ ਮੈਂ ਆਪਣੇ ਪਿਆਰ ਲਈ ਆਪਣਾ ਪਿਆਰ ਵਿਖਾ ਸਕਦਾ ਹਾਂ। ਯਿਸੂ ਵਰਗਾ ਬਣਨਾ ਸਿੱਖਣ ਵਿੱਚ ਮੇਰੀ ਮਦਦ ਕਰ: ਮੈਂ ਆਪਣੇ ਪਰਿਵਾਰ ਨੂੰ ਅਸੀਸ ਦੇਣ ਅਤੇ ਉਤਸ਼ਾਹਿਤ ਕਰਨ ਲਈ ਆਪਣਾ ਸਮਾਂ, ਭਾਵਨਾਤਮਕ ਅਤੇ ਸਰੀਰਕ ਊਰਜਾ, ਅਤੇ ਸੰਸਾਧਨ ਦੇ ਸਕਾਂ। ਮੇਰੀ ਮਦਦ ਕਰ ਕਿ ਮੈਂ ਇੱਕ ਹਲੀਮ ਮਨ ਰੱਖਾਂ, ਤਾਂ ਜੋ ਮੈਂ ਆਪਣੇ ਨਾਲੋਂ ਦੂਸਰਿਆਂ ਦੀਆਂ ਜ਼ਰੂਰਤਾਂ ਨੂੰ ਤਰਜੀਹ ਦੇਵਾਂ। ਮੇਰੀ ਉਨ੍ਹਾਂ ਮੌਕਿਆਂ ਨੂੰ ਜਾਣਨ ਵਿੱਚ ਮਦਦ ਕਰ ਜੋ ਮੇਰੇ ਕੋਲ ਪਰਿਵਾਰ ਦੇ ਹਰੇਕ ਮੈਂਬਰ ਲਈ ਆਪਣਾ ਪਿਆਰ ਪਰਗਟ ਕਰਨ ਵਾਸਤੇ ਹਨ।

ਤੂੰ ਮੈਨੂੰ ਵਿਖਾਇਆ ਹੈ ਕਿ ਅਸਲ ਪਿਆਰ ਕੀ ਹੈ। ਤੂੰ ਮੇਰੇ ਤੋਂ ਉਮੀਦ ਰੱਖਦਾ ਹੈਂ ਕਿ ਮੈਂ ਆਪਣੇ ਪਰਿਵਾਰ ਪ੍ਰਤੀ ਪਿਆਰ ਦਾ ਉਹੀ ਸਮਰਪਣ ਕਰਾਂ ਜੋ ਤੂੰ ਮੇਰੇ ਨਾਲ ਕੀਤਾ ਹੈ। ਮੈਂ ਆਪਣੇ ਜੀਵਨ ਸਾਥੀ ਅਤੇ ਬੱਚਿਆਂ ਨੂੰ ਬਿਨਾਂ ਸ਼ਰਤ, ਸਵੈ-ਤਿਆਗ ਵਾਲੇ ਪਿਆਰ ਨਾਲ ਪਿਆਰ ਕਰਨ ਦੀ ਚੋਣ ਕਰਦਾ ਹਾਂ। ਮੇਰੇ ’ਤੇ ਉਨ੍ਹਾਂ ਕਈ ਤਰੀਕਿਆਂ ਲਈ ਕਿਰਪਾ ਅਤੇ ਦਯਾ ਕਰ ਜਿਨ੍ਹਾਂ ਵਿੱਚ ਮੈਂ ਅਸਫਲ ਹੋਇਆ ਹਾਂ। ਮੈਨੂੰ ਉਨ੍ਹਾਂ ਨਾਲ ਓਵੇਂ ਪਿਆਰ ਕਰਨ ਦੇ ਯੋਗ ਬਣਾ ਜਿਵੇਂ ਮੈਨੂੰ ਕਰਨਾ ਚਾਹੀਦਾ ਹੈ।

ਆਮੀਨ

## ਪਾਠ ਕਾਰਜ

(1) ਆਪਣੇ ਜੀਵਨ ਸਾਥੀ ਅਤੇ ਆਪਣੇ ਹਰੇਕ ਬੱਚੇ ਲਈ ਪਿਆਰ ਦੀਆਂ ਸੰਭਾਵਿਤ ਮੁੱਖ ਭਾਸ਼ਾਵਾਂ ਬਾਰੇ ਸੋਚੋ। ਆਪਣੇ ਪਰਿਵਾਰ ਦੇ ਮੈਂਬਰਾਂ ਦੇ ਨਾਮਾਂ ਦੀ ਸੂਚੀ ਬਣਾਓ। ਫਿਰ ਹਰੇਕ ਦੀਆਂ ਪਿਆਰ ਦੀਆਂ ਇੱਕ ਜਾਂ ਦੋ ਮੁੱਖ ਭਾਸ਼ਾਵਾਂ ਦੀ ਸੂਚੀ ਬਣਾਓ।

(2) ਪਿਆਰ ਦੇ ਕਿਹੜੇ ਪ੍ਰਗਟਾਵੇ ਲਈ ਤੁਹਾਨੂੰ ਵਾਧੂ ਮਿਹਨਤ ਦੀ ਲੋੜ ਪਵੇਗੀ? ਉਨ੍ਹਾਂ 'ਤੇ ਨਿਸ਼ਾਨ ਲਾਓ। ਇਸ ਲਈ ਕੁਝ ਵਿਚਾਰ ਲਿਖੋ ਕਿ ਤੁਸੀਂ ਉਨ੍ਹਾਂ ਤਰੀਕਿਆਂ ਨਾਲ ਆਪਣੇ ਪਰਿਵਾਰ ਲਈ ਆਪਣੇ ਪਿਆਰ ਨੂੰ ਜਾਣਬੁੱਝ ਕੇ ਕਿਵੇਂ ਪਰਗਟ ਕਰਨਾ ਸ਼ੁਰੂ ਕਰੋਗੇ।

(3) ਆਪਣੇ ਸੱਭਿਆਚਾਰ ਦੀ ਜਾਂਚ ਕਰੋ, ਖਾਸ ਕਰਕੇ ਤੁਹਾਡੇ ਆਪਣੇ ਸਮਾਜਿਕ ਸਮੂਹ ਦੀ। ਪਿਆਰ ਦੀਆਂ ਪੰਜ ਭਾਸ਼ਾਵਾਂ ਦੀ ਸੂਚੀ ਬਣਾਓ। ਤੁਹਾਡੇ ਸੱਭਿਆਚਾਰ ਵਿੱਚ, ਪਿਆਰ ਦੀ ਹਰੇਕ ਭਾਸ਼ਾ ਨੂੰ ਕਿਵੇਂ ਪ੍ਰਦਰਸ਼ਿਤ ਕੀਤਾ ਜਾਂਦਾ ਹੈ? ਕੀ ਪੰਜਾਂ ਵਿੱਚੋਂ ਕੋਈ ਅਜਿਹੀ ਭਾਸ਼ਾ ਹੈ ਜਿਸ ਨੂੰ ਆਮ ਤੌਰ 'ਤੇ ਨਜ਼ਰਅੰਦਾਜ਼ ਕੀਤਾ ਜਾਂਦਾ ਹੈ? ਤੁਹਾਡੇ ਸਮਾਜਿਕ ਸਮੂਹ ਦੇ ਲੋਕ ਤੁਹਾਡੇ ਸੱਭਿਆਚਾਰ ਵਿੱਚ ਆਮ ਨਾਲੋਂ ਬਿਹਤਰ ਤਰੀਕਿਆਂ ਨਾਲ ਪਿਆਰ ਦਾ ਪਰਗਟਾਵਾ ਕਿਵੇਂ ਕਰ ਸਕਦੇ ਹਨ? ਇਨ੍ਹਾਂ ਸਵਾਲਾਂ ਦੇ ਜਵਾਬ ਦਿੰਦੇ ਹੋਏ ਕਈ ਪੈਰੇ ਲਿਖੋ।

# ਪਾਠ 10

# ਬਾਂਝਪਣ ਦਾ ਮਸਲਾ

## ਪਾਠ ਦੇ ਟੀਚੇ

ਇਸ ਪਾਠ ਦੇ ਅੰਤ ਵਿੱਚ, ਵਿਦਿਆਰਥੀ ਹੇਠਾਂ ਦੱਸੇ ਕੰਮ ਕਰਨ ਦੇ ਯੋਗ ਹੋਣੇ ਚਾਹੀਦੇ ਹਨ:

(1) ਬਾਈਬਲ ਅਧਾਰਤ ਨਜ਼ਰੀਏ ਤੋਂ ਬਾਂਝਪਣ ਨੂੰ ਸਮਝਣਾ ਅਤੇ ਇਸ ਲਈ ਜਵਾਬ ਦੇਣਾ।

(2) ਇੱਕ ਦੂਸਰੇ ਦੀ ਕਦਰ ਕਰਨਾ ਕਿਉਂਕਿ ਉਹ ਪਰਮੇਸ਼ੁਰ ਦੇ ਸਰੂਪ ’ਤੇ ਬਣਾਏ ਗਏ ਹਨ।

## ਬੁਸਾਬਾ ਦਾ ਦੁੱਖ

ਬੁਸਾਬਾ ਦਾ ਜਨਮ ਇੱਕ ਏਸ਼ੀਆਈ ਦੇਸ਼ ਵਿੱਚ ਹੋਇਆ ਸੀ। ਜਦੋਂ ਉਸ ਨੇ ਇੱਕ ਨੌਜਵਾਨ ਕਾਰੋਬਾਰੀ ਨਾਲ ਵਿਆਹ ਕੀਤਾ ਤਾਂ ਉਹ ਖੁਸ਼ ਸੀ, ਅਤੇ ਉਨ੍ਹਾਂ ਨੇ ਇਕੱਠੇ ਖੁਸ਼ਹਾਲ ਜੀਵਨ ਬਿਤਾਉਣ ਦੀ ਉਮੀਦ ਕੀਤੀ ਸੀ। ਕਈ ਸਾਲ ਬੀਤ ਗਏ, ਅਤੇ ਬੁਸਾਬਾ ਦੇ ਕੋਈ ਬੱਚਾ ਨਹੀਂ ਹੋਇਆ ਸੀ। ਇੱਕ ਡਾਕਟਰ ਨੇ ਉਨ੍ਹਾਂ ਨੂੰ ਦੱਸਿਆ ਕਿ ਬੁਸਾਬਾ ਬੱਚੇ ਪੈਦਾ ਕਰਨ ਦੇ ਯੋਗ ਨਹੀਂ ਹੋਵੇਗੀ। ਉਸ ਦਾ ਪਤੀ ਬਹੁਤ ਦੁਖੀ ਅਤੇ ਗੁੱਸੇ ਵਿੱਚ ਸੀ। ਅੰਤ ਵਿੱਚ ਉਸ ਨੇ ਬੁਸਾਬਾ ਨੂੰ ਤਲਾਕ ਦੇਣ ਅਤੇ ਕਿਸੇ ਹੋਰ ਔਰਤ ਨਾਲ ਵਿਆਹ ਕਰਨ ਦਾ ਫੈਸਲਾ ਲਿਆ। ਬੁਸਾਬਾ ਹੁਣ ਬੁੱਢੀ ਹੋ ਗਈ ਹੈ। ਉਹ ਇੱਕ ਛੋਟੇ ਜਿਹੇ ਘਰ ਵਿੱਚ ਇਕੱਲੀ ਰਹਿੰਦੀ ਹੈ ਅਤੇ ਉਸ ਦੇ ਜੀਵਨ ਵਿੱਚ ਕੋਈ ਰਿਸ਼ਤੇਦਾਰ ਨਹੀਂ ਹੈ। ਕਿਉਂਕਿ ਉਹ ਬੋਧੀ ਹੈ, ਉਸ ਨੂੰ ਉਮੀਦ ਹੈ ਕਿ ਅਗਲੇ ਜਨਮ ਵਿੱਚ ਕਿਸੇ ਦਿਨ ਉਸ ਦੇ ਬੱਚੇ ਹੋਣਗੇ ਅਤੇ ਉਸ ਦੀ ਸ਼ਰਮ ਖਤਮ ਹੋ ਜਾਵੇਗੀ।

► ਜੇ ਤੁਸੀਂ ਬੁਸਾਬਾ ਦੇ ਭਾਈਚਾਰੇ ਵਿੱਚ ਇੱਕ ਪਾਸਟਰ ਹੁੰਦੇ, ਤਾਂ ਤੁਸੀਂ ਉਸ ਨੂੰ ਕੀ ਆਖਦੇ? ਬੁਸਾਬਾ ਲਈ ਮਸੀਹੀ ਸੰਦੇਸ਼ ਕੀ ਹੈ?

ਇਸ ਪਾਠ ਵਿੱਚ ਅਸੀਂ ਬੇਔਲਾਦ ਹੋਣ ਦੇ ਮੁੱਦੇ ਬਾਰੇ ਬਾਈਬਲ ਦੇ ਨਜ਼ਰੀਏ ’ਤੇ ਵਿਚਾਰ ਕਰਾਂਗੇ।

## ਬੱਚੇ ਅਤੇ ਅਸੀਸ ਦਾ ਪਰਮੇਸ਼ੁਰ ਦਾ ਪ੍ਰੋਗਰਾਮ

ਪਹਿਲੇ ਆਦਮੀ ਅਤੇ ਔਰਤ ਨੂੰ ਬਣਾਉਣ ਤੋਂ ਤੁਰੰਤ ਬਾਅਦ, ਪਰਮੇਸ਼ੁਰ ਨੇ ਉਨ੍ਹਾਂ ਨੂੰ ਬੱਚੇ ਪੈਦਾ ਕਰਨ ਅਤੇ ਮਨੁੱਖੀ ਆਬਾਦੀ ਨੂੰ ਵਧਾਉਣ ਅਤੇ ਧਰਤੀ ਨੂੰ ਭਰਨ ਲਈ ਆਖਿਆ (ਉਤਪਤ 1:28)।

ਪੁਰਾਣੇ ਨੇਮ ਵਿੱਚ, ਪਰਮੇਸ਼ੁਰ ਨੇ ਕਈ ਵਾਰ ਸਿਰਫ਼ ਇੱਕ ਵਿਅਕਤੀ ਨੂੰ ਹੀ ਨਹੀਂ ਸਗੋਂ ਇੱਕ ਪਰਿਵਾਰ ਦੀਆਂ ਕਈ ਪੀੜ੍ਹੀਆਂ ਨੂੰ ਅਸੀਸਾਂ ਦੇਣ ਦਾ ਵਾਇਦਾ ਕੀਤਾ ਸੀ। ਉਦਾਹਰਣ ਵਜੋਂ, ਪਰਮੇਸ਼ੁਰ ਨੇ ਅਬਰਾਹਾਮ ਨੂੰ ਅਸੀਸਾਂ ਦੇਣ ਦਾ ਵਾਇਦਾ ਕੀਤਾ ਸੀ, ਜੋ ਅਬਰਾਹਾਮ ਲਈ ਨਿੱਜੀ ਤੌਰ ’ਤੇ ਨਹੀਂ ਸਗੋਂ ਬਾਅਦ ਦੀਆਂ ਪੀੜ੍ਹੀਆਂ ਲਈ ਵੀ ਆਉਣਗੀਆਂ। ਪਰਮੇਸ਼ੁਰ ਨੇ ਅਬਰਾਹਾਮ ਨਾਲ ਵਾਇਦਾ ਕੀਤਾ ਸੀ ਕਿ ਉਸ ਦੇ ਵੰਸ਼ਜ ਸਮੁੰਦਰ ਦੀ ਰੇਤ ਵਾਂਗ ਅਣਗਿਣਤ ਹੋਣਗੇ। ਅਬਰਾਹਾਮ ਦਾ ਪੁੱਤਰ ਇਸਹਾਕ ਚਮਤਕਾਰੀ ਢੰਗ ਨਾਲ ਆਪਣੀ ਮਾਂ ਦੇ ਗਰਭ ਵਿੱਚ ਆਇਆ ਸੀ। ਫਿਰ ਜਿਵੇਂ-ਜਿਵੇਂ ਪਰਿਵਾਰ ਹਰ ਪੀੜ੍ਹੀ ਦੇ ਨਾਲ ਵਧਦਾ ਗਿਆ, ਵਧਦੀ ਗਿਣਤੀ ਨੇ ਵਿਖਾਇਆ ਕਿ ਪਰਮੇਸ਼ੁਰ ਆਪਣਾ ਵਾਇਦਾ ਪੂਰਾ ਕਰ ਰਿਹਾ ਸੀ।

ਕੂਚ 23:25-27 ਵਿੱਚ ਪਰਮੇਸ਼ੁਰ ਨੇ ਇਸਰਾਏਲ ਨੂੰ ਆਖਿਆ ਕਿ ਉਹ ਉਨ੍ਹਾਂ ਨੂੰ ਅਸੀਸ ਦੇਵੇਗਾ, ਜਿਵੇਂ-ਜਿਵੇਂ ਉਹ ਆਪਣੇ ਨਵੇਂ ਖੇਤਰ ਵਿੱਚ ਅੱਗੇ ਵਧਣਗੇ। ਪਰਮੇਸ਼ੁਰ ਨੇ ਇਸਰਾਏਲ ਨਾਲ ਵਾਇਦਾ ਕੀਤਾ ਸੀ ਕਿ ਉਹ ਉਨ੍ਹਾਂ ਦੇ ਭੋਜਨ ’ਤੇ ਅਸੀਸ ਦੇਵੇਗਾ, ਬਿਮਾਰੀ ਦੂਰ ਕਰੇਗਾ, ਕੋਈ ਬਾਂਝਪਨ ਜਾਂ ਗਰਭਪਾਤ ਨਹੀਂ ਹੋਣ ਦੇਵੇਗਾ, ਅਤੇ ਉਨ੍ਹਾਂ ਦੇ ਦੁਸ਼ਮਣਾਂ ਨੂੰ ਨਾਸ ਕਰੇਗਾ। ਇਹ ਵਾਇਦੇ ਇਸਰਾਏਲ ਦੀ ਆਗਿਆਕਾਰੀ 'ਤੇ ਨਿਰਭਰ ਸਨ, ਅਤੇ ਪਰਮੇਸ਼ੁਰ ਨੇ ਆਪਣੀਆਂ ਸ਼ਰਤਾਂ ਦਾ ਵਰਣਨ ਕੀਤਾ (ਜਿਵੇਂ ਕਿ ਕੂਚ 23:32 ਵਿੱਚ ਹੁਕਮ)। ਵਾਇਦੇ ਪੂਰੀ ਕੌਮ ਨੂੰ ਦਿੱਤੇ ਗਏ ਸਨ ਨਾ ਕਿ ਵਿਅਕਤੀਆਂ ਨੂੰ। ਵਿਅਕਤੀ ਕੌਮ ਦੀ ਆਮ ਆਗਿਆਕਾਰੀ ਜਾਂ ਅਣਆਗਿਆਕਾਰੀ ਤੋਂ ਪ੍ਰਭਾਵਿਤ ਹੋਣਗੇ। ਉਦਾਹਰਣ ਵਜੋਂ, ਕੋਈ ਵਿਅਕਤੀ ਬਿਮਾਰ ਹੋ ਸਕਦਾ ਹੈ, ਜਾਂ ਕੋਈ ਔਰਤ ਬੇਔਲਾਦ ਹੋ ਸਕਦੀ ਹੈ, ਆਪਣੇ ਪਾਪ ਕਰਕੇ ਨਹੀਂ ਸਗੋਂ ਇਸ ਲਈ ਕਿਉਂਕਿ ਉਹ ਇੱਕ ਅਜਿਹੀ ਕੌਮ ਵਿੱਚ ਸਨ ਜੋ ਪਰਮੇਸ਼ੁਰ ਪ੍ਰਤੀ ਵਫ਼ਾਦਾਰ ਨਹੀਂ ਸੀ। ਇਸ ਲਈ, ਹੋ ਸਕਦਾ ਹੈ ਕਿ ਇੱਕ ਬੇਔਲਾਦ ਔਰਤ ਆਪਣੇ ਪਾਪ ਦਾ ਨਤੀਜਾ ਨਾ ਭੁਗਤ ਰਹੀ ਹੋਵੇ।

ਬਿਵਸਥਾ ਸਾਰ 7:12-15 ਇਸਰਾਏਲ ਕੌਮ ਨਾਲ ਕੀਤੇ ਵਾਇਦੇ ਵਾਲਾ ਇੱਕ ਭਾਗ ਹੈ। ਖੁਸ਼ਹਾਲੀ ਹੋਵੇਗੀ, ਕੋਈ ਬਿਮਾਰੀ ਨਹੀਂ ਹੋਵੇਗੀ, ਅਤੇ ਮਨੁੱਖਾਂ ਜਾਂ ਜਾਨਵਰਾਂ ਲਈ ਕੋਈ ਬਾਂਝਪਨ ਨਹੀਂ ਹੋਵੇਗਾ। ਆਇਤ 12 ਆਖਦੀ ਹੈ ਕਿ ਇਸਰਾਏਲੀਆਂ ਨੂੰ ਇਹ ਅਸੀਸਾਂ ਮਿਲਣਗੀਆਂ ਜੇਕਰ ਉਹ ਪਰਮੇਸ਼ੁਰ ਦੀ ਆਗਿਆ ਮੰਨਦੇ ਕਿਉਂਕਿ ਪਰਮੇਸ਼ੁਰ ਨੇ ਉਨ੍ਹਾਂ ਦੇ ਪਿਤਾਵਾਂ ਨਾਲ ਇੱਕ ਨੇਮ ਬੰਨ੍ਹਿਆ ਸੀ। ਜੇਕਰ ਕੌਮ ਪਰਮੇਸ਼ੁਰ ਪ੍ਰਤੀ ਵਫ਼ਾਦਾਰ ਨਹੀਂ ਰਹਿੰਦੀ ਤਾਂ ਇਸਰਾਏਲ ਵਿੱਚ ਇੱਕ ਵਿਅਕਤੀ ਗਰੀਬ ਹੋ ਸਕਦਾ ਹੈ, ਜਾਂ ਇੱਕ ਔਰਤ ਬੇਔਲਾਦ ਹੋ ਸਕਦੀ ਹੈ।

ਬੱਚੇ ਆਪਣੇ ਲੋਕਾਂ ਲਈ ਪਰਮੇਸ਼ੁਰ ਦੀ ਯੋਜਨਾ ਲਈ ਮਹੱਤਵਪੂਰਣ ਸਨ। ਇਸ ਕੋਰਸ ਦੇ ਹੋਰ ਹਿੱਸਿਆਂ ਵਿੱਚ, ਅਸੀਂ ਇਸ ਬਾਰੇ ਗੱਲ ਕਰਦੇ ਹਾਂ ਕਿ ਬੱਚਿਆਂ ਦੀ ਕਦਰ ਕਿਵੇਂ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਉਹ ਪਰਮੇਸ਼ੁਰ ਦੇ ਸਰੂਪ ’ਤੇ ਬਣਾਏ ਗਏ ਹਨ। ਹਰ ਬੱਚਾ ਮਹੱਤਵਪੂਰਣ ਹੈ ਅਤੇ ਉਸ ਨਾਲ ਪਿਆਰ ਅਤੇ ਦੇਖਭਾਲ ਨਾਲ ਪੇਸ਼ ਆਉਣਾ ਚਾਹੀਦਾ ਹੈ। ਹਾਲਾਂਕਿ, ਕਈ ਵਾਰ ਲੋਕ ਮਹਿਸੂਸ ਕਰਦੇ ਹਨ ਕਿ ਇੱਕ ਬੱਚਾ ਮਹੱਤਵਪੂਰਣ ਹੈ ਕਿਉਂਕਿ ਉਹ ਭਵਿੱਖ ਵਿੱਚ ਪਰਿਵਾਰ ਨੂੰ ਮਜ਼ਬੂਤ ਰੱਖ ਸਕਦਾ ਹੈ। ਕਈ ਵਾਰ ਇੱਕ ਪਿਤਾ ਬੱਚਿਆਂ ਦੀ ਕਦਰ ਕਰਦਾ ਹੈ ਕਿਉਂਕਿ ਉਹ ਉਸ ਦੀ ਆਪਣੀ ਪਛਾਣ ਦਾ ਵਿਸਥਾਰ ਹੁੰਦੇ ਹਨ। ਸਾਨੂੰ ਯਾਦ ਰੱਖਣ ਦੀ ਲੋੜ ਹੈ ਕਿ ਪਰਮੇਸ਼ੁਰ ਆਪਣੇ ਉਦੇਸ਼ਾਂ ਲਈ ਸਾਨੂੰ ਬੱਚੇ ਦਿੰਦਾ ਹੈ (ਮਲਾਕੀ 2:15)।

► ਸਮੂਹ ਨੂੰ ਜ਼ਬੂਰ 127:3-5 ਨੂੰ ਮਿਲਕੇ ਵੇਖਣਾ ਚਾਹੀਦਾ ਹੈ ਜਦੋਂ ਕੋਈ ਇਸ ਨੂੰ ਉੱਚੀ ਆਵਾਜ਼ ਵਿੱਚ ਪੜ੍ਹਦਾ ਹੈ।

ਬਾਈਬਲ ਦਾ ਇਹ ਹਵਾਲਾ ਆਖਦਾ ਹੈ ਕਿ ਬੱਚੇ ਪਰਮੇਸ਼ੁਰ ਵੱਲੋਂ ਇੱਕ ਅਸੀਸ ਹਨ। ਉਹ ਇੱਕ ਮਿਰਾਸ ਦੇ ਵਾਂਗ ਹਨ ਜਿਸ ਨੂੰ ਪਰਮੇਸ਼ੁਰ ਅਸੀਸ ਦਿੰਦਾ ਹੈ। ਉਹ ਪਰਮੇਸ਼ੁਰ ਵੱਲੋਂ ਇੱਕ ਇਨਾਮ ਹਨ। ਉਹ ਭਵਿੱਖ ਵਿੱਚ ਪਰਿਵਾਰ ਦੀ ਸੁਰੱਖਿਆ ਅਤੇ ਪਰਿਵਾਰ ਦਾ ਭਰੋਸਾ ਹਨ।

ਦੋ ਅਸੀਸਾਂ ਜਿਨ੍ਹਾਂ ਬਾਰੇ ਕਈ ਵਾਰ ਵਚਨ ਵਿੱਚ ਇਕੱਠੇ ਗੱਲ ਕੀਤੀ ਜਾਂਦੀ ਹੈ ਉਹ ਲੰਬੀ ਉਮਰ ਅਤੇ ਪੋਤੇ-ਪੋਤੀਆਂ ਹਨ। ਅੱਯੂਬ ਨੂੰ ਅਸੀਸ ਦਿੱਤੀ ਗਈ ਕਿਉਂਕਿ ਉਸ ਦੇ ਦਸ ਬੱਚੇ ਸਨ ਅਤੇ ਉਹ ਚਾਰ ਪੀੜ੍ਹੀਆਂ ਨੂੰ ਵੇਖਣ ਲਈ ਕਾਫ਼ੀ ਲੰਮਾ ਸਮਾਂ ਜੀਉਂਦਾ ਰਿਹਾ (ਅੱਯੂਬ 42:13, 16)। ਜ਼ਬੂਰ 128:6 ਦੀ ਅਸੀਸ ਤੁਹਾਡੇ ਪੋਤੇ-ਪੋਤੀਆਂ ਨੂੰ ਵੇਖਣ ਲਈ ਜੀਉਣ ਦਾ ਤੋਹਫ਼ਾ ਹੈ।

ਪਰਮੇਸ਼ੁਰ ਨੇ ਯੋਨਾਦਾਬ ਦੇ ਪਰਿਵਾਰ ਨੂੰ ਇਸ ਵਾਇਦੇ ਨਾਲ ਅਸੀਸ ਦਿੱਤੀ ਕਿ ਪਰਿਵਾਰ ਦੀ ਅਗਲੀ ਪੀੜ੍ਹੀ ਦੀ ਅਗਵਾਈ ਕਰਨ ਲਈ ਹਮੇਸ਼ਾ ਇੱਕ ਆਦਮੀ ਹੋਵੇਗਾ (ਯਿਰਮਿਯਾਹ 35:19)। ਪਰਮੇਸ਼ੁਰ ਨੇ ਰਾਜਾ ਦਾਊਦ ਦੇ ਪਰਿਵਾਰ ਨਾਲ ਵਾਇਦਾ ਕੀਤਾ ਸੀ ਕਿ ਉਨ੍ਹਾਂ ਕੋਲ ਹਮੇਸ਼ਾ ਇੱਕ ਆਦਮੀ ਹੋਵੇਗਾ ਜੋ ਸਿੰਘਾਸਣ 'ਤੇ ਬੈਠੇਗਾ (2 ਸਮੂਏਲ 7:16)।

ਇਸ ਲਈ ਅਸੀਂ ਵੇਖਦੇ ਹਾਂ ਕਿ ਪਰਿਵਾਰ ਲਈ ਪਰਮੇਸ਼ੁਰ ਦੀਆਂ ਅਸੀਸਾਂ ਵਿੱਚ ਆਮ ਤੌਰ 'ਤੇ ਬੱਚੇ ਸ਼ਾਮਲ ਹੁੰਦੇ ਹਨ, ਅਤੇ ਬੱਚੇ ਇੱਕ ਅਜਿਹਾ ਤਰੀਕਾ ਹਨ ਜਿਸ ਨਾਲ ਪਰਮੇਸ਼ੁਰ ਦੀਆਂ ਅਸੀਸਾਂ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਦੀਆਂ ਹਨ।

## ਬਾਂਝਪਣ ਬਾਰੇ ਬਾਈਬਲ ਦੇ ਅਨੁਸਾਰ ਇੱਕ ਸਮਝ

ਕੁਝ ਮਾਮਲਿਆਂ ਵਿੱਚ ਬੇਔਲਾਦ ਹੋਣ ਦਾ ਮਤਲਬ ਇਹ ਹੋ ਸਕਦਾ ਹੈ ਕਿ ਪਰਮੇਸ਼ੁਰ ਨੇ ਇੱਕ ਪਰਿਵਾਰ ਨੂੰ ਸਰਾਪ ਦਿੱਤਾ ਹੈ। ਬਾਈਬਲ ਸਾਨੂੰ ਉਨ੍ਹਾਂ ਮਾਮਲਿਆਂ ਬਾਰੇ ਦੱਸਦੀ ਹੈ ਜਿੱਥੇ ਪਰਮੇਸ਼ੁਰ ਨੇ ਪਰਿਵਾਰਾਂ ਨੂੰ ਬਾਂਝਪਣ ਦਾ ਸਰਾਪ ਦਿੱਤਾ ਸੀ। ਉਦਾਹਰਣ ਦੇ ਲਈ, ਕਿਉਂਕਿ ਰਾਜਾ ਅਬੀਮਲਕ ਨੇ ਗਲਤ ਕੀਤਾ ਸੀ, ਪਰਮੇਸ਼ੁਰ ਨੇ ਉਸ ਦੇ ਘਰ ਦੀਆਂ ਸਾਰੀਆਂ ਔਰਤਾਂ ਨੂੰ ਤਦ ਤਕ ਬੱਚੇ ਪੈਦਾ ਕਰਨ ਤੋਂ ਰੋਕ ਦਿੱਤਾ ਸੀ, ਜਦੋਂ ਤੱਕ ਉਸ ਨੇ ਆਪਣੀ ਗਲਤੀ ਨੂੰ ਸੁਧਾਰ ਨਹੀਂ ਲਈ (ਉਤਪਤ 20:18)। ਔਰਤਾਂ ਦੋਸ਼ੀ ਨਹੀਂ ਸਨ, ਪਰ ਉਨ੍ਹਾਂ ਨੇ ਰਾਜੇ ਦੇ ਪਾਪ ਦੇ ਨਤੀਜਾ ਦਾ ਅਨੁਭਵ ਕੀਤਾ।

ਆਦਮ ਅਤੇ ਹੱਵਾਹ ਦੇ ਪਾਪ ਕਰਨ ਤੋਂ ਬਾਅਦ, ਪਰਮੇਸ਼ੁਰ ਨੇ ਆਖਿਆ ਕਿ ਦੁਨੀਆਂ ਉਨ੍ਹਾਂ ਦੇ ਪਾਪ ਤੋਂ ਪ੍ਰਭਾਵਿਤ ਹੋਵੇਗੀ। ਸਰਾਪ ਵਿੱਚ ਮੁਸ਼ਕਲ ਮਨੁੱਖੀ ਰਿਸ਼ਤੇ, ਬੱਚੇ ਪੈਦਾ ਕਰਨ ਵਿੱਚ ਦਰਦ ਅਤੇ ਦੁੱਖ, ਮੁਸ਼ਕਲ ਕੰਮ, ਖੇਤੀ ਪ੍ਰਤੀ ਧਰਤੀ ਦਾ ਵਿਰੋਧ, ਅਤੇ ਅੰਤ ਵਿੱਚ ਮੌਤ ਸ਼ਾਮਲ ਸੀ (ਉਤਪਤ 3:14-19)। ਆਦਮ ਤੋਂ ਲੈ ਕੇ ਹਰ ਮਨੁੱਖ ਨੇ ਜਨਮ ਤੋਂ ਹੀ ਸਰਾਪ ਦਾ ਅਨੁਭਵ ਕੀਤਾ ਹੈ, ਇੱਥੋਂ ਤੱਕ ਕਿ ਨਿੱਜੀ ਤੌਰ ’ਤੇ ਕੋਈ ਪਾਪ ਕਰਨ ਤੋਂ ਪਹਿਲਾਂ ਹੀ। ਇੱਥੋਂ ਤੱਕ ਕਿ ਯਿਸੂ, ਜੋ ਕਿ ਬਿਲਕੁਲ ਪਾਪ ਰਹਿਤ ਸੀ, ਇੱਕ ਮਨੁੱਖੀ ਸਰੀਰ ਦੇ ਨਾਲ ਸ੍ਰਿਸ਼ਟੀ ਵਿੱਚ ਦਾਖਲ ਹੋਇਆ ਜਿਸ ਨੇ ਸਰਾਪ ਦੀਆਂ ਸਥਿੱਤੀਆਂ ਨੂੰ ਸਹਿਣ ਕੀਤਾ। ਇਸ ਲਈ, ਸਾਨੂੰ ਇਹ ਨਹੀਂ ਆਖਣਾ ਚਾਹੀਦਾ ਕਿ ਇੱਕ ਵਿਅਕਤੀ ਦਾ ਦੁੱਖ ਉਸਦੇ ਆਪਣੇ ਪਾਪ ਕਾਰਨ ਹੈ। ਅਸੀਂ ਸਾਰੇ ਬੁੱਢੇ ਹੁੰਦੇ ਹਾਂ, ਅਸੀਂ ਬਿਮਾਰ ਹੁੰਦੇ ਹਾਂ,

ਅਸੀਂ ਕਈ ਤਰੀਕਿਆਂ ਨਾਲ ਦੁੱਖ ਝੱਲਦੇ ਹਾਂ, ਅਤੇ ਅੰਤ ਵਿੱਚ ਮਰ ਜਾਂਦੇ ਹਾਂ। ਇਹ ਸਮੱਸਿਆਵਾਂ, ਬੱਚੇ ਪੈਦਾ ਕਰਨ ਦੀਆਂ ਸਮੱਸਿਆਵਾਂ ਦੇ ਨਾਲ, ਆਦਮ ਦੇ ਪਹਿਲੇ ਪਾਪ ਦੇ ਨਤੀਜੇ ਹਨ।

ਆਦਮ ਦੇ ਮੂਲ ਪਾਪ ਤੋਂ ਇਲਾਵਾ, ਅਸੀਂ ਆਪਣੇ ਪੁਰਖਿਆਂ ਦੇ ਪਾਪਾਂ ਤੋਂ ਪ੍ਰਭਾਵਿਤ ਹੁੰਦੇ ਹਾਂ, ਕਿਉਂਕਿ ਉਨ੍ਹਾਂ ਦੇ ਕੰਮਾਂ ਨੇ ਉਹ ਸਮਾਜ ਬਣਾਇਆ ਹੈ ਜਿਸ ਵਿੱਚ ਅਸੀਂ ਪੈਦਾ ਹੋਏ ਹਾਂ। ਅਸੀਂ ਆਪਣੇ ਪਰਿਵਾਰ, ਭਾਈਚਾਰੇ ਅਤੇ ਕੌਮ ਦੇ ਪਾਪਾਂ ਤੋਂ ਪ੍ਰਭਾਵਿਤ ਹੁੰਦੇ ਹਾਂ। ਦੁਨੀਆ ਵਿੱਚ ਹਰ ਜਗ੍ਹਾ ਵਿਸ਼ਵਾਸੀ ਇੱਕ ਅਜਿਹੇ ਸਮਾਜ ਦੁਆਰਾ ਬਣਾਈਆਂ ਗਈਆਂ ਸਥਿੱਤੀਆਂ ਦਾ ਸਾਹਮਣਾ ਕਰਦੇ ਹਨ ਜਿਨ੍ਹਾਂ ਨੂੰ ਉਹ ਨਿਯੰਤਰਿਤ ਨਹੀਂ ਕਰਦੇ ਹਨ। ਇੱਕ ਪਰਿਵਾਰ ਗਰੀਬੀ ਦਾ ਅਨੁਭਵ ਕਰ ਸਕਦਾ ਹੈ ਕਿਉਂਕਿ ਉਹ ਅਜਿਹੀ ਜਗ੍ਹਾ ’ਤੇ ਹਨ ਜਿੱਥੇ ਬਹੁਤ ਘੱਟ ਆਜ਼ਾਦੀ ਅਤੇ ਮੌਕੇ ਹਨ। ਇੱਕ ਬੱਚਾ ਸਰੀਰਕ ਨੁਕਸ ਨਾਲ ਪੈਦਾ ਹੋ ਸਕਦਾ ਹੈ ਹਾਲਾਂਕਿ ਉਸ ਨੇ ਪਾਪ ਕਰਨ ਦਾ ਕੋਈ ਵਿਕਲਪ ਨਹੀਂ ਚੁਣਿਆ ਹੈ (ਯੂਹੰਨਾ 9:1-3)।

ਅਸੀਂ ਮਾਪਿਆਂ ਨੂੰ ਬੱਚੇ ਦੇਣ ਜਾਂ ਇੱਕ ਜੋੜੇ ਨੂੰ ਬੇਔਲਾਦ ਰੱਖਣ ਦੇ ਲਈ ਪਰਮੇਸ਼ੁਰ ਦੇ ਕਾਰਣਾਂ ਨੂੰ ਨਹੀਂ ਜਾਣਦੇ ਹਾਂ। ਕਈ ਵਾਰ ਲਾਪਰਵਾਹ ਅਤੇ ਪਾਪ ਵਿੱਚ ਰਹਿਣ ਵਾਲੇ ਵਿਦਰੋਹੀ ਲੋਕਾਂ ਦੇ ਬਹੁਤ ਸਾਰੇ ਬੱਚੇ ਹੁੰਦੇ ਹਨ ਅਤੇ ਉਹ ਉਨ੍ਹਾਂ ਦੀ ਪਰਵਰਿਸ਼ ਉਸ ਤਰੀਕੇ ਨਾਲ ਨਹੀਂ ਕਰਦੇ ਜੋ ਪਰਮੇਸ਼ੁਰ ਨੂੰ ਵਡਿਆਈ ਦਿੰਦਾ ਹੈ (ਜ਼ਬੂਰ 17:14)। ਕਈ ਵਾਰ ਵਫ਼ਾਦਾਰ ਵਿਸ਼ਵਾਸੀਆਂ ਦੇ ਬੱਚੇ ਨਹੀਂ ਹੁੰਦੇ। ਯਕੀਨਨ ਸਾਨੂੰ ਇਹ ਨਹੀਂ ਮੰਨਣਾ ਚਾਹੀਦਾ ਕਿ ਬਾਂਝਪਣ ਕਿਸੇ ਵਿਅਕਤੀ ਦੇ ਪਾਪ ਦਾ ਨਤੀਜਾ ਹੈ।

ਅਸੀਂ ਜਾਣਦੇ ਹਾਂ ਕਿ ਪਰਮੇਸ਼ੁਰ ਜਦੋਂ ਵੀ ਚਾਹੇ ਇਲਾਜ ਅਤੇ ਅਸੀਸ ਦੇ ਨਾਲ ਦਖਲ ਦੇ ਸਕਦਾ ਹੈ, ਪਰ ਆਮ ਤੌਰ ’ਤੇ, ਵਿਸ਼ਵਾਸੀ ਸੰਸਾਰ ਦੇ ਹਾਲਾਤਾਂ ਨੂੰ ਸਹਿਣ ਕਰਦੇ ਹਨ। ਅਸੀਂ ਵਿਸ਼ਵਾਸ ਵਿੱਚ ਉਸ ਸਮੇਂ ਦੀ ਉਡੀਕ ਕਰਦੇ ਹਾਂ ਜਦੋਂ ਪਰਮੇਸ਼ੁਰ ਆਪਣੀ ਸ੍ਰਿਸ਼ਟੀ ਨੂੰ ਨਵਾਂ ਕਰੇਗਾ (ਰੋਮੀਆਂ 8:18-23)।

ਕਿਸੇ ਔਰਤ ਨੂੰ ਬੇਔਲਾਦ ਹੋਣ ਲਈ ਦੋਸ਼ੀ ਠਹਿਰਾਉਣਾ ਉਚਿੱਤ ਨਹੀਂ ਹੈ, ਜਿਵੇਂ ਕਿ ਉਸ ਦੇ ਆਪਣੇ ਪਾਪ ਦੇ ਕਾਰਣ ਸਰਾਪ ਆਇਆ ਹੋਵੇ। ਇਸੇ ਤਰ੍ਹਾਂ, ਜਦੋਂ ਇੱਕ ਬੱਚਾ ਜਨਮ ਤੋਂ ਪਹਿਲਾਂ ਮਰ ਜਾਂਦਾ ਹੈ, ਤਾਂ ਮੌਤ ਆਮ ਤੌਰ 'ਤੇ ਮਾਂ ਦੁਆਰਾ ਕੀਤੇ ਕਿਸੇ ਵੀ ਕੰਮ ਦੇ ਕਾਰਣ ਨਹੀਂ ਹੁੰਦੀ। ਵਿਅਕਤੀ ਆਦਮ ਦੇ ਪਾਪ, ਦੂਜਿਆਂ ਦੇ ਪਾਪਾਂ ਅਤੇ ਸੰਸਾਰ ਦੀ ਆਮ ਸਥਿੱਤੀ ਦੇ ਕਾਰਣ ਕਈ ਤਰੀਕਿਆਂ ਨਾਲ ਦੁੱਖ ਝੱਲਦੇ ਹਨ। ਕਿਉਂਕਿ ਸਾਰਿਆਂ ਨੇ ਪਾਪ ਕੀਤਾ ਹੈ, ਮਨੁੱਖਤਾ ਦੁਨੀਆ ਦੀ ਹਾਲਾਤ ਲਈ ਸਾਂਝੇ ਤੌਰ ’ਤੇ ਜ਼ਿੰਮੇਵਾਰ ਹੈ, ਪਰ ਵਿਅਕਤੀ ਬਹੁਤ ਸਾਰੇ ਖਾਸ ਤਰੀਕਿਆਂ ਨਾਲ ਦੁੱਖ ਝੱਲਦੇ ਹਨ।

## ਪਰਮੇਸ਼ੁਰ ਦੇ ਚਮਤਕਾਰ

ਯਿਸੂ ਨੇ ਉਦੋਂ ਪਰਮੇਸ਼ੁਰ ਦਾ ਪਿਆਰ ਵਿਖਾਇਆ ਜਦੋਂ ਉਸ ਨੇ ਚੰਗਾਈ ਦਿੱਤੀ ਅਤੇ ਹੋਰ ਚਮਤਕਾਰ ਕੀਤੇ। ਬਾਈਬਲ ਵਿੱਚ ਦਰਜ ਇਤਿਹਾਸ ਦੌਰਾਨ, ਅਸੀਂ ਪਰਮੇਸ਼ੁਰ ਦੇ ਆਪਣੇ ਲੋਕਾਂ ਲਈ ਕੀਤੇ ਗਏ ਚਮਤਕਾਰਾਂ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਵੇਖਦੇ ਹਾਂ।

ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਸੁੰਦਰਤਾ ਦੀ ਦੁਨੀਆਂ ਵਿੱਚ ਖੁਸ਼ੀ ਨਾਲ ਅਤੇ ਦੁੱਖਾਂ ਤੋਂ ਬਿਨਾਂ ਜੀਈਏ (ਉਤਪਤ 1:28, 31, 1 ਤਿਮੋਥਿਉਸ 6:17)। ਹਾਲਾਂਕਿ, ਪਰਮੇਸ਼ੁਰ ਦੀ ਪਹਿਲੀ ਤਰਜੀਹ ਸਾਨੂੰ ਪਾਪ ਤੋਂ ਬਚਾਉਣਾ ਹੈ ਤਾਂ ਜੋ ਅਸੀਂ ਉਸ ਨਾਲ ਇੱਕ ਸਦੀਪਕ ਰਿਸ਼ਤੇ ਦਾ ਆਨੰਦ ਮਾਣ ਸਕੀਏ। ਪਾਪੀਆਂ ਦੀ ਮੁਕਤੀ ਵਿੱਚ ਸਮਾਂ ਲੱਗਦਾ ਹੈ ਕਿਉਂਕਿ ਲੋਕਾਂ ਨੂੰ ਤੋਬਾ ਕਰਨ ਅਤੇ ਵਿਸ਼ਵਾਸ ਕਰਨ ਦਾ ਫੈਸਲਾ ਲੈਣਾ ਚਾਹੀਦਾ ਹੈ। ਜੇਕਰ ਪਰਮੇਸ਼ੁਰ ਹੁਣ ਸਾਰੇ ਦੁੱਖਾਂ ਨੂੰ ਖਤਮ ਕਰ ਦਿੰਦਾ ਹੈ, ਤਾਂ ਬਹੁਤ ਘੱਟ ਲੋਕ ਤੋਬਾ ਕਰਨਗੇ, ਕਿਉਂਕਿ ਉਹ ਪਾਪ ਦੀ ਬੁਰਾਈ ਨੂੰ ਨਹੀਂ ਸਮਝਣਗੇ। ਇਸ ਲਈ ਹੁਣ, ਆਮ ਤੌਰ 'ਤੇ ਦੁੱਖ ਜਾਰੀ ਰਹਿਣਾ ਚਾਹੀਦਾ ਹੈ ਜਦੋਂ ਤੱਕ ਖੁਸ਼ਖਬਰੀ ਦਾ ਪਰਚਾਰ ਪੂਰੀ ਦੁਨੀਆ ਵਿੱਚ ਕੀਤਾ ਜਾ ਰਿਹਾ ਹੈ। ਅਸੀਂ ਇਹ ਉਮੀਦ ਨਹੀਂ ਕਰ ਸਕਦੇ ਕਿ ਚਮਤਕਾਰ ਸਾਡੀਆਂ ਸਾਰੀਆਂ ਸਮੱਸਿਆਵਾਂ ਨੂੰ ਹੱਲ ਕਰਨਗੇ ਅਤੇ ਸਾਡੇ ਸਾਰੇ ਦੁੱਖ ਦੂਰ ਕਰ ਦੇਣਗੇ, ਹਾਲਾਂਕਿ ਪਰਮੇਸ਼ੁਰ ਸਾਡੇ ਲਈ ਕਦੇ-ਕਦੇ ਚਮਤਕਾਰ ਕਰਦਾ ਹੈ। ਅੰਤ ਵਿੱਚ, ਸਾਰੇ ਦੁੱਖ ਉਨ੍ਹਾਂ ਲਈ ਖਤਮ ਹੋ ਜਾਣਗੇ ਜੋ ਪਰਮੇਸ਼ੁਰ ਨਾਲ ਰਿਸ਼ਤੇ ਵਿੱਚ ਆ ਜਾਂਦੇ ਹਨ। ਪਰ ਇਸ ਦੌਰਾਨ, ਪਰਮੇਸ਼ੁਰ ਸਾਡੇ ਦੁੱਖਾਂ ਵਿੱਚ ਸਾਡੇ ਨਾਲ ਸੋਗ ਕਰਦਾ ਹੈ (ਯੂਹੰਨਾ 11:35) ਅਤੇ ਸਾਨੂੰ ਕਈ ਤਰੀਕਿਆਂ ਨਾਲ ਦਿਲਾਸਾ ਦਿੰਦਾ ਹੈ (2 ਕੁਰਿੰਥੀਆਂ 1:3-7)।

ਪਰਮੇਸ਼ੁਰ ਦੇ ਚਮਤਕਾਰਾਂ ਵਿੱਚੋਂ ਇੱਕ ਚਮਤਕਾਰ ਇੱਕ ਬੇਔਲਾਦ ਔਰਤ ਨੂੰ ਬੱਚਿਆਂ ਦੀ ਮਾਂ ਬਣਾਉਣਾ ਹੈ (ਜ਼ਬੂਰ 113:9)।

ਬਾਈਬਲ ਵਿੱਚ ਘੱਟੋ-ਘੱਟ ਛੇ ਵਾਰ ਉਸ ਬਾਰੇ ਦਰਜ ਕੀਤਾ ਗਿਆ ਹੈ, ਜਦੋਂ ਪਰਮੇਸ਼ੁਰ ਨੇ ਇੱਕ ਬੇਔਲਾਦ ਔਰਤ ਨੂੰ ਪੁੱਤਰ ਦਿੱਤਾ। ਹਾਲਾਂਕਿ ਪਰਮੇਸ਼ੁਰ ਨੇ ਇਹ ਚਮਤਕਾਰ ਹੋਰ ਵੀ ਕਈ ਵਾਰ ਕੀਤਾ ਹੈ, ਪਰ ਇਹ ਛੇ ਵਾਰ ਦਰਜ ਕੀਤਾ ਗਿਆ ਸੀ ਕਿਉਂਕਿ ਉਹ ਬੱਚੇ ਇਤਿਹਾਸ ਵਿੱਚ ਮਹੱਤਵਪੂਰਣ ਸਨ। ਇਸਹਾਕ ਦਾ ਜਨਮ ਸਾਰਾਹ ਤੋਂ ਹੋਇਆ ਸੀ (ਉਤਪਤ 21:1-3)। ਯਾਕੂਬ ਅਤੇ ਏਸਾਓ ਦਾ ਜਨਮ ਰਿਬਕਾਹ ਤੋਂ ਹੋਇਆ ਸੀ (ਉਤਪਤ 25:21, 25-26)। ਯੂਸੁਫ਼ ਦਾ ਜਨਮ ਰਾਖੇਲ ਤੋਂ ਹੋਇਆ ਸੀ (ਉਤਪਤ 30:22-24)। ਸਮਸੂਨ ਦਾ ਜਨਮ ਮਨੋਆਹ ਦੀ ਪਤਨੀ ਤੋਂ ਹੋਇਆ ਸੀ (ਨਿਆਈਆਂ 13:2-3, 24)। ਸਮੂਏਲ ਦਾ ਜਨਮ ਹੰਨਾਹ ਤੋਂ ਹੋਇਆ ਸੀ (1 ਸਮੂਏਲ 1:20)। ਯੂਹੰਨਾ ਦਾ ਜਨਮ ਇਲੀਸਬਤ ਤੋਂ ਹੋਇਆ ਸੀ (ਲੂਕਾ 1:13, 57)।

ਇਨ੍ਹਾਂ ਛੇ ਮਾਮਲਿਆਂ ਵਿੱਚੋਂ ਹਰੇਕ ਵਿੱਚ, ਜੋੜੇ ਨੇ ਦੁੱਖ ਦਾ ਅਨੁਭਵ ਕੀਤਾ ਸੀ ਕਿਉਂਕਿ ਪਤਨੀ ਬੇਔਲਾਦ ਸੀ। ਬਾਈਬਲ ਦੇ ਰਿਕਾਰਡ ਵਿੱਚ, ਪਰਮੇਸ਼ੁਰ ਨੇ ਔਰਤ ਦੇ ਬੱਚੇ ਦੀ ਘਾਟ ਲਈ ਕਿਸੇ ਨੂੰ ਦੋਸ਼ੀ ਨਹੀਂ ਠਹਿਰਾਇਆ। ਬਾਈਬਲ ਇਸ ਗੱਲ ਦਾ ਕੋਈ ਸੰਕੇਤ ਨਹੀਂ ਦਿੰਦੀ ਕਿ ਪਰਮੇਸ਼ੁਰ ਕਿਸੇ ਵੀ ਮਾਤਾ-ਪਿਤਾ ਤੋਂ ਨਾਰਾਜ਼ ਸੀ। ਲੂਕਾ 1:5-7 ਆਖਦੀ ਹੈ ਕਿ ਜ਼ਕਰਯਾਹ ਅਤੇ ਇਲੀਸਬਤ ਪਰਮੇਸ਼ੁਰ ਦੇ ਸਾਹਮਣੇ ਧਰਮੀ ਸਨ, ਪੂਰੀ ਤਰ੍ਹਾਂ ਉਸ ਦੇ ਹੁਕਮਾਂ ਦੀ ਪਾਲਣਾ ਕਰਦੇ ਸਨ, ਫਿਰ ਵੀ ਉਹ ਬੁਢਾਪੇ ਤੱਕ ਬੇਔਲਾਦ ਸਨ। ਇਸ ਗੱਲ ਦਾ ਕੋਈ ਰਿਕਾਰਡ ਨਹੀਂ ਹੈ ਕਿ ਇਨ੍ਹਾਂ ਛੇ ਬਿਰਤਾਂਤਾਂ ਵਿੱਚ ਕਿਸੇ ਵੀ ਮਾਤਾ-ਪਿਤਾ ਨੇ ਉਦੋਂ ਤੋਬਾ ਕੀਤੀ ਜਾਂ ਪਾਪ ਕਬੂਲ ਕੀਤਾ ਜਦੋਂ ਉਨ੍ਹਾਂ ਨੇ ਚਮਤਕਾਰ ਲਈ ਪ੍ਰਾਰਥਨਾ ਕੀਤੀ ਸੀ। ਮਾਪਿਆਂ ਲਈ ਪਰਮੇਸ਼ੁਰ ਦੇ ਸੰਦੇਸ਼ਾਂ ਵਿੱਚ ਇਸ ਦਾ ਕੋਈ ਕਾਰਨ ਨਹੀਂ ਦੱਸਿਆ ਗਿਆ ਹੈ ਕਿ ਉਨ੍ਹਾਂ ਦੇ ਪਹਿਲਾਂ ਹੀ ਬੱਚੇ ਕਿਉਂ ਨਹੀਂ ਸਨ। ਇਹ ਮਾਮਲੇ ਇਸ ਸੱਚਾਈ ਨੂੰ ਦਰਸਾਉਂਦੇ ਹਨ ਕਿ ਲੋਕਾਂ ਨੂੰ ਬੇਔਲਾਦ ਹੋਣ ਲਈ ਵਿਅਕਤੀਗਤ ਤੌਰ 'ਤੇ ਦੋਸ਼ੀ ਨਹੀਂ ਠਹਿਰਾਇਆ ਜਾਣਾ ਚਾਹੀਦਾ।

ਸਾਡੇ ਲਈ ਇਹ ਪ੍ਰਾਰਥਨਾ ਕਰਨਾ ਉਚਿੱਤ ਹੈ ਕਿ ਪਰਮੇਸ਼ੁਰ ਬੱਚਿਆਂ ਦੀ ਬਰਕਤ ਦੇਵੇ, ਪਰ ਅੰਤ ਵਿੱਚ, ਸਾਨੂੰ ਪਰਮੇਸ਼ੁਰ ਦੇ ਫੈਸਲੇ ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਸਾਨੂੰ ਇਹ ਨਹੀਂ ਮੰਨਣਾ ਚਾਹੀਦਾ ਕਿ ਇਹ ਪਰਮੇਸ਼ੁਰ ਦੀ ਇੱਛਾ ਹੈ ਕਿ ਉਹ ਹਰ ਮਾਮਲੇ ਵਿੱਚ ਬੱਚਾ ਦੇਵੇ, ਜਿਵੇਂ ਪਰਮੇਸ਼ੁਰ ਬਿਮਾਰੀ ਦੇ ਹਰ ਮਾਮਲੇ ਨੂੰ ਠੀਕ ਨਹੀਂ ਕਰਦਾ ਜਾਂ ਹਰ ਤਰ੍ਹਾਂ ਦੇ ਦੁੱਖ ਨੂੰ ਦੂਰ ਨਹੀਂ ਕਰਦਾ।

ਰਸੂਲ ਪੌਲੁਸ ਨੇ ਉਸ ਕਿਸੇ ਗੱਲ ਬਾਰੇ ਤਿੰਨ ਵਾਰ ਪ੍ਰਾਰਥਨਾ ਕੀਤੀ ਜਿਸ ਬਾਰੇ ਉਸ ਨੇ ਆਖਿਆ ਸੀ ਕਿ ਉਹ ਉਸ ਦੇ ਸਰੀਰ ਵਿੱਚ ਇੱਕ ਕੰਡੇ ਵਾਂਗ ਸੀ (2 ਕੁਰਿੰਥੀਆਂ 12:7-10)। ਸਾਨੂੰ ਨਹੀਂ ਪਤਾ ਕਿ ਖਾਸ ਸਮੱਸਿਆ ਕੀ ਸੀ, ਪਰ ਅਜਿਹਾ ਲੱਗਦਾ ਹੈ ਕਿ ਇਹ ਕੁਝ ਸਰੀਰਕ ਸੀ। ਇਹ ਕੁਝ ਅਜਿਹਾ ਸੀ ਜਿਸ ਬਾਰੇ ਉਸ ਨੂੰ ਉਮੀਦ ਸੀ ਕਿ ਪਰਮੇਸ਼ੁਰ ਇਸ ਨੂੰ ਬਦਲੇਗਾ, ਇਸ ਲਈ ਉਸ ਨੇ ਇੱਕ ਚਮਤਕਾਰ ਲਈ ਪ੍ਰਾਰਥਨਾ ਕੀਤੀ। ਪਰਮੇਸ਼ੁਰ ਨੇ ਉਸ ਨੂੰ ਆਖਿਆ ਕਿ ਕੰਡੇ ਨੂੰ ਹਟਾਉਣ ਦੀ ਬਜਾਏ, ਉਹ ਕਿਰਪਾ ਦੇਵੇਗਾ ਜੋ ਉਸ ਦੀ ਕਮਜ਼ੋਰੀ ਤੋਂ ਵੱਡੀ ਹੋਵੇਗੀ। ਪੌਲੁਸ ਨੇ ਆਖਿਆ ਕਿ ਇਹ ਖਾਸ ਕਮਜ਼ੋਰੀ ਪਰਮੇਸ਼ੁਰ ਨੂੰ ਮਹਿਮਾ ਦੇਵੇਗੀ ਕਿਉਂਕਿ ਇਸ ਨੇ ਉਸ ਨੂੰ ਪਰਮੇਸ਼ੁਰ ਦੀ ਸ਼ਕਤੀ ਨੂੰ ਵਿਖਾਉਣ ਵਿੱਚ ਮਦਦ ਕੀਤੀ ਸੀ। ਪੌਲੁਸ ਨੇ ਅੱਗੇ ਆਖਿਆ ਕਿ ਉਹ ਕਮਜ਼ੋਰੀਆਂ ਅਤੇ ਦੁੱਖਾਂ ਬਾਰੇ ਖੁਸ਼ ਹੋਵੇਗਾ, ਕਿਉਂਕਿ ਉਹ ਇੱਕ ਅਜਿਹੀ ਸਥਿੱਤੀ ਪ੍ਰਦਾਨ ਕਰਦੇ ਹਨ ਤਾਂ ਜੋ ਪਰਮੇਸ਼ੁਰ ਦੀ ਮਹਿਮਾ ਕੀਤੀ ਜਾ ਸਕੇ।

ਰਸੂਲ ਪੌਲੁਸ ਇੱਕ ਬਹੁਤ ਵੱਡੇ ਵਿਸ਼ਵਾਸ ਵਾਲਾ ਆਦਮੀ ਸੀ, ਪਰ ਉਸ ਨੂੰ ਹਮੇਸ਼ਾ ਉਹ ਚਮਤਕਾਰ ਨਹੀਂ ਮਿਲੇ ਜੋ ਉਹ ਚਾਹੁੰਦਾ ਸੀ। ਉਸ ਨੇ ਪਰਮੇਸ਼ੁਰ ਦੀ ਇੱਛਾ ਨੂੰ ਸਵੀਕਾਰ ਕੀਤਾ। ਹਾਲਾਂਕਿ ਅਸੀਂ ਹਮੇਸ਼ਾਂ ਪਰਮੇਸ਼ੁਰ ਵੱਲੋਂ ਅਸੀਸ ਦੇ ਇੱਕ ਚਮਤਕਾਰ ਨੂੰ ਤਰਜੀਹ ਦਿੰਦੇ ਹਾਂ, ਸਾਨੂੰ ਪਰਮੇਸ਼ੁਰ ਦੇ ਫੈਸਲਿਆਂ ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਕਈ ਵਾਰ ਉਹ ਸਾਡੀਆਂ ਕਮਜ਼ੋਰੀਆਂ ਰਾਹੀਂ ਕੰਮ ਕਰਨ ਦੇ ਤਰੀਕੇ ਨਾਲ ਵਧੇਰੇ ਮਹਿਮਾ ਪ੍ਰਾਪਤ ਕਰਦਾ ਹੈ।

► ਇੱਕ ਅਜਿਹੇ ਸਮੇਂ ਦੀ ਉਦਾਹਰਣ ਦਿਓ ਜਦੋਂ ਪਰਮੇਸ਼ੁਰ ਨੇ ਤੁਹਾਡੇ ਜੀਵਨ ਵਿੱਚ ਆਪਣੀ ਦੇਖਭਾਲ ਵਿਖਾਈ, ਬਿਨਾਂ ਕਿਸੇ ਚਮਤਕਾਰ ਦੇ ਜਿਸ ਦੀ ਤੁਸੀਂ ਉਮੀਦ ਕੀਤੀ ਸੀ।

## ਬਾਂਝਪਣ ਦੇ ਲਈ ਸੱਭਿਆਚਾਰ ਦੇ ਜਵਾਬ

ਸਾਰੇ ਸੱਭਿਆਚਾਰ ਬੱਚਿਆਂ ਦੀ ਕਦਰ ਕਰਨ ਦੇ ਤਰੀਕੇ ਵਿੱਚ ਇੱਕੋ ਜਿਹੇ ਨਹੀਂ ਹੁੰਦੇ। ਕੁਝ ਦੇਸਾਂ ਵਿੱਚ, ਪਰਿਵਾਰ ਬਹੁਤ ਸਾਰੇ ਬੱਚੇ ਪੈਦਾ ਕਰਨਾ ਚਾਹੁੰਦੇ ਹਨ। ਬੱਚੇ ਪਰਿਵਾਰ ਦਾ ਸਮਰਥਨ ਕਰਨ ਵਾਲੇ ਕੰਮ ਵਿੱਚ ਮਦਦ ਕਰ ਸਕਦੇ ਹਨ। ਵਿਸਤ੍ਰਿਤ ਪਰਿਵਾਰ ਦੇ ਮੈਂਬਰ, ਚਚੇਰੇ ਭਰਾਵਾਂ ਅਤੇ ਚਾਚਿਆਂ ਅਤੇ ਹੋਰਾਂ ਨਾਲ, ਲੋੜ ਪੈਣ 'ਤੇ ਮੈਂਬਰਾਂ ਦੀ ਰੱਖਿਆ ਅਤੇ ਦੇਖਭਾਲ ਕਰਦੇ ਹਨ। ਵਿਸਤ੍ਰਿਤ ਪਰਿਵਾਰ ਵਿੱਚ ਹਰੇਕ ਪਤਨੀ ਬੱਚੇ ਪੈਦਾ ਕਰਕੇ ਪਰਿਵਾਰ ਵਿੱਚ ਹੋਰ ਮੈਂਬਰਾਂ ਨੂੰ ਜੋੜਨਾ ਚਾਹੁੰਦੀ ਹੈ। ਇੱਕ ਆਦਮੀ ਜਿਸ ਦੇ ਬਹੁਤ ਸਾਰੇ ਬੱਚੇ ਹਨ, ਖਾਸ ਕਰਕੇ ਪੁੱਤਰ, ਉਹ ਵਿਸਤ੍ਰਿਤ ਪਰਿਵਾਰ ਵਿੱਚ ਮਹੱਤਵਪੂਰਣ ਹੁੰਦਾ ਹੈ। ਪਰਿਵਾਰ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਬਜ਼ੁਰਗ ਪਰਿਵਾਰਕ ਮੈਂਬਰਾਂ ਦੀ ਦੇਖਭਾਲ ਕਰੇ।

ਦੂਸਰੇ ਦੇਸਾਂ ਵਿੱਚ, ਜ਼ਿਆਦਾਤਰ ਪਰਿਵਾਰ ਸ਼ਹਿਰਾਂ ਜਾਂ ਕਸਬਿਆਂ ਵਿੱਚ ਰਹਿੰਦੇ ਹਨ ਅਤੇ ਪਿਤਾ ਅਤੇ ਮਾਂ ਦੇ ਰੁਜ਼ਗਾਰ ਦੁਆਰਾ ਉਨ੍ਹਾਂ ਦਾ ਪਾਲਣ-ਪੋਸ਼ਣ ਕੀਤਾ ਜਾਂਦਾ ਹੈ। ਸ਼ਹਿਰ ਵਿੱਚ, ਬੱਚੇ ਪਰਿਵਾਰ ਨੂੰ ਸਹਿਯੋਗ ਦੇਣ ਵਿੱਚ ਘੱਟ ਸਮਰੱਥ ਹੁੰਦੇ ਹਨ। ਬੱਚਿਆਂ ਦਾ ਪਾਲਣ-ਪੋਸ਼ਣ ਅਤੇ ਉਨ੍ਹਾਂ ਨੂੰ ਸਿੱਖਿਆ ਦੇਣਾ ਮਹਿੰਗਾ ਹੋ ਸਕਦਾ ਹੈ। ਸਮੇਂ ਦੇ ਨਾਲ, ਜਦੋਂ ਪਰਿਵਾਰ ਕਈ ਪੀੜ੍ਹੀਆਂ ਤੋਂ ਸ਼ਹਿਰ ਵਿੱਚ ਰਹਿੰਦੇ ਹਨ, ਹੋ ਸਕਦਾ ਹੈ ਕਿ ਉਹ ਚਾਹੁਣ ਕਿ ਉਨ੍ਹਾਂ ਦੇ ਘੱਟ ਬੱਚੇ ਹੋਣ। ਬਹੁਤ ਸਾਰੇ ਸ਼ਹਿਰੀ ਪਰਿਵਾਰ ਸਿਰਫ਼ ਇੱਕ ਜਾਂ ਦੋ ਬੱਚੇ ਹੀ ਚਾਹੁੰਦੇ ਹਨ।

ਬਹੁਤ ਸਾਰੇ ਸੱਭਿਆਚਾਰਾਂ ਵਿੱਚ ਬੱਚਿਆਂ ਦਾ ਮਹੱਤਵ ਐਨਾ ਦ੍ਰਿੜ੍ਹ ਹੁੰਦਾ ਹੈ ਕਿ ਆਦਰ ਅਤੇ ਕਦਰ ਮਹਿਸੂਸ ਕਰਨ ਲਈ ਹਰ ਜੋੜੇ ਦੇ ਬੱਚੇ ਹੋਣੇ ਚਾਹੀਦੇ ਹਨ। ਇੱਕ ਬੇਔਲਾਦ ਔਰਤ ਮਹਿਸੂਸ ਕਰਦੀ ਹੈ ਕਿ ਉਹ ਆਪਣੀ ਸਭ ਤੋਂ ਮਹੱਤਵਪੂਰਣ ਭੂਮਿਕਾ ਨਿਭਾਉਣ ਵਿੱਚ ਅਸਫਲ ਹੋ ਰਹੀ ਹੈ। ਇੱਕ ਔਰਤ ਜੋ ਕਦੇ ਵਿਆਹ ਨਹੀਂ ਕਰਵਾਉਂਦੀ, ਸ਼ਰਮਿੰਦਗੀ ਮਹਿਸੂਸ ਕਰਦੀ ਹੈ ਕਿਉਂਕਿ ਉਸ ਦੇ ਬੱਚੇ ਨਹੀਂ ਹੁੰਦੇ ਅਤੇ ਉਸ ਨੂੰ ਕਿਸੇ ਦੀ ਪਤਨੀ ਬਣਨ ਲਈ ਨਹੀਂ ਚੁਣਿਆ ਗਿਆ ਸੀ।

ਬਹੁਤ ਸਾਰੇ ਸੱਭਿਆਚਾਰਾਂ ਵਿੱਚ ਪਰਿਵਾਰ ਚਾਹੁੰਦੇ ਹਨ ਕਿ ਅਗਲੀ ਪੀੜ੍ਹੀ ਵਿੱਚ ਪਰਿਵਾਰ ਦੀ ਅਗਵਾਈ ਕਰਨ ਅਤੇ ਅਗਲੀ ਪੀੜ੍ਹੀ ਨੂੰ ਮਜ਼ਬੂਤ ਕਰਨ ਲਈ ਉਨ੍ਹਾਂ ਦੇ ਪੁੱਤਰ ਹੋਣ। ਧੀਆਂ ਨੂੰ ਬਹੁਤ ਘੱਟ ਮਹੱਤਵ ਦਿੱਤਾ ਜਾਂਦਾ ਹੈ। ਬੱਚੀਆਂ ਦਾ ਗਰਭਪਾਤ ਜਾਂ ਤਿਆਗ ਕੀਤਾ ਜਾ ਸਕਦਾ ਹੈ। ਕੁਝ ਦੇਸਾਂ ਨੇ ਅਣਜੰਮੇ ਬੱਚੇ ਦੇ ਲਿੰਗ ਦਾ ਪਤਾ ਲਗਾਉਣ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਹੈ ਕਿਉਂਕਿ ਬਹੁਤ ਸਾਰੇ ਪਰਿਵਾਰ ਅਣਜੰਮੀਆਂ ਧੀਆਂ ਨੂੰ ਮਾਰ ਦਿੰਦੇ ਹਨ। ਅਸੀਂ ਵਚਨ ਤੋਂ ਜਾਣਦੇ ਹਾਂ ਕਿ ਕੁੜੀਆਂ ਦਾ ਵੀ ਮੁੰਡਿਆਂ ਦੇ ਬਰਾਬਰ ਮਾਣ ਅਤੇ ਮਹੱਤਵ ਹੁੰਦਾ ਹੈ, ਕਿਉਂਕਿ ਉਹ ਸਾਰੇ ਪਰਮੇਸ਼ੁਰ ਦੇ ਸਰੂਪ ਉੱਤੇ ਬਣੇ ਹਨ (ਉਤਪਤ 1:27)। ਇਸ ਲਈ, ਮਸੀਹ ਦਾ ਅਨੁਸਰਣ ਕਰਨ ਵਾਲੇ ਪਰਿਵਾਰਾਂ ਨੂੰ ਪੁੱਤਰਾਂ ਅਤੇ ਧੀਆਂ ਦੋਵਾਂ ਨੂੰ ਬਰਾਬਰ ਮਹੱਤਵ ਦੇਣਾ ਚਾਹੀਦਾ ਹੈ, ਭਾਵੇਂ ਉਨ੍ਹਾਂ ਦੇ ਸੱਭਿਆਚਾਰ ਵਿੱਚ ਇਹ ਆਮ ਨਾ ਹੋਵੇ।

ਜੇਕਰ ਕਿਸੇ ਪਰਿਵਾਰ ਨੂੰ ਕਿਸੇ ਬੱਚੇ ’ਤੇ ਮਾਣ ਕਰਨ ਦੀ ਸਖ਼ਤ ਜ਼ਰੂਰਤ ਹੈ, ਤਾਂ ਉਹ ਸਰੀਰਕ ਜਾਂ ਮਾਨਸਿਕ ਤੌਰ 'ਤੇ ਅਪਾਹਜ ਬੱਚੇ ਨੂੰ ਰੱਦ ਕਰ ਸਕਦੇ ਹਨ। ਕੁਝ ਦੇਸਾਂ ਵਿੱਚ, ਬਹੁਤ ਸਾਰੇ ਅਪਾਹਜ ਬੱਚੇ ਅਨਾਥ ਆਸ਼ਰਮਾਂ ਵਿੱਚ ਹਨ ਕਿਉਂਕਿ ਉਨ੍ਹਾਂ ਦੇ ਮਾਪੇ ਉਨ੍ਹਾਂ ਨੂੰ ਨਹੀਂ ਚਾਹੁੰਦੇ ਸਨ। ਬੱਚਿਆਂ ਨਾਲ ਇਹ ਵਿਹਾਰ ਗਲਤ ਹੈ, ਕਿਉਂਕਿ ਉਹ ਪਰਮੇਸ਼ੁਰ ਦੇ ਸਰੂਪ ਉੱਤੇ ਬਣੇ ਹਨ ਅਤੇ ਉਸ ਦੀ ਨਜ਼ਰ ਵਿੱਚ ਮਹੱਤਵਪੂਰਣ ਹਨ, ਭਾਵੇਂ ਉਨ੍ਹਾਂ ਦੀਆਂ ਯੋਗਤਾਵਾਂ ਜਾਂ ਸੀਮਾਵਾਂ ਕੁਝ ਵੀ ਹੋਣ।

ਕੁਝ ਸੱਭਿਆਚਾਰਾਂ ਵਿੱਚ ਬਹੁ-ਵਿਆਹ ਦੀ ਪ੍ਰਥਾ ਬੱਚਿਆਂ ਦੇ ਮਹੱਤਵ ’ਤੇ ਅਧਾਰਤ ਹੈ। ਇੱਕ ਆਦਮੀ ਆਪਣੇ ਬੱਚਿਆਂ ਨੂੰ ਕਈ ਪਤਨੀਆਂ ਰੱਖਣ ਦੁਆਰਾ ਵਧਾਉਣਾ ਚਾਹੁੰਦਾ ਹੈ। ਬਾਈਬਲ ਸਾਨੂੰ ਦੱਸਦੀ ਹੈ ਕਿ ਪਰਮੇਸ਼ੁਰ ਦੀ ਯੋਜਨਾ ਹੈ ਕਿ ਇੱਕ ਆਦਮੀ ਇੱਕ ਪਤਨੀ ਰੱਖੇ (ਉਤਪਤ 2:22-24, 1 ਤਿਮੋਥਿਉਸ 3:2)।

ਪੁਰਾਣਾ ਨੇਮ ਉਨ੍ਹਾਂ ਸਮਿਆਂ ਨੂੰ ਦਰਜ ਕਰਦਾ ਹੈ ਜਦੋਂ ਇੱਕ ਪਤਨੀ ਬੱਚੇ ਪੈਦਾ ਕਰਨ ਲਈ ਆਪਣੇ ਪਤੀ ਨੂੰ ਇੱਕ ਸੇਵਕ ਔਰਤ ਦਿੰਦੀ ਸੀ। ਪਤਨੀ ਨੇ ਆਪਣੀ ਸੇਵਕ ਦੇ ਬੱਚਿਆਂ ਦੁਆਰਾ ਆਦਰ ਪ੍ਰਾਪਤ ਕੀਤਾ। ਯਾਕੂਬ ਦੀਆਂ ਪਤਨੀਆਂ, ਰਾਖੇਲ ਅਤੇ ਲੇਆਹ, ਹਰੇਕ ਨੇ ਯਾਕੂਬ ਨੂੰ ਇੱਕ ਸੇਵਕ ਔਰਤ ਦਿੱਤੀ ਤਾਂ ਜੋ ਉਹ ਹੋਰ ਬੱਚਿਆਂ ਦੁਆਰਾ ਆਦਰ ਪ੍ਰਾਪਤ ਕਰਨ।

ਪਰਿਵਾਰ ਬੱਚਿਆਂ ਨੂੰ ਜੋੜਨ ਲਈ ਸੇਵਕਾਂ ਦੀ ਵਰਤੋਂ ਕਰਨਾ ਰਿਸ਼ਤਿਆਂ ਵਿੱਚ ਉਲਝਣਾਂ ਦਾ ਕਾਰਣ ਬਣਿਆ। ਸਾਰਈ ਨੇ ਹਾਜਰਾ ਨੂੰ ਅਬਰਾਹਾਮ ਨੂੰ ਦੇ ਦਿੱਤਾ, ਇਹ ਉਮੀਦ ਕਰਦੇ ਹੋਏ ਕਿ ਜੇਕਰ ਹਾਜਰਾ ਦੇ ਬੱਚੇ ਹੁੰਦੇ ਹਨ ਤਾਂ ਉਸ ਦਾ ਆਪਣਾ ਆਦਰ ਬਿਹਤਰ ਹੋਵੇਗਾ (ਉਤਪਤ 16:2-6)। ਹਾਜਰਾ ਗਰਭਵਤੀ ਹੋ ਗਈ ਅਤੇ ਸਾਰਈ ਤੋਂ ਉੱਤਮ ਮਹਿਸੂਸ ਕਰਨ ਲੱਗੀ। ਸਾਰਈ ਨੇ ਉਸ ਨੂੰ ਸਖ਼ਤ ਸਜ਼ਾ ਦਿੱਤੀ, ਆਪਣਾ ਅਧਿਕਾਰ ਸਥਾਪਤ ਕਰਨ ਦੀ ਕੋਸ਼ਿਸ਼ ਕਰਦੇ ਹੋਏ।

ਲੇਲੀਆ ਦਾ ਜਨਮ ਇੱਕ ਪੱਛਮੀ ਅਫ਼ਰੀਕੀ ਦੇਸ਼ ਵਿੱਚ ਹੋਇਆ ਸੀ। ਵਿਆਹ ਤੋਂ ਤਿੰਨ ਸਾਲ ਬਾਅਦ ਵੀ ਉਸ ਦਾ ਕੋਈ ਬੱਚਾ ਨਹੀਂ ਹੋਇਆ। ਲੇਲੀਆ ਦੇ ਸੱਭਿਆਚਾਰ ਵਿੱਚ, ਬੱਚੇ ਨੂੰ ਗੋਦ ਲੈਣਾ ਕਿਸੇ ਔਰਤ ਦੀ ਉਸ ਸ਼ਰਮ ਨੂੰ ਦੂਰ ਨਹੀਂ ਕਰਦਾ ਜੋ ਉਸ ਨੂੰ ਬੱਚਾ ਨਾ ਪੈਦਾ ਕਰਨ ਦੇ ਕਾਰਣ ਹੁੰਦੀ ਹੈ। ਲੇਲੀਆ ਨੂੰ ਇੱਕ ਗਰੀਬ ਪੇਂਡੂ ਪਰਿਵਾਰ ਵਿੱਚ ਇੱਕ ਔਰਤ ਮਿਲੀ ਜੋ ਗਰਭਵਤੀ ਸੀ ਅਤੇ ਉਸ ਨੇ ਉਸ ਦੇ ਬੱਚੇ ਨੂੰ ਖਰੀਦਣ ਦਾ ਪ੍ਰਬੰਧ ਕੀਤਾ। ਲੇਲੀਆ ਨੇ ਕਈ ਮਹੀਨਿਆਂ ਤੱਕ ਆਪਣੇ ਆਪ ਨੂੰ ਗਰਭਵਤੀ ਦਿਖਾਉਣ ਲਈ ਆਪਣੀ ਕਮੀਜ਼ ਦੇ ਹੇਠਾਂ ਕੁਝ ਪਾਇਆ। ਜਦੋਂ ਬੱਚੇ ਦੇ ਜਨਮ ਦਾ ਸਮਾਂ ਆਇਆ, ਤਾਂ ਲੇਲੀਆ ਨੇ ਬੱਚੇ ਦੇ ਜਨਮ ਲਈ ਹਸਪਤਾਲ ਜਾਣ ਦਾ ਦਿਖਾਵਾ ਕੀਤਾ, ਫਿਰ ਪਿੰਡ ਤੋਂ ਬੱਚੇ ਨੂੰ ਲੈ ਕੇ ਘਰ ਆ ਗਈ।

ਜੇਕਰ ਕੋਈ ਪਰਿਵਾਰ ਮੁੱਖ ਤੌਰ ’ਤੇ ਪਰਿਵਾਰ ਦੇ ਲਾਭ ਲਈ ਬੱਚੇ ਚਾਹੁੰਦਾ ਹੈ, ਤਾਂ ਉਹ ਇੱਕ ਬੱਚੇ ਨੂੰ ਪਰਮੇਸ਼ੁਰ ਦੇ ਸਰੂਪ ਉੱਤੇ ਬਣੇ ਮਨੁੱਖ ਵਜੋਂ ਮਹੱਤਵ ਦੇਣ ਵਿੱਚ ਅਸਫਲ ਹੋ ਸਕਦੇ ਹਨ। ਉਹ ਇੱਕ ਅਪਾਹਜ ਬੱਚੇ ਨੂੰ ਪਿਆਰ ਕਰਨ ਅਤੇ ਸਵੀਕਾਰ ਕਰਨ ਤੋਂ ਇਨਕਾਰ ਕਰ ਸਕਦੇ ਹਨ। ਉਹ ਇੱਕ ਧੀ ਨੂੰ ਰੱਦ ਕਰ ਸਕਦੇ ਹਨ ਕਿਉਂਕਿ ਉਹ ਇੱਕ ਪੁੱਤਰ ਚਾਹੁੰਦੇ ਹਨ। ਉਹ ਇੱਕ ਬੇਔਲਾਦ ਔਰਤ ਨੂੰ ਸ਼ਰਮਿੰਦਾ ਅਤੇ ਬੇਕਾਰ ਮਹਿਸੂਸ ਕਰਵਾਉਂਦੇ ਹਨ। ਉਹ ਅਨਾਥ ਜਾਂ ਬੇਘਰ ਬੱਚਿਆਂ ਨੂੰ ਗੋਦ ਲੈਣ ਦੇ ਮਹੱਤਵ ਨੂੰ ਨਹੀਂ ਵੇਖਦੇ। ਇਹ ਸਾਰੇ ਰਵੱਈਏ ਅਤੇ ਕੰਮ ਸੁਆਰਥੀ ਅਤੇ ਗਲਤ ਹਨ। ਜਦੋਂ ਅਸੀਂ ਇਨ੍ਹਾਂ ਵਿੱਚੋਂ ਕਿਸੇ ਵੀ ਕਾਰਣ ਕਰਕੇ ਵਿਅਕਤੀਆਂ ਨਾਲ ਬੁਰਾ ਵਿਹਾਰ ਕਰਦੇ ਹਾਂ, ਤਦ ਅਸੀਂ ਆਪਣੇ ਸਿਰਜਣਹਾਰ ਦਾ ਨਿਰਾਦਰ ਕਰਦੇ ਹਾਂ (ਕੂਚ 4:11, ਕਹਾਉਤਾਂ 14:31)।

ਹੈਨਰੀ ਅੱਠਵਾਂ 1509-1547 ਤੱਕ ਇੰਗਲੈਂਡ ਦਾ ਰਾਜਾ ਸੀ। ਉਹ ਇੱਕ ਪੁੱਤਰ ਲਈ ਬਹੁਤ ਇੱਛਾ ਰੱਖਦਾ ਸੀ। ਕਿਉਂਕਿ ਉਸ ਦੀ ਪਤਨੀ ਕੋਲ ਇੱਕ ਧੀ ਸੀ ਪਰ ਇੱਕ ਪੁੱਤਰ ਬਚਿਆ ਨਹੀਂ ਸੀ, ਇਸ ਲਈ ਹੈਨਰੀ ਨੇ ਉਸ ਨੂੰ ਤਲਾਕ ਦੇ ਦਿੱਤਾ ਅਤੇ ਇੱਕ ਹੋਰ ਔਰਤ ਨਾਲ ਵਿਆਹ ਕਰਵਾ ਲਿਆ। ਜਦੋਂ ਉਸ ਦੀ ਦੂਸਰੀ ਪਤਨੀ ਪੁੱਤਰ ਪੈਦਾ ਕਰਨ ਵਿੱਚ ਅਸਫਲ ਰਹੀ, ਤਾਂ ਉਸ ਨੇ ਉਸ ਉੱਤੇ ਦੇਸ਼ਧ੍ਰੋਹ ਦਾ ਦੋਸ਼ ਲਗਾਇਆ ਅਤੇ ਉਸ ਨੂੰ ਫਾਂਸੀ ਦੇਣ ਦਾ ਹੁਕਮ ਦਿੱਤਾ।

ਡਾਕਟਰੀ ਵਿਗਿਆਨ ਨੇ ਸਾਬਤ ਕੀਤਾ ਹੈ ਕਿ ਇੱਕ ਆਦਮੀ ਦਾ ਸ਼ੁਕਰਾਣੂ ਬੱਚੇ ਦਾ ਲਿੰਗ ਨਿਰਧਾਰਤ ਕਰਦਾ ਹੈ। ਔਰਤ ਦਾ ਸਰੀਰ ਇਹ ਨਿਰਧਾਰਤ ਨਹੀਂ ਕਰਦਾ ਕਿ ਉਸ ਦੇ ਪੁੱਤਰ ਹੋਵੇਗਾ ਜਾਂ ਧੀ। ਹਾਲਾਂਕਿ, ਬਹੁਤ ਸਾਰੇ ਆਦਮੀ ਆਪਣੀਆਂ ਪਤਨੀਆਂ 'ਤੇ ਗੁੱਸੇ ਹੋਏ ਹਨ ਕਿਉਂਕਿ ਉਨ੍ਹਾਂ ਦੀਆਂ ਧੀਆਂ ਹਨ ਨਾ ਕਿ ਪੁੱਤਰ।

ਦਲਜੀਤ ਨਾਮ ਦੇ ਇੱਕ ਆਦਮੀ ਅਤੇ ਉਸ ਦੀ ਪਤਨੀ ਦੀਆਂ ਦੋ ਧੀਆਂ ਸਨ। ਜਦੋਂ ਦਲਜੀਤ ਦੀ ਪਤਨੀ ਆਪਣੇ ਤੀਜੇ ਬੱਚੇ ਨੂੰ ਜਨਮ ਦੇਣ ਲਈ ਹਸਪਤਾਲ ਗਈ, ਤਾਂ ਦਲਜੀਤ ਨੂੰ ਇੱਕ ਪੁੱਤਰ ਦੀ ਉਮੀਦ ਸੀ। ਤੀਜਾ ਬੱਚਾ ਇੱਕ ਧੀ ਸੀ। ਦਲਜੀਤ ਐਨਾ ਗੁੱਸੇ ਵਿੱਚ ਸੀ ਕਿ ਉਸ ਨੇ ਆਪਣੀ ਪਤਨੀ ਨੂੰ ਮਿਲਣ ਜਾਂ ਹਸਪਤਾਲ ਦਾ ਬਿੱਲ ਦੇਣ ਲਈ ਹਸਪਤਾਲ ਜਾਣ ਤੋਂ ਇਨਕਾਰ ਕਰ ਦਿੱਤਾ।

ਅੱਯੂਬ 24 ਵਿੱਚ, ਅੱਯੂਬ ਨੇ ਇੱਕ ਦੁਸ਼ਟ ਆਦਮੀ ਦੇ ਕੰਮਾਂ ਦਾ ਇੱਕ ਲੰਮਾ ਵਰਣਨ ਦਿੱਤਾ ਹੈ। ਇੱਕ ਕਾਰਵਾਈ ਦਾ ਜ਼ਿਕਰ ਇਹ ਹੈ ਕਿ ਦੁਸ਼ਟ ਆਦਮੀ ਇੱਕ ਬੇਔਲਾਦ ਔਰਤ ਨਾਲ ਬੁਰਾ ਸਲੂਕ ਕਰਦਾ ਹੈ (ਅੱਯੂਬ 24:21)। ਜਦੋਂ ਇੱਕ ਬੇਔਲਾਦ ਔਰਤ ਨਾਲ ਬੇਰਹਿਮ ਸਲੂਕ ਕੀਤਾ ਜਾਂਦਾ ਹੈ ਤਾਂ ਪਰਮੇਸ਼ੁਰ ਖੁਸ਼ ਨਹੀਂ ਹੁੰਦਾ।

► ਤੁਹਾਡਾ ਸੱਭਿਆਚਾਰ ਬੱਚਿਆਂ ਨੂੰ ਕਿਵੇਂ ਮਹੱਤਵ ਦਿੰਦਾ ਹੈ? ਕਿਹੜੇ ਕੁਝ ਕਾਰਣ ਹਨ ਜਿਨ੍ਹਾਂ ਕਰਕੇ ਲੋਕ ਬੱਚੇ ਪੈਦਾ ਕਰਨਾ ਚਾਹੁੰਦੇ ਹਨ?

► ਤੁਹਾਡੇ ਸੱਭਿਆਚਾਰ ਵਿੱਚ ਰੀਤੀ-ਰਿਵਾਜਾਂ ਕਾਰਨ ਕਿਹੜੀਆਂ ਬੇਇਨਸਾਫ਼ੀਆਂ ਹੁੰਦੀਆਂ ਹਨ?

## ਪਰਮੇਸ਼ੁਰ ਕੀ ਆਖਦਾ ਹੈ

ਵਚਨ ਵਿੱਚ ਦਰਜ ਛੇ ਬਿਰਤਾਂਤਾਂ ਵਿੱਚ ਜਦੋਂ ਪਰਮੇਸ਼ੁਰ ਨੇ ਇੱਕ ਬੇਔਲਾਦ ਔਰਤ ਨੂੰ ਪੁੱਤਰ ਦਿੱਤਾ, ਮਾਪਿਆਂ ਨੂੰ ਉਨ੍ਹਾਂ ਦੇ ਪਹਿਲਾਂ ਬੇਔਲਾਦ ਹੋਣ ਲਈ ਕਿਸੇ ਵੀ ਤਰ੍ਹਾਂ ਦੋਸ਼ੀ ਨਹੀਂ ਠਹਿਰਾਇਆ ਗਿਆ ਸੀ। ਦਰਅਸਲ, ਜੋੜਿਆਂ ਨੂੰ ਪਰਮੇਸ਼ੁਰ ਦੁਆਰਾ ਵਿਸ਼ੇਸ਼ ਪੁੱਤਰਾਂ ਦੇ ਮਾਪੇ ਬਣਨ ਲਈ ਵਿਸ਼ੇਸ਼ ਤੌਰ 'ਤੇ ਚੁਣਿਆ ਗਿਆ ਸੀ। ਜ਼ਕਰਯਾਹ ਅਤੇ ਇਲੀਸਬਤ ਨੂੰ ਧਰਮੀ ਕਿਹਾ ਗਿਆ ਸੀ (ਲੂਕਾ 1:5-6)। ਸਾਨੂੰ ਕਦੇ ਵੀ ਇਹ ਨਹੀਂ ਮੰਨਣਾ ਚਾਹੀਦਾ ਕਿ ਇੱਕ ਔਰਤ ਇਸ ਲਈ ਬੇਔਲਾਦ ਹੈ ਕਿਉਂਕਿ ਉਸ ਨੇ ਪਰਮੇਸ਼ੁਰ ਨੂੰ ਪ੍ਰਸੰਨ ਨਹੀਂ ਕੀਤਾ ਹੈ।

ਅੱਯੂਬ 24:21 ਆਖਦੀ ਹੈ ਕਿ ਇੱਕ ਬੇਔਲਾਦ ਔਰਤ ਨਾਲ ਬਦਸਲੂਕੀ ਕਰਨਾ ਇੱਕ ਦੁਸ਼ਟ ਵਿਅਕਤੀ ਦਾ ਕੰਮ ਹੈ। ਪਰਮੇਸ਼ੁਰ ਬੇਔਲਾਦ ਔਰਤ ਨੂੰ ਦੋਸ਼ੀ ਨਹੀਂ ਠਹਿਰਾਉਂਦਾ ਜਾਂ ਉਸ ਨਾਲ ਦੁਰਵਿਹਾਰ ਨਹੀਂ ਕਰਦਾ, ਅਤੇ ਨਾ ਹੀ ਸਾਨੂੰ ਕਰਨਾ ਚਾਹੀਦਾ ਹੈ।

ਯਸਾਯਾਹ 56:4-5 ਵਿੱਚ ਪਰਮੇਸ਼ੁਰ ਉਸ ਆਦਮੀ ਨਾਲ ਗੱਲ ਕਰਦਾ ਹੈ ਜੋ ਬੱਚੇ ਪੈਦਾ ਕਰਨ ਦੇ ਯੋਗ ਨਹੀਂ ਹੈ। ਪਰਮੇਸ਼ੁਰ ਆਖਦਾ ਹੈ ਕਿ ਜੇਕਰ ਇਹ ਆਦਮੀ ਪਰਮੇਸ਼ੁਰ ਦੀ ਆਗਿਆ ਮੰਨਦਾ ਹੈ ਅਤੇ ਉਸ ਦੇ ਨੇਮ ਵਿੱਚ ਰਹਿੰਦਾ ਹੈ, ਤਾਂ ਉਸ ਦੀ ਇੱਕ ਪਦਵੀ ਅਤੇ ਇੱਕ ਸਾਖ ਹੋਵੇਗੀ ਜੋ ਪੁੱਤਰ ਅਤੇ ਧੀਆਂ ਪੈਦਾ ਕਰਨ ਤੋਂ ਬਿਹਤਰ ਹੈ।

ਪੌਲੁਸ ਰਸੂਲ ਨੇ ਆਪਣੇ ਆਪ ਨੂੰ ਤਿਮੋਥਿਉਸ (1 ਤਿਮੋਥਿਉਸ 1:2) ਅਤੇ ਤੀਤੁਸ (ਤੀਤੁਸ 1:4) ਅਤੇ ਓਨੇਸਿਮੁਸ (ਫਿਲੇਮੋਨ 10) ਦਾ ਪਿਤਾ ਆਖਿਆ। ਉਸ ਨੇ ਆਪਣੇ ਆਪ ਨੂੰ ਕੁਰਿੰਥੁਸ ਦੇ ਵਿਸ਼ਵਾਸੀਆਂ ਦਾ ਪਿਤਾ ਆਖਿਆ (1 ਕੁਰਿੰਥੀਆਂ 4:15)। ਉਹ ਉਨ੍ਹਾਂ ਦਾ ਜੈਵਿਕ ਪਿਤਾ ਨਹੀਂ ਸੀ, ਪਰ ਉਨ੍ਹਾਂ ਦਾ ਆਤਮਿਕ ਪਿਤਾ ਸੀ। ਉਨ੍ਹਾਂ ਦਾ ਆਤਮਿਕ ਪਿਤਾ ਹੋਣਾ ਜ਼ਿਆਦਾ ਮਹੱਤਵਪੂਰਣ ਸੀ।

ਮੱਤੀ 12:46-50 ਸਾਨੂੰ ਉਸ ਸਮੇਂ ਬਾਰੇ ਦੱਸਦੀ ਹੈ ਜਦੋਂ ਯਿਸੂ ਦੀ ਮਾਂ ਅਤੇ ਭਰਾ ਉਸ ਨੂੰ ਮਿਲਣ ਆਏ, ਜਦੋਂ ਉਹ ਸਿੱਖਿਆ ਦੇ ਰਿਹਾ ਸੀ। ਯਿਸੂ ਨੇ ਆਪਣੇ ਸਰੋਤਿਆਂ ਨੂੰ ਪੁੱਛਿਆ, "ਮੇਰੀ ਮਾਂ ਕੌਣ ਹੈ, ਅਤੇ ਮੇਰੇ ਭਰਾ ਕੌਣ ਹਨ?" ਫਿਰ ਉਸ ਨੇ ਆਖਿਆ ਕਿ ਜੋ ਲੋਕ ਪਰਮੇਸ਼ੁਰ ਦੀ ਇੱਛਾ ਪੂਰੀ ਕਰਦੇ ਹਨ ਉਹ ਉਸ ਦੇ ਭਰਾ, ਭੈਣਾਂ ਅਤੇ ਮਾਂ ਹਨ। ਅਸੀਂ ਜਾਣਦੇ ਹਾਂ ਕਿ ਯਿਸੂ ਆਪਣੇ ਪਰਿਵਾਰ ਦੀ ਪਰਵਾਹ ਕਰਦਾ ਸੀ; ਸਲੀਬ ’ਤੇ ਵੀ ਉਸ ਨੇ ਆਪਣੀ ਮਾਂ ਦੀ ਦੇਖਭਾਲ ਦਾ ਪ੍ਰਬੰਧ ਕੀਤਾ (ਯੂਹੰਨਾ 19:26-27)। ਪਰ ਯਿਸੂ ਆਖ ਰਿਹਾ ਸੀ ਕਿ ਆਤਮਿਕ ਪਰਿਵਾਰ ਜੈਵਿਕ ਪਰਿਵਾਰ ਨਾਲੋਂ ਵੀ ਮਹੱਤਵਪੂਰਣ ਹੈ।

ਵਿਸ਼ਵਾਸ ਦਾ ਪਰਿਵਾਰ ਜੈਵਿਕ ਪਰਿਵਾਰ ਦੀ ਥਾਂ ਨਹੀਂ ਲੈਂਦਾ, ਪਰ ਵਿਸ਼ਵਾਸ ਦੇ ਪਰਿਵਾਰ ਵਿੱਚ ਇੱਕ ਵਿਅਕਤੀ ਦਾ ਸਥਾਨ ਉਸ ਨੂੰ ਸਭ ਤੋਂ ਮਹੱਤਵਪੂਰਣ ਪਛਾਣ ਦਿੰਦਾ ਹੈ। ਕਲੀਸਿਯਾ ਵਿੱਚ ਵਰਤੇ ਗਏ ਸ਼ਬਦ *ਭਰਾ* ਅਤੇ *ਭੈਣ* ਵਿਸ਼ਵਾਸ ਦੇ ਪਰਿਵਾਰ ਵਿੱਚ ਰਿਸ਼ਤਿਆਂ ਦੀ ਮਹੱਤਤਾ ਨੂੰ ਦਰਸਾਉਂਦੇ ਹਨ (ਕੁਲੁੱਸੀਆਂ 1:2)।

ਦਬੋਰਾਹ ਇੱਕ ਨਬੀਆ ਸੀ ਜਿਸ ਨੇ ਇਸਰਾਏਲ ਲਈ ਇੱਕ ਨਿਆਈਂ ਵਜੋਂ ਸੇਵਾ ਨਿਭਾਈ (ਨਿਆਈਆਂ 4:4)। ਦਬੋਰਾਹ ਨੇ ਇੱਕ ਜ਼ਾਲਮ ਕੌਮ ਤੋਂ ਆਜ਼ਾਦੀ ਲਈ ਇੱਕ ਯੁੱਧ ਵਿੱਚ ਇਸਰਾਏਲ ਕੌਮ ਦੀ ਅਗਵਾਈ ਵੀ ਕੀਤੀ। ਨਿਆਈਆਂ 5:7 ਵਿੱਚ, ਦਬੋਰਾਹ ਨੇ ਆਪਣੇ ਆਪ ਨੂੰ ਇਸਰਾਏਲ ਵਿੱਚ ਇੱਕ ਮਾਂ ਕਿਹਾ। ਬਾਈਬਲ ਕਦੇ ਵੀ ਦਬੋਰਾਹ ਦੇ ਜੈਵਿਕ ਬੱਚਿਆਂ ਦਾ ਜ਼ਿਕਰ ਨਹੀਂ ਕਰਦੀ, ਪਰ ਉਹ ਇਸਰਾਏਲ ਲਈ ਇੱਕ ਮਾਂ ਸੀ ਕਿਉਂਕਿ ਉਹ ਆਪਣੀ ਅਗਵਾਈ ਨਾਲ ਲੋਕਾਂ ਦੀ ਦੇਖਭਾਲ ਕਰਦੀ ਸੀ।

ਰਸੂਲ ਪਤਰਸ ਨੇ ਆਖਿਆ ਕਿ ਜੋ ਔਰਤਾਂ ਸਾਰਾਹ ਦੀ ਮਿਸਾਲ ਦੀ ਪਾਲਣਾ ਕਰਦੀਆਂ ਹਨ ਉਹ ਉਸ ਦੀਆਂ ਧੀਆਂ ਹਨ (1 ਪਤਰਸ 3:6)। ਇਸ ਦੀ ਕਲਪਨਾ ਕਰੋ ਕਿ ਇਸ ਕਥਨ ਨਾਲ ਸਾਰਾਹ ਨੂੰ ਕਿੰਨਾ ਵੱਡਾ ਦਰਜਾ ਦਿੱਤਾ ਗਿਆ ਹੈ! ਇਹ ਉਸ ਦੇ ਵਿਸ਼ਵਾਸ ਅਤੇ ਉਸ ਦੀ ਆਗਿਆਕਾਰੀ ਦੀ ਮਿਸਾਲ ’ਤੇ ਅਧਾਰਤ ਇੱਕ ਦਰਜਾ ਹੈ, ਇਸਹਾਕ ਦੀ ਮਾਂ ਵਜੋਂ ਉਸ ਦੀ ਭੂਮਿਕਾ ’ਤੇ ਅਧਾਰਤ ਨਹੀਂ।

ਸਾਰੇ ਲੋਕ ਜੋ ਵਿਸ਼ਵਾਸ ਰਾਹੀਂ ਕਿਰਪਾ ਤੋਂ ਬਚਾਏ ਗਏ ਹਨ, ਉਨ੍ਹਾਂ ਨੂੰ ਅਬਰਾਹਾਮ ਦੀ ਸੰਤਾਨ ਆਖਿਆ ਜਾਂਦਾ ਹੈ (ਗਲਾਤੀਆਂ 3:7)। ਅਬਰਾਹਾਮ ਨੂੰ ਲੱਖਾਂ ਵਿਸ਼ਵਾਸੀਆਂ ਦੇ ਪਿਤਾ ਵਜੋਂ ਉੱਚਾ ਸਨਮਾਨ ਦਿੱਤਾ ਗਿਆ ਹੈ। ਅਬਰਾਹਾਮ ਅਤੇ ਸਾਰਾਹ ਦੀਆਂ ਉਦਾਹਰਣਾਂ ਤੋਂ ਅਸੀਂ ਵੇਖਦੇ ਹਾਂ ਕਿ ਪਰਮੇਸ਼ੁਰ ਆਤਮਿਕ ਪਿਤਾ ਅਤੇ ਮਾਂ ਬਣਨ ਦਾ ਬਹੁਤ ਆਦਰ ਕਰਦਾ ਹੈ।

ਰਸੂਲ ਪੌਲੁਸ ਨੇ ਅਣਵਿਆਹੇ ਹੋਣ ਦੇ ਫਾਇਦਿਆਂ ਦਾ ਵਰਣਨ ਕੀਤਾ। ਅਣਵਿਆਹਿਆ ਵਿਅਕਤੀ ਹੋਰ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਤੋਂ ਬਿਨਾਂ ਪਰਮੇਸ਼ੁਰ ਨੂੰ ਪ੍ਰਸੰਨ ਕਰਨ ’ਤੇ ਧਿਆਨ ਕੇਂਦਰਿਤ ਕਰ ਸਕਦਾ ਹੈ (1 ਕੁਰਿੰਥੀਆਂ 7:32-35)। ਭਾਵੇਂ ਅਣਵਿਆਹਿਆ

ਵਿਅਕਤੀ ਬੇਔਲਾਦ ਹੈ, ਪੌਲੁਸ ਨੇ ਆਖਿਆ ਕਿ ਜੇਕਰ ਵਿਅਕਤੀ ਇੱਕ ਸ਼ੁੱਧ ਜੀਵਨ ਜੀ ਸਕਦਾ ਹੈ ਤਾਂ ਕੁਆਰੇ ਰਹਿਣਾ ਸਭ ਤੋਂ ਵਧੀਆ ਹੈ। ਇਨ੍ਹਾਂ ਕਥਨਾਂ ਦੇ ਕਾਰਣ, ਅਸੀਂ ਯਕੀਨ ਕਰ ਸਕਦੇ ਹਾਂ ਕਿ ਕੁਆਰੇ ਰਹਿਣਾ ਕੁਝ ਲੋਕਾਂ ਲਈ ਪਰਮੇਸ਼ੁਰ ਦੀ ਇੱਛਾ ਹੈ।

ਕੁਆਰੇਪਣ ਵਾਂਗ, ਬੇਔਲਾਦ ਹੋਣ ਦੇ ਵੀ ਫਾਇਦੇ ਹਨ। ਜਿਵੇਂ ਪਰਮੇਸ਼ੁਰ ਕੋਲ ਉਨ੍ਹਾਂ ਲੋਕਾਂ ਲਈ ਵਿਸ਼ੇਸ਼ ਮੌਕੇ ਹਨ ਜੋ ਕੁਆਰੇ ਹਨ, ਉਸੇ ਤਰ੍ਹਾਂ ਉਸ ਕੋਲ ਉਨ੍ਹਾਂ ਲਈ ਵੀ ਮੌਕੇ ਹਨ ਜੋ ਵਿਆਹੇ ਹੋਏ ਹਨ ਪਰ ਬੇਔਲਾਦ ਹਨ। ਭਾਵੇਂ ਉਨ੍ਹਾਂ ਨੇ ਬੇਔਲਾਦ ਰਹਿਣਾ ਨਹੀਂ ਚੁਣਿਆ, ਉਨ੍ਹਾਂ ਨੂੰ ਪਰਮੇਸ਼ੁਰ ਵਾਸਤੇ ਕੰਮ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਕੁਆਰਾਪਣ, ਬੇਔਲਾਦ ਹੋਣਾ, ਅਤੇ ਸਾਡੀ ਕਿਸੇ ਵੀ ਹੋਰ ਸਥਿਤੀ ਵਿੱਚ, ਅਸੀਂ ਭਰੋਸਾ ਕਰ ਸਕਦੇ ਹਾਂ ਕਿ ਪਰਮੇਸ਼ੁਰ ਸਾਡੇ ਰਾਹੀਂ ਸਾਡੇ ਅਤੇ ਦੂਜਿਆਂ ਲਈ ਆਤਮਿਕ ਲਾਭ ਲਿਆਉਣ ਵਾਸਤੇ ਕੰਮ ਕਰੇਗਾ (ਰੋਮੀਆਂ 8:28)।

ਬਹੁਤ ਸਾਰੇ ਬੱਚੇ ਹਨ ਜਿਨ੍ਹਾਂ ਨੂੰ ਦੇਖਭਾਲ ਕਰਨ ਵਾਲੇ ਮਾਪਿਆਂ ਦੀ ਘਾਟ ਹੈ। ਇਹ ਸੰਭਾਵਨਾ ਹੈ ਕਿ ਕੋਈ ਵੀ ਉਨ੍ਹਾਂ ਜੀਵਨ ਵਿੱਚ ਇਸ ਜ਼ਰੂਰਤ ਨੂੰ ਪੂਰਾ ਨਹੀਂ ਕਰੇਗਾ, ਜਦੋਂ ਤੱਕ ਵਿਸ਼ਵਾਸ ਦੇ ਪਰਿਵਾਰ ਵਿੱਚ ਕੁਝ ਵਿਅਕਤੀ ਜਾਂ ਜੋੜੇ ਉਨ੍ਹਾਂ ਲਈ ਪਿਆਰ ਵਿਖਾਉਣ ਦੀ ਕੋਸ਼ਿਸ਼ ਨਹੀਂ ਕਰਦੇ।

ਸਾਨੂੰ ਆਪਣੇ ਸਰੀਰਾਂ ਨੂੰ ਪਰਮੇਸ਼ੁਰ ਨੂੰ ਬਲੀਦਾਨ ਵਜੋਂ ਚੜ੍ਹਾਉਣ ਲਈ, ਪਰਮੇਸ਼ੁਰ ਪ੍ਰਤੀ ਸਮਰਪਣ ਵਿੱਚ ਰਹਿਣ ਲਈ ਬੁਲਾਇਆ ਗਿਆ ਹੈ (ਰੋਮੀਆਂ 12:1)।

## ਸਾਰ ਦੇ ਬਿੰਦੂ

1. ਬੱਚੇ ਪਰਮੇਸ਼ੁਰ ਵੱਲੋਂ ਇੱਕ ਅਸੀਸ ਹਨ, ਅਤੇ ਇੱਕ ਜੋੜੇ ਲਈ ਪ੍ਰਾਰਥਨਾ ਕਰਨਾ ਸਹੀ ਹੈ ਕਿ ਪਰਮੇਸ਼ੁਰ ਉਨ੍ਹਾਂ ਨੂੰ ਬੱਚੇ ਦੇਵੇ।

2. ਇਹ ਮੰਨਣਾ ਗਲਤ ਹੈ ਕਿ ਪਰਮੇਸ਼ੁਰ ਦੀ ਇੱਛਾ ਹਮੇਸ਼ਾ ਚਮਤਕਾਰੀ ਢੰਗ ਨਾਲ ਇੱਕ ਬੱਚਾ ਦੇਣਾ ਹੈ। ਉਹ ਹਮੇਸ਼ਾ ਇੱਕ ਬੱਚਾ ਦੇਣਾ ਦੀ ਚੋਣ ਨਹੀਂ ਕਰਦਾ, ਜਿਵੇਂ ਉਹ ਹਰ ਦੂਸਰੀ ਜ਼ਰੂਰਤ ਲਈ ਹਮੇਸ਼ਾ ਇੱਕ ਚਮਤਕਾਰ ਨਹੀਂ ਕਰਦਾ।

3. ਬੇਔਲਾਦ ਹੋਣ ਦੇ ਕਾਰਣ ਇੱਕ ਔਰਤ ਜਾਂ ਜੋੜੇ ਨੂੰ ਦੋਸ਼ੀ ਠਹਿਰਾਉਣਾ ਗਲਤ ਹੈ। ਮਨੁੱਖੀ ਸਥਿੱਤੀ ਆਦਮ ਦੇ ਪਾਪ, ਸਾਡੇ ਪੁਰਖਿਆਂ ਦੇ ਪਾਪ ਅਤੇ ਸਾਡੇ ਸਮਾਜ ਦੇ ਪਾਪਾਂ ਦੁਆਰਾ ਪ੍ਰਭਾਵਿਤ ਹੋਈ ਹੈ।

4. ਸਾਨੂੰ ਪੁੱਤਰਾਂ ਅਤੇ ਧੀਆਂ ਦੋਵਾਂ ਨੂੰ ਬਰਾਬਰ ਪਿਆਰ ਕਰਨਾ ਚਾਹੀਦਾ ਹੈ ਅਤੇ ਮਹੱਤਵ ਦੇਣਾ ਚਾਹੀਦਾ ਹੈ ਕਿਉਂਕਿ ਉਹ ਪਰਮੇਸ਼ੁਰ ਦੇ ਸਰੂਪ ਉੱਤੇ ਬਣਾਏ ਹੋਏ ਲੋਕ ਹਨ।

5. ਇੱਕ ਵਿਅਕਤੀ ਜੈਵਿਕ ਬੱਚਿਆਂ ਤੋਂ ਬਿਨਾਂ ਵੀ ਇੱਕ ਆਤਮਿਕ ਪਿਤਾ ਜਾਂ ਮਾਂ ਹੋ ਸਕਦਾ ਹੈ ਜੋ ਕਈ ਪੀੜ੍ਹੀਆਂ ਨੂੰ ਪ੍ਰਭਾਵਿਤ ਕਰਦਾ ਹੈ।

6. ਪਰਮੇਸ਼ੁਰ ਅਣਵਿਆਹੇ ਅਤੇ ਬੇਔਲਾਦ ਲੋਕਾਂ ਨੂੰ ਸੇਵਾ ਦੇ ਵਿਸ਼ੇਸ਼ ਮੌਕੇ ਦਿੰਦਾ ਹੈ।

7. ਸਾਨੂੰ ਆਪਣੇ ਆਪ ਨੂੰ ਪਰਮੇਸ਼ੁਰ ਲਈ ਸਮਰਪਿਤ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਸਥਿੱਤੀਆਂ ਵਿੱਚ ਉਸ ਦੀ ਵਡਿਆਈ ਕਰਨੀ ਚਾਹੀਦੀ ਹੈ ਜਿਨ੍ਹਾਂ ਦੀ ਉਹ ਸਾਡੇ ਲਈ ਚੋਣ ਕਰਦਾ ਹੈ।

## ਪਾਸਟਰ ਦੀ ਸੇਵਕਾਈ

ਬਦਕਿਸਮਤੀ ਨਾਲ, ਬਹੁਤ ਸਾਰੀਆਂ ਥਾਵਾਂ ’ਤੇ ਕਲੀਸਿਯਾਵਾਂ ਨੇ ਬੇਔਲਾਦ ਹੋਣ ਦੇ ਮੁੱਦੇ ਨਾਲ ਨਜਿੱਠਣ ਵੇਲੇ ਪਰਮੇਸ਼ੁਰ ਦੇ ਬਚਨ ਨਾਲੋਂ ਆਪਣੇ ਸੱਭਿਆਚਾਰਾਂ ਦੀ ਜ਼ਿਆਦਾ ਪਾਲਣਾ ਕੀਤੀ ਹੈ।

ਇੱਕ ਪਾਸਟਰ ਨੂੰ ਆਪਣੇ ਲੋਕਾਂ ਨੂੰ ਸਿਖਾਉਣਾ ਚਾਹੀਦਾ ਹੈ ਕਿ ਉਹ ਬੇਔਲਾਦ ਹੋਣ ਨੂੰ ਬਾਈਬਲ ਦੇ ਨਜ਼ਰੀਏ ਤੋਂ ਵੇਖਣ, ਖਾਸ ਕਰਕੇ ਜਿਵੇਂ ਪਿਛਲੇ ਭਾਗ ਵਿੱਚ ਸੰਖੇਪ ਵਿੱਚ ਦੱਸਿਆ ਗਿਆ ਹੈ।

ਜੇਕਰ ਪਾਸਟਰ ਇੱਕ ਬੇਔਲਾਦ ਜੋੜੇ ਲਈ ਚਮਤਕਾਰ ਵਾਸਤੇ ਪ੍ਰਾਰਥਨਾ ਕਰ ਰਿਹਾ ਹੈ, ਤਾਂ ਉਸ ਨੂੰ ਵਿਸ਼ਵਾਸ ਦੀ ਜ਼ਿੰਮੇਵਾਰੀ ਪਤਨੀ ਜਾਂ ਪਤੀ 'ਤੇ ਨਹੀਂ ਪਾਉਣੀ ਚਾਹੀਦੀ। ਜਦੋਂ ਯਿਸੂ ਨੇ ਇੱਕ ਛੋਟੇ ਬੱਚੇ ਨੂੰ ਚੰਗਾ ਕੀਤਾ ਜਾਂ ਮੁਰਦਿਆਂ ਨੂੰ ਜੀਉਂਦਾ ਕੀਤਾ, ਤਾਂ ਚੰਗਾ ਕੀਤੇ ਗਏ ਜਾਂ ਜੀ ਉੱਠੇ ਵਿਅਕਤੀ ਨੇ ਆਪਣੇ ਚਮਤਕਾਰ ਲਈ ਵਿਸ਼ਵਾਸ ਨਹੀਂ ਕੀਤਾ ਸੀ। ਜੇਕਰ ਪਾਸਟਰ ਨੂੰ ਵਿਸ਼ਵਾਸ ਹੈ ਕਿ ਪਰਮੇਸ਼ੁਰ ਚਮਤਕਾਰ ਕਰਨਾ ਚਾਹੁੰਦਾ ਹੈ, ਤਾਂ ਪਾਸਟਰ ਨੂੰ ਵਿਸ਼ਵਾਸ ਹੋਣਾ ਚਾਹੀਦਾ ਹੈ ਅਤੇ ਵਿਸ਼ਵਾਸ ਦੀ ਘਾਟ ਲਈ ਪਤਨੀ ਜਾਂ ਪਤੀ ਨੂੰ ਦੋਸ਼ੀ ਨਹੀਂ ਠਹਿਰਾਉਣਾ ਚਾਹੀਦਾ।

ਰੋਮੀਆਂ 12:15 ਵਿੱਚ, ਸਾਨੂੰ ਰੋਣ ਵਾਲਿਆਂ ਨਾਲ ਰੋਣ ਲਈ ਆਖਿਆ ਗਿਆ ਹੈ। ਇੱਕ ਪਾਸਟਰ ਨੂੰ ਆਪਣੀ ਕਲੀਸਿਯਾ ਦੇ ਲੋਕਾਂ ਦੇ ਦੁੱਖ ਤੋਂ ਜਾਣੂ ਹੋਣਾ ਚਾਹੀਦਾ ਹੈ। ਉਸ ਨੂੰ ਉਨ੍ਹਾਂ ਲੋਕਾਂ ਨੂੰ ਉਤਸ਼ਾਹਿਤ ਕਰਨ ਅਤੇ ਦਿਲਾਸਾ ਦੇਣ ਲਈ ਪਹਿਲ ਕਰਨੀ ਚਾਹੀਦੀ ਹੈ ਜੋ ਬੇਔਲਾਦ ਹੋਣ ਜਾਂ ਬੱਚੇ ਦੇ ਗੁਆਚ ਜਾਣ ਕਾਰਣ ਸੋਗ ਕਰ ਰਹੇ ਹਨ। ਮਾਪੇ ਸੋਗ ਕਰਦੇ ਹਨ ਭਾਵੇਂ ਬੱਚਾ ਅਣਜੰਮਿਆ ਹੀ ਸੀ। ਯਾਦ ਰੱਖੋ ਕਿ ਪਤਨੀ ਅਤੇ ਪਤੀ ਦੋਵੇਂ ਦੁਖੀ ਹਨ, ਭਾਵੇਂ ਉਹ ਇਸ ਨੂੰ ਵੱਖੋ-ਵੱਖਰੇ ਤਰੀਕਿਆਂ ਨਾਲ ਵਿਖਾਉਂਦੇ ਹਨ। ਇੱਕ ਪਾਸਟਰ ਨੂੰ ਇਹ ਉਡੀਕ ਨਹੀਂ ਕਰਨੀ ਚਾਹੀਦੀ ਕਿ ਸੋਗ ਮਨਾਉਣ ਵਾਲੇ ਲੋਕ ਆਪ ਉਸ ਦੇ ਕੋਲ ਸਲਾਹ ਲੈਣ ਲਈ ਆਉਣ। ਇੱਕ ਪਾਸਟਰ ਨੂੰ ਆਪਣੀ ਕਲੀਸਿਯਾ ਨੂੰ ਇੱਕ ਦੂਸਰੇ ਦਾ ਹੌਸਲਾ ਵਧਾਉਣਾ ਅਤੇ ਸਾਥ ਦੇਣ ਬਾਰੇ ਸਿਖਾਉਣਾ ਚਾਹੀਦਾ ਹੈ।

ਪਾਸਟਰ ਨੂੰ ਕਲੀਸਿਯਾ ਦੀ ਰਿਸ਼ਤੇ ਬਣਾਉਣ ਅਤੇ ਬੇਔਲਾਦ ਬਜ਼ੁਰਗਾਂ ਦੀ ਦੇਖਭਾਲ ਕਰਨ ਵਿੱਚ ਅਗਵਾਈ ਕਰਨੀ ਚਾਹੀਦੀ ਹੈ। ਵਿਸ਼ਵਾਸ ਦੇ ਪਰਿਵਾਰ ਦੇ ਮੈਂਬਰਾਂ ਨੂੰ ਪਿਆਰ ਵਿਖਾ ਕੇ, ਇਕੱਠੇ ਸਮਾਂ ਬਿਤਾ ਕੇ ਅਤੇ ਵਿਹਾਰਕ ਜ਼ਰੂਰਤਾਂ ਵਿੱਚ ਮਦਦ ਕਰਕੇ, ਉਨ੍ਹਾਂ ਨਾਲ ਮਾਪਿਆਂ ਜਾਂ ਦਾਦਾ-ਦਾਦੀ ਵਾਂਗ ਪੇਸ਼ ਆਉਣਾ ਚਾਹੀਦਾ ਹੈ।

ਪਾਸਟਰ ਨੂੰ ਅਣਵਿਆਹੇ ਅਤੇ ਬੇਔਲਾਦ ਲੋਕਾਂ ਦੀ ਉਹ ਤਰੀਕੇ ਲੱਭਣ ਵਿੱਚ ਮਦਦ ਕਰਨ ਚਾਹੀਦੀ ਹੈ ਜਿਨ੍ਹਾਂ ਨਾਲ ਉਹ ਕਲੀਸਿਯਾ ਅਤੇ ਭਾਈਚਾਰੇ ਦੀ ਸੇਵਾ ਕਰ ਸਕਣ ਅਤੇ ਉਨ੍ਹਾਂ ਨੂੰ ਅਸੀਸ ਦੇ ਸਕਣ। ਪਾਸਟਰ ਨੂੰ ਵਿਸ਼ਵਾਸ ਦੇ ਪਰਿਵਾਰ ਵਿੱਚ ਹਰ ਵਿਅਕਤੀ ਦੀ ਮਹੱਤਤਾ ਦੀ ਪੁਸ਼ਟੀ ਕਰਨੀ ਚਾਹੀਦੀ ਹੈ।

## ਸਮੂਹ ਵਿੱਚ ਚਰਚਾ ਲਈ

► ਤੁਹਾਡੇ ਸੱਭਿਆਚਾਰ ਦੇ ਲੋਕ ਬੱਚਿਆਂ ਨੂੰ ਕਿਵੇਂ ਵੇਖਦੇ ਹਨ? ਉਹ ਬੇਔਲਾਦ ਹੋਣ ਨੂੰ ਕਿਵੇਂ ਵੇਖਦੇ ਹਨ?

► ਤੁਹਾਡੇ ਸੱਭਿਆਚਾਰ ਵਿੱਚ ਵਿਸ਼ਵਾਸੀ ਲੋਕ ਬੱਚਿਆਂ ਨੂੰ ਕਿਵੇਂ ਵੇਖਦੇ ਹਨ? ਤੁਹਾਡੇ ਸੱਭਿਆਚਾਰ ਵਿੱਚ ਵਿਸ਼ਵਾਸੀ ਲੋਕ ਬੇਔਲਾਦ ਹੋਣ ਨੂੰ ਕਿਵੇਂ ਵੇਖਦੇ ਹਨ?

► ਇਸ ਪਾਠ ਵਿੱਚ ਪੇਸ਼ ਕੀਤੇ ਗਏ ਵਚਨ ਦੇ ਸਿਧਾਂਤਾਂ ਦਾ ਅਧਿਐਨ ਕਰਕੇ ਬਾਂਝਪਣ ਬਾਰੇ ਤੁਹਾਡੀ ਸਮਝ ਕਿਵੇਂ ਬਦਲੀ ਹੈ ਜਾਂ ਇਸ ਨੂੰ ਕਿਵੇਂ ਚੁਣੌਤੀ ਦਿੱਤੀ ਗਈ ਹੈ?

► ਕੀ ਤੁਹਾਡੇ ਕਲੀਸਿਯਾ ਪਰਿਵਾਰ ਵਿੱਚ ਕੋਈ ਜੋੜਾ ਬਾਂਝਪਣ ਨਾਲ ਜੂਝ ਰਿਹਾ ਹੈ? ਜੇਕਰ ਅਜਿਹਾ ਹੈ, ਤਾਂ ਤੁਹਾਡੀ ਕਲੀਸਿਯਾ ਕਿਵੇਂ ਸਹਾਇਕ ਹੋ ਸਕਦੀ ਹੈ ਅਤੇ ਉਨ੍ਹਾਂ ਲਈ ਉਨ੍ਹਾਂ ਦੇ ਸੰਘਰਸ਼ਾਂ ਨੂੰ ਸਾਂਝਾ ਕਰਨ ਲਈ ਇੱਕ ਸੁਰੱਖਿਅਤ ਜਗ੍ਹਾ ਕਿਵੇਂ ਪ੍ਰਦਾਨ ਕਰ ਸਕਦਾ ਹੈ?

## ਪ੍ਰਾਰਥਨਾ

ਸਵਰਗੀ ਪਿਤਾ,

ਮਸੀਹੀ ਪਰਿਵਾਰਾਂ ਲਈ ਤੇਰਾ ਧੰਨਵਾਦ। ਉਨ੍ਹਾਂ ਪਤੀਆਂ ਅਤੇ ਪਤਨੀਆਂ ਲਈ ਧੰਨਵਾਦ ਜੋ ਤੇਰੇ ਲਈ ਜੀ ਰਹੇ ਹਨ, ਅਤੇ ਉਸ ਯੋਗਦਾਨ ਲਈ ਤੇਰਾ ਧੰਨਵਾਦ ਜੋ ਉਹ ਤੇਰੇ ਰਾਜ ਵਿੱਚ ਪਾਉਂਦੇ ਹਨ।

ਅਸੀਂ ਉਨ੍ਹਾਂ ਜੋੜਿਆਂ ਲਈ ਪ੍ਰਾਰਥਨਾ ਕਰਦੇ ਹਾਂ ਜੋ ਬਾਂਝਪਣ ਦਾ ਅਨੁਭਵ ਕਰ ਰਹੇ ਹਨ। ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਤੂੰ ਉਨ੍ਹਾਂ ਦੇ ਦਿਲਾਂ ਨੂੰ ਦਿਲਾਸਾ ਦੇ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕਰ। ਉਨ੍ਹਾਂ ਦੀ ਇਹ ਜਾਣਨ ਵਿੱਚ ਮਦਦ ਕਰ ਕਿ ਉਨ੍ਹਾਂ ਲਈ ਤੇਰਾ ਪਿਆਰ ਦ੍ਰਿੜ੍ਹ ਹੈ, ਭਾਵੇਂ ਉਹ ਬੱਚੇ ਪੈਦਾ ਕਰਨ ਵਿੱਚ ਅਸਮਰੱਥ ਹੋਣ।

ਜੇਕਰ ਤੇਰੀ ਇੱਛਾ ਹੈ ਕਿ ਉਹ ਜੈਵਿਕ ਬੱਚੇ ਪੈਦਾ ਕਰਨ, ਤਾਂ ਅਸੀਂ ਤੇਰੇ ’ਤੇ ਭਰੋਸਾ ਕਰਦੇ ਹਾਂ ਕਿ ਤੂੰ ਆਪਣੇ ਸਮੇਂ ਵਿੱਚ ਇਸ ਨੂੰ ਸੰਭਵ ਬਣਾਵੇਂਗਾ। ਭਾਵੇਂ ਤੂੰ ਉਨ੍ਹਾਂ ਨੂੰ ਆਪਣੇ ਬੱਚੇ ਦੇਵੇਂ ਜਾਂ ਨਾ ਦੇਵੇਂ, ਉਨ੍ਹਾਂ ਦੀ ਦੂਸਰਿਆਂ ਲਈ ਆਤਮਿਕ ਪਿਤਾ ਅਤੇ ਮਾਵਾਂ ਬਣਨ ਵਿੱਚ ਮਦਦ ਕਰ।

ਸਾਰੇ ਵਿਸ਼ਵਾਸੀਆਂ ਦੀ ਹਰੇਕ ਵਿਅਕਤੀ ਨੂੰ ਤੇਰੇ ਸਰੂਪ ਉੱਤੇ ਬਣਾਏ ਗਏ ਲੋਕਾਂ ਵਾਂਗ ਮਹੱਤਵ ਦੇਣ ਵਿੱਚ ਮਦਦ ਕਰ।

ਆਮੀਨ

## ਪਾਠ ਕਾਰਜ

(1) ਦੋ ਪੰਨਿਆਂ ਦਾ ਇੱਕ ਪੇਪਰ ਲਿਖੋ ਜਿਸ ਵਿੱਚ ਤੁਸੀਂ:

- ਬੱਚਿਆਂ ਅਤੇ ਬਾਂਝਪਣ ਬਾਰੇ ਆਪਣੇ ਸਮਾਜ ਦੇ ਦ੍ਰਿਸ਼ਟੀਕੋਣਾਂ ਦਾ ਵਰਣਨ ਕਰੋ।
- ਬੱਚਿਆਂ ਬਾਰੇ ਵਚਨ ਦੀ ਸਿੱਖਿਆ ਦੀ ਵਿਆਖਿਆ ਕਰੋ।
- ਬਾਂਝਪਣ ਬਾਰੇ ਵਚਨ ਦੀ ਸਿੱਖਿਆ ਦੀ ਵਿਆਖਿਆ ਕਰੋ।
- ਵਚਨ ਦੇ ਸਿਧਾਂਤਾਂ ਤੋਂ ਸਮਝਾਓ ਕਿ ਇੱਕ ਵਿਆਹੇ ਜੋੜੇ ਨੂੰ ਉਨ੍ਹਾਂ ਦੇ ਬਾਂਝਪਣ ਲਈ ਦੋਸ਼ੀ ਕਿਉਂ ਨਹੀਂ ਠਹਿਰਾਇਆ ਜਾਣਾ ਚਾਹੀਦਾ।

(2) ਬਾਂਝਪਣ ਨਾਲ ਜੂਝ ਰਹੇ ਲੋਕਾਂ ਨੂੰ ਉਤਸ਼ਾਹਿਤ ਕਰੋ।

ਵਿਕਲਪ 1: ਲਿਖਤੀ ਰੂਪ ਵਿੱਚ ਵਰਣਨ ਕਰੋ ਕਿ ਤੁਸੀਂ ਕਿਸੇ ਅਜਿਹੇ ਵਿਅਕਤੀ ਆਪਣੀ ਹਮਦਰਦੀ ਅਤੇ ਦੇਖਭਾਲ ਕਿਵੇਂ ਵਿਖਾ ਸਕਦੇ ਹੋ ਜਿਸ ਨੂੰ ਤੁਸੀਂ ਜਾਣਦੇ ਹੋ ਜੋ ਬਾਂਝਪਣ ਦੇ ਦੁੱਖ ਨਾਲ ਜੂਝ ਰਿਹਾ ਹੈ। ਕੁਝ ਚੀਜ਼ਾਂ ਦਾ ਨਾਮ ਲਿਖਣ ਵਿੱਚ ਖਾਸ ਰਹੋ ਜੋ ਤੁਸੀਂ ਕਰ ਸਕਦੇ ਹੋ ਜਾਂ ਆਖ ਸਕਦੇ ਹੋ, ਜੋ ਮਸੀਹ ਵਿੱਚ ਤੁਹਾਡੇ ਭਰਾ ਜਾਂ ਭੈਣ ਲਈ ਇੱਕ ਅਸੀਸ ਹੋਣਗੀਆਂ।

ਵਿਕਲਪ 2: ਕਿਸੇ ਅਜਿਹੇ ਵਿਅਕਤੀ ਲਈ ਉਤਸ਼ਾਹ ਦਾ ਇੱਕ ਛੋਟਾ ਨੋਟ ਲਿਖੋ ਜਿਸ ਨੂੰ ਤੁਸੀਂ ਜਾਣਦੇ ਹੋ ਕਿ ਉਹ ਬਾਂਝਪਣ ਦੇ ਦੁੱਖ ਨਾਲ ਜੂਝ ਰਿਹਾ ਹੈ। ਇਹ ਸਮਝਣ ਦੀ ਕੋਸ਼ਿਸ਼ ਕਰੋ ਕਿ ਉਹ ਕੀ ਅਨੁਭਵ ਕਰ ਰਹੇ ਹਨ। ਉਨ੍ਹਾਂ ਨੂੰ ਦੱਸੋ ਕਿ ਤੁਸੀਂ ਇਸ ਗੱਲ ਦੀ ਪਰਵਾਹ ਕਰਦੇ ਹੋ ਕਿ ਉਹ ਕਿਵੇਂ ਮਹਿਸੂਸ ਕਰ ਰਹੇ ਹਨ। ਉਨ੍ਹਾਂ ਨੂੰ ਦੱਸੋ ਕਿ ਤੁਸੀਂ ਉਨ੍ਹਾਂ ਲਈ ਪ੍ਰਾਰਥਨਾ ਕਰ ਰਹੇ ਹੋ। ਜਦੋਂ ਤੁਸੀਂ ਉਨ੍ਹਾਂ ਨੂੰ ਨੋਟ ਦਿੰਦੇ ਹੋ, ਤਾਂ ਉਨ੍ਹਾਂ ਨੂੰ ਸੁਣਨ ਲਈ ਉਪਲੱਬਧ ਰਹੋ ਜਾਂ ਢੁੱਕਵੇਂ ਤਰੀਕੇ ਨਾਲ ਲਈ ਲਈ ਆਪਣੀ ਦੇਖਭਾਲ ਵਿਖਾਓ।

## ਜਨਮ ਨਿਯੰਤਰਣ

ਪਾਠ 11 ਨੂੰ ਜਾਰੀ ਰੱਖਣ ਤੋਂ ਪਹਿਲਾਂ, ਕਲਾਸ ਨੂੰ **ਅੰਤਿਕਾ B ਦਾ ਅਧਿਐਨ ਕਰਨਾ ਚਾਹੀਦਾ ਹੈ ਅਤੇ ਇਸ ’ਤੇ ਚਰਚਾ ਕਰਨੀ ਚਾਹੀਦੀ ਹੈ**। ਇਹ ਜਨਮ ਨਿਯੰਤਰਣ ਬਾਰੇ ਇੱਕ ਸੰਖੇਪ ਚਰਚਾ ਹੈ ਜੋ ਵਿਆਹ ਅਤੇ ਪਰਿਵਾਰ ਨਾਲ ਸਬੰਧਤ ਇੱਕ ਮਹੱਤਵਪੂਰਣ ਵਿਸ਼ਾ ਹੈ।

# ਪਾਠ 11

# ਇੱਕ ਬੱਚੇ ਦਾ ਵਿਕਾਸ ਅਤੇ ਉਸ ਦੀ ਦੇਖਭਾਲ

## ਪਾਠ ਦੇ ਟੀਚੇ

ਇਸ ਪਾਠ ਦੇ ਅੰਤ ਵਿੱਚ, ਵਿਦਿਆਰਥੀ ਹੇਠਾਂ ਦੱਸੇ ਕੰਮ ਕਰਨ ਦੇ ਯੋਗ ਹੋਣੇ ਚਾਹੀਦੇ ਹਨ:

(1) ਹਰੇਕ ਵਿਅਕਤੀ ਨੂੰ ਬਣਾਉਣ ਵਿੱਚ ਪਰਮੇਸ਼ੁਰ ਦੇ ਸ਼ਾਨਦਾਰ ਕੰਮ ਦੀ ਪ੍ਰਸ਼ੰਸ਼ਾ ਕਰੋ।

(2) ਵਿਸ਼ਵਾਸ ਕਰੋ ਕਿ ਮਨੁੱਖੀ ਜੀਵਨ ਪਵਿੱਤਰ ਹੈ।

(3) ਗਰਭ ਧਾਰਣ ਦੇ ਪਲ ਤੋਂ ਹੀ ਮਨੁੱਖੀ ਜੀਵਨ ਦੀ ਰੱਖਿਆ ਕਰਨ ਲਈ ਪ੍ਰੇਰਿਤ ਹੋਵੋ।

(4) ਬੱਚਿਆਂ ਦੇ ਸਿਹਤਮੰਦ ਵਿਕਾਸ ਲਈ ਮਾਪਿਆਂ ਵੱਲੋਂ ਦੇਖਭਾਲ ਕਰਨ ਦੀ ਮਹੱਤਤਾ ਨੂੰ ਸਮਝੋ।

## ਛੋਟੇ ਜੌੜੇ

ਤਰਸੇਮ ਅਤੇ ਨੀਤਾ ਭਾਰਤ ਦੇਸ਼ ਵਿੱਚ ਰਹਿੰਦੇ ਸਨ। ਉਨ੍ਹਾਂ ਦੇ ਵਿਆਹ ਨੂੰ ਕੁਝ ਸਾਲ ਹੋ ਗਏ ਸਨ ਪਰ ਉਨ੍ਹਾਂ ਦੇ ਬੱਚੇ ਨਹੀਂ ਸਨ, ਪਰ ਅਚਾਨਕ ਉਨ੍ਹਾਂ ਨੂੰ ਇੱਕ ਮੌਕਾ ਮਿਲਿਆ। ਨੀਤਾ ਦੇ ਇੱਕ ਰਿਸ਼ਤੇਦਾਰ ਨੇ ਜੁੜਵਾਂ ਕੁੜੀਆਂ ਨੂੰ ਜਨਮ ਦਿੱਤਾ ਸੀ ਅਤੇ ਉਹ ਉਨ੍ਹਾਂ ਦੀ ਦੇਖਭਾਲ ਕਰਨ ਵਿੱਚ ਅਸਮਰੱਥ ਮਹਿਸੂਸ ਰਹੇ ਸਨ। ਤਰਸੇਮ ਅਤੇ ਨੀਤਾ ਨੇ ਦੋ ਛੋਟੇ ਬੱਚਿਆਂ ਦੇ ਤੋਹਫ਼ੇ ਨੂੰ ਬਹੁਤ ਖੁਸ਼ੀ ਨਾਲ ਸਵੀਕਾਰ ਕੀਤਾ, ਪਰ ਉਨ੍ਹਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਬੱਚੇ ਸਮੇਂ ਤੋਂ ਬਹੁਤ ਪਹਿਲਾਂ ਪੈਦਾ ਹੋਏ ਸਨ ਅਤੇ ਹਰੇਕ ਦਾ ਭਾਰ ਲਗਭਗ 1.36 ਕਿੱਲੋਗ੍ਰਾਮ ਹੀ ਸੀ। ਨਵੇਂ ਮਾਪਿਆਂ ਨੂੰ ਇਹ ਪਤਾ ਲਗਾਉਣਾ ਪਿਆ ਕਿ ਛੋਟੀਆਂ ਕੁੜੀਆਂ ਨੂੰ ਕਿਵੇਂ ਖੁਆਉਣਾ ਹੈ ਅਤੇ ਉਨ੍ਹਾਂ ਦੀ ਦੇਖਭਾਲ ਕਿਵੇਂ ਕਰਨੀ ਹੈ। ਉਨ੍ਹਾਂ ਨੇ ਬਹੁਤ ਸਾਰੀਆਂ ਰਾਤਾਂ ਘੱਟ ਸੌਂ ਕੇ ਬਿਤਾਈਆਂ, ਪਰ ਕੁੜੀਆਂ ਜੀਉਂਦੀਆਂ ਰਹੀਆਂ ਅਤੇ ਸ਼ਾਨਦਾਰ, ਸਿਹਤਮੰਦ ਬੱਚੀਆਂ ਬਣੀਆਂ।

## ਇੱਕ ਬੱਚਾ

### ਗਰਭ ਕਾਲ ਦੌਰਾਨ ਇੱਕ ਬੱਚੇ ਦਾ ਵਿਕਾਸ

► ਇੱਕ ਵਿਦਿਆਰਥੀ ਨੂੰ ਸਮੂਹ ਲਈ ਜ਼ਬੂਰ 139:13-18 ਨੂੰ ਪੜ੍ਹਨਾ ਚਾਹੀਦਾ ਹੈ।

ਇਹ ਹਵਾਲਾ ਸਾਨੂੰ ਦੱਸਦਾ ਹੈ ਕਿ ਪਰਮੇਸ਼ੁਰ ਸਾਨੂੰ ਉਸ ਸਮੇਂ ਤੋਂ ਜਾਣਦਾ ਸੀ ਜਦੋਂ ਅਸੀਂ ਗਰਭ ਵਿੱਚ ਆਏ ਸੀ, ਸਾਡੇ ਸਰੀਰ ਬਣਨ ਤੋਂ ਪਹਿਲਾਂ ਵੀ (ਆਇਤ 16)। ਪਰਮੇਸ਼ੁਰ ਤੁਹਾਨੂੰ ਜਾਣਦਾ ਸੀ ਅਤੇ ਉਸ ਨੇ ਤੁਹਾਡੇ ਜਨਮ ਤੋਂ ਪਹਿਲਾਂ ਹੀ ਤੁਹਾਡੇ ਲਈ ਇੱਕ ਯੋਜਨਾ ਬਣਾਈ ਸੀ।

ਜਿਸ ਪਲ ਇੱਕ ਆਦਮੀ ਦਾ ਸ਼ੁਕਰਾਣੂ ਇੱਕ ਔਰਤ ਦੇ ਅੰਦਰ ਉਸ ਦੇ ਅੰਡੇ ਨਾਲ ਜੁੜਦਾ ਹੈ, ਇੱਕ ਬੱਚੇ ਦਾ ਗਰਭ ਧਾਰਣ ਹੁੰਦਾ ਹੈ। ਉਸ ਪਲ, ਇੱਕ ਨਵਾਂ ਮਨੁੱਖੀ ਜੀਵਨ - ਇੱਕ ਨਵਾਂ ਵਿਅਕਤੀ – ਹੋਂਦ ਵਿੱਚ ਆਉਂਦਾ ਹੈ! ਉਸ ਵਿਅਕਤੀ ਲਈ ਸਾਰੀ ਜੈਨੇਟਿਕ ਜਾਣਕਾਰੀ ਉਸ ਇੱਕ ਨਵੇਂ ਸੈੱਲ ਵਿੱਚ ਮੌਜੂਦ ਹੁੰਦੀ ਹੈ। ਗਰਭ ਧਾਰਣ ਦੇ 24 ਘੰਟਿਆਂ ਦੇ ਅੰਦਰ, ਉਹ ਸੈੱਲ ਦੋ ਸੈੱਲਾਂ ਵਿੱਚ ਵੰਡਿਆ ਜਾਂਦਾ ਹੈ। ਉਨ੍ਹਾਂ ਵਿੱਚੋਂ ਹਰੇਕ ਸੈੱਲ ਦੋ ਹੋਰ ਸੈੱਲਾਂ ਵਿੱਚ ਵੰਡਿਆ ਜਾਂਦਾ ਹੈ। ਹਰੇਕ ਸੈੱਲ ਦੇ ਦੋ ਵਿੱਚ ਵੰਡੇ ਜਾਣ ਨਾਲ ਸੈੱਲਾਂ ਦੀ ਗਿਣਤੀ ਵਧਦੀ ਰਹਿੰਦੀ ਹੈ। ਲਗਭਗ ਇੱਕ ਹਫ਼ਤੇ ਦੇ ਅੰਦਰ, ਬੱਚਾ, ਹੁਣ ਬਹੁਤ ਸਾਰੇ ਸੈੱਲ, ਆਪਣੀ ਮਾਂ ਦੇ ਗਰਭ ਦੇ ਅੰਦਰ ਜੁੜਿਆ ਹੁੰਦਾ ਹੈ, ਜਿੱਥੇ ਇਹ ਵਧਦਾ ਅਤੇ ਵਿਕਸਤ ਹੁੰਦਾ ਰਹਿੰਦਾ ਹੈ। ਹਰੇਕ ਸੈੱਲ ਵਿੱਚ ਉਸ ਵਿਅਕਤੀ (ਡੀਐਨਏ) ਨੂੰ ਬਣਾਉਣ ਲਈ "ਕੋਡ" ਹੁੰਦਾ ਹੈ। ਸੈੱਲ ਕੋਡ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹਨ ਅਤੇ ਸਰੀਰ ਦੇ ਹਰੇਕ ਹਿੱਸੇ ਨੂੰ ਬਣਾਉਣ ਲਈ ਮਾਹਰ ਹੁੰਦੇ ਹਨ।

ਹਫ਼ਤੇ 3 ਤੱਕ, ਬੱਚੇ ਦੀ ਰੀੜ੍ਹ ਦੀ ਹੱਡੀ ਅਤੇ ਦਿਮਾਗ ਬਣਨਾ ਸ਼ੁਰੂ ਹੋ ਜਾਂਦੇ ਹਨ। ਗਰਭ ਅਵਸਥਾ ਦੇ ਚੌਥੇ ਹਫ਼ਤੇ ਦੇ ਆਸ-ਪਾਸ, ਬੱਚੇ ਦੀਆਂ ਅੱਖਾਂ ਬਣਨੀਆਂ ਸ਼ੁਰੂ ਹੋ ਜਾਂਦੀਆਂ ਹਨ, ਦਿਲ ਕੰਮ ਕਰਨਾ ਸ਼ੁਰੂ ਕਰ ਦਿੰਦਾ ਹੈ, ਅਤੇ ਬੱਚੇ ਦੀਆਂ ਬਾਹਾਂ ਬਣਨੀਆਂ ਸ਼ੁਰੂ ਹੋ ਜਾਂਦੀਆਂ ਹਨ। ਗਰਭ ਅਵਸਥਾ ਦੇ 12 ਹਫ਼ਤਿਆਂ ਤੱਕ ਬੱਚੇ ਦੇ ਸਰੀਰ ਵਿੱਚ ਹਰ ਜ਼ਰੂਰੀ ਅੰਗ ਹੁੰਦਾ ਹੈ।

ਗਰਭ ਧਾਰਣ ਦੇ 14 ਹਫ਼ਤਿਆਂ ਬਾਅਦ, ਬੱਚੇ ਦੇ ਵਿਲੱਖਣ ਉਂਗਲਾਂ ਦੇ ਨਿਸ਼ਾਨ ਪੂਰੀ ਤਰ੍ਹਾਂ ਬਣ ਜਾਂਦੇ ਹਨ। ਗਰਭ ਅਵਸਥਾ ਦੇ 16-24 ਹਫ਼ਤਿਆਂ ਤੱਕ, ਇੱਕ ਮਾਂ ਆਪਣੇ ਬੱਚੇ ਨੂੰ ਆਪਣੀ ਕੁੱਖ ਵਿੱਚ ਹਿਲਦੇ ਹੋਏ ਮਹਿਸੂਸ ਕਰ ਸਕਦੀ ਹੈ। 26-28 ਹਫ਼ਤਿਆਂ ਦੇ ਆਸ-ਪਾਸ ਬੱਚੇ ਦੇ ਫੇਫੜੇ ਸਾਹ ਲੈਣ ਲਈ ਕਾਫ਼ੀ ਵਿਕਸਤ ਹੋ ਜਾਂਦੇ ਹਨ, ਅਤੇ ਬੱਚੇ ਦਾ ਭਾਰ ਲਗਭਗ ਇੱਕ ਕਿੱਲੋਗ੍ਰਾਮ ਹੋ ਜਾਂਦਾ ਹੈ। ਬੱਚੇ ਆਮ ਤੌਰ 'ਤੇ ਗਰਭ ਧਾਰਣ ਦੇ 38-40 ਹਫ਼ਤਿਆਂ ਬਾਅਦ ਪੈਦਾ ਹੁੰਦੇ ਹਨ। ਹਰ ਬੱਚਾ ਸਾਡੇ ਸਿਰਜਣਹਾਰ ਪਰਮੇਸ਼ੁਰ ਦੁਆਰਾ ਬਣਾਈ ਗਈ ਇੱਕ ਸ਼ਾਨਦਾਰ, ਵਿਸ਼ੇਸ਼ ਰਚਨਾ ਹੈ।

► ਇੱਕ ਵਿਦਿਆਰਥੀ ਨੂੰ ਸਮੂਹ ਲਈ ਉਪਦੇਸ਼ਕ 11:5 ਨੂੰ ਪੜ੍ਹਨਾ ਚਾਹੀਦਾ ਹੈ।

ਇਹ ਸੱਚਮੁੱਚ ਚਮਤਕਾਰੀ ਹੈ ਕਿ ਪਰਮੇਸ਼ੁਰ ਮਾਂ ਦੀ ਕੁੱਖ ਵਿੱਚ ਇੱਕ ਬੱਚੇ ਨੂੰ ਕਿਵੇਂ ਬਣਾਉਂਦਾ ਹੈ, ਆਕਾਰ ਦਿੰਦਾ ਹੈ ਅਤੇ ਵਿਕਸਤ ਕਰਦਾ ਹੈ। ਲੋਕ ਕਦੇ ਵੀ ਪ੍ਰਕਿਰਿਆਵਾਂ ਜਾਂ ਇਸ ਵਿੱਚ ਸ਼ਾਮਲ ਸਾਰੀਆਂ ਚੀਜ਼ਾਂ ਨੂੰ ਪੂਰੀ ਤਰ੍ਹਾਂ ਨਹੀਂ ਸਮਝ ਸਕਦੇ। ਫਿਰ ਵੀ, ਸਾਰੇ ਮਹਾਂਦੀਪਾਂ, ਸਮਾਜਾਂ ਅਤੇ ਸੱਭਿਆਚਾਰਾਂ ਵਿੱਚ, ਮਨੁੱਖਾਂ ਦਾ ਵਿਕਾਸ ਇੱਕੋ ਕ੍ਰਮ ਅਤੇ ਪੈਟਰਨ ਦੀ ਪਾਲਣਾ ਕਰਦਾ ਹੈ। ਸਿਰਜਣਹਾਰ ਦੀ ਬਣਤਰ ਸੰਪੂਰਣ ਹੈ!

► ਇੱਕ ਵਿਦਿਆਰਥੀ ਨੂੰ ਸਮੂਹ ਲਈ ਅੱਯੂਬ 10:8-12 ਨੂੰ ਪੜ੍ਹਨਾ ਚਾਹੀਦਾ ਹੈ।

ਇਨ੍ਹਾਂ ਆਇਤਾਂ ਵਿੱਚ ਅੱਯੂਬ ਅਜਿਹੀਆਂ ਉਦਾਹਰਣਾਂ ਦੀ ਵਰਤੋਂ ਕਰਦਾ ਹੈ ਜੋ ਗਰਭ ਧਾਰਣ ਅਤੇ ਉਸ ਦੀ ਮਾਂ ਦੇ ਗਰਭ ਵਿੱਚ ਇੱਕ ਬੱਚੇ ਦੇ ਵਿਕਾਸ ਦਾ ਹਵਾਲਾ ਦਿੰਦੀਆਂ ਹਨ। ਅੱਯੂਬ ਸਾਨੂੰ ਦੱਸਦਾ ਹੈ ਕਿ ਸਿਰਜਣਹਾਰ ਪਰਮੇਸ਼ੁਰ ਜੀਵਨ ਦੇਣ ਵਾਲਾ ਹੈ।

### ਪਰਮੇਸ਼ੁਰ ਦੇ ਸਰੂਪ ਉੱਤੇ ਬਣਾਏ ਹੋਣ ਦਾ ਮਹੱਤਵ

ਉਤਪਤ 1:26-27 ਅਤੇ ਉਤਪਤ 9:6 ਸਾਨੂੰ ਦੱਸਦੇ ਹਨ ਕਿ ਅਸੀਂ ਪਰਮੇਸ਼ੁਰ ਦੇ ਸਰੂਪ ਉੱਤੇ ਬਣਾਏ ਗਏ ਹਾਂ। ਸਾਰਾ ਮਨੁੱਖੀ ਜੀਵਨ ਪਵਿੱਤਰ ਹੈ। ਇਸ ਕਰਕੇ, ਕਿਸੇ ਵੀ ਮਨੁੱਖ ਦਾ ਕਤਲ ਕਰਨਾ ਪਾਪ ਹੈ (ਉਤਪਤ 9:5, ਕੂਚ 20:13)।

ਹਿਜ਼ਕੀਏਲ 16:20-21, 36, 38 ਵਿੱਚ ਪਰਮੇਸ਼ੁਰ ਉਨ੍ਹਾਂ ਲੋਕਾਂ ਦੇ ਵਿਰੁੱਧ ਸਖ਼ਤੀ ਨਾਲ ਬੋਲਦਾ ਹੈ ਜੋ ਇੱਕ ਬੱਚੇ ਦੇ ਜੀਵਨ ਨੂੰ ਖਤਮ ਕਰ ਦੇਣਗੇ। ਉਹ ਇਸਰਾਏਲੀਆਂ ਨੂੰ ਮੂਰਤੀਆਂ ਅੱਗੇ ਬੱਚਿਆਂ ਦੀਆਂ ਬਲੀਆਂ ਚੜ੍ਹਾਉਣ ਬਾਰੇ ਚੇਤਾਵਨੀ ਦਿੰਦਾ ਹੈ ਅਤੇ ਘੋਸ਼ਣਾ ਕਰਦਾ ਹੈ ਕਿ ਉਨ੍ਹਾਂ ਦੀ ਸਜ਼ਾ ਸਖ਼ਤ ਹੋਵੇਗੀ।

ਯਸਾਯਾਹ 46:3-4 ਵਿੱਚ, ਪਰਮੇਸ਼ੁਰ ਮਨੁੱਖੀ ਵਿਕਾਸ ਦੇ ਸਾਰੇ ਪੜਾਵਾਂ ਦੌਰਾਨ ਮਨੁੱਖਤਾ ਲਈ ਆਪ ਦੇਖਭਾਲ ਕਰਨ ਬਾਰੇ ਗੱਲ ਕਰਦਾ ਹੈ, ਜਦੋਂ ਉਹ ਆਖਦਾ ਹੈ:

> ਹੇ ਯਾਕੂਬ ਦੇ ਘਰਾਣੇ, ਮੇਰੀ ਸੁਣੋ, ਨਾਲੇ ਇਸਰਾਏਲ ਦੇ ਘਰਾਣੇ ਦੇ ਸਾਰੇ ਬਕੀਏ, ਤੁਸੀਂ ਜਿਹੜੇ ਢਿੱਡੋਂ ਮੈਥੋਂ ਸੰਭਾਲੇ ਗਏ, ਜਿਹੜੇ ਕੁੱਖੋਂ ਹੀ ਚੁੱਕੇ ਗਏ, ਬੁਢੇਪੇ ਤੀਕ ਮੈਂ ਉਹੀ ਹਾਂ, ਅਤੇ ਧੌਲਿਆਂ ਤੀਕ ਮੈਂ ਤੈਨੂੰ ਉਠਾਵਾਂਗਾ, ਮੈਂ ਬਣਾਇਆ ਤੇ ਮੈਂ ਚੁੱਕਾਂਗਾ, ਮੈਂ ਉਠਾਵਾਂਗਾ ਤੇ ਮੈਂ ਛੁਡਾਵਾਂਗਾ।

ਕਿੰਨਾ ਸੁੰਦਰ ਵਾਇਦਾ ਹੈ!

ਸਾਰੇ ਲੋਕ ਮਹੱਤਵਪੂਰਣ ਹਨ, ਜਿਸ ਵਿੱਚ ਅਣਜੰਮੇ ਬੱਚੇ, ਅਪਾਹਜ, ਖਾਸ ਲੋੜਾਂ ਵਾਲੇ ਲੋਕ ਅਤੇ ਬਜ਼ੁਰਗ ਵੀ ਸ਼ਾਮਲ ਹਨ। ਇੱਕ ਵਿਅਕਤੀ ਦਾ ਮਹੱਤਵ ਇਸ ਗੱਲ 'ਤੇ ਨਿਰਭਰ ਨਹੀਂ ਕਰਦਾ ਕਿ ਉਹ ਕੀ ਕਰ ਸਕਦਾ ਹੈ ਜਾਂ ਕੀ ਉਹ ਇਕੱਲਾ ਹੋਣ ’ਤੇ ਵੀ ਆਪਣੇ ਜੀਵਨ ਨੂੰ ਬਚਾ ਸਕਦਾ ਹੈ ਜਾਂ ਨਹੀਂ। ਹਰ ਵਿਅਕਤੀ ਦਾ ਮਹੱਤਵ ਹੈ ਕਿਉਂਕਿ ਸਾਰੇ ਲੋਕ ਪਰਮੇਸ਼ੁਰ ਦੇ ਸਰੂਪ ’ਤੇ ਬਣਾਏ ਗਏ ਹਨ।

ਬਾਈਬਲ ਸਾਨੂੰ ਦੱਸਦੀ ਹੈ ਕਿ ਹਰੇਕ ਬੱਚਾ ਗਰਭ ਧਾਰਣ ਦੇ ਸਮੇਂ ਤੋਂ ਹੀ ਪਰਮੇਸ਼ੁਰ ਦੀ ਨਜ਼ਰ ਵਿੱਚ ਅਨਮੋਲ ਹੈ (ਜ਼ਬੂਰ 139:13-18)। ਇਸ ਕਰਕੇ, ਅਸੀਂ ਜਾਣਦੇ ਹਾਂ ਕਿ ਅਸੀਂ ਗਰਭ ਧਾਰਣ ਦੇ ਸਮੇਂ ਤੋਂ ਹੀ ਮਨੁੱਖ ਹਾਂ। ਗਰਭਪਾਤ ਰਾਹੀਂ ਗਰਭ ਅਵਸਥਾ ਨੂੰ ਜਾਣਬੁੱਝ ਕੇ ਖਤਮ ਕਰਨਾ ਇੱਕ ਮਨੁੱਖ ਦਾ ਕਤਲ ਕਰਨਾ ਹੈ।

ਘੱਟੋ-ਘੱਟ ਚਾਰ ਤਰੀਕੇ ਹਨ ਜਿਨ੍ਹਾਂ ਨਾਲ ਮਸੀਹ ਦੇ ਚੇਲਿਆਂ ਨੂੰ ਅਣਜੰਮੇ ਬੱਚਿਆਂ ਦੀ ਜਾਨ ਬਚਾਉਣ ਅਤੇ ਮਾਵਾਂ ਦੀ ਸੇਵਾ ਕਰਨ ਲਈ ਕੰਮ ਕਰਨਾ ਚਾਹੀਦਾ ਹੈ।

1. ਉਨ੍ਹਾਂ ਨੂੰ ਆਪਣੀਆਂ ਸਰਕਾਰਾਂ ਅਤੇ ਆਪਣੇ ਦੇਸ ਦੀਆਂ ਅਦਾਲਤੀ ਪ੍ਰਣਾਲੀਆਂ ਨੂੰ ਅਜਿਹੇ ਕਾਨੂੰਨ ਬਣਾਉਣ ਅਤੇ ਫੈਸਲੇ ਪਾਸ ਕਰਨ ਲਈ ਪ੍ਰਭਾਵਿਤ ਕਰਨਾ ਚਾਹੀਦਾ ਹੈ, ਜੋ ਅਣਜੰਮੇ ਬੱਚਿਆਂ ਨੂੰ ਮਾਰੇ ਜਾਣ ਤੋਂ ਬਚਾਉਂਦੇ ਹਨ।
2. ਉਨ੍ਹਾਂ ਨੂੰ ਗਰਭਵਤੀ ਔਰਤਾਂ ਨੂੰ ਵਿਹਾਰਕ ਮਦਦ ਦੇਣੀ ਚਾਹੀਦੀ ਹੈ ਜੋ ਮਹਿਸੂਸ ਕਰਦੀਆਂ ਹਨ ਕਿ ਗਰਭਪਾਤ ਉਨ੍ਹਾਂ ਲਈ ਇੱਕੋ ਇੱਕ ਵਿਕਲਪ ਹੈ, ਤਾਂ ਜੋ ਉਹ ਆਪਣੇ ਬੱਚਿਆਂ ਦੇ ਜੀਵਨ ਦੀ ਰੱਖਿਆ ਕਰਨ ਦੇ ਯੋਗ ਮਹਿਸੂਸ ਕਰਨ।
3. ਉਨ੍ਹਾਂ ਨੂੰ ਅਣਚਾਹੇ ਬੱਚਿਆਂ ਦੀ ਦੇਖਭਾਲ ਕਰਨੀ ਚਾਹੀਦੀ ਹੈ।
4. ਉਨ੍ਹਾਂ ਨੂੰ ਉਨ੍ਹਾਂ ਔਰਤਾਂ ਲਈ ਕਿਰਪਾ ਅਤੇ ਆਤਮਿਕ ਮਦਦ ਦੀ ਪੇਸ਼ਕਸ਼ ਕਰਨੀ ਚਾਹੀਦੀ ਹੈ ਜੋ ਅਤੀਤ ਦੇ ਗਰਭਪਾਤਾਂ ਦੇ ਦੋਸ਼ ਤੋਂ ਪੀੜਤ ਹਨ।

### ਇੱਕ ਅਣਜੰਮੇ ਬੱਚੇ ਦੀ ਦੇਖਭਾਲ

ਇਹ ਸਮਝਣਾ ਮਹੱਤਵਪੂਰਣ ਹੈ ਕਿ ਇੱਕ ਮਾਂ ਜਿਸ ਬੱਚੇ ਨੂੰ ਆਪਣੀ ਕੁੱਖ ਵਿੱਚ ਪਾਲਦੀ ਹੈ, ਉਸ ਦੀ ਇੱਕ ਸਦੀਪਕ ਮੰਜ਼ਿਲ ਹੁੰਦੀ ਹੈ। ਉਹ ਵਿਅਕਤੀ ਹਮੇਸ਼ਾ ਲਈ ਹੋਂਦ ਵਿੱਚ ਰਹੇਗਾ। ਇਸ ਕਰਕੇ, ਮਾਪਿਆਂ ਨੂੰ ਆਪਣੇ ਬੱਚਿਆਂ ਦੀ ਦੇਖਭਾਲ ਉਨ੍ਹਾਂ ਜੀਵਨ ਦੇ ਹਰ ਪਹਿਲੂ ਵਿੱਚ ਕਰਨੀ ਚਾਹੀਦੀ ਹੈ: ਸਰੀਰਕ, ਮਾਨਸਿਕ, ਸਮਾਜਿਕ/ਭਾਵਨਾਤਮਕ, ਅਤੇ ਆਤਮਿਕ!

► ਇੱਕ ਵਿਦਿਆਰਥੀ ਨੂੰ ਸਮੂਹ ਲਈ ਮੱਤੀ 18:2, 10 ਨੂੰ ਪੜ੍ਹਨਾ ਚਾਹੀਦਾ ਹੈ।

ਇੱਕ ਆਦਮੀ ਦਾ ਵਿਹਾਰ ਉਸ ਦੇ ਅਣਜੰਮੇ ਬੱਚੇ ਦੀ ਸਿਹਤ ਨੂੰ ਪ੍ਰਭਾਵਿਤ ਕਰ ਸਕਦਾ ਹੈ ਅਤੇ ਉਸ ਨੂੰ ਪਹਿਲਾਂ ਪਿਤਾ ਬਣਨ ਤੋਂ ਵੀ ਰੋਕ ਸਕਦਾ ਹੈ। ਸ਼ਰਾਬ, ਕੋਕੀਨ, ਜਾਂ ਸਿਗਰਟ ਪੀਣਾ ਮਰਦਾਂ ਦੇ ਸ਼ੁਕਰਾਣੂਆਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਬਾਂਝਪਣ (ਗਰਭਧਾਰਣ ਦਾ ਅਸੰਭਵ ਹੋਣਾ) ਜਾਂ ਗਰਭ ਦੇ ਗਿਰ ਜਾਣ (ਗਰਭ ਅਵਸਥਾ ਦੌਰਾਨ ਕੁਦਰਤੀ ਤੌਰ 'ਤੇ ਬੱਚੇ ਦਾ ਮਰ ਜਾਣਾ) ਦੀ ਸੰਭਾਵਨਾ ਨੂੰ ਵਧਾ ਸਕਦਾ ਹੈ।

ਇੱਕ ਗਰਭਵਤੀ ਮਾਂ ਦੁਆਰਾ ਨਸ਼ੀਲੇ ਪਦਾਰਥਾਂ ਦਾ ਸੇਵਨ ਜਿਵੇਂ ਕਿ ਨਸ਼ੀਲੀਆਂ ਦਵਾਈਆਂ, ਸ਼ਰਾਬ, ਜਾਂ ਸਿਗਰਟ ਵਰਗੇ ਨੁਕਸਾਨਦੇਹ ਪਦਾਰਥਾਂ ਦਾ ਸੇਵਨ ਉਸ ਦੇ ਬੱਚੇ ਨੂੰ ਸਥਾਈ ਤੌਰ 'ਤੇ ਨੁਕਸਾਨ ਪਹੁੰਚਾ ਸਕਦਾ ਹੈ। ਅਜਿਹੇ ਪਦਾਰਥ ਬੱਚੇ ਦੇ ਵਿਕਾਸ ਵਿੱਚ ਰੁਕਾਵਟ ਪਾਉਂਦੇ ਹਨ ਅਤੇ ਬੱਚੇ ਦੇ ਸਰੀਰਕ ਜਾਂ ਮਾਨਸਿਕ ਸਮੱਸਿਆਵਾਂ ਨਾਲ ਪੈਦਾ ਹੋਣ ਦਾ ਕਾਰਣ ਬਣਦੇ ਹਨ।[37]

[37] Greg Cook & Joan Cook, *The World of Children*, 3rd ed. (Pearson Education, 2013), 85.

ਇੱਕ ਅਣਜੰਮੇ ਬੱਚੇ ਦੇ ਵਿਕਾਸ ਦੌਰਾਨ ਸਭ ਤੋਂ ਮਹੱਤਵਪੂਰਨ ਸਮਿਆਂ ਵਿੱਚੋਂ ਇੱਕ ਸਮਾਂ ਉਹ ਹੁੰਦਾ ਹੈ ਜਦੋਂ ਅੰਗ ਅਤੇ ਟਿਸ਼ੂ ਪਹਿਲੀ ਵਾਰ ਵਿਕਸਤ ਹੁੰਦੇ ਹਨ, ਖਾਸ ਕਰਕੇ ਗਰਭ ਅਵਸਥਾ ਦੇ 3-4 ਹਫ਼ਤਿਆਂ ਦੇ ਵਿਚਕਾਰ। ਇਸ ਸਮੇਂ ਦੌਰਾਨ, ਬਹੁਤ ਸਾਰੀਆਂ ਔਰਤਾਂ ਨੂੰ ਅਜੇ ਪਤਾ ਹੀ ਨਹੀਂ ਹੁੰਦਾ ਕਿ ਉਨ੍ਹਾਂ ਦੀ ਕੁੱਖ ਦੇ ਵਿੱਚ ਇੱਕ ਬੱਚਾ ਹੈ!

► ਇੱਕ ਵਿਦਿਆਰਥੀ ਨੂੰ ਸਮੂਹ ਲਈ 1 ਕੁਰਿੰਥੀਆਂ 10:31 ਨੂੰ ਪੜ੍ਹਨਾ ਚਾਹੀਦਾ ਹੈ।

ਹਾਲਾਂਕਿ ਇੱਕ ਮਾਂ ਆਪਣੇ ਅਣਜੰਮੇ ਬੱਚੇ ਦੀ ਸਿਹਤ ਨੂੰ ਨਿਯੰਤਰਿਤ ਨਹੀਂ ਕਰ ਸਕਦੀ, ਪਰ ਉਸ ਨੂੰ ਬੱਚੇ ਦੀ ਵੱਧ ਤੋਂ ਵੱਧ ਮਦਦ ਕਰਨੀ ਚਾਹੀਦੀ ਹੈ, ਇਹ ਯਕੀਨੀ ਬਣਾ ਕੇ ਕਿ ਉਸ ਨੂੰ ਚੰਗਾ ਪੋਸ਼ਣ ਮਿਲ ਰਿਹਾ ਹੈ ਅਤੇ ਨੁਕਸਾਨਦੇਹ ਪਦਾਰਥਾਂ ਦੇ ਸੇਵਨ ਤੋਂ ਦੂਰ ਰਹਿ ਕੇ। ਪਰਮੇਸ਼ੁਰ ਆਖਦਾ ਹੈ ਕਿ ਬੱਚੇ ਅਨਮੋਲ ਹਨ, ਅਤੇ ਜਦੋਂ ਅਸੀਂ ਉਨ੍ਹਾਂ ਨਾਲ ਇਸ ਤਰ੍ਹਾਂ ਦਾ ਵਿਹਾਰ ਕਰਦੇ ਹਾਂ ਤਾਂ ਅਸੀਂ ਪਰਮੇਸ਼ੁਰ ਦੀ ਵਡਿਆਈ ਕਰਦੇ ਹਾਂ।

ਇਹ ਇੱਕ ਦੁਖਾਂਤ ਹੈ, ਜਦੋਂ ਇੱਕ ਬੱਚਾ ਜਨਮ ਲੈਣ ਦੇ ਸਮੇਂ ਤੱਕ ਜੀਉਂਦਾ ਨਹੀਂ ਰਹਿੰਦਾ। ਆਮ ਤੌਰ 'ਤੇ ਇੱਕ ਅਣਜੰਮੇ ਬੱਚੇ ਦੀ ਮੌਤ, ਮਾਂ ਦੁਆਰਾ ਕੀਤੇ ਗਏ ਕਿਸੇ ਵੀ ਕੰਮ ਦੇ ਕਾਰਣ ਨਹੀਂ ਹੁੰਦੀ। ਮਾਪਿਆਂ ਲਈ ਨੁਕਸਾਨ ਦੀ ਬਹੁਤ ਵੱਡੀ ਭਾਵਨਾ ਹੁੰਦੀ ਹੈ, ਅਤੇ ਦੂਸਰੇ ਵਿਸ਼ਵਾਸੀਆਂ ਨੂੰ ਉਸ ਸਮੇਂ ਉਨ੍ਹਾਂ ਨੂੰ ਦਿਲਾਸਾ ਦੇਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

### ਜਨਮ

ਜਦੋਂ ਕਿ ਜਨਮ ਦੇਣ ਦੇ ਅਨੁਭਵ ਨਾਲ ਸਬੰਧਤ ਵਿਲੱਖਣ ਸੱਭਿਆਚਾਰਕ ਰੀਤੀ-ਰਿਵਾਜ ਹਨ, ਪਰ ਦੁਨੀਆਂ ਭਰ ਵਿੱਚ ਔਰਤਾਂ ਲਈ ਜਨਮ ਦੇਣ ਬਾਰੇ ਬਹੁਤ ਕੁਝ ਇੱਕੋ ਜਿਹਾ ਹੈ। ਉਤਪਤ 3:16 ਵਿੱਚ, ਪਰਮੇਸ਼ੁਰ ਨੇ ਆਖਿਆ: "ਉਸ ਨੇ ਤੀਵੀਂ ਨੂੰ ਆਖਿਆ ਕਿ ਮੈਂ ਤੇਰੇ ਗਰਭ ਦੀ ਪੀੜ ਬਹੁਤ ਵਧਾਵਾਂਗਾ। ਪੀੜ ਨਾਲ ਤੂੰ ਬੱਚੇ ਜਣੇਗੀ..."

ਸਦੀਆਂ ਬੀਤ ਗਈਆਂ ਹਨ, ਅਤੇ ਪਰਮੇਸ਼ੁਰ ਦੇ ਸ਼ਬਦ ਅਜੇ ਵੀ ਪੂਰੀ ਦੁਨੀਆ ਵਿੱਚ ਸੱਚ ਹਨ। ਆਦਮ ਅਤੇ ਹੱਵਾਹ ਦੇ ਪਹਿਲੇ ਪਾਪ ਦੇ ਪ੍ਰਭਾਵ ਅਜੇ ਵੀ ਜਨਮ ਦੇਣ ਦੀ ਪ੍ਰਕਿਰਿਆ ਵਿੱਚ ਮਹਿਸੂਸ ਕੀਤੇ ਜਾਂਦੇ ਹਨ। ਯਿਸੂ ਦੀ ਮਾਂ ਮਰੀਅਮ ਵੀ ਇਸ ਤੋਂ ਮੁਕਤ ਨਹੀਂ ਸੀ, ਪਰ ਉਸ ਨੇ ਬੱਚੇ ਦੇ ਜਨਮ ਦੇ ਦਰਦ ਦਾ ਅਨੁਭਵ ਕੀਤਾ ਸੀ।

## ਸ਼ੁਰੂਆਤੀ ਬਚਪਨ

### ਸਰੀਰਕ ਵਿਕਾਸ

ਇੱਕ ਬੱਚਾ ਸਰੀਰਕ ਯੋਗਤਾਵਾਂ ਨੂੰ ਅਨੁਮਾਨਤ ਪੜਾਵਾਂ ਵਿੱਚ ਵਿਕਸਤ ਕਰਦਾ ਹੈ। ਇੱਕ ਬੱਚਾ ਪਹਿਲਾਂ ਆਪਣਾ ਸਿਰ ਉੱਪਰ ਰੱਖੇਗਾ, ਫਿਰ ਬੈਠੇਗਾ, ਫਿਰ ਰੁੜ੍ਹਨ ਲੱਗੇਗਾ, ਫਿਰ ਤੁਰੇਗਾ। ਜਦੋਂ ਇਨ੍ਹਾਂ ਵਿੱਚੋਂ ਕੋਈ ਵੀ ਇੱਕ ਅਨੁਮਾਨਿਤ ਸਮੇਂ ਦੇ ਅੰਦਰ ਨਹੀਂ ਹੁੰਦਾ, ਤਾਂ ਮਾਪੇ ਚਿੰਤਤ ਹੋ ਜਾਂਦੇ ਹਨ। ਜਿਵੇਂ-ਜਿਵੇਂ ਬੱਚੇ ਵਧਦੇ ਰਹਿੰਦੇ ਹਨ, ਅਸੀਂ ਉਨ੍ਹਾਂ ਨੂੰ 4-5 ਸਾਲ ਦੀ ਉਮਰ ਤੱਕ ਛਾਲ ਮਾਰਦੇ, ਉਤਾਂਹ

ਚੜ੍ਹਦੇ ਅਤੇ ਦੌੜਦੇ ਹੋਏ ਵੇਖਣ ਦੀ ਉਮੀਦ ਕਰਦੇ ਹਾਂ। ਉਹ ਸਿਰਫ਼ ਦੁੱਧ ਪੀਣ ਤੋਂ ਲੈ ਕੇ ਠੋਸ ਭੋਜਨ ਖਾਣ ਵੱਲ ਵਧਦੇ ਹਨ। ਪਰਿਵਾਰਕ ਮੈਂਬਰ ਆਪਣੇ ਬੱਚੇ ਦੇ ਇਸ ਕੁਦਰਤੀ ਸਰੀਰਕ ਵਿਕਾਸ ਲਈ ਖੁਸ਼ ਹੁੰਦੇ  ਹਨ ਅਤੇ ਉਸ ਨੂੰ ਉਤਸ਼ਾਹਿਤ ਕਰਦੇ ਹਨ।

**ਮਾਨਸਿਕ ਵਿਕਾਸ**

ਦੇਖਭਾਲ ਕਰਨ ਵਾਲੇ ਇੱਕ ਨਵਜੰਮੇ ਬੱਚੇ ਦੇ ਪਹਿਲੇ ਰੋਣ ਨੂੰ ਸੁਣਦੇ ਹਨ ਅਤੇ ਲਗਭਗ ਦੋ ਮਹੀਨਿਆਂ ਦੀ ਉਮਰ ਵਿੱਚ ਇੱਕ ਬੱਚੇ ਕਿੱਲਕਾਰੀਆਂ ਦੀ ਉਮੀਦ ਕਰਦੇ ਹਨ। ਅੱਗੇ, ਬੱਚਾ ਬੜਬੜ ਕਰਦਾ ਹੈ ਅਤੇ ਆਵਾਜ਼ਾਂ ਨੂੰ ਦੁਹਰਾਉਣਾ ਸ਼ੁਰੂ ਕਰਦਾ ਹੈ। ਮਾਪੇ ਲਗਭਗ ਛੇ ਮਹੀਨਿਆਂ ਦੀ ਉਮਰ ਵਿੱਚ "ਮੰਮੀ" ਜਾਂ "ਡੈਡੀ" ਕਹਿਣ ਵਾਲੇ ਬੱਚੇ ਦੇ ਲਈ ਉਤਸ਼ਾਹਿਤ ਹੁੰਦੇ ਹਨ। ਬੱਚੇ ਆਮ ਤੌਰ 'ਤੇ ਇੱਕ ਸਾਲ ਦੇ ਹੋਣ ਤੱਕ ਸ਼ਬਦ ਬੋਲ ਰਹੇ ਹੁੰਦੇ ਹਨ ਅਤੇ ਦੋ ਸਾਲ ਦੀ ਉਮਰ ਤੱਕ ਪੂਰੇ ਵਾਕ ਬੋਲ ਰਹੇ ਹੁੰਦੇ ਹਨ।

ਛੋਟੇ ਬੱਚੇ ਸਾਨੂੰ ਉਨ੍ਹਾਂ ਚੀਜ਼ਾਂ ਨਾਲ ਹੈਰਾਨ ਕਰਦੇ ਹਨ ਜੋ ਉਨ੍ਹਾਂ ਨੂੰ ਯਾਦ ਹੁੰਦੀਆਂ ਹਨ। ਉਹ ਬਹੁਤ ਸਾਰੇ ਸਵਾਲ ਪੁੱਛਦੇ ਹਨ। ਜੇਕਰ ਤੁਸੀਂ ਉਨ੍ਹਾਂ ਨਾਲ ਕੁਝ ਖਾਸ ਕਰਨ ਦਾ ਵਾਇਦਾ ਕਰਦੇ ਹੋ ਤਾਂ ਉਹ ਹਮੇਸ਼ਾ ਯਾਦ ਰੱਖਦੇ ਹਨ। ਉਨ੍ਹਾਂ ਦਾ ਮਾਨਸਿਕ ਵਿਕਾਸ ਪਰਮੇਸ਼ੁਰ ਦੀ ਬਣਤਰ ਦੇ ਕਾਰਣ ਹੁੰਦਾ ਹੈ, ਪਰ ਮਾਪਿਆਂ ਅਤੇ ਹੋਰ ਦੇਖਭਾਲ ਕਰਨ ਵਾਲਿਆਂ ਵੱਲੋਂ ਪਾਲਣ-ਪੋਸ਼ਣ ਬੱਚਿਆਂ ਦੇ ਉਨ੍ਹਾਂ ਦੀ ਪੂਰੀ ਸਮਰੱਥਾ ਅਨੁਸਾਰ ਵਿਕਸਤ ਹੋਣ ਵਿੱਚ ਬਹੁਤ ਫ਼ਰਕ ਪਾਉਂਦਾ ਹੈ।

**ਸਮਾਜਿਕ ਅਤੇ ਭਾਵਨਾਤਮਕ ਵਿਕਾਸ**

ਬੱਚਿਆਂ ਨੂੰ ਆਪਣੇ ਮਾਪਿਆਂ ਦੀ ਲੋੜ ਹੁੰਦੀ ਹੈ ਕਿ ਉਹ ਉਨ੍ਹਾਂ ਦੀ ਸਿਹਤਮੰਦ ਰਹਿਣ ਵਿੱਚ ਮਦਦ ਕਰਨ ਤਾਂ ਜੋ ਉਹ ਸਰੀਰਕ ਤੌਰ 'ਤੇ ਵਿਕਸਤ ਹੋ ਸਕਣ। ਹਾਲਾਂਕਿ, ਉਨ੍ਹਾਂ ਨੂੰ ਆਪਣੇ ਸਮਾਜਿਕ ਅਤੇ ਭਾਵਨਾਤਮਕ ਵਿਕਾਸ ਲਈ ਹੋਰ ਵੀ ਉਤਸ਼ਾਹ ਦੀ ਲੋੜ ਹੁੰਦੀ ਹੈ। ਮਾਪਿਆਂ, ਅਧਿਆਪਕਾਂ ਅਤੇ ਹੋਰ ਦੇਖਭਾਲ ਕਰਨ ਵਾਲਿਆਂ ਨੂੰ ਜਾਣਬੁੱਝ ਕੇ ਹਰੇਕ ਬੱਚੇ ਨੂੰ ਸਮਾਜਿਕ ਅਤੇ ਭਾਵਨਾਤਮਕ ਤੌਰ 'ਤੇ ਵਿਕਸਤ ਕਰਨ ਵਿੱਚ ਮਦਦ ਕਰਨੀ ਚਾਹੀਦੀ ਹੈ।

ਜਦੋਂ ਮਾਪੇ ਹੇਠਾਂ ਦਿੱਤੀ ਸੂਚੀ ਵਿੱਚ ਦਰਸਾਏ ਗਏ ਕੰਮ ਕਰਦੇ ਹਨ, ਉਨ੍ਹਾਂ ਦੇ ਬੱਚਿਆਂ ਨੂੰ ਸਮਾਜਿਕ ਅਤੇ ਭਾਵਨਾਤਮਕ ਤੌਰ 'ਤੇ ਵਿਕਸਤ ਹੋਣ ਅਤੇ ਪਰਿਪੱਕ ਹੋਣ ਵਿੱਚ ਮਦਦ ਮਿਲਦੀ ਹੈ।

► ਇਸ ਸੂਚੀ ਨੂੰ ਪੜ੍ਹੋ। ਫਿਰ ਦੂਸਰੀ ਵਾਰ ਸੂਚੀ ਨੂੰ ਪੜ੍ਹੋ। ਹਰੇਕ ਕੰਮ ਜੋ ਤੁਸੀਂ ਇੱਕ ਮਾਤਾ ਜਾਂ ਪਿਤਾ ਦੇ ਰੂਪ ਵਿੱਚ ਪਹਿਲਾਂ ਹੀ ਚੰਗੀ ਤਰ੍ਹਾਂ ਕਰਨ ਦੀ ਕੋਸ਼ਿਸ਼ ਕਰ ਰਹੇ ਹੋ, ਉਸ ਨਾਲ ਇੱਕ ਖਾਸ ਤਰੀਕੇ ਦੀ ਉਦਾਹਰਣ ਲਿਖੋ ਜਿਸ ਦੁਆਰਾ ਤੁਸੀਂ ਇਹ ਕਰ ਰਹੇ ਹੋ। ਉਨ੍ਹਾਂ ਦੇ ਨਾਲ ਇੱਕ ਸਹੀ ਦਾ ਨਿਸ਼ਾਨ ਲਗਾਓ ਜਿਨ੍ਹਾਂ ’ਤੇ ਤੁਸੀਂ ਜਾਣਬੁੱਝ ਕੇ ਕੰਮ ਨਹੀਂ ਕਰ ਰਹੇ ਹੋ। ਉਨ੍ਹਾਂ ਵਿੱਚੋਂ ਹਰੇਕ ਦੇ ਨਾਲ, ਕੁਝ ਅਜਿਹਾ ਲਿਖੋ ਜੋ ਤੁਸੀਂ ਕਰਨਾ ਸ਼ੁਰੂ ਕਰ ਸਕਦੇ ਹੋ। ਜੇਕਰ ਤੁਸੀਂ ਮਾਪੇ ਨਹੀਂ ਹੋ, ਤਾਂ ਤੁਸੀਂ ਸੂਚੀ ਵਿੱਚੋਂ ਉਹ ਚੀਜ਼ਾਂ ਚੁਣ ਸਕਦੇ ਹੋ ਜਿਨ੍ਹਾਂ ’ਤੇ ਤੁਸੀਂ ਉਨ੍ਹਾਂ ਬੱਚਿਆਂ ਲਈ ਕੰਮ ਕਰ ਸਕਦੇ ਹੋ ਜੋ ਤੁਹਾਡੇ ਰਿਸ਼ਤੇਦਾਰ ਹਨ ਜਾਂ ਜੋ ਤੁਹਾਡੇ ਪਰਿਵਾਰ ਦੇ ਨੇੜੇ ਹਨ।

### *ਆਪਣੇ ਬੱਚਿਆਂ ਦੇ ਪਰਿਪੱਕ ਹੋਣ ਵਿੱਚ ਉਨ੍ਹਾਂ ਦੀ ਮਦਦ ਕਰਨ ਦੇ ਤਰੀਕੇ.*[38]

(1) ਆਪਣੀ ਖੁਦ ਦੀ ਦੇਖਭਾਲ ਕਰਕੇ

- ਆਪਣੇ ਨਿੱਜੀ ਤਣਾਅ ਦਾ ਪ੍ਰਬੰਧਨ ਕਰੋ।
- ਆਪਣੇ ਪਰਿਵਾਰ ਦੇ ਸੰਸਾਧਨਾਂ ਦਾ ਪ੍ਰਬੰਧਨ ਕਰੋ।
- ਦੂਸਰੇ ਮਾਪਿਆਂ ਲਈ ਮਦਦ ਦੀ ਪੇਸ਼ਕਸ਼ ਕਰੋ।
- ਲੋੜ ਪੈਣ 'ਤੇ ਦੂਸਰਿਆਂ ਤੋਂ ਸਹਾਇਤਾ ਮੰਗੋ ਅਤੇ ਸਵੀਕਾਰ ਕਰੋ।
- ਆਪਣੀਆਂ ਨਿੱਜੀ ਤਾਕਤਾਂ ਅਤੇ ਪਾਲਣ-ਪੋਸ਼ਣ ਦੀਆਂ ਤਾਕਤਾਂ ਨੂੰ ਪਛਾਣੋ।
- ਬੱਚਿਆਂ ਦੇ ਪਾਲਣ-ਪੋਸ਼ਣ ਦੇ ਟੀਚੇ ਨਿਰਧਾਰਤ ਕਰਨ ਵਿੱਚ ਸਪੱਸ਼ਟ ਉਦੇਸ਼ ਰੱਖੋ।

(2) ਸਮਝਣ ਵਾਲੇ ਬਣਨ ਦੁਆਰਾ

- ਆਪਣੇ ਬੱਚਿਆਂ ਨੂੰ ਅਤੇ ਉਨ੍ਹਾਂ ਦੇ ਵਿਕਾਸ ਨੂੰ ਵੇਖੋ ਅਤੇ ਸਮਝੋ।
- ਪਛਾਣੋ ਕਿ ਬੱਚਿਆਂ ਦੇ ਆਲੇ ਦੁਆਲੇ ਜੋ ਵਾਪਰਦਾ ਹੈ, ਉਹ ਉਨ੍ਹਾਂ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ ਅਤੇ ਉਸ ਲਈ ਬੱਚੇ ਕਿਵੇਂ ਪ੍ਰਤੀਉੱਤਰ ਦਿੰਦੇ ਹਨ।

(3) ਮਾਰਗਦਰਸ਼ਨ ਕਰਕੇ

- ਢੁਕਵੇਂ, ਲੋੜੀਂਦੇ ਵਿਹਾਰ ਦਾ ਨਮੂਨਾ ਬਣੋ।
- ਵਾਜਬ ਸੀਮਾਵਾਂ ਸਥਾਪਤ ਕਰੋ ਅਤੇ ਇਨ੍ਹਾਂ ਨੂੰ ਬਣਾਈ ਰੱਖੋ।
- ਬੱਚਿਆਂ ਲਈ ਜ਼ਿੰਮੇਵਾਰੀ ਸਿੱਖਣ ਦੇ ਮੌਕੇ ਪ੍ਰਦਾਨ ਕਰੋ। (ਮੌਕੇ ਉਨ੍ਹਾਂ ਦੇ ਵਿਕਾਸ ਦੇ ਪੜਾਅ ਦੇ ਅਨੁਕੂਲ ਹੋਣੇ ਚਾਹੀਦੇ ਹਨ।)
- ਸਮੱਸਿਆ ਹੱਲ ਕਰਨ ਦੇ ਹੁਨਰ ਸਿਖਾਓ।
- ਬੱਚਿਆਂ ਦੀਆਂ ਗਤੀਵਿਧੀਆਂ ਵੱਲ ਧਿਆਨ ਦਿਓ।
- ਬੱਚਿਆਂ ਦੇ ਦੂਸਰੇ ਬੱਚਿਆਂ ਅਤੇ ਬਾਲਗਾਂ ਨਾਲ ਗੱਲਬਾਤ ਕਰਨ ਅਤੇ ਅਨੁਭਵਾਂ ਦੀ ਨਿਗਰਾਨੀ ਕਰੋ।

---

[38] ਇਸ ਤੋਂ ਲਿਆ ਗਿਆ ਹੈ, Charles A. Smith, et al., *National Extension Parent Education Model*. (Manhattan, Kansas: Kansas Cooperative Extension Service, 1994). https://www.k-state.edu/wwparent/nepem/nepem.pdf ਜੁਲਾਈ 31, 2023 ਨੂੰ ਇਸ ਤੋਂ ਲਿਆ ਗਿਆ ਹੈ.

(4) ਪਾਲਣ-ਪੋਸ਼ਣ ਕਰਨ ਦੁਆਰਾ

- ਪਿਆਰ ਅਤੇ ਹਮਦਰਦੀ ਦਾ ਪ੍ਰਗਟਾਵਾ ਕਰੋ।
- ਬੱਚਿਆਂ ਦੇ ਵਿੱਚ ਸਵੈ-ਮਾਣ ਅਤੇ ਉਮੀਦ ਨੂੰ ਪੈਦਾ ਕਰੋ।
- ਬੱਚਿਆਂ ਦੀਆਂ ਭਾਵਨਾਵਾਂ ਅਤੇ ਵਿਚਾਰਾਂ ਨੂੰ ਸੁਣੋ ਅਤੇ ਉਨ੍ਹਾਂ ਵੱਲ ਧਿਆਨ ਦਿਓ।
- ਦਿਆਲਗੀ ਸਿਖਾਓ।
- ਬੱਚਿਆਂ ਦੇ ਪੋਸ਼ਣ, ਰਹਿਣ ਬਸੇਰੇ, ਕੱਪੜੇ, ਸਿਹਤ ਅਤੇ ਸੁਰੱਖਿਆ ਦੀਆਂ ਜ਼ਰੂਰਤਾਂ ਪੂਰੀਆਂ ਕਰੋ।
- ਬੱਚਿਆਂ ਨਾਲ ਜੀਵਨ ਦਾ ਜਸ਼ਨ ਮਨਾਓ।
- ਬੱਚਿਆਂ ਦੀ ਇਸ ਵਿੱਚ ਮਦਦ ਕਰੋ ਕਿ ਉਹ ਪਰਿਵਾਰਕ ਇਤਿਹਾਸ ਅਤੇ ਸੱਭਿਆਚਾਰਕ ਵਿਰਾਸਤ ਨਾਲ ਜੁੜੇ ਹੋਏ ਮਹਿਸੂਸ ਕਰਨ।

(5) ਪ੍ਰੇਰਿਤ ਕਰਨ ਦੁਆਰਾ

- ਬੱਚਿਆਂ ਨੂੰ ਆਪਣੇ ਬਾਰੇ, ਦੂਸਰਿਆਂ ਬਾਰੇ ਅਤੇ ਆਪਣੇ ਆਲੇ ਦੁਆਲੇ ਦੀ ਦੁਨੀਆਂ ਬਾਰੇ ਸਿਖਾਓ।
- ਉਤਸੁਕਤਾ, ਕਲਪਨਾ ਅਤੇ ਗਿਆਨ ਲਈ ਭਾਲ ਨੂੰ ਉਤਸ਼ਾਹਿਤ ਕਰੋ।
- ਸਿੱਖਣ ਦੇ ਹਾਲਾਤਾਂ ਨੂੰ ਲਾਭਦਾਇਕ ਬਣਾਓ।
- ਬੱਚਿਆਂ ਦੀ ਜਾਣਕਾਰੀ ਪ੍ਰਾਪਤ ਕਰਨ ਅਤੇ ਉਸ ਦਾ ਪ੍ਰਬੰਧਨ ਕਰਨ ਵਿੱਚ ਮਦਦ ਕਰੋ।

(6) ਵਕਾਲਤ ਕਰਨ ਦੁਆਰਾ

- ਆਪਣੇ ਬੱਚਿਆਂ ਅਤੇ ਬੱਚਿਆਂ ਦੇ ਭਾਈਚਾਰੇ ਨੂੰ ਲਾਭ ਪਹੁੰਚਾਉਣ ਲਈ ਭਾਈਚਾਰਕ ਸਰੋਤ ਲੱਭੋ, ਉਨ੍ਹਾਂ ਦੀ ਵਰਤੋਂ ਕਰੋ ਅਤੇ ਬਣਾਓ।
- ਬੱਚਿਆਂ ਅਤੇ ਪਰਿਵਾਰਾਂ ਲਈ ਸਹਾਇਕ ਵਾਤਾਵਰਣ ਬਣਾਉਣ ਲਈ ਸਮਾਜਿਕ ਤਬਦੀਲੀ ਨੂੰ ਉਤਸ਼ਾਹਿਤ ਕਰੋ।
- ਪਰਿਵਾਰ, ਆਂਢ-ਗੁਆਂਢ ਅਤੇ ਭਾਈਚਾਰਕ ਸਮੂਹਾਂ ਨਾਲ ਸਬੰਧ ਬਣਾਓ।

**ਆਤਮਿਕ ਵਿਕਾਸ**

ਕਿਉਂਕਿ ਪਰਮੇਸ਼ੁਰ ਨੇ ਸਾਨੂੰ ਆਤਮਿਕ ਜੀਵਨ ਨਾਲ ਬਣਾਇਆ ਹੈ (ਉਤਪਤ 2:7), ਸਾਨੂੰ ਆਪਣੇ ਬੱਚਿਆਂ ਨੂੰ ਵਿਸ਼ਵਾਸ ਸਿਖਾਉਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਪਰਮੇਸ਼ੁਰ ਨਾਲ ਰਿਸ਼ਤੇ ਵਿੱਚ ਰਹਿਣ ਲਈ ਅਗਵਾਈ ਕਰਨੀ ਚਾਹੀਦੀ ਹੈ।

► ਵਿਦਿਆਰਥੀਆਂ ਨੂੰ ਸਮੂਹ ਲਈ ਜ਼ਬੂਰ 78:5-8 ਅਤੇ ਬਿਵਸਥਾ ਸਾਰ 6:4-9 ਨੂੰ ਪੜ੍ਹਨਾ ਚਾਹੀਦਾ ਹੈ। ਤੁਸੀਂ ਆਪਣੇ ਪਰਿਵਾਰ ਨੂੰ ਲਗਨ ਨਾਲ ਸਿਖਾਉਣ ਲਈ ਪਰਮੇਸ਼ੁਰ ਦੇ ਹੁਕਮ ਦੀ ਪਾਲਣਾ ਕਿਸ ਤਰ੍ਹਾਂ ਕਰ ਰਹੇ ਹੋ? ਅਜਿਹੇ ਕੁਝ ਖੇਤਰ ਕਿਹੜੇ ਹਨ ਜਿਨ੍ਹਾਂ ਵਿੱਚ ਤੁਹਾਨੂੰ ਵਿਕਾਸ ਕਰਨ ਦੀ ਲੋੜ ਹੈ?

ਸਾਨੂੰ ਆਪਣੇ ਪਰਿਵਾਰਾਂ ਨੂੰ ਸਿਖਾਉਣ ਬਾਰੇ ਪਰਮੇਸ਼ੁਰ ਦੇ ਹੁਕਮਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਨਹੀਂ ਤਾਂ, ਅਸੀਂ

ਪਰਮੇਸ਼ੁਰ ਦੀ ਆਗਿਆਕਾਰੀ ਵਿੱਚ ਜੀਣ ਵਿੱਚ ਅਸਫਲ ਰਹਿੰਦੇ ਹਾਂ, ਅਤੇ ਸਾਡੇ ਬੱਚੇ ਵੀ ਪਰਮੇਸ਼ੁਰ ਦੇ ਅਧਿਕਾਰ ਨੂੰ ਰੱਦ ਕਰ ਦੇਣਗੇ।

ਬੱਚਿਆਂ ਨੂੰ ਸਿਖਾਉਣ ਦੇ ਕਈ ਰੂਪ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ: ਬਾਈਬਲ ਪੜ੍ਹਨਾ, ਯਿਸੂ ਦੇ ਗੀਤ ਗਾਉਣਾ, ਵਚਨਾਂ ਨੂੰ ਯਾਦ ਕਰਨਾ, ਪ੍ਰਾਰਥਨਾ ਕਰਨਾ, ਸਿਖਾਉਣ ਲਈ ਸਵਾਲਾਂ ਅਤੇ ਜਵਾਬਾਂ ਦੀ ਵਰਤੋਂ ਕਰਨਾ, ਅਤੇ ਰੋਜ਼ਾਨਾ ਗੱਲਬਾਤ ਕਰਨਾ। ਕਲੀਸਿਯਾ ਵਿੱਚ ਹਿੱਸਾ ਲੈਣਾ ਵੀ ਪੂਰੇ ਪਰਿਵਾਰ ਲਈ ਮਹੱਤਵਪੂਰਣ ਹੈ।

ਕਈ ਵਾਰ ਮਾਂ ਜਾਂ ਪਿਓ ਬੱਚਿਆਂ ਨੂੰ ਸੌਂਦੇ ਸਮੇਂ ਫੜ ਸਕਦੇ ਹਨ, ਵਿਸ਼ਵਾਸ ਅਤੇ ਸਾਡੇ ਲਈ ਯਿਸੂ ਦੇ ਪਿਆਰ ਬਾਰੇ ਗੀਤ ਗਾਉਂਦੇ ਹੋਏ। ਬੱਚੇ ਆਪਣੇ ਮਾਪਿਆਂ ਦੀ ਪਿਆਰ ਭਰੀ ਦੇਖਭਾਲ ਦਾ ਅਨੁਭਵ ਕਰਦੇ ਹੋਏ ਪਰਮੇਸ਼ੁਰ ਦੇ ਪਿਆਰ ਅਤੇ ਵਫ਼ਾਦਾਰੀ ਬਾਰੇ ਸੁਣਦੇ ਹੋਏ, ਮਜ਼ਬੂਤ ਵਿਸ਼ਵਾਸ ਵਿਕਸਤ ਕਰਦੇ ਹਨ।

### ਸਾਰ

ਜਦੋਂ ਤੁਸੀਂ ਮਾਪੇ ਬਣ ਜਾਂਦੇ ਹੋ, ਤਾਂ ਤੁਹਾਡੇ ਦਿਨ ਬਹੁਤ ਰੁਝੇਵੇਂ ਭਰੇ ਹੁੰਦੇ ਹਨ। ਉਹ ਰੁੱਝੇ ਹੁੰਦੇ ਹਨ; ਉਹ ਥਕਾ ਦੇਣ ਵਾਲੇ ਹੁੰਦੇ ਹਨ; ਉਹ ਤੁਹਾਡੇ ਆਪਣੇ ਨਹੀਂ ਹੁੰਦੇ। ਹਾਲਾਂਕਿ, ਰੋਣ, ਡੁੱਲ੍ਹੇ ਹੋਏ ਦੁੱਧ, ਗੰਦੇ ਡਾਇਪਰਾਂ ਅਤੇ ਕਦੇ ਨਾ ਖਤਮ ਹੋਣ ਵਾਲੇ ਰੋਜ਼ਾਨਾ ਕੰਮਾਂ ਦੇ ਵਿਚਕਾਰ, ਰੁਕਣ ਅਤੇ ਦ੍ਰਿਸ਼ਟੀਕੋਣ ਪ੍ਰਾਪਤ ਕਰਨ ਲਈ ਸਮਾਂ ਕੱਢੋ। ਯਾਦ ਰੱਖੋ ਕਿ ਤੁਸੀਂ ਪਰਮੇਸ਼ੁਰ ਦੇ ਬੱਚਿਆਂ ਵਿੱਚੋਂ ਇੱਕ ਦੀ ਦੇਖਭਾਲ ਕਰ ਰਹੇ ਹੋ, ਜਿਸ ਨੂੰ ਉਸ ਨੇ, ਆਪਣੀ ਸਦੀਵੀ ਯੋਜਨਾ ਵਿੱਚ, ਤੁਹਾਨੂੰ ਸੌਂਪਿਆ ਹੈ। ਉਹ ਤੁਹਾਡੇ ਤੋਂ ਆਪਣੇ ਬੱਚਿਆਂ ਲਈ ਇੱਕ ਸੰਪੂਰਣ ਘਰ, ਇੱਕ ਪ੍ਰਭਾਵਸ਼ਾਲੀ ਬਜਟ ਯੋਜਨਾ, ਸ਼ਾਨਦਾਰ ਭੋਜਨ, ਜਾਂ ਮਹਿੰਗੇ ਕੱਪੜੇ ਨਹੀਂ ਮੰਗ ਰਿਹਾ ਹੈ। ਉਹ ਤੁਹਾਡੇ ਤੋਂ ਇਹ ਮੰਗ ਕਰ ਰਿਹਾ ਹੈ:

> ਤੁਸੀਂ ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਮਨ, ਆਪਣੀ ਸਾਰੀ ਜਾਨ ਅਤੇ ਆਪਣੇ ਸਾਰੇ ਜ਼ੋਰ ਨਾਲ ਪਿਆਰ ਕਰੋ ਅਤੇ ਇਹ ਗੱਲਾਂ ਜਿਨ੍ਹਾ ਦਾ ਮੈਂ ਤੁਹਾਨੂੰ ਅੱਜ ਹੁਕਮ ਦਿੰਦਾ ਹਾਂ ਤੁਹਾਡੇ ਹਿਰਦੇ ਉੱਤੇ ਹੋਣ ਤੁਸੀਂ ਓਹਨਾਂ ਨੂੰ ਆਪਣੇ ਬੱਚਿਆ ਨੂੰ ਸਿਖਲਾਓ ਤੁਸੀਂ ਆਪਣੇ ਘਰ ਬੈਠਿਆ, ਰਾਹ ਤੁਰਦਿਆਂ, ਲੇਟਦਿਆਂ ਅਰ ਉੱਠਦਿਆਂ ਓਹਨਾਂ ਦਾ ਚਰਚਾ ਕਰੋ (ਬਿਵਸਥਾ ਸਾਰ 6:5-7)।

## ਸਮੂਹ ਵਿੱਚ ਚਰਚਾ ਲਈ

► ਤੁਹਾਡੇ ਭਾਈਚਾਰੇ ਵਿੱਚ ਬੱਚਿਆਂ ਦੀ ਦੇਖਭਾਲ ਦੇ ਕਿਹੜੇ ਪਹਿਲੂਆਂ ਨੂੰ ਅਕਸਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ?

► ਪਰਿਵਾਰਾਂ ਨੂੰ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ? ਉਨ੍ਹਾਂ ਲਈ ਬੱਚੇ ਲਈ ਉਹ ਦੇਖਭਾਲ ਪ੍ਰਦਾਨ ਕਰਨਾ ਆਸਾਨ ਕਿਉਂ ਨਹੀਂ ਹੈ ਜਿਸ ਬਾਰੇ ਇਸ ਪਾਠ ਵਿੱਚ ਦੱਸਿਆ ਗਿਆ ਹੈ?

► ਵਿਸ਼ਵਾਸੀ ਗਰਭਵਤੀ ਮਾਵਾਂ ਦੀ ਆਪਣੀ ਅਤੇ ਆਪਣੇ ਅਣਜੰਮੇ ਬੱਚਿਆਂ ਦੀ ਦੇਖਭਾਲ ਕਰਨ ਵਿੱਚ ਕਿਵੇਂ ਮਦਦ ਕਰ ਸਕਦੇ ਹਨ?

► ਛੋਟੇ ਬੱਚਿਆਂ ਅਤੇ ਉਨ੍ਹਾਂ ਦੀਆਂ ਮਾਵਾਂ ਦੇ ਜੀਵਨ ਨੂੰ ਅਸੀਸ ਦੇਣ ਲਈ ਮਸੀਹੀ ਪਰਿਵਾਰ ਇਕੱਠੇ ਕੰਮ ਕਿਵੇਂ ਕਰ ਸਕਦੇ ਹਨ?

► ਕਲੀਸਿਯਾ ਇੱਕ ਅਜਿਹੀ ਸੇਵਕਾਈ ਦਾ ਪ੍ਰਬੰਧ ਕਿਵੇਂ ਕਰ ਸਕਦੀ ਹੈ ਜੋ ਛੋਟੇ ਬੱਚਿਆਂ ਦੀਆਂ ਜ਼ਰੂਰਤਾਂ ਦੀ ਦੇਖਭਾਲ ਕਰਦੀ ਹੈ?

## ਪ੍ਰਾਰਥਨਾ

ਸਵਰਗੀ ਪਿਤਾ,

ਅਸੀਂ ਤੇਰੀ ਅਰਾਧਨਾ ਕਰਦੇ ਹਾਂ, ਹੇ ਸਾਡੇ ਸ਼ਾਨਦਾਰ ਸਿਰਜਣਹਾਰ। ਤੂੰ ਸਾਨੂੰ ਸਾਡੀਆਂ ਮਾਵਾਂ ਦੇ ਗਰਭ ਵਿੱਚ ਬਣਾਇਆ ਹੈ ਅਤੇ ਸਾਡੀ ਸਾਰੀ ਜ਼ਿੰਦਗੀ ਸਾਡੀ ਦੇਖਭਾਲ ਕੀਤੀ ਹੈ। ਤੂੰ ਸਾਡੇ ਜਨਮ ਤੋਂ ਪਹਿਲਾਂ ਹੀ ਸਾਡੇ ਬਾਰੇ ਸਭ ਕੁਝ ਜਾਣਦਾ ਸੀ।

ਕਮਜ਼ੋਰ ਲੋਕਾਂ ਦੀ ਰੱਖਿਆ ਕਰਨ ਲਈ ਅਸੀਂ ਜੋ ਕਰ ਸਕਦੇ ਹਾਂ, ਉਹ ਕਰਨ ਵਿੱਚ ਸਾਡੀ ਮਦਦ ਕਰ, ਜਿਨ੍ਹਾਂ ਵਿੱਚ ਉਹ ਵੀ ਸ਼ਾਮਲ ਹਨ ਜੋ ਅਜੇ ਵੀ ਆਪਣੀਆਂ ਮਾਵਾਂ ਦੇ ਗਰਭ ਵਿੱਚ ਹਨ। ਉਨ੍ਹਾਂ ਨੂੰ ਅਸੀਸ ਦੇ ਜੋ ਗਰਭਵਤੀ ਮਾਵਾਂ ਦੀ ਸੇਵਾ ਕਰ ਰਹੇ ਹਨ।

ਬੱਚਿਆਂ ਨੂੰ ਜਨਮ ਦੇਣ ਅਤੇ ਪਾਲਣ-ਪੋਸ਼ਣ ਦੇ ਵਿਸ਼ੇਸ਼ ਅਧਿਕਾਰ ਅਤੇ ਜ਼ਿੰਮੇਵਾਰੀ ਲਈ ਸਾਡੇ ’ਤੇ ਭਰੋਸਾ ਕਰਨ ਲਈ ਤੇਰਾ ਧੰਨਵਾਦ। ਜਿਵੇਂ ਤੂੰ ਸਾਡੇ ਬੱਚਿਆਂ ਨੂੰ ਬਣਾਉਂਦਾ ਅਤੇ ਵਿਕਸਤ ਕਰਦਾ ਹੈਂ, ਸਾਡੀ ਮਦਦ ਕਰ ਕਿ ਅਸੀਂ ਉਨ੍ਹਾਂ ਦੀ ਦੇਖਭਾਲ ਅਤੇ ਉਨ੍ਹਾਂ ਦੀ ਸਿਖਲਾਈ ਵਿੱਚ ਧਿਆਨ ਦੇਣ ਵਾਲੇ ਅਤੇ ਲਗਨ ਨਾਲ ਮਿਹਨਤ ਕਰਨ ਵਾਲੇ ਬਣੀਏ।

ਅਸੀਂ ਆਪਣੇ ਬੱਚਿਆਂ ਦੀ ਪਰਵਰਿਸ਼ ਕਰਨ ਦੇ ਤਰੀਕੇ ਵਿੱਚ ਤੇਰੇ ਪ੍ਰਤੀ ਆਗਿਆਕਾਰੀ ਬਣਨਾ ਚਾਹੁੰਦੇ ਹਾਂ। ਸਾਡੇ ਬੱਚਿਆਂ ਲਈ ਅੱਗੇ ਤੈਨੂੰ ਚੰਗੀ ਤਰ੍ਹਾਂ ਪਰਗਟ ਕਰਨ ਵਿੱਚ ਸਾਡੀ ਮਦਦ ਕਰ। ਸਾਨੂੰ ਆਪਣੇ ਬੱਚਿਆਂ ਨੂੰ ਤੈਨੂੰ ਪਿਆਰ ਕਰਨਾ ਅਤੇ ਤੇਰਾ ਹੁਕਮ ਮੰਨਣਾ ਸਿਖਾਉਣ ਦੇ ਯੋਗ ਬਣਾ।

ਆਮੀਨ

## ਪਾਠ ਕਾਰਜ

(1) 2 ਤਿਮੋਥਿਉਸ 1:3-5; 1 ਕੁਰਿੰਥੀਆਂ 4:17; ਫ਼ਿਲਿੱਪੀਆਂ 2:19-23 ਨੂੰ ਪੜ੍ਹੋ। ਇਨ੍ਹਾਂ ਸਵਾਲਾਂ ਦੇ ਜਵਾਬ ਦਿੰਦੇ ਹੋਏ ਇੱਕ ਪੈਰਾ ਲਿਖੋ:

- ਕਿਹੜੀਆਂ ਦੋ ਔਰਤਾਂ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਪਰਿਵਾਰ ਵਿੱਚ ਉਨ੍ਹਾਂ ਦੀ ਕੀ ਭੂਮਿਕਾ ਸੀ?
- ਉਨ੍ਹਾਂ ਦਾ ਤਿਮੋਥਿਉਸ 'ਤੇ ਕੀ ਪ੍ਰਭਾਵ ਪਿਆ?
- ਮੁੱਢਲੀ ਕਲੀਸਿਯਾ ਦੇ ਜੀਵਨ ਵਿੱਚ ਉਨ੍ਹਾਂ ਦੇ ਪ੍ਰਭਾਵ ਦਾ ਕੀ ਅਸਰ ਪਿਆ?

(2) ਇਸ ਕੋਰਸ ਦੌਰਾਨ ਯਾਦ ਕੀਤੇ ਗਏ ਵਚਨ ਦੇ ਹਵਾਲਿਆਂ ਦੀ ਸਮੀਖਿਆ ਕਰੋ: ਬਿਵਸਥਾ ਸਾਰ 6:4-9, ਰੋਮੀਆਂ 6:11-14, ਕੁਲੁੱਸੀਆਂ 3:5-7, ਅਤੇ ਪਾਠ 5, ਕਾਰਜ 4 ਵਿੱਚ ਯਾਦ ਰੱਖਣ ਲਈ ਤੁਹਾਡੇ ਦੁਆਰਾ ਚੁਣੀਆਂ ਗਈਆਂ ਆਇਤਾਂ। ਜਦੋਂ ਤੁਸੀਂ ਇਨ੍ਹਾਂ ਆਇਤਾਂ ਦੇ ਰਾਹੀਂ ਕੰਮ ਕਰਦੇ ਹੋ ਤਾਂ ਇਹ ਆਇਤਾਂ ਤੁਹਾਨੂੰ ਕਿਵੇਂ ਪ੍ਰਭਾਵਿਤ ਕਰ ਰਹੀਆਂ ਹਨ?

(3) ਜ਼ਬੂਰ 78:4-8 ਨੂੰ ਯਾਦ ਕਰੋ। ਅਗਲੀ ਕਲਾਸ ਦੇ ਸਮੇਂ ਦੇ ਸ਼ੁਰੂ ਵਿੱਚ, ਇਸ ਹਵਾਲੇ ਨੂੰ ਜ਼ੁਬਾਨੀ ਲਿਖੋ ਜਾਂ ਸੁਣਾਓ।

(4) ਆਪਣੇ ਪਰਿਵਾਰ ਦੇ ਹਰੇਕ ਵਿਅਕਤੀ ਲਈ ਉਨ੍ਹਾਂ ਦੀਆਂ ਨਿੱਜੀ ਜ਼ਰੂਰਤਾਂ ਵਿੱਚ ਖਾਸ ਤੌਰ 'ਤੇ ਪ੍ਰਾਰਥਨਾ ਕਰੋ। ਆਪਣੇ ਲਈ ਪ੍ਰਾਰਥਨਾ ਕਰੋ।

# ਪਾਠ 12

# ਬੱਚੇ ਦੀ ਉਦੇਸ਼ਪੂਰਣ ਪਰਵਰਿਸ਼

## ਪਾਠ ਦੇ ਟੀਚੇ

ਇਸ ਪਾਠ ਦੇ ਅੰਤ ਵਿੱਚ, ਵਿਦਿਆਰਥੀ ਹੇਠਾਂ ਦੱਸੇ ਕੰਮ ਕਰਨ ਦੇ ਯੋਗ ਹੋਣੇ ਚਾਹੀਦੇ ਹਨ:

(1) ਪਰਮੇਸ਼ੁਰ ਦੁਆਰਾ ਮਾਪਿਆਂ ਨੂੰ ਦਿੱਤੀਆਂ ਗਈਆਂ ਜ਼ਿੰਮੇਵਾਰੀਆਂ ਬਾਰੇ ਦੱਸਣਾ।

(2) ਮੁੱਢਲੇ ਚਰਿੱਤਰ ਵਿਕਾਸ ਦੀ ਮਹੱਤਤਾ ਨੂੰ ਸਮਝਣਾ।

(3) ਜੀਵਨ ਦੇ ਨੌਂ ਖੇਤਰਾਂ ਵਿੱਚ ਬੱਚਿਆਂ ਦੇ ਵਿਕਾਸ ਲਈ ਸੋਚ ਸਮਝ ਕੇ ਯੋਜਨਾ ਬਣਾਉਣ ਲਈ ਤਿਆਰ ਰਹਿਣਾ।

(4) ਬੱਚੇ ਦੀ ਸੁਤੰਤਰ ਇੱਛਾ ਅਤੇ ਬੱਚੇ ’ਤੇ ਬਾਹਰੀ ਪ੍ਰਭਾਵਾਂ ਵਿਚਕਾਰ ਆਪਸੀ ਤਾਲਮੇਲ ਦੀ ਵਿਆਖਿਆ ਕਰਨਾ।

(5) ਬੱਚਿਆਂ ਦੇ ਵਫ਼ਾਦਾਰ ਚੇਲੇਪਣ ਲਈ ਸਮਰਪਿਤ ਹੋਣਾ।

## ਜੋਨਾਥਨ ਐਡਵਰਡਸ, ਇੱਕ ਪਰਿਵਾਰਕ ਵਿਰਾਸਤ ਦੇ ਪਿਤਾ

ਜੋਨਾਥਨ ਐਡਵਰਡਸ ਇੱਕ ਆਦਰਯੋਗ ਪਾਸਟਰ ਅਤੇ ਧਰਮ ਸ਼ਾਸਤਰੀ ਸਨ ਜੋ 1700 ਦੇ ਦਹਾਕੇ ਵਿੱਚ ਸਨ। ਉਹ ਅਤੇ ਉਨ੍ਹਾਂ ਦੀ ਪਤਨੀ ਸਾਰਾਹ ਗਿਆਰਾਂ ਬੱਚਿਆਂ ਦੇ ਮਾਪੇ ਸਨ। ਸਾਰਾਹ ਇੱਕ ਸ਼ਾਨਦਾਰ ਪਤਨੀ ਅਤੇ ਮਾਂ ਸੀ, ਜਿਸ ਦਾ ਆਪਣੇ ਬੱਚਿਆਂ ਦੇ ਚਰਿੱਤਰ ਦੇ ਨਿਰਮਾਣ ਉੱਤੇ ਬਹੁਤ ਵੱਡਾ ਪ੍ਰਭਾਵ ਸੀ। ਜੋਨਾਥਨ ਆਪ ਇੱਕ ਸਮਰਪਿਤ ਪਿਤਾ ਸੀ। ਸਾਨੂੰ ਦੱਸਿਆ ਗਿਆ ਹੈ ਕਿ "ਹਰ ਰਾਤ ਜਦੋਂ ਮਿਸਟਰ ਐਡਵਰਡਸ ਘਰ ਹੁੰਦੇ ਸਨ, ਉਹ ਆਪਣੇ ਪਰਿਵਾਰ ਨਾਲ ਗੱਲਬਾਤ ਕਰਨ ਵਿੱਚ ਇੱਕ ਘੰਟਾ ਬਿਤਾਉਂਦੇ ਸਨ ਅਤੇ ਫਿਰ ਹਰੇਕ ਬੱਚੇ ਲਈ ਅਸੀਸ ਦੀ ਪ੍ਰਾਰਥਨਾ ਕਰਦੇ ਸਨ।".[39]

---

[39] ਇਹ ਹਵਾਲਾ ਅਤੇ ਇਸ ਭਾਗ ਦੇ ਲਈ ਜਾਣਕਾਰੀ ਇਸ ਤੋਂ ਆਉਂਦੀ ਹੈ, Larry Ballard, “Multigenerational Legacies – the Story of Jonathan Edwards,” YWAM Family Ministries, July 1, 2017. https://www.ywam-fmi.org/news/multigenerational-legacies-the-story-of-jonathan-edwards/ ਜਨਵਰੀ 11, 2021 ਨੂੰ ਇਸ ਤੋਂ ਲਿਆ ਗਿਆ ਹੈ.

1800 ਦੇ ਦਹਾਕੇ ਦੇ ਅਖੀਰ ਦੇ ਇੱਕ ਸਿੱਖਿਅਕ ਏ. ਈ. ਵਿਨਸ਼ਿਪ ਨੇ ਜੋਨਾਥਨ ਅਤੇ ਸਾਰਾਹ ਐਡਵਰਡਸ ਦੀ ਵਿਰਾਸਤ ਦੀ ਖੋਜ ਕੀਤੀ, ਜੋਨਾਥਨ ਦੀ ਮੌਤ ਤੋਂ 150 ਸਾਲਾਂ ਬਾਅਦ ਉਨ੍ਹਾਂ ਦੇ ਵੰਸ਼ਜਾਂ ਦੇ ਜੀਵਨ ਦਾ ਪਤਾ ਲਗਾਇਆ। ਉਸ ਨੇ ਪਾਇਆ ਕਿ ਐਡਵਰਡਸ ਦੀ ਵਿਰਾਸਤ ਵਿੱਚ ਇਹ ਸ਼ਾਮਲ ਸਨ:

- 1 ਸੰਯੁਕਤ ਰਾਜ ਅਮਰੀਕਾ ਦੇ ਉਪ-ਰਾਸ਼ਟਰਪਤੀ
- ਇੱਕ ਕਾਨੂੰਨ ਸਕੂਲ ਦਾ 1 ਡੀਨ
- ਇੱਕ ਮੈਡੀਕਲ ਸਕੂਲ ਦਾ 1 ਡੀਨ
- 3 ਸੰਯੁਕਤ ਰਾਜ ਅਮਰੀਕਾ ਦੇ ਸੈਨੇਟਰ
- 3 ਗਵਰਨਰ
- 3 ਮੇਅਰ
- 13 ਕਾਲਜ ਪ੍ਰਧਾਨ
- 30 ਜੱਜ
- 60 ਡਾਕਟਰ
- 65 ਪ੍ਰੋਫੈਸਰ
- 75 ਫੌਜੀ ਅਧਿਕਾਰੀ
- 80 ਜਨਤਕ ਅਹੁਦੇਦਾਰ
- 100 ਵਕੀਲ
- 100 ਪਾਸਟਰ/ਕਲੀਸਿਯਾ ਆਗੂ
- 285 ਕਾਲਜ ਗ੍ਰੈਜੂਏਟ

ਅਜਿਹੀ ਫਲਦਾਇਕ ਵਿਰਾਸਤ ਕਿਵੇਂ ਸੰਭਵ ਹੈ? ਗਿਆਰਾਂ ਐਡਵਰਡਸ ਬੱਚਿਆਂ ਦੇ ਜੀਵਨ ਵਿੱਚ ਕੀ ਨਿਵੇਸ਼ ਕੀਤਾ ਗਿਆ ਸੀ ਜਿਨ੍ਹਾਂ ਨੇ ਆਪਣੀ ਇਮਾਨਦਾਰੀ, ਜ਼ਿੰਮੇਵਾਰੀ, ਅਗਵਾਈ ਅਤੇ ਸਮਾਜ ਦੀ ਸੇਵਾ ਲਈ ਮਸ਼ਹੂਰ ਵੰਸ਼ਜ ਪੈਦਾ ਕੀਤੇ? ਯਕੀਨਨ ਜੋਨਾਥਨ ਇੱਕ ਧਰਮੀ ਅਤੇ ਮਿਹਨਤੀ ਪਿਤਾ ਸੀ ਜੋ ਆਪਣੇ ਬੱਚਿਆਂ ਲਈ ਇੱਕ ਵਫ਼ਾਦਾਰ ਉਦਾਹਰਣ ਸੀ।

ਬਾਈਬਲ ਸਾਨੂੰ ਵਿਖਾਉਂਦੀ ਹੈ ਕਿ ਮਾਪਿਆਂ ਦੇ ਫੈਸਲੇ ਆਉਣ ਵਾਲੀਆਂ ਪੀੜ੍ਹੀਆਂ ਵਿੱਚ ਵੀ ਉਨ੍ਹਾਂ ਦੇ ਬੱਚਿਆਂ ਦੇ ਪਰਮੇਸ਼ੁਰ ਨਾਲ ਰਿਸ਼ਤੇ ਨੂੰ ਪ੍ਰਭਾਵਿਤ ਕਰਦੇ ਹਨ।

► ਵਿਦਿਆਰਥੀਆਂ ਨੂੰ ਸਮੂਹ ਲਈ ਬਿਵਸਥਾ ਸਾਰ 5:9-10 ਅਤੇ ਬਿਵਸਥਾ ਸਾਰ 7:9 ਨੂੰ ਪੜ੍ਹਨਾ ਚਾਹੀਦਾ ਹੈ।

ਕਿਸੇ ਦੇ ਮਾਪਿਆਂ ਨੇ ਭਾਵੇਂ ਕੋਈ ਵੀ ਫੈਸਲਾ ਲਿਆ ਹੋਵੇ, ਹਰ ਵਿਅਕਤੀ ਕੋਲ ਪ੍ਰਭੂ ਦੀ ਸੇਵਾ ਕਰਨ ਅਤੇ ਆਪਣੇ ਬੱਚਿਆਂ ਲਈ ਇੱਕ ਧਰਮੀ ਮਾਂ ਜਾਂ ਪਿਓ ਬਣਨ ਦਾ ਮੌਕਾ ਹੁੰਦਾ ਹੈ। ਤੁਸੀਂ ਅਤੇ ਤੁਹਾਡੇ ਉੱਤਰਾਧਿਕਾਰੀ ਵਫ਼ਾਦਾਰੀ ਨਾਲ ਪ੍ਰਭੂ ਦੀ ਸੇਵਾ ਕਰ ਸਕਦੇ ਹੋ ਅਤੇ ਉਸ ਦੀ ਅਸੀਸ ਅਤੇ ਕਿਰਪਾ ਦਾ ਅਨੁਭਵ ਕਰ ਸਕਦੇ ਹੋ। ਕੀ ਤੁਸੀਂ ਇੱਕ ਅਜਿਹੇ ਮਾਂ ਜਾਂ ਪਿਓ ਬਣਨ ਲਈ ਸਮਰਪਿਤ ਹੋਣ ਵਾਸਤੇ ਤਿਆਰ ਹੋ ਜੋ ਵਫ਼ਾਦਾਰੀ ਨਾਲ ਪਰਮੇਸ਼ੁਰ ਦੀ ਸੇਵਾ ਕਰਦਾ ਹੈ ਅਤੇ ਆਪਣੇ ਬੱਚਿਆਂ ਨੂੰ ਵੀ ਉਸ ਨੂੰ ਜਾਣਨ ਲਈ ਪ੍ਰੇਰਿਤ ਕਰਦਾ ਹੈ?

## ਇੱਕ ਬੱਚੇ ਦੀ ਪਰਮੇਸ਼ੁਰ ਨਾਲ ਜਾਣ-ਪਛਾਣ

ਜਦੋਂ ਪਰਮੇਸ਼ੁਰ ਨੇ ਪਹਿਲੀ ਵਾਰ ਯਾਕੂਬ ਨਾਲ ਗੱਲ ਕੀਤੀ, ਤਾਂ ਉਸ ਨੇ ਇਹ ਨਹੀਂ ਆਖਿਆ, "ਮੈਂ ਬ੍ਰਹਿਮੰਡ ਦਾ ਪਰਮੇਸ਼ੁਰ ਹਾਂ," ਜਾਂ "ਮੈਂ ਉਹ ਪਰਮੇਸ਼ੁਰ ਹਾਂ ਜਿਸ ਨੇ ਦੁਨੀਆਂ ਨੂੰ ਬਣਾਇਆ," ਹਾਲਾਂਕਿ ਇਹ ਸੱਚੇ ਕਥਨ ਹੁੰਦੇ। ਉਸ ਆਖਿਆ, "ਮੈਂ ਯਹੋਵਾਹ ਤੇਰੇ ਪਿਤਾ ਅਬਰਾਹਾਮ ਦਾ ਪਰਮੇਸ਼ੁਰ ਹਾਂ ਅਰ ਇਸਹਾਕ ਦਾ ਪਰਮੇਸ਼ੁਰ ਹਾਂ।" (ਉਤਪਤ 28:13)। ਯਾਕੂਬ ਨੇ ਪਰਮੇਸ਼ੁਰ ਨਾਲ ਆਪਣਾ ਰਿਸ਼ਤਾ ਪਰਮੇਸ਼ੁਰ ਬਾਰੇ ਕਿਸੇ ਵੀ ਪੁਰਾਣੇ ਗਿਆਨ ਤੋਂ ਬਿਨਾਂ ਸ਼ੁਰੂ ਨਹੀਂ ਕੀਤਾ। ਉਹ ਆਪਣੇ ਪਿਤਾ ਅਤੇ ਦਾਦਾ ਜੀ ਦੀ ਸਿੱਖਿਆ ਕਾਰਣ ਪਰਮੇਸ਼ੁਰ ਬਾਰੇ ਜਾਣਦਾ ਸੀ।

ਅਬਰਾਹਾਮ ਨੇ ਪਰਮੇਸ਼ੁਰ ਦੀ ਅਰਾਧਨਾ ਦੀ ਪਰੰਪਰਾ ਸ਼ੁਰੂ ਕੀਤੀ। ਬਹੁਤ ਸਾਰੇ ਹੋਰ ਲੋਕ ਅਬਰਾਹਾਮ ਦੇ ਕਾਰਣ ਪਰਮੇਸ਼ੁਰ ਉੱਤੇ ਵਿਸ਼ਵਾਸ ਕਰਦੇ ਸਨ, ਇਸ ਤੋਂ ਪਹਿਲਾਂ ਕਿ ਉਨ੍ਹਾਂ ਦੀ ਪਰਮੇਸ਼ੁਰ ਨਾਲ ਇੱਕ ਨਿੱਜੀ ਮੁਲਾਕਾਤ ਹੋਈ। ਜਦੋਂ ਅਬਰਾਹਾਮ ਦੇ ਸੇਵਕ ਅਲੀਅਜ਼ਰ ਨੇ ਪ੍ਰਾਰਥਨਾ ਕੀਤੀ, ਤਾਂ ਉਸ ਨੇ ਆਪਣੇ ਮਾਲਕ ਅਬਰਾਹਾਮ ਦੇ ਪਰਮੇਸ਼ੁਰ, ਯਹੋਵਾਹ ਨਾਲ ਗੱਲ ਕੀਤੀ (ਉਤਪਤ 24:12)।

ਬਾਅਦ ਵਿੱਚ ਪਰਮੇਸ਼ੁਰ ਨੂੰ ਕਈ ਵਾਰ "ਅਬਰਾਹਾਮ ਦੇ ਪਰਮੇਸ਼ੁਰ, ਇਸਹਾਕ ਦੇ ਪਰਮੇਸ਼ੁਰ, ਅਤੇ ਯਾਕੂਬ ਦੇ ਪਰਮੇਸ਼ੁਰ" ਵਜੋਂ ਪਛਾਣਿਆ ਗਿਆ (ਉਦਾਹਰਣ ਵਜੋਂ, ਕੂਚ 3:15)। ਅਗਲੀ ਪੀੜ੍ਹੀ ਵਿੱਚ, ਯੂਸੁਫ਼ ਨੇ ਅਬਰਾਹਾਮ, ਇਸਹਾਕ ਅਤੇ ਯਾਕੂਬ ਨਾਲ ਕੀਤੇ ਗਏ ਵਾਇਦਿਆਂ ਦਾ ਹਵਾਲਾ ਦਿੱਤਾ (ਉਤਪਤ 50:24)। ਯੂਸੁਫ਼ ਨੇ ਉਮੀਦ ਕੀਤੀ ਕਿ ਉਸ ਦਾ ਪਰਿਵਾਰ ਪਿਛਲੀਆਂ ਪੀੜ੍ਹੀਆਂ ਲਈ ਪਰਮੇਸ਼ੁਰ ਦੇ ਵਾਇਦਿਆਂ ਦੇ ਕਾਰਣ ਪਰਮੇਸ਼ੁਰ ਪ੍ਰਤੀ ਵਫ਼ਾਦਾਰ ਰਹੇਗਾ।

► ਜਿਸ ਤਰੀਕੇ ਨਾਲ ਪਰਮੇਸ਼ੁਰ ਨੇ ਆਪਣੀ ਪਛਾਣ ਕੀਤੀ, ਉਸ ਤੋਂ ਅਸੀਂ ਲੋਕਾਂ ਦੇ ਪਰਮੇਸ਼ੁਰ ਨੂੰ ਜਾਣਨ ਦੇ ਤਰੀਕੇ ਬਾਰੇ ਕੀ ਸਿੱਖਦੇ ਹਾਂ?

ਲੋਕ ਆਮ ਤੌਰ 'ਤੇ ਪਰਮੇਸ਼ੁਰ ਬਾਰੇ ਸਿਧਾਂਤ ਸੁਣ ਕੇ ਹੀ ਪਰਮੇਸ਼ੁਰ ਨਾਲ ਰਿਸ਼ਤੇ ਵਿੱਚ ਨਹੀਂ ਆਉਂਦੇ। ਆਮ ਤੌਰ 'ਤੇ ਲੋਕ ਪਰਮੇਸ਼ੁਰ ਨਾਲ ਰਿਸ਼ਤਿਆਂ ਵਿੱਚ ਉਨ੍ਹਾਂ ਲੋਕਾਂ ਦੇ ਜੀਵਨ ਨੂੰ ਵੇਖ ਕੇ ਪਰਮੇਸ਼ੁਰ ਬਾਰੇ ਸਿੱਖਦੇ ਹਨ, ਜੋ ਪਰਮੇਸ਼ੁਰ ਨਾਲ ਰਿਸ਼ਤਾ ਰੱਖਦੇ ਹਨ। **ਸਭ ਤੋਂ ਵੱਡਾ ਆਤਮਿਕ ਪ੍ਰਭਾਵ ਉਨ੍ਹਾਂ ਮਾਪਿਆਂ ਤੋਂ ਆਉਂਦਾ ਹੈ ਜੋ ਪਰਮੇਸ਼ੁਰ ਪ੍ਰਤੀ ਸਮਰਪਿਤ ਹੁੰਦੇ ਹਨ।**

ਇੱਥੇ ਵਿਚਾਰ ਕਰਨ ਲਈ ਕੁਝ ਬਹੁਤ ਮਹੱਤਵਪੂਰਣ ਨਿੱਜੀ ਸਵਾਲ ਹਨ: ਤੁਹਾਡੇ ਬੱਚੇ ਤੁਹਾਡੇ ਜੀਵਨ ਨੂੰ ਵੇਖ ਕੇ ਪਰਮੇਸ਼ੁਰ ਬਾਰੇ ਕੀ ਸਿੱਖਦੇ ਹਨ? ਕੀ ਤੁਹਾਡੇ ਬੱਚੇ ਪਰਮੇਸ਼ੁਰ ਪ੍ਰਤੀ ਵਫ਼ਾਦਾਰ ਰਹਿਣਾ ਚਾਹੁੰਦੇ ਹਨ ਕਿਉਂਕਿ ਉਹ ਪਰਮੇਸ਼ੁਰ ਨਾਲ ਤੁਹਾਡੇ ਰਿਸ਼ਤੇ ਨੂੰ ਵੇਖਦੇ ਹਨ?

### ਮਾਪਿਆਂ ਦੀ ਜ਼ਿੰਮੇਵਾਰੀ

ਪਰਮੇਸ਼ੁਰ ਮਾਪਿਆਂ ਨੂੰ ਇੱਕ ਵੱਡੀ ਜ਼ਿੰਮੇਵਾਰੀ ਦਿੰਦਾ ਹੈ। "ਬਾਲਕ ਨੂੰ ਉਹ ਦਾ ਠੀਕ ਰਾਹ ਸਿਖਲਾ, ਤਾਂ ਉਹ ਵੱਡਾ ਹੋ ਕੇ ਵੀ ਉਸ ਤੋਂ ਕਦੀ ਨਾ ਹਟੇਗਾ" (ਕਹਾਉਤਾਂ 22:6)।

ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਪਰਮੇਸ਼ੁਰ ਦੀ ਪਾਲਣਾ ਕਰਨ ਲਈ ਸਿਖਾਉਣ ਵਿੱਚ ਉਦੇਸ਼ਪੂਰਣ ਹੋਣਾ ਚਾਹੀਦਾ ਹੈ। ਮਾਪਿਆਂ ਨੂੰ ਆਪਣੇ ਬੱਚਿਆਂ ਦਾ ਮਾਰਗਦਰਸ਼ਨ ਕਰਨ ਅਤੇ ਉਨ੍ਹਾਂ ਨੂੰ ਸਿਖਲਾਈ ਦੇਣ ਦੀ ਆਪਣੀ ਜ਼ਿੰਮੇਵਾਰੀ ਨੂੰ ਸਮਝਣਾ ਚਾਹੀਦਾ ਹੈ।

ਬੱਚਿਆਂ ਨੂੰ ਸਿਖਲਾਈ ਦੇਣ ਦੀ ਜ਼ਿੰਮੇਵਾਰੀ ਪਹਿਲਾਂ ਮਾਪਿਆਂ ਦੀ ਹੈ, ਸਮਾਜ, ਸਕੂਲ ਜਾਂ ਕਲੀਸਿਯਾ ਦੀ ਨਹੀਂ। ਇੱਕ ਮਾਤਾ-ਪਿਤਾ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਸ ਦੇ ਬੱਚੇ ਕਲੀਸਿਯਾ ਵਿੱਚ ਹਨ, ਪਰ ਉਸ ਨੂੰ ਇਹ ਨਹੀਂ ਮੰਨਣਾ ਚਾਹੀਦਾ ਕਿ ਕਲੀਸਿਯਾ ਉਸ ਦੇ ਬੱਚੇ ਨੂੰ ਉਸ ਦੇ ਲਈ ਸਿਖਲਾਈ ਦੇਵੇਗਾ।

► ਇੱਕ ਵਿਦਿਆਰਥੀ ਨੂੰ ਸਮੂਹ ਲਈ ਅਫ਼ਸੀਆਂ 6:1-4 ਨੂੰ ਪੜ੍ਹਨਾ ਚਾਹੀਦਾ ਹੈ। ਪਿਤਾਵਾਂ ਨੂੰ ਕੀ ਕਰਨਾ ਚਾਹੀਦਾ ਹੈ?

ਬੱਚੇ ਨੂੰ ਸਿਖਲਾਈ ਦੇਣਾ ਸਿਰਫ਼ ਮਾਂ ਦੀ ਜ਼ਿੰਮੇਵਾਰੀ ਨਹੀਂ ਹੈ। ਪਰਿਵਾਰ ਦੀ ਆਤਮਿਕ ਸੁਰੱਖਿਆ ਲਈ ਅੰਤਮ ਜ਼ਿੰਮੇਵਾਰੀ ਪਿਤਾ ਦੀ ਹੀ ਹੈ।

ਮਾਪਿਆਂ ਦੀ ਇੱਕ ਗੰਭੀਰ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਜੀਵਨ ਲਈ ਸਿਖਲਾਈ ਦੇਣ। ਜੀਵਨ ਲਈ ਸਿਖਲਾਈ ਪ੍ਰਾਪਤ ਕਰਨ ਦਾ ਮਤਲਬ ਕਿਸੇ ਕਿੱਤੇ ਲਈ ਸਿਖਲਾਈ ਪ੍ਰਾਪਤ ਕਰਨਾ ਨਹੀਂ ਹੈ; ਇਸ ਦਾ ਮਤਲਬ ਹੈ ਸਹੀ ਜੀਵਨ ਜਿਉਣ ਲਈ ਸਿਖਲਾਈ ਪ੍ਰਾਪਤ ਕਰਨਾ, ਇੱਕ ਅਜਿਹੀ ਜ਼ਿੰਦਗੀ ਜਿਸ ਨੂੰ ਪਰਮੇਸ਼ੁਰ ਅਸੀਸ ਦੇਵੇਗਾ। ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਪਾਪ ਦੇ ਪਿੱਛੇ ਨਹੀਂ ਜਾਣ ਦੇਣਾ ਚਾਹੀਦਾ, ਇਹ ਉਮੀਦ ਕਰਦੇ ਹੋਏ ਕਿ ਉਹ ਬਾਅਦ ਵਿੱਚ ਬਦਲ ਜਾਣਗੇ।

ਵਚਨ ਸਾਨੂੰ ਚੇਤਾਵਨੀ ਦਿੰਦਾ ਹੈ ਕਿ ਅਸੀਂ ਦੁਨੀਆਂ ਦੇ ਗਲਤ ਫ਼ਲਸਫ਼ਿਆਂ ਨੂੰ ਨਾ ਸਿੱਖੀਏ।

► ਇੱਕ ਵਿਦਿਆਰਥੀ ਨੂੰ ਸਮੂਹ ਲਈ ਕੁਲੁੱਸੀਆਂ 2:8 ਨੂੰ ਪੜ੍ਹਨਾ ਚਾਹੀਦਾ ਹੈ।

ਇਹ ਵਚਨ ਸਾਨੂੰ ਚੇਤਾਵਨੀ ਦਿੰਦਾ ਹੈ ਕਿ ਅਸੀਂ ਗਲਤ ਫ਼ਲਸਫ਼ੇ ਉੱਤੇ ਵਿਸ਼ਵਾਸ ਕਰਕੇ ਅਤੇ ਗਲਤ ਜੀਵਨ ਸ਼ੈਲੀ ਨੂੰ ਸਵੀਕਾਰ ਕਰਕੇ, ਲੁੱਟੇ ਜਾ ਸਕਦੇ ਹਾਂ। ਦੁਨੀਆਂ ਸਾਡੇ ਬੱਚਿਆਂ ਨੂੰ ਮਸੀਹ ਦਾ ਅਨੁਸਰਣ ਦੀ ਬਜਾਏ ਦੁਨੀਆਂ ਦੇ ਰਾਹਾਂ 'ਤੇ ਚੱਲਣਾ ਸਿਖਾ ਕੇ, ਸਾਨੂੰ ਲੁੱਟ ਸਕਦੀ ਹੈ।

ਇਹ ਸਭ ਤੋਂ ਵਧੀਆ ਹੈ ਜੇਕਰ ਬੱਚਿਆਂ ਨੂੰ ਮਿਲਣ ਵਾਲੀ ਸਾਰੀ ਸਿੱਖਿਆ ਮਸੀਹੀ ਅਧਿਆਪਕਾਂ ਅਤੇ ਮਾਪਿਆਂ ਤੋਂ ਮਿਲੇ। ਉਨ੍ਹਾਂ ਥਾਵਾਂ 'ਤੇ ਜਿੱਥੇ ਮਸੀਹੀ ਸਕੂਲ ਉਪਲੱਬਧ ਨਹੀਂ ਹਨ, ਮਾਪਿਆਂ ਨੂੰ ਅਜੇ ਵੀ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਬੱਚਾ ਜੀਵਨ ਦਾ ਸਹੀ ਦ੍ਰਿਸ਼ਟੀਕੋਣ ਸਿੱਖ ਰਿਹਾ ਹੈ। ਧਰਮ ਨਿਰਪੱਖ ਸਿੱਖਿਆ ਬੱਚੇ ਨੂੰ ਨਾਸਤਿਕਤਾ, ਵਿਕਾਸਵਾਦ ਅਤੇ ਮਾਨਵਤਾਵਾਦ ਸਿਖਾ ਸਕਦੀ ਹੈ। ਬੱਚੇ ਖਾਸ ਤੌਰ 'ਤੇ ਗਲਤ ਸਿੱਖਿਆਵਾਂ ਦੇ ਸ਼ਿਕਾਰ ਹੁੰਦੇ ਹਨ (ਅਫ਼ਸੀਆਂ 4:14), ਅਤੇ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਰੱਖਿਆ ਕਰਨੀ ਚਾਹੀਦੀ ਹੈ। ਪਾਸਟਰਾਂ ਨੂੰ ਸਿੱਖਣਾ ਚਾਹੀਦਾ ਹੈ ਕਿ ਅਜਿਹੇ ਸਿਧਾਂਤ ਦਾ ਪ੍ਰਚਾਰ ਕਿਵੇਂ ਕਰਨਾ ਹੈ ਜੋ ਲੋਕਾਂ ਨੂੰ ਗਲਤ ਫ਼ਲਸਫ਼ਿਆਂ ਤੋਂ ਬਚਾਉਂਦਾ ਹੈ। ਪਾਸਟਰਾਂ ਅਤੇ ਅਧਿਆਪਕਾਂ ਨੂੰ ਪਰਿਵਾਰਾਂ ਨੂੰ ਜਾਣਕਾਰੀ ਦੇਣੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਨੂੰ ਆਪਣੇ ਬੱਚਿਆਂ ਨੂੰ ਸੱਚਾਈ ਵਿੱਚ ਸਥਾਪਿਤ ਕਰਨ ਵਿੱਚ ਮਦਦ ਮਿਲ ਸਕੇ।

## ਮੁੱਢਲੀ ਸਿਖਲਾਈ

► ਕਿਸੇ ਨੇ *ਚਿਲਡਰਨ ਆਰ ਵੈੱਟ ਸੀਮਿੰਟ* ਨਾਮਕ ਇੱਕ ਕਿਤਾਬ ਲਿਖੀ ਹੈ। ਤੁਹਾਨੂੰ ਕੀ ਲੱਗਦਾ ਹੈ ਕਿ ਇਸ ਸਿਰਲੇਖ ਦਾ ਕੀ ਅਰਥ ਹੈ?

ਮਾਪਿਆਂ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਬੱਚੇ ਛੋਟੇ ਹੁੰਦੀਆਂ ਹੀ ਜ਼ਿੰਦਗੀ ਬਾਰੇ ਸਿੱਖਦੇ ਹਨ ਅਤੇ ਫੈਸਲਾ ਕਰਦੇ ਹਨ ਕਿ ਕੀ ਮਹੱਤਵਪੂਰਣ ਹੈ। ਚਰਿੱਤਰ ਉਦੋਂ ਹੀ ਬਣਦਾ ਹੈ ਜਦੋਂ ਬੱਚਾ ਛੋਟਾ ਹੁੰਦਾ ਹੈ।

ਜ਼ਿਆਦਾਤਰ ਚੇਲਾਪਣ  ਬੱਚਿਆਂ ਦੇ ਕਿਸ਼ੋਰ ਅਵਸਥਾ ਵਿੱਚ ਪਹੁੰਚਣ ਤੋਂ ਪਹਿਲਾਂ ਹੀ ਪੂਰਾ ਹੋ ਜਾਂਦਾ। ਜ਼ਿਆਦਾਤਰ ਬਾਈਬਲੀ ਸਾਖਰਤਾ ਟੀਚੇ, ਚਰਿੱਤਰ ਟੀਚੇ, ਅਤੇ ਨਿੱਜੀ, ਸਮਾਜਿਕ ਅਤੇ ਆਤਮਿਕ ਆਦਤਾਂ ਕਿਸ਼ੋਰ ਅਵਸਥਾ ਤੋਂ ਪਹਿਲਾਂ ਹੀ ਵਿਕਸਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਪੰਜ ਸਾਲ ਦੀ ਉਮਰ ਤੋਂ ਪਹਿਲਾਂ ਹੀ ਇੱਕ ਬੱਚੇ ਨੇ ਮੂਲ ਗੱਲਾਂ ਸਿੱਖ ਲਈਆਂ ਹਨ ਕਿ ਲੋਕ ਇੱਕ ਦੂਜੇ ਨਾਲ ਕਿਵੇਂ ਰਿਸ਼ਤੇ ਰੱਖਦੇ ਹਨ ਅਤੇ ਕਿਸ ਤਰ੍ਹਾਂ ਦੇ ਵਿਹਾਰ ਤੋਂ ਉਹ ਨਤੀਜੇ ਪ੍ਰਾਪਤ ਹੁੰਦੇ ਹਨ ਜੋ ਉਹ ਚਾਹੁੰਦਾ ਹੈ। ਉਹ ਜਾਣਦਾ ਹੈ ਕਿ ਨਿਰਪੱਖਤਾ ਦੀ ਉਮੀਦ ਕਰਨੀ ਹੈ ਜਾਂ ਨਹੀਂ ਅਤੇ ਕੀ ਸਜ਼ਾਵਾਂ ਅਤੇ ਇਨਾਮ ਲਗਾਤਾਰ ਮਿਲਦੇ ਹਨ। ਉਹ ਜਾਣਦਾ ਹੈ ਕਿ ਕੀ ਉਸ ਨੂੰ ਪਿਆਰ ਕੀਤਾ ਜਾਂਦਾ ਹੈ। ਉਹ ਜਾਣਦਾ ਹੈ ਕਿ ਕੀ ਉਸ ਦੀਆਂ ਭਾਵਨਾਵਾਂ ਦੂਸਰਿਆਂ ਲਈ ਮਾਇਨੇ ਰੱਖਦੀਆਂ ਹਨ। ਉਹ ਜਾਣਦਾ ਹੈ ਕਿ ਕੀ ਉਸ ਨੂੰ ਮਾਫ਼ ਕੀਤਾ ਜਾ ਸਕਦਾ ਹੈ ਜਦੋਂ ਉਹ ਗਲਤ ਕਰਦਾ ਹੈ। ਉਸ ਨੇ ਆਪਣੀਆਂ ਗਲਤੀਆਂ ਅਤੇ ਪਾਪਾਂ ਨੂੰ ਸਵੀਕਾਰ ਕਰਨਾ ਜਾਂ ਛੁਪਾਉਣਾ ਸਿੱਖ ਲਿਆ ਹੈ। ਉਸ ਨੇ ਫੈਸਲਾ ਕੀਤਾ ਹੈ ਕਿ ਅਧਿਕਾਰ ਰੱਖਣ ਵਾਲੇ ਲੋਕਾਂ 'ਤੇ ਉਸ ਦੀ ਦੇਖਭਾਲ ਕਰਨ ਅਤੇ ਆਪਣੇ ਵਾਇਦੇ ਨਿਭਾਉਣ ਲਈ ਭਰੋਸਾ ਕੀਤਾ ਜਾ ਸਕਦਾ ਹੈ ਜਾਂ ਨਹੀਂ।

ਬੱਚੇ ਆਪਣੇ ਮਾਪਿਆਂ ਦੇ ਸ਼ਬਦਾਂ ਅਤੇ ਉਦਾਹਰਣਾਂ ਤੋਂ ਸਿੱਖਦੇ ਹਨ, ਭਾਵੇਂ ਮਾਪੇ ਉਨ੍ਹਾਂ ਨੂੰ ਸਿਖਾਉਣ ਦੀ ਕੋਸ਼ਿਸ਼ ਨਹੀਂ ਕਰ ਰਹੇ ਹੁੰਦੇ (ਅਫ਼ਸੀਆਂ 5:1)। ਬਾਲਗਾਂ ਦੀਆਂ ਉਦਾਹਰਣਾਂ ਬੱਚਿਆਂ ਨੂੰ ਜੀਵਨ ਲਈ ਉਨ੍ਹਾਂ ਦੀਆਂ ਆਪਣੀਆਂ ਧਾਰਨਾਵਾਂ ਪ੍ਰਦਾਨ ਕਰਦੀਆਂ

ਹਨ। ਬੱਚੇ ਇਹ ਵੇਖ ਕੇ ਸਿੱਖਦੇ ਹਨ ਕਿ ਬਾਲਗਾਂ ਲਈ ਕੀ ਮਹੱਤਵਪੂਰਣ ਹੈ। ਬੱਚੇ ਵੱਡਿਆਂ ਨੂੰ ਵੇਖ ਕੇ ਇਹ ਸਿੱਖਦੇ ਹਨ ਕਿ ਦੂਸਰਿਆਂ ਨਾਲ ਕਿਵੇਂ ਵਿਹਾਰ ਕਰਨਾ ਹੈ, ਸਥਿਤੀਆਂ 'ਤੇ ਕਿਵੇਂ ਪ੍ਰਤੀਕਿਰਿਆ ਕਰਨੀ ਹੈ, ਅਤੇ ਜ਼ਿੰਮੇਵਾਰੀਆਂ ਕਿਵੇਂ ਨਿਭਾਉਣੀਆਂ ਹਨ, ਇਹ ਸਿੱਖਿਆ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਇੱਕ ਬੱਚਾ ਪੈਦਾ ਹੁੰਦਾ ਹੈ।

ਕਈ ਵਾਰ ਮਾਪੇ ਸੋਚਦੇ ਹਨ ਕਿ ਉਹ ਸਿਰਫ਼ ਉਦੋਂ ਹੀ ਸਿਖਾ ਰਹੇ ਹਨ ਜਦੋਂ ਉਹ ਇੱਕ ਬੱਚੇ ਨੂੰ ਸਮਝਾਉਂਦੇ ਹਨ ਕਿ ਉਸ ਨੂੰ ਕੀ ਕਰਨਾ ਚਾਹੀਦਾ ਹੈ। ਹਾਲਾਂਕਿ, ਇੱਕ ਮਾਂ ਜਾਂ ਪਿਓ ਉਦੋਂ ਵੀ ਸਿਖਾ ਰਹੇ ਹੁੰਦੇ ਹਨ ਜਦੋਂ ਉਸ ਨੂੰ ਕੋਈ ਬੱਚਾ ਵੇਖਦਾ ਹੈ।

ਇੱਕ ਬੱਚਾ ਵੱਡਿਆਂ ਨੂੰ ਵੇਖਦਾ ਹੈ ਅਤੇ ਤਣਾਅ ਪ੍ਰਤੀ ਪ੍ਰਤੀਕਿਰਿਆ ਕਰਨਾ ਸਿੱਖਦਾ ਹੈ। ਉਹ ਸਿੱਖਦਾ ਹੈ ਕਿ ਅਜਨਬੀਆਂ ਨਾਲ ਕਿਵੇਂ ਪੇਸ਼ ਆਉਣਾ ਹੈ। ਉਹ ਸਿੱਖਦਾ ਹੈ ਕਿ ਨੀਵੇਂ ਦਰਜੇ ਦੇ ਲੋਕਾਂ ਨਾਲ ਕਿਵੇਂ ਪੇਸ਼ ਆਉਣਾ ਹੈ। ਉਹ ਸਿੱਖਦਾ ਹੈ ਕਿ ਆਲੋਚਨਾ ਦਾ ਜਵਾਬ ਕਿਵੇਂ ਦੇਣਾ ਹੈ। ਉਹ ਸਿੱਖਦਾ ਹੈ ਕਿ ਦੂਸਰਿਆਂ ਦੀਆਂ ਜ਼ਰੂਰਤਾਂ ਲਈ ਜਵਾਬ ਕਿਵੇਂ ਦੇਣਾ ਹੈ। ਮਾਪੇ ਹਮੇਸ਼ਾ ਸਿਖਾਉਂਦੇ ਰਹਿੰਦੇ ਹਨ ਭਾਵੇਂ ਉਨ੍ਹਾਂ ਨੂੰ ਪਤਾ ਵੀ ਨਹੀਂ ਹੁੰਦਾ ਕਿ ਉਹ ਸਿਖਾ ਰਹੇ ਹਨ।

ਜੇਕਰ ਬੱਚੇ ਦੀ ਲਗਾਤਾਰ ਆਲੋਚਨਾ ਕੀਤੀ ਜਾਂਦੀ ਹੈ, ਤਾਂ ਉਹ ਆਪਣੀਆਂ ਗਲਤੀਆਂ ਨੂੰ ਛੁਪਾਉਣਾ, ਬਹਾਨੇ ਬਣਾਉਣਾ ਅਤੇ ਦੂਸਰਿਆਂ ਨੂੰ ਦੋਸ਼ੀ ਠਹਿਰਾਉਣਾ ਸਿੱਖਦਾ ਹੈ। ਇੱਕ ਬਾਲਗ ਹੋਣ ਦੇ ਨਾਤੇ ਉਹ ਨਿੰਦਾ ਕਰਨ ਵਾਲਾ, ਪਖੰਡੀ ਅਤੇ ਭੇਤ ਰੱਖਣ ਵਾਲਾ ਬਣੇਗਾ। ਜੇਕਰ ਘਰ ਵਿੱਚ ਲਗਾਤਾਰ ਟਕਰਾਅ ਹੁੰਦਾ ਰਹਿੰਦਾ ਹੈ, ਤਾਂ ਉਹ ਡਰਪੋਕ ਜਾਂ ਹਮਲਾਵਰ ਬਣ ਜਾਵੇਗਾ। ਜੇਕਰ ਪਰਿਵਾਰ ਦੇ ਮੈਂਬਰ ਉਸ ਦਾ ਮਜ਼ਾਕ ਉਡਾਉਂਦੇ ਹਨ, ਤਾਂ ਉਹ ਲੋਕਾਂ ਨਾਲ ਗੱਲਬਾਤ ਕਰਨ ਤੋਂ ਪਿੱਛੇ ਹਟ ਸਕਦਾ ਹੈ ਜਾਂ ਦੂਸਰਿਆਂ ਨਾਲ ਧੱਕੇਸ਼ਾਹੀ ਕਰਨ ਵਾਲਾ ਬਣ ਸਕਦਾ ਹੈ। ਜੇਕਰ ਉਸ ਦੇ ਮਾਪੇ ਉਸ ਨੂੰ ਹਮੇਸ਼ਾ ਸ਼ਰਮਿੰਦਾ ਮਹਿਸੂਸ ਕਰਵਾਉਂਦੇ ਹਨ, ਤਾਂ ਉਹ ਦੋਸ਼ੀ ਮਹਿਸੂਸ ਕਰਨਾ ਸਿੱਖਦਾ ਹੈ, ਕਦੇ ਵੀ ਇਹ ਮਹਿਸੂਸ ਨਹੀਂ ਕਰਦਾ ਕਿ ਉਸ ਨੂੰ ਪਰਮੇਸ਼ੁਰ ਦੁਆਰਾ ਸਵੀਕਾਰ ਕੀਤਾ ਗਿਆ ਹੈ। ਜੇਕਰ ਉਹ ਕਦੇ ਵੀ ਉਸ ਵਿਹਾਰ ਦੇ ਮਿਆਰ ਨੂੰ ਪੂਰਾ ਨਹੀਂ ਕਰ ਸਕਦਾ ਜਿਸ ਦੀ ਉਸ ਦੇ ਮਾਪੇ ਮੰਗ ਕਰਦੇ ਹਨ, ਤਾਂ ਉਹ ਅੰਤ ਵਿੱਚ ਇਸ ਦੇ ਵਿਰੁੱਧ ਬਗਾਵਤ ਕਰੇਗਾ ਅਤੇ ਹੋਰ ਬਾਗ਼ੀਆਂ ਦੇ ਸਮੂਹ ਵਿੱਚ ਸ਼ਾਮਲ ਹੋ ਸਕਦਾ ਹੈ ਜੋ ਉਸ ਦੇ ਲਈ ਪਰਿਵਾਰ ਦਾ ਸਥਾਨ ਲੈ ਲੈਂਦੇ ਹਨ।

ਜੇਕਰ ਲੋਕ ਉਸ ਨਾਲ ਧੀਰਜਵਾਨ ਬਣੇ ਰਹਿੰਦੇ ਹਨ, ਤਾਂ ਉਹ ਦੂਸਰਿਆਂ ਨਾਲ ਧੀਰਜਵਾਨ ਰਹਿਣਾ ਸਿੱਖਦਾ ਹੈ। ਜੇ ਲੋਕ ਉਸ ਨੂੰ ਉਤਸ਼ਾਹਿਤ ਕਰਦੇ ਹਨ, ਤਾਂ ਉਹ ਕੋਸ਼ਿਸ਼ ਕਰਨ ਲਈ ਆਤਮਵਿਸ਼ਵਾਸ ਰੱਖਦਾ ਹੈ। ਜੇ ਉਸ ਦੀ ਪ੍ਰਸ਼ੰਸਾ ਕੀਤੀ ਜਾਂਦੀ ਹੈ, ਉਹ ਮਹੱਤਵਪੂਰਣ ਮਹਿਸੂਸ ਕਰਦਾ ਹੈ ਅਤੇ ਦੂਸਰਿਆਂ ਨੂੰ ਸਿਹਰਾ ਦੇਣ ਲਈ ਤਿਆਰ ਹੁੰਦਾ ਹੈ। ਜੇ ਉਹ ਨਿਰਪੱਖਤਾ ਵੇਖਦਾ ਹੈ, ਤਾਂ ਉਹ ਨਿਰਪੱਖ ਹੋਣਾ ਚਾਹੁੰਦਾ ਹੈ।

ਜੇਕਰ ਕੋਈ ਮਾਤਾ-ਪਿਤਾ ਨਿਯਮਾਂ ਨੂੰ ਤੋੜਦਾ ਹੈ ਪਰ ਆਪਣੇ ਬੱਚੇ ਨੂੰ ਆਗਿਆ ਮੰਨਣ ਲਈ ਮਜਬੂਰ ਕਰਦਾ ਹੈ, ਤਾਂ ਬੱਚਾ ਸੋਚਦਾ ਹੈ ਕਿ ਇੱਕ ਦਿਨ ਉਹ ਵੀ ਨਿਯਮਾਂ ਨੂੰ ਤੋੜਨ ਲਈ ਕਾਫ਼ੀ ਵੱਡਾ ਹੋ ਜਾਵੇਗਾ। ਜੇਕਰ ਮਾਤਾ ਜਾਂ ਪਿਤਾ ਦੂਸਰਿਆਂ ਪ੍ਰਤੀ ਬੇਰਹਿਮ ਹੈ,

ਤਾਂ ਬੱਚਾ ਦੂਸਰਿਆਂ ਪ੍ਰਤੀ ਬੇਰਹਿਮ ਹੋਣ ਲਈ ਐਨਾ ਮਜ਼ਬੂਤ ਬਣਨ ਦੀ ਉਮੀਦ ਕਰ ਸਕਦਾ ਹੈ। ਜੇਕਰ ਮਾਤਾ-ਪਿਤਾ ਸੋਚਦੇ ਹਨ ਕਿ ਬੱਚੇ ਦੀਆਂ ਸਮੱਸਿਆਵਾਂ ਅਤੇ ਜ਼ਰੂਰਤਾਂ ਮਹੱਤਵਪੂਰਣ ਨਹੀਂ ਹਨ, ਤਾਂ ਬੱਚਾ ਸੋਚਦਾ ਹੈ ਕਿ ਇੱਕ ਦਿਨ ਉਹ ਬਾਲਗ ਹੋਵੇਗਾ ਜੋ ਆਪਣੀ ਦੇਖਭਾਲ ਕਰ ਸਕਦਾ ਹੈ ਅਤੇ ਦੂਸਰਿਆਂ ਦੀਆਂ ਜ਼ਰੂਰਤਾਂ ਨੂੰ ਨਜ਼ਰਅੰਦਾਜ਼ ਕਰ ਸਕਦਾ ਹੈ।

ਮਾਪਿਆਂ ਨੂੰ ਲਗਾਤਾਰ ਪਰਮੇਸ਼ੁਰ ਪ੍ਰਤੀ ਅਧੀਨਗੀ ਦਾ ਪ੍ਰਦਰਸ਼ਨ ਕਰਨਾ ਚਾਹੀਦਾ ਹੈ। ਉਨ੍ਹਾਂ ਦੇ ਬੱਚਿਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਮਾਤਾ-ਪਿਤਾ ਪਰਮੇਸ਼ੁਰ ਦੇ ਬਚਨ ਦੀ ਪਾਲਣਾ ਕਰਦੇ ਹਨ। ਜੇਕਰ ਕੋਈ ਮਾਤਾ ਜਾਂ ਪਿਤਾ ਵਿਖਾਉਂਦਾ ਹੈ ਕਿ ਉਸ ਦੀ ਆਪਣੀ ਇੱਛਾ ਪਰਮੇਸ਼ੁਰ ਦੇ ਅਧਿਕਾਰ ਨਾਲੋਂ ਵੱਧ ਮਹੱਤਵਪੂਰਣ ਹੈ, ਤਾਂ ਉਸ ਦੇ ਬੱਚੇ ਵੀ ਉਸੇ ਤਰ੍ਹਾਂ ਜੀਣ ਦੀ ਉਮੀਦ ਕਰਨਗੇ। ਇੱਕ ਮਾਤਾ ਜਾਂ ਪਿਤਾ ਨੂੰ ਅਕਸਰ ਬੱਚਿਆਂ ਨੂੰ ਫੈਸਲੇ ਦੇ ਕਾਰਣਾਂ ਅਤੇ ਉਨ੍ਹਾਂ ਕਾਰਕਾਂ ਬਾਰੇ ਸਮਝਾਉਣਾ ਚਾਹੀਦਾ ਹੈ, ਜਿਨ੍ਹਾਂ ਬਾਰੇ ਵਿਚਾਰ ਕੀਤਾ ਗਿਆ ਹੈ। ਇਹ ਬੱਚੇ ਨੂੰ ਫੈਸਲੇ ਲੈਣ ਦਾ ਤਰੀਕਾ ਸਿਖਾਉਂਦਾ ਹੈ।

ਬੱਚੇ ਸਿੱਖਦੇ ਹਨ ਜਦੋਂ ਮਾਪੇ ਉਨ੍ਹਾਂ ਨਾਲ ਖੇਡਦੇ ਹਨ। ਉਨ੍ਹਾਂ ਨੂੰ ਨਿਰਪੱਖਤਾ, ਵਿਚਾਰ ਅਤੇ ਦੂਸਰਿਆਂ ਪ੍ਰਤੀ ਜਵਾਬਦੇਹੀ ਸਿੱਖਣੀ ਚਾਹੀਦੀ ਹੈ। ਖੇਡਾਂ ਬੱਚੇ ਦੇ ਹੁਨਰ ਨੂੰ ਵਿਕਸਤ ਕਰਦੀਆਂ ਹਨ। ਪਰਿਵਾਰਕ ਖੇਡਾਂ ਦੇ ਉਦੇਸ਼ਾਂ ਵਿੱਚ ਸਿੱਖਣਾ, ਨਿੱਜੀ ਵਿਕਾਸ ਅਤੇ ਪਰਿਵਾਰਕ ਮੈਂਬਰਾਂ ਨਾਲ ਰਿਸ਼ਤਿਆਂ ਦਾ ਆਨੰਦ ਲੈਣਾ ਸ਼ਾਮਲ ਹੈ। ਪਰਿਵਾਰਕ ਖੇਡ ਵਿੱਚ ਮੁਕਾਬਲਾ ਚੰਗਾ ਹੁੰਦਾ ਹੈ ਪਰ ਦੂਸਰਿਆਂ 'ਤੇ ਹਾਵੀ ਹੋਣ ਦੇ ਉਦੇਸ਼ ਨਾਲ ਨਹੀਂ ਹੋਣਾ ਚਾਹੀਦਾ ਤਾਂ ਜੋ ਜੇਤੂ ਉੱਤਮਤਾ ਦੀ ਭਾਵਨਾ ਦਾ ਆਨੰਦ ਮਾਣ ਸਕੇ। ਖੇਡ ਦੌਰਾਨ ਵਿਚਾਰ ਕਰਨ ਲਈ ਇੱਕ ਸਵਾਲ ਇਹ ਹੈ, "ਕੀ ਹਰ ਕੋਈ ਖੇਡ ਦਾ ਆਨੰਦ ਲੈ ਰਿਹਾ ਹੈ?" ਜੇਕਰ ਸਿਰਫ਼ ਜੇਤੂ ਹੀ ਖੇਡ ਦਾ ਆਨੰਦ ਮਾਣਦਾ ਹੈ, ਤਾਂ ਇੱਕ ਗਲਤ ਉਦੇਸ਼ ਪੂਰਾ ਹੋ ਰਿਹਾ ਹੈ। ਜੇਕਰ ਲੋਕ ਖੇਡ ਦੌਰਾਨ ਗੁੱਸੇ ਜਾਂ ਨਿਰਾਸ਼ ਹੋ ਰਹੇ ਹਨ, ਤਾਂ ਖੇਡ ਸਹੀ ਉਦੇਸ਼ ਦੀ ਪੂਰਤੀ ਨਹੀਂ ਕਰ ਰਹੀ ਹੈ।

ਮਾਪੇ ਆਪਣੇ ਬੱਚੇ ਦੇ ਮਹੱਤਵ ਨੂੰ ਉਦੋਂ ਵਿਖਾਉਂਦੇ ਹਨ ਜਦੋਂ ਉਹ ਬੱਚੇ ਦੀਆਂ ਗਤੀਵਿਧੀਆਂ ਲਈ ਸਮਾਂ ਕੱਢਦੇ ਹਨ। ਮਾਪਿਆਂ ਨੂੰ ਆਪਣੇ ਬੱਚੇ ਦੀ ਸਕੂਲ ਪ੍ਰੋਜੈਕਟਾਂ ਵਿੱਚ ਮਦਦ ਕਰਨੀ ਚਾਹੀਦੀ ਹੈ, ਖਿਡੌਣੇ ਬਣਾਉਣੇ ਚਾਹੀਦੇ ਹਨ ਜਾਂ ਮੁਰੰਮਤ ਕਰਨੇ ਚਾਹੀਦੇ ਹਨ, ਘਰ ਵਿੱਚ ਬੱਚੇ ਨੂੰ ਨਿੱਜੀ ਜਗ੍ਹਾ ਪ੍ਰਦਾਨ ਕਰਨੀ ਚਾਹੀਦੀ ਹੈ, ਉਸ ਦੀਆਂ ਕਹਾਣੀਆਂ ਅਤੇ ਚੁਟਕਲੇ ਸੁਣਨੇ ਚਾਹੀਦੇ ਹਨ, ਅਤੇ ਜਦੋਂ ਉਹ ਪਰੇਸ਼ਾਨ ਹੁੰਦਾ ਹੈ ਤਾਂ ਉਸ ਨੂੰ ਦਿਲਾਸਾ ਦੇਣਾ ਚਾਹੀਦਾ ਹੈ।

ਮਾਪਿਆਂ ਨੂੰ ਆਪਣੇ ਬੱਚੇ ਦੇ ਸਕੂਲ ਅਧਿਆਪਕਾਂ ਨੂੰ ਜਾਣਨਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣੇ ਬੱਚੇ ਦੀ ਸਕੂਲ ਵਿੱਚ ਸਥਿਤੀ ਬਾਰੇ ਸੁਣਨ ਲਈ ਅਧਿਆਪਕਾਂ ਨਾਲ ਕਿਸੇ ਵੀ ਨਿਰਧਾਰਤ ਮੀਟਿੰਗ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ। ਜੇ ਸੰਭਵ ਹੋਵੇ ਤਾਂ ਦੋਵਾਂ ਮਾਪਿਆਂ ਨੂੰ ਜਾਣਾ ਚਾਹੀਦਾ ਹੈ। ਜੇ ਪਿਤਾ ਨਹੀਂ ਜਾਂਦਾ, ਤਾਂ ਅਜਿਹਾ ਲੱਗਦਾ ਹੈ ਕਿ ਹੋਰ ਚੀਜ਼ਾਂ ਉਸ ਦੇ ਬੱਚੇ ਨਾਲੋਂ ਜ਼ਿਆਦਾ ਮਹੱਤਵਪੂਰਣ ਹਨ। ਮਾਪਿਆਂ ਨੂੰ ਅਧਿਆਪਕਾਂ ਤੋਂ ਅੰਕਾਂ ਅਤੇ ਸਕੂਲ ਵਿੱਚ ਹੋਣ ਵਾਲੀਆਂ ਚੀਜ਼ਾਂ ਬਾਰੇ ਸਵਾਲ ਪੁੱਛਣੇ ਚਾਹੀਦੇ ਹਨ। ਇਸ ਨਾਲ ਇਹ ਸੰਭਾਵਨਾ ਵਧਦੀ ਹੈ ਕਿ ਅਧਿਆਪਕ ਬੱਚੇ ਲਈ ਆਪਣੀ ਪੂਰੀ ਕੋਸ਼ਿਸ਼ ਕਰਨ ਅਤੇ ਬੱਚੇ ਨੂੰ ਦੁਰਵਿਹਾਰ ਤੋਂ ਬਚਾਉਣ, ਜੇਕਰ ਉਹ ਜਾਣਦੇ ਹਨ ਕਿ ਮਾਪੇ ਦਿਲਚਸਪੀ ਰੱਖਦੇ ਹਨ।

ਜੋ ਲੋਕ ਇੱਕ ਪਰਿਵਾਰ ਦੇ ਰੂਪ ਵਿੱਚ ਇਕੱਠੇ ਰਹਿੰਦੇ ਹਨ ਉਹ ਇੱਕ ਦੂਸਰੇ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ। ਉਹ ਇੱਕ ਦੂਸਰੇ ਦੀਆਂ ਜ਼ਰੂਰਤਾਂ ਅਤੇ ਕਮੀਆਂ ਨੂੰ ਸਿੱਖਦੇ ਹਨ। ਉਹ ਇੱਕ ਦੂਸਰੇ ਨੂੰ ਪਿਆਰ ਕਰ ਸਕਦੇ ਹਨ ਅਤੇ ਉਸ ਪਿਆਰ ਦਾ ਪ੍ਰਦਰਸ਼ਨ ਉਸ ਤੋਂ ਜ਼ਿਆਦਾ ਕਰ ਸਕਦੇ ਹਨ ਜਿੰਨਾ ਕਿ ਉਹ ਦੁਨੀਆ ਵਿੱਚ ਕਿਸੇ ਹੋਰ ਨੂੰ ਪਿਆਰ ਕਰ ਸਕਦੇ ਹਨ। ਜੇ ਉਹ ਇੱਕ ਦੂਸਰੇ ਨੂੰ ਪਿਆਰ ਨਹੀਂ ਕਰਦੇ, ਤਾਂ ਉਹ ਇੱਕ ਦੂਸਰੇ ਨੂੰ ਕਿਸੇ ਹੋਰ ਨਾਲੋਂ ਵੱਧ ਦੁਖੀ ਕਰ ਸਕਦੇ ਹਨ। ਕੁਝ ਲੋਕ ਆਪਣੇ ਪਰਿਵਾਰ ਦੇ ਮੈਂਬਰਾਂ ਨਾਲ ਅਜਨਬੀਆਂ ਨਾਲ ਪੇਸ਼ ਆਉਣ ਨਾਲੋਂ ਵੀ ਮਾੜਾ ਵਿਹਾਰ ਕਰਦੇ ਹਨ। ਇੱਕ ਮਸੀਹੀ ਘਰ ਇੱਕ ਅਜਿਹੀ ਜਗ੍ਹਾ ਹੋਣੀ ਚਾਹੀਦੀ ਹੈ ਜਿੱਥੇ ਧੀਰਜ, ਮਾਫ਼ੀ, ਦੇਖਭਾਲ ਅਤੇ ਦਿਆਲਤਾ ਵਿਖਾਈ ਜਾਂਦੀ ਹੈ।

## ਬਾਲ ਮਜ਼ਦੂਰੀ

ਇੱਕ ਛੋਟੇ ਬੱਚੇ ਨੂੰ ਹਰ ਰੋਜ਼ ਖੇਡਣ ਅਤੇ ਮਨੋਰੰਜਨ ਲਈ ਸਮਾਂ ਚਾਹੀਦਾ ਹੈ। ਇੱਕ ਬੱਚੇ ਨੂੰ ਆਰਾਮ ਕਰਨ, ਆਪਣੀ ਕਲਪਨਾ ਦੀ ਵਰਤੋਂ ਕਰਨ, ਕਿਤਾਬਾਂ ਪੜ੍ਹਨ, ਕੁਝ ਬਣਾਉਣ ਜਾਂ ਨਿਰਮਾਣ ਕਰਨ ਲਈ, ਖੇਡਣ ਲਈ ਅਤੇ ਕੁਦਰਤੀ ਵਾਤਾਵਰਣ ਦਾ ਆਨੰਦ ਲੈਣ ਲਈ ਸਮੇਂ ਦੀ ਲੋੜ ਹੁੰਦੀ ਹੈ। ਇੱਕ ਅਜਿਹੀ ਸਥਿਤੀ ਵਿੱਚ ਜਿੱਥੇ ਪਰਿਵਾਰ ਰੋਜ਼ਾਨਾ ਇਕੱਠੇ ਕੰਮ ਕਰਦੇ ਹਨ, ਭੋਜਨ ਇਕੱਠਾ ਕਰਦੇ ਹਨ ਜਾਂ ਹੋਰ ਕੰਮ ਕਰਦੇ ਹਨ, ਬੱਚਿਆਂ ਲਈ ਪਰਿਵਾਰ ਦੇ ਕੰਮ ਵਿੱਚ ਹਿੱਸਾ ਲੈਣਾ ਚੰਗਾ ਹੋ ਸਕਦਾ ਹੈ, ਪਰ ਮਾਪਿਆਂ ਨੂੰ ਕੁਝ ਹੋਰ ਕਦਰਾਂ-ਕੀਮਤਾਂ ਨੂੰ ਵੀ ਯਾਦ ਰੱਖਣਾ ਚਾਹੀਦਾ ਹੈ।

> "ਜਦੋਂ ਇੱਕ ਵਿਅਕਤੀ ਛੋਟੇ ਬੱਚਿਆਂ ਦੇ ਪ੍ਰਤੀ ਹਮਦਰਦੀ ਰੱਖਣਾ ਬੰਦ ਕਰ ਦਿੰਦਾ ਹੈ, ਤਾਂ ਧਰਤੀ ਉੱਤੇ ਉਸ ਦੀ ਸਾਰਥਕਤਾ ਲੱਗਭਗ ਖਤਮ ਹੋ ਗਈ ਹੈ।"
> ਜ਼ਾਰਜ ਮੈਕਡੋਨਾਲਡ

ਬੱਚੇ ਲਈ ਲੰਬਾ ਸਮਾਂ ਕੰਮ ਕਰਨਾ ਸਿਰਫ਼ ਸਰੀਰਕ ਮੰਗਾਂ ਕਰਕੇ ਹੀ ਮੁਸ਼ਕਲ ਨਹੀਂ ਹੁੰਦਾ, ਸਗੋਂ ਇਸ ਲਈ ਵੀ ਕਿਉਂਕਿ ਬੱਚੇ ਨੂੰ ਦਿੱਤਾ ਜਾਣ ਵਾਲਾ ਕੰਮ ਆਮ ਤੌਰ 'ਤੇ ਦੁਹਰਾਉਣ ਵਾਲਾ ਅਤੇ ਇਕਸਾਰ ਹੁੰਦਾ ਹੈ। ਉਹ ਉਨ੍ਹਾਂ ਗਤੀਵਿਧੀਆਂ ਲਈ ਸਮਾਂ ਚਾਹੁੰਦਾ ਹੈ ਜੋ ਉਸ ਦੀ ਕਲਪਨਾ ਦੀ ਵਰਤੋਂ ਕਰਦੀਆਂ ਹਨ। ਇਹ ਦੁਖਦਾਈ ਹੈ ਜੇਕਰ ਇੱਕ ਬੱਚੇ ਨੂੰ ਇੰਨਾ ਜ਼ਿਆਦਾ ਕੰਮ ਕਰਨਾ ਪੈਂਦਾ ਹੈ ਕਿ ਉਸ ਦਾ ਇੱਕੋ-ਇੱਕ ਵਿਹਲਾ ਸਮਾਂ ਖਾਣ ਅਤੇ ਸੌਣ ਵਿੱਚ ਬਿਤਾਇਆ ਜਾਵੇ ਤਾਂ ਜੋ ਉਹ ਦੁਬਾਰਾ ਕੰਮ ਕਰ ਸਕੇ।

ਕੁਝ ਪਰਿਵਾਰ ਆਰਥਿਕ ਤੌਰ 'ਤੇ ਸੰਘਰਸ਼ ਕਰਦੇ ਹਨ ਅਤੇ ਸੋਚਦੇ ਹਨ ਕਿ ਉਨ੍ਹਾਂ ਨੂੰ ਆਪਣੇ ਬੱਚਿਆਂ ਦੇ ਕੰਮ ਤੋਂ ਆਮਦਨ ਦੀ ਲੋੜ ਹੈ। ਹਾਲਾਂਕਿ, ਜੇਕਰ ਉਹ ਆਪਣੇ ਬੱਚਿਆਂ ਨੂੰ ਸਿੱਖਿਆ ਦੇਣ ਵਿੱਚ ਅਸਫਲ ਰਹਿੰਦੇ ਹਨ, ਤਾਂ ਉਨ੍ਹਾਂ ਦੇ ਪਰਿਵਾਰ ਦੀ ਸਥਿਤੀ ਕਦੇ ਨਹੀਂ ਬਦਲ ਸਕਦੀ। ਜੇਕਰ ਕੋਈ ਬੱਚਾ ਸਕੂਲ ਜਾਣ ਦੀ ਬਜਾਏ ਕੰਮ ਕਰਦਾ ਹੈ, ਤਾਂ ਉਹ ਸ਼ਾਇਦ ਆਪਣੀ ਜ਼ਿੰਦਗੀ ਘੱਟ ਤਨਖਾਹ 'ਤੇ ਕੰਮ ਕਰਕੇ ਬਿਤਾਏਗਾ। ਜ਼ਿਆਦਾਤਰ ਕਰੀਅਰ ਅਤੇ ਕਾਰੋਬਾਰੀ ਮੌਕੇ ਉਸ ਲਈ ਪਹੁੰਚਯੋਗ ਨਹੀਂ ਹੋਣਗੇ।

ਕੁਝ ਲੋਕ ਆਪਣੇ ਬੱਚਿਆਂ ਲਈ ਤਾਂ ਸਿੱਖਿਆ ਪ੍ਰਦਾਨ ਕਰਦੇ ਹਨ ਪਰ ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਖੇਤਾਂ ਵਿੱਚ ਜਾਂ ਘਰੇਲੂ ਕੰਮ ਵਿੱਚ ਜਾਂ ਗਲੀ-ਮੁਹੱਲਿਆਂ ਵਿੱਚ ਵਿਕਰੀ ਕਰਨ ਦਾ ਕੰਮ ਦੇ ਕੇ ਉਨ੍ਹਾਂ ਦਾ ਗਲਤ ਫਾਇਦਾ ਉਠਾਉਣ ਲਈ ਤਿਆਰ ਹੁੰਦੇ ਹਨ,

ਇਹ ਜਾਣਦੇ ਹੋਏ ਕਿ ਉਨ੍ਹਾਂ ਨੂੰ ਸਿੱਖਿਆ ਨਹੀਂ ਦਿੱਤੀ ਜਾ ਰਹੀ ਹੈ। ਮਸੀਹਾਂ ਨੂੰ ਆਪਣੇ ਭਾਈਚਾਰੇ ਦੇ ਪਰਿਵਾਰਾਂ ਲਈ ਬਿਹਤਰ ਹੱਲ ਲੱਭਣ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ।

ਬੱਚੇ ਕੰਮ ਦਾ ਆਨੰਦ ਮਾਣ ਸਕਦੇ ਹਨ ਜੇਕਰ ਉਨ੍ਹਾਂ ਕੋਲ ਅਜਿਹੇ ਕੰਮ ਹਨ ਜੋ ਉਨ੍ਹਾਂ ਨੂੰ ਪ੍ਰਾਪਤੀ ਦੀ ਭਾਵਨਾ ਦਿੰਦੇ ਹਨ। ਜੇਕਰ ਮਾਪੇ ਉਤਸ਼ਾਹਿਤ ਕਰ ਰਹੇ ਹਨ ਤਾਂ ਉਹ ਆਪਣੇ ਮਾਪਿਆਂ ਨਾਲ ਕੰਮ ਕਰਨ ਦਾ ਵੀ ਆਨੰਦ ਮਾਣ ਸਕਦੇ ਹਨ। ਮਾਪਿਆਂ ਨੂੰ ਇਸ ਬਾਰੇ ਇੱਕ ਉਚਿੱਤ ਉਮੀਦ ਰੱਖਣੀ ਚਾਹੀਦੀ ਹੈ ਕਿ ਬੱਚਾ ਕਿੰਨਾ ਕੰਮ ਕਰ ਸਕਦਾ ਹੈ ਅਤੇ ਸਕਾਰਾਤਮਕ ਤਰੀਕੇ ਨਾਲ ਰਚਨਾਤਮਕ ਫੀਡਬੈਕ ਦੇਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦੇ ਬੱਚੇ ਸਿੱਖਦੇ ਰਹਿਣ ਅਤੇ ਵਧਦੇ ਰਹਿਣ ਲਈ ਪ੍ਰੇਰਿਤ ਹੋਣ।

ਬੱਚਿਆਂ ਨੂੰ ਆਤਮ ਨਿਰਭਰ ਅਤੇ ਕੁਸ਼ਲ ਬਣਾਉਣ ਲਈ ਰੋਜ਼ਾਨਾ ਦੀਆਂ ਜ਼ਿੰਮੇਵਾਰੀਆਂ ਦੇਣਾ ਚੰਗਾ ਹੈ। ਮਾਪਿਆਂ ਨੂੰ ਬੋਲ ਕੇ ਉਨ੍ਹਾਂ ਚਰਿੱਤਰ ਗੁਣਾਂ ਦੀ ਪੁਸ਼ਟੀ ਕਰਨੀ ਚਾਹੀਦੀ ਹੈ ਜੋ ਉਹ ਆਪਣੇ ਬੱਚੇ ਵਿੱਚ ਕੰਮ ਕਰਦੇ ਸਮੇਂ ਵੇਖਦੇ ਹਨ, ਜਿਵੇਂ ਕਿ ਪਹਿਲਕਦਮੀ, ਮਿਹਨਤ, ਸਾਵਧਾਨੀ ਅਤੇ ਲਗਨ। ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਪਰਮੇਸ਼ੁਰ ਦੇ ਬਚਨ ਵਿੱਚ ਸਿਖਾਏ ਗਏ ਕੰਮ ਦੇ ਸਿਧਾਂਤ ਸਿਖਾਉਣੇ ਚਾਹੀਦੇ ਹਨ।

ਬੱਚਿਆਂ ਲਈ ਇਹ ਚੰਗਾ ਹੈ ਕਿ ਉਨ੍ਹਾਂ ਕੋਲ ਪੈਸਾ ਕਮਾਉਣ ਦਾ ਮੌਕਾ ਹੋਵੇ ਜਿਸ ਨੂੰ ਖਰਚ ਕਰਨ ਦੀ ਉਹ ਚੋਣ ਕਰ ਸਕਦੇ ਹਨ। ਉਹ ਆਪਣੇ ਕੰਮ ਦੀ ਕੀਮਤ ਸਿੱਖਦੇ ਹਨ ਅਤੇ ਸਿੱਖਦੇ ਹਨ ਕਿ ਆਪਣੇ ਪੈਸੇ ਨੂੰ ਸਭ ਤੋਂ ਵਧੀਆ ਲਾਭ ਲਈ ਕਿਵੇਂ ਵਰਤਣਾ ਹੈ। ਇੱਕ ਬੱਚਾ ਜੋ ਪੈਸਾ ਕਮਾਉਣ ਲਈ ਕੰਮ ਕਰਦਾ ਹੈ ਉਹ ਇਹ ਮਹਿਸੂਸ ਕਰ ਸਕਦਾ ਹੈ ਕਿ ਉਸ ਨੂੰ ਇਹ ਸਭ ਕੁਝ ਕੈਂਡੀ ਲਈ ਖਰਚ ਨਹੀਂ ਕਰਨਾ ਚਾਹੀਦਾ; ਉਹ ਕੁਝ ਅਜਿਹਾ ਖਰੀਦਣਾ ਚਾਹੁੰਦਾ ਹੈ ਜੋ ਉਹ ਰੱਖ ਸਕਦਾ ਹੈ। ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਈਸ਼ੁਰੀ ਤਰੀਕਿਆਂ ਨਾਲ ਪੈਸੇ ਬਾਰੇ ਸੋਚਣ ਅਤੇ ਪੈਸੇ ਨੂੰ ਵਰਤਣ ਦੀ ਸਿਖਲਾਈ ਦੇਣੀ ਚਾਹੀਦੀ ਹੈ।

ਬੱਚਿਆਂ ਅਤੇ ਕਿਸ਼ੋਰਾਂ ਲਈ ਇਹ ਚੰਗਾ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਦੀਆਂ ਯੋਗਤਾਵਾਂ ਨੂੰ ਵਿਕਸਤ ਕਰਨ ਵਾਲੇ ਕੰਮਾਂ ਦੀਆਂ ਕਿਸਮਾਂ ਨਾਲ ਜਾਣੂ ਕਰਵਾਇਆ ਜਾਵੇ। ਇਹ ਚੰਗਾ ਹੈ ਜੇਕਰ ਇੱਕ ਨੌਜਵਾਨ ਨੂੰ ਸਿੱਖਣ ਲਈ ਵੱਖ-ਵੱਖ ਹੁਨਰਾਂ ਵਾਲੇ ਲੋਕਾਂ ਨਾਲ ਕੰਮ ਕਰਨ ਦਾ ਮੌਕਾ ਮਿਲੇ।

► ਤੁਹਾਡੇ ਸਮਾਜ ਵਿੱਚ ਬਾਲ ਮਜ਼ਦੂਰੀ ਦੀਆਂ ਕਿਹੜੀਆਂ ਸਥਿਤੀਆਂ ਮੌਜੂਦ ਹਨ? ਮਾਪਿਆਂ ਨੂੰ ਕੀ ਕਰਨਾ ਚਾਹੀਦਾ ਹੈ? ਕਲੀਸਿਯਾ ਨੂੰ ਕੀ ਕਰਨਾ ਚਾਹੀਦਾ ਹੈ?

## ਉਦੇਸ਼ਪੂਰਣ ਬਾਲ ਵਿਕਾਸ

ਮਾਪੇ ਆਪਣੇ ਬੱਚਿਆਂ ਦੇ ਚਰਿੱਤਰ ਨੂੰ ਵਿਕਸਤ ਕਰਨ ਲਈ ਜ਼ਿੰਮੇਵਾਰ ਹਨ। ਇੱਕ ਮਸੀਹੀ ਜੋੜੇ, ਮੈਟ ਅਤੇ ਮੈਰੀ ਫ੍ਰੀਡਮੈਨ, ਨੇ ਉਨ੍ਹਾਂ ਗੁਣਾਂ ਨੂੰ ਸੂਚੀਬੱਧ ਕੀਤਾ ਜੋ ਉਹ ਆਪਣੇ ਬੱਚਿਆਂ ਦੀ ਵਿਕਸਤ ਕਰਨ ਵਿੱਚ ਮਦਦ ਕਰਨਾ ਚਾਹੁੰਦੇ ਸਨ। ਸੂਚੀ ਬਣਾਉਣ ਤੋਂ ਬਾਅਦ, ਉਨ੍ਹਾਂ ਨੇ ਇਸ ਦੀ ਸਮੀਖਿਆ ਕੀਤੀ ਅਤੇ ਉਨ੍ਹਾਂ ਕਾਰਜਾਂ ਲਈ ਯੋਜਨਾਵਾਂ ਬਣਾਈਆਂ ਜੋ ਉਨ੍ਹਾਂ ਦੇ ਬੱਚਿਆਂ ਦੀ ਇਨ੍ਹਾਂ ਵਿੱਚੋਂ

ਹਰੇਕ ਗੁਣ ਨੂੰ ਵਿਕਸਤ ਕਰਨ ਵਿੱਚ ਮਦਦ ਕਰਨਗੀਆਂ। ਪ੍ਰਕਿਰਿਆ ਤੇਜ਼ ਨਹੀਂ ਹੋਵੇਗੀ। ਇਹ ਗੁਣ ਅਚਾਨਕ ਪਰਗਟ ਨਹੀਂ ਹੁੰਦੇ। ਮਾਪਿਆਂ ਨੂੰ ਆਪਣੇ ਬੱਚਿਆਂ ਦੀ ਪਰਵਰਿਸ਼ ਦੇ ਸਾਲਾਂ ਦੌਰਾਨ ਉਦੇਸ਼ਪੂਰਣ ਅਤੇ ਇਕਸਾਰ ਹੋਣਾ ਚਾਹੀਦਾ ਹੈ। ਹੇਠਾਂ ਦਿੱਤੀ ਸੂਚੀ ਵਿੱਚ ਫ੍ਰੀਡਮੈਨ ਦੁਆਰਾ ਸੂਚੀਬੱਧ ਕੁਝ ਗੁਣ ਹਨ।[40] ਸੂਚੀ ਵਿੱਚ ਹੋਰ ਗੁਣ ਵੀ ਸ਼ਾਮਲ ਕੀਤੇ ਗਏ ਹਨ।

| ਸ਼੍ਰੇਣੀ | 18 ਸਾਲ ਦੀ ਉਮਰ ਤਕ ਕਿਹੜੇ ਗੁਣ ਹੋਣੇ ਚਾਹੀਦੇ ਹਨ |
|---|---|
| ਆਤਮਿਕਤਾ | • ਜਾਣਨਾ ਕਿ ਉਹ ਸਦੀਵੀ ਮਹੱਤਵ ਰੱਖਣ ਵਾਲੇ ਹਨ ਜੋ ਪਰਮੇਸ਼ੁਰ ਦੇ ਸਰੂਪ ਉੱਤੇ ਬਣਾਏ ਗਏ ਹਨ<br>• ਜਾਣਨਾ ਕਿ ਉਹ ਪਾਪੀ ਹਨ ਜਿਨ੍ਹਾਂ ਨੂੰ ਇੱਕ ਮੁਕਤੀਦਾਤਾ ਦੀ ਲੋੜ ਹੈ<br>• ਮਸੀਹ ਪ੍ਰਤੀ ਸਮਰਪਣ ਕਰਨਾ<br>• ਰੋਜ਼ਾਨਾ ਭਗਤੀ ਭਰਿਆ ਜੀਵਨ ਬਤੀਤ ਕਰਨਾ<br>• ਆਤਮਿਕ ਵਰਦਾਨਾਂ ਦਾ ਅਭਿਆਸ ਕਰਨਾ<br>• ਮਸੀਹੀ ਸੇਵਾ ਲਈ ਤਿਆਰ ਰਹਿਣਾ<br>• ਵਿਆਹ ਤੱਕ ਲਿੰਗਕ ਤੌਰ 'ਤੇ ਸ਼ੁੱਧ ਰਹਿਣਾ |
| ਬਾਈਬਲ ਦਾ ਗਿਆਨ | • ਬੁਨਿਆਦੀ ਮਸੀਹੀ ਸਿਧਾਂਤਾਂ ਨੂੰ ਸਮਝਣਾ<br>• ਮੁੱਖ ਵਚਨ (300 ਆਇਤਾਂ) ਯਾਦ ਹੋਣਾ<br>• ਬਾਈਬਲ ਦੀਆਂ ਕਹਾਣੀਆਂ ਨੂੰ ਜਾਣਨਾ<br>• ਬਾਈਬਲ ਦੀਆਂ ਕਿਤਾਬਾਂ ਨੂੰ ਜਾਣਨਾ<br>• ਦਸ ਹੁਕਮਾਂ ਅਤੇ ਪਹਾੜੀ ਉਪਦੇਸ਼ ਨੂੰ ਜਾਣਨਾ<br>• ਪੂਰੀ ਬਾਈਬਲ ਵਿੱਚ ਪਾਪ ਅਤੇ ਮੁਕਤੀ ਬਾਰੇ ਖੁਸ਼ ਖਬਰੀ ਦੇ ਵਿਸ਼ੇ ਵੇਖਣਾ |
| ਬਾਈਬਲ ਅਧਾਰਤ ਦ੍ਰਿਸ਼ਟੀਕੋਣ | • ਆਪਣੇ ਵਿਸ਼ਵਾਸ ਦਾ ਬਚਾਅ ਕਰਨਾ ਜਾਣਨਾ<br>• ਬਾਈਬਲ ਦੇ ਦ੍ਰਿਸ਼ਟੀਕੋਣ ਤੋਂ ਜੀਵਨ ਦੇ ਵੱਡੇ ਸਵਾਲਾਂ ਦੇ ਜਵਾਬ ਦੇਣ ਦੇ ਯੋਗ ਹੋਣਾ।<br>• ਸਮਝਣਾ ਕਿ ਸੰਸਾਰ ਦੇ ਧਰਮਾਂ ਅਤੇ ਸੰਪਰਦਾਵਾਂ ਵਿੱਚ ਮਸੀਹੀ ਧਰਮ ਨੂੰ ਕੀ ਵਿਲੱਖਣ ਬਣਾਉਂਦਾ ਹੈ |

[40] Matt Friedeman, *Discipleship in the Home,* (Wilmore: Francis Asbury Society, 2010), 31-33.

| | |
|---|---|
| ਬੁੱਧੀ (ਪੜ੍ਹਾਈ) | • ਜੇ ਸੰਭਵ ਹੋਵੇ ਤਾਂ ਮਸੀਹੀ ਸਿੱਖਿਆ ਪ੍ਰਾਪਤ ਕਰਨਾ<br>• ਪੋਡਕਾਸਟ ਜਾਂ ਸਿੱਖਿਆਦਾਇਕ ਵੀਡੀਓ ਪੜ੍ਹਨ ਜਾਂ ਸੁਣਨ ਦੇ ਖੇਤਰ ਵਿੱਚ ਸਥਾਪਿਤ ਹੋਣਾ<br>• ਆਪਣੇ ਦੇ ਵਰਦਾਨਾਂ ਅਤੇ ਬੁਲਾਹਟ ਦੇ ਆਧਾਰ 'ਤੇ ਕਾਲਜ ਜਾਂ ਕਿੱਤਾਮੁਖੀ ਸਿਖਲਾਈ ਵਿੱਚ ਸ਼ਾਮਲ ਹੋਣਾ |
| ਚਰਿੱਤਰ | • ਸੰਜਮ ਦਾ ਅਭਿਆਸ ਕਰਨਾ<br>• ਹਲੀਮ ਬਣਨਾ—ਮਾਫ਼ੀ ਮੰਗਣ ਦੇ ਯੋਗ ਬਣਨਾ<br>• ਅਧਿਕਾਰ ਪ੍ਰਤੀ ਆਦਰ ਵਿਖਾਉਣਾ<br>• ਦਿਆਲਤਾ ਨਾਲ ਬੋਲਣਾ<br>• ਸਮੇਂ ਦੀ ਸਮਝਦਾਰੀ ਨਾਲ ਵਰਤੋਂ ਕਰਨਾ ਸਿੱਖਣਾ—ਸੋਸ਼ਲ ਮੀਡੀਆ, ਮਨੋਰੰਜਨ ਅਤੇ ਹੋਰ ਬਹੁਤ ਕੁਝ ਦੀ ਵਰਤੋਂ ਵਿੱਚ ਆਪਣੇ ਆਪ ਨੂੰ ਅਨੁਸ਼ਾਸਿਤ ਕਰਨਾ। |
| ਪੈਸਾ ਅਤੇ ਸੇਵਾ | • ਗਰੀਬਾਂ ਲਈ ਪਰਮੇਸ਼ੁਰ ਦੀ ਚਿੰਤਾ ਨੂੰ ਸਮਝਣਾ<br>• ਉਦਾਰਤਾ ਦਾ ਅਭਿਆਸ ਕਰਨਾ ਅਤੇ ਗਰੀਬਾਂ ਦੀ ਸੇਵਾ ਕਰਨਾ<br>• ਦਸਵੰਧ ਦੇਣ ਅਤੇ ਬੱਚਤ ਕਰਨ ਦਾ ਅਭਿਆਸ ਕਰਨਾ<br>• ਵਿੱਤੀ ਬਜਟ ਦੀ ਵਰਤੋਂ ਕਰਨਾ ਸਿੱਖਣਾ |
| ਰਿਸ਼ਤੇ | • ਭੈਣਾਂ-ਭਰਾਵਾਂ ਨਾਲ ਪਿਆਰ ਕਰਨਾ ਅਤੇ ਉਨ੍ਹਾਂ ਨਾਲ ਮਿਲ ਕੇ ਰਹਿਣਾ<br>• ਸਮਾਜਿਕ ਮਾਹੌਲ ਵਿੱਚ ਆਮ ਸ਼ਿਸ਼ਟਾਚਾਰ ਵਿਖਾਉਣਾ<br>• ਸਿੱਖਣਾ ਕਿ ਇੱਕ ਵਫ਼ਾਦਾਰ ਦੋਸਤ ਕਿਵੇਂ ਬਣਨਾ ਹੈ<br>• ਬਾਲਗਾਂ ਨਾਲ ਆਦਰ ਅਤੇ ਦਲੇਰੀ ਨਾਲ ਗੱਲ ਕਰਨ ਦੇ ਯੋਗ ਹੋਣਾ |
| ਸਿਹਤ | • ਚੰਗੀ ਸਫਾਈ ਦਾ ਅਭਿਆਸ ਕਰਨਾ<br>• ਨਿਯਮਿਤ ਤੌਰ 'ਤੇ ਕਸਰਤ ਕਰਨਾ<br>• ਉਨ੍ਹਾਂ ਲਈ ਜੋ ਵੀ ਭੋਜਨ ਪਰੋਸਿਆ ਜਾਂਦਾ ਹੈ ਉਹ ਖਾਣਾ<br>• ਜਦੋਂ ਵੀ ਸੰਭਵ ਹੋਵੇ ਸਿਹਤਮੰਦ ਭੋਜਨ ਦੀ ਚੋਣ ਕਰਨਾ |
| ਹੁਨਰ | • ਪਰਮੇਸ਼ੁਰ ਦੁਆਰਾ ਦਿੱਤੇ ਗਏ ਵਰਦਾਨਾਂ ਨੂੰ ਵਿਕਸਤ ਕਰਨਾ<br>• ਇਕਸਾਰ ਅਭਿਆਸ ਦੇ ਅਨੁਸ਼ਾਸਨ ਦੁਆਰਾ ਆਪਣੇ ਹੁਨਰ ਨੂੰ ਵਿਕਸਤ ਕਰਨਾ |

ਮੈਟ ਫ੍ਰੀਡਮੈਨ ਨੇ ਦੱਸਿਆ ਕਿ ਉਸ ਨੇ ਅਤੇ ਉਸ ਦੀ ਪਤਨੀ ਨੇ ਇਨ੍ਹਾਂ ਗੁਣਾਂ ਨੂੰ ਸੂਚੀਬੱਧ ਕਰਨ ਤੋਂ ਬਾਅਦ ਕੀ ਕੀਤਾ।

> ਜਿਵੇਂ ਹੀ ਸਾਡੇ ਕੋਲ ਉਪਰੋਕਤ [ਗੁਣ] ਇੱਕ ਕਾਗਜ਼ ਦੀ ਇੱਕ ਸ਼ੀਟ 'ਤੇ ਸਨ, ਅਸੀਂ ਸ਼ੀਟ ਦੇ ਵਿਚਕਾਰ ਇੱਕ ਲਾਈਨ ਖਿੱਚੀ ਅਤੇ ਆਪਣੇ ਆਪ ਤੋਂ ਪੁੱਛਿਆ, "ਹੁਣ, ਸਾਨੂੰ [ਆਪਣੇ ਬੱਚਿਆਂ ਵਿੱਚ ਇਨ੍ਹਾਂ ਗੁਣਾਂ ਨੂੰ ਵਿਕਸਤ ਕਰਨ ਲਈ ਆਪਣੇ ਹਿੱਸੇ ਦਾ ਕੰਮ] ਕਰਨ ਲਈ ਕੀ ਕਰਨਾ ਪਵੇਗਾ?" ਕਾਗਜ਼ ਦੀ ਸ਼ੀਟ ਦੇ ਖੱਬੇ ਪਾਸੇ, ਅਸੀਂ [ਆਪਣੀਆਂ] ਮਾਪਿਆਂ ਦੀਆਂ ਜ਼ਿੰਮੇਵਾਰੀਆਂ ਲਿਖੀਆਂ।[41]

ਜੇਕਰ ਇਹ ਬਹੁਤ ਸਾਰੀ ਜ਼ਿੰਮੇਵਾਰੀ ਜਾਪਦੀ ਹੈ, ਤਾਂ ਯਾਦ ਰੱਖੋ ਕਿ ਪਰਮੇਸ਼ੁਰ ਨੇ ਸਾਨੂੰ ਆਪਣੇ ਬੱਚਿਆਂ ਨੂੰ ਚੇਲੇ ਬਣਾਉਣ ਲਈ 16-18 ਸਾਲ ਦਿੱਤੇ ਹਨ। ਇਹ ਮਹੱਤਵਪੂਰਣ ਹੈ:

1. ਚੇਲੇ ਬਣਾਉਣ ਦੀ ਯੋਜਨਾ ਨੂੰ ਲਾਗੂ ਕਰਨਾ।
2. ਪਰਿਵਾਰਕ ਰਸਮਾਂ, ਜਿਵੇਂ ਕਿ ਰੋਜ਼ਾਨਾ ਭੋਜਨ ਅਤੇ ਕੁਝ ਮਿੰਟਾਂ ਦੀ ਢਾਂਚਾਗਤ ਸਿੱਖਿਆ/ਸਿਖਲਾਈ ਸਥਾਪਤ ਕਰਨਾ।
3. ਸਿਖਾਉਣ ਅਤੇ ਸਿਖਲਾਈ ਦੇਣ ਦੇ ਬਹੁਤ ਸਾਰੇ ਮੌਕਿਆਂ ਦੀ ਵਰਤੋਂ ਕਰਦੇ ਹੋਏ, ਚੇਲੇ ਬਣਨ ਨੂੰ ਰੋਜ਼ਾਨਾ ਜੀਵਨ ਦਾ ਇੱਕ ਕੁਦਰਤੀ ਹਿੱਸਾ ਬਣਾਉਣਾ।
4. ਆਪਣੇ ਬੱਚਿਆਂ ਉੱਤੇ ਲਗਾਤਾਰ ਪਰਮੇਸ਼ੁਰ ਦੇ ਵਚਨ ਦੀ ਪ੍ਰਾਰਥਨਾ ਕਰੋ।
5. ਕਦੇ ਵੀ ਹਾਰ ਨਾ ਮੰਨੋ, ਭਾਵੇਂ ਤੁਸੀਂ ਅਸਫਲ ਹੋ ਜਾਓ।

► ਉੱਪਰ ਦਿੱਤੇ ਚਾਰਟ ਵਿੱਚੋਂ ਕੁਝ ਚੀਜ਼ਾਂ ਚੁਣੋ ਅਤੇ ਦੱਸੋ ਕਿ ਮਾਪੇ ਉਨ੍ਹਾਂ ਟੀਚਿਆਂ ਨੂੰ ਉਦੇਸ਼ਪੂਰਣ ਢੰਗ ਨਾਲ ਪ੍ਰਾਪਤ ਕਰਨ ਲਈ ਕੀ ਕਰ ਸਕਦੇ ਹਨ।

## ਮਨੁੱਖੀ ਇੱਛਾ ਸ਼ਕਤੀ ਦਾ ਕਾਰਕ

► ਕਈ ਵਾਰ ਕੋਈ ਵਿਅਕਤੀ ਆਖਦਾ ਹੈ, "ਮੇਰੇ ਅਨੁਭਵਾਂ ਨੇ ਮੈਨੂੰ ਉਸ ਤਰ੍ਹਾਂ ਦਾ ਵਿਅਕਤੀ ਬਣਾਇਆ ਜਿਸ ਤਰ੍ਹਾਂ ਦਾ ਮੈਂ ਹਾਂ।" ਇਸੇ ਤਰ੍ਹਾਂ ਦਾ ਇੱਕ ਬਿਆਨ ਇਹ ਹੈ “ਇੱਕ ਵਿਅਕਤੀ ਆਪਣੇ ਵਾਤਾਵਰਣ ਦੀ ਉਪਜ ਹੁੰਦਾ ਹੈ।” ਕੀ ਇਹ ਕਥਨ ਸੱਚ ਹਨ?

---

[41] Matt Friedeman, *Discipleship in the Home*, 33.

ਮਨੁੱਖ ਪਰਮੇਸ਼ੁਰ ਦੇ ਸਰੂਪ 'ਤੇ ਬਣਾਏ ਗਏ ਹਨ। ਲੋਕ ਅਸਲ ਚੋਣਾਂ ਕਰਦੇ ਹਨ ਅਤੇ ਪ੍ਰਵਿਰਤੀ ਜਾਂ ਵਾਤਾਵਰਣ ਦੁਆਰਾ ਨਿਯੰਤਰਿਤ ਨਹੀਂ ਹੁੰਦੇ। ਵਚਨ ਵਿੱਚ ਪਰਮੇਸ਼ੁਰ ਲੋਕਾਂ ਨੂੰ ਸਹੀ ਕਰਨ ਅਤੇ ਬੁਰਾਈ ਤੋਂ ਇਨਕਾਰ ਕਰਨ ਲਈ ਕਹਿੰਦਾ ਹੈ।[42] ਪਰਮੇਸ਼ੁਰ ਲੋਕਾਂ ਦਾ ਉਨ੍ਹਾਂ ਦੇ ਫੈਸਲਿਆਂ ਲਈ ਨਿਆਂ ਕਰਦਾ ਹੈ।

ਸਾਡਾ ਮਹੌਲ ਅਤੇ ਅਨੁਭਵ ਸਾਨੂੰ ਪ੍ਰਭਾਵਿਤ ਕਰਦੇ ਹਨ, ਪਰ ਉਹ ਸਾਨੂੰ ਨਿਯੰਤਰਿਤ ਨਹੀਂ ਕਰਦੇ, ਕਿਉਂਕਿ ਪਰਮੇਸ਼ੁਰ ਦੇ ਸਰੂਪ ਉੱਤੇ ਬਣਾਏ ਗਏ ਮਨੁੱਖ ਹੋਣ ਦੇ ਨਾਤੇ ਅਸੀਂ ਅਸਲ ਚੋਣਾਂ ਕਰਦੇ ਹਾਂ। ਇਸ ਦਾ ਮਤਲਬ ਹੈ ਕਿ ਇੱਕ ਬੱਚਾ ਅੰਤ ਵਿੱਚ ਅਜਿਹੇ ਵਿਕਲਪ ਬਣਾ ਸਕਦਾ ਹੈ ਜੋ ਉਸ ਘਰ ਅਤੇ ਮਹੌਲ ਦੇ ਉਲਟ ਹਨ ਜਿੱਥੇ ਉਹ ਪਲਿਆ ਸੀ। ਇੱਕ ਬੱਚਾ ਜੋ ਇੱਕ ਗ਼ੈਰ-ਯਹੂਦੀ ਘਰ ਤੋਂ ਆਇਆ ਸੀ ਜਿੱਥੇ ਇੱਕ ਪਾਪੀ ਜੀਵਨ ਆਮ ਸੀ, ਤੋਬਾ ਕਰ ਸਕਦਾ ਹੈ ਅਤੇ ਪਰਮੇਸ਼ੁਰ ਲਈ ਜੀ ਸਕਦਾ ਹੈ। ਇੱਕ ਮਸੀਹੀ ਘਰ ਦਾ ਬੱਚਾ ਪਰਮੇਸ਼ੁਰ ਦਾ ਅਨੁਸਰਣ ਨਾ ਕਰਨ ਦੀ ਚੋਣ ਕਰ ਸਕਦਾ ਹੈ।

ਹਾਲਾਂਕਿ ਲੋਕ ਅਸਲ ਚੋਣਾਂ ਕਰਦੇ ਹਨ, ਪਰ ਉਹ ਪੂਰੀ ਤਰ੍ਹਾਂ ਆਜ਼ਾਦ ਨਹੀਂ ਹੁੰਦੀਆਂ ਹਨ। ਬਾਈਬਲ ਸਾਨੂੰ ਦੱਸਦੀ ਹੈ ਕਿ ਅਸੀਂ ਇੱਕ ਅਜਿਹੇ ਸੁਭਾਅ ਨਾਲ ਪੈਦਾ ਹੋਏ ਹਾਂ ਜਿਸ ਵਿੱਚ ਪਾਪ ਕਰਨ ਦੀ ਪ੍ਰਵਿਰਤੀ ਹੈ (ਜ਼ਬੂਰ 51:5, ਜ਼ਬੂਰ 58:3)। ਮਨੁੱਖਾਂ ਵਿੱਚ ਅਧਿਕਾਰ ਦਾ ਵਿਰੋਧ ਕਰਨ, ਆਪਣੀ ਦਿਸ਼ਾ ਚੁਣਨ, ਪਰਤਾਵੇ ਅੱਗੇ ਝੁਕਣ, ਦੂਸਰਿਆਂ ਨੂੰ ਧੋਖਾ ਦੇਣ ਅਤੇ ਸੁਆਰਥੀ ਹੋਣ ਦੀ ਸੁਭਾਵਕ ਪ੍ਰਵਿਰਤੀ ਹੁੰਦੀ ਹੈ (ਅਫ਼ਸੀਆਂ 2:1-3)। ਬੱਚੇ ਨਿਰਪੱਖ ਨਹੀਂ ਹੁੰਦੇ, ਜੋ ਕਿਸੇ ਵੀ ਦਿਸ਼ਾ ਵਿੱਚ ਅਗਵਾਈ ਕੀਤੇ ਜਾਣ ਦੀ ਉਡੀਕ ਕਰਦੇ ਹਨ। ਬੱਚੇ ਆਪਣੀਆਂ ਇੱਛਾਵਾਂ ਪੂਰੀਆਂ ਕਰਨ ਦੇ ਤਰੀਕੇ ਜਲਦੀ ਲੱਭਦੇ ਹਨ ਭਾਵੇਂ ਉਨ੍ਹਾਂ ਨੂੰ ਝੂਠ ਬੋਲਣਾ ਪਵੇ ਅਤੇ ਜੋ ਉਹ ਚਾਹੁੰਦੇ ਹਨ ਉਸ ਨੂੰ ਪ੍ਰਾਪਤ ਕਰਨ ਲਈ ਭਾਵੇਂ ਅਣਆਗਿਆਕਾਰੀ ਕਰਨੀ ਪਵੇ। ਇਸ ਤੋਂ ਇਲਾਵਾ, ਅਸੀਂ ਜਾਣਦੇ ਹਾਂ ਕਿ ਸ਼ਤਾਨ ਉਨ੍ਹਾਂ ਨੂੰ ਧੋਖਾ ਦੇਣ ਅਤੇ ਉਨ੍ਹਾਂ ਨੂੰ ਭਰਮਾਉਣ ਦੀ ਕੋਸ਼ਿਸ਼ ਕਰਦਾ ਹੈ (ਅਫ਼ਸੀਆਂ 2:2, ਪਰਕਾਸ਼ ਦੀ ਪੋਥੀ 12:9)।

ਮਾਪਿਆਂ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਬੱਚੇ ਨੂੰ ਸਹੀ ਕੰਮ ਕਰਨ ਲਈ ਪ੍ਰੇਰਿਤ ਕਰਨ ਵਾਸਤੇ ਸਿਰਫ਼ ਹਦਾਇਤ ਹੀ ਕਾਫ਼ੀ ਨਹੀਂ ਹੈ। ਇੱਕ ਆਤਮਿਕ ਸੰਘਰਸ਼ ਹੁੰਦਾ ਹੈ (ਗਲਾਤੀਆਂ 5:17)। ਮਾਪਿਆਂ ਨੂੰ ਪਰਮੇਸ਼ੁਰ ਦੀ ਆਤਮਾ ਲਈ ਪ੍ਰਾਰਥਨਾ ਕਰਨੀ ਚਾਹੀਦੀ ਹੈ ਕਿ ਉਹ ਬੱਚੇ ਨੂੰ ਪ੍ਰਭਾਵਿਤ ਕਰੇ ਅਤੇ ਉਸ ਦੀ ਅਗਵਾਈ ਕਰੇ। ਮਾਪਿਆਂ ਨੂੰ ਬੁੱਧੀ ਅਤੇ ਚੰਗੀਆਂ ਆਤਮਿਕ ਉਦਾਹਰਣਾਂ ਬਣਨ ਲਈ ਤਾਕਤ ਵਾਸਤੇ ਪਰਮੇਸ਼ੁਰ 'ਤੇ ਨਿਰਭਰ ਹੋਣਾ ਚਾਹੀਦਾ ਹੈ। ਮਾਪਿਆਂ ਨੂੰ ਦਿਲੋਂ ਪ੍ਰਾਰਥਨਾ ਕਰਨੀ ਚਾਹੀਦੀ ਹੈ ਕਿ ਉਨ੍ਹਾਂ ਦਾ ਬੱਚਾ ਛੋਟੀ ਉਮਰ ਵਿੱਚ ਹੀ ਤੋਬਾ ਕਰੇ ਅਤੇ ਆਤਮਿਕ ਪੁਨਰ ਜਨਮ ਦਾ ਅਨੁਭਵ ਕਰੇ।

ਭਾਵੇਂ ਬੱਚਾ ਬਦਲ ਗਿਆ ਹੈ, ਮਾਪਿਆਂ ਨੂੰ ਬੱਚੇ ਤੋਂ ਇਹ ਉਮੀਦ ਨਹੀਂ ਕਰਨੀ ਚਾਹੀਦੀ ਕਿ ਉਹ ਇੱਕ ਪਰਿਪੱਕ ਮਸੀਹੀ ਵਾਂਗ ਹੋਵੇ। ਉਸ ਦੇ ਰਵੱਈਏ ਅਤੇ ਭਾਵਨਾਵਾਂ ਇਕਸਾਰ ਨਹੀਂ ਹੋਣਗੀਆਂ। ਉਹ ਕਈ ਵਾਰ ਪਰਤਾਵੇ ਵਿੱਚ ਪੈ ਸਕਦਾ ਹੈ। ਜਿੰਨਾ ਚਿਰ ਬੱਚਾ ਸਹੀ ਕਰਨ ਦੀ ਇੱਛਾ ਵਿਖਾਉਂਦਾ ਹੈ, ਮਾਪਿਆਂ ਨੂੰ ਬੱਚੇ ਨੂੰ ਇਹ ਆਖ ਕੇ ਨਿਰਾਸ਼ ਨਹੀਂ ਕਰਨਾ ਚਾਹੀਦਾ ਕਿ ਉਹ ਇੱਕ ਮਸੀਹੀ ਵਾਂਗ

---

[42] ਯਹੋਸ਼ੁਆ 24:14-15, ਹਿਜ਼ਕੀਏਲ 33:10-11, ਪਰਕਾਸ਼ ਦੀ ਪੋਥੀ 22:17

ਜੀਣ ਵਿੱਚ ਅਸਫਲ ਹੋ ਰਿਹਾ ਹੈ। ਇਸ ਦੀ ਬਜਾਏ, ਮਾਪਿਆਂ ਨੂੰ ਬੱਚੇ ਦੇ ਚੰਗੇ ਵਿਹਾਰਾਂ ਦੀ ਪ੍ਰਸ਼ੰਸਾ ਕਰਨੀ ਚਾਹੀਦੀ ਹੈ ਅਤੇ ਉਸ ਨੂੰ ਉਸ ਦੇ ਸੰਘਰਸ਼ਾਂ ਵਿੱਚ ਪਰਮੇਸ਼ੁਰ ਤੋਂ ਮਦਦ ਮੰਗਣ ਲਈ ਪ੍ਰਾਰਥਨਾ ਕਰਨ ਵਾਸਤੇ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਭਾਵੇਂ ਹਰ ਮਨੁੱਖ ਪਾਪ ਵੱਲ ਝੁਕਾਅ ਦੇ ਨਾਲ ਪੈਦਾ ਹੁੰਦਾ ਹੈ, ਪਰ ਹਰ ਮਨੁੱਖ ਨੂੰ ਪਰਮੇਸ਼ੁਰ ਦੀ ਜ਼ਰੂਰਤ ਵੀ ਹੁੰਦੀ ਹੈ। ਪਵਿੱਤਰ ਆਤਮਾ ਹਰੇਕ ਵਿਅਕਤੀ ਨਾਲ ਗੱਲ ਕਰਦਾ ਹੈ ਅਤੇ ਪਰਮੇਸ਼ੁਰ ਨਾਲ ਰਿਸ਼ਤੇ ਵਿੱਚ ਰਹਿਣ ਦੀ ਇੱਛਾ ਦਿੰਦਾ ਹੈ। ਅਸੀਂ ਜਾਣਦੇ ਹਾਂ ਕਿ ਜਦੋਂ ਅਸੀਂ ਆਪਣੇ ਬੱਚਿਆਂ ਨੂੰ ਪਰਮੇਸ਼ੁਰ ਦਾ ਬਚਨ ਸਿਖਾਉਂਦੇ ਹਾਂ ਤਾਂ ਪਰਮੇਸ਼ੁਰ ਸਾਡੀ ਸਹਾਇਤਾ ਕਰਦਾ ਹੈ। ਪਰਮੇਸ਼ੁਰ ਦਾ ਆਤਮਾ ਬੱਚੇ ਦੇ ਅੰਦਰ ਇੱਕ ਵਕੀਲ ਵਾਂਗ ਹੁੰਦਾ ਹੈ, ਸੱਚਾਈ ਦੀ ਪੁਸ਼ਟੀ ਕਰਦਾ ਹੈ ਅਤੇ ਉਸ ਨੂੰ ਪਰਮੇਸ਼ੁਰ ਨਾਲ ਰਿਸ਼ਤਾ ਰੱਖਣ ਦੀ ਇੱਛਾ ਦਿੰਦਾ ਹੈ।

### ਪਰਿਵਾਰਕ ਅਰਾਧਨਾ ਦਾ ਸਮਾਂ

ਪਰਿਵਾਰਾਂ ਨੂੰ ਕੁਝ ਮਿੰਟਾਂ ਲਈ ਬਾਈਬਲ ਪੜ੍ਹਨ, ਚਰਚਾ ਅਤੇ ਪ੍ਰਾਰਥਨਾ ਲਈ ਰੋਜ਼ਾਨਾ ਇਕੱਠੇ ਹੋਣਾ ਚਾਹੀਦਾ ਹੈ। ਮਾਪਿਆਂ ਅਤੇ ਘਰ ਦੇ ਸਾਰੇ ਬੱਚਿਆਂ ਨੂੰ ਹਾਜ਼ਰ ਹੋਣਾ ਚਾਹੀਦਾ ਹੈ। ਪਿਤਾ ਨੂੰ ਅਗਵਾਈ ਕਰਨੀ ਚਾਹੀਦੀ ਹੈ, ਪਰ ਉਹ ਪਰਿਵਾਰ ਦੇ ਮੈਂਬਰਾਂ ਨੂੰ ਵਚਨ ਪੜ੍ਹਨ ਅਤੇ ਵੱਖ-ਵੱਖ ਤਰੀਕਿਆਂ ਨਾਲ ਹਿੱਸਾ ਲੈਣ ਲਈ ਕਹਿ ਸਕਦਾ ਹੈ।

ਅਰਾਧਨਾ ਦੇ ਸਮੇਂ ਲਈ ਹਮੇਸ਼ਾ ਇੱਕੋ ਪੈਟਰਨ ਦੀ ਪਾਲਣਾ ਕਰਨ ਦੀ ਲੋੜ ਨਹੀਂ ਹੁੰਦੀ। ਇਸ ਸਮੇਂ ਵਿੱਚ ਕਈ ਤਰ੍ਹਾਂ ਦੇ ਫਾਰਮੈਟ ਹੋ ਸਕਦੇ ਹਨ, ਅਤੇ ਇਸ ਵਿੱਚ ਬਾਈਬਲ ਦੀਆਂ ਕਹਾਣੀਆਂ, ਮਸੀਹਅਤ ਦਾ ਇਤਿਹਾਸ ਅਤੇ ਮਿਸ਼ਨਾਂ ਦੀਆਂ ਕਹਾਣੀਆਂ, ਸਵਾਲਾਂ ਦੀ ਚਰਚਾ, ਯਾਦ ਕੀਤੇ ਸਵਾਲਾਂ ਅਤੇ ਜਵਾਬਾਂ ਦੀ ਵਰਤੋਂ ਸਿਧਾਂਤਕ ਸੱਚਾਈਆਂ ਸਿਖਾਉਣ ਲਈ, ਮਸੀਹੀ ਸਮੱਗਰੀ ਨੂੰ ਪੜ੍ਹਨਾ, ਗਾਣੇ, ਬਾਈਬਲ ਯਾਦ ਕਰਨਾ, ਨਾਟਕ ਅਤੇ ਪ੍ਰਾਰਥਨਾ ਕਰਨ ਦੇ ਵੱਖ-ਵੱਖ ਤਰੀਕੇ ਸ਼ਾਮਲ ਹੋ ਸਕਦੇ ਹਨ।

ਅਰਾਧਨਾ ਦੇ ਸਮੇਂ ਦੀ ਗਤੀਵਿਧੀ ਦੀ ਉਦਾਹਰਣ: ਇੱਕ ਬਾਈਬਲ ਕਹਾਣੀ ਚੁਣੋ ਅਤੇ ਪਰਿਵਾਰ ਦੇ ਮੈਂਬਰਾਂ ਨੂੰ ਇਸ ਦਾ ਦਾ ਨਾਟਕ ਕਰਨ ਲਈ ਆਖੋ।

ਪਾਸਟਰਾਂ ਨੂੰ ਆਪਣੀ ਕਲੀਸਿਯਾ ਨੂੰ ਪਰਿਵਾਰਕ ਅਰਾਧਨਾ ਦੇ ਸਮੇਂ ਬਾਰੇ ਸਿਖਾਉਣ ਵਿੱਚ ਕੁਝ ਸਮਾਂ ਬਿਤਾਉਣਾ ਚਾਹੀਦਾ ਹੈ। ਮਾਪਿਆਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਬੱਚਿਆਂ ਨੂੰ ਪਰਮੇਸ਼ੁਰ ਦਾ ਬਚਨ ਸਿਖਾਉਣ ਦੀ ਜ਼ਿੰਮੇਵਾਰੀ ਦਿੱਤੀ ਹੈ (ਬਿਵਸਥਾ ਸਾਰ 6:5-7)।

## ਸਮੂਹ ਵਿੱਚ ਚਰਚਾ ਲਈ

► ਇਸ ਪਾਠ ਦੇ ਕਿਹੜੇ ਵਿਸ਼ੇ ਹਨ ਜੋ ਤੁਹਾਡੇ ਲਈ ਨਵੇਂ ਹਨ? ਤੁਸੀਂ ਸਿੱਖੀ ਗਈ ਸੱਚਾਈ ਨੂੰ ਕਿਵੇਂ ਲਾਗੂ ਕਰਨ ਦੀ ਯੋਜਨਾ ਬਣਾਉਂਦੇ ਹੋ?

► ਪਰਿਵਾਰਾਂ ਨੂੰ ਮਜ਼ਬੂਤ ਕਰਨ ਅਤੇ ਬੱਚਿਆਂ ਦੀ ਪਰਵਰਿਸ਼ ਵਿੱਚ ਮਾਪਿਆਂ ਦੀ ਮਦਦ ਕਰਨ ਲਈ ਕਲੀਸਿਯਾ ਕੀ ਕਰ ਸਕਦੀ ਹੈ?

► ਬੱਚਿਆਂ ਨੂੰ ਮਸੀਹ ਦਾ ਅਨੁਸਰਣ ਕਰਨ ਲਈ ਸਿਖਲਾਈ ਦੇਣ ਦੀ ਚੁਣੌਤੀ ਵਿੱਚ ਮਦਦ ਕਰਨ ਲਈ, ਕਲੀਸਿਯਾ ਦੇ ਲੋਕ ਮਿਲ ਕੇ ਕਿਵੇਂ ਕੰਮ ਕਰ ਸਕਦੇ ਹਨ?

► ਪਰਿਵਾਰਾਂ ਲਈ ਰੋਜ਼ਾਨਾ ਅਭਿਆਸਾਂ ਦੀਆਂ ਕੁਝ ਉਦਾਹਰਣਾਂ ਕੀ ਹਨ ਜਿਨ੍ਹਾਂ ਦੀ ਉਨ੍ਹਾਂ ਨੂੰ ਪਾਲਣਾ ਕਰਨੀ ਚਾਹੀਦੀ ਹੈ?

## ਪ੍ਰਾਰਥਨਾ

ਸਵਰਗੀ ਪਿਤਾ,

ਪਰਿਵਾਰ ਨੂੰ ਬਣਾਉਣ ਅਤੇ ਲੋਕਾਂ ਨੂੰ ਮਾਪੇ ਬਣਨ ਦਾ ਮਹਾਨ ਮੌਕਾ ਦੇਣ ਲਈ ਤੇਰਾ ਧੰਨਵਾਦ।

ਸਾਡੀ ਆਪਣੇ ਬੱਚਿਆਂ ਨੂੰ ਤੇਰੇ ਵਾਂਗ ਪਿਆਰ ਕਰਨ ਵਿੱਚ ਮਦਦ ਕਰ। ਸਾਡੀ ਹਮੇਸ਼ਾ ਇਹ ਯਾਦ ਰੱਖਣ ਵਿੱਚ ਮਦਦ ਕਰ ਕਿ ਉਹ ਤੈਨੂੰ ਜਾਣਨ ਅਤੇ ਤੇਰੀ ਸੇਵਾ ਕਰਨ ਲਈ ਬਣਾਏ ਗਏ ਹਨ।

ਸਾਨੂੰ ਉਹ ਪਿਆਰ, ਧੀਰਜ ਅਤੇ ਸਮਝ ਦੇ ਜਿਸ ਦੀ ਸਾਨੂੰ ਬੱਚਿਆਂ ਨੂੰ ਸਿਖਲਾਈ ਦੇਣ ਅਤੇ ਪ੍ਰਭਾਵਿਤ ਕਰਨ ਲਈ ਲੋੜ ਹੈ ਤਾਂ ਕਿ ਉਹ ਤੇਰਾ ਅਨੁਸਰਣ ਕਰ ਸਕਣ।

ਸਾਡੀਆਂ ਕਲੀਸਿਯਾਵਾਂ ਵਿੱਚ ਵਿਸ਼ਵਾਸੀਆਂ ਨੂੰ ਪਰਿਵਾਰਾਂ, ਨੌਜਵਾਨਾਂ ਅਤੇ ਬੱਚਿਆਂ ਨੂੰ ਵਿਸ਼ਵਾਸ ਅਤੇ ਆਗਿਆਕਾਰੀ ਵਿੱਚ ਮਜ਼ਬੂਤ ਹੋਣ ਲਈ ਤਿਆਰ ਕਰਨ ਦੇ ਯੋਗ ਬਣਾ।

ਆਮੀਨ

## ਪਾਠ ਕਾਰਜ

(1) ਹੇਠ ਲਿਖੇ ਹਰੇਕ ਹਵਾਲੇ ਦਾ ਅਧਿਐਨ ਕਰੋ। ਇਨ੍ਹਾਂ ਹਵਾਲਿਆਂ ਦੀ ਵਰਤੋਂ ਮਾਪਿਆਂ ਦੀ ਜ਼ਿੰਮੇਵਾਰੀ ਬਾਰੇ ਵਚਨ ਕੀ ਸਿਖਾਉਂਦਾ ਹੈ, ਇਸ ਬਾਰੇ ਤਿੰਨ ਪੰਨੇ ਲਿਖਣ ਲਈ ਕਰੋ:

- ਉਤਪਤ 18:17-19
- ਬਿਵਸਥਾ ਸਾਰ 6:4-9
- ਜ਼ਬੂਰ 78:1-8
- ਕੁਲੁੱਸੀਆਂ 3:21
- ਅਫ਼ਸੀਆਂ 6:4
- 1 ਤਿਮੋਥਿਉਸ 3:4-5, 12
- 2 ਤਿਮੋਥਿਉਸ 3:14-17
- ਮੱਤੀ 18:5-6

(2) ਭਾਵੇਂ ਤੁਸੀਂ ਮਾਪੇ ਹੋ ਜਾਂ ਨਹੀਂ, ਇਸ ਪਾਠ ਵਿੱਚ ਦਿੱਤੀ ਗਈ ਸਾਰਣੀ ਵਿੱਚ ਸੂਚੀਬੱਧ ਗੁਣਾਂ ਦੇ ਟੀਚਿਆਂ ਵਿੱਚੋਂ ਪੰਜ ਨੂੰ ਚੁਣੋ। ਆਪਣੇ ਬੱਚਿਆਂ ਨੂੰ ਚੁਣੇ ਹੋਏ ਪੰਜ ਗੁਣਾਂ ਦੇ ਟੀਚਿਆਂ ਵਿੱਚੋਂ ਹਰੇਕ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰਨ ਦੇ ਤਿੰਨ ਵਿਹਾਰਕ ਤਰੀਕੇ ਲਿਖੋ।

(3) ਜੇਕਰ ਤੁਸੀਂ ਮਾਪੇ ਹੋ, ਤਾਂ ਇੱਕ ਯੋਜਨਾ ਅਤੇ ਆਪਣੇ ਬੱਚਿਆਂ ਨਾਲ ਰੋਜ਼ਾਨਾ ਅਰਾਧਨਾ ਕਰਨ ਦੇ ਆਪਣੇ ਸਮਰਪਣ ਨੂੰ ਲਿਖੋ। ਆਪਣੀ ਯੋਜਨਾ ਅਤੇ ਆਪਣੇ ਸਮਰਪਣ ਲਈ ਆਪਣੇ ਆਪ ਨੂੰ ਕਿਸੇ ਦੇ ਪ੍ਰਤੀ ਜਵਾਬਦੇਹ ਬਣਾਓ।

# ਪਾਠ 13
# ਬੱਚੇ ਦੀ ਪਰਵਰਿਸ਼ ਸੰਬੰਧੀ ਮਸਲੇ

## ਪਾਠ ਦੇ ਟੀਚੇ

ਇਸ ਪਾਠ ਦੇ ਅੰਤ ਵਿੱਚ, ਵਿਦਿਆਰਥੀ ਹੇਠਾਂ ਦੱਸੇ ਕੰਮ ਕਰਨ ਦੇ ਯੋਗ ਹੋਣੇ ਚਾਹੀਦੇ ਹਨ:

(1) ਬੱਚਿਆਂ ਦੇ ਅਨੁਸ਼ਾਸਨ ਅਤੇ ਸੁਧਾਰ ਬਾਰੇ ਪਰਮੇਸ਼ੁਰ ਦੇ ਦ੍ਰਿਸ਼ਟੀਕੋਣ ਨੂੰ ਅਪਣਾਉਣਾ।

(2) ਬੱਚਿਆਂ ਨੂੰ ਚੇਲੇ ਬਣਾਉਣ ਲਈ ਇੱਕ ਚੰਗਾ ਘਰੇਲੂ ਮਾਹੌਲ ਬਣਾਉਣ ਲਈ ਸਮਰਪਿਤ ਹੋਣਾ।

(3) ਪਰਮੇਸ਼ੁਰ ਪ੍ਰਤੀ ਬੱਚੇ ਦੀ ਜ਼ਿੰਮੇਵਾਰੀ ਨੂੰ ਸਮਝਣਾ।

(4) ਰੋਜ਼ਾਨਾ ਪਾਲਣ-ਪੋਸ਼ਣ ਦੀਆਂ ਸਥਿਤੀਆਂ ਲਈ ਵਿਹਾਰਕ ਵਿਚਾਰਾਂ ਨਾਲ ਤਿਆਰ ਹੋਣਾ।

## ਸੁਸਾਨਾ ਵੇਸਲੀ, ਇੱਕ ਉਦੇਸ਼ਪੂਰਣ ਮਾਂ

ਸੁਸਾਨਾ ਵੇਸਲੀ ਨੇ 19 ਬੱਚਿਆਂ ਨੂੰ ਜਨਮ ਦਿੱਤਾ, ਪਰ ਸਮੇਂ ਦੀਆਂ ਸਥਿਤੀਆਂ ਕਾਰਨ, ਨੌਂ ਜ਼ਿਆਦਾ ਦੇਰ ਤੱਕ ਜਿੰਦਾ ਨਹੀਂ ਰਹਿ ਸਕੇ। ਉਸ ਨੇ ਜਿਨ੍ਹਾਂ 10 ਬੱਚਿਆਂ ਨੂੰ ਪਾਲਿਆ ਸੀ ਉਨ੍ਹਾਂ ਵਿੱਚ ਜੌਨ ਅਤੇ ਚਾਰਲਸ ਵੇਸਲੀ ਸ਼ਾਮਲ ਸਨ। ਉਸ ਦੇ ਪੁੱਤਰ ਜੌਨ ਨੇ, ਜਦੋਂ ਉਹ ਬਾਲਗ ਹੋ ਗਿਆ, ਉਸ ਨੂੰ ਬੱਚਿਆਂ ਦੀ ਪਰਵਰਿਸ਼ ਕਰਨ ਦੇ ਉਸ ਦੇ ਤਰੀਕਿਆਂ ਦਾ ਵੇਰਵਾ ਲਿਖਣ ਲਈ ਕਿਹਾ, ਅਤੇ ਉਸ ਨੇ ਉਸ ਨੂੰ ਇਸ ਵੇਰਵੇ ਦੇ ਨਾਲ ਇੱਕ ਪੱਤਰ ਭੇਜਿਆ।[43]

ਬੱਚਿਆਂ ਨੂੰ ਉਦੋਂ ਹੀ ਪ੍ਰਭੂ ਦੀ ਪ੍ਰਾਰਥਨਾ ਸਿਖਾਈ ਜਾਂਦੀ ਸੀ ਜਦੋਂ ਉਹ ਬੋਲਣਾ ਸ਼ੁਰੂ ਕਰਦੇ ਸਨ, ਅਤੇ ਉਹ ਇਸ ਨੂੰ ਹਰ ਸਵੇਰ ਅਤੇ ਸ਼ਾਮ ਦੁਹਰਾਉਂਦੇ ਸਨ। ਬੱਚੇ ਰੋਜ਼ਾਨਾ ਇਕੱਠੇ ਵਚਨ ਦਾ ਇੱਕ ਅਧਿਆਏ ਪੜ੍ਹਦੇ ਸਨ। ਉਨ੍ਹਾਂ ਦਿਨਾਂ ਵਿੱਚ ਜ਼ਿਆਦਾਤਰ ਔਰਤਾਂ ਘੱਟ ਪੜ੍ਹੀਆਂ-ਲਿਖੀਆਂ ਸਨ, ਪਰ ਸੁਸਾਨਾ ਨੇ ਜ਼ੋਰ ਦੇ ਕੇ ਕਿਹਾ ਕਿ ਸਾਰੇ ਬੱਚਿਆਂ ਨੂੰ ਪੜ੍ਹਨਾ ਸਿਖਾਇਆ ਜਾਣਾ ਚਾਹੀਦਾ ਹੈ। ਉਸ ਨੇ ਕੰਮ ਕਰਨਾ ਸਿੱਖਣ ਨਾਲੋਂ ਸਾਖਰਤਾ ਨੂੰ ਤਰਜੀਹ ਦਿੱਤੀ।

---

[43] Eliza Clark, *Susanna Wesley*, (London: W. H. Allen & Co, 1886), 30-36. ਆਨਲਾਈਨ ਉਪਲੱਬਧ ਹੈ: https://archive.org/details/susannawesley00clariala/page/30/.

ਸੁਸਾਨਾ ਨੇ ਕਿਹਾ ਕਿ ਵਿਦਰੋਹ ਸਾਰੇ ਪਾਪ ਅਤੇ ਦੁੱਖ ਦੀ ਜੜ੍ਹ ਹੈ। ਉਸ ਨੇ ਆਪਣੇ ਬੱਚਿਆਂ ਨੂੰ ਆਪਣੀਆਂ ਭਾਵਨਾਵਾਂ ਨੂੰ ਕਾਬੂ ਕਰਨਾ ਅਤੇ ਅਧਿਕਾਰ ਦੇ ਅਧੀਨ ਰਹਿਣਾ ਸਿਖਾਇਆ। ਉਸ ਨੇ ਆਖਿਆ ਕਿ ਆਗਿਆਕਾਰੀ ਦੇ ਹਰ ਕੰਮ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ ਭਾਵੇਂ ਇਹ ਪੂਰੀ ਤਰ੍ਹਾਂ ਨਹੀਂ ਕੀਤਾ ਜਾਂਦਾ ਤਦ ਵੀ ਸ਼ਲਾਘਾ ਕਰਨੀ ਚਾਹੀਦੀ ਹੈ। ਗਲਤੀਆਂ ਨੂੰ ਬਰਦਾਸ਼ਤ ਕੀਤਾ ਜਾ ਸਕਦਾ ਹੈ, ਪਰ ਜਾਣਬੁੱਝ ਕੇ ਕੀਤੀ ਗਈ ਹਰ ਉਲੰਘਣਾ ਦੇ ਲਈ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ।

ਪਰਿਵਾਰ ਹਮੇਸ਼ਾ ਇਕੱਠੇ ਖਾਣਾ ਖਾਂਦਾ ਸੀ, ਅਤੇ ਬੱਚੇ ਬਿਨਾਂ ਸ਼ਿਕਾਇਤ ਕੀਤੇ ਪਰੋਸਿਆ ਗਿਆ ਭੋਜਨ ਖਾਣਾ ਸਿੱਖਦੇ ਸਨ।

## ਸੁਧਾਰ ਅਤੇ ਅਨੁਸ਼ਾਸਨ

ਬਾਈਬਲ ਸਾਨੂੰ ਦੱਸਦੀ ਹੈ ਕਿ, "ਬਾਲਕ ਦੇ ਮਨ ਵਿੱਚ ਮੂਰਖਤਾਈ ਬੱਧੀ ਹੋਈ ਹੁੰਦੀ ਹੈ..." (ਕਹਾਉਤਾਂ 22:15)। ਜ਼ਬੂਰਾਂ ਦਾ ਲਿਖਾਰੀ ਆਖਦਾ ਹੈ ਕਿ ਬੱਚੇ ਝੂਠ ਬੋਲਦੇ ਹੋਏ ਪੈਦਾ ਹੁੰਦੇ ਹਨ, "...ਓਹ ਜੰਮਦੇ ਸਾਰ ਹੀ ਝੂਠ ਬੋਲ ਬੋਲ ਕੇ ਭਟਕ ਜਾਂਦੇ ਹਨ।" (ਜ਼ਬੂਰ 58:3)। ਕਿਉਂਕਿ ਇਹ ਸੱਚ ਹੈ, ਮਾਪੇ ਆਪਣੇ ਬੱਚਿਆਂ ਨੂੰ ਸੁਧਾਰਨ ਲਈ ਜ਼ਿੰਮੇਵਾਰ ਹਨ।

ਕਲਪਨਾ ਕਰੋ ਕਿ ਤੁਸੀਂ ਇੱਕ 3 ਸਾਲ ਦੇ ਬੱਚੇ ਨੂੰ ਪੇਸ਼ਕਸ਼ ਦਿੰਦੇ ਹੋ ਕਿ ਉਹ ਹੁਣੇ ਇੱਕ ਟੁਕੜਾ ਕੈਂਡੀ ਖਾਵੇ ਜਾਂ ਹੁਣ ਤੋਂ ਇੱਕ ਹਫ਼ਤੇ ਬਾਅਦ ਇੱਕ ਕਟੋਰਾ ਕੈਂਡੀ ਖਾਵੇ। ਭਾਵੇਂ ਇੱਕ ਮਾਂ ਜਾਂ ਪਿਓ ਬੱਚੇ ਨੂੰ ਵਿਕਲਪ ਸਮਝਾ ਦੇਵੇ, ਜ਼ਿਆਦਾਤਰ ਬੱਚੇ ਤੁਰੰਤ ਕੈਂਡੀ ਦਾ ਇੱਕ ਟੁਕੜਾ ਖਾਣ ਦੀ ਚੋਣ ਕਰਨਗੇ। ਇਹ ਦ੍ਰਿਸ਼ਟਾਂਤ ਸਾਨੂੰ ਦੱਸਦਾ ਹੈ ਕਿ ਬੱਚੇ ਦੇ ਦੁਰਵਿਹਾਰ ਨੂੰ ਠੀਕ ਕਰਨ ਲਈ *ਸਮਝਾਉਣਾ* ਕਾਫ਼ੀ ਨਹੀਂ ਹੈ।

ਸਹੀ ਅਤੇ ਗਲਤ ਬਾਰੇ ਸਮਝਾਉਣਾ ਬੱਚੇ ਨੂੰ ਸੁਧਾਰਨ ਲਈ ਕਾਫ਼ੀ ਨਹੀਂ ਹੈ, ਕਿਉਂਕਿ

1. ਇੱਕ ਬੱਚਾ ਪਰਿਪੱਕ ਤਰਕ ਨੂੰ ਨਹੀਂ ਸਮਝ ਸਕਦਾ (1 ਕੁਰਿੰਥੀਆਂ 13:11)।
2. ਇੱਕ ਬੱਚਾ ਆਪਣੇ ਕੰਮਾਂ ਦੇ ਪੂਰੇ ਅਤੇ ਲੰਬੇ ਸਮੇਂ ਦੇ ਨਤੀਜੇ ਨਹੀਂ ਵੇਖ ਸਕਦਾ।
3. ਇੱਕ ਬੱਚਾ ਇੰਨਾ ਸਿਆਣਾ ਨਹੀਂ ਹੁੰਦਾ ਕਿ ਉਹ ਆਪਣੀਆਂ ਭਾਵਨਾਵਾਂ ਅਤੇ ਇੱਛਾਵਾਂ ਨੂੰ ਤਰਕ ਨਾਲ ਕਾਬੂ ਕਰ ਸਕੇ।

ਹੋ ਸਕਦਾ ਹੈ ਕਿ ਬੱਚੇ ਨੂੰ ਸਰੀਰਕ ਦਰਦ ਦੇਣਾ ਬੇਰਹਿਮ ਜਾਪਦਾ ਹੋਵੇ, ਪਰ ਇੱਕ ਪਿਆਰ ਕਰਨ ਵਾਲਾ ਮਾਂ ਜਾਂ ਪਿਓ ਇਸ ਲਈ ਕਰਦਾ ਹੈ ਕਿ ਬੱਚੇ ਨੂੰ ਹੋਰ ਨੁਕਸਾਨ ਤੋਂ ਬਚਾਇਆ ਜਾ ਸਕੇ: "ਜਿਹੜਾ ਪੁੱਤ੍ਰ ਉੱਤੇ ਛੂਛਕ ਨਹੀਂ ਚਲਾਉਂਦਾ ਉਹ ਉਸ ਦਾ ਵੈਰੀ ਹੈ, ਪਰ ਜਿਹੜਾ ਉਸ ਦੇ ਨਾਲ ਪਿਆਰ ਕਰਦਾ ਹੈ ਉਹ ਵੇਲੇ ਸਿਰ ਉਸ ਨੂੰ ਤਾੜਦਾ ਹੈ।" (ਕਹਾਉਤਾਂ 13:24)। ਉਦਾਹਰਣ ਵਜੋਂ, ਇੱਕ ਛੋਟਾ ਬੱਚਾ ਜੋ ਅੱਗ ਦੇ ਨੇੜੇ ਖੇਡਦਾ ਹੈ ਉਹ ਇਸ ਵਿੱਚ ਡਿੱਗ ਸਕਦਾ ਹੈ ਅਤੇ ਬਹੁਤ ਜ਼ਿਆਦਾ ਸੱਟ ਲੱਗ ਸਕਦੀ ਹੈ ਕਿਉਂਕਿ ਉਹ ਖ਼ਤਰੇ ਨੂੰ ਨਹੀਂ ਸਮਝਦਾ। ਪਰ ਜੇਕਰ ਉਸ ਦੀ ਮਾਂ ਉਸ ਨੂੰ ਮਾਰਦੀ ਹੈ ਜਦੋਂ ਉਹ ਅੱਗ ਦੇ ਬਹੁਤ ਨੇੜੇ ਜਾਂਦਾ ਹੈ, ਤਾਂ ਛੋਟਾ ਦਰਦ ਵੱਡੇ ਦਰਦ ਤੋਂ ਬਚਾਉਂਦਾ ਹੈ।

ਕੁਝ ਲੋਕਾਂ ਨੇ ਉਨ੍ਹਾਂ ਲੋਕਾਂ ਤੋਂ ਸਰੀਰਕ ਸ਼ੋਸ਼ਣ ਦਾ ਅਨੁਭਵ ਕੀਤਾ ਹੈ ਜੋ ਉਨ੍ਹਾਂ ਨੂੰ ਪਿਆਰ ਨਹੀਂ ਕਰਦੇ ਸਨ। ਉਨ੍ਹਾਂ ਦਾ ਅਨੁਭਵ, ਉਨ੍ਹਾਂ ਨੂੰ ਅਜਿਹਾ ਬਣਾ ਦਿੰਦਾ ਹੈ ਕਿ ਉਹ ਇੱਕ ਬੱਚੇ ਨੂੰ ਸਰੀਰਕ ਤੌਰ 'ਤੇ ਸਜ਼ਾ ਦੇਣ ਵਾਲੇ ਕਿਸੇ ਵਿਅਕਤੀ ਬਾਰੇ ਸੋਚਣ ਤੋਂ ਵੀ ਨਫ਼ਰਤ ਕਰਦੇ ਹਨ। ਹਾਲਾਂਕਿ, ਇੱਕ ਮਾਂ ਜਾਂ ਪਿਓ ਜੋ ਸਹੀ ਸੁਧਾਰ ਨੂੰ ਨਜ਼ਰਅੰਦਾਜ਼ ਕਰਦੇ ਹਨ, ਇਹ ਬਾਅਦ ਵਿੱਚ ਉਸ ਦੇ ਬੱਚੇ ਲਈ ਬਹੁਤ ਪਰੇਸ਼ਾਨੀ ਦਾ ਕਾਰਨ ਬਣਦਾ ਹੈ।

► ਵਿਦਿਆਰਥੀਆਂ ਨੂੰ ਸਮੂਹ ਲਈ ਕਹਾਉਤਾਂ 19:18 ਅਤੇ ਕਹਾਉਤਾਂ 29:17 ਨੂੰ ਪੜ੍ਹਨਾ ਚਾਹੀਦਾ ਹੈ।

ਸੁਧਾਰ ਉਦੋਂ ਸ਼ੁਰੂ ਹੋਣਾ ਚਾਹੀਦਾ ਹੈ ਜਦੋਂ ਬੱਚਾ ਇਹ ਸਮਝਣ ਲਈ ਕਾਫ਼ੀ ਵੱਡਾ ਹੋ ਜਾਂਦਾ ਹੈ ਕਿ ਉਹ ਆਪਣੇ ਮਾਪਿਆਂ ਦਾ ਵਿਰੋਧ ਕਰ ਰਿਹਾ ਹੈ। ਇੱਕ ਬਹੁਤ ਛੋਟਾ ਬੱਚਾ ਵੀ ਜਾਣਦਾ ਹੈ ਕਿ ਉਹ ਕਦੋਂ ਸਹਿਯੋਗ ਕਰਨ ਤੋਂ ਇਨਕਾਰ ਕਰ ਰਿਹਾ ਹੈ।

ਜ਼ਿਆਦਾਤਰ ਸੁਧਾਰ ਉਦੋਂ ਹੀ ਕੀਤਾ ਜਾਣਾ ਚਾਹੀਦਾ ਹੈ ਜਦੋਂ ਬੱਚਾ ਛੋਟਾ ਅਤੇ ਕੋਮਲ ਹੈ (ਕਹਾਉਤਾਂ 22:15)। ਜਿਵੇਂ ਮਿੱਟੀ ਸਮੇਂ ਦੇ ਨਾਲ ਸਖ਼ਤ ਹੋ ਜਾਂਦੀ ਹੈ ਅਤੇ ਉਸ ਨੂੰ ਲੋੜੀਂਦੇ ਰੂਪ ਵਿੱਚ ਢਾਲਣਾ ਮੁਸ਼ਕਲ ਹੋ ਜਾਂਦਾ ਹੈ, ਉਸੇ ਤਰ੍ਹਾਂ ਸਮੇਂ ਦੇ ਬੀਤਣ ਨਾਲ ਬੱਚੇ ਦੇ ਚਰਿੱਤਰ ਨੂੰ ਬਣਾਉਣਾ ਮੁਸ਼ਕਲ ਹੋ ਜਾਂਦਾ ਹੈ। ਜੇਕਰ ਕੋਈ ਬੱਚਾ 10 ਸਾਲ ਦੀ ਉਮਰ ਤੋਂ ਬਾਅਦ ਲਗਾਤਾਰ ਆਪਣੇ ਮਾਪਿਆਂ ਦੀ ਅਣਆਗਿਆਕਾਰੀ ਕਰ ਰਿਹਾ ਹੈ, ਤਾਂ ਮਾਪੇ ਉਸ ਨੂੰ ਸੁਧਾਰਨ ਵਿੱਚ ਸਫਲ ਨਹੀਂ ਹੋ ਰਹੇ ਹਨ, ਅਤੇ ਉਨ੍ਹਾਂ ਦੀ ਅੰਤਮ ਸਫਲਤਾ ਦੀਆਂ ਸੰਭਾਵਨਾਵਾਂ ਬਹੁਤ ਘੱਟ ਹੁੰਦੀਆਂ ਜਾ ਰਹੀਆਂ ਹਨ। ਜਿਵੇਂ-ਜਿਵੇਂ ਬੱਚਾ ਵੱਡਾ ਹੁੰਦਾ ਜਾਂਦਾ ਹੈ, ਸਰੀਰਕ ਤਾੜਨਾ ਘੱਟ ਅਤੇ ਘੱਟ ਪ੍ਰਭਾਵਸ਼ਾਲੀ ਹੁੰਦੀ ਜਾਂਦੀ ਹੈ। ਮਾਪਿਆਂ ਲਈ ਇਹ ਸੋਚਣਾ ਇੱਕ ਗਲਤੀ ਹੈ ਕਿ ਜਦੋਂ ਬੱਚਾ ਵੱਡਾ ਹੁੰਦਾ ਹੈ ਤਾਂ ਸੁਧਾਰ ਆਸਾਨ ਹੋਵੇਗਾ; ਇਹ ਹੋਰ ਵੀ ਮੁਸ਼ਕਲ ਹੋਵੇਗਾ ਅਤੇ ਅੰਤ ਵਿੱਚ ਅਸੰਭਵ ਹੋ ਜਾਵੇਗਾ।

ਜਿਵੇਂ-ਜਿਵੇਂ ਇੱਕ ਬੱਚਾ ਜਵਾਨ ਹੁੰਦਾ ਜਾਂਦਾ ਹੈ, ਉਸ ਨੂੰ ਹੁਣ ਸਰੀਰਕ ਤੌਰ 'ਤੇ ਤਾੜਿਆ ਨਹੀਂ ਜਾ ਸਕਦਾ ਜਿਵੇਂ ਕਿ ਇੱਕ ਬੱਚੇ ਨੂੰ ਤਾੜਿਆ ਜਾ ਸਕਦਾ ਹੈ। ਇੱਕ ਨੌਜਵਾਨ ਆਦਮੀ ਜਾਂ ਔਰਤ ਨੂੰ ਆਦਰ ਦੀ ਲੋੜ ਹੁੰਦੀ ਹੈ ਭਾਵੇਂ ਉਹ ਵਿਹਾਰ ਪਰਿਪੱਕ ਹੋਵੇ ਜਾਂ ਨਾ ਹੋਵੇ। ਮਾਪੇ ਸੁਧਾਰ ਦੇ ਹੋਰ ਰੂਪਾਂ ਦੀ ਵਰਤੋਂ ਕਰ ਸਕਦੇ ਹਨ ਜਿਵੇਂ ਕਿ ਬੱਚੇ ਦੇ ਮਨੋਰੰਜਨ ਜਾਂ ਫ਼ੋਨ ਦੇ ਸਮੇਂ ਜਾਂ ਸਮਾਜਿਕ ਗਤੀਵਿਧੀਆਂ ਨੂੰ ਸੀਮਤ ਕਰਨਾ, ਪਰ ਪਿਆਰ ਅਤੇ ਧਿਆਨ ਨਾਲ ਗੱਲਬਾਤ ਸਭ ਤੋਂ ਮਹੱਤਵਪੂਰਣ ਹੋਵੇਗਾ। ਮਾਪਿਆਂ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਨੌਜਵਾਨ ਵਿਅਕਤੀ ਅਸਲ ਫੈਸਲੇ ਲੈ ਰਿਹਾ ਹੈ, ਅਤੇ ਹਾਲਾਂਕਿ ਮਾਪਿਆਂ ਦਾ ਪ੍ਰਭਾਵ ਹੈ, ਉਹ ਨੌਜਵਾਨ ਵਿਅਕਤੀ ਨੂੰ ਨਿੱਜੀ ਇੱਛਾ ਸ਼ਕਤੀ ਵਰਤਣ ਅਤੇ ਫੈਸਲਿਆਂ ਦੇ ਨਤੀਜਿਆਂ ਦਾ ਅਨੁਭਵ ਕਰਨ ਤੋਂ ਰੋਕ ਨਹੀਂ ਸਕਦੇ।

ਕੁਝ ਮਾਪਿਆਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਬੱਚੇ ਨੂੰ ਸਰੀਰਕ ਸਜ਼ਾ ਦਿੰਦੇ ਸਮੇਂ ਉਨ੍ਹਾਂ ਨੂੰ ਕਿੰਨਾ ਸਖ਼ਤ ਹੋਣਾ ਚਾਹੀਦਾ ਹੈ। ਜੇਕਰ ਕੋਈ ਬੱਚਾ ਸੁਧਾਰ ਤੋਂ ਬਾਅਦ ਵੀ ਗੁੱਸੇ ਵਾਲਾ ਅਤੇ ਬਾਗ਼ੀ ਵਿਹਾਰ ਕਰ ਰਿਹਾ ਹੈ, ਤਾਂ ਸਜ਼ਾ ਕਾਫ਼ੀ ਸਖ਼ਤ ਨਹੀਂ ਸੀ (ਇਹ ਸਿਧਾਂਤ ਉਸ ਬੱਚੇ ਦੇ ਮਾਮਲੇ ਵਿੱਚ ਲਾਗੂ ਨਹੀਂ ਹੁੰਦਾ ਜੋ ਐਨਾ ਵੱਡਾ ਹੋ ਗਿਆ ਹੈ ਕਿ ਸਰੀਰਕ ਸਜ਼ਾ ਨਾਲ ਉਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੁਧਾਰਿਆ ਨਹੀਂ ਜਾ ਸਕਦਾ)। ਸੁਧਾਰ ਇੰਨਾ ਸਖ਼ਤ ਹੋਣਾ ਚਾਹੀਦਾ ਹੈ ਕਿ ਬੱਚੇ ਨੂੰ ਆਪਣੀ ਅਣਆਗਿਆਕਾਰੀ 'ਤੇ ਪਛਤਾਵਾ ਹੋਵੇ

ਅਤੇ ਉਹ ਅਧਿਕਾਰ ਦੇ ਅਧੀਨ ਹੋਣ ਦੀ ਚੋਣ ਕਰੇ। ਸੁਧਾਰ ਨਾਲ ਸੱਟ ਨਹੀਂ ਲੱਗਣੀ ਚਾਹੀਦੀ। ਉਹ ਸੁਧਾਰ ਜਿਸ ਨਾਲ ਚਮੜੀ 'ਤੇ ਸੱਟਾਂ ਜਾਂ ਨਿਸ਼ਾਨ ਲੱਗਦੇ ਹਨ ਜੋ ਕੁਝ ਮਿੰਟਾਂ ਤੋਂ ਵੱਧ ਸਮੇਂ ਲਈ ਰਹਿੰਦੇ ਹਨ, ਉਹ ਬਹੁਤ ਸਖ਼ਤ ਹੋ ਸਕਦਾ ਹੈ।

ਬਾਈਬਲ ਸਰੀਰਕ ਸਜ਼ਾ ਦੇ ਦ੍ਰਿਸ਼ਟਾਂਤ ਦੀ ਵਰਤੋਂ ਇਹ ਸਮਝਾਉਣ ਲਈ ਕਰਦੀ ਹੈ ਕਿ ਪਰਮੇਸ਼ੁਰ ਆਪਣੇ ਬੱਚਿਆਂ ਨਾਲ ਕਿਵੇਂ ਪੇਸ਼ ਆਉਂਦਾ ਹੈ।

► ਵਿਦਿਆਰਥੀਆਂ ਨੂੰ ਸਮੂਹ ਲਈ ਕਹਾਉਤਾਂ 3:11-12 ਅਤੇ ਇਬਰਾਨੀਆਂ 12:5-8 ਨੂੰ ਪੜ੍ਹਨਾ ਚਾਹੀਦਾ ਹੈ।

ਵਚਨ ਦੇ ਇਹ ਹਵਾਲੇ ਸਾਨੂੰ ਦੱਸਦੇ ਹਨ ਕਿ ਪਰਮੇਸ਼ੁਰ ਆਪਣੇ ਬੱਚਿਆਂ ਨੂੰ ਇਸ ਲਈ ਤਾੜਦਾ ਹੈ ਕਿਉਂਕਿ ਉਹ ਉਨ੍ਹਾਂ ਨੂੰ ਪਿਆਰ ਕਰਦਾ ਹੈ। ਇਸੇ ਤਰ੍ਹਾਂ, ਇੱਕ ਪਿਤਾ ਆਪਣੇ ਪੁੱਤਰ ਨੂੰ ਤਾੜਦਾ ਹੈ ਕਿਉਂਕਿ ਉਹ ਉਸ ਨੂੰ ਪਿਆਰ ਕਰਦਾ ਹੈ। ਸਹੀ ਅਨੁਸ਼ਾਸਨ ਪਿਆਰ ਦੀ ਨਿਸ਼ਾਨੀ ਹੈ। ਅਨੁਸ਼ਾਸਨ ਦੀ ਘਾਟ ਪਿਆਰ ਦੀ ਘਾਟ ਹੈ।

ਸਰੀਰਕ ਸੁਧਾਰ ਬੱਚੇ ਨੂੰ ਸੰਜਮ ਸਿਖਾਉਂਦਾ ਹੈ ਕਿਉਂਕਿ ਉਹ ਪਰਤਾਵੇ ਦਾ ਵਿਰੋਧ ਕਰਨਾ ਸਿੱਖਦਾ ਹੈ, ਇਹ ਜਾਣਦੇ ਹੋਏ ਕਿ ਜੇ ਉਹ ਗਲਤ ਕਰਦਾ ਹੈ ਤਾਂ ਉਸ ਨੂੰ ਸਜ਼ਾ ਮਿਲੇਗੀ। ਜਿਵੇਂ ਕਿ ਉਹ ਗਲਤ ਕਰਨ ਦੇ ਪਰਤਾਵੇ ਦਾ ਵਿਰੋਧ ਕਰਦਾ ਹੈ, ਉਹ ਮਜ਼ਬੂਤ ਚਰਿੱਤਰ ਵਿਕਸਤ ਕਰਦਾ ਹੈ। ਜਦੋਂ ਉਹ ਪਰਿਪੱਕ ਹੁੰਦਾ ਹੈ, ਤਾਂ ਉਹ ਪਰਤਾਵੇ ਦਾ ਵਿਰੋਧ ਕਰੇਗਾ ਕਿਉਂਕਿ ਉਹ ਨਤੀਜਿਆਂ ਨੂੰ ਸਮਝਦਾ ਹੈ, ਨਾ ਕਿ ਸਰੀਰਕ ਸਜ਼ਾ ਦੇ ਕਾਰਨ। ਹਾਲਾਂਕਿ, ਇੱਕ ਬੱਚਾ ਜਿਸ ਨੂੰ ਲਗਾਤਾਰ ਸੁਧਾਰਿਆ ਨਹੀਂ ਜਾਂਦਾ, ਉਹ ਇੱਕ ਅਜਿਹਾ ਬਾਲਗ ਬਣ ਜਾਂਦਾ ਹੈ ਜੋ ਪਰਤਾਵੇ ਦਾ ਵਿਰੋਧ ਕਰਨ ਲਈ ਬਹੁਤ ਕਮਜ਼ੋਰ ਹੁੰਦਾ ਹੈ ਭਾਵੇਂ ਉਹ ਜਾਣਦਾ ਹੀ ਹੋਵੇ ਕਿ ਇਹ ਉਸ ਦੇ ਲਈ ਬੁਰਾ ਹੈ।

ਇੱਕ ਮਾਤਾ ਜਾਂ ਪਿਤਾ ਦੀ ਕਲਪਨਾ ਕਰੋ ਜੋ ਆਪਣੇ ਬੱਚੇ ਨੂੰ ਸਿਰਫ਼ ਇਸ ਲਈ ਖਾਣ ਲਈ ਕੈਂਡੀ ਦਿੰਦਾ ਹੈ ਕਿਉਂਕਿ ਬੱਚਾ ਇਹ ਚਾਹੁੰਦਾ ਹੈ। ਉਹ ਬੱਚੇ ਨੂੰ ਦੁਖੀ ਨਹੀਂ ਕਰਨਾ ਚਾਹੁੰਦਾ, ਪਰ ਉਹ ਬੱਚੇ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਇਸੇ ਤਰ੍ਹਾਂ, ਇੱਕ ਮਾਤਾ-ਪਿਤਾ ਜੋ ਹਮੇਸ਼ਾ ਬੱਚੇ ਦੇ ਵਿਹਾਰ ਅੱਗੇ ਝੁਕਦਾ ਹੈ, ਬੱਚੇ ਦੇ ਚਰਿੱਤਰ ਅਤੇ ਭਵਿੱਖ ਦੀਆਂ ਸਥਿਤੀਆਂ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਬਾਈਬਲ ਇਹ ਵੀ ਆਖਦੀ ਹੈ ਕਿ ਇੱਕ ਮਾਤਾ-ਪਿਤਾ ਆਪਣੇ ਬੱਚੇ ਨੂੰ ਨਫ਼ਰਤ ਕਰਦਾ ਹੈ ਜੇਕਰ ਉਹ ਉਸ ਨੂੰ ਸੁਧਾਰਦਾ ਨਹੀਂ ਹੈ (ਕਹਾਉਤਾਂ 13:24)।

ਇੱਕ ਬੱਚਾ ਜੋ ਸੀਮਾਵਾਂ ਤੋਂ ਬਿਨਾਂ ਘਰ ਵਿੱਚ ਰਹਿੰਦਾ ਹੈ ਉਹ ਖੁਸ਼ ਨਹੀਂ ਹੁੰਦਾ। ਸੀਮਾਵਾਂ ਸੁਰੱਖਿਆ ਲਿਆਉਂਦੀਆਂ ਹਨ। ਜੇਕਰ ਇੱਕ ਬੱਚਾ ਸਿੱਖਦਾ ਹੈ ਕਿ ਉਹ ਬਹਿਸ ਅਤੇ ਹੰਗਾਮਾ ਕਰਕੇ ਉਹ ਪ੍ਰਾਪਤ ਕਰ ਸਕਦਾ ਹੈ ਜੋ ਉਹ ਚਾਹੁੰਦਾ ਹੈ, ਤਾਂ ਉਹ ਹਰ ਸਮੇਂ ਇਹ ਕਰੇਗਾ, ਪਰ ਉਹ ਖੁਸ਼ ਨਹੀਂ ਹੋਵੇਗਾ। ਬੱਚੇ ਖੁਸ਼ ਹੁੰਦੇ ਹਨ ਜਦੋਂ ਉਹ ਸੁਰੱਖਿਅਤ ਹੁੰਦੇ ਹਨ ਅਤੇ ਸੀਮਾਵਾਂ ਦੇ ਅੰਦਰ ਨਿਰਦੇਸ਼ਿਤ ਕੀਤੇ ਜਾਂਦੇ ਹਨ, ਉਹ ਇਹ ਮਹਿਸੂਸ ਨਹੀਂ ਕਰਦੇ ਕਿ ਉਨ੍ਹਾਂ ਨੂੰ ਕੁਝ ਵੀ ਪ੍ਰਾਪਤ ਕਰਨ ਲਈ ਲੜਨਾ ਅਤੇ ਨਿਯੰਤਰਣ ਦਾ ਵਿਰੋਧ ਕਰਨਾ ਪਵੇਗਾ। ਇੱਕ ਅਨੁਸ਼ਾਸਨਹੀਣ ਬੱਚਾ ਘੱਟ ਹੀ ਖੁਸ਼ ਹੁੰਦਾ ਹੈ।

ਜਦੋਂ ਬੱਚਾ ਬਾਲਗ ਹੋ ਜਾਂਦਾ ਹੈ, ਤਾਂ ਦੁਨੀਆਂ ਉਸ ਨੂੰ ਉਹ ਨਹੀਂ ਦੇਵੇਗੀ ਜੋ ਉਹ ਚਾਹੁੰਦਾ ਹੈ। ਜੇਕਰ ਉਹ ਰੁੱਖਾ, ਸੁਆਰਥੀ ਅਤੇ ਗੈਰ-ਜ਼ਿੰਮੇਵਾਰ ਹੈ ਤਾਂ ਉਸ ਦਾ ਆਦਰ ਨਹੀਂ ਹੋਵੇਗਾ ਅਤੇ ਨਾ ਹੀ ਤਰੱਕੀ ਹੋਵੇਗੀ। ਇੱਕ ਮਾਤਾ-ਪਿਤਾ ਨੂੰ ਆਪਣੇ ਬੱਚੇ ਨੂੰ ਇਸ ਤਰੀਕੇ ਨਾਲ ਪਾਲਣਾ ਚਾਹੀਦਾ ਹੈ ਜੋ ਉਸ ਨੂੰ ਜੀਵਨ ਲਈ ਤਿਆਰ ਕਰੇ। ਮਾਪਿਆਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਹ ਬੱਚਿਆਂ ਦੀ ਪਰਵਰਿਸ਼ ਨਹੀਂ ਕਰ ਰਹੇ ਹਨ; ਉਹ ਬਾਲਗਾਂ ਦੀ ਪਰਵਰਿਸ਼ ਕਰ ਰਹੇ ਹਨ।

ਇੱਕ ਮਾਤਾ-ਪਿਤਾ ਨੂੰ ਸਮਝਾਉਣਾ ਅਤੇ ਵਿਖਾਉਣਾ ਚਾਹੀਦਾ ਹੈ ਕਿ ਉਸ ਦੇ ਬੱਚੇ ਲਈ ਉਸ ਦੀ ਤਾੜਨਾ ਬੱਚੇ ਨੂੰ ਇੱਕ ਚੰਗੇ ਚਰਿੱਤਰ ਵਾਲੇ ਵਿਅਕਤੀ ਵਿੱਚ ਵਿਕਸਤ ਕਰਨ ਵਿੱਚ ਮਦਦ ਕਰਨ ਦੇ ਉਦੇਸ਼ ਨਾਲ ਹੈ ਜਿਸ 'ਤੇ ਭਰੋਸਾ ਕੀਤਾ ਜਾ ਸਕਦਾ ਹੈ ਅਤੇ ਜਿਸ ਦਾ ਆਦਰ ਕੀਤਾ ਜਾ ਸਕਦਾ ਹੈ।

► ਵਿਦਿਆਰਥੀਆਂ ਨੂੰ ਸਮੂਹ ਲਈ ਕਹਾਉਤਾਂ 22:15, ਕਹਾਉਤਾਂ 23:13-14, ਅਤੇ ਕਹਾਉਤਾਂ 29:15 ਨੂੰ ਪੜ੍ਹਨਾ ਚਾਹੀਦਾ ਹੈ।

ਯਾਦ ਰੱਖੋ ਕਿ ਤਾੜਨਾ ਦਾ ਉਦੇਸ਼ ਬੱਚੇ ਨੂੰ ਵਿਕਸਤ ਕਰਨਾ ਹੈ। ਜਦੋਂ ਬੱਚਾ ਸਮਝਦਾ ਹੈ ਕਿ ਉਸ ਨੇ ਕੀ ਗਲਤ ਕੀਤਾ ਹੈ ਅਤੇ ਪਹਿਲਾਂ ਹੀ ਪਛਤਾਵਾ ਕਰਦਾ ਹੈ, ਤਾਂ ਸਰੀਰਕ ਤਾੜਨਾ ਲੋੜ ਨਹੀਂ ਹੋ ਸਕਦੀ। ਉਦੇਸ਼ ਸੁਧਰਨਾ ਹੈ, ਸਜ਼ਾ ਦੇਣਾ ਨਹੀਂ; ਮਾਤਾ-ਪਿਤਾ ਨੂੰ ਇਹ ਯਕੀਨੀ ਬਣਾਉਣ ਦੀ ਜ਼ਰੂਰਤ ਨਹੀਂ ਹੈ ਕਿ ਬੱਚੇ ਨੂੰ ਉਹ ਸਜ਼ਾ ਮਿਲੇ ਜਿਸ ਦਾ ਉਹ ਹੱਕਦਾਰ ਹੈ।

► ਇੱਕ ਮਾਤਾ-ਪਿਤਾ ਦੀ ਤਾੜਨਾ ਉਸ ਵਿਅਕਤੀ ਦੇ ਕੰਮਾਂ ਤੋਂ ਕਿਵੇਂ ਵੱਖਰੀ ਹੈ ਜੋ ਲੋਕਾਂ ਨੂੰ ਉਹ ਕਰਨ ਲਈ ਮਜਬੂਰ ਕਰਦਾ ਹੈ ਜੋ ਉਹ ਚਾਹੁੰਦਾ ਹੈ?

ਇੱਕ ਹਿੰਸਕ ਵਿਅਕਤੀ ਆਪਣੀ ਇੱਛਾ ਅਨੁਸਾਰ ਦੂਸਰੇ ਲੋਕਾਂ ਨੂੰ ਨੁਕਸਾਨ ਪਹੁੰਚਾਉਣ ਲਈ ਤਿਆਰ ਹੁੰਦਾ ਹੈ। ਇੱਕ ਮਾਂ ਜਾਂ ਪਿਓ ਆਪਣੇ ਬੱਚੇ ਨੂੰ ਪਿਆਰ ਕਰਦੇ ਹਨ। ਸਰੀਰਕ ਤਾੜਨਾ ਬੱਚੇ ਦੇ ਭਲੇ ਲਈ ਹੁੰਦੀ ਹੈ। ਇੱਕ ਪਿਆਰ ਕਰਨ ਵਾਲਾ ਮਾਂ ਜਾਂ ਪਿਓ ਬੱਚੇ ਨੂੰ ਨੁਕਸਾਨ ਨਹੀਂ ਪਹੁੰਚਾਉਣਾ ਚਾਹੁੰਦਾ। ਇੱਕ ਵਿਅਕਤੀ ਇਹ ਮਹਿਸੂਸ ਨਹੀਂ ਕਰ ਸਕਦਾ ਕਿ ਇੱਕ ਧੱਕੇਸ਼ਾਹੀ ਕਰਨ ਵਾਲਾ ਜਾਂ ਜ਼ੁਲਮ ਕਰਨ ਵਾਲਾ ਉਸ ਨੂੰ ਪਿਆਰ ਕਰਦਾ ਹੈ, ਪਰ ਇੱਕ ਬੱਚਾ ਜਾਣ ਸਕਦਾ ਹੈ ਕਿ ਉਸ ਨੂੰ ਪਿਆਰ ਕੀਤਾ ਜਾਂਦਾ ਹੈ ਭਾਵੇਂ ਉਸ ਨੂੰ ਤਾੜਿਆ ਜਾਂਦਾ ਹੈ। ਉਹ ਇਹ ਮਹਿਸੂਸ ਕਰ ਸਕਦਾ ਹੈ ਕਿ ਉਸ ਦੇ ਮਾਪਿਆਂ ਦੇ ਅਧਿਕਾਰ ਕਾਰਨ ਉਸ ਦੀ ਜ਼ਿੰਦਗੀ ਬਿਹਤਰ ਹੈ।

ਕੁਝ ਮਾਪੇ ਗੁੱਸੇ ਜਾਂ ਬੇਰਹਿਮੀ ਕਾਰਣ ਸਖ਼ਤ ਅਤੇ ਅਸੰਗਤ ਸਜ਼ਾ ਦਿੰਦੇ ਹਨ। ਉਹ ਆਪਣੇ ਬੱਚੇ ਨੂੰ ਸਰੀਰਕ ਅਤੇ ਭਾਵਨਾਤਮਕ ਤੌਰ 'ਤੇ ਜ਼ਖਮੀ ਕਰਦੇ ਹਨ। ਉਹ ਆਪਣੇ ਬੱਚਿਆਂ ਨੂੰ ਜ਼ਿੰਦਗੀ ਪ੍ਰਤੀ ਆਪਣੇ ਖੁਦ ਦੇ ਤਣਾਅ ਅਤੇ ਨਿਰਾਸ਼ਾ ਨੂੰ ਦੂਰ ਕਰਨ ਦੇ ਲਈ ਸਜ਼ਾ ਦਿੰਦੇ ਹਨ। ਇਹ ਇੱਕ ਗੰਭੀਰ ਸਮੱਸਿਆ ਹੈ ਜਿਸ ਨੂੰ ਉਨ੍ਹਾਂ ਦੁਆਰਾ ਬਰਦਾਸ਼ਤ ਨਹੀਂ ਕੀਤਾ ਜਾਣਾ ਚਾਹੀਦਾ ਜੋ ਇਸ ਨੂੰ ਵੇਖਦੇ ਹਨ। ਦੋਸਤਾਂ, ਗੁਆਂਢੀਆਂ ਅਤੇ ਰਿਸ਼ਤੇਦਾਰਾਂ ਨੂੰ ਇੱਕ ਅਜਿਹੇ ਵਿਅਕਤੀ ਦਾ ਵਿਰੋਧ ਕਰਨਾ ਚਾਹੀਦਾ ਹੈ ਜੋ ਬੱਚੇ ਨਾਲ ਦੁਰਵਿਹਾਰ ਕਰ ਰਿਹਾ ਹੈ। ਦੁਰਵਿਹਾਰ ਕਰਨ ਵਾਲੇ ਮਾਂ ਜਾਂ ਪਿਓ ਦੇ ਜੀਵਨ ਸਾਥੀ ਨੂੰ ਰਿਸ਼ਤੇਦਾਰਾਂ, ਦੋਸਤਾਂ ਜਾਂ ਪਾਸਟਰ ਤੋਂ ਮਦਦ ਲੈਣੀ ਚਾਹੀਦੀ ਹੈ। ਬੱਚੇ ਦੀ ਰੱਖਿਆ ਕਰਨਾ ਮਹੱਤਵਪੂਰਣ ਹੈ।

► ਕੁਝ ਮਾਪੇ ਆਪਣੇ ਬੱਚਿਆਂ ਨੂੰ ਜਨਤਕ ਤੌਰ 'ਤੇ ਬੇਇੱਜ਼ਤ ਕਰਦੇ ਹਨ, ਜਦੋਂ ਉਹ ਗਲਤ ਕਰਦੇ ਹਨ। ਕੀ ਇਹ ਤਾੜਨਾ ਦਾ ਇੱਕ ਚੰਗਾ ਤਰੀਕਾ ਹੈ?

► ਇੱਕ ਵਿਦਿਆਰਥੀ ਨੂੰ ਸਮੂਹ ਲਈ ਅਫ਼ਸੀਆਂ 6:4 ਨੂੰ ਪੜ੍ਹਨਾ ਚਾਹੀਦਾ ਹੈ।

ਬੱਚੇ ਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੁੰਦੀ ਹੈ ਕਿ ਉਸ ਦੇ ਮਾਪੇ ਉਸ ਨੂੰ ਪਿਆਰ ਕਰਦੇ ਹਨ ਅਤੇ ਉਨ੍ਹਾਂ ਦੀ ਤਾੜਨਾ ਉਸ ਦੇ ਭਲੇ ਲਈ ਹੈ। ਜਦੋਂ ਇੱਕ ਬੱਚਾ ਆਪਣੇ ਮਾਪਿਆਂ ਦੁਆਰਾ ਬੇਇੱਜ਼ਤ ਕੀਤਾ ਜਾਂਦਾ ਹੈ, ਤਾਂ ਉਹ ਪਿਆਰ ਮਹਿਸੂਸ ਨਹੀਂ ਕਰਦਾ। ਉਹ ਕੌੜਾ ਹੋ ਸਕਦਾ ਹੈ ਅਤੇ ਮਹਿਸੂਸ ਕਰ ਸਕਦਾ ਹੈ ਕਿ ਉਸ ਦੇ ਮਾਪਿਆਂ ਦਾ ਅਧਿਕਾਰ ਇੱਕ ਭਿਆਨਕ ਚੀਜ਼ ਹੈ ਜਿਸ ਤੋਂ ਉਸ ਨੂੰ ਬਚਣ ਦੀ ਲੋੜ ਹੈ। ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਨਿੱਜੀ ਤੌਰ 'ਤੇ ਤਾੜਨਾ ਚਾਹੀਦਾ ਹੈ ਅਤੇ ਦੂਸਰੇ ਲੋਕਾਂ ਦੀ ਮੌਜੂਦਗੀ ਵਿੱਚ ਉਨ੍ਹਾਂ ਨੂੰ ਸ਼ਰਮਿੰਦਾ ਕਰਨ ਤੋਂ ਬਚਣਾ ਚਾਹੀਦਾ ਹੈ। ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਕੋਮਲਤਾ ਅਤੇ ਧੀਰਜ ਨਾਲ ਹਿਦਾਇਤ ਦੇਣੀ ਚਾਹੀਦੀ ਹੈ ਅਤੇ ਤਾੜਨਾ ਚਾਹੀਦਾ ਹੈ।[44] ਕਹਾਉਤਾਂ 16:21 ਦਾ ਦੂਸਰਾ ਭਾਗ ਸਾਨੂੰ ਦੱਸਦਾ ਹੈ ਕਿ "...ਮਿੱਠੇ ਬੋਲਣ ਨਾਲ ਕਾਇਲ ਕਰਨ ਦੀ ਸ਼ਕਤੀ ਵੱਧ ਜਾਂਦੀ ਹੈ।"

► ਕਲਪਨਾ ਕਰੋ ਕਿ ਤੁਸੀਂ ਆਪਣੇ ਬੱਚੇ ਨੂੰ ਆਪਣੇ ਜਾਨਵਰਾਂ ਦੀ ਦੇਖਭਾਲ ਕਰਨ ਲਈ ਕਿਹਾ ਹੈ। ਜਦੋਂ ਤੁਸੀਂ ਸ਼ਾਮ ਨੂੰ ਘਰ ਆਉਂਦੇ ਹੋ ਤਾਂ ਤੁਸੀਂ ਵੇਖਦੇ ਹੋ ਕਿ ਜਾਨਵਰਾਂ ਨੂੰ ਚਾਰਾ ਨਹੀਂ ਦਿੱਤਾ ਗਿਆ ਸੀ। ਤੁਸੀਂ ਸਾਰਾ ਦਿਨ ਕੰਮ ਕਰਕੇ ਥੱਕੇ ਹੋਏ ਹੋ, ਪਰ ਤੁਹਾਨੂੰ ਆਰਾਮ ਕਰਨ ਤੋਂ ਪਹਿਲਾਂ ਜਾਨਵਰਾਂ ਨੂੰ ਚਾਰਾ ਦੇਣਾ ਚਾਹੀਦਾ ਹੈ ਕਿਉਂਕਿ ਤੁਹਾਡਾ ਬੱਚੇ ਨੇ ਗੱਲ ਨਹੀਂ ਮੰਨੀ। ਕੀ ਤੁਹਾਨੂੰ ਗੁੱਸਾ ਕਰਨਾ ਚਾਹੀਦਾ ਹੈ? ਕੀ ਮਾਪਿਆਂ ਲਈ ਆਪਣੇ ਬੱਚੇ ਨਾਲ ਗੁੱਸੇ ਹੋਣਾ ਗਲਤ ਹੈ?

ਮਾਪਿਆਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਤਾੜਨਾ ਬੱਚੇ ਨੂੰ ਲਾਭ ਪਹੁੰਚਾਉਣ ਲਈ ਹੈ। ਜਦੋਂ ਕੋਈ ਮਾਂ ਜਾਂ ਪਿਓ ਇਸ ਲਈ ਗੁੱਸੇ ਹੁੰਦੇ ਹਨ ਕਿਉਂਕਿ ਉਹ ਬੇਇੱਜ਼ਤ ਮਹਿਸੂਸ ਕਰਦੇ ਹਨ ਜਾਂ ਕਿਉਂਕਿ ਬੱਚੇ ਦੀ ਅਣਆਗਿਆਕਾਰੀ ਉਸ ਲਈ ਅਸੁਵਿਧਾ ਦਾ ਕਾਰਨ ਬਣਦੀ ਹੈ, ਤਾਂ ਉਸ ਕੋਲ ਇੱਕ ਅਜਿਹਾ ਗੁੱਸਾ ਹੁੰਦਾ ਹੈ ਜੋ ਕੁਝ ਵੀ ਚੰਗਾ ਨਹੀਂ ਕਰ ਸਕਦਾ (ਯਾਕੂਬ 1:20)। ਉਸ ਦਾ ਗੁੱਸਾ ਸਵੈ-ਕੇਂਦ੍ਰਿਤ ਹੁੰਦਾ ਹੈ।

ਇੱਕ ਮਾਂ ਜਾਂ ਪਿਓ ਸਹੀ ਕਿਸਮ ਦਾ ਗੁੱਸਾ ਇਸ ਤਰ੍ਹਾਂ ਪ੍ਰਗਟ ਕਰ ਸਕਦੇ ਹਨ: "ਪੁੱਤਰ, ਤੂੰ ਜਾਨਵਰਾਂ ਨੂੰ ਉਸ ਤਰ੍ਹਾਂ ਚਾਰਾ ਨਹੀਂ ਦਿੱਤਾ ਜਿਵੇਂ ਮੈਂ ਤੈਨੂੰ ਦੇਣ ਲਈ ਕਿਹਾ ਸੀ। ਜਾਨਵਰ ਭੁੱਖੇ ਸਨ, ਅਤੇ ਜੇਕਰ ਮੈਂ ਉਨ੍ਹਾਂ ਨੂੰ ਨਾ ਚਾਰਾ ਦਿੰਦਾ ਤਾਂ ਉਹ ਸਾਰੀ ਰਾਤ ਭੁੱਖੇ ਰਹਿੰਦੇ। ਮੈਨੂੰ ਉਨ੍ਹਾਂ ਨੂੰ ਚਾਰਾ ਦੇਣਾ ਪਿਆ ਭਾਵੇਂ ਮੈਂ ਸਾਰਾ ਦਿਨ ਕੰਮ ਕਰਕੇ ਥੱਕਿਆ ਹੋਇਆ ਸੀ। ਮੈਂ ਗੁੱਸੇ ਹਾਂ ਕਿਉਂਕਿ ਮੈਂ ਨਹੀਂ ਚਾਹੁੰਦਾ ਕਿ ਤੂੰ ਉਸ ਤਰ੍ਹਾਂ ਦਾ ਵਿਅਕਤੀ ਬਣੇਂ ਜੋ ਆਪਣੀ ਜ਼ਿੰਮੇਵਾਰੀ ਨੂੰ ਨਜ਼ਰਅੰਦਾਜ਼ ਕਰਕੇ ਦੂਸਰਿਆਂ ਦੀਆਂ ਜ਼ਰੂਰਤਾਂ ਨੂੰ

---

[44] ਹਾਲਾਂਕਿ 2 ਤਿਮੋਥਿਉਸ ਨੂੰ 2:24-25 ਅਤੇ ਗਲਾਤੀਆਂ ਨੂੰ 6:1 ਕਲੀਸਿਯਾ ਵਿੱਚ ਪਾਪ ਨਾਲ ਨਜਿੱਠਣ ਲਈ ਹਿਦਾਇਤ ਵਜੋਂ ਲਿਖਿਆ ਗਿਆ ਸੀ, ਪਰ ਜੋ ਗਲਤ ਹਨ ਉਨ੍ਹਾਂ ਨੂੰ ਸੁਧਾਰਦੇ ਹੋਏ ਧੀਰਜ ਅਤੇ ਕੋਮਲਤਾ ਦਾ ਪ੍ਰਦਰਸ਼ਨ ਕਰਨ ਦੀ ਹਿਦਾਇਤ ਪਾਲਣ-ਪੋਸ਼ਣ ਦੇ ਸੰਦਰਭ 'ਤੇ ਵੀ ਲਾਗੂ ਹੁੰਦੀ ਹੈ।

ਨਜ਼ਰਅੰਦਾਜ਼ ਕਰਦਾ ਹੈ। ਕਹਾਉਤਾਂ 12:10 ਸਿਖਾਉਂਦੀ ਹੈ, "ਧਰਮੀ ਆਪਣੇ ਪਸੂ ਦੇ ਪ੍ਰਾਣਾਂ ਦੀ ਵੀ ਸੁੱਧ ਰੱਖਦਾ ਹੈ, ਪਰ ਦੁਸ਼ਟਾਂ ਦਾ ਰਹਮ ਨਿਰਦਈ ਹੀ ਹੈ।"

ਸੋਨੀਆ ਨੇ ਆਪਣੇ ਬੱਚਿਆਂ ਨੂੰ ਆਖਿਆ ਕਿ ਉਹ ਉਸ ਕਮਰੇ ਵਿੱਚ ਖਾਣ ਜਾਂ ਪੀਣ ਵਾਲਾ ਕੋਈ ਪਦਾਰਥ ਨਾ ਲਿਆਉਣ ਜਿਸ ਵਿੱਚ ਫਰਸ਼ 'ਤੇ ਨਵਾਂ ਗਲੀਚਾ ਵਿਛਿਆ ਹੋਇਆ ਸੀ। ਅਗਲੇ ਦਿਨ ਉਸ ਨੇ ਇੱਕ ਬੱਚੇ ਨੂੰ ਉੱਥੇ ਖਾਂਦੇ ਹੋਏ ਵੇਖਿਆ, ਅਤੇ ਉਸ ਨੇ ਉਸ ਨੂੰ ਝਿੜਕਿਆ। ਬਾਅਦ ਵਿੱਚ ਬੱਚਿਆਂ ਵਿੱਚੋਂ ਇੱਕ ਬੱਚਾ ਜੂਸ ਦਾ ਗਲਾਸ ਲੈ ਕੇ ਗਲੀਚੇ ਉੱਤੋਂ ਦੀ ਲੰਘਿਆ ਅਤੇ ਉਸ ਨੇ ਉਸ ਨੂੰ ਝਿੜਕਿਆ। ਅਗਲੇ ਕੁਝ ਦਿਨਾਂ ਵਿੱਚ ਬੱਚੇ ਕਈ ਵਾਰ ਉਸ ਕਮਰੇ ਵਿੱਚ ਪੀਣ ਵਾਲੇ ਪਦਾਰਥ ਲੈ ਕੇ ਗਏ, ਪਰ ਸੋਨੀਆ ਰੁੱਝੀ ਹੋਈ ਸੀ ਅਤੇ ਉਸ ਨੇ ਉਨ੍ਹਾਂ ਨੂੰ ਤਾੜਿਆ ਨਹੀਂ। ਫਿਰ ਇੱਕ ਦਿਨ ਉਸ ਦੇ ਪੁੱਤਰ ਨੇ ਗਲੀਚੇ 'ਤੇ ਕੋਕਾ-ਕੋਲਾ ਡੋਲ੍ਹ ਦਿੱਤਾ। ਸੋਨੀਆ ਗੁੱਸੇ ਵਿੱਚ ਸੀ ਅਤੇ ਉਸ ਨੂੰ ਮਾਰਿਆ।

► ਸੋਨੀਆ ਦੇ ਆਪਣੇ ਬੱਚਿਆਂ ਨੂੰ ਸੁਧਾਰਨ ਦੇ ਤਰੀਕੇ ਵਿੱਚ ਕੀ ਗਲਤ ਹੈ?

ਸੋਨੀਆ ਦਾ ਨਿਯਮ ਸੀ ਕਿ ਬੱਚਿਆਂ ਨੂੰ ਗਲੀਚੇ ਵਾਲੇ ਕਮਰੇ ਵਿੱਚ ਖਾਣ ਜਾਂ ਪੀਣ ਵਾਲਾ ਪਦਾਰਥ ਨਹੀਂ ਲੈ ਕੇ ਜਾਣਾ ਚਾਹੀਦਾ, ਪਰ ਫਿਰ ਉਸ ਨੇ ਉਨ੍ਹਾਂ ਦੇ ਨਿਯਮ ਤੋੜਨ ਨੂੰ ਉਦੋਂ ਤੱਕ ਬਰਦਾਸ਼ਤ ਕੀਤਾ ਜਦੋਂ ਤੱਕ ਕੋਈ ਹਾਦਸਾ ਨਹੀਂ ਹੋ ਗਿਆ। ਉਸ ਨੇ ਨਿਯਮ ਤੋੜਨ ਦੀ ਬਜਾਏ ਹਾਦਸੇ ਲਈ ਸਜ਼ਾ ਦਿੱਤੀ। ਇਹ ਬੱਚਿਆਂ ਨੂੰ ਸਿਖਾਉਂਦਾ ਹੈ ਕਿ ਉਹ ਤਦ ਤਕ ਨਿਯਮ ਤੋੜ ਸਕਦੇ ਹਨ ਜਿੰਨਾ ਚਿਰ ਉਹ ਮਾੜੇ ਨਤੀਜਿਆਂ ਨੂੰ ਰੋਕ ਸਕਦੇ ਹਨ। ਇਹ ਵਿਚਾਰ ਮਾੜੇ ਚਰਿੱਤਰ ਨੂੰ ਵਿਕਸਤ ਕਰਦਾ ਹੈ ਕਿਉਂਕਿ ਇਹ ਸਾਰੇ ਨਿਯਮ ਤੋੜਨ ਦਾ ਅਧਾਰ ਹੈ। ਇੱਕ ਵਿਅਕਤੀ ਨਿਯਮਾਂ ਨੂੰ ਤੋੜਦਾ ਹੈ ਕਿਉਂਕਿ ਉਹ ਸੋਚਦਾ ਹੈ ਕਿ ਉਹ ਉਹ ਨਤੀਜੇ ਪ੍ਰਾਪਤ ਕਰ ਸਕਦਾ ਹੈ ਜੋ ਉਹ ਚਾਹੁੰਦਾ ਹੈ ਅਤੇ ਮਾੜੇ ਨਤੀਜਿਆਂ ਤੋਂ ਬਚ ਸਕਦਾ ਹੈ। ਮਾਪਿਆਂ ਨੂੰ ਬੱਚਿਆਂ ਨੂੰ ਦੁਰਘਟਨਾਵਾਂ ਲਈ ਸਜ਼ਾ ਦੇਣ ਦੀ ਬਜਾਏ ਅਣਆਗਿਆਕਾਰੀ ਲਈ ਤਾੜਨਾ ਚਾਹੀਦਾ ਹੈ।

ਤੇਜਿੰਦਰ ਨੇ ਆਪਣੇ ਪੁੱਤਰਾਂ ਨੂੰ ਆਖਿਆ ਕਿ ਉਹ ਹਮੇਸ਼ਾ ਸ਼ਾਮ ਨੂੰ ਆਪਣੇ ਸਾਈਕਲਾਂ ਨੂੰ ਦੂਰ ਰੱਖਣ। ਇੱਕ ਹਫ਼ਤੇ ਲਈ ਹਰ ਦਿਨ, ਜਦੋਂ ਤੇਜਿੰਦਰ ਘਰ ਆਉਂਦਾ ਸੀ, ਸਾਈਕਲ ਅਜੇ ਵੀ ਬਾਹਰ ਹੀ ਹੁੰਦੇ ਸਨ। ਫਿਰ ਇੱਕ ਦਿਨ ਕੰਮ 'ਤੇ ਤੇਜਿੰਦਰ ਨੇ ਆਪਣਾ ਇੱਕ ਔਜ਼ਾਰ ਗੁਆ ਲਿਆ, ਗਲਤੀ ਨਾਲ ਉਸ ਦੀ ਉਂਗਲੀ 'ਤੇ ਸੱਟ ਲੱਗ ਗਈ, ਅਤੇ ਵਾਪਸ ਆਉਂਦੇ ਸਮੇਂ ਟਾਇਰ ਪੰਕਚਰ ਹੋ ਗਿਆ। ਜਦੋਂ ਉਹ ਘਰ ਪਹੁੰਚਿਆ ਤਾਂ ਸਾਈਕਲ ਅਜੇ ਵੀ ਬਾਹਰ ਹੀ ਸਨ, ਅਤੇ ਉਸ ਨੇ ਆਪਣੇ ਪੁੱਤਰਾਂ ਨੂੰ ਸਜ਼ਾ ਦਿੱਤੀ।

► ਤੇਜਿੰਦਰ ਦੇ ਆਪਣੇ ਪੁੱਤਰਾਂ ਨੂੰ ਸੁਧਾਰਨ ਦੇ ਤਰੀਕੇ ਵਿੱਚ ਕੀ ਗਲਤ ਹੈ?

ਬਹੁਤ ਸਾਰੇ ਮਾਪੇ ਉਦੋਂ ਅਣਆਗਿਆਕਾਰੀ ਨੂੰ ਬਰਦਾਸ਼ਤ ਕਰਦੇ ਹਨ ਜਦੋਂ ਉਹ ਚੰਗੇ ਮੂਡ ਵਿੱਚ ਹੁੰਦੇ ਹਨ ਅਤੇ ਜਦੋਂ ਉਹ ਜ਼ਿੰਦਗੀ ਦੀਆਂ ਸਥਿਤੀਆਂ ਬਾਰੇ ਗੁੱਸੇ ਵਿੱਚ ਹੁੰਦੇ ਹਨ ਤਾਂ ਅਣਆਗਿਆਕਾਰੀ ਲਈ ਸਜ਼ਾ ਦਿੰਦੇ ਹਨ। ਬੱਚੇ ਉਦੋਂ ਤੱਕ ਆਗਿਆਕਾਰੀ ਕਰਨਾ ਨਹੀਂ ਸਿੱਖਦੇ ਜਦੋਂ ਤੱਕ ਮਾਪੇ ਉਨ੍ਹਾਂ ਨੂੰ ਲਗਾਤਾਰ ਸੁਧਾਰਦੇ ਨਹੀਂ ਹਨ।

► ਹੇਠਾਂ ਦਿੱਤੇ ਨੁਕਤਿਆਂ ਨੂੰ ਵੇਖੋ ਅਤੇ ਸਮਝਾਓ ਕਿ ਹਰ ਇੱਕ ਮਹੱਤਵਪੂਰਣ ਕਿਉਂ ਹੈ। ਜੇਕਰ ਕੋਈ ਮਾਪਾ ਇਨ੍ਹਾਂ ਨਿਰਦੇਸ਼ਾਂ ਦੀ ਪਾਲਣਾ ਨਹੀਂ ਕਰਦਾ ਹੈ ਤਾਂ ਕੀ ਹੁੰਦਾ ਹੈ?

- ਸ਼ਰਤਾਂ ਬੱਚੇ ਦੀਆਂ ਯੋਗਤਾਵਾਂ ਅਤੇ ਪਰਿਪੱਕਤਾ ਦੇ ਅਨੁਸਾਰ ਹੋਣੀਆਂ ਚਾਹੀਦੀਆਂ ਹਨ।
- ਸਿਰਫ਼ ਜਾਣਬੁੱਝ ਕੇ ਕੀਤੀ ਗਈ ਅਣਆਗਿਆਕਾਰੀ ਲਈ ਸਜ਼ਾ ਦਿਓ, ਦੁਰਘਟਨਾਵਾਂ ਲਈ ਨਹੀਂ।
- ਨਿਯਮ ਅਤੇ ਸ਼ਰਤਾਂ ਸਪੱਸ਼ਟ ਅਤੇ ਸਮਝਣ ਯੋਗ ਹੋਣੀਆਂ ਚਾਹੀਦੀਆਂ ਹਨ।
- ਜਦੋਂ ਕੋਈ ਬੱਚਾ ਅਣਆਗਿਆਕਾਰੀ ਕਰਦਾ ਹੈ, ਤਾਂ ਮਾਪਿਆਂ ਨੂੰ ਦੱਸਣਾ ਚਾਹੀਦਾ ਹੈ ਕਿ ਬੱਚੇ ਨੂੰ ਕੀ ਕਰਨਾ ਚਾਹੀਦਾ ਸੀ।
- ਕਦੇ ਵੀ ਕਿਸੇ ਬੱਚੇ ਨੂੰ ਕਿਸੇ ਅਜਿਹੀ ਚੀਜ਼ ਲਈ ਸਜ਼ਾ ਨਾ ਦਿਓ ਜੋ ਉਸ ਦੇ ਨਿਯੰਤਰਣ ਵਿੱਚ ਨਹੀਂ ਸੀ।

## ਬੱਚਿਆਂ ਤੋਂ ਵਿਹਾਰਕ ਹਦਾਇਤਾਂ

ਕਈ ਸਾਲ ਪਹਿਲਾਂ, ਬ੍ਰਿਟਿਸ਼ ਮਨੋਵਿਗਿਆਨੀ, ਡਾ. ਆਰ.ਐਫ. ਹਰਟਜ਼, ਨੇ ਇੱਕ ਖੋਜ ਪ੍ਰੋਜੈਕਟ ਚਲਾਇਆ। ਉਸ ਨੇ 24 ਦੇਸਾਂ ਦੇ 8 ਤੋਂ 14 ਸਾਲ ਦੀ ਉਮਰ ਦੇ 100,000 ਬੱਚਿਆਂ ਨੂੰ ਮਾਪਿਆਂ ਲਈ ਵਿਹਾਰ ਦੇ ਨਿਯਮਾਂ ਦੀ ਇੱਕ ਸੂਚੀ ਬਣਾਉਣ ਵਾਸਤੇ ਆਖਿਆ। ਇਸ ਖੋਜ ਵਿੱਚ ਪਰਮੇਸ਼ੁਰ ਦੇ ਬਚਨ ਦਾ ਅਧਿਕਾਰ ਨਹੀਂ ਹੈ, ਪਰ ਇਹ ਸਾਨੂੰ ਕੁਝ ਉਨ੍ਹਾਂ ਜ਼ਰੂਰਤਾਂ ਵਿਖਾਉਂਦਾ ਹੈ ਜੋ ਬੱਚੇ ਮਹਿਸੂਸ ਕਰਦੇ ਹਨ। ਇੱਥੇ ਕੁਝ ਸਭ ਤੋਂ ਆਮ ਜਵਾਬ ਹਨ:

- ਆਪਣੇ ਬੱਚਿਆਂ ਦੇ ਸਾਹਮਣੇ ਝਗੜਾ ਨਾ ਕਰੋ।
- ਕਿਸੇ ਬੱਚੇ ਨਾਲ ਝੂਠ ਨਾ ਬੋਲੋ।
- ਹਮੇਸ਼ਾ ਬੱਚਿਆਂ ਦੇ ਸਵਾਲਾਂ ਦੇ ਜਵਾਬ ਦਿਓ।
- ਆਪਣੇ ਸਾਰੇ ਬੱਚਿਆਂ ਨਾਲ ਬਰਾਬਰ ਪਿਆਰ ਨਾਲ ਪੇਸ਼ ਆਓ।
- ਮਾਪਿਆਂ ਅਤੇ ਬੱਚਿਆਂ ਵਿਚਕਾਰ [ਦੋਸਤੀ] ਹੋਣੀ ਚਾਹੀਦੀ ਹੈ।
- ਆਪਣੇ ਬੱਚਿਆਂ ਦੇ ਦੋਸਤਾਂ ਦਾ ਮਹਿਮਾਨਾਂ ਦੇ ਵਾਂਗ ਸਵਾਗਤ ਕਰੋ।
- ਆਪਣੇ ਬੱਚਿਆਂ ਨੂੰ ਉਨ੍ਹਾਂ ਦੇ ਦੋਸਤਾਂ ਦੀ ਮੌਜੂਦਗੀ ਵਿੱਚ ਦੋਸ਼ੀ ਨਾ ਠਹਿਰਾਓ ਅਤੇ ਸਜ਼ਾ ਨਾ ਦਿਓ।
- ਆਪਣੇ ਬੱਚੇ ਦੇ ਚੰਗੇ ਨੁਕਤਿਆਂ ‘ਤੇ ਧਿਆਨ ਕੇਂਦਰਿਤ ਕਰੋ ਅਤੇ ਉਸ ਦੀਆਂ ਅਸਫਲਤਾਵਾਂ ’ਤੇ ਜ਼ਿਆਦਾ ਜ਼ੋਰ ਨਾ ਦਿਓ।
- ਆਪਣੇ ਪਿਆਰ ਅਤੇ ਆਪਣੇ ਮੂਡ ਵਿੱਚ ਸਥਿਰ ਰਹੋ।

ਜਦੋਂ ਇੱਕ ਮਾਪਾ ਬੱਚਿਆਂ ਦੀ ਮੌਜੂਦਗੀ ਵਿੱਚ ਦੂਸਰੇ ਦੀ ਲਗਾਤਾਰ ਆਲੋਚਨਾ ਕਰਦਾ ਹੈ, ਤਾਂ ਬੱਚੇ ਇਹ ਮੰਨ ਸਕਦੇ ਹਨ ਕਿ ਉਨ੍ਹਾਂ ਨੂੰ ਵੀ ਉਸ ਮਾਂ ਜਾਂ ਪਿਓ ਦੀਆਂ ਕਮੀਆਂ ਨਾਲ ਅਸਹਿਮਤ ਹੋਣ ਅਤੇ ਉਨ੍ਹਾਂ ਨੂੰ ਦੇਖਣ ਦੇ ਯੋਗ ਹੋਣਾ ਚਾਹੀਦਾ ਹੈ, ਜਿਸ ਮਾਪੇ ਦਾ

ਨਿਰਾਦਰ ਕੀਤਾ ਜਾਂਦਾ ਹੈ।[45] ਮਾਪਿਆਂ ਨੂੰ ਆਪਣੇ ਮਤਭੇਤਾਂ ਬਾਰੇ ਨਿੱਜੀ ਤੌਰ 'ਤੇ ਚਰਚਾ ਕਰਨੀ ਚਾਹੀਦੀ ਹੈ ਅਤੇ ਮਿਲ ਕੇ ਨਾਲ ਪਾਲਣਾ ਕਰਨ ਵਾਸਤੇ ਨੀਤੀਆਂ ਵਿਕਸਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਮਾਪਿਆਂ ਨੂੰ ਬੱਚੇ ਨਾਲ ਝੂਠ ਨਹੀਂ ਬੋਲਣਾ ਚਾਹੀਦਾ (ਕੁਲੁੱਸੀਆਂ 3:9), ਉਸ ਨੂੰ ਸਾਥ ਦੇਣ ਦੇ ਕਾਰਣ ਦੇਣ ਲਈ ਵੀ ਨਹੀਂ ਜਾਂ ਉਸ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਲਈ ਵੀ ਨਹੀਂ। ਜਦੋਂ ਇੱਕ ਬੱਚੇ ਨੂੰ ਅਹਿਸਾਸ ਹੁੰਦਾ ਹੈ ਕਿ ਉਸ ਦੇ ਮਾਪੇ ਉਸ ਨਾਲ ਝੂਠ ਬੋਲਦੇ ਹਨ, ਤਾਂ ਉਹ ਹੁਣ ਸੁਰੱਖਿਅਤ ਮਹਿਸੂਸ ਨਹੀਂ ਕਰਦਾ। ਕੁਝ ਮਾਪੇ ਆਪਣੇ ਬੱਚਿਆਂ ਨੂੰ ਉਦੋਂ ਦਿਲਾਸਾ ਜਾਂ ਨਿਰਦੇਸ਼ਨ ਦੇਣ ਵਿੱਚ ਅਸਮਰੱਥ ਹੁੰਦੇ ਹਨ ਜਦੋਂ ਉਨ੍ਹਾਂ ਦੇ ਬੱਚੇ ਡਰੇ ਹੋਏ ਹੁੰਦੇ ਹਨ, ਕਿਉਂਕਿ ਬੱਚੇ ਮਾਪਿਆਂ ਦੀਆਂ ਗੱਲਾਂ 'ਤੇ ਵਿਸ਼ਵਾਸ ਨਹੀਂ ਕਰਦੇ ਹਨ।

► ਉੱਪਰ ਦਿੱਤੇ ਭਾਗ ਵਿੱਚੋਂ ਇੱਕ ਬਿੰਦੂ ਚੁਣੋ ਅਤੇ ਉਨ੍ਹਾਂ ਸਮੱਸਿਆਵਾਂ ਦਾ ਵਰਣਨ ਕਰੋ ਜੋ ਉਦੋਂ ਪੈਦਾ ਹੁੰਦੀਆਂ ਹਨ, ਜੇਕਰ ਕੋਈ ਮਾਪਾ ਉਸ ਦਿਸ਼ਾ ਦੀ ਪਾਲਣਾ ਨਹੀਂ ਕਰਦਾ ਹੈ।

## ਇੱਕ ਮਸੀਹੀ ਦਾ ਘਰ

► ਜਦੋਂ ਕੋਈ ਅਜਨਬੀ ਤੁਹਾਡੇ ਘਰ ਆਉਂਦਾ ਹੈ, ਤਾਂ ਕੀ ਉਹ ਤੁਰੰਤ ਵੇਖਦਾ ਹੈ ਕਿ ਇਹ ਇੱਕ ਘਰ ਹੈ ਜਿੱਥੇ ਮਸੀਹੀ ਰਹਿੰਦੇ ਹਨ? ਕਿਵੇਂ?

► ਇੱਕ ਵਿਦਿਆਰਥੀ ਨੂੰ ਸਮੂਹ ਲਈ ਬਿਵਸਥਾ ਸਾਰ 6:6-9 ਨੂੰ ਪੜ੍ਹਨਾ ਚਾਹੀਦਾ ਹੈ।

ਇਸਰਾਏਲੀਆਂ ਨੇ ਬੱਚਿਆਂ ਦੇ ਚਰਿੱਤਰ ਨੂੰ ਢਾਲ ਕੇ ਭਵਿੱਖ ਨੂੰ ਢਾਲਣ ਵੱਲ ਆਪਣਾ ਧਿਆਨ ਦੇਣਾ ਸੀ। ਉਨ੍ਹਾਂ ਨੇ ਇਹ ਕਿਵੇਂ ਕਰਨਾ ਸੀ? ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਬਾਈਬਲ ਦੇ ਸਿਧਾਂਤਾਂ ਵਿੱਚ ਸਿਖਲਾਈ ਦੇਣ ਲਈ ਇੱਕ ਸੁਰੱਖਿਅਤ ਮਹੌਲ ਬਣਾਉਣਾ ਸੀ। ਉਨ੍ਹਾਂ ਨੇ ਹਰ ਜਗ੍ਹਾ ਵਚਨ ਨੂੰ ਪ੍ਰਦਰਸ਼ਿਤ ਕਰਨਾ ਸੀ ("ਓਹਨਾਂ ਨੂੰ ਆਪਣੇ ਘਰ ਦੀਆਂ ਚੁਗਾਠਾਂ ਉੱਤੇ ਅਤੇ ਆਪਣੇ ਫਾਟਕਾਂ ਉੱਤੇ ਲਿਖੋ।") ਘਰ ਵਿੱਚ ਨਾ ਸਿਰਫ਼ ਵਚਨ ਨੂੰ ਸ਼ਾਬਦਿਕ ਤੌਰ 'ਤੇ ਲਗਾਇਆ ਜਾਣਾ ਸੀ, ਸਗੋਂ ਸਭ ਤੋਂ ਮਹੱਤਵਪੂਰਣ, ਘਰ ਵਿੱਚ ਹਰ ਚੀਜ਼ ਵਚਨ ਦੇ ਅਨੁਸਾਰ ਹੋਣੀ ਸੀ।

ਇਨ੍ਹਾਂ ਪਰਿਵਾਰਾਂ ਦੇ ਘਰਾਂ ਦੀ ਇੱਕ ਕੰਧ 'ਤੇ ਦਸ ਹੁਕਮ ਅਤੇ ਦੂਜੀ ਕੰਧ 'ਤੇ ਇੱਕ ਪਾਪੀ, ਦੁਨਿਆਵੀ ਮਨੋਰੰਜਨ ਕਰਨ ਵਾਲੇ ਦੀ ਤਸਵੀਰ ਨਹੀਂ ਹੋਣੀ ਚਾਹੀਦੀ ਸੀ। ਇਹ ਬੱਚੇ ਦੀ ਕਦਰਾਂ-ਕੀਮਤਾਂ ਦੀ ਸਮਝ ਲਈ ਬਹੁਤ ਉਲਝਣ ਭਰਿਆ ਹੋਵੇਗਾ।

ਬੱਚੇ ਉਨ੍ਹਾਂ ਚੀਜ਼ਾਂ ਤੋਂ ਅਚੇਤ ਤੌਰ 'ਤੇ ਪ੍ਰਭਾਵਿਤ ਹੁੰਦੇ ਹਨ ਜੋ ਉਹ ਹਰ ਰੋਜ਼ ਵੇਖਦੇ ਅਤੇ ਸੁਣਦੇ ਹਨ। ਜੇਕਰ ਉਨ੍ਹਾਂ ਦੇ ਘਰ ਵਿੱਚ ਇੱਕ ਰੇਡੀਓ ਸਟੇਸ਼ਨ ਹਮੇਸ਼ਾ ਚੱਲਦਾ ਰਹਿੰਦਾ ਹੈ, ਤਾਂ ਉਹ ਉਸ ਸੰਗੀਤ ਦੇ ਕੁਝ ਫ਼ਲਸਫ਼ੇ ਨੂੰ ਗ੍ਰਹਿਣ ਕਰਦੇ ਹਨ।

---

[45] ਅਫ਼ਸੀਆਂ ਨੂੰ 4:29-32, ਅਫ਼ਸੀਆਂ ਨੂੰ 5:33; 1 ਪਤਰਸ 3:7-12 ਤੋਂ ਲਈਆਂ ਗਈਆਂ ਸਾਰੀਆਂ ਹਿਦਾਇਤਾਂ ਅਤੇ ਲਏ ਗਏ ਸਾਰੇ ਸਿਧਾਂਤ ਇੱਥੇ ਲਾਗੂ ਹੁੰਦੇ ਹਨ.

ਮਾਪਿਆਂ ਲਈ ਆਪਣੇ ਬੱਚਿਆਂ ਨੂੰ ਹਰ ਬੁਰੇ ਫ਼ਲਸਫ਼ੇ ਜਾਂ ਦੁਨਿਆਵੀ ਪ੍ਰਭਾਵ ਤੋਂ ਬਚਾਉਣਾ ਅਸੰਭਵ ਹੈ, ਪਰ ਮਸੀਹੀ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਸਿਖਾਉਣਾ ਚਾਹੀਦਾ ਹੈ ਕਿ ਉਹ ਪਰਮੇਸ਼ੁਰ ਦੇ ਬਚਨ ਦੇ ਲੈਂਸ ਰਾਹੀਂ ਉਸ ਦਾ ਮੁਲਾਂਕਣ ਕਰਨ ਜੋ ਕੁਝ ਉਹ ਸੁਣਦੇ ਅਤੇ ਵੇਖਦੇ ਹਨ। ਯਿਸੂ ਨੇ ਪ੍ਰਾਰਥਨਾ ਕੀਤੀ, "ਮੈਂ ਇਹ ਬੇਨਤੀ ਨਹੀਂ ਕਰਦਾ ਜੋ ਤੂੰ ਓਹਨਾਂ ਨੂੰ ਜਗਤ ਵਿੱਚੋਂ ਚੁੱਕ ਲਵੇਂ ਪਰ ਇਹ ਜੋ ਤੂੰ ਦੁਸ਼ਟ ਤੋਂ ਓਹਨਾਂ ਦੀ ਰੱਛਿਆ ਕਰੇਂ... ਓਹਨਾਂ ਨੂੰ ਸਚਿਆਈ ਨਾਲ ਪਵਿੱਤ੍ਰ ਕਰ । ਤੇਰਾ ਬਚਨ ਸਚਿਆਈ ਹੈ" (ਯੂਹੰਨਾ 17:15, 17)।

ਬੱਚੇ ਵੇਖਦੇ ਹਨ ਕਿ ਉਨ੍ਹਾਂ ਦੇ ਮਾਪੇ ਕਿਸ ਦੀ ਇੱਕ ਨਾਇਕ ਵਜੋਂ ਪ੍ਰਸ਼ੰਸਾ ਕਰਦੇ ਹਨ। ਉਹ ਜਾਣਦੇ ਹਨ ਕਿ ਉਨ੍ਹਾਂ ਦੇ ਮਾਪੇ ਕਿਸ ਦਾ ਆਦਰ ਕਰਦੇ ਹਨ। ਇੱਕ ਮਾਤਾ-ਪਿਤਾ ਲਈ ਆਪਣੇ ਬੱਚਿਆਂ ਨੂੰ ਮਸੀਹੀ ਸੱਚਾਈ ਸਿਖਾਉਣਾ ਅਸੰਗਤ ਹੈ ਜਦੋਂ ਕਿ ਉਹ ਖੁਦ ਦੁਨਿਆਵੀ ਅਤੇ ਅਨੈਤਿਕ ਲੋਕਾਂ ਦੀ ਪ੍ਰਸ਼ੰਸਾ ਕਰਦਾ ਹੈ। ਅਜਿਹਾ ਕਰਨ ਵਾਲਾ ਮਾਤਾ-ਪਿਤਾ ਆਪਣੇ ਬੱਚੇ ਨੂੰ ਦੱਸਦਾ ਹੈ ਕਿ ਉਹ ਆਪਣੇ ਬੱਚੇ ਦੇ ਇੱਕ ਵਫ਼ਾਦਾਰ ਮਸੀਹੀ ਬਣਨ ਨਾਲੋਂ ਇੱਕ ਸਫਲ ਮਨੋਰੰਜਨ ਕਰਨ ਵਾਲਾ ਬਣਨ ਵਿੱਚ ਵਧੇਰੇ ਖੁਸ਼ ਹੋਵੇਗਾ।

ਕੁਝ ਮਾਪੇ ਸੋਚਦੇ ਹਨ ਕਿ ਆਪਣੇ ਬੱਚੇ ਨੂੰ ਪਾਪੀ ਚੀਜ਼ਾਂ ਦੇ ਸੰਪਰਕ ਵਿੱਚ ਆਉਣ ਦੇਣਾ ਠੀਕ ਹੈ, ਜੇਕਰ ਉਹ ਆਪਣੇ ਬੱਚੇ ਨੂੰ ਸਮਝਾਉਂਦੇ ਹਨ ਕਿ ਉਹ ਚੀਜ਼ਾਂ ਗਲਤ ਕਿਉਂ ਹਨ। ਇਸ ਬਾਰੇ ਸੋਚੋ, ਹਾਲਾਂਕਿ: ਜੇਕਰ ਤੁਸੀਂ ਆਪਣੇ ਬੱਚੇ ਨੂੰ ਸਹੀ ਭੋਜਨ ਖੁਆਉਣ ਦੀ ਕੋਸ਼ਿਸ਼ ਕਰ ਰਹੇ ਹੁੰਦੇ, ਤਾਂ ਤੁਸੀਂ ਉਸ ਦੇ ਸਾਹਮਣੇ ਕੈਂਡੀ ਅਤੇ ਕੇਕ ਦਾ ਢੇਰ ਨਹੀਂ ਰੱਖਦੇ, ਅਤੇ ਫਿਰ ਇਹ ਸਮਝਾਉਣ ਦੀ ਕੋਸ਼ਿਸ਼ ਕਰਦੇ ਕਿ ਉਸ ਨੂੰ ਸਬਜ਼ੀਆਂ ਕਿਉਂ ਖਾਣੀਆਂ ਚਾਹੀਦੀਆਂ ਹਨ। ਵਿਟਾਮਿਨਾਂ ਬਾਰੇ ਸਾਰੇ ਵੇਰਵੇ ਉਸ ਦੀਆਂ ਸੁਭਾਵਿਕ ਇੱਛਾਵਾਂ ਨੂੰ ਦੂਰ ਨਹੀਂ ਕਰ ਸਕਦੇ ਜੋ ਕੈਂਡੀ ਨੂੰ ਵੇਖ ਕੇ ਭੜਕ ਉੱਠਦੀਆਂ ਹਨ।

ਕੁਝ ਮਾਪੇ ਉਨ੍ਹਾਂ ਦੇ ਬੱਚੇ ਕੀ ਵੇਖ ਰਹੇ ਹਨ, ਇਸ ਬਾਰੇ ਚਿੰਤਾ ਕੀਤੇ ਬਿਨਾਂ ਹਰ ਸਮੇਂ ਟੈਲੀਵਿਜ਼ਨ ਚਾਲੂ ਰੱਖਣ ਦਿੰਦੇ ਹਨ। ਮਸੀਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸਮਾਜ ਸਿਖਾਉਂਦਾ ਹੈ ਕਿ ਪਾਪ ਠੀਕ ਹੈ ਜਦੋਂ ਤੱਕ ਨਤੀਜੇ ਨਿਯੰਤਰਿਤ ਕੀਤੇ ਜਾਂਦੇ ਹਨ। ਟੈਲੀਵਿਜ਼ਨ ਉਨ੍ਹਾਂ ਲੋਕਾਂ ਨੂੰ ਵਿਖਾਉਂਦਾ ਹੈ ਜੋ ਬਿਨਾਂ ਨਤੀਜਿਆਂ ਦੇ ਪਾਪ ਵਿੱਚ ਜੀ ਰਹੇ ਹਨ, ਪਰ ਇਹ ਅਸਲ ਜੀਵਨ ਦਾ ਸਹੀ ਵਰਣਨ ਨਹੀਂ ਹੈ। ਟੈਲੀਵਿਜ਼ਨ ਬੱਚੇ ਨੂੰ ਇਹ ਸੋਚਣ ਲਈ ਮਜਬੂਰ ਕਰਦਾ ਹੈ ਕਿ ਉਸ ਦੇ ਮਾਪੇ ਉਸ ਨੂੰ ਜ਼ਿੰਦਗੀ ਦਾ ਆਨੰਦ ਲੈਣ ਤੋਂ ਰੋਕ ਰਹੇ ਹਨ, ਅਤੇ ਉਹ ਉਸ ਸਮੇਂ ਦੀ ਉਡੀਕ ਕਰਦਾ ਹੈ ਜਦੋਂ ਉਹ ਉਹ ਕਰ ਸਕਦਾ ਹੈ ਜੋ ਉਹ ਚਾਹੁੰਦਾ ਹੈ।

ਬਹੁਤ ਸਾਰੇ ਮਸੀਹੀ ਉਨ੍ਹਾਂ ਰਿਸ਼ਤੇਦਾਰਾਂ ਦੇ ਘਰਾਂ ਵਿੱਚ ਰਹਿੰਦੇ ਹਨ ਜੋ ਮਸੀਹੀ ਨਹੀਂ ਹਨ। ਉਨ੍ਹਾਂ ਮਾਮਲਿਆਂ ਵਿੱਚ, ਘਰ ਇੱਕ ਅਜਿਹਾ ਵਾਤਾਵਰਣ ਨਹੀਂ ਹੈ ਜੋ ਗਲਤ ਪ੍ਰਭਾਵਾਂ ਤੋਂ ਸੁਰੱਖਿਅਤ ਹੋਵੇ। ਮਸੀਹੀ ਮਾਪਿਆਂ ਲਈ ਪਿਆਰ, ਵਫ਼ਾਦਾਰੀ, ਸ਼ੁੱਧਤਾ ਅਤੇ ਖੁਸ਼ੀ ਦੀ ਉਦਾਹਰਣ ਕਾਇਮ ਕਰਨਾ ਮਹੱਤਵਪੂਰਣ ਹੈ, ਜਦੋਂ ਕਿ ਪ੍ਰਾਰਥਨਾ ਕਰਦੇ ਹੋਏ ਕਿ ਪਵਿੱਤਰ ਆਤਮਾ ਬੱਚੇ ਦੀ ਜ਼ਿੰਦਗੀ ਵਿੱਚ ਸਹੀ ਦਿਸ਼ਾ ਚੁਣਨ ਵਿੱਚ ਮਦਦ ਕਰੇ।

## ਅਸਿੱਧ ਪਰਿਵਾਰ

ਕਿਉਂਕਿ ਪਰਿਵਾਰ ਸੰਪੂਰਣ ਨਹੀਂ ਹਨ, ਰਿਸ਼ਤਿਆਂ ਵਿੱਚ ਅਕਸਰ ਪਿਛਲੀਆਂ ਗਲਤੀਆਂ ਅਤੇ ਅਣਸੁਲਝੇ ਝਗੜਿਆਂ ਦਾ ਇਤਿਹਾਸ ਹੁੰਦਾ ਹੈ।

ਮਸੀਹੀ ਮਾਪੇ ਵੀ ਸੰਪੂਰਣ ਨਹੀਂ ਹੁੰਦੇ। ਉਹ ਨਿਯਮ ਬਣਾਉਣ ਅਤੇ ਲਾਗੂ ਕਰਨ ਵਿੱਚ ਹਮੇਸ਼ਾ ਇਕਸਾਰ ਨਹੀਂ ਹੋ ਸਕਦੇ। ਉਹ ਹਮੇਸ਼ਾ ਆਪਣੇ ਕਿਸ਼ੋਰ ਉਮਰ ਦੇ ਬੱਚੇ ਦੀ ਸਥਿਤੀ ਨੂੰ ਨਹੀਂ ਸਮਝਦੇ - ਨਵੀਂ ਪੀੜ੍ਹੀ ਵਿੱਚ ਚੀਜ਼ਾਂ ਬਦਲ ਗਈਆਂ ਹਨ। ਉਹ ਹਮੇਸ਼ਾ ਆਪਣੇ ਬੱਚੇ ਦੇ ਅਸਲ ਮੁੱਦਿਆਂ ਲਈ ਕਾਫ਼ੀ ਹਮਦਰਦੀ ਨਹੀਂ ਰੱਖਦੇ। ਉਨ੍ਹਾਂ ਦਾ ਰਵੱਈਆ ਹਮੇਸ਼ਾ ਸਭ ਤੋਂ ਵਧੀਆ ਨਹੀਂ ਹੁੰਦਾ ਅਤੇ ਉਹ ਦੁਖਦਾਈ ਸ਼ਬਦ ਆਖ ਸਕਦੇ ਹਨ।

ਪਰਮੇਸ਼ੁਰ ਨੇ ਪਹਿਲਾਂ ਲੋਕਾਂ ਨੂੰ ਬਣਾਇਆ ਅਤੇ ਪਰਿਵਾਰ ਨੂੰ ਰਚਿਆ। ਉਸ ਨੇ ਇੱਕ ਆਦਮੀ ਬਣਾਇਆ, ਉਸ ਦੇ ਲਈ ਇੱਕ ਪਤਨੀ ਬਣਾਈ, ਅਤੇ ਉਨ੍ਹਾਂ ਨੂੰ ਪਾਲਣ ਲਈ ਬੱਚੇ ਦਿੱਤੇ। ਪਰਮੇਸ਼ੁਰ ਸਭ ਕੁਝ ਜਾਣਦਾ ਹੈ। ਪਰਮੇਸ਼ੁਰ ਜਾਣਦਾ ਸੀ ਕਿ ਮਾਪੇ ਗਲਤੀਆਂ ਕਰਨਗੇ, ਪਰ ਉਸ ਨੇ ਕਿਸੇ ਵੀ ਤਰ੍ਹਾਂ ਮਾਪਿਆਂ ਨੂੰ ਬਣਾਇਆ। ਉਸ ਨੇ ਵੇਖਿਆ ਕਿ ਇਹ ਅਜੇ ਵੀ ਸਭ ਤੋਂ ਵਧੀਆ ਤਰੀਕਾ ਸੀ, ਲੋਕਾਂ ਵਿੱਚ ਹੋਣ ਵਾਲੀਆਂ ਸਾਰੀਆਂ ਕਮੀਆਂ ਦੇ ਨਾਲ ਵੀ। ਇਸ ਦਾ ਮਤਲਬ ਹੈ ਕਿ ਪਰਿਵਾਰ ਦੇ ਸਫਲ ਹੋਣ ਲਈ ਇੱਕ ਤਰੀਕਾ ਹੋਣਾ ਚਾਹੀਦਾ ਹੈ। ਪਰਿਵਾਰਕ ਪ੍ਰਣਾਲੀ ਦੇ ਬਹੁਤ ਸਾਰੇ ਫਾਇਦੇ ਹਨ ਭਾਵੇਂ ਇਹ ਸੰਪੂਰਣ ਨਾ ਹੀ ਹੋਵੇ।

ਇਹ ਤੱਥ ਕਿ ਪਰਮੇਸ਼ੁਰ ਨੇ ਮਾਪਿਆਂ ਨੂੰ ਬਣਾਇਆ ਹੈ ਬੱਚਿਆਂ ਲਈ ਮਹੱਤਵਪੂਰਣ ਹੈ। ਇਸ ਦਾ ਮਤਲਬ ਹੈ ਕਿ ਜਦੋਂ ਬੱਚੇ ਵਿਦਰੋਹੀ ਹੁੰਦੇ ਹਨ ਤਾਂ ਉਹ ਉਸ ਪ੍ਰਣਾਲੀ ਨੂੰ ਰੱਦ ਕਰਨ ਦਾ ਫੈਸਲਾ ਕਰ ਰਹੇ ਹੁੰਦੇ ਹਨ ਜੋ ਪਰਮੇਸ਼ੁਰ ਨੇ ਸਥਾਪਿਤ ਕੀਤੀ ਸੀ। ਪਰਮੇਸ਼ੁਰ ਨੇ ਆਖਿਆ, "ਹੇ ਬਾਲਕੋ, ਤੁਸੀਂ ਪ੍ਰਭੂ ਵਿੱਚ ਆਪਣੇ ਮਾਪਿਆਂ ਦੇ ਆਗਿਆਕਾਰ ਰਹੋ" (ਅਫ਼ਸੀਆਂ 6:1)। ਮਾਪੇ ਪਰਮੇਸ਼ੁਰ ਦੀ ਯੋਜਨਾ ਦੇ ਵਿਰੁੱਧ ਬਗਾਵਤ ਕਰਦੇ ਹਨ, ਜਦੋਂ ਉਹ ਪਰਮੇਸ਼ੁਰ ਦੁਆਰਾ ਦਿੱਤੀਆਂ ਗਈਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿੱਚ ਅਣਗਹਿਲੀ ਕਰਦੇ ਹਨ। ਪਰਮੇਸ਼ੁਰ ਦੀ ਯੋਜਨਾ ਨੂੰ ਰੱਦ ਕਰਨਾ ਪਰਮੇਸ਼ੁਰ ਦੇ ਵਿਰੁੱਧ ਬਗਾਵਤ ਕਰਨਾ ਹੈ।

## ਬੱਚੇ ਦੀ ਪਰਵਰਿਸ਼ ਵਿੱਚ ਜ਼ਿੰਮੇਵਾਰੀ

ਮਾਪਿਆਂ ਦੇ ਇਸ ਦ੍ਰਿਸ਼ ਵਿੱਚ, ਜ਼ਿੰਮੇਵਾਰੀ ਦੇ ਤਿੰਨ ਖੇਤਰ ਹਨ। ਬੱਚੇ ਦੀ ਜ਼ਿੰਮੇਵਾਰੀ ਦਾ ਇੱਕ ਖੇਤਰ ਹੈ। ਮਾਪਿਆਂ ਦੀ ਜ਼ਿੰਮੇਵਾਰੀ ਦਾ ਇੱਕ ਖੇਤਰ ਹੈ। ਪਰਮੇਸ਼ੁਰ ਦੀ ਜ਼ਿੰਮੇਵਾਰੀ ਦਾ ਇੱਕ ਖੇਤਰ ਹੈ। ਅਸੀਂ ਪਿਛਲੇ ਦੋ ਪਾਠਾਂ ਵਿੱਚ ਮਾਪਿਆਂ ਦੀ ਜ਼ਿੰਮੇਵਾਰੀ ਨੂੰ ਪਹਿਲਾਂ ਹੀ ਬਹੁਤ ਵਿਸਥਾਰ ਵਿੱਚ ਵੇਖਿਆ ਹੈ। ਹੁਣ ਅਸੀਂ ਬੱਚਿਆਂ ਦੇ ਜੀਵਨ ਵਿੱਚ ਪਰਮੇਸ਼ੁਰ ਦੀ ਸ਼ਮੂਲੀਅਤ ਅਤੇ ਬੱਚਿਆਂ ਦੀਆਂ ਜ਼ਿੰਮੇਵਾਰੀਆਂ 'ਤੇ ਵਿਚਾਰ ਕਰਾਂਗੇ।

**ਬੱਚਿਆਂ ਦੇ ਜੀਵਨ ਵਿੱਚ ਪਰਮੇਸ਼ੁਰ ਦਾ ਕੰਮ**

1. ਪਰਮੇਸ਼ੁਰ ਚਾਹੁੰਦਾ ਹੈ ਕਿ ਬੱਚੇ ਯਿਸੂ ਉੱਤੇ ਵਿਸ਼ਵਾਸ ਕਰਨ ਦੁਆਰਾ ਉਸ ਨਾਲ ਨਿੱਜੀ ਰਿਸ਼ਤਾ ਰੱਖਣ। (ਮੱਤੀ 18:1-6 ਅਤੇ ਮੱਤੀ 19:13-15 ਪੜ੍ਹੋ।)
2. ਪਰਮੇਸ਼ੁਰ ਸਾਡੇ ਬੱਚਿਆਂ ਨੂੰ ਆਪਣੇ ਨਾਲ ਇਸ ਰਿਸ਼ਤੇ ਵੱਲ ਖਿੱਚਣ ਲਈ ਵਫ਼ਾਦਾਰ ਹੈ। (ਯੂਹੰਨਾ 6:44 ਪੜ੍ਹੋ।)
3. ਪਰਮੇਸ਼ੁਰ ਆਪਣੇ ਬਚਨ ਰਾਹੀਂ ਸਾਡੇ ਬੱਚਿਆਂ ਨਾਲ ਗੱਲ ਕਰਦਾ ਹੈ। (2 ਤਿਮੋਥਿਉਸ 3:14-15 ਪੜ੍ਹੋ।)

**ਪਰਮੇਸ਼ੁਰ ਨਾਲ ਰਿਸ਼ਤੇ ਵਿੱਚ ਬੱਚੇ**

1. ਬੱਚਿਆਂ ਨੂੰ ਉਨ੍ਹਾਂ ਦੇ ਪਾਪ ਮਾਫ਼ ਕੀਤੇ ਜਾ ਸਕਦੇ ਹਨ (1 ਯੂਹੰਨਾ 2:12)।
2. ਬੱਚੇ ਪਰਮੇਸ਼ੁਰ ਨੂੰ ਜਾਣ ਸਕਦੇ ਹਨ (1 ਯੂਹੰਨਾ 2:13)।
3. ਬੱਚੇ ਪਰਮੇਸ਼ੁਰ ਨਾਲ ਰਿਸ਼ਤੇ ਵਿੱਚ ਵਧ ਸਕਦੇ ਹਨ (1 ਸਮੂਏਲ 2:26)।
4. ਬੱਚੇ ਪਰਮੇਸ਼ੁਰ ਦੀ ਅਰਾਧਨਾ ਕਰ ਸਕਦੇ ਹਨ (ਮੱਤੀ 21:15-16)।
5. ਬੱਚੇ ਅਤੇ ਨੌਜਵਾਨ ਪਰਮੇਸ਼ੁਰ ਦੁਆਰਾ ਇਸਤੇਮਾਲ ਕੀਤੇ ਜਾ ਸਕਦੇ ਹਨ (ਯੋਏਲ 2:28)।

ਵਚਨ ਵਿੱਚ ਉਨ੍ਹਾਂ ਬੱਚਿਆਂ ਅਤੇ ਨੌਜਵਾਨਾਂ ਦੀਆਂ ਕਈ ਉਦਾਹਰਣਾਂ ਹਨ ਜਿਨ੍ਹਾਂ ਨੂੰ ਪਰਮੇਸ਼ੁਰ ਆਪਣੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਵਰਤਦਾ ਹੈ: ਸਮੂਏਲ, ਨਾਮਾਨ ਦੀ ਪਤਨੀ ਦੀ ਨੌਕਰਾਣੀ, ਉਹ ਮੁੰਡਾ ਜਿਸ ਦਾ ਦੁਪਹਿਰ ਦਾ ਖਾਣਾ ਯਿਸੂ ਭੀੜ ਨੂੰ ਖੁਆਉਂਦਾ ਹੈ, ਦਾਨੀਏਲ, ਯੂਸੁਫ਼, ਦਾਊਦ ਅਤੇ ਮਰਿਯਮ, ਇਹ ਸਿਰਫ਼ ਕੁਝ ਕੁ ਦੇ ਨਾਮ ਹਨ।

**ਬੱਚੇ ਦੀ ਜ਼ਿੰਮੇਵਾਰੀ**

ਪਰਮੇਸ਼ੁਰ ਦੇ ਬਚਨ ਦੇ ਅਨੁਸਾਰ ਬੱਚੇ ਦੀ ਜ਼ਿੰਮੇਵਾਰੀ ਆਪਣੇ ਮਾਪਿਆਂ ਦਾ ਕਹਿਣਾ ਮੰਨਣਾ ਹੈ (ਅਫ਼ਸੀਆਂ 6:1-3)। ਕੀ ਹੋਵੇਗਾ ਜੇਕਰ ਮਾਪੇ ਕਈ ਵਾਰ ਗਲਤ ਹੁੰਦੇ ਹਨ? ਬੱਚੇ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ ਅਤੇ ਆਪਣੀ ਜ਼ਿੰਮੇਵਾਰੀ ਨੂੰ ਮਾਤਾ-ਪਿਤਾ ਦੇ ਪ੍ਰਦਰਸ਼ਨ ਅਨੁਸਾਰ ਨਹੀਂ ਨਿਭਾਉਣਾ ਚਾਹੀਦਾ। ਇੱਕ ਬੱਚਾ ਆਪਣੇ ਮਾਤਾ-ਪਿਤਾ ਦੇ ਵਿਹਾਰ ਲਈ ਜ਼ਿੰਮੇਵਾਰ ਨਹੀਂ ਹੈ। ਬੱਚਾ ਆਗਿਆ ਮੰਨਣ ਲਈ ਜ਼ਿੰਮੇਵਾਰ ਹੈ।

ਜੇਕਰ ਬੱਚਾ ਸਿਰਫ਼ ਉਦੋਂ ਹੀ ਆਗਿਆ ਮੰਨਣ ਦਾ ਫੈਸਲਾ ਕਰ ਸਕਦਾ ਹੈ ਜਦੋਂ ਉਹ ਸੋਚਦਾ ਹੈ ਕਿ ਮਾਤਾ-ਪਿਤਾ ਸਹੀ ਹਨ, ਤਾਂ ਮਾਤਾ-ਪਿਤਾ ਕੋਲ ਕੋਈ ਅਧਿਕਾਰ ਨਹੀਂ ਹੋਵੇਗਾ। ਇਹ ਉਹ ਨਹੀਂ ਹੋ ਸਕਦਾ ਜੋ ਪਰਮੇਸ਼ੁਰ ਦਾ ਇਰਾਦਾ ਸੀ, ਕਿਉਂਕਿ ਇਹ ਪਾਲਣ-ਪੋਸ਼ਣ ਦੀ ਪੂਰੀ ਪ੍ਰਣਾਲੀ ਨੂੰ ਤਬਾਹ ਕਰ ਦੇਵੇਗਾ।

ਬੱਚਾ ਇਸ ਲਈ ਜ਼ਿੰਮੇਵਾਰ ਨਹੀਂ ਹੈ ਕਿ ਮਾਤਾ-ਪਿਤਾ ਅਧਿਕਾਰ ਦੀ ਵਰਤੋਂ ਕਿਵੇਂ ਕਰਦੇ ਹਨ। ਉਸ ਦੀ ਆਪਣੀ ਜ਼ਿੰਮੇਵਾਰੀ ਦਾ ਖੇਤਰ ਆਗਿਆ ਮੰਨਣਾ ਹੈ। ਕੀ ਹੋਵੇਗਾ ਜੇਕਰ ਮਾਤਾ-ਪਿਤਾ ਬੱਚੇ ਨੂੰ ਕੁਝ ਅਜਿਹਾ ਕਰਨ ਲਈ ਆਖਦੇ ਹਨ ਜੋ ਗਲਤ ਹੈ, ਜਿਵੇਂ ਕਿ ਉਸ ਨੂੰ ਫਰਿੱਜ ਵਿੱਚੋਂ ਬੀਅਰ ਲਿਆਉਣ ਲਈ ਆਖਣਾ? ਬੱਚੇ ਦੀ ਇਹ ਫੈਸਲਾ ਕਰਨ ਦੀ ਜ਼ਿੰਮੇਵਾਰੀ ਨਹੀਂ ਹੈ ਕਿ ਮਾਪੇ ਸਹੀ ਹਨ ਜਾਂ ਨਹੀਂ। ਉਹ ਆਪਣੀ ਰਾਏ ਆਦਰ ਨਾਲ ਪਰਗਟ ਕਰ ਸਕਦਾ ਹੈ, ਪਰ ਉਸ ਨੂੰ ਆਗਿਆ ਮੰਨਣੀ ਚਾਹੀਦੀ ਹੈ।[46]

ਬੱਚਿਆਂ ਨੂੰ ਆਪਣੇ ਮਾਪਿਆਂ ਨਾਲ ਜੋ ਸਮੱਸਿਆਵਾਂ ਹੁੰਦੀਆਂ ਹਨ ਉਹ ਆਮ ਤੌਰ 'ਤੇ ਇਸ ਲਈ ਨਹੀਂ ਹੁੰਦੀਆਂ ਕਿਉਂਕਿ ਉਹ ਇਹ ਸਵਾਲ ਕਰ ਰਹੇ ਹੁੰਦੇ ਹਨ ਕਿ ਕੀ ਕੋਈ ਹੁਕਮ ਮਸੀਹੀ ਸਿਧਾਂਤਾਂ ਦੇ ਅਨੁਕੂਲ ਹੈ ਜਾਂ ਨਹੀਂ। ਬਾਗ਼ੀ ਬੱਚਾ ਆਮ ਤੌਰ 'ਤੇ ਆਪਣੇ ਮਾਪਿਆਂ ਦਾ ਰੁਟੀਨ ਮਾਮਲਿਆਂ, ਜਿਵੇਂ ਕਿ ਆਪਣੇ ਕਮਰੇ ਦੀ ਸਫਾਈ, ਘਰੇਲੂ ਕੰਮ ਕਰਨਾ, ਇੱਕ ਨਿਸ਼ਚਿਤ ਸਮੇਂ 'ਤੇ ਘਰ ਆਉਣਾ, ਅਤੇ ਉਸ ਦੇ ਮਨੋਰੰਜਨ 'ਤੇ ਪਾਬੰਦੀਆਂ, ਦਾ ਵਿਰੋਧ ਕਰਦਾ ਹੈ।

ਬਾਗ਼ੀ ਬੱਚਾ ਮਾਪਿਆਂ ਦੇ ਅਧਿਕਾਰ ਦੀ ਧਾਰਨਾ ਦਾ ਵਿਰੋਧ ਕਰ ਰਿਹਾ ਹੈ, ਇਹ ਫੈਸਲਾ ਕਰਨ ਦੇ ਅਧਿਕਾਰ ਦਾਅਵਾ ਕਰਕੇ ਕਿ ਉਸ ਦੇ ਮਾਪਿਆਂ ਦੇ ਹੁਕਮ ਕਦੋਂ ਗਲਤ ਹਨ। ਉਸ ਦਾ ਵਿਰੋਧ ਆਜ਼ਾਦੀ, ਸਵੈ-ਪ੍ਰਭੂਸੱਤਾ ਅਤੇ ਨਿੱਜੀ ਖੁਦਮੁਖਤਿਆਰੀ ਦੀ ਮੂਲ ਇੱਛਾ ਤੋਂ ਆਉਂਦਾ ਹੈ। ਇੱਕ ਵਿਅਕਤੀ ਨੂੰ ਇਹ ਕਿਸ ਉਮਰ ਵਿੱਚ ਮਿਲਦਾ ਹੈ? ਕਦੇ ਨਹੀਂ।

ਆਜ਼ਾਦੀ ਦੀ ਅਜਿਹੀ ਧਾਰਨਾ ਇੱਕ ਭਰਮ ਹੈ। ਤੁਹਾਡੇ ਕੋਲ ਹਮੇਸ਼ਾ ਜ਼ਿੰਮੇਵਾਰੀਆਂ ਹੋਣਗੀਆਂ ਜੋ ਦੂਜੇ ਲੋਕਾਂ ਬਾਰੇ ਵਿਚਾਰ ਕਰਨ ਤੋਂ ਆਉਂਦੀਆਂ ਹਨ। ਹਮੇਸ਼ਾ ਅਜਿਹੇ ਕੰਮ ਹੋਣਗੇ ਜੋ ਤੁਸੀਂ ਜਾਣਦੇ ਹੋ ਕਿ ਤੁਹਾਨੂੰ ਕਰਨੇ ਚਾਹੀਦੇ ਹਨ, ਭਾਵੇਂ ਤੁਹਾਡੀ ਮਾਂ ਤੁਹਾਨੂੰ ਦੱਸਣ ਲਈ ਉੱਥੇ ਨਾ ਹੀ ਹੋਵੇ। ਇੱਕ ਵਿਅਕਤੀ ਜੋ ਦੂਜੇ ਲੋਕਾਂ ਪ੍ਰਤੀ ਬਿਨਾਂ ਕਿਸੇ ਸਮਰਪਣ ਦੇ ਜੀਣ 'ਤੇ ਜ਼ੋਰ ਦਿੰਦਾ ਹੈ, ਦਰਦ ਅਤੇ ਤਬਾਹੀ ਦਾ ਇੱਕ ਰਸਤਾ ਬਣਾਉਂਦਾ ਹੈ, ਜੋ ਉਸ 'ਤੇ ਭਰੋਸਾ ਕਰਨ ਵਾਲੇ ਅਤੇ ਉਸ 'ਤੇ ਨਿਰਭਰ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਦੁੱਖ ਪਹੁੰਚਾਉਂਦਾ ਹੈ।

ਕਈ ਵਾਰ ਬੱਚੇ ਆਪਣੇ ਮਾਪਿਆਂ ਦੀਆਂ ਚਿੰਤਾਵਾਂ ਤੋਂ ਨਾਰਾਜ਼ ਹੁੰਦੇ ਹਨ, ਇਹ ਮਹਿਸੂਸ ਕਰਦੇ ਹਨ ਕਿ ਮਾਪਿਆਂ ਨੂੰ ਉਨ੍ਹਾਂ 'ਤੇ ਵਧੇਰੇ ਭਰੋਸਾ ਕਰਨਾ ਚਾਹੀਦਾ ਹੈ। ਜੇਕਰ ਕੋਈ ਬੱਚਾ ਮਾਪਿਆਂ ਦੀਆਂ ਚਿੰਤਾਵਾਂ ਨੂੰ ਸਮਝਣ ਅਤੇ ਉਨ੍ਹਾਂ ਦਾ ਆਦਰ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ, ਤਾਂ ਮਾਪੇ ਬੱਚੇ 'ਤੇ ਵਧੇਰੇ ਭਰੋਸਾ ਕਰ ਸਕਦੇ ਹਨ ਅਤੇ ਪਾਬੰਦੀਆਂ ਨੂੰ ਅਨੁਕੂਲ ਬਣਾਉਣ ਲਈ ਤਿਆਰ ਹੋ ਸਕਦੇ ਹਨ। ਜਦੋਂ ਕੋਈ ਬੱਚਾ ਮਾਪਿਆਂ ਦੀਆਂ ਚਿੰਤਾਵਾਂ ਨੂੰ ਰੱਦ ਕਰਦਾ ਹੈ, ਤਾਂ ਮਾਪਿਆਂ ਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਉਸ 'ਤੇ ਹੋਰ ਪਾਬੰਦੀ ਲਗਾਉਣ ਦੀ ਲੋੜ ਹੈ।

---

[46] ਜੇਕਰ ਕੋਈ ਬੱਚਾ ਮਾਪਿਆਂ ਜਾਂ ਕਿਸੇ ਹੋਰ ਵੱਲੋਂ ਸਰੀਰਕ ਜਾਂ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੈ, ਤਾਂ ਕਿਸੇ ਨੂੰ ਬੱਚੇ ਦੀ ਰੱਖਿਆ ਲਈ ਦਖਲ ਦੇਣਾ ਚਾਹੀਦਾ ਹੈ। ਇੱਕ ਬੱਚੇ ਨੂੰ ਆਮ ਤੌਰ 'ਤੇ ਇਹ ਨਹੀਂ ਪਤਾ ਹੁੰਦਾ ਕਿ ਉਸ ਸਥਿਤੀ ਵਿੱਚ ਮਦਦ ਕਿਵੇਂ ਲੈਣੀ ਹੈ।

## ਗਲਤੀਆਂ ਦਾ ਅੰਗੀਕਾਰ

ਬਹੁਤ ਸਾਰੇ ਲੋਕ ਕਿਸੇ ਰਿਸ਼ਤੇ ਵਿੱਚ ਗਲਤੀ ਮੰਨਣ ਤੋਂ ਡਰਦੇ ਹਨ ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਇਹ ਅੰਗੀਕਾਰ ਭਵਿੱਖ ਦੇ ਟਕਰਾਵਾਂ ਵਿੱਚ ਉਨ੍ਹਾਂ ਨੂੰ ਕਮਜ਼ੋਰ ਕਰ ਦੇਵੇਗਾ। ਅਸਲੀਅਤ ਵਿੱਚ, ਇਮਾਨਦਾਰ ਹੋਣ ਅਤੇ ਸਹੀ ਕੰਮ ਕਰਨ ਲਈ ਤਿਆਰ ਰਹਿਣ ਦੀ ਸਥਿਤੀ ਸਭ ਤੋਂ ਮਜ਼ਬੂਤ ਸਥਿਤੀ ਹੈ। ਉਸ ਸਥਿਤੀ ਵਿੱਚ ਆਉਣ ਅਤੇ ਇਸ ਵਿੱਚ ਬਣੇ ਰਹਿਣ ਦਾ ਇੱਕੋ ਇੱਕ ਤਰੀਕਾ ਹੈ ਆਪਣੀਆਂ ਗਲਤੀਆਂ ਨੂੰ ਸਵੀਕਾਰ ਕਰਨਾ, ਸਹੀ ਕਰਨਾ ਸ਼ੁਰੂ ਕਰਨਾ, ਅਤੇ ਜਦੋਂ ਵੀ ਤੁਸੀਂ ਗਲਤੀ ਕਰਦੇ ਹੋ ਤਾਂ ਸੁਧਾਰੇ ਜਾਣ ਲਈ ਤਿਆਰ ਰਹਿਣਾ।

ਕਈ ਵਾਰ ਅਧਿਕਾਰ ਵਾਲਾ ਵਿਅਕਤੀ ਚਾਹੁੰਦਾ ਹੈ ਕਿ ਉਸ ਦੇ ਅਧੀਨ ਲੋਕ ਆਪਣੀਆਂ ਗਲਤੀਆਂ ਨੂੰ ਸਵੀਕਾਰ ਕਰਨ ਪਰ ਆਪ ਆਪਣੀਆਂ ਗਲਤੀਆਂ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹੁੰਦਾ ਕਿਉਂਕਿ ਉਹ ਸੋਚਦਾ ਹੈ ਕਿ ਇਸ ਨਾਲ ਉਸ ਦਾ ਅਧਿਕਾਰ ਘੱਟ ਜਾਵੇਗਾ। ਇਹ ਗਲਤ ਹੈ। ਜੇਕਰ ਅਧਿਕਾਰ ਵਾਲਾ ਵਿਅਕਤੀ ਗਲਤੀਆਂ ਸਵੀਕਾਰ ਨਹੀਂ ਕਰ ਸਕਦਾ, ਤਾਂ ਉਸ ਦੇ ਅਧੀਨ ਲੋਕ ਉਸ 'ਤੇ ਭਰੋਸਾ ਨਹੀਂ ਕਰਦੇ। ਇਹ ਸਿਧਾਂਤ ਅਧਿਕਾਰ ਦੇ ਹਰ ਅਹੁਦੇ 'ਤੇ ਲਾਗੂ ਹੁੰਦਾ ਹੈ, ਜਿਸ ਵਿੱਚ ਮਾਪਿਆਂ ਦਾ ਅਧਿਕਾਰ ਵੀ ਸ਼ਾਮਲ ਹੈ।

ਮਾਪਿਓ, ਜੇਕਰ ਤੁਸੀਂ ਆਪਣੇ ਬੱਚੇ ਨਾਲ ਇੱਕ ਟਕਰਾਅ ਵਿੱਚ ਹੋ, ਤਾਂ ਤੁਸੀਂ ਸ਼ਾਇਦ ਕੁਝ ਗਲਤੀਆਂ ਕੀਤੀਆਂ ਹਨ ਜਿਨ੍ਹਾਂ ਨੂੰ ਸਵੀਕਾਰ ਕਰਨ ਦੀ ਲੋੜ ਹੈ। ਬੱਚਾ ਤੁਹਾਡੀਆਂ ਗਲਤੀਆਂ ਦੁਆਰਾ ਆਪਣੀ ਗਲਤੀ ਨੂੰ ਜਾਇਜ਼ ਠਹਿਰਾ ਰਿਹਾ ਹੋ ਸਕਦਾ ਹੈ। ਆਪਣੇ ਕਠੋਰ ਸ਼ਬਦਾਂ, ਜਲਦਬਾਜ਼ੀ ਵਾਲੇ ਜਵਾਬਾਂ ਅਤੇ ਸਥਿਤੀ ਨੂੰ ਸਮਝਣ ਵਿੱਚ ਅਸਫਲਤਾ ਲਈ ਮਾਫ਼ੀ ਮੰਗੋ। ਸ਼ਾਇਦ ਉਦੋਂ ਤੱਕ ਟਕਰਾਅ ਨੂੰ ਖਤਮ ਕਰਨ ਵੱਲ ਕੋਈ ਉੱਨਤੀ ਨਹੀਂ ਹੋ ਸਕਦੀ ਜਦੋਂ ਤੱਕ ਤੁਸੀਂ ਅਜਿਹਾ ਨਹੀਂ ਕਰਦੇ, ਕਿਉਂਕਿ, "ਪਰਮੇਸ਼ੁਰ ਹੰਕਾਰੀਆਂ ਦਾ ਸਾਹਮਣਾ ਕਰਦਾ ਪਰ ਹਲੀਮਾਂ ਉੱਤੇ ਕਿਰਪਾ ਕਰਦਾ ਹੈ" (ਯਾਕੂਬ 4:6ਅ)।

ਭਾਵੇਂ ਤੁਸੀਂ ਮਾਪੇ ਹੋ ਜਾਂ ਬੱਚਾ, ਤੁਹਾਨੂੰ ਆਪਣੀਆਂ ਗਲਤੀਆਂ ਨੂੰ ਸਵੀਕਾਰ ਕਰਨ ਦੀ ਜ਼ਰੂਰਤ ਹੈ। ਤੋਬਾ, ਮਾਫ਼ੀ, ਅਤੇ ਪਰਮੇਸ਼ੁਰ ਦੁਆਰਾ ਦਿੱਤੇ ਗਏ ਅਧਿਕਾਰ ਦੇ ਪ੍ਰਤੀ ਇਕਸਾਰ ਅਧੀਨਗੀ ਆਮ ਤੌਰ 'ਤੇ ਦੂਜਿਆਂ ਤੋਂ ਬਿਹਤਰ ਸਹਿਯੋਗ ਪ੍ਰਾਪਤ ਕਰੇਗੀ, ਪਰ ਇਹੀ ਕਾਰਣ ਨਹੀਂ ਹੈ ਕਿ ਤੁਹਾਨੂੰ ਇਹ ਕਰਨਾ ਚਾਹੀਦਾ ਹੈ। ਤੁਹਾਨੂੰ ਇਹ ਪਰਮੇਸ਼ੁਰ ਨੂੰ ਖੁਸ਼ ਕਰਨ ਲਈ ਕਰਨਾ ਚਾਹੀਦਾ ਹੈ।

ਜਦੋਂ ਤੁਸੀਂ ਆਪਣੀਆਂ ਗਲਤੀਆਂ ਨੂੰ ਸਵੀਕਾਰ ਕਰਦੇ ਹੋ, ਤਾਂ ਤੁਹਾਨੂੰ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਨ ਦੀ ਜ਼ਰੂਰਤ ਨਹੀਂ ਹੈ ਕਿ ਦੂਜੇ ਵਿਅਕਤੀ ਨੂੰ ਉਸ ਦੀਆਂ ਗਲਤੀਆਂ ਲਈ ਦੋਸ਼ੀ ਠਹਿਰਾਇਆ ਜਾਵੇ। ਆਪਣੇ ਗਲਤ ਕੰਮਾਂ ਲਈ ਬਹਾਨਾ ਬਣਾਉਣ ਵਾਸਤੇ ਦੂਜੇ ਵਿਅਕਤੀ ਦੀਆਂ ਗਲਤੀਆਂ ਦੀ ਵਰਤੋਂ ਨਾ ਕਰੋ।

ਰਿਸ਼ਤਾ ਤੁਰੰਤ ਸੁਧਰ ਸਕਦਾ ਹੈ, ਜਾਂ ਇਸ ਵਿੱਚ ਸਮਾਂ ਲੱਗ ਸਕਦਾ ਹੈ। ਕਈ ਵਾਰ ਲੋਕਾਂ ਨੂੰ ਆਪ ਬਦਲਣ ਤੋਂ ਪਹਿਲਾਂ ਇਹ ਵੇਖਣਾ ਪੈਂਦਾ ਹੈ ਕਿ ਤੁਹਾਡੇ ਵਿੱਚ ਆਇਆ ਬਦਲਾਅ ਅਸਲ ਹੈ। ਪਰ ਤੁਹਾਡੇ ਸਹੀ ਕੰਮ ਕਰਨ ਦਾ ਕਾਰਣ ਕਿਸੇ ਹੋਰ ਨੂੰ ਬਦਲਣਾ ਨਹੀਂ

ਹੈ। ਤੁਹਾਨੂੰ ਉਹ ਕਰਨ ਦੀ ਲੋੜ ਹੈ ਜੋ ਪਰਮੇਸ਼ੁਰ ਤੁਹਾਡੇ ਤੋਂ ਚਾਹੁੰਦਾ ਹੈ। ਹੋ ਸਕਦਾ ਹੈ ਕਿ ਦੂਜਾ ਵਿਅਕਤੀ ਨਾ ਬਦਲੇ, ਪਰ ਤੁਹਾਡੇ ਕੋਲ ਇੱਕ ਸਾਫ਼ ਵਿਵੇਕ ਅਤੇ ਪਰਮੇਸ਼ੁਰ ਦੀ ਅਸੀਸ ਹੋਵੇਗੀ ਕਿਉਂਕਿ ਤੁਸੀਂ ਆਪਣੀ ਜ਼ਿੰਮੇਵਾਰੀ ਨਿਭਾ ਰਹੇ ਹੋ। ਪਰਮੇਸ਼ੁਰ 'ਤੇ ਭਰੋਸਾ ਕਰੋ ਕਿ ਉਹ ਉਸ ਦੀ ਜ਼ਿੰਮੇਵਾਰੀ ਨਿਭਾਵੇ।

## ਜ਼ਿੰਦਗੀ ਦੇ ਹਰ ਖੇਤਰ ਨੂੰ ਪਰਮੇਸ਼ੁਰ ਦੇ ਅਧਿਕਾਰ ਦੇ ਅਧੀਨ ਕਰਨ ਦਾ ਮਹੱਤਵ

ਛਿਵੀਆ ਨਾਮਕ ਇੱਕ ਛੋਟੇ ਟਾਪੂ ਦੇਸ ਦੀ ਕਲਪਨਾ ਕਰੋ। ਗ੍ਰੀਕੀਆ ਨਾਮਕ ਇੱਕ ਨੇੜਲਾ ਟਾਪੂ ਦੇਸ ਛਿਵੀਆ ਨੂੰ ਜਿੱਤਣਾ ਚਾਹੁੰਦਾ ਹੈ। ਗ੍ਰੀਕੀਆ ਦਾ ਸ਼ਾਸਕ ਛਿਵੀਆ ਦੀ ਸਰਕਾਰ ਨਾਲ ਵਾਇਦਾ ਕਰਦਾ ਹੈ ਕਿ ਜੇਕਰ ਛਿਵੀਆ ਗ੍ਰੀਕੀਆ ਨੂੰ ਆਪਣੇ ਟਾਪੂ ਦੇ ਵਿਚਕਾਰ ਸਿਰਫ਼ 10 ਏਕੜ ਜ਼ਮੀਨ ਦੇਵੇਗਾ ਤਾਂ ਦੋਵੇਂ ਦੇਸ ਸ਼ਾਂਤੀ ਨਾਲ ਰਹਿ ਸਕਦੇ ਹਨ। ਕੀ ਇਹ ਸ਼ਾਂਤੀ ਲਈ ਇੱਕ ਚੰਗਾ ਹੱਲ ਹੋਵੇਗਾ? ਜੇਕਰ ਛਿਵੀਆ ਦੁਸ਼ਮਣ ਨੂੰ ਆਪਣੇ ਖੇਤਰ ਦੇ ਵਿਚਕਾਰ ਇੱਕ ਖੇਤਰ ਦਿੰਦਾ ਹੈ, ਤਾਂ ਦੁਸ਼ਮਣ ਉਸ ਖੇਤਰ ਤੋਂ ਹੋਰ ਖੇਤਰ ਜਿੱਤਣ ਲਈ ਫੈਲ ਸਕਦਾ ਹੈ।

ਆਪਣੀ ਜ਼ਿੰਦਗੀ ਦੀ ਕਲਪਨਾ ਵੱਖ-ਵੱਖ ਖੇਤਰਾਂ ਵਾਲੇ ਖੇਤਰ ਵਜੋਂ ਕਰੋ। ਇੱਕ ਖੇਤਰ ਰੁਜ਼ਗਾਰ ਜਾਂ ਸਕੂਲ ਹੋ ਸਕਦਾ ਹੈ। ਇੱਕ ਹੋਰ ਖੇਤਰ ਤੁਹਾਡਾ ਮਨੋਰੰਜਨ ਹੈ। ਇੱਕ ਹੋਰ ਖੇਤਰ ਪਰਿਵਾਰ ਦੇ ਮੈਂਬਰਾਂ ਨਾਲ ਤੁਹਾਡਾ ਰਿਸ਼ਤਾ ਹੈ। ਹੋਰ ਵੀ ਬਹੁਤ ਸਾਰੇ ਖੇਤਰ ਹਨ।

ਪੂਰਾ ਇਲਾਕਾ, ਤੁਹਾਡੀ ਜ਼ਿੰਦਗੀ ਦੇ ਸਾਰੇ ਖੇਤਰਾਂ ਦੇ ਨਾਲ, ਪਰਮੇਸ਼ੁਰ ਦੇ ਅਧਿਕਾਰ ਦੇ ਅਧੀਨ ਹੋਣਾ ਚਾਹੀਦਾ ਹੈ। ਕੀ ਹੁੰਦਾ ਹੈ ਜੇਕਰ ਇੱਕ ਖੇਤਰ, ਪਰਿਵਾਰਕ ਮੈਂਬਰਾਂ ਨਾਲ ਰਿਸ਼ਤਾ, ਪਰਮੇਸ਼ੁਰ ਦੇ ਅਧਿਕਾਰ ਅਧੀਨ ਨਹੀਂ ਹੈ? ਤੁਸੀਂ ਸ਼ਤਾਨ ਨੂੰ ਉਸ ਖੇਤਰ ਵਿੱਚ ਆਉਣ ਦਿੱਤਾ ਹੈ। ਉਸ ਖੇਤਰ ਤੋਂ ਉਹ ਤੁਹਾਡੇ ਜੀਵਨ ਦੇ ਦੂਜੇ ਖੇਤਰਾਂ 'ਤੇ ਹਮਲਾ ਕਰਨਾ ਸ਼ੁਰੂ ਕਰ ਦੇਵੇਗਾ। ਇਸੇ ਤਰ੍ਹਾਂ, ਜੇਕਰ ਕੋਈ ਵਿਅਕਤੀ ਆਪਣਾ ਮਨੋਰੰਜਨ ਕਰਨ ਦੇ ਤਰੀਕੇ ਵਿੱਚ ਅਸ਼ੁੱਧ ਹੈ, ਤਾਂ ਉਸ ਦੇ ਜੀਵਨ ਦੇ ਦੂਜੇ ਖੇਤਰਾਂ 'ਤੇ ਸ਼ਤਾਨ ਹਮਲਾ ਕਰੇਗਾ। ਇੱਕ ਮਸੀਹੀ ਨੂੰ ਆਪਣੇ ਜੀਵਨ ਦੇ ਹਰ ਖੇਤਰ ਨੂੰ ਪਰਮੇਸ਼ੁਰ ਦੇ ਅਧਿਕਾਰ ਦੇ ਅਧੀਨ ਰੱਖਣਾ ਚਾਹੀਦਾ ਹੈ।

## ਮਾਪਿਆਂ ਲਈ ਕੁਝ ਨੁਕਤੇ

► ਵਿਦਿਆਰਥੀਆਂ ਨੂੰ ਸਮੂਹ ਲਈ ਅਫ਼ਸੀਆਂ 6:4, ਕੁਲੁੱਸੀਆਂ 3:21, 1 ਕੁਰਿੰਥੀਆਂ 13:11, ਅਤੇ ਕੁਲੁੱਸੀਆਂ 3:8 ਨੂੰ ਪੜ੍ਹਨਾ ਚਾਹੀਦਾ ਹੈ।

ਜੇਕਰ ਤੁਹਾਡਾ ਬੱਚਾ ਭਾਵੁਕ ਹੈ, ਗੁੱਸਾ ਜਾਂ ਨਿਰਾਸ਼ਾ ਪਰਗਟ ਕਰ ਰਿਹਾ ਹੈ, ਤਾਂ ਉਹ ਸੋਚਦਾ ਹੈ ਕਿ ਤੁਸੀਂ ਉਸ ਨੂੰ ਨਹੀਂ ਸਮਝਦੇ ਹੋ। ਉਹ ਸ਼ਾਇਦ ਸੋਚਦਾ ਹੈ ਕਿ ਤੁਹਾਨੂੰ ਸੁਣਨ ਅਤੇ ਸਮਝਣ ਦੀ ਕੋਸ਼ਿਸ਼ ਕਰਨ ਲਈ ਲੋੜੀਂਦੀ ਪਰਵਾਹ ਨਹੀਂ ਹੈ।

ਸੁਣਨ ਅਤੇ ਸਮਝਣ ਦੀ ਕੋਸ਼ਿਸ਼ ਕਰੋ। ਜੇਕਰ ਤੁਸੀਂ ਅਕਸਰ ਉਸ ਦੀਆਂ ਸਮੱਸਿਆਵਾਂ ਨੂੰ ਮਾਮੂਲੀ ਜਾਂ ਹਾਸੋਹੀਣਾ ਸਮਝ ਕੇ ਖਾਰਜ ਕਰ ਰਹੇ ਹੋ, ਤਾਂ ਤੁਸੀਂ ਸਮਝ ਨਹੀਂ ਪਾਉਂਦੇ ਕਿ ਉਹ ਅਸਲ ਵਿੱਚ ਕਿਸ ਦਾ ਸਾਹਮਣਾ ਕਰ ਰਿਹਾ ਹੈ। ਜੇਕਰ ਇਹ ਉਸ ਨੂੰ ਇੱਕ

ਵੱਡੀ ਸਮੱਸਿਆ ਜਾਪਦੀ ਹੈ, ਤਾਂ ਇਹ ਉਸ ਦੇ ਵਿਸ਼ਵਾਸ ਅਤੇ ਚਰਿੱਤਰ ਲਈ ਇੱਕ ਚੁਣੌਤੀ ਹੈ। ਜੇਕਰ ਤੁਸੀਂ ਇਹ ਨਹੀਂ ਸਮਝਦੇ ਕਿ ਉਹ ਇੰਨੀ ਸਖ਼ਤ ਪ੍ਰਤੀਕਿਰਿਆ ਕਿਉਂ ਕਰ ਰਿਹਾ ਹੈ, ਤਾਂ ਤੁਸੀਂ ਸਥਿਤੀ ਵਿੱਚ ਲਪੇਟੀ ਹੋਈ ਮਹੱਤਤਾ ਨੂੰ ਨਹੀਂ ਸਮਝਦੇ ਹੋ।

ਆਪਣੇ ਬੱਚੇ ਦੇ ਲਈ ਕਦੇ ਵੀ ਹਾਰ ਨਾ ਮੰਨੋ, ਅਤੇ ਅਜਿਹੇ ਬਿਆਨ ਨਾ ਦਿਓ ਜਿਨ੍ਹਾਂ ਤੋਂ ਲੱਗੇ ਕਿ ਤੁਸੀਂ ਹਾਰ ਮੰਨ ਲਈ ਹੈ।

ਇਹ ਨਾ ਸੋਚੋ ਕਿ ਤੁਹਾਡੇ ਸਾਰੇ ਬੱਚੇ ਇੱਕੋ ਜਿਹੇ ਹਨ।

► ਇੱਕ ਵਿਦਿਆਰਥੀ ਨੂੰ ਸਮੂਹ ਲਈ ਅਫ਼ਸੀਆਂ 4:30-32 ਨੂੰ ਪੜ੍ਹਨਾ ਚਾਹੀਦਾ ਹੈ।

ਜਦੋਂ ਸਮੱਸਿਆਵਾਂ ਆਉਂਦੀਆਂ ਹਨ, ਤਾਂ ਅਸਫਲਤਾਵਾਂ ਦੇ ਇਤਿਹਾਸ ਦੀ ਸਮੀਖਿਆ ਨਾ ਕਰੋ। ਬੱਚਾ ਆਪਣੀਆਂ ਪਿਛਲੀਆਂ ਅਸਫਲਤਾਵਾਂ ਨੂੰ ਵਰਤਮਾਨ ਦੇ ਮੁਕਾਬਲੇ ਅਪ੍ਰਸੰਗਿਕ ਸਮਝਣਾ ਚਾਹੁੰਦਾ ਹੈ। ਉਹ ਸੋਚਦਾ ਹੈ ਕਿ ਉਹ ਹੁਣ ਵੱਖਰਾ ਹੈ ਅਤੇ ਤੁਹਾਡੇ ਲਈ ਉਸ ਨੂੰ ਉਸ ਦੀਆਂ ਪਿਛਲੀਆਂ ਗਲਤੀਆਂ ਯਾਦ ਕਰਾਉਣਾ ਉਚਿੱਤ ਨਹੀਂ ਹੈ। ਹਾਲਾਂਕਿ, ਉਸ ਦੇ ਤੁਹਾਡੇ ਨਾਲ ਇੰਨਾ ਉਦਾਰ ਹੋਣ ਦੀ ਉਮੀਦ ਨਾ ਕਰੋ।

## ਸਮੂਹ ਵਿੱਚ ਚਰਚਾ ਲਈ

► ਇਸ ਪਾਠ ਤੋਂ ਕੁਝ ਵਿਸ਼ੇ ਕਿਹੜੇ ਹਨ ਜੋ ਤੁਹਾਡੇ ਲਈ ਨਵੇਂ ਹਨ? ਕੀ ਤੁਸੀਂ ਕੁਝ ਚੀਜ਼ਾਂ ਸਾਂਝੀਆਂ ਕਰੋਗੇ ਜੋ ਤੁਸੀਂ ਆਪਣੇ ਅਭਿਆਸ ਵਿੱਚ ਬਦਲਣ ਦੀ ਯੋਜਨਾ ਬਣਾ ਰਹੇ ਹੋ?

► ਹੋਰ ਤਰੀਕਿਆਂ 'ਤੇ ਚਰਚਾ ਕਰੋ ਕਿ ਕਲੀਸਿਯਾ ਦੇ ਪਰਿਵਾਰ ਘਰ ਵਿੱਚ ਜੀਵਨ ਨੂੰ ਬਿਹਤਰ ਬਣਾਉਣ ਅਤੇ ਕਲੀਸਿਯਾ ਦੇ ਬੱਚਿਆਂ ਦੀ ਮਦਦ ਕਰਨ ਲਈ ਇਕੱਠੇ ਕਿਵੇਂ ਕੰਮ ਕਰ ਸਕਦੇ ਹਨ।

## ਪ੍ਰਾਰਥਨਾ

ਸਵਰਗੀ ਪਿਤਾ,

ਅਸੀਂ ਚਾਹੁੰਦੇ ਹਾਂ ਕਿ ਸਾਡੇ ਘਰ ਪਿਆਰ, ਸੁਰੱਖਿਆ ਅਤੇ ਅਸੀਸ ਦੇ ਸਥਾਨ ਹੋਣ। ਅਸੀਂ ਉੱਥੇ ਜੋ ਵੀ ਕਰਦੇ ਹਾਂ ਉਸ ਵਿੱਚ ਸ਼ੁੱਧ ਰਹਿਣ ਅਤੇ ਪਿਆਰ ਕਰਨ ਵਿੱਚ ਸਾਡੀ ਮਦਦ ਕਰ।

ਮਸੀਹੀ ਸਿੱਖਿਆ ਅਤੇ ਵਿਹਾਰ ਵਿੱਚ ਇਕਸਾਰ ਰਹਿਣ ਵਿੱਚ ਸਾਡੀ ਮਦਦ ਕਰ। ਸਾਡੇ ਬੱਚਿਆਂ ਨੂੰ ਤੇਰਾ ਅਨੁਸਰਣ ਕਰਨ ਦੀ ਇੱਛਾ ਦੇ।

ਸਾਡੇ ਹਰੇਕ ਬੱਚੇ ਪ੍ਰਤੀ ਵਫ਼ਾਦਾਰ ਰਹਿਣ ਲਈ ਤੇਰਾ ਧੰਨਵਾਦ। ਅਸੀਂ ਜਾਣਦੇ ਹਾਂ ਕਿ ਤੇਰਾ ਆਤਮਾ ਉਨ੍ਹਾਂ ਦੇ ਦਿਲਾਂ ਵਿੱਚ ਕੰਮ ਕਰ ਰਿਹਾ ਹੈ।

ਆਮੀਨ

## ਪਾਠ ਕਾਰਜ

(1) ਪਰਿਵਾਰਾਂ ਲਈ ਬਾਈਬਲ ਅਧਾਰਤ ਸੱਤ ਨਿਰਦੇਸ਼ਾਂ ਦੀ ਇੱਕ ਸੂਚੀ ਤਿਆਰ ਕਰੋ। ਫਿਰ ਅਸਲ ਜੀਵਨ ਦੀਆਂ ਸਥਿਤੀਆਂ ਵਿੱਚ ਖਾਸ ਉਪਯੋਗਾਂ ਦੀ ਸੂਚੀ ਬਣਾਓ। ਹਰੇਕ ਉਪਯੋਗ ਦੀ ਵਿਆਖਿਆ ਕਰਨ ਲਈ ਇੱਕ ਪੈਰਾ ਲਿਖੋ (ਸੱਤ ਪੈਰੇ)।

(2) ਹੇਠਾਂ ਦਿੱਤੇ ਵਿਸ਼ਿਆਂ ਵਿੱਚੋਂ ਇੱਕ ਨੂੰ ਚੁਣੋ। ਕਹਾਉਤਾਂ ਦੀ ਪੁਸਤਕ ਨੂੰ ਪੜ੍ਹੋ ਅਤੇ ਇਸ ਵਿਸ਼ੇ ਨੂੰ ਸੰਬੋਧਿਤ ਕਰਨ ਵਾਲੀਆਂ ਕਹਾਉਤਾਂ ਦੀ ਇੱਕ ਸੂਚੀ ਬਣਾਓ। ਦੋ ਪੈਰੇ ਲਿਖੋ ਜੋ ਉਸ ਦਾ ਸਾਰ ਦਿੰਦੇ ਹਨ ਜੋ ਕਹਾਉਤਾਂ ਵਿਸ਼ੇ ਬਾਰੇ ਆਖਦੀਆਂ ਹਨ। ਫਿਰ ਇਸ ਬਾਰੇ ਤਿੰਨ ਪੈਰੇ ਲਿਖੋ ਕਿ ਇੱਕ ਮਾਪੇ ਆਪਣੇ ਬੱਚੇ ਜਾਂ ਕਿਸ਼ੋਰ ਨੂੰ ਇਹ ਸਿਧਾਂਤ ਕਿਵੇਂ ਸਿਖਾ ਸਕਦੇ ਹਨ। ਵਿਸ਼ੇ:

- ਸੱਚ ਦੱਸਣਾ
- ਵਿੱਤ
- ਬੁੱਧੀ ਅਤੇ ਪੈਸੇ ਦੇ ਮਹੱਤਵ ਵਿੱਚ ਅੰਤਰ
- ਭਰੋਸੇਯੋਗਤਾ
- ਲਿੰਗਕ ਸ਼ੁੱਧਤਾ
- ਹਲੀਮੀ
- ਹਦਾਇਤਾਂ ਪ੍ਰਾਪਤ ਕਰਨਾ ਅਤੇ ਤਾੜਨਾ ਪ੍ਰਾਪਤ ਕਰਨਾ
- ਮਿਹਨਤੀ ਹੋਣਾ/ਪਹਿਲ ਕਰਨਾ
- ਪਰਮੇਸ਼ੁਰ ਅਨੰਦ ਬਾਰੇ ਕੀ ਆਖਦਾ ਹੈ
- ਬੋਲੀ
- ਦੂਸਰਿਆਂ ਨਾਲ ਰਿਸ਼ਤੇ
- ਉਦਾਰਤਾ

# ਪਾਠ 14

# ਕਿਸ਼ੋਰ ਅਵਸਥਾ ਵਿੱਚ ਬੱਚੇ ਦਾ ਪਾਲਣ-ਪੋਸ਼ਣ

### ਪਾਠ ਦੇ ਟੀਚੇ

ਇਸ ਪਾਠ ਦੇ ਅੰਤ ਵਿੱਚ, ਵਿਦਿਆਰਥੀ ਹੇਠਾਂ ਦੱਸੇ ਕੰਮ ਕਰਨ ਦੇ ਯੋਗ ਹੋਣੇ ਚਾਹੀਦੇ ਹਨ:

(1) ਕਿਸ਼ੋਰ ਅਵਸਥਾ ਲਈ ਪਰਮੇਸ਼ੁਰ ਦੀਆਂ ਤਰਜੀਹਾਂ ਨੂੰ ਸਮਝਣਾ।

(2) ਕਿਸ਼ੋਰਾਂ ਨੂੰ ਉਨ੍ਹਾਂ ਦੀ ਬਾਲਗਤਾ ਲਈ ਤਿਆਰੀ ਕਰਨ ਵਿੱਚ ਪ੍ਰਭਾਵਿਤ ਕਰਨ ਅਤੇ ਸਿਖਲਾਈ ਦੇਣ ਦੀ ਜ਼ਿੰਮੇਵਾਰੀ ਲੈਣਾ।

(3) ਕਿਸ਼ੋਰਾਂ ਨਾਲ ਸਿਹਤਮੰਦ, ਫਲਦਾਇਕ ਰਿਸ਼ਤੇ ਬਣਾਉਣ ਲਈ ਪ੍ਰੇਰਿਤ ਹੋਣਾ।

(4) ਕਿਸ਼ੋਰ ਅਵਸਥਾ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਵਚਨ ਦੇ ਸਿਧਾਂਤਾਂ ਦੀ ਪਾਲਣਾ ਕਰਨ ਲਈ ਤਿਆਰ ਰਹਿਣਾ।

### ਮਲਵਿੰਦਰ - ਘਰ ਵਿੱਚ ਇੱਕ ਟ੍ਰੇਨਰ

ਹਰ ਸ਼ਾਮ, ਮਲਵਿੰਦਰ ਆਪਣੇ ਦੋ ਬੱਚਿਆਂ ਨਾਲ ਪ੍ਰਾਰਥਨਾ ਅਤੇ ਵਚਨ ਪੜ੍ਹਨ ਲਈ ਸਮਾਂ ਕੱਢਦੀ ਸੀ। ਉਹ ਵਚਨ ਦੀਆਂ ਕੁਝ ਆਇਤਾਂ ਪੜ੍ਹਦੀ ਸੀ, ਹਰ ਆਇਤ ਦੇ ਅੰਤ ਵਿੱਚ ਰੁਕ ਕੇ ਜੀਵਨ ਵਿੱਚ ਉਸ ਦੇ ਉਪਯੋਗਾਂ ਬਾਰੇ ਗੱਲ ਕਰਦੀ ਸੀ। ਜਦੋਂ ਉਸ ਦੇ ਬੱਚੇ ਕਿਸ਼ੋਰ ਉਮਰ ਦੇ ਹੋ ਗਏ, ਤਾਂ ਮਲਵਿੰਦਰ ਨੇ ਉਨ੍ਹਾਂ ਨੂੰ ਵਚਨ ਦੇ ਹਵਾਲਿਆਂ ਨੂੰ ਪੜ੍ਹਨ ਅਤੇ ਸਮਝਾਉਣ ਲਈ ਸਮਾਂ ਦਿੱਤਾ। ਉਨ੍ਹਾਂ ਨੇ ਵਚਨ ਨੂੰ ਚੰਗੀ ਤਰ੍ਹਾਂ ਸਮਝਾਇਆ ਕਿਉਂਕਿ ਉਨ੍ਹਾਂ ਨੇ ਆਪਣੀ ਮਾਂ ਦੀ ਉਦਾਹਰਣ ਤੋਂ ਸਿੱਖਿਆ ਸੀ। ਉਹ ਜੀਵਨ ਦੇ ਸਿਧਾਂਤਾਂ ਨੂੰ ਆਪਣੇ ਸ਼ਬਦਾਂ ਵਿੱਚ ਬਿਆਨ ਕਰਨ ਦੇ ਯੋਗ ਸਨ, ਜੋ ਉਨ੍ਹਾਂ ਨੇ ਉਸ ਤੋਂ ਸਿੱਖਿਆ ਸੀ।

### ਕਿਸ਼ੋਰ ਅਵਸਥਾ ਦਾ ਸਮਾਂ

ਹਰੇਕ ਸਮਾਜ ਵਿੱਚ ਬਚਪਨ ਅਤੇ ਬਾਲਗਤਾ ਦੇ ਵਿਚਕਾਰ ਜੀਵਨ ਦੇ ਸਮੇਂ ਦਾ ਇੱਕ ਨਾਮ ਹੁੰਦਾ ਹੈ। ਇਹ ਉਹ ਸਮਾਂ ਹੁੰਦਾ ਹੈ ਜਦੋਂ ਇੱਕ ਨੌਜਵਾਨ ਵਿਅਕਤੀ ਬਾਲਗ ਰੁਚੀਆਂ, ਜਿਵੇਂ ਕਿ ਲਿੰਗਕਤਾ, ਰੱਖਣ ਲੱਗ ਪੈਂਦਾ ਹੈ, ਪਰ ਅਜੇ ਤੱਕ ਬਾਲਗ ਜ਼ਿੰਮੇਵਾਰੀ ਲੈਣ ਦੇ ਯੋਗ ਨਹੀਂ ਹੁੰਦਾ ਹੈ। ਕੁਝ ਦੇਸਾਂ ਵਿੱਚ, ਇੱਕ ਵਿਅਕਤੀ 18 ਸਾਲ ਦੀ ਉਮਰ ਵਿੱਚ ਕਾਨੂੰਨੀ ਤੌਰ 'ਤੇ ਬਾਲਗ ਹੁੰਦਾ ਹੈ। ਉਨ੍ਹਾਂ ਦੇਸਾਂ ਵਿੱਚ, 18 ਸਾਲ ਤੋਂ ਘੱਟ ਉਮਰ ਦਾ ਕੋਈ ਵਿਅਕਤੀ ਮਾਪਿਆਂ ਦੀ ਇਜਾਜ਼ਤ ਤੋਂ ਬਿਨਾਂ ਵਿਆਹ ਨਹੀਂ ਕਰ ਸਕਦਾ, ਫੌਜ ਵਿੱਚ ਸੇਵਾ ਨਹੀਂ ਕਰ ਸਕਦਾ, ਜਾਂ ਕਾਨੂੰਨੀ ਇਕਰਾਰਨਾਮਾ ਨਹੀਂ ਕਰ ਸਕਦਾ।

ਕਿਸ਼ੋਰ ਅਵਸਥਾ ਦੀ ਉਮਰ ਹਰ ਜਗ੍ਹਾ ਬਿਲਕੁਲ ਇੱਕੋ ਜਿਹੀ ਨਹੀਂ ਹੁੰਦੀ। ਕੁਝ ਸਮਾਜਾਂ ਵਿੱਚ, ਇੱਕ ਵਿਅਕਤੀ 18 ਸਾਲ ਦੀ ਉਮਰ ਤੋਂ ਪਹਿਲਾਂ ਬਾਲਗ ਵਜੋਂ ਰਹਿਣ ਲਈ ਤਿਆਰ ਹੋ ਸਕਦਾ ਹੈ, ਜਦੋਂ ਉਸ ਨੇ ਉਹ ਕੰਮ ਕਰਨਾ ਸਿੱਖ ਲਿਆ ਹੁੰਦਾ ਹੈ ਜੋ ਬਾਲਗ ਕਰਦੇ ਹਨ। ਦੂਜੇ ਸਮਾਜਾਂ ਵਿੱਚ, ਇੱਕ ਵਿਅਕਤੀ 18 ਸਾਲ ਦੀ ਉਮਰ ਤੋਂ ਬਾਅਦ ਕਈ ਸਾਲਾਂ ਤੱਕ ਮਾਪਿਆਂ 'ਤੇ ਨਿਰਭਰ ਰਹਿਣਾ ਜਾਰੀ ਰੱਖ ਸਕਦਾ ਹੈ, ਜਦੋਂ ਕਿ ਅਜੇ ਵੀ ਸਿੱਖਿਆ ਪੂਰੀ ਕਰ ਰਿਹਾ ਹੈ।

► ਤੁਹਾਡੇ ਸਮਾਜ ਵਿੱਚ ਬਚਪਨ ਅਤੇ ਬਾਲਗਤਾ ਦੇ ਵਿਚਕਾਰਲੇ ਪੜਾਅ ਵਿੱਚ ਨੌਜਵਾਨਾਂ ਦਾ ਵਰਣਨ ਕਰਨ ਲਈ ਕਿਹੜਾ ਸ਼ਬਦ ਵਰਤਿਆ ਜਾਂਦਾ ਹੈ?

► ਇੱਕ ਬਾਲਗ ਕੀ ਹੈ?

ਬਾਲਗ ਦੀ ਇੱਕ ਪਰਿਭਾਸ਼ਾ ਜੋ ਲੋਕਾਂ ਅਤੇ ਜਾਨਵਰਾਂ ਦੋਵਾਂ ਲਈ ਵਰਤੀ ਜਾਂਦੀ ਹੈ ਉਹ ਇਹ ਹੈ: ਇੱਕ ਜੀਵ ਜੋ ਸਰੀਰਕ ਪਰਿਪੱਕਤਾ ਤੱਕ ਵਧਿਆ ਹੈ। ਹਾਲਾਂਕਿ, ਮਨੁੱਖੀ ਬਾਲਗਤਾ ਦਾ ਅਰਥ ਸਰੀਰਕ ਪਰਿਪੱਕਤਾ ਤੋਂ ਵੱਧ ਹੈ। ਇੱਕ ਨੌਜਵਾਨ ਵਿਅਕਤੀ ਕੋਲ ਇੱਕ ਬਾਲਗ ਦਾ ਆਕਾਰ ਅਤੇ ਤਾਕਤ ਹੋ ਸਕਦੀ ਹੈ ਪਰ ਉਹ ਬਾਲਗ ਜ਼ਿੰਮੇਵਾਰੀਆਂ ਲੈਣ ਲਈ ਤਿਆਰ ਨਹੀਂ ਹੁੰਦਾ।

► ਸਰੀਰਕ ਪਰਿਪੱਕਤਾ ਤੋਂ ਇਲਾਵਾ ਬਾਲਗਾਂ ਵਿੱਚ ਕਿਹੜੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ?

ਆਮ ਤੌਰ 'ਤੇ, ਇੱਕ ਬਾਲਗ ਉਹ ਵਿਅਕਤੀ ਹੁੰਦਾ ਹੈ ਜੋ ਸਵੈ-ਨਿਰਦੇਸ਼ਿਤ ਹੋਣ ਅਤੇ ਫੈਸਲਿਆਂ ਦੀ ਜ਼ਿੰਮੇਵਾਰੀ ਲੈਣ ਦੇ ਯੋਗ ਹੁੰਦਾ ਹੈ। ਇਹ ਪਰਿਭਾਸ਼ਾ ਬਿਲਕੁਲ ਸਹੀ ਨਹੀਂ ਹੈ ਕਿਉਂਕਿ ਨਿੱਜੀ ਜ਼ਿੰਮੇਵਾਰੀ ਦੇ ਪੱਧਰ ਬਹੁਤ ਵੱਖਰੇ ਹੁੰਦੇ ਹਨ। ਹਰ ਵਿਅਕਤੀ ਜੋ ਪੂਰੀ ਤਰ੍ਹਾਂ ਅਲੱਗ ਨਹੀਂ ਹੁੰਦਾ ਉਹ ਦੂਜੇ ਲੋਕਾਂ ਦੁਆਰਾ ਪ੍ਰਭਾਵਿਤ ਹੁੰਦਾ ਹੈ, ਅਤੇ ਬਾਲਗ ਵੀ ਹਰ ਫੈਸਲੇ ਵਿੱਚ ਪੂਰੀ ਤਰ੍ਹਾਂ ਆਜ਼ਾਦ ਨਹੀਂ ਹੁੰਦੇ। ਹਾਲਾਂਕਿ, ਬਾਲਗਤਾ ਆਮ ਤੌਰ 'ਤੇ ਆਪਣੇ ਫੈਸਲੇ ਲੈਣ ਅਤੇ ਜ਼ਿੰਮੇਵਾਰ ਹੋਣ ਦੁਆਰਾ ਦਰਸਾਈ ਜਾਂਦੀ ਹੈ। ਕਿਸ਼ੋਰ ਅਵਸਥਾ ਦੇ ਅੰਤ ਤੱਕ, ਵਿਅਕਤੀ ਨੂੰ ਆਪਣੇ ਲਈ ਫੈਸਲੇ ਲੈਣ ਲਈ ਤਿਆਰ ਹੋਣਾ ਚਾਹੀਦਾ ਹੈ। ਮਾਪਿਆਂ ਦਾ ਟੀਚਾ ਕਿਸ਼ੋਰ ਨੂੰ ਉਸ ਜ਼ਿੰਮੇਵਾਰੀ ਲਈ ਤਿਆਰ ਕਰਨਾ ਹੈ।

ਯਿਸੂ ਨੇ ਇੱਕ ਪੁੱਤਰ ਦੀ ਕਹਾਣੀ ਦੱਸੀ ਜਿਸ ਨੇ ਆਪਣੇ ਪਿਤਾ ਤੋਂ ਆਪਣੀ ਵਿਰਾਸਤ ਦੀ ਮੰਗ ਕੀਤੀ, ਜੋ ਅਜੇ ਜ਼ਿੰਦਾ ਸੀ (ਲੂਕਾ 15:11-32)। ਪੁੱਤਰ ਨੇ ਪੈਸੇ ਲਏ ਅਤੇ ਇਸ ਨੂੰ ਲਾਪਰਵਾਹੀ ਨਾਲ ਬਰਬਾਦ ਕੀਤਾ। ਇਹ ਇੱਕ ਅਜਿਹੇ ਵਿਅਕਤੀ ਦੀ ਉਦਾਹਰਣ ਹੈ ਜਿਸ ਨੇ ਕਿਸ਼ੋਰ ਅਵਸਥਾ ਨੂੰ ਪੂਰਾ ਕੀਤਾ ਅਤੇ ਇੱਕ ਬਾਲਗ ਬਣ ਗਿਆ ਪਰ ਸਮਝਦਾਰੀ ਨਾਲ ਫੈਸਲੇ ਲੈਣ ਲਈ ਤਿਆਰ ਨਹੀਂ ਸੀ। ਬਹੁਤ ਸਾਰੇ ਨੌਜਵਾਨ ਬਾਲਗ ਹਨ ਜੋ ਆਪਣੇ ਦੁਆਰਾ ਲਏ ਗਏ ਗਲਤ ਫੈਸਲਿਆਂ ਦੀਆਂ ਆਫ਼ਤਾਂ ਦਾ ਅਨੁਭਵ ਕਰ ਰਹੇ ਹਨ ਕਿਉਂਕਿ ਉਹ ਬਾਲਗਤਾ ਦੀ ਆਜ਼ਾਦੀ ਅਤੇ ਜ਼ਿੰਮੇਵਾਰੀ ਪ੍ਰਾਪਤ ਕਰਨ ਤੋਂ ਪਹਿਲਾਂ ਚੰਗੀ ਤਰ੍ਹਾਂ ਵਿਕਸਤ ਨਹੀਂ ਹੋਏ ਸੀ।

ਪਰਮੇਸ਼ੁਰ ਦੇ ਬਚਨ ਵਿੱਚ ਕਿਸ਼ੋਰ ਅਵਸਥਾ ਲਈ ਬਹੁਤ ਬੁੱਧੀ ਹੈ, ਮਨੁੱਖੀ ਵਿਕਾਸ ਦੇ ਵਿੱਚ ਸਮੇਂ ਦਾ ਇੱਕ ਮਹੱਤਵਪੂਰਣ ਸਮਾਂ।

## ਸਰੀਰਕ ਅਤੇ ਮਾਨਸਿਕ ਵਿਕਾਸ

► ਇੱਕ ਵਿਦਿਆਰਥੀ ਨੂੰ ਸਮੂਹ ਲਈ ਲੂਕਾ 2:40, 52 ਨੂੰ ਪੜ੍ਹਨਾ ਚਾਹੀਦਾ ਹੈ।

ਯਿਸੂ ਕਿਸ਼ੋਰ ਅਵਸਥਾ ਵਿੱਚ ਦਾਖਲ ਹੋਇਆ ਅਤੇ ਮਾਨਸਿਕ ਅਤੇ ਸਰੀਰਕ ਤੌਰ 'ਤੇ ਵਧਿਆ। ਇਨ੍ਹਾਂ ਦੋ ਆਇਤਾਂ ਦੇ ਵਿਚਕਾਰ ਯਿਸੂ ਦੇ ਗੁਰੂਆਂ ਨਾਲ ਗੱਲ ਕਰਨ ਲਈ ਹੈਕਲ ਜਾਣ ਦਾ ਬਿਰਤਾਂਤ ਹੈ। ਉਹ ਨਾ ਸਿਰਫ਼ ਸਰੀਰਕ ਤੌਰ 'ਤੇ ਵਧ ਰਿਹਾ ਸੀ, ਸਗੋਂ ਉਹ ਹੋਰ ਸੁਤੰਤਰ ਹੋਣ ਦੇ ਯੋਗ ਵੀ ਮਹਿਸੂਸ ਕਰ ਰਿਹਾ ਸੀ। ਉਹ ਆਪਣੇ ਪਰਿਵਾਰ ਅਤੇ ਦੋਸਤਾਂ ਤੋਂ ਇਲਾਵਾ ਦੂਜਿਆਂ ਨਾਲ ਆਪਣੇ ਵਿਚਾਰ ਸਾਂਝੇ ਕਰਨ ਲਈ ਵੀ ਤਿਆਰ ਸੀ।

ਮਰੀਅਮ ਅਤੇ ਯੂਸੁਫ਼ ਗੁਰੂਆਂ ਨਾਲ ਯਿਸੂ ਦੀ ਗੱਲਬਾਤ ਤੋਂ ਹੈਰਾਨ ਸਨ, ਪਰ ਫਿਰ ਮਰੀਅਮ ਨੇ ਯਿਸੂ ਨੂੰ ਦੱਸਿਆ ਕਿ ਉਹ ਅਤੇ ਯੂਸੁਫ਼ ਤਿੰਨ ਦਿਨਾਂ ਤੋਂ ਚਿੰਤਤ ਸਨ (ਲੂਕਾ 2:46-48)। ਯਿਸੂ ਨੇ ਆਖਿਆ ਕਿ ਉਨ੍ਹਾਂ ਨੂੰ ਚਿੰਤਾ ਨਹੀਂ ਕਰਨੀ ਚਾਹੀਦੀ ਸੀ, ਕਿਉਂਕਿ ਉਹ ਆਪਣੇ ਪਿਤਾ ਦਾ ਕੰਮ ਸ਼ੁਰੂ ਕਰ ਰਿਹਾ ਸੀ (ਲੂਕਾ 2:49)। ਇੱਕ ਕਿਸ਼ੋਰ ਅਵਸਥਾ ਵਿੱਚ ਉਸ ਨੇ ਆਪਣੇ ਜੀਵਨ ਦੇ ਜਨੂੰਨ ਦੀ ਪਾਲਣਾ ਕਰਨ ਲਈ ਆਮ ਇੱਛਾ ਮਹਿਸੂਸ ਕੀਤੀ। ਹਾਲਾਂਕਿ, ਉਹ ਘਰ ਵਾਪਸ ਆਇਆ ਅਤੇ ਆਪਣੀ ਕਿਸ਼ੋਰ ਅਵਸਥਾ ਦੇ ਬਾਕੀ ਬਚੇ ਸਾਲਾਂ ਲਈ ਆਪਣੇ ਮਾਪਿਆਂ ਦੇ ਅਧਿਕਾਰ ਦੇ ਅਧੀਨ ਹੋ ਗਿਆ (ਲੂਕਾ 2:51)।

ਸ਼ੁਰੂਆਤੀ ਕਿਸ਼ੋਰ ਅਵਸਥਾ ਦੌਰਾਨ, ਇੱਕ ਬੱਚੇ ਦਾ ਸਰੀਰ ਇੱਕ ਬਾਲਗ ਵਰਗਾ ਹੋਣ ਲਈ ਬਦਲਦਾ ਹੈ। ਬੱਚਾ ਉਚਾਈ ਵਿੱਚ ਤੇਜ਼ੀ ਨਾਲ ਵਧ ਸਕਦਾ ਹੈ। ਸਰੀਰ 'ਤੇ ਕਈ ਥਾਵਾਂ 'ਤੇ ਵਾਲ ਵਧਣੇ ਸ਼ੁਰੂ ਹੋ ਜਾਂਦੇ ਹਨ। ਆਵਾਜ਼ ਡੂੰਘੀ ਹੋ ਸਕਦੀ ਹੈ। ਇੱਕ ਪਿਤਾ ਜਾਂ ਮਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਬੱਚਾ ਸਮਝੇ ਕਿ ਇਹ ਤਬਦੀਲੀਆਂ ਆਮ ਹਨ। ਪਰਮੇਸ਼ੁਰ ਨੇ ਮਨੁੱਖਾਂ ਦੇ ਆਮ ਸਰੀਰਕ ਅਤੇ ਮਾਨਸਿਕ ਵਿਕਾਸ ਦੀ ਯੋਜਨਾ ਬਣਾਈ ਹੈ।

ਤੁਹਾਡੇ ਬੱਚੇ ਨਾਲ ਤੁਹਾਡਾ ਚੰਗਾ ਰਿਸ਼ਤਾ ਹੋਣ ਦੇ ਕਾਰਣ ਉਹ ਜੀਵਨ ਦੇ ਇਸ ਹਿੱਸੇ ਦੌਰਾਨ ਤੁਹਾਡੇ ਨਾਲ ਖੁੱਲ੍ਹ ਕੇ ਗੱਲਬਾਤ ਕਰਨ ਦੇ ਯੋਗ ਮਹਿਸੂਸ ਕਰ ਸਕਣਗੇ। ਇੱਕ ਬੱਚਾ ਜੋ ਇਨ੍ਹਾਂ ਗੱਲਾਂ ਬਾਰੇ ਮਾਪਿਆਂ ਨਾਲ ਗੱਲ ਕਰਨ ਵਿੱਚ ਸਹਿਜ ਮਹਿਸੂਸ ਨਹੀਂ ਕਰਦਾ, ਉਸ ਨੂੰ ਗੁਪਤ ਡਰ ਹੋ ਸਕਦਾ ਹੈ ਅਤੇ ਉਹ ਦੋਸਤਾਂ ਤੋਂ ਜਾਂ ਔਨਲਾਈਨ ਜਾਣਕਾਰੀ ਦੀ ਭਾਲ ਕਰ ਸਕਦਾ ਹੈ।

## ਭਾਵਨਾਤਮਕ ਵਿਕਾਸ

ਕਿਸ਼ੋਰ ਅਵਸਥਾ ਸਿਰਫ਼ ਬੱਚੇ ਦੇ ਜੀਵਨ ਦੀ ਇੱਕ ਨਿਰੰਤਰਤਾ ਨਹੀਂ ਹੈ ਜਿਵੇਂ ਕਿ ਇਹ ਪਹਿਲਾਂ ਸੀ। ਮਾਪਿਆਂ ਦਾ ਇਹ ਸੋਚਣਾ ਗਲਤ ਹੈ ਕਿ ਉਹ ਕਿਸ਼ੋਰ ਨੂੰ ਉਸੇ ਤਰ੍ਹਾਂ ਨਿਰਦੇਸ਼ਤ ਕਰਨਾ ਅਤੇ ਸਿਖਾਉਣਾ ਜਾਰੀ ਰੱਖ ਸਕਦੇ ਹਨ ਜਿਵੇਂ ਉਹ ਇੱਕ ਛੋਟੇ ਬੱਚੇ ਲਈ ਕਰਦੇ ਹਨ। ਕਿਸ਼ੋਰ ਦਾ ਮਨ ਅਤੇ ਰੁਚੀਆਂ ਬਦਲ ਰਹੀਆਂ ਹਨ। ਉਹ ਬਾਲਗ ਆਜ਼ਾਦੀ, ਸਫਲਤਾ ਅਤੇ ਆਦਰ ਦੀ ਇੱਛਾ ਮਹਿਸੂਸ ਕਰਦਾ ਹੈ। ਜੇਕਰ ਉਨ੍ਹਾਂ ਨਾਲ ਛੋਟੇ ਬੱਚਿਆਂ ਵਾਂਗ ਵਿਹਾਰ ਕੀਤਾ ਜਾਂਦਾ ਹੈ ਤਾਂ ਕਿਸ਼ੋਰ ਨਿਰਾਸ਼ ਹੋ ਜਾਂਦੇ ਹਨ।

ਪੂਰੇ ਵਚਨ ਵਿੱਚ ਨੌਜਵਾਨਾਂ ਵੱਲੋ ਸਮਝਦਾਰੀ ਦੇ ਫੈਸਲੇ ਲਏ ਜਾਣ ਦੀਆਂ ਉਦਾਹਰਣਾਂ ਹਨ, ਜਿਵੇਂ ਕਿ ਯਿਸੂ ਨੇ ਕੀਤਾ ਸੀ, ਜਾਂ ਮਾੜੇ ਫੈਸਲਿਆਂ ਦੀਆਂ ਉਦਾਹਰਣਾਂ ਹਨ, ਜਿਵੇਂ ਕਿ ਅਸੀਂ ਯਿਸੂ ਦੁਆਰਾ ਦੱਸੀ ਗਈ ਕਹਾਣੀ ਵਿੱਚ ਪੜ੍ਹਦੇ ਹਾਂ (ਲੂਕਾ 15:11-32)। ਮਾਪਿਆਂ ਨੂੰ ਇਹ ਸਮਝਣ ਦੀ ਜ਼ਰੂਰਤ ਹੈ ਕਿ ਉਨ੍ਹਾਂ ਦਾ ਪੁੱਤਰ ਜਾਂ ਧੀ ਭਾਵਨਾਤਮਕ ਤੌਰ 'ਤੇ ਕਿਵੇਂ ਵਿਕਸਤ ਹੋ ਰਿਹਾ ਹੈ। ਇੱਕ ਮਾਪੇ ਦਾ ਟੀਚਾ ਨੌਜਵਾਨ ਵਿਅਕਤੀ ਦੀ ਭਾਵਨਾਵਾਂ ਸਮੇਤ ਸਾਰੇ ਖੇਤਰਾਂ ਵਿੱਚ ਸਵੈ-ਨਿਯੰਤਰਣ ਵਿਕਸਤ ਕਰਨ ਵਿੱਚ ਮਦਦ ਕਰਨਾ ਹੈ, ਤਾਂ ਜੋ ਪਿਤਾ ਜਾਂ ਮਾਂ ਦੇ ਨਿਯੰਤਰਣ ਦੀ ਹੁਣ ਲੋੜ ਨਾ ਰਹੇ।

► ਅਫ਼ਸੀਆਂ 6:1-4 ਨੂੰ ਪੜ੍ਹੋ। ਇਸ ਹਵਾਲੇ ਤੋਂ ਸਾਨੂੰ ਕਿਹੜੇ ਖਾਸ ਨਿਰਦੇਸ਼ ਮਿਲਦੇ ਹਨ?

ਬੱਚਿਆਂ ਨੂੰ ਮਾਂ ਅਤੇ ਪਿਓ ਦੋਵਾਂ ਦਾ ਕਹਿਣਾ ਮੰਨਣਾ ਚਾਹੀਦਾ ਹੈ, ਜਿਸ ਦਾ ਅਰਥ ਹੈ ਕਿ ਇੱਕ ਪਿਤਾ ਅਤੇ ਮਾਂ ਨੂੰ ਸਹਿਯੋਗ ਕਰਨਾ ਚਾਹੀਦਾ ਹੈ। ਇਹ ਹਵਾਲਾ ਮਾਪਿਆਂ ਦੀ ਆਗਿਆਕਾਰੀ ਨੂੰ ਪਰਮੇਸ਼ੁਰ ਦੀ ਆਗਿਆਕਾਰੀ ਕਰਨ ਦੀ ਜ਼ਿੰਮੇਵਾਰੀ ਨਾਲ ਮਜ਼ਬੂਤੀ ਨਾਲ ਜੋੜਦਾ ਹੈ। ਜਿਹੜੇ ਮਾਪੇ ਆਪਣੇ ਬੱਚਿਆਂ ਨੂੰ ਆਗਿਆਕਾਰੀ ਨਹੀਂ ਸਿਖਾਉਂਦੇ, ਉਹ ਉਨ੍ਹਾਂ ਨੂੰ ਪਰਮੇਸ਼ੁਰ ਦੀ ਆਗਿਆਕਾਰੀ ਕਰਨ ਲਈ ਤਿਆਰ ਨਹੀਂ ਕਰ ਰਹੇ ਹਨ। ਬੱਚਿਆਂ ਨੂੰ ਤੁਹਾਡੇ ਵਿਰੁੱਧ ਬਗਾਵਤ ਕਰਨ ਦੇਣ ਨਾਲ ਮਾਪੇ ਉਨ੍ਹਾਂ ਨੂੰ ਪਰਮੇਸ਼ੁਰ ਦੇ ਵਿਰੁੱਧ ਬਗਾਵਤ ਕਰਨ ਲਈ ਤਿਆਰ ਕਰਦੇ ਹਨ।

ਇਹ ਵਚਨ ਪਿਤਾਵਾਂ ਨੂੰ ਵਿਸ਼ੇਸ਼ ਨਿਰਦੇਸ਼ ਦਿੰਦਾ ਹੈ। ਪਿਤਾਵਾਂ ਨੂੰ ਇਸ ਤਰੀਕੇ ਨਾਲ ਤਾੜਨਾ ਚਾਹੀਦਾ ਹੈ ਜੋ ਬੱਚਿਆਂ ਨੂੰ ਸਹੀ ਕੰਮ ਕਰਨ ਤੋਂ ਨਿਰਾਸ਼ ਜਾਂ ਮਾਯੂਸ ਨਾ ਕਰੇ। ਸਜ਼ਾ ਅਤੇ ਤਾੜਨਾ ਜ਼ਰੂਰੀ ਹੈ, ਅਤੇ ਇਹ ਬੱਚੇ ਨੂੰ ਤੁਰੰਤ ਖੁਸ਼ ਨਹੀਂ ਕਰਦੇ, ਪਰ ਪਿਤਾ ਨੂੰ ਇਕਸਾਰ ਅਤੇ ਪਿਆਰ ਕਰਨ ਵਾਲਾ ਹੋਣਾ ਚਾਹੀਦਾ ਹੈ। ਇਸ ਦਾ ਮਤਲਬ ਹੈ ਕਿ ਪਿਤਾ ਨੂੰ ਬੱਚੇ ਦੇ ਭਾਵਨਾਤਮਕ ਵਿਕਾਸ ਬਾਰੇ ਕੁਝ ਸਮਝਣਾ ਚਾਹੀਦਾ ਹੈ।

ਪਿਤਾ ਨੂੰ ਸਿਰਫ਼ ਤਾੜਨਾ ਹੀ ਨਹੀਂ ਦੇਣੀ ਚਾਹੀਦੀ, ਸਗੋਂ ਪ੍ਰਭੂ ਵੱਲੋਂ ਆਤਮਿਕ ਪੋਸ਼ਣ ਅਤੇ ਸਿੱਖਿਆ ਵੀ ਦੇਣੀ ਚਾਹੀਦੀ ਹੈ। ਅਸੀਂ ਆਪਣੇ ਬੱਚਿਆਂ ਨੂੰ ਸਿਰਫ਼ ਉਨ੍ਹਾਂ ਦੀਆਂ ਗਲਤੀਆਂ 'ਤੇ ਹਮਲਾ ਕਰਨ ਦੁਆਰਾ ਹੀ ਵਿਕਸਤ ਨਹੀਂ ਕਰਦੇ। ਸਾਨੂੰ ਆਪਣੇ ਬੱਚਿਆਂ ਨੂੰ ਸਮਝਣ ਅਤੇ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅਸੀਂ ਪਰਮੇਸ਼ੁਰ ਦੀ ਸੱਚਾਈ ਦੀ ਵਰਤੋਂ ਕਰਦੇ ਹਾਂ ਅਤੇ ਸਿਰਫ਼ ਆਪਣੀਆਂ ਸ਼ਰਤਾਂ ਦੀ ਹੀ ਨਹੀਂ। ਅਸੀਂ ਇਹ ਦਰਸਾਉਂਦੇ ਹਾਂ ਕਿ ਅਸੀਂ ਪਰਮੇਸ਼ੁਰ ਦੀ ਆਗਿਆਕਾਰੀ ਵਿੱਚ ਵੀ ਜੀ ਰਹੇ ਹਾਂ।

ਜਦੋਂ ਇੱਕ ਬੱਚਾ ਆਪਣੇ ਬਚਪਨ ਦੇ ਸਾਲਾਂ ਦੌਰਾਨ ਆਦਰ ਅਤੇ ਆਗਿਆਕਾਰੀ ਕਰਨਾ ਸਿੱਖ ਲੈਂਦਾ ਹੈ, ਤਾਂ ਇੱਕ ਕਿਸ਼ੋਰ ਦੀ ਸਿਖਲਾਈ ਬਹੁਤ ਆਸਾਨ ਹੋ ਜਾਂਦੀ ਹੈ! ਮਾਪਿਆਂ ਦੁਆਰਾ ਬੱਚਿਆਂ ਦੇ ਛੋਟੇ ਹੋਣ 'ਤੇ ਸਥਾਪਿਤ ਕੀਤਾ ਗਿਆ ਰਿਸ਼ਤਾ, ਕਿਸ਼ੋਰ ਅਵਸਥਾ ਦੇ ਅਨੁਭਵਾਂ ਵਿੱਚ ਸਰੀਰਕ, ਭਾਵਨਾਤਮਕ ਅਤੇ ਆਤਮਿਕ ਤਬਦੀਲੀਆਂ ਦੌਰਾਨ ਮਦਦ ਕਰੇਗਾ। ਪਾਲਣ-ਪੋਸ਼ਣ ਨੂੰ ਆਸਾਨ ਬਣਾਉਣ ਲਈ ਕੋਈ ਨਿਰਦੇਸ਼ ਨਹੀਂ ਹਨ, ਪਰ ਜਲਦੀ ਇੱਕ ਚੰਗਾ ਰਿਸ਼ਤਾ ਸਥਾਪਤ ਕਰਨਾ ਕਿਸ਼ੋਰ ਅਵਸਥਾ ਦੌਰਾਨ ਗੱਲਬਾਤ ਨੂੰ ਸੰਭਵ ਬਣਾਉਂਦਾ ਹੈ।

ਮਾਪੇ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਸੁਣਨ, ਪਰ ਅਕਸਰ ਇੱਕ ਪਿਤਾ ਜਾਂ ਮਾਂ ਨੂੰ ਪਹਿਲਾਂ ਸੁਣਨਾ ਚਾਹੀਦਾ ਹੈ। ਕਿਰਪਾ ਕਰਕੇ, ਆਪਣੇ ਅਤੇ ਉਨ੍ਹਾਂ ਦੇ ਲਈ - ਆਪਣਾ ਫ਼ੋਨ, ਕਿਤਾਬ, ਕੰਮ, ਜਾਂ ਜੋ ਵੀ ਤੁਸੀਂ ਕਰ ਰਹੇ ਹੋ, ਹੇਠਾਂ ਰੱਖੋ ਅਤੇ ਜਦੋਂ ਉਨ੍ਹਾਂ ਨੂੰ ਗੱਲ ਕਰਨ ਦੀ ਲੋੜ ਹੋਵੇ ਤਾਂ ਉਨ੍ਹਾਂ ਵੱਲ ਆਪਣਾ ਧਿਆਨ ਦਿਓ। ਉਨ੍ਹਾਂ ਨੂੰ ਇਸ ਤਰ੍ਹਾਂ ਸੁਣੋ ਜਿਵੇਂ ਕੁਝ ਵੀ ਹੋਰ ਮਾਇਨੇ ਨਹੀਂ ਰੱਖਦਾ ਹੈ। ਉਨ੍ਹਾਂ ਦੀਆਂ ਗਲਤੀਆਂ ਨੂੰ ਸੁਧਾਰੇ ਬਿਨਾਂ ਸੁਣੋ, ਜਦੋਂ ਤੱਕ ਤੁਸੀਂ ਸੱਚਮੁੱਚ ਇਹ ਨਹੀਂ ਸਮਝ ਜਾਂਦੇ ਕਿ ਉਹ ਕੀ ਕਹਿਣਾ ਚਾਹੁੰਦੇ ਹਨ। ਉਨ੍ਹਾਂ ਨੂੰ ਇਹ ਮਹਿਸੂਸ ਕਰਨ ਦੀ ਲੋੜ ਹੈ ਕਿ ਤੁਸੀਂ ਸੱਚਮੁੱਚ ਉਨ੍ਹਾਂ ਦੀ ਅਤੇ ਉਨ੍ਹਾਂ ਦੇ ਦ੍ਰਿਸ਼ਟੀਕੋਣਾਂ ਦੀ ਕਦਰ ਕਰਦੇ ਹੋ, ਅਤੇ ਤੁਸੀਂ ਉਨ੍ਹਾਂ ਦਾ ਆਦਰ ਇੱਕ ਇਨਸਾਨ ਵਜੋਂ ਕਰਦੇ ਹੋ। ਭਾਵੇਂ ਉਨ੍ਹਾਂ ਨੂੰ ਤੁਹਾਡੀ ਸਲਾਹ ਪਸੰਦ ਨਾ ਵੀ ਆਵੇ, ਪਰ ਉਹ ਇਸ ਦਾ ਹੋਰ ਵੀ ਆਦਰ ਕਰਨਗੇ ਜਦੋਂ ਉਨ੍ਹਾਂ ਨੂੰ ਪਤਾ ਲੱਗੇਗਾ ਕਿ ਤੁਸੀਂ ਸੱਚਮੁੱਚ ਸੁਣਿਆ ਹੈ।

ਜਦੋਂ ਕੋਈ ਨੌਜਵਾਨ ਨਿਰਾਸ਼ਾ, ਗੁੱਸਾ, ਜਾਂ ਪਿੱਛੇ ਹਟਣ ਨੂੰ ਵਿਖਾ ਰਿਹਾ ਹੁੰਦਾ ਹੈ ਤਾਂ ਸੁਣਨਾ ਮੁਸ਼ਕਲ ਹੋ ਸਕਦਾ ਹੈ। ਯਾਦ ਰੱਖੋ ਕਿ ਨੌਜਵਾਨ ਆਪਣੀਆਂ ਭਾਵਨਾਵਾਂ ਨੂੰ ਪੂਰੀ ਤਰ੍ਹਾਂ ਨਹੀਂ ਸਮਝਦਾ। ਕਈ ਵਾਰ ਨੌਜਵਾਨ ਕੁਝ ਵੀ ਆਖਦੇ ਹਨ ਕਿਉਂਕਿ ਉਨ੍ਹਾਂ ਦੀਆਂ ਭਾਵਨਾਵਾਂ ਉਨ੍ਹਾਂ ਦੇ ਹਾਲਾਤਾਂ, ਰਿਸ਼ਤਿਆਂ ਅਤੇ ਸਰੀਰਾਂ ਤੋਂ ਪ੍ਰਭਾਵਿਤ ਹੁੰਦੀਆਂ ਹਨ। ਇਹ ਸਾਰੀਆਂ ਚੀਜ਼ਾਂ ਕਿਸ਼ੋਰਾਂ ਦੀਆਂ ਭਾਵਨਾਵਾਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ: ਸਕੂਲ ਤੋਂ ਤਣਾਅ, ਦੋਸਤਾਂ ਦੁਆਰਾ ਸਵੀਕਾਰ ਕੀਤੇ ਜਾਣ ਦਾ ਦਬਾਅ, ਸਰੀਰਕ ਤਬਦੀਲੀਆਂ ਬਾਰੇ ਚਿੰਤਾ, ਕਦਰ ਜਾਂ ਆਦਰ ਨਾ ਮਹਿਸੂਸ ਕਰਨ 'ਤੇ ਨਾਰਾਜ਼ਗੀ, ਉਨ੍ਹਾਂ ਦੇ ਹਾਰਮੋਨ ਕੀ ਕਰ ਰਹੇ ਹਨ, ਅਤੇ ਸੌਣ ਦੀ ਮਾੜੀਆਂ ਆਦਤਾਂ ਦੇ ਕਾਰਣ ਉਨ੍ਹਾਂ ਦੀ ਥਕਾਵਟ।

## ਆਤਮਿਕ ਵਿਕਾਸ

► ਉਪਦੇਸ਼ਕ ਦੀ ਪੋਥੀ 11:9-12:1, 13 ਨੂੰ ਪੜ੍ਹੋ। ਤੁਸੀਂ ਇਨ੍ਹਾਂ ਆਇਤਾਂ ਦੇ ਹੁਕਮਾਂ ਨੂੰ ਇੱਕ ਨੌਜਵਾਨ ਨੂੰ ਕਿਵੇਂ ਸਮਝਾਓਗੇ?

ਦੁਨੀਆਂ ਨੌਜਵਾਨਾਂ ਵਿੱਚ ਲਾਪਰਵਾਹੀ ਅਤੇ ਅਨੈਤਿਕ ਵਿਹਾਰ ਨੂੰ ਮਾਫ਼ ਕਰ ਸਕਦੀ ਹੈ, ਪਰ ਇਹ ਆਇਤਾਂ ਨੌਜਵਾਨ ਨੂੰ ਯਾਦ ਰੱਖਣ ਲਈ ਕਹਿੰਦੀਆਂ ਹਨ ਕਿ ਉਹ ਆਪਣੇ ਕੰਮਾਂ ਲਈ ਪਰਮੇਸ਼ੁਰ ਅੱਗੇ ਜਵਾਬਦੇਹ ਹਨ। ਉਹ ਉਨ੍ਹਾਂ ਦਾ ਨਿਆਈਂ ਹੈ।

ਜ਼ਿੰਦਗੀ ਦੇ ਇਸ ਪੜਾਅ 'ਤੇ ਵੀ ਜ਼ਿੰਦਗੀ ਦੀਆਂ ਵੱਖ-ਵੱਖ ਗਤੀਵਿਧੀਆਂ ਦੌਰਾਨ ਪਰਮੇਸ਼ੁਰ ਦੇ ਬਚਨ ਨੂੰ ਸਿਖਾਉਣਾ ਬਹੁਤ ਮਹੱਤਵਪੂਰਣ ਹੈ (ਬਿਵਸਥਾ ਸਾਰ 6:6-7)। ਹਾਲਾਂਕਿ, ਇਹ ਹੋਰ ਵੀ ਮੁਸ਼ਕਲ ਹੈ, ਕਿਉਂਕਿ ਕਿਸ਼ੋਰ ਪਰਿਵਾਰ ਸਮੂਹ ਤੋਂ ਬਾਹਰ ਬਹੁਤ ਸਾਰੀਆਂ ਗਤੀਵਿਧੀਆਂ ਵਿੱਚ ਰੁੱਝ ਜਾਂਦੇ ਹਨ। ਉਨ੍ਹਾਂ ਦੀਆਂ ਆਪਣੀਆਂ ਰੁਚੀਆਂ, ਵਿਦਿਅਕ ਗਤੀਵਿਧੀਆਂ, ਖੇਡਾਂ ਦੀਆਂ ਗਤੀਵਿਧੀਆਂ ਅਤੇ ਦੋਸਤਾਂ ਦੇ ਸਮੂਹ ਹੁੰਦੇ ਹਨ। ਉਨ੍ਹਾਂ ਦੇ ਮਾਪੇ ਹਰ ਸਮੇਂ ਉਨ੍ਹਾਂ ਦੇ ਨਾਲ ਨਹੀਂ ਹੋ ਸਕਦੇ, ਪਰ ਪਰਮੇਸ਼ੁਰ ਹੈ, ਅਤੇ ਮਾਪਿਆਂ ਨੂੰ ਉਨ੍ਹਾਂ ਲਈ ਪ੍ਰਾਰਥਨਾ ਕਰਨ ਵਿੱਚ ਵਫ਼ਾਦਾਰ ਰਹਿਣਾ ਚਾਹੀਦਾ ਹੈ। ਪਿਤਾਵਾਂ ਅਤੇ ਮਾਵਾਂ ਨੂੰ ਵਿਸ਼ੇਸ਼ ਗੱਲਬਾਤ ਲਈ ਸਮਾਂ ਕੱਢਣ ਵਿੱਚ ਪਰਮੇਸ਼ੁਰ ਤੋਂ ਬੁੱਧੀ ਲੈਣੀ ਚਾਹੀਦੀ ਹੈ। ਮਾਪਿਆਂ ਲਈ ਆਪਣੇ ਨੌਜਵਾਨ ਵਿਅਕਤੀ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ ਵਿੱਚ ਸ਼ਾਮਲ ਰਹਿਣਾ ਅਤੇ ਉਨ੍ਹਾਂ ਜਾਣੂ ਰਹਿਣਾ ਬਹੁਤ ਜ਼ਰੂਰੀ ਹੈ।

► 1 ਥੱਸਲੁਨੀਕੀਆਂ 2:11-12 ਨੂੰ ਇਕੱਠੇ ਪੜ੍ਹੋ। ਪਰਮੇਸ਼ੁਰ ਨੇ ਪਿਤਾਵਾਂ ਨੂੰ ਆਪਣੇ ਵਧ ਰਹੇ ਬੱਚਿਆਂ ਨਾਲ ਰਿਸ਼ਤਿਆਂ ਵਿੱਚ ਕੀ ਜ਼ਿੰਮੇਵਾਰੀ ਦਿੱਤੀ ਹੈ?

ਮਾਪਿਓ, ਇਹ ਨਾ ਮੰਨੋ ਕਿ ਸਭ ਕੁਝ ਠੀਕ ਹੈ ਕਿਉਂਕਿ ਸਮੱਸਿਆਵਾਂ ਸਪੱਸ਼ਟ ਨਹੀਂ ਹਨ। ਉਮੀਦ ਕਰੋ ਕਿ ਤੁਹਾਡੇ ਪੁੱਤਰ ਜਾਂ ਧੀ ਨੂੰ ਪਰਤਾਵਿਆਂ ਦਾ ਸਾਹਮਣਾ ਕਰਨਾ ਪਵੇਗਾ ਅਤੇ ਕਮਜ਼ੋਰੀਆਂ ਦਾ ਅਨੁਭਵ ਹੋਵੇਗਾ, ਕਿਉਂਕਿ ਉਹ ਕਰਨਗੇ! ਉਨ੍ਹਾਂ ਨੂੰ ਉਨ੍ਹਾਂ ਦੇ ਵਿੱਤ, ਉਹ ਆਪਣਾ ਸਮਾਂ ਕਿਵੇਂ ਬਿਤਾਉਂਦੇ ਹਨ, ਉਹ ਜੀਵਨ ਵਿੱਚ ਜੋ ਵਿਕਲਪ ਬਣਾ ਰਹੇ ਹਨ, ਅਤੇ ਉਨ੍ਹਾਂ ਦੀ ਲਿੰਗਕ ਸ਼ੁੱਧਤਾ ਲਈ ਜਵਾਬਦੇਹੀ ਪ੍ਰਦਾਨ ਕਰੋ। ਦੂਜਿਆਂ ਤੋਂ ਬੁੱਧੀ ਅਤੇ ਸਲਾਹ ਮੰਗੋ। ਅਧਿਆਪਕਾਂ ਅਤੇ ਹੋਰਾਂ ਨੂੰ ਸੁਣੋ ਜੋ ਚਿੰਤਾਵਾਂ ਪ੍ਰਗਟ ਕਰਦੇ ਹਨ। ਭਾਵੇਂ ਤੁਸੀਂ ਆਪਣੇ ਬੱਚੇ ਬਾਰੇ ਕਿਸੇ ਹੋਰ ਦੀ ਰਾਏ ਨਾਲ ਸਹਿਮਤ ਨਹੀਂ ਹੋ, ਪਰ ਫਿਰ ਵੀ ਤੁਹਾਨੂੰ ਸੁਣਨਾ ਚਾਹੀਦਾ ਹੈ ਅਤੇ ਆਪਣੇ ਬੱਚੇ ਦੀਆਂ ਜ਼ਰੂਰਤਾਂ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਆਪਣੇ ਕਿਸ਼ੋਰਾਂ ਲਈ ਪ੍ਰਾਰਥਨਾ ਕਰੋ, ਅਤੇ ਉਨ੍ਹਾਂ ਨੂੰ ਦੱਸੋ ਕਿ ਤੁਸੀਂ ਉਨ੍ਹਾਂ ਲਈ ਪ੍ਰਾਰਥਨਾ ਕਰ ਰਹੇ ਹੋ। ਉਨ੍ਹਾਂ ਨੂੰ ਸੁਣਨ ਦਿਓ ਕਿ ਤੁਸੀਂ ਉਨ੍ਹਾਂ ਲਈ ਪ੍ਰਾਰਥਨਾ ਕਰ ਰਹੇ ਹੋ। ਉਨ੍ਹਾਂ ਨਾਲ ਉਹ ਖਾਸ ਪ੍ਰਾਰਥਨਾਵਾਂ ਸਾਂਝੀਆਂ ਕਰੋ ਜਿਨ੍ਹਾਂ ਬਾਰੇ ਤੁਸੀਂ ਪ੍ਰਾਰਥਨਾ ਕਰ ਰਹੇ ਹੋ। ਉਦਾਹਰਣ ਵਜੋਂ, ਤੁਸੀਂ ਕਹਿ ਸਕਦੇ ਹੋ, "ਮੈਂ ਪ੍ਰਾਰਥਨਾ ਕਰ ਰਿਹਾ ਹਾਂ ਕਿ ਤੁਸੀਂ ਧਾਰਮਿਕਤਾ ਲਈ ਭੁੱਖੇ ਅਤੇ ਤਿਹਾਏ ਰਹੋ (ਮੱਤੀ 5:6); ਅਤੇ ਤੁਸੀਂ ਪਰਮੇਸ਼ੁਰ ਲਈ ਤਿਹਾਏ ਰਹੋ ਜਿਵੇਂ ਹਿਰਨ ਪਾਣੀ ਲਈ ਤਰਸਦਾ ਹੈ (ਜ਼ਬੂਰ 42:1)। ਮੈਂ ਪਰਮੇਸ਼ੁਰ ਨੂੰ ਬੇਨਤੀ ਕਰ ਰਿਹਾ ਹਾਂ ਕਿ ਉਹ ਤੁਹਾਨੂੰ ਆਪਣੇ ਆਤਮਾ ਨਾਲ ਭਰ ਦੇਵੇ (ਅਫ਼ਸੀਆਂ 5:18) ਤਾਂ ਜੋ ਤੁਸੀਂ ਉਸ ਨੂੰ ਆਪਣੇ ਸਾਰੇ ਦਿਲ, ਜਾਨ ਅਤੇ ਮਨ ਨਾਲ ਪਿਆਰ ਕਰੋ ਅਤੇ ਆਪਣੇ ਗੁਆਂਢੀ [ਜਾਂ ਭੈਣ-ਭਰਾ] ਨੂੰ ਆਪਣੇ ਵਰਗਾ ਪਿਆਰ ਕਰੋ (ਮੱਤੀ 22:37-39)।"

► ਵਚਨ ਦੇ ਹੋਰ ਕਿਹੜੇ ਹਵਾਲੇ ਹਨ ਜਿਨ੍ਹਾਂ ਦੁਆਰਾ ਤੁਸੀਂ ਆਪਣੇ ਕਿਸ਼ੋਰ ਲਈ ਪ੍ਰਾਰਥਨਾ ਕਰ ਸਕਦੇ ਹੋ?

ਅੰਤ ਵਿੱਚ, ਆਪਣੇ ਕਿਸ਼ੋਰਾਂ ਨਾਲ ਇਸ ਆਤਮਿਕ ਯਾਤਰਾ 'ਤੇ, ਉਨ੍ਹਾਂ ਨਾਲ ਪਰਮੇਸ਼ੁਰ ਦੇ ਬਚਨ ਦੀ ਵਰਤੋਂ ਕਰੋ:

- ਇੱਕ ਉਦਾਹਰਣ ਬਣੋ: ਨਿਯਮਿਤ ਤੌਰ 'ਤੇ ਆਪਣੀ ਬਾਈਬਲ ਦਾ ਅਧਿਐਨ ਕਰਨ ਵਿੱਚ ਨਿੱਜੀ ਸਮਾਂ ਬਿਤਾਓ। ਆਪਣੇ ਪੁੱਤਰ ਜਾਂ ਧੀ ਨਾਲ ਗੱਲ ਕਰੋ ਕਿ ਪਰਮੇਸ਼ੁਰ ਤੁਹਾਨੂੰ ਕੀ ਸਿਖਾ ਰਿਹਾ ਹੈ ਅਤੇ ਤੁਸੀਂ ਆਪਣੀ ਜ਼ਿੰਦਗੀ ਵਿੱਚ ਪਰਮੇਸ਼ੁਰ ਦੇ ਬਚਨ ਨੂੰ ਕਿਵੇਂ ਲਾਗੂ ਕਰ ਰਹੇ ਹੋ। ਭਾਵੇਂ ਉਨ੍ਹਾਂ ਦਾ ਜਵਾਬ ਉਤਸ਼ਾਹੀ ਨਾ ਹੋਵੇ ਜਾਂ ਉਹ ਗੱਲਬਾਤ ਜਾਰੀ ਨਾ ਰੱਖਣ, ਉਹ ਸੁਣ ਰਹੇ ਹਨ ਅਤੇ ਬਚਨ ਦੁਆਰਾ ਪ੍ਰਭਾਵਿਤ ਹੋ ਰਹੇ ਹਨ!
- ਇੱਕ ਪਰਿਵਾਰ ਦੇ ਰੂਪ ਵਿੱਚ ਇਕੱਠੇ ਵਚਨ ਦੇ ਹਵਾਲੇ ਯਾਦ ਕਰੋ ਅਤੇ ਰੋਜ਼ਾਨਾ ਖਾਣੇ ਦੇ ਸਮੇਂ ਜਾਂ ਦਿਨ ਦੇ ਅੰਤ ਵਿੱਚ ਆਇਤਾਂ ਨੂੰ ਜ਼ੁਬਾਨੀ ਦੁਹਰਾਓ।

- ਕਹਾਉਤਾਂ ਦੀ ਕਿਤਾਬ ਨੂੰ ਪੜ੍ਹੋ ਅਤੇ ਇੱਕ-ਇੱਕ ਕਰਕੇ ਹਰੇਕ ਆਇਤ ਬਾਰੇ ਗੱਲ ਕਰੋ। ਕਹਾਉਤਾਂ ਥੋੜ੍ਹੇ ਸਮੇਂ ਦੀ ਅਰਾਧਨਾ ਲਈ ਇੱਕ ਸ਼ਾਨਦਾਰ ਕਿਤਾਬ ਹੈ, ਜਿਸ ਵਿੱਚ ਰੋਜ਼ਾਨਾ ਦੇ ਜੀਵਨ ਲਈ ਵਿਹਾਰਕ ਬੁੱਧੀ ਹੈ। ਇਹ ਬਹੁਤ ਸਾਰੀਆਂ ਗੱਲਬਾਤਾਂ ਦੇ ਮੌਕੇ ਪ੍ਰਦਾਨ ਕਰਦੀ ਹੈ ਅਤੇ ਇੱਕ ਵੱਡਾ ਪ੍ਰਭਾਵ ਪਾਉਂਦੀ ਹੈ।
- ਵਚਨ ਵਿੱਚ ਹਦਾਇਤਾਂ, ਸਿਧਾਂਤ ਅਤੇ ਉਦਾਹਰਣਾਂ ਜੀਵਨ ਦੇ ਸਾਰੇ ਮੌਸਮਾਂ 'ਤੇ ਲਾਗੂ ਹੁੰਦੀਆਂ ਹਨ, ਇਸ ਲਈ ਆਪਣੇ ਪੁੱਤਰਾਂ ਅਤੇ ਧੀਆਂ ਨਾਲ ਪਰਮੇਸ਼ੁਰ ਦੇ ਸਾਰੇ ਬਚਨ ਦਾ ਅਧਿਐਨ ਕਰੋ।

## ਸਮਾਜਿਕ ਵਿਕਾਸ

ਲੂਕਾ 2:52, ਉਹ ਆਇਤ ਜੋ ਕਿਸ਼ੋਰ ਅਵਸਥਾ ਵਿੱਚ ਯਿਸੂ ਦੇ ਵਿਕਾਸ ਦਾ ਵਰਣਨ ਕਰਦੀ ਹੈ, ਕਹਿੰਦੀ ਹੈ ਕਿ ਉਹ ਦੂਜਿਆਂ ਨਾਲ ਆਪਣੇ ਰਿਸ਼ਤਿਆਂ ਵਿੱਚ ਵੀ ਵੱਡਾ ਹੋਇਆ। ਪਰਮੇਸ਼ੁਰ ਸਾਡੇ ਰਿਸ਼ਤਿਆਂ ਵਿੱਚ ਬਹੁਤ ਦਿਲਚਸਪੀ ਰੱਖਦਾ ਹੈ। ਉਸ ਨੇ ਸਾਨੂੰ ਆਪਸੀ ਮਨੁੱਖੀ ਤਾਲਮੇਲ ਅਤੇ ਸੰਗਤ ਰੱਖਣ ਲਈ ਬਣਾਇਆ ਹੈ।

ਪਰਿਵਾਰਕ ਮੈਂਬਰਾਂ ਤੋਂ ਇਲਾਵਾ, ਅਸੀਂ ਸਹਿਪਾਠੀਆਂ, ਗੁਆਂਢੀਆਂ, ਕਲੀਸਿਯਾ ਸਮੂਹਾਂ, ਮਾਲਕਾਂ, ਅਧਿਆਪਕਾਂ ਅਤੇ ਹੋਰ ਆਗੂਆਂ ਅਤੇ ਮੀਡੀਆ ਤੋਂ ਪ੍ਰਭਾਵਿਤ ਹੁੰਦੇ ਹਾਂ। ਸਾਥੀ ਆਮ ਤੌਰ 'ਤੇ ਸਭ ਤੋਂ ਪ੍ਰਭਾਵਸ਼ਾਲੀ ਹੁੰਦੇ ਹਨ, ਚੰਗੇ ਲਈ ਜਾਂ ਮਾੜੇ ਲਈ। ਮਸੀਹੀ ਮਾਪਿਆਂ ਨੂੰ ਆਪਣੇ ਬੱਚਿਆਂ ਅਤੇ ਨੌਜਵਾਨਾਂ ਦੇ ਸਮਾਜਿਕ ਪਰਸਪਰ ਪ੍ਰਭਾਵ ਦੀ ਨਿਗਰਾਨੀ ਕਰਨੀ ਚਾਹੀਦੀ ਹੈ।

ਜਿਵੇਂ-ਜਿਵੇਂ ਤੁਹਾਡਾ ਨੌਜਵਾਨ ਬਾਲਗਤਾ ਵੱਲ ਵਧਦਾ ਹੈ, ਧਿਆਨ ਨਾਲ ਅਤੇ ਪ੍ਰਾਰਥਨਾ ਨਾਲ ਵਿਚਾਰ ਕਰੋ ਕਿ ਉਹ ਕਿੰਨਾ ਕੁਝ ਸੰਭਾਲ ਸਕਦਾ ਹੈ। ਆਪਣੇ ਪਰਿਵਾਰ ਦੇ ਕੰਪਿਊਟਰਾਂ ਅਤੇ ਸੈਲੂਲਰ ਡਿਵਾਈਸਾਂ 'ਤੇ, ਪਾਸਵਰਡ ਅਤੇ ਖਾਸ ਐਪਸ ਦੀ ਵਰਤੋਂ ਕਰੋ ਜੋ ਤੁਹਾਡੇ ਪਰਿਵਾਰ ਨੂੰ ਬੁਰੀ ਸਮੱਗਰੀ ਤੱਕ ਪਹੁੰਚ ਕਰਨ ਤੋਂ ਬਚਾ ਸਕਦੇ ਹਨ। ਡਿਵਾਈਸਾਂ ਦੀ ਵਰਤੋਂ ਲਈ ਸਮਾਂ ਸੀਮਾਵਾਂ ਨਿਰਧਾਰਤ ਕਰੋ। ਵੈੱਬਸਾਈਟਾਂ, ਫਿਲਮਾਂ, ਟੀਵੀ ਪ੍ਰੋਗਰਾਮਾਂ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਨਿਗਰਾਨੀ ਕਰੋ। ਜਦੋਂ ਤੁਸੀਂ ਆਪਣੇ ਕਿਸ਼ੋਰ ਨੂੰ ਆਪਣੇ ਆਂਢ-ਗੁਆਂਢ ਦੇ ਕੁਝ ਲੋਕਾਂ ਨਾਲ ਸਮਾਂ ਬਿਤਾਉਣ ਦੀ ਇਜਾਜ਼ਤ ਨਹੀਂ ਦਿੰਦੇ, ਉਸੇ ਤਰ੍ਹਾਂ ਉਨ੍ਹਾਂ ਨੂੰ ਉਨ੍ਹਾਂ ਦੇ ਇਲੈਕਟ੍ਰਾਨਿਕ ਡਿਵਾਈਸ 'ਤੇ ਗਲਤ ਲੋਕਾਂ ਨੂੰ ਫਾਲੋ ਕਰਨ ਜਾਂ ਉਨ੍ਹਾਂ ਨਾਲ ਜੁੜਨ ਦੀ ਇਜਾਜ਼ਤ ਨਾ ਦਿਓ।

► ਸਿਰਫ਼ ਆਪਣੇ ਨੌਜਵਾਨਾਂ ਦੀ ਰੱਖਿਆ ਕਰਨਾ ਕਾਫ਼ੀ ਨਹੀਂ ਹੈ। ਕਿਸ਼ੋਰ ਅਵਸਥਾ ਵਿੱਚ, ਤੁਸੀਂ ਆਪਣੇ ਪੁੱਤਰ ਜਾਂ ਧੀ ਨੂੰ ਆਪਣੇ ਖੁਦ ਦੇ ਸਮਝਦਾਰੀ ਦੇ ਫੈਸਲੇ ਲੈਣ ਦੀ ਜ਼ਿੰਮੇਵਾਰੀ ਲੈਣ ਲਈ ਵੀ ਤਿਆਰ ਕਰ ਰਹੇ ਹੋ ਜੋ ਪਰਮੇਸ਼ੁਰ ਦਾ ਆਦਰ ਕਰਦੇ ਹਨ ਅਤੇ ਉਨ੍ਹਾਂ ਦੀਆਂ ਆਤਮਾਵਾਂ ਦੀ ਰੱਖਿਆ ਕਰਦੇ ਹਨ। ਕਿਹੜੇ ਕੁਝ ਤਰੀਕਿਆਂ ਦੇ ਨਾਲ ਤੁਸੀਂ ਆਪਣੇ ਕਿਸ਼ੋਰ ਨੂੰ ਤਕਨਾਲੋਜੀ ਦੀ ਵਰਤੋਂ ਅਤੇ ਉਨ੍ਹਾਂ ਦੇ ਸਮਾਜਿਕ ਸੰਸਾਰ ਵਿੱਚ ਜ਼ਿੰਮੇਵਾਰੀ ਅਤੇ ਜਵਾਬਦੇਹੀ ਸਿਖਾ ਸਕਦੇ ਹੋ?

ਨੌਜਵਾਨ ਲੋਕ ਦੋਸਤਾਂ ਦੇ ਸਮੂਹ ਬਣਾਉਂਦੇ ਹਨ ਜੋ ਬਹੁਤ ਸਮਾਂ ਇਕੱਠੇ ਬਿਤਾਉਂਦੇ ਹਨ। ਉਹ ਦਿਲਚਸਪੀਆਂ ਸਾਂਝੀਆਂ ਕਰਨਾ ਸਿੱਖਦੇ ਹਨ, ਜਿਵੇਂ ਕਿ ਇੱਕੋ ਕਿਸਮ ਦੇ ਮਨੋਰੰਜਨ ਦਾ ਆਨੰਦ। ਉਹ ਕਲੀਸਿਯਾ, ਆਪਣੇ ਮਾਪਿਆਂ, ਸਕੂਲ ਅਤੇ ਹੋਰ ਸੰਸਥਾਵਾਂ

ਪ੍ਰਤੀ ਇੱਕੋ ਜਿਹੇ ਰਵੱਈਏ ਨੂੰ ਸਾਂਝਾ ਕਰਨਾ ਸ਼ੁਰੂ ਕਰਦੇ ਹਨ। ਮਾਪੇ ਅਕਸਰ ਆਪਣੇ ਕਿਸ਼ੋਰ ਦੇ ਰਵੱਈਏ ਵਿੱਚ ਤਬਦੀਲੀਆਂ ਵੇਖ ਕੇ ਹੈਰਾਨ ਹੁੰਦੇ ਹਨ। ਨੌਜਵਾਨਾਂ ਕੋਲ ਕਈ ਵਾਰ ਅਚਾਨਕ ਟਿੱਪਣੀਆਂ ਅਤੇ ਆਲੋਚਨਾਵਾਂ ਹੁੰਦੀਆਂ ਹਨ ਅਤੇ ਉਹ ਸ਼ਬਦਾਵਲੀ ਦੀ ਵਰਤੋਂ ਕਰਦੇ ਹਨ ਜੋ ਉਨ੍ਹਾਂ ਨੇ ਦੋਸਤਾਂ ਤੋਂ ਸਿੱਖੀ ਸੀ। ਦੋਸਤਾਂ ਦਾ ਸਮੂਹ ਇੱਕ ਵਿਕਲਪਿਕ ਪਰਿਵਾਰ ਬਣ ਜਾਂਦਾ ਹੈ ਜੋ ਇਸ ਦੇ ਮੈਂਬਰਾਂ ਨੂੰ ਸਵੀਕ੍ਰਿਤੀ ਦਿੰਦਾ ਹੈ। ਇੱਕ ਨੌਜਵਾਨ ਵਿਅਕਤੀ ਇੱਕ ਵਿਕਲਪਿਕ ਪਰਿਵਾਰ ਵੱਲ ਬਹੁਤ ਜ਼ਿਆਦਾ ਆਕਰਸ਼ਿਤ ਹੁੰਦਾ ਹੈ ਜੇਕਰ ਉਸ ਦਾ ਆਪਣਾ ਪਰਿਵਾਰ ਉਸ ਨੂੰ ਮਹੱਤਵ, ਪਛਾਣ ਅਤੇ ਸਵੀਕ੍ਰਿਤੀ ਦੀ ਭਾਵਨਾ ਨਹੀਂ ਦਿੰਦਾ ਹੈ।

ਇੱਕ ਮਾਤਾ-ਪਿਤਾ ਨੂੰ ਇੱਕ ਕਿਸ਼ੋਰ ਨੂੰ ਦੋਸਤਾਂ ਦੇ ਸਮੂਹ ਵਿੱਚੋਂ ਬਾਹਰ ਕੱਢਣਾ ਜਾਂ ਸਮੂਹ ਦੇ ਪ੍ਰਭਾਵ ਨੂੰ ਸੀਮਤ ਕਰਨਾ ਬਹੁਤ ਮੁਸ਼ਕਲ ਲੱਗਦਾ ਹੈ। ਜਦੋਂ ਮਾਪੇ ਸਮੂਹ ਜਾਂ ਵਿਅਕਤੀਆਂ ਦੀ ਆਲੋਚਨਾ ਕਰਦੇ ਹਨ, ਤਾਂ ਬੱਚਾ ਉਨ੍ਹਾਂ ਦਾ ਬਚਾਅ ਕਰਨਾ ਚਾਹੁੰਦਾ ਹੈ ਅਤੇ ਮਹਿਸੂਸ ਕਰਦਾ ਹੈ ਕਿ ਮਾਪੇ ਸਮਝ ਨਹੀਂ ਪਾਉਂਦੇ। ਇੱਕ ਪਿਤਾ ਜਾਂ ਮਾਂ ਕਿਸ਼ੋਰ ਦੀ ਦੇਖਭਾਲ, ਦਿਲਚਸਪੀ ਅਤੇ ਪਿਆਰ ਦਿਖਾ ਕੇ ਮਦਦ ਕਰ ਸਕਦੇ ਹਨ। ਜਦੋਂ ਇੱਕ ਮਾਪੇ ਨੌਜਵਾਨ ਵਿਅਕਤੀ ਦੀਆਂ ਭਾਵਨਾਤਮਕ ਜ਼ਰੂਰਤਾਂ ਨੂੰ ਪੂਰਾ ਕਰ ਰਹੇ ਹੁੰਦੇ ਹਨ, ਤਾਂ ਉਹ ਇੱਕ ਵਿਕਲਪਿਕ ਪਰਿਵਾਰ ਬਣਨ ਲਈ ਇੱਕ ਦੋਸਤ ਸਮੂਹ 'ਤੇ ਨਿਰਭਰ ਨਹੀਂ ਹੁੰਦਾ।

► ਕਈ ਪਰਿਵਾਰਾਂ ਦੇ ਮਾਪੇ ਆਪਣੇ ਕਿਸ਼ੋਰਾਂ ਦੀ ਮਦਦ ਕਰਨ ਲਈ ਇਕੱਠੇ ਕਿਵੇਂ ਕੰਮ ਕਰ ਸਕਦੇ ਹਨ?

► ਤੁਹਾਡੀ ਕਲੀਸਿਯਾ ਕਿਸ਼ੋਰਾਂ ਦੇ ਮਾਪਿਆਂ ਦੀ ਕਿਵੇਂ ਸਹਾਇਤਾ ਕਰ ਸਕਦੀ ਹੈ ਕਿਉਂਕਿ ਉਹ ਆਪਣੇ ਨੌਜਵਾਨਾਂ ਨੂੰ ਸਿਹਤਮੰਦ, ਸਮਾਜਿਕ ਜੀਵਨ ਬਤੀਤ ਕਰਨ ਵਿੱਚ ਮਦਦ ਕਰਦੇ ਹਨ ਜੋ ਪਰਮੇਸ਼ੁਰ ਦਾ ਆਦਰ ਕਰਦੇ ਹਨ?

## ਬਾਲਗਤਾ ਵੱਲ ਵਧਣ ਵਿੱਚ ਮੁਸ਼ਕਲਾਂ

ਇੱਕ ਬੱਚਾ ਇੱਕ ਸਮੇਂ ਵਿੱਚ ਇੱਕ ਬਾਲਗ ਨਹੀਂ ਬਣਦਾ। ਇੱਕ ਬੱਚਾ ਕਈ ਸਾਲਾਂ ਤੱਕ ਚੱਲਣ ਵਾਲੇ ਪਰਿਵਰਤਨ ਦੇ ਸਮੇਂ ਵਿੱਚੋਂ ਲੰਘਦਾ ਹੈ।

ਸਾਰੇ ਵਚਨ ਵਿੱਚੋਂ, ਕਹਾਉਤਾਂ ਦੀ ਕਿਤਾਬ ਖਾਸ ਤੌਰ 'ਤੇ ਨੌਜਵਾਨਾਂ ਲਈ ਲਿਖੀ ਗਈ ਸੀ। ਕਹਾਉਤਾਂ ਵਿੱਚ, ਰਾਜਾ ਸੁਲੇਮਾਨ ਨੇ ਆਪਣੇ ਪੁੱਤਰ ਨੂੰ ਸੰਬੋਧਿਤ ਕੀਤਾ, ਜੋ ਜੀਵਨ ਬਾਰੇ ਸਿੱਖ ਰਿਹਾ ਸੀ ਅਤੇ ਇੱਕ ਵਿਸ਼ਵ ਦ੍ਰਿਸ਼ਟੀਕੋਣ ਵਿਕਸਤ ਕਰ ਰਿਹਾ ਸੀ। ਸੁਲੇਮਾਨ ਨੇ ਆਪਣੇ ਪੁੱਤਰ ਨਾਲ ਜੀਵਨ ਦੇ ਹਰ ਖੇਤਰ ਬਾਰੇ, ਪਰਮੇਸ਼ੁਰ ਦੇ ਰਾਹਾਂ ਨੂੰ ਚੁਣਨ ਤੋਂ ਮਿਲਣਾ ਵਾਲੇ ਫਲਾਂ ਬਾਰੇ ਅਤੇ ਪਰਮੇਸ਼ੁਰ ਦੇ ਰਾਹਾਂ ਨੂੰ ਰੱਦ ਕਰਨ ਦੇ ਖ਼ਤਰਿਆਂ ਬਾਰੇ ਗੱਲ ਕੀਤੀ।

ਬਚਪਨ ਅਤੇ ਕਿਸ਼ੋਰ ਅਵਸਥਾ ਦੌਰਾਨ ਬਣੀਆਂ ਧਾਰਨਾਵਾਂ, ਅਤੇ ਉਸ ਸਮੇਂ ਦੌਰਾਨ ਕੀਤੀਆਂ ਗਈਆਂ ਚੋਣਾਂ ਇੱਕ ਵਿਅਕਤੀ ਦੇ ਜੀਵਨ ਲਈ ਬਹੁਤ ਮਹੱਤਵਪੂਰਣ ਹਨ। ਜਿਵੇਂ ਕਿ ਅਸੀਂ ਬਾਲਗਤਾ ਵਿੱਚ ਤਬਦੀਲੀ ਦੀਆਂ ਕਈ ਚੁਣੌਤੀਆਂ 'ਤੇ ਵਿਚਾਰ ਕਰਦੇ ਹਾਂ, ਅਸੀਂ ਇਸ ਬਾਰੇ ਸੋਚਾਂਗੇ ਕਿ ਪਰਮੇਸ਼ੁਰ ਦਾ ਬਚਨ ਸਾਡੇ ਨੌਜਵਾਨਾਂ ਨਾਲ ਕਿਸ਼ੋਰ ਅਵਸਥਾ ਦੇ ਸਾਲਾਂ ਵਿੱਚੋਂ ਦੀ ਲੰਘਣ ਵਿੱਚ ਸਾਡੀ ਮਦਦ ਕਿਵੇਂ ਕਰ ਸਕਦਾ ਹੈ।

**ਚੁਣੌਤੀ 1:** ਕਿਸ਼ੋਰ ਉਸ ਸਭ ਦਾ ਮੁਲਾਂਕਣ ਕਰਦਾ ਹੈ ਜੋ ਉਸ ਨੂੰ ਸਿਖਾਇਆ ਗਿਆ ਹੈ ਅਤੇ ਫੈਸਲਾ ਕਰਦਾ ਹੈ ਕਿ ਉਹ ਕੀ ਵਿਸ਼ਵਾਸ ਕਰੇਗਾ।

ਇੱਕ ਕਿਸ਼ੋਰ ਚਾਹੁੰਦਾ ਹੈ ਕਿ ਉਸ ਦੇ ਵਿਸ਼ਵਾਸ ਉਸ ਦੇ ਆਪਣੇ ਮਨ ਵਿੱਚ ਸਪੱਸ਼ਟ ਹੋਣ, ਇਸ ਲਈ ਉਹ ਮੁਲਾਂਕਣ ਕਰਦਾ ਹੈ ਅਤੇ ਉਸ 'ਤੇ ਸਵਾਲ ਕਰਦਾ ਹੈ ਜੋ ਉਸਨੂੰ ਸਿਖਾਇਆ ਗਿਆ ਹੈ। ਇਹ ਸੰਭਾਵਨਾ ਹੈ ਕਿ ਉਹ ਉਸ ਦੇ ਮਾਪਿਆਂ ਦੁਆਰਾ ਸਿਖਾਈ ਗਈ ਹਰ ਗੱਲ ਨੂੰ ਸਵੀਕਾਰ ਨਹੀਂ ਕਰੇਗਾ। ਮਾਪਿਆਂ ਨੂੰ ਇਸ ਜੋਖਮ ਤੋਂ ਡਰ ਲੱਗਦਾ ਹੈ। ਜੇਕਰ ਉਹ ਮਹਿਸੂਸ ਕਰਦੇ ਹਨ ਕਿ ਉਹ ਉਨ੍ਹਾਂ ਮੁੱਦਿਆਂ ਨੂੰ ਸਮਝਣ ਵਿੱਚ ਉਸ ਦੀ ਮਦਦ ਕਰਨ ਵਿੱਚ ਅਸਮਰੱਥ ਹਨ ਜੋ ਉਹ ਵਿਚਾਰ ਕਰ ਰਿਹਾ ਹੈ, ਤਾਂ ਉਹ ਉਸ ਨਾਲ ਦੁਬਾਰਾ ਇੱਕ ਬੱਚੇ ਵਾਂਗ ਪੇਸ਼ ਆਉਣਾ ਸ਼ੁਰੂ ਕਰ ਸਕਦੇ ਹਨ, ਮੰਗ ਕਰਦੇ ਹਨ ਕਿ ਉਹ ਬਿਨਾਂ ਕਿਸੇ ਸਵਾਲ ਦੇ ਉਨ੍ਹਾਂ ਦੇ ਵਿਸ਼ਵਾਸਾਂ ਨੂੰ ਸਵੀਕਾਰ ਕਰੇ। ਇਸ ਨਾਲ ਕਿਸ਼ੋਰ ਨੂੰ ਮਹਿਸੂਸ ਹੁੰਦਾ ਹੈ ਕਿ ਉਹ ਉਸ ਨੂੰ ਆਪਣੇ ਲਈ ਸੋਚਣ ਨਹੀਂ ਦੇ ਰਹੇ ਹਨ।

ਮਾਤਾ-ਪਿਤਾ ਨੂੰ ਧੀਰਜ ਨਾਲ ਵਿਸ਼ਵਾਸਾਂ ਦੇ ਕਾਰਨਾਂ ਨੂੰ ਸਮਝਾਉਣਾ ਚਾਹੀਦਾ ਹੈ ਅਤੇ ਕਿਸ਼ੋਰ ਨੂੰ ਦੂਜੇ ਲੋਕਾਂ ਨਾਲ ਗੱਲ ਕਰਨ ਦੇ ਮੌਕੇ ਦੇਣੇ ਚਾਹੀਦੇ ਹਨ ਜੋ ਸਮਝਾਉਣ ਵਿੱਚ ਮਦਦ ਕਰ ਸਕਦੇ ਹਨ।

► ਕਹਾਉਤਾਂ 23:22-23 ਨੂੰ ਇਕੱਠੇ ਪੜ੍ਹੋ।

ਇਨ੍ਹਾਂ ਆਇਤਾਂ ਵਿੱਚ, ਪਰਮੇਸ਼ੁਰ ਕਹਿੰਦਾ ਹੈ ਕਿ ਇੱਕ ਨੌਜਵਾਨ ਨੂੰ ਆਪਣੇ ਮਾਪਿਆਂ ਦੀ ਬੁੱਧੀ ਨੂੰ ਸੁਣਨਾ ਚਾਹੀਦਾ ਹੈ। ਇੱਕ ਪਿਤਾ ਜਾਂ ਮਾਂ ਆਪਣੇ ਕਿਸ਼ੋਰ ਲਈ ਇਹ ਚੋਣ ਨਹੀਂ ਕਰ ਸਕਦੇ, ਪਰ ਉਹ ਇੱਕ ਚੰਗਾ ਰਿਸ਼ਤਾ ਪੈਦਾ ਕਰ ਸਕਦੇ ਹਨ। ਜੇਕਰ ਮਾਪੇ ਆਪਣੇ ਪੁੱਤਰ ਜਾਂ ਧੀ ਨਾਲ ਖੁੱਲ੍ਹਾ ਅਤੇ ਆਦਰਯੋਗ ਸੰਚਾਰ ਕਰਦੇ ਰਹਿੰਦੇ ਹਨ, ਤਾਂ ਇਹ ਉਨ੍ਹਾਂ ਦੇ ਕਿਸ਼ੋਰਾਂ ਨੂੰ ਇਹ ਚੋਣ ਕਰਨ ਲਈ ਉਤਸ਼ਾਹਿਤ ਕਰੇਗਾ।

**ਚੁਣੌਤੀ 2:** ਕਿਸ਼ੋਰ ਫੈਸਲੇ ਲੈਣ ਦੀ ਜ਼ਿੰਮੇਵਾਰੀ ਲੈਣਾ ਸ਼ੁਰੂ ਕਰ ਦਿੰਦਾ ਹੈ।

ਇੱਕ ਕਿਸ਼ੋਰ ਇਹ ਸਮਝਣ ਲੱਗ ਪੈਂਦਾ ਹੈ ਕਿ ਫੈਸਲੇ ਕਿਵੇਂ ਲਏ ਜਾਂਦੇ ਹਨ, ਅਤੇ ਉਹ ਆਪਣੇ ਲਈ ਫੈਸਲੇ ਲੈਣ ਦੇ ਸਮਰੱਥ ਮਹਿਸੂਸ ਕਰਦਾ ਹੈ, ਪਰ ਉਸ ਦੇ ਮਾਪੇ ਅਤੇ ਹੋਰ ਉਸ ਦੇ ਵਿਕਲਪਾਂ ਨੂੰ ਸੀਮਤ ਕਰਦੇ ਹਨ। ਉਹ ਆਪਣੇ ਅਧਿਕਾਰ ਦੇ ਵਿਰੁੱਧ ਬਗਾਵਤ ਕਰਨ ਲਈ ਪਰਤਾਇਆ ਜਾਂਦਾ ਹੈ ਕਿਉਂਕਿ ਉਹ ਸੋਚਦਾ ਹੈ ਕਿ ਉਹ ਉਸ ਦੀ ਯੋਗਤਾ ਨੂੰ ਨਹੀਂ ਸਮਝਦੇ। ਜੇਕਰ ਉਹ ਬਗਾਵਤ ਕਰਦਾ ਹੈ, ਤਾਂ ਮਾਪੇ ਕੁਦਰਤੀ ਤੌਰ 'ਤੇ ਉਸ ਨੂੰ ਹੋਰ ਸੀਮਤ ਕਰਕੇ ਜਵਾਬ ਦਿੰਦੇ ਹਨ।

ਮਾਪਿਆਂ ਨੂੰ ਆਪਣੇ ਬੱਚਿਆਂ ਦੇ ਜੀਵਨ ਦੇ ਇਸ ਪੜਾਅ ਲਈ ਇੱਕ ਚੰਗੀ ਨੀਂਹ ਰੱਖਣੀ ਚਾਹੀਦੀ ਹੈ ਜਦੋਂ ਉਹ ਬਹੁਤ ਛੋਟੇ ਹੁੰਦੇ ਹਨ। ਉਹ ਆਪਣੇ ਬੱਚਿਆਂ ਨੂੰ ਵਿਖਾ ਸਕਦੇ ਹਨ ਕਿ ਉਹ ਉਨ੍ਹਾਂ ਤੋਂ ਜੋ ਮੰਗਦੇ ਹਨ ਉਹ ਬੱਚਿਆਂ ਦੇ ਆਪਣੇ ਭਲੇ ਲਈ ਹੈ, ਜਿਵੇਂ ਕਿ ਪਰਮੇਸ਼ੁਰ ਦਾ ਅਨੁਸ਼ਾਸਨ ਸਾਡੇ ਭਲੇ ਲਈ ਹੈ (ਇਬਰਾਨੀਆਂ 12:9-10)। ਮਾਪੇ ਇਹ ਵਿਖਾ ਸਕਦੇ ਹਨ ਕਿ ਉਹ ਸਿਰਫ਼ ਅਜਿਹੇ ਨਿਯਮ ਨਹੀਂ ਬਣਾ ਰਹੇ ਹਨ ਜੋ ਮਾਪਿਆਂ ਦੇ ਤੌਰ 'ਤੇ ਉਨ੍ਹਾਂ ਲਈ ਸਹੂਲਤ ਲਿਆਉਂਦੇ ਹਨ।

ਦੂਜਾ, ਮਾਪੇ ਹੌਲੀ-ਹੌਲੀ ਆਪਣੇ ਬੱਚਿਆਂ ਨੂੰ ਉਨ੍ਹਾਂ ਦੇ ਬਚਪਨ ਅਤੇ ਕਿਸ਼ੋਰ ਅਵਸਥਾ ਦੇ ਸਾਲਾਂ ਦੌਰਾਨ ਵੱਡੇ ਅਤੇ ਮਹੱਤਵਪੂਰਣ ਫੈਸਲਿਆਂ ਦੀ ਜ਼ਿੰਮੇਵਾਰੀ ਦੇ ਸਕਦੇ ਹਨ। ਇਹ ਨੌਜਵਾਨਾਂ ਨੂੰ ਜ਼ਿੰਮੇਵਾਰੀ ਦਾ ਅਭਿਆਸ ਕਰਨ, ਆਪਣੀ ਭਰੋਸੇਯੋਗਤਾ ਸਾਬਤ ਕਰਨ ਅਤੇ ਬਾਲਗਤਾ ਲਈ ਤਿਆਰੀ ਕਰਨ ਦੇ ਯੋਗ ਬਣਾਉਂਦਾ ਹੈ।

ਮਾਪੇ ਅਜੇ ਵੀ ਆਪਣੇ ਕਿਸ਼ੋਰਾਂ ਲਈ ਸੀਮਾਵਾਂ ਨਿਰਧਾਰਤ ਕਰਨ ਲਈ ਪਰਮੇਸ਼ੁਰ ਪ੍ਰਤੀ ਜ਼ਿੰਮੇਵਾਰ ਹਨ (1 ਤਿਮੋਥਿਉਸ 3:4), ਪਰ ਕਿਸ਼ੋਰ ਅਵਸਥਾ ਬਾਲਗਤਾ ਲਈ ਤਿਆਰੀ ਦੇ ਸਾਲ ਹਨ, ਜਦੋਂ ਨੌਜਵਾਨ ਵਿਅਕਤੀ ਆਪਣੀਆਂ ਚੋਣਾਂ ਲਈ ਪਰਮੇਸ਼ੁਰ ਪ੍ਰਤੀ ਪੂਰੀ ਤਰ੍ਹਾਂ ਜ਼ਿੰਮੇਵਾਰ ਬਣ ਜਾਵੇਗਾ। ਮਾਪਿਆਂ ਨੂੰ ਆਪਣੇ ਕਿਸ਼ੋਰਾਂ ਨੂੰ ਇਸ ਅਗਲੇ ਸੀਜ਼ਨ ਲਈ ਤਿਆਰ ਕਰਨਾ ਚਾਹੀਦਾ ਹੈ। ਕਹਾਉਤਾਂ ਇੱਕ ਪਿਤਾ ਦੁਆਰਾ ਲਿਖੀਆਂ ਗਈਆਂ ਹਨ ਜੋ ਆਪਣੇ ਪੁੱਤਰ ਨੂੰ ਸਮਝਦਾਰੀ ਦੇ ਫੈਸਲੇ ਲੈਣ ਲਈ ਬੇਨਤੀ ਕਰਦੀਆਂ ਹਨ। ਸੁਲੇਮਾਨ ਜਾਣਦਾ ਸੀ ਕਿ ਇੱਕ ਪਿਓ ਹੋਣ ਦੇ ਨਾਤੇ ਉਹ ਆਪਣੇ ਪੁੱਤਰ ਲਈ ਚੋਣਾਂ ਨਹੀਂ ਕਰ ਸਕਦਾ, ਪਰ ਉਹ ਸਹੀ ਚੋਣਾਂ ਨੂੰ ਸਭ ਤੋਂ ਆਕਰਸ਼ਕ ਦਿਖਾ ਸਕਦਾ ਹੈ।

**ਚੁਣੌਤੀ 3:** ਕਿਸ਼ੋਰ ਵਿੱਚ ਇੱਕ ਬਾਲਗ ਵਾਲੀ ਪਰਿਪੱਕਤਾ ਨਹੀਂ ਹੁੰਦੀ।

ਕਿਸ਼ੋਰ ਉਨ੍ਹਾਂ ਖ਼ਤਰਿਆਂ ਅਤੇ ਜੋਖਮਾਂ ਨੂੰ ਨਹੀਂ ਸਮਝ ਸਕਦੇ ਜੋ ਉਨ੍ਹਾਂ ਦੇ ਮਾਪਿਆਂ ਨੂੰ ਚਿੰਤਤ ਕਰਦੇ ਹਨ। ਕਿਸ਼ੋਰ ਆਮ ਤੌਰ 'ਤੇ ਮਹਿਸੂਸ ਕਰਦੇ ਹਨ ਕਿ ਉਹ ਆਪਣੇ ਟੀਚਿਆਂ ਨੂੰ ਪੂਰਾ ਕਰ ਸਕਦੇ ਹਨ ਅਤੇ ਖ਼ਤਰਿਆਂ ਤੋਂ ਬਚ ਸਕਦੇ ਹਨ। ਉਹ ਅਕਸਰ ਨਿਰਾਸ਼ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੇ ਮਾਪਿਆਂ ਨੂੰ ਉਨ੍ਹਾਂ ਦੀਆਂ ਯੋਗਤਾਵਾਂ ਅਤੇ ਸਮਝਦਾਰੀ ਉੱਤੇ ਭਰੋਸਾ ਨਹੀਂ ਹੈ।

ਕਹਾਉਤਾਂ ਸਾਨੂੰ ਦਰਸਾਉਂਦੀਆਂ ਹਨ ਕਿ ਮਾਪਿਆਂ ਲਈ ਇਹ ਮਹੱਤਵਪੂਰਣ ਹੈ ਕਿ ਉਹ ਆਪਣੇ ਕਿਸ਼ੋਰਾਂ ਨੂੰ ਸਿਰਫ਼ ਇਹ ਨਾ ਦੱਸਣ ਕਿ ਕੀ ਸਹੀ ਹੈ ਅਤੇ ਕੀ ਗਲਤ ਹੈ ਜਾਂ ਸਿਰਫ਼ ਉਨ੍ਹਾਂ ਲਈ ਸੀਮਾਵਾਂ ਨਿਰਧਾਰਤ ਨਾ ਕਰਨ, ਸਗੋਂ ਆਪਣੇ ਕਿਸ਼ੋਰਾਂ ਨਾਲ ਹਰੇਕ ਚੋਣ ਦੇ ਨਤੀਜਿਆਂ ਬਾਰੇ ਗੱਲ ਕਰਨ। ਇਸ ਹਿਦਾਇਤ ਨੂੰ ਸੁਣਨ ਨਾਲ ਨੌਜਵਾਨ ਨੂੰ ਇੱਕ ਸਮਝਦਾਰੀ ਦੇ ਤਰੀਕੇ ਨਾਲ ਸੋਚਣਾ ਸਿੱਖਣ ਵਿੱਚ ਮਦਦ ਮਿਲੇਗੀ।

► 1 ਪਤਰਸ 5:5 ਨੂੰ ਇਕੱਠੇ ਪੜ੍ਹੋ।

ਸਭ ਤੋਂ ਸਿਆਣਾ ਕੰਮ ਜੋ ਇੱਕ ਨੌਜਵਾਨ ਕਰ ਸਕਦਾ ਹੈ ਉਹ ਹੈ ਆਪਣੇ ਧਰਮੀ ਮਾਪਿਆਂ ਦੇ ਅਧਿਕਾਰ ਦੇ ਅਧੀਨ ਹੋਣਾ ਅਤੇ ਉਨ੍ਹਾਂ ਦੀ ਸਿਆਣੀ ਸਲਾਹ ਨੂੰ ਸੁਣਨਾ। ਜਿਵੇਂ ਕਿ 1 ਪਤਰਸ 5:5 ਸਾਨੂੰ ਵਿਖਾਉਂਦਾ ਹੈ, ਜੋ ਨੌਜਵਾਨ ਅਜਿਹਾ ਕਰਦਾ ਹੈ ਉਸ 'ਤੇ ਪਰਮੇਸ਼ੁਰ ਦੀ ਵਿਸ਼ੇਸ਼ ਕਿਰਪਾ ਹੁੰਦੀ ਹੈ।

**ਚੁਣੌਤੀ 4:** ਕਿਸ਼ੋਰ ਕੋਲ ਇੱਕ ਬਾਲਗ ਵਾਲੀਆਂ ਇੱਛਾਵਾਂ ਹੁੰਦੀਆਂ ਹਨ ਪਰ ਉਸ ਕੋਲ ਬਾਲਗਾਂ ਵਾਲੇ ਵਿਸ਼ੇਸ਼ ਅਧਿਕਾਰ ਨਹੀਂ ਹੁੰਦੇ।

ਬਾਲਗਾਂ ਕੋਲ ਵਿਆਹ, ਜਾਇਦਾਦ ਦੀ ਮਾਲਕੀ, ਅਗਵਾਈ ਦੇ ਅਹੁਦੇ ਅਤੇ ਫੈਸਲੇ ਲੈਣ ਦੀ ਆਜ਼ਾਦੀ ਸਮੇਤ ਬਹੁਤ ਸਾਰੇ ਵਿਸ਼ੇਸ਼ ਅਧਿਕਾਰਾਂ ਦੇ ਮੌਕੇ ਹੁੰਦੇ ਹਨ। ਕਿਉਂਕਿ ਕਿਸ਼ੋਰਾਂ ਕੋਲ ਅਜੇ ਇਹ ਵਿਸ਼ੇਸ਼ ਅਧਿਕਾਰ ਨਹੀਂ ਹੋ ਸਕਦੇ, ਹਾਲਾਂਕਿ ਉਨ੍ਹਾਂ ਕੋਲ ਇਨ੍ਹਾਂ ਚੀਜ਼ਾਂ ਲਈ ਸੁਭਾਵਿਕ ਇੱਛਾਵਾਂ ਹਨ, ਉਹ ਨਿਰਾਸ਼ਾ ਮਹਿਸੂਸ ਕਰਦੇ ਹਨ। ਉਨ੍ਹਾਂ ਦੀਆਂ ਇੱਛਾਵਾਂ ਜ਼ੋਰਦਾਰ ਪਰਤਾਵੇ ਪੈਦਾ ਕਰਦੀਆਂ ਹਨ। 2 ਤਿਮੋਥਿਉਸ 2:22 ਨੌਜਵਾਨਾਂ ਨੂੰ ਇਹ ਜਾਣਨ ਵਿੱਚ ਮਦਦ ਕਰਦਾ ਹੈ ਕਿ ਇਸ ਦੁਬਿਧਾ ਬਾਰੇ ਕੀ ਕਰਨਾ ਹੈ।

► 2 ਤਿਮੋਥਿਉਸ 2:22 ਇਕੱਠੇ ਪੜ੍ਹੋ।

ਪਰਮੇਸ਼ੁਰ ਦੀ ਉਨ੍ਹਾਂ ਨੌਜਵਾਨਾਂ 'ਤੇ ਕਿਰਪਾ ਹੁੰਦੀ ਹੈ ਜੋ ਉਸ ਦੀ ਆਗਿਆ ਮੰਨਣ ਲਈ ਤਿਆਰ ਹੁੰਦੇ ਹਨ। ਉਹ ਉਨ੍ਹਾਂ ਨੂੰ ਆਪਣੇ ਅਧਿਕਾਰੀਆਂ ਦੇ ਅਧੀਨ ਹੋਣ ਅਤੇ ਉਨ੍ਹਾਂ ਦੀਆਂ ਆਪਣੀਆਂ ਉਨ੍ਹਾਂ ਇੱਛਾਵਾਂ ਦੀ ਪੂਰਤੀ ਤੋਂ ਇਨਕਾਰ ਕਰਨ ਵਿੱਚ ਮਦਦ ਕਰੇਗਾ ਜੋ ਉਸ ਦੇ ਸਮੇਂ ਜਾਂ ਇੱਛਾ ਤੋਂ ਬਾਹਰ ਹਨ। ਉਹ ਮਸੀਹੀ ਕਿਸ਼ੋਰਾਂ ਦੀ ਸਮਝ, ਚਰਿੱਤਰ ਅਤੇ ਜੀਵਨ ਹੁਨਰਾਂ ਵਿੱਚ ਵਾਧਾ ਕਰਕੇ, ਇਨ੍ਹਾਂ ਇੱਛਾਵਾਂ ਨੂੰ ਬਾਲਗਤਾ ਲਈ ਤਿਆਰ ਕਰਨ ਵਾਸਤੇ ਇੱਕ ਪ੍ਰੇਰਣਾ ਵਿੱਚ ਬਦਲਣ ਲਈ ਮਦਦ ਕਰੇਗਾ।

**ਚੁਣੌਤੀ 5:** ਕਿਸ਼ੋਰ ਦੂਜਿਆਂ ਵਿੱਚ ਅਸੰਗਤਤਾ ਵੇਖਦਾ ਹੈ ਅਤੇ ਇਸ ਤੋਂ ਨਾਰਾਜ਼ ਹੁੰਦਾ ਹੈ।

ਕਈ ਵਾਰ, ਕਿਸ਼ੋਰਾਂ ਨੂੰ ਬਹੁਤ ਸਾਰੇ ਉਨ੍ਹਾਂ ਲੋਕਾਂ ਦੁਆਰਾ ਨਿਰਾਸ਼ ਕੀਤਾ ਗਿਆ ਹੈ ਜਿਨ੍ਹਾਂ ਨੂੰ ਬਿਹਤਰ ਉਦਾਹਰਣ ਅਤੇ ਬਿਹਤਰ ਆਤਮਿਕ ਆਗੂ ਹੋਣਾ ਚਾਹੀਦਾ ਸੀ। ਜਦੋਂ ਅਜਿਹਾ ਹੁੰਦਾ ਹੈ, ਤਾਂ ਕਿਸ਼ੋਰ ਸਾਰਿਆਂ 'ਤੇ ਅਵਿਸ਼ਵਾਸ ਕਰਨ ਲਈ ਪਰਤਾਇਆ ਜਾਂਦਾ ਹੈ। ਇਸ ਕਾਰਣ ਕਰਕੇ, ਕਲੀਸਿਯਾ ਦੇ ਆਗੂਆਂ ਅਤੇ ਮਾਪਿਆਂ ਵਜੋਂ ਤੁਹਾਡੇ ਲਈ ਇਕਸਾਰ, ਧਰਮੀ ਜੀਵਨ ਜਿਉਣਾ ਜ਼ਰੂਰੀ ਹੈ। ਤੁਹਾਡੇ ਜੀਵਨ ਵਿੱਚ ਅਸੰਗਤਤਾਵਾਂ ਦੇ ਨਤੀਜੇ ਵਜੋਂ ਨੌਜਵਾਨ ਨਰਕ ਵਿੱਚ ਸਦੀਵੀ ਜੀਵਨ ਬਿਤਾ ਸਕਦੇ ਹਨ। ਹਾਲਾਂਕਿ ਯਿਸੂ ਬੱਚਿਆਂ ਬਾਰੇ ਗੱਲ ਕਰ ਰਿਹਾ ਸੀ, ਕਿਸ਼ੋਰਾਂ ਬਾਰੇ ਨਹੀਂ, ਮੱਤੀ 18:6 ਇੱਥੇ ਜ਼ਰੂਰ ਢੁਕਵਾਂ ਹੈ।

► ਮੱਤੀ 18:6 ਨੂੰ ਇਕੱਠੇ ਪੜ੍ਹੋ।

ਮਸੀਹੀ ਨੌਜਵਾਨ ਵਿਅਕਤੀ ਭਗਤੀ ਲਈ ਇੱਕ ਉਦਾਹਰਣ ਹੋ ਸਕਦਾ ਹੈ, ਭਾਵੇਂ ਉਸ ਨੇ ਇਸ ਨੂੰ ਦੂਜਿਆਂ ਦੁਆਰਾ ਸੰਸ਼ੋਧਿਤ ਨਹੀਂ ਵੇਖਿਆ ਹੈ। ਪੁਰਾਣੇ ਨੇਮ ਵਿੱਚ, ਸਮੂਏਲ ਇਸ ਦੀ ਇੱਕ ਉਦਾਹਰਣ ਹੈ। ਸਮੂਏਲ ਇੱਕ ਜਾਜਕ ਪਰਿਵਾਰ ਵਿੱਚ ਪਾਲਿਆ ਗਿਆ ਸੀ ਜੋ ਕਈ ਤਰੀਕਿਆਂ ਨਾਲ ਅਧਰਮੀ ਅਤੇ ਭ੍ਰਿਸ਼ਟ ਸੀ, ਫਿਰ ਵੀ ਉਸ ਨੇ ਛੋਟੀ ਉਮਰ ਤੋਂ ਹੀ ਪਰਮੇਸ਼ੁਰ ਲਈ ਜੀਣ ਦਾ ਫੈਸਲਾ ਕੀਤਾ (1 ਸਮੂਏਲ 1:20; 1 ਸਮੂਏਲ 2:11-18, 22-26)। ਇੱਕ ਬੱਚੇ ਅਤੇ ਕਿਸ਼ੋਰ ਦੇ ਰੂਪ ਵਿੱਚ ਵੀ, ਉਸ ਨੇ ਇੱਕ ਪਵਿੱਤਰ ਜੀਵਨ ਬਤੀਤ ਕੀਤਾ (1 ਸਮੂਏਲ 3:19, 21)।

► 1 ਤਿਮੋਥਿਉਸ 4:12 ਨੂੰ ਇਕੱਠੇ ਪੜ੍ਹੋ।

**ਚੁਣੌਤੀ 6:** ਕਿਸ਼ੋਰ ਬਹੁਤ ਸਾਰੇ ਫੈਸਲਿਆਂ ਅਤੇ ਮੌਕਿਆਂ ਦਾ ਸਾਹਮਣਾ ਕਰ ਰਿਹਾ ਹੈ।

ਕਿਸ਼ੋਰ ਮੌਕਿਆਂ ਨਾਲ ਭਰੀ ਇੱਕ ਦੁਨੀਆਂ ਵੇਖਦੇ ਹਨ। ਉਹ ਆਪਣੇ ਜੀਵਨ ਲਈ ਇੱਕ ਦਿਸ਼ਾ ਲੱਭਣ ਲਈ ਸੰਘਰਸ਼ ਕਰ ਸਕਦੇ ਹਨ। ਉਨ੍ਹਾਂ ਨੂੰ ਵੱਖ-ਵੱਖ ਲੋਕਾਂ ਤੋਂ ਉਲਟੀ ਸਲਾਹ ਮਿਲਦੀ ਹੈ।

ਉਹ ਸੋਚਦੇ ਹਨ ਕਿ ਕਿਸੇ ਨੂੰ ਉਨ੍ਹਾਂ ਨੂੰ ਉਹ ਦੇਣਾ ਚਾਹੀਦਾ ਹੈ ਜੋ ਉਨ੍ਹਾਂ ਨੂੰ ਮੌਕੇ ਦਾ ਪਿੱਛਾ ਕਰਨ ਲਈ ਚਾਹੀਦਾ ਹੈ। ਕਿਸ਼ੋਰਾਂ ਲਈ ਛੋਟੀਆਂ ਚੀਜ਼ਾਂ ਵਿੱਚ ਵਫ਼ਾਦਾਰ ਰਹਿਣ ਦਾ ਅਭਿਆਸ ਕਰਨਾ ਅਤੇ ਆਪਣੇ ਸੰਪੂਰਣ ਸਮੇਂ ਵਿੱਚ ਉਨ੍ਹਾਂ ਲਈ ਹੋਰ ਮੌਕੇ ਖੋਲ੍ਹਣ ਲਈ ਪਰਮੇਸ਼ੁਰ 'ਤੇ ਭਰੋਸਾ ਕਰਨਾ, ਮਹੱਤਵਪੂਰਣ ਹੈ।

► ਲੂਕਾ 16:10 ਨੂੰ ਇਕੱਠੇ ਪੜ੍ਹੋ।

ਕਿਸ਼ੋਰਾਂ ਲਈ ਇਹ ਵੀ ਮਹੱਤਵਪੂਰਣ ਹੈ ਕਿ ਉਹ ਈਸ਼ੁਰੀ ਸਲਾਹ ਨੂੰ ਸੁਣਨ ਦੀ ਚੋਣ ਕਰਨ।

► ਕਹਾਉਤਾਂ 11:14 ਨੂੰ ਇਕੱਠੇ ਪੜ੍ਹੋ।

ਨੌਜਵਾਨ ਵੇਖਣਗੇ ਕਿ ਪਰਮੇਸ਼ੁਰ ਦੀ ਬੁੱਧੀ ਦੇ ਰਾਹਾਂ 'ਤੇ ਚੱਲਣ ਵਿੱਚ ਬਰਕਤ ਅਤੇ ਆਜ਼ਾਦੀ ਹੈ।

### ਸਮੂਹ ਵਿੱਚ ਚਰਚਾ ਲਈ

► ਇਸ ਪਾਠ ਵਿੱਚ ਕਿਹੜੇ ਵਿਚਾਰ ਤੁਹਾਡੇ ਲਈ ਸਭ ਤੋਂ ਵੱਧ ਮਦਦਗਾਰ ਹਨ? ਉਹ ਤੁਹਾਡੇ ਅਤੇ ਤੁਹਾਡੇ ਪਰਿਵਾਰ, ਭਾਈਚਾਰੇ ਜਾਂ ਕਲੀਸਿਯਾ ਨੂੰ ਕਿਵੇਂ ਪ੍ਰਭਾਵਿਤ ਕਰਨਗੇ?

► ਜੇਕਰ ਤੁਸੀਂ ਇੱਕ ਕਿਸ਼ੋਰ ਪੁੱਤਰ ਜਾਂ ਧੀ ਦੇ ਮਾਪੇ ਰਹੇ ਹੋ, ਤਾਂ ਜੀਵਨ ਦੇ ਇਸ ਪੜਾਅ ਵਿੱਚ ਬੱਚੇ ਨਾਲ ਇੱਕ ਖੁੱਲ੍ਹਾ ਅਤੇ ਆਦਰਯੋਗ ਰਿਸ਼ਤਾ ਕਾਇਮ ਕਰਨ ਬਾਰੇ ਤੁਸੀਂ ਕੀ ਸਲਾਹ ਸਾਂਝੀ ਕਰ ਸਕਦੇ ਹੋ? ਆਪਣੀਆਂ ਗਲਤੀਆਂ ਬਾਰੇ ਇਮਾਨਦਾਰ ਰਹੋ।

► ਕੁਝ ਵਿਹਾਰਕ ਚੀਜ਼ਾਂ ਕੀ ਹਨ ਜੋ ਤੁਸੀਂ ਆਪਣੇ ਨੌਜਵਾਨ ਬੱਚਿਆਂ ਨੂੰ ਸਮਝਦਾਰੀ ਨਾਲ ਸੋਚਣ ਅਤੇ ਚੰਗੇ ਫੈਸਲੇ ਲੈਣ ਵਿੱਚ ਮਦਦ ਕਰਨ ਲਈ ਕਰ ਸਕਦੇ ਹੋ?

► ਇੱਕ ਮਾਪੇ ਦੇ ਤੌਰ 'ਤੇ ਤੁਸੀਂ ਕਿਵੇਂ ਜਾਣਦੇ ਹੋ ਕਿ ਆਪਣੇ ਬੱਚੇ ਦੇ ਵਿਸ਼ੇਸ਼ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਕਦੋਂ ਵਧਾਉਣਾ ਹੈ?

► ਕਿਸ਼ੋਰ ਅਵਸਥਾ ਦੌਰਾਨ ਇੱਕ ਮਾਤਾ ਜਾਂ ਪਿਤਾ ਦੀਆਂ ਮੁੱਖ ਜ਼ਿੰਮੇਵਾਰੀਆਂ ਅਤੇ ਬੱਚੇ ਦੀਆਂ ਮੁੱਖ ਜ਼ਿੰਮੇਵਾਰੀਆਂ ਦਾ ਸਾਰ ਦਿਓ।

► ਜੀਵਨ ਦੇ ਕੁਝ ਖੇਤਰ ਕਿਹੜੇ ਹਨ ਜਿਨ੍ਹਾਂ ਵਿੱਚ ਇੱਕ ਪਿਤਾ ਨੂੰ ਆਪਣੇ ਬੱਚਿਆਂ ਨੂੰ ਪ੍ਰੇਰਿਤ, ਸਾਵਧਾਨ ਅਤੇ ਮਾਰਗਦਰਸ਼ਨ ਕਰਨਾ ਚਾਹੀਦਾ ਹੈ, ਜਦੋਂ ਉਹ ਵੱਡੇ ਹੋ ਰਹੇ ਹਨ?

## ਪ੍ਰਾਰਥਨਾ

ਸਵਰਗੀ ਪਿਤਾ,

ਬੱਚਿਆਂ ਨੂੰ ਪਰਿਪੱਕ ਬਾਲਗਤਾ ਤੱਕ ਪਾਲਣ ਦੀ ਜ਼ਿੰਮੇਵਾਰੀ ਲਈ ਸਾਡੇ 'ਤੇ ਭਰੋਸਾ ਕਰਨ ਲਈ ਤੇਰਾ ਧੰਨਵਾਦ। ਇਹ ਜ਼ਿੰਮੇਵਾਰੀ ਕਈ ਤਰੀਕਿਆਂ ਨਾਲ ਗੁੰਝਲਦਾਰ ਹੈ, ਅਤੇ ਸਾਨੂੰ ਤੇਰੀ ਬੁੱਧੀ ਚਾਹੀਦੀ ਹੈ।

ਤੇਰੇ ਬਚਨ ਵਿੱਚ, ਅਸੀਂ ਆਪਣੇ ਬੱਚਿਆਂ ਨੂੰ ਬੁੱਧੀ, ਸਵੈ-ਨਿਯੰਤਰਣ ਅਤੇ ਤੇਰੀ ਆਗਿਆਕਾਰੀ ਸਿਖਾਉਣ ਦੀ ਆਪਣੀ ਜ਼ਿੰਮੇਵਾਰੀ ਵੇਖੀ ਹੈ। ਸਾਨੂੰ ਉਸ ਸਮੇਂ ਲਈ ਅਫ਼ਸੋਸ ਹੈ ਜਦੋਂ ਅਸੀਂ ਆਪਣੇ ਕਿਸ਼ੋਰਾਂ ਨਾਲ ਆਪਣੇ ਰਿਸ਼ਤਿਆਂ ਵਿੱਚ ਇਨ੍ਹਾਂ ਤਰਜੀਹਾਂ 'ਤੇ ਧਿਆਨ ਕੇਂਦਰਿਤ ਕਰਨ ਵਿੱਚ ਅਸਫਲ ਰਹੇ ਹਾਂ।

ਜਿਵੇਂ ਅਸੀਂ ਤੇਰੇ ਬਚਨ ਨੂੰ ਪੜ੍ਹਦੇ ਅਤੇ ਮੰਨਦੇ ਹਾਂ, ਸਾਨੂੰ ਆਪਣੇ ਬੱਚਿਆਂ ਦੀਆਂ ਜ਼ਰੂਰਤਾਂ ਲਈ ਖਾਸ ਬੁੱਧੀ ਦੇ। ਇਹ ਸਾਡੀ ਸਭ ਤੋਂ ਵੱਡੀ ਇੱਛਾ ਹੈ ਕਿ ਉਹ ਆਪਣੀ ਜ਼ਿੰਦਗੀ ਦੇ ਸਾਰੇ ਦਿਨਾਂ ਵਿੱਚ ਵਫ਼ਾਦਾਰੀ ਨਾਲ ਤੇਰਾ ਅਨੁਸਰਣ ਕਰਨ।

ਆਮੀਨ

## ਪਾਠ ਕਾਰਜ

(1) ਘੱਟੋ-ਘੱਟ ਤਿੰਨ ਵਚਨ ਦੀਆਂ ਆਇਤਾਂ ਜਾਂ ਹਵਾਲੇ ਲੱਭੋ ਜਿਨ੍ਹਾਂ ਦੀ ਵਰਤੋਂ ਤੁਸੀਂ ਆਪਣੇ ਪਰਿਵਾਰ ਵਿੱਚ ਜਾਂ ਤੁਹਾਡੇ ਪ੍ਰਭਾਵ ਅਧੀਨ ਕਿਸ਼ੋਰਾਂ ਲਈ ਪ੍ਰਾਰਥਨਾ ਕਰਨ ਲਈ ਕਰ ਸਕਦੇ ਹੋ। ਵਚਨ ਦੇ ਹਵਾਲਿਆਂ ਦੀ ਭਾਲ ਕਰੋ ਜੋ

- ਉਨ੍ਹਾਂ ਦੀਆਂ ਆਤਮਿਕ ਜ਼ਰੂਰਤਾਂ
- ਉਨ੍ਹਾਂ ਦੇ ਚਰਿੱਤਰ ਵਿਕਾਸ
- ਉਨ੍ਹਾਂ ਚੀਜ਼ਾਂ ਅਤੇ ਲੋਕਾਂ ਨਾਲ ਸਬੰਧਤ ਹਨ ਜੋ ਉਨ੍ਹਾਂ ਨੂੰ ਪ੍ਰਭਾਵਿਤ ਕਰਦੇ ਹਨ
- ਉਨ੍ਹਾਂ ਨੂੰ ਵਧਣ ਅਤੇ ਵਿਕਸਤ ਕਰਨ ਦੇ ਤਰੀਕੇ

ਇਨ੍ਹਾਂ ਆਇਤਾਂ ਨੂੰ ਉੱਥੇ ਲਿਖੋ ਜਿੱਥੇ ਤੁਸੀਂ ਉਨ੍ਹਾਂ ਨੂੰ ਅਕਸਰ ਵੇਖ ਸਕੋ। ਹਰ ਰੋਜ਼ ਆਪਣੇ ਨੌਜਵਾਨਾਂ ਲਈ ਪ੍ਰਾਰਥਨਾ ਕਰਨ ਲਈ ਇਨ੍ਹਾਂ ਵਚਨਾਂ ਦੀ ਵਰਤੋਂ ਕਰਨਾ ਸ਼ੁਰੂ ਕਰੋ।

(2) ਪਾਠ ਦੇ ਅੰਤ ਤੋਂ ਸਮੂਹ ਚਰਚਾ ਦੇ ਦੋ ਸਵਾਲ ਚੁਣੋ। ਹਰੇਕ ਦੇ ਜਵਾਬ ਵਿੱਚ ਘੱਟੋ-ਘੱਟ ਇੱਕ ਪੈਰਾ ਲਿਖੋ।

(3) ਪੜ੍ਹਨ ਲਈ ਵਚਨ ਦਾ ਇੱਕ ਹਿੱਸਾ ਚੁਣੋ:

- ਕਹਾਉਤਾਂ 4-5
- ਕਹਾਉਤਾਂ 6
- ਕਹਾਉਤਾਂ 23
- ਕਹਾਉਤਾਂ 24

ਜਦੋਂ ਤੁਸੀਂ ਪੜ੍ਹਦੇ ਹੋ, ਹੇਠਾਂ ਦਿੱਤੇ ਸਵਾਲਾਂ 'ਤੇ ਵਿਚਾਰ ਕਰੋ। ਇਸ ਹਵਾਲੇ ਤੋਂ...

- ਕਿਸ਼ੋਰ ਦੇ ਮਾਪਿਆਂ ਨੂੰ ਕਿਹੜੀਆਂ ਤਰਜੀਹਾਂ ਰੱਖਣੀਆਂ ਚਾਹੀਦੀਆਂ ਹਨ?
- ਇੱਕ ਕਿਸ਼ੋਰ ਨੂੰ ਕਿਹੜੀਆਂ ਤਰਜੀਹਾਂ ਰੱਖਣੀਆਂ ਚਾਹੀਦੀਆਂ ਹਨ?
- ਕਿਸ਼ੋਰ ਦੇ ਮਾਪਿਆਂ ਦਾ ਕੀ ਰਵੱਈਆ ਹੋਣਾ ਚਾਹੀਦਾ ਹੈ?
- ਕਿਸ਼ੋਰ ਦਾ ਕੀ ਰਵੱਈਆ ਹੋਣਾ ਚਾਹੀਦਾ ਹੈ?
- ਇੱਕ ਕਿਸ਼ੋਰ ਦੇ ਮਾਤਾ-ਪਿਤਾ ਨੂੰ ਕੀ ਕਰਨਾ ਚਾਹੀਦਾ ਹੈ?
- ਇੱਕ ਕਿਸ਼ੋਰ ਨੂੰ ਕੀ ਕਰਨਾ ਚਾਹੀਦਾ ਹੈ?
- ਇੱਕ ਮਾਤਾ-ਪਿਤਾ ਅਤੇ ਕਿਸ਼ੋਰ ਨੂੰ ਜੀਵਨ ਦੇ ਕਿਹੜੇ ਖੇਤਰਾਂ ਬਾਰੇ ਗੱਲ ਕਰਨੀ ਚਾਹੀਦੀ ਹੈ?

ਇੱਕ ਕਿਸ਼ੋਰ ਦੇ ਮਾਤਾ-ਪਿਤਾ ਲਈ ਹਵਾਲੇ ਦੇ ਸੰਦੇਸ਼ਾਂ ਦਾ ਸਾਰ ਦੇਣ ਵਾਲੇ ਬਿਆਨਾਂ ਦੀ ਇੱਕ ਸੂਚੀ ਲਿਖੋ। ਇੱਕ ਕਿਸ਼ੋਰ ਬੱਚੇ ਲਈ ਹਵਾਲੇ ਦੇ ਸੰਦੇਸ਼ਾਂ ਦਾ ਸਾਰ ਦੇਣ ਵਾਲੇ ਬਿਆਨਾਂ ਦੀ ਇੱਕ ਦੂਜੀ ਸੂਚੀ ਲਿਖੋ।

# ਪਾਠ 15

# ਜਵਾਨ ਬਾਲਗ

## ਪਾਠ ਦੇ ਟੀਚੇ

ਇਸ ਪਾਠ ਦੇ ਅੰਤ ਵਿੱਚ, ਵਿਦਿਆਰਥੀ ਹੇਠਾਂ ਦੱਸੇ ਕੰਮ ਕਰਨ ਦੇ ਯੋਗ ਹੋਣੇ ਚਾਹੀਦੇ ਹਨ:

(1) ਜਵਾਨ ਬਾਲਗ ਸਾਲਾਂ ਦੀਆਂ ਮਹੱਤਵਪੂਰਣ ਜ਼ਿੰਮੇਵਾਰੀਆਂ ਅਤੇ ਮੁੱਦਿਆਂ 'ਤੇ ਪਰਮੇਸ਼ੁਰ ਦੇ ਦ੍ਰਿਸ਼ਟੀਕੋਣ ਨੂੰ ਸਮਝਣ।

(2) ਨੌਜਵਾਨ ਬਾਲਗਾਂ ਨੂੰ ਸਮਝਦਾਰੀ ਦੇ ਫੈਸਲੇ ਲੈਣ ਅਤੇ ਪਰਮੇਸ਼ੁਰ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਲਈ ਪ੍ਰਭਾਵਿਤ ਕਰਨ ਲਈ ਤਿਆਰ ਰਹਿਣਾ।

## ਬਲਜੀਤ, ਇੱਕ ਪ੍ਰੇਰਿਤ ਨੌਜਵਾਨ

ਜਦੋਂ ਬਲਜੀਤ ਬੱਚਾ ਸੀ, ਉਸ ਦੇ ਮਾਪਿਆਂ ਨੇ ਉਸ ਨੂੰ ਚੰਗੀ ਤਰ੍ਹਾਂ ਕੰਮ ਕਰਨਾ ਸਿਖਾਇਆ। ਜਦੋਂ ਉਸ ਨੂੰ ਕੰਮ ਕਰਨ ਅਤੇ ਪੈਸੇ ਕਮਾਉਣ ਦਾ ਮੌਕਾ ਮਿਲਦਾ ਸੀ ਤਾਂ ਉਹ ਹਮੇਸ਼ਾ ਖੁਸ਼ ਰਹਿੰਦਾ ਸੀ। ਉਹ ਹਮੇਸ਼ਾ ਕੋਈ ਵੀ ਕੰਮ ਕਰਨ ਲਈ ਤਿਆਰ ਰਹਿੰਦਾ ਸੀ ਜਿਸ ਲਈ ਕੋਈ ਉਸ ਨੂੰ ਨੌਕਰੀ 'ਤੇ ਰੱਖਦਾ ਸੀ। ਜਵਾਨੀ ਵਿੱਚ ਉਹ ਵਿਹੜੇ ਦਾ ਕੰਮ ਕਰਦਾ ਸੀ, ਅਖ਼ਬਾਰ ਵੰਡਦਾ ਸੀ ਅਤੇ ਸਾਈਕਲਾਂ ਦੀ ਮੁਰੰਮਤ ਕਰਦਾ ਸੀ। ਬਲਜੀਤ ਇੱਕ ਵਪਾਰੀ ਬਣਨ ਵਿੱਚ ਦਿਲਚਸਪੀ ਰੱਖਦਾ ਸੀ ਪਰ ਜਾਣਦਾ ਸੀ ਕਿ ਪਰਮੇਸ਼ੁਰ ਉਸ ਨੂੰ ਸੇਵਕਾਈ ਲਈ ਬੁਲਾ ਰਿਹਾ ਸੀ। ਬਲਜੀਤ ਨੇ ਇੱਕ ਬਾਈਬਲ ਸਕੂਲ ਵਿੱਚ ਪੜ੍ਹਾਈ ਕੀਤੀ। ਸਕੂਲ ਵਿੱਚ ਆਪਣੇ ਖਰਚੇ ਅਦਾ ਕਰਨ ਲਈ ਉਸ ਨੇ ਦਫਤਰ ਦੀ ਸਫਾਈ, ਰੈਸਟੋਰੈਂਟ ਦਾ ਕੰਮ ਅਤੇ ਵਿਹੜੇ ਦਾ ਕੰਮ ਕੀਤਾ। ਜਦੋਂ ਉਹ ਗ੍ਰੈਜੂਏਟ ਹੋਇਆ, ਤਾਂ ਉਸ ਨੇ ਸੇਵਕਾਈ ਸ਼ੁਰੂ ਕੀਤੀ, ਪਰ ਕਈ ਵਾਰ ਘਰਾਂ ਨੂੰ ਪੇਂਟ ਕੀਤਾ ਜਾਂ ਇਮਾਰਤਾਂ ਦੀ ਮੁਰੰਮਤ ਕੀਤੀ ਕਿਉਂਕਿ ਉਸ ਦੀ ਸੇਵਕਾਈ ਦੁਆਰਾ ਉਸ ਨੂੰ ਪੂਰਾ ਵਿੱਤੀ ਸਹਿਯੋਗ ਨਹੀਂ ਮਿਲਦਾ ਸੀ। ਉਸ ਨੇ ਹਮੇਸ਼ਾ ਮੁਨਾਫ਼ਾ ਕਮਾਉਣ ਦੀ ਬਜਾਏ ਸੇਵਕਾਈ ਦੀਆਂ ਜ਼ਿੰਮੇਵਾਰੀਆਂ ਅਤੇ ਨਿੱਜੀ ਵਿਕਾਸ ਨੂੰ ਆਪਣੀ ਤਰਜੀਹ ਬਣਾਉਣ ਦੀ ਕੋਸ਼ਿਸ਼ ਕੀਤੀ, ਭਾਵੇਂ ਉਸ ਦੀ ਪਤਨੀ ਅਤੇ ਬੱਚੇ ਸਨ। ਅੰਤ ਵਿੱਚ ਸਮਾਂ ਆਇਆ ਕਿ ਉਸ ਦੀ ਸੇਵਕਾਈ ਨੇ ਉਸ ਦਾ ਪੂਰਾ ਵਿੱਤੀ ਸਹਿਯੋਗ ਦਿੱਤਾ।

## ਪਰਿਪੱਕਤਾ ਅਤੇ ਚਰਿੱਤਰ

► ਵਿਦਿਆਰਥੀਆਂ ਨੂੰ ਸਮੂਹ ਲਈ 1 ਤਿਮੋਥਿਉਸ 4:12 ਅਤੇ ਵਿਰਲਾਪ 3:27 ਨੂੰ ਪੜ੍ਹਨਾ ਚਾਹੀਦਾ ਹੈ।

1 ਤਿਮੋਥਿਉਸ ਦੀ ਪੱਤ੍ਰੀ ਇੱਕ ਨੌਜਵਾਨ ਬਾਲਗ ਨੂੰ ਲਿਖੀ ਗਈ ਸੀ ਜੋ ਕਈ ਕਲੀਸਿਯਾਵਾਂ ਦੀ ਨਿਗਰਾਨੀ ਕਰਨ ਲਈ ਜ਼ਿੰਮੇਵਾਰ ਸੀ। 1 ਤਿਮੋਥਿਉਸ 4:12 ਤੋਂ ਅਸੀਂ ਵੇਖਦੇ ਹਾਂ ਕਿ ਪਰਮੇਸ਼ੁਰ ਉਮੀਦ ਕਰਦਾ ਹੈ ਕਿ ਵਿਸ਼ਵਾਸੀ ਨੌਜਵਾਨ ਬਾਲਗ ਆਪਣੇ ਚਰਿੱਤਰ ਅਤੇ ਵਿਹਾਰ ਵਿੱਚ ਨਮੂਨਾ ਬਣਨ। ਉਨ੍ਹਾਂ ਨੂੰ ਮਸੀਹੀ ਸਿਧਾਂਤਾਂ ਵਿੱਚ ਸਥਾਪਿਤ ਹੋਣ ਨੂੰ ਤਰਜੀਹ ਦੇਣੀ ਚਾਹੀਦੀ ਹੈ। ਉਨ੍ਹਾਂ ਨੂੰ ਦੂਜਿਆਂ ਨਾਲ ਹਰ ਗੱਲਬਾਤ ਵਿੱਚ ਸ਼ੁੱਧਤਾ ਅਤੇ ਨਿਰਸਵਾਰਥ ਪਿਆਰ ਦਾ ਪ੍ਰਦਰਸ਼ਨ ਕਰਨਾ ਚਾਹੀਦਾ ਹੈ। ਉਨ੍ਹਾਂ ਦੇ ਵਿਹਾਰ ਅਤੇ ਬੋਲੀ ਨੂੰ ਪਰਮੇਸ਼ੁਰ ਦਾ ਆਦਰ ਕਰਨਾ ਚਾਹੀਦਾ ਹੈ ਅਤੇ ਉਸ ਨੂੰ ਮਹਿਮਾ ਦੇਣੀ ਚਾਹੀਦੀ ਹੈ।

ਵਿਸ਼ਵਾਸੀ ਨੌਜਵਾਨ ਬਾਲਗਾਂ ਨੂੰ ਸਾਵਧਾਣ, ਉਦੇਸ਼ਪੂਰਨ ਜੀਵਨ ਜਿਉਣਾ ਚਾਹੀਦਾ ਹੈ। ਉਨ੍ਹਾਂ ਨੂੰ ਜੀਵਨ ਦੇ ਇਸ ਪੜਾਅ ਦੌਰਾਨ ਪਰਮੇਸ਼ੁਰ ਦੁਆਰਾ ਦਿੱਤੀ ਗਈ ਤਾਕਤ ਦੀ ਦੁਰਵਰਤੋਂ ਨਹੀਂ ਕਰਨੀ ਚਾਹੀਦੀ। ਉਨ੍ਹਾਂ ਨੂੰ ਸਿੱਖਣ, ਹੁਨਰ ਵਿਕਸਤ ਕਰਨ, ਦੂਜਿਆਂ ਦੀ ਸੇਵਾ ਕਰਨ ਅਤੇ ਜ਼ਿੰਮੇਵਾਰੀਆਂ ਲੈਣ ਦੇ ਮੌਕੇ ਬਰਬਾਦ ਨਹੀਂ ਕਰਨੇ ਚਾਹੀਦੇ। ਕਿਸ਼ੋਰ ਅਵਸਥਾ ਅਤੇ ਸ਼ੁਰੂਆਤ ਦੇ ਜਵਾਨੀ ਦੇ ਸਾਲ ਸੁਆਰਥੀ ਇੱਛਾਵਾਂ 'ਤੇ ਨਹੀਂ ਬਿਤਾਉਣੇ ਚਾਹੀਦੇ। ਉਹ ਵਿਕਾਸ ਅਤੇ ਸੇਵਾ ਲਈ ਪ੍ਰਮੁੱਖ ਸਾਲ ਹਨ। ਪਰਮੇਸ਼ੁਰ ਨੌਜਵਾਨ ਵਿਸ਼ਵਾਸੀਆਂ ਨੂੰ ਸੰਜਮ ਸਿੱਖਣ ਦੇ ਯੋਗ ਬਣਾ ਸਕਦਾ ਹੈ ਤਾਂ ਜੋ ਉਹ ਉਸ ਲਈ ਫਲਦਾਇਕ ਹੋਣ।[47]

## ਕੰਮ

### ਕੰਮ ਬਾਰੇ ਦ੍ਰਿਸ਼ਟੀਕੋਣ

ਕੁਝ ਸੱਭਿਆਚਾਰਾਂ ਵਿੱਚ, ਲੋਕਾਂ ਨੂੰ ਬੈਠੇ ਅਤੇ ਜ਼ਿਆਦਾ ਕੰਮ ਨਾ ਕਰਦੇ ਵੇਖਣਾ ਆਮ ਗੱਲ ਹੈ, ਭਾਵੇਂ ਉਹ ਜਵਾਨ ਅਤੇ ਸਿਹਤਮੰਦ ਹੋਣ। ਭਾਵੇਂ ਉਨ੍ਹਾਂ ਦੀਆਂ ਜ਼ਰੂਰਤਾਂ ਹਨ ਅਤੇ ਉਹ ਦੂਜਿਆਂ ਲਈ ਜ਼ਿੰਮੇਵਾਰ ਹਨ, ਪਰ ਉਨ੍ਹਾਂ ਵਿੱਚ ਕੰਮ ਕਰਨ ਦੀ ਪ੍ਰੇਰਣਾ ਨਹੀਂ ਹੈ। ਉਹ ਕਹਿੰਦੇ ਹਨ ਕਿ ਜੇਕਰ ਉਨ੍ਹਾਂ ਨੂੰ ਚੰਗੀ ਤਨਖਾਹ 'ਤੇ ਨੌਕਰੀ ਦਿੱਤੀ ਜਾਂਦੀ ਹੈ ਤਾਂ ਉਹ ਕੰਮ ਕਰਨਗੇ। ਉਹ ਘੱਟ ਤਨਖਾਹ 'ਤੇ ਕੰਮ ਕਰਨ ਜਾਂ ਅਜਿਹਾ ਕੰਮ ਕਰਨ ਲਈ ਤਿਆਰ ਨਹੀਂ ਹਨ ਜੋ ਘੱਟ ਰੁਤਬੇ ਵਾਲਾ ਜਾਪਦਾ ਹੈ। ਜੇਕਰ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਲਾਭ ਨਹੀਂ ਹੋਵੇਗਾ ਤਾਂ ਉਹ ਆਪਣੇ ਮਹੌਲ ਨੂੰ ਬਿਹਤਰ ਬਣਾਉਣ ਲਈ ਕੰਮ ਕਰਨ ਲਈ ਤਿਆਰ ਨਹੀਂ ਹਨ।

ਕਈ ਵਾਰ ਜਿਨ੍ਹਾਂ ਲੋਕਾਂ ਨੂੰ ਨੌਕਰੀ 'ਤੇ ਰੱਖਿਆ ਜਾਂਦਾ ਹੈ ਉਹ ਨੌਕਰੀ ਪ੍ਰਾਪਤ ਕਰਨ ਲਈ ਉਤਸ਼ਾਹਿਤ ਹੁੰਦੇ ਹਨ। ਹੋ ਸਕਦਾ ਹੈ ਕਿ ਉਹ ਅਜਿਹੇ ਦੇਸ ਵਿੱਚ ਰਹਿੰਦੇ ਹਨ ਜਿੱਥੇ ਬਹੁਤ ਸਾਰੇ ਲੋਕ ਚੰਗਾ ਰੁਜ਼ਗਾਰ ਨਹੀਂ ਲੱਭ ਪਾਉਂਦੇ। ਉਹ ਕੰਪਨੀ ਦੀ ਵਰਦੀ ਪਹਿਨਣ ਦਾ ਆਨੰਦ ਮਾਣਦੇ ਹਨ ਅਤੇ ਆਪਣੇ ਰੁਜ਼ਗਾਰ ਦੇ ਰੁਤਬੇ 'ਤੇ ਮਾਣ ਕਰਦੇ ਹਨ। ਪਰ ਜਦੋਂ ਉਹ ਆਪਣੇ ਰੁਤਬੇ ਦਾ ਆਨੰਦ ਮਾਣਦੇ ਹਨ ਤਾਂ ਉਹ ਇਸ ਬਾਰੇ ਜ਼ਿਆਦਾ ਨਹੀਂ ਸੋਚਦੇ ਕਿ ਮਾਲਕ ਦੀ ਸੇਵਾ ਕਿਵੇਂ ਕਰਨੀ ਹੈ ਜਾਂ ਗਾਹਕਾਂ ਦੀ ਸੇਵਾ ਕਿਵੇਂ ਕਰਨੀ ਹੈ। ਉਹ

[47] ਇਸ ਵਿਸ਼ੇ ਬਾਰੇ ਹੋਰ ਜਾਣਨ ਲਈ, *Spiritual Formation* ਦੇ ਪਾਠ 12 ਨੂੰ ਵੇਖੋ, ਜੋ Shepherds Global Classroom 'ਤੇ ਉਪਲੱਬਧ ਹੈ.

ਕੰਪਨੀ ਦਾ ਹਿੱਸਾ ਹੋਣ 'ਤੇ ਮਾਣ ਕਰਦੇ ਹਨ, ਪਰ ਉਨ੍ਹਾਂ ਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਉਨ੍ਹਾਂ ਨੂੰ ਕਿਉਂ ਨੌਕਰੀ 'ਤੇ ਰੱਖਿਆ ਗਿਆ ਸੀ।

ਕੰਮ ਕਰਨ ਤੋਂ ਇਨਕਾਰ ਕਰਨ ਵਾਲੇ ਲੋਕਾਂ ਦੇ ਉਲਟ, ਕੁਝ ਲੋਕ ਕਰੀਅਰ ਜਾਂ ਪੈਸਾ ਕਮਾਉਣ 'ਤੇ ਬਹੁਤ ਜ਼ਿਆਦਾ ਕੇਂਦ੍ਰਿਤ ਹੁੰਦੇ ਹਨ। ਸ਼ਾਇਦ ਉਹ ਅਜਿਹੀ ਜਗ੍ਹਾ ਚਲੇ ਜਾਂਦੇ ਹਨ ਜਿੱਥੇ ਨੌਕਰੀ ਉਨ੍ਹਾਂ ਦੇ ਘਰੇਲੂ ਖੇਤਰ ਨਾਲੋਂ ਕਿਤੇ ਜ਼ਿਆਦਾ ਤਨਖਾਹ ਮਿਲਦੀ ਹੈ। ਉਹ ਕੰਮ ਕਰਨਾ ਚਾਹੁੰਦੇ ਹਨ ਅਤੇ ਜਿੰਨਾ ਹੋ ਸਕੇ ਪੈਸਾ ਕਮਾਉਣਾ ਚਾਹੁੰਦੇ ਹਨ। ਉਹ ਜ਼ਿੰਦਗੀ ਦੇ ਹੋਰ ਮਹੱਤਵਪੂਰਣ ਹਿੱਸਿਆਂ ਨੂੰ ਨਜ਼ਰਅੰਦਾਜ਼ ਕਰਦੇ ਹਨ, ਜਿਵੇਂ ਕਿ ਪਰਮੇਸ਼ੁਰ ਅਤੇ ਆਪਣੇ ਪਰਿਵਾਰ ਨਾਲ ਆਪਣੇ ਰਿਸ਼ਤਿਆਂ ਨੂੰ ਪੋਸ਼ਣ ਦੇਣਾ।

ਸਮਾਜ ਦੇ ਲੋਕ ਇਹ ਕੰਮ ਕਰ ਸਕਦੇ ਹਨ, ਪਰ ਵਿਸ਼ਵਾਸੀਆਂ ਨੂੰ ਸਿਰਫ਼ ਉਹੀ ਨਹੀਂ ਕਰਨਾ ਚਾਹੀਦਾ ਜੋ ਉਨ੍ਹਾਂ ਦੇ ਸੱਭਿਆਚਾਰ ਵਿੱਚ ਆਮ ਹੈ। ਇਸ ਦੀ ਬਜਾਏ, ਉਨ੍ਹਾਂ ਨੂੰ ਇਹ ਪਤਾ ਲਗਾਉਣਾ ਚਾਹੀਦਾ ਹੈ ਕਿ ਪਰਮੇਸ਼ੁਰ ਕੀ ਕਹਿੰਦਾ ਹੈ, ਅਤੇ ਫਿਰ ਉਸ ਦੀ ਪਾਲਣਾ ਕਰਨੀ ਚਾਹੀਦੀ ਹੈ। ਬਾਈਬਲ ਕੰਮ, ਮਿਹਨਤ ਅਤੇ ਉਤਪਾਦਕਤਾ ਬਾਰੇ ਬਹੁਤ ਕੁਝ ਕਹਿੰਦੀ ਹੈ।[48]

### ਕੰਮ ਦੀ ਉਤਪਤੀ

ਪਰਮੇਸ਼ੁਰ ਰਚਨਾਤਮਕ ਹੈ (ਜ਼ਬੂਰ 104:24)। ਪਰਮੇਸ਼ੁਰ ਉਤਪਾਦਕ ਹੈ (ਜ਼ਬੂਰ 104)। ਪਰਮੇਸ਼ੁਰ ਹਮੇਸ਼ਾ ਕੰਮ ਕਰਦਾ ਰਹਿੰਦਾ ਹੈ, ਵਿਅਕਤੀਗਤ ਲੋਕਾਂ ਦੇ ਜੀਵਨਾਂ ਅਤੇ ਹਰ ਸਮੇਂ ਦੇ ਸੰਸਾਰ ਦੇ ਮਾਮਲਿਆਂ ਵਿੱਚ ਸ਼ਾਮਲ ਹੁੰਦਾ ਹੈ (ਯੂਹੰਨਾ 5:17)। ਜਦੋਂ ਪਰਮੇਸ਼ੁਰ ਨੇ ਲੋਕਾਂ ਨੂੰ ਬਣਾਇਆ, ਉਸ ਨੇ ਉਨ੍ਹਾਂ ਨੂੰ ਆਪਣੇ ਸਰੂਪ ’ਤੇ ਬਣਾਇਆ, ਆਪਣੇ ਆਪ ਦਾ ਪ੍ਰਤੀਬਿੰਬ। ਉਹ ਚਾਹੁੰਦਾ ਸੀ ਕਿ ਲੋਕ ਉਸ ਦੀ ਰਚਨਾ ਦੇ ਰਚਨਾਤਮਕ ਅਤੇ ਉਤਪਾਦਕ ਪ੍ਰਬੰਧਕ ਹੋਣ। ਪਰਮੇਸ਼ੁਰ ਨੇ ਮਨੁੱਖਤਾ ਨੂੰ ਧਰਤੀ, ਸਮੁੰਦਰ ਅਤੇ ਅਸਮਾਨ ਦੇ ਹਰ ਜਾਨਵਰ ਉੱਤੇ ਰਾਜ ਦਿੱਤਾ (ਉਤਪਤ 1:26)। ਉਸ ਨੇ ਲੋਕਾਂ ਨੂੰ ਧਰਤੀ ਦੇ ਸਰੋਤਾਂ ਦੇ ਪ੍ਰਬੰਧਕ ਅਤੇ ਮੁਖਤਿਆਰ ਬਣਾਇਆ (ਉਤਪਤ 1:28-30)।

ਕੰਮ ਮਨੁੱਖੀ ਜੀਵਨ ਲਈ ਪਰਮੇਸ਼ੁਰ ਦੀ ਬਣਤਰ ਦਾ ਹਿੱਸਾ ਹੈ। ਸ਼ੁਰੂ ਤੋਂ ਹੀ, ਪਰਮੇਸ਼ੁਰ ਨੇ ਲੋਕਾਂ ਨੂੰ ਵੱਡੀ ਜ਼ਿੰਮੇਵਾਰੀ ਦਿੱਤੀ ਹੈ। ਅਸੀਂ ਸਾਰੇ ਉਸ ਨੂੰ ਜਵਾਬ ਦੇਵਾਂਗੇ ਕਿ ਕੀ ਅਸੀਂ ਵਫ਼ਾਦਾਰੀ ਨਾਲ ਉਸ ਕੰਮ ਨੂੰ ਕੀਤਾ ਹੈ ਜੋ ਉਸ ਨੇ ਸਾਨੂੰ ਦਿੱਤਾ ਹੈ।

### ਕਹਾਉਤਾਂ ਤੋਂ ਸਿਧਾਂਤ

ਕਹਾਉਤਾਂ ਦੀ ਕਿਤਾਬ ਖਾਸ ਤੌਰ 'ਤੇ ਨੌਜਵਾਨਾਂ ਲਈ ਲਿਖੀ ਗਈ ਸੀ, ਉਨ੍ਹਾਂ ਨੂੰ ਸੋਚਣ ਅਤੇ ਸਮਝਦਾਰੀ ਨਾਲ ਵਿਹਾਰ ਕਰਨ ਲਈ ਸਿਖਾਉਂਦੀ ਹੈ। ਕਹਾਉਤਾਂ ਵਿੱਚ ਕੰਮ ਬਾਰੇ ਬਹੁਤ ਕੁਝ ਕਿਹਾ ਗਿਆ ਹੈ।

---

[48] ਇਸ ਵਿਸ਼ੇ ਬਾਰੇ ਹੋਰ ਜਾਣਨ ਲਈ, *Practical Christian Living* ਦੇ ਪਾਠ *3* ਨੂੰ ਵੇਖੋ, ਜੋ Shepherds Global Classroom ’ਤੇ ਉਪਲੱਬਧ ਹੈ.

► ਵਿਦਿਆਰਥੀਆਂ ਨੂੰ ਸਮੂਹ ਲਈ ਵਚਨ ਦੇ ਹਰੇਕ ਹਵਾਲੇ ਨੂੰ ਪੜ੍ਹਨਾ ਚਾਹੀਦਾ ਹੈ।

**ਕਹਾਉਤਾਂ 6:6-11, ਕਹਾਉਤਾਂ 10:5।** ਕੀੜੀਆਂ ਲੋਕਾਂ ਲਈ ਚੰਗੀਆਂ ਉਦਾਹਰਣਾਂ ਹਨ।

- **ਉਹ ਲਗਨ ਨਾਲ ਕੰਮ ਕਰਦੀਆਂ ਹਨ ਭਾਵੇਂ ਕੋਈ ਉਨ੍ਹਾਂ ਨੂੰ ਕੰਮ ਕਰਨ ਲਈ ਮਜਬੂਰ ਨਹੀਂ ਕਰਦਾ।** ਕੋਈ ਉਨ੍ਹਾਂ ਨੂੰ ਇਹ ਨਹੀਂ ਦੱਸਦਾ ਕਿ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ ਜਾਂ ਉਨ੍ਹਾਂ ਨੂੰ ਇਹ ਕਿਵੇਂ ਕਰਨਾ ਚਾਹੀਦਾ ਹੈ, ਫਿਰ ਵੀ ਉਹ ਉਤਪਾਦਕ ਹਨ। ਕੀੜੀਆਂ ਤੋਂ, ਅਸੀਂ ਸਿੱਖਦੇ ਹਾਂ ਕਿ ਸਾਨੂੰ ਕੰਮ ਕਰਨ ਲਈ ਮਜਬੂਰ ਨਹੀਂ ਹੋਣਾ ਚਾਹੀਦਾ। ਸਾਨੂੰ ਕੰਮ ਕਰਨ ਦੀ ਇੱਛਾ ਰੱਖਣੀ ਚਾਹੀਦੀ ਹੈ ਕਿਉਂਕਿ ਇਸ ਤਰ੍ਹਾਂ ਪਰਮੇਸ਼ੁਰ ਸਾਡੀਆਂ ਜ਼ਰੂਰਤਾਂ ਪੂਰੀਆਂ ਕਰਦਾ ਹੈ।
- **ਉਹ ਉਦੋਂ ਕੰਮ ਕਰਦੀਆਂ ਹਨ ਜਦੋਂ ਕੰਮ ਕਰਨ ਦਾ ਸਮਾਂ ਹੁੰਦਾ ਹੈ।** ਕੰਮ ਕਰਨ ਲਈ ਸਮਾਂ ਹੁੰਦਾ ਹੈ, ਅਤੇ ਹੋਰ ਗਤੀਵਿਧੀਆਂ ਅਤੇ ਆਰਾਮ ਕਰਨ ਲਈ ਸਮਾਂ ਹੁੰਦਾ ਹੈ। ਇਹ ਪੁੱਛਣਾ ਮਦਦਗਾਰ ਹੋ ਸਕਦਾ ਹੈ, "ਮੈਨੂੰ ਹੁਣ ਕੀ ਕਰਨਾ ਚਾਹੀਦਾ ਹੈ?"
- **ਉਹ ਉਦੋਂ ਕੰਮ ਕਰਦੀਆਂ ਹਨ ਜਦੋਂ ਅਜੇ ਵੀ ਕੰਮ ਕਰਨ ਦਾ ਮੌਕਾ ਹੁੰਦਾ ਹੈ।** ਮੌਸਮ ਬਦਲਦੇ ਹਨ, ਅਤੇ ਸਰੋਤ ਪ੍ਰਾਪਤ ਕਰਨ ਦਾ ਮੌਕਾ ਲੰਘ ਸਕਦਾ ਹੈ। ਸਾਡੇ ਮੌਕੇ ਵੀ ਆਉਂਦੇ ਹਨ ਅਤੇ ਜਾਂਦੇ ਹਨ। ਸਾਨੂੰ ਹੁਣ ਸਾਡੇ ਕੋਲ ਮੌਜੂਦ ਮੌਕੇ ਦੀ ਵਰਤੋਂ ਕਰਨੀ ਚਾਹੀਦੀ ਹੈ, ਨਹੀਂ ਤਾਂ ਇਹ ਬਰਬਾਦ ਹੋ ਜਾਵੇਗਾ।
- **ਉਹ ਕੰਮ ਕਰਦੀਆਂ ਹਨ ਤਾਂ ਜੋ ਉਨ੍ਹਾਂ ਨੂੰ ਬਾਅਦ ਵਿੱਚ ਉਹ ਭੋਜਨ ਮਿਲੇ ਜਿਸ ਦੀ ਉਨ੍ਹਾਂ ਨੂੰ ਲੋੜ ਹੈ।** ਕੰਮ ਕਰਨ ਦਾ ਸਮਾਂ ਹੋਣ 'ਤੇ, ਸਾਨੂੰ ਸੌਣਾ ਜਾਂ ਆਰਾਮ ਨਹੀਂ ਕਰਨਾ ਚਾਹੀਦਾ। ਜੇਕਰ ਅਸੀਂ ਉਦੋਂ ਆਲਸੀ ਹਾਂ ਜਦੋਂ ਸਾਨੂੰ ਚੰਗੇ ਕੰਮ ਕਰਨ ਵਿੱਚ ਰੁੱਝੇ ਰਹਿਣਾ ਚਾਹੀਦਾ ਹੈ, ਤਾਂ ਸਾਡੀਆਂ ਭਵਿੱਖ ਦੀਆਂ ਜ਼ਰੂਰਤਾਂ ਪੂਰੀਆਂ ਨਹੀਂ ਹੋਣਗੀਆਂ। ਸਾਨੂੰ ਕੱਲ੍ਹ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਅੱਜ ਕੰਮ ਕਰਨਾ ਚਾਹੀਦਾ ਹੈ।

**ਕਹਾਉਤਾਂ 19:15, ਕਹਾਉਤਾਂ 20:4, ਕਹਾਉਤਾਂ 12:24।** ਪਰਮੇਸ਼ੁਰ ਨੇ ਦੁਨੀਆਂ ਨੂੰ ਇਸ ਤਰੀਕੇ ਨਾਲ ਸਥਾਪਿਤ ਕੀਤਾ ਹੈ ਕਿ ਸਾਡੀਆਂ ਚੋਣਾਂ ਦੇ ਅਸਲ ਨਤੀਜੇ ਨਿਕਲਦੇ ਹਨ (ਗਲਾਤੀਆਂ 6:7)।

ਜੇ ਅਸੀਂ ਲਗਾਤਾਰ ਆਪਣੇ ਸਰੀਰਾਂ ਨਾਲ ਆਲਸੀ ਰਹਿਣਾ ਚੁਣਦੇ ਹਾਂ, ਤਾਂ ਅਸੀਂ ਸਰੀਰਕ ਤੌਰ 'ਤੇ ਕਮਜ਼ੋਰ ਹੋ ਜਾਵਾਂਗੇ। ਜੇਕਰ ਅਸੀਂ ਲਗਾਤਾਰ ਆਪਣੇ ਵਿਚਾਰਾਂ ਵਿੱਚ ਆਲਸੀ ਬਣੇ ਰਹਿਣਾ ਚੁਣਦੇ ਹਾਂ, ਤਾਂ ਸਿੱਖਣ, ਸੋਚਣ ਅਤੇ ਤਰਕ ਕਰਨ ਦੀ ਸਾਡੀ ਸਮਰੱਥਾ ਘੱਟ ਜਾਵੇਗੀ।

ਜੇ ਅਸੀਂ ਉਦੋਂ ਕੰਮ ਕਰਨ ਤੋਂ ਇਨਕਾਰ ਕਰਦੇ ਹਾਂ ਜਦੋਂ ਅਸੀਂ ਯੋਗ ਹੁੰਦੇ ਹਾਂ, ਤਾਂ ਪਰਮੇਸ਼ੁਰ ਕਹਿੰਦਾ ਹੈ ਕਿ ਅਸੀਂ ਬਿਨਾਂ ਭੋਜਨ ਦੇ ਰਹਿਣ ਦੇ ਹੱਕਦਾਰ ਹਾਂ। (2 ਥੱਸਲੁਨੀਕੀਆਂ 3:6-12 ਪੜ੍ਹੋ)।

ਜੇ ਅਸੀਂ ਮਿਹਨਤੀ ਹਾਂ, ਤਾਂ ਪਰਮੇਸ਼ੁਰ ਅਕਸਰ ਸਾਨੂੰ ਵਧੇ ਹੋਏ ਮੌਕਿਆਂ ਅਤੇ ਵੱਡੀ ਜ਼ਿੰਮੇਵਾਰੀ ਦਾ ਫਲ ਦੇਵੇਗਾ।

ਪਰਮੇਸ਼ੁਰ ਨੇ ਸਾਡੇ ਵਿਕਲਪਾਂ ਲਈ ਆਮ ਨਤੀਜੇ ਨਿਰਧਾਰਤ ਕੀਤੇ ਹਨ। ਸਾਨੂੰ ਆਪਣੇ ਨਤੀਜੇ ਚੁਣਨ ਦਾ ਮੌਕਾ ਨਹੀਂ ਮਿਲਦਾ, ਪਰ ਸਾਨੂੰ ਇਹ ਚੁਣਨਾ ਪੈਂਦਾ ਹੈ ਕਿ ਅਸੀਂ ਕੀ ਕਰਾਂਗੇ!

**ਕਹਾਉਤਾਂ 14:23, ਕਹਾਉਤਾਂ 20:6।** ਕੁਝ ਲੋਕ ਸੋਚਦੇ ਹਨ ਕਿ ਉਹ ਬਹੁਤ ਹੁਸ਼ਿਆਰ ਹਨ, ਪਰ ਉਹ ਕੰਮ ਕਰਨ ਤੋਂ ਇਨਕਾਰ ਕਰਦੇ ਹਨ। ਉਹ ਸੁਪਨੇ ਵੇਖਣਾ ਅਤੇ ਇਸ ਬਾਰੇ ਗੱਲ ਕਰਨਾ ਪਸੰਦ ਕਰਦੇ ਹਨ ਕਿ ਚੀਜ਼ਾਂ ਕਿਵੇਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਪਰ ਉਹ ਖੁਦ ਕੁਝ ਨਹੀਂ ਕਰ ਰਹੇ ਹੁੰਦੇ। ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਅਸਲ ਵਿੱਚ ਕੰਮ ਕਰੀਏ, ਸਿਰਫ਼ ਇਸ ਬਾਰੇ ਗੱਲ ਨਾ ਕਰੀਏ। ਉਹ ਚਾਹੁੰਦਾ ਹੈ ਕਿ ਅਸੀਂ ਜ਼ਿੰਮੇਵਾਰੀ ਲਈਏ ਅਤੇ ਜੋ ਅਸੀਂ ਕਿਹਾ ਹੈ ਕਿ ਅਸੀਂ ਕਰਾਂਗੇ ਉਸ ਪ੍ਰਤੀ ਵਫ਼ਾਦਾਰ ਰਹੀਏ।

**ਕਹਾਉਤਾਂ 15:19।** ਕਈ ਵਾਰ ਲੋਕ ਕੁਝ ਕਰਨ ਦੇ ***ਤਰੀਕੇ*** ਬਾਰੇ ਆਲਸੀ ਹੁੰਦੇ ਹਨ। ਉਹ ਇੱਕ ਆਸਾਨ ਤਰੀਕਾ ਚੁਣਦੇ ਹਨ, ਭਾਵੇਂ ਇਸ ਦਾ ਨਤੀਜਾ ਚੰਗਾ ਨਾ ਹੋਵੇ। ਹੋ ਸਕਦਾ ਹੈ ਕਿ ਉਹ ਕੁਝ ਘੱਟ ਮਹਿੰਗਾ ਕਰ ਰਹੇ ਹੋਣ, ਪਰ ਜੋ ਉਹ ਕਰ ਰਹੇ ਹਨ ਉਹ ਲੰਬਾ ਸਮਾਂ ਟਿਕਿਆ ਨਹੀਂ ਰਹੇਗਾ। ਹੋ ਸਕਦਾ ਹੈ ਕਿ ਉਨ੍ਹਾਂ ਦੇ ਢੰਗ ਲਈ ਘੱਟ ਮਿਹਨਤ ਦੀ ਲੋੜ ਹੋਵੇ, ਪਰ ਤਿਆਰ ਉਤਪਾਦ ਘਟੀਆ ਗੁਣਵੱਤਾ ਵਾਲਾ ਹੋਵੇਗਾ। ਹੋ ਸਕਦਾ ਹੈ ਕਿ ਉਹ ਚੁਣੌਤੀਆਂ ਵਿੱਚੋਂ ਲੰਘਣ ਅਤੇ ਸਹੀ ਕਰਨ ਲਈ ਤਿਆਰ ਹੋਣ ਦੀ ਬਜਾਏ ਦੂਜੇ ਲੋਕਾਂ ਦੇ ਦਬਾਅ ਅੱਗੇ ਝੁਕ ਰਹੇ ਹੋਣ।

► ਤੁਸੀਂ ਕਿਹੜੀਆਂ ਉਦਾਹਰਣਾਂ ਬਾਰੇ ਸੋਚ ਸਕਦੇ ਹੋ ਜਿੱਥੇ ਲੋਕ ਕੁਝ ਕਰਨ ਦੇ ਆਪਣੇ ਢੰਗ ਵਿੱਚ ਆਲਸੀ ਹਨ?

ਇਹ ਕਹਾਵਤ ਸਾਨੂੰ ਸਿਖਾਉਂਦੀ ਹੈ ਕਿ ਜਦੋਂ ਅਸੀਂ ਆਪਣੇ ਕੰਮ ਕਰਨ ਦੇ ਤਰੀਕੇ ਵਿੱਚ ਆਲਸੀ ਹੁੰਦੇ ਹਾਂ, ਤਾਂ ਇਹ ਸਾਡੇ ਲਈ ਅਤੇ ਬਾਅਦ ਵਿੱਚ ਦੂਜੇ ਲੋਕਾਂ ਲਈ ਸਮੱਸਿਆਵਾਂ ਪੈਦਾ ਕਰੇਗਾ। ਪਰ ਜਦੋਂ ਅਸੀਂ ਸਹੀ ਕਰਦੇ ਹਾਂ, ਤਾਂ ਸਾਨੂੰ ਇੱਕ ਚੰਗੇ ਨਤੀਜੇ ਨਾਲ ਇਨਾਮ ਮਿਲੇਗਾ। ਸਾਨੂੰ ਹੁਣ ਸਾਵਧਾਨ ਰਹਿਣਾ ਅਤੇ ਪੂਰਾ ਧਿਆਨ ਦੇਣਾ ਚਾਹੀਦਾ ਹੈ, ਤਾਂ ਜੋ ਅਸੀਂ ਬਾਅਦ ਵਿੱਚ ਸਭ ਤੋਂ ਵਧੀਆ ਨਤੀਜਿਆਂ ਦਾ ਆਨੰਦ ਮਾਣ ਸਕੀਏ।

► ਤੁਸੀਂ ਇਸ ਦੀਆਂ ਕਿਹੜੀਆਂ ਉਦਾਹਰਣਾਂ ਬਾਰੇ ਸੋਚ ਸਕਦੇ ਹੋ, ਜਦੋਂ ਆਲਸ ਬਾਅਦ ਵਿੱਚ ਮੁਸ਼ਕਲ ਅਤੇ ਮੁਸੀਬਤ ਵੱਲ ਲੈ ਗਿਆ? ਜਦੋਂ ਵਫ਼ਾਦਾਰੀ ਅਤੇ ਮਿਹਨਤ ਦੇ ਚੰਗੇ ਨਤੀਜੇ ਨਿਕਲੇ ਹਨ, ਇਸ ਬਾਰੇ ਤੁਸੀਂ ਕਿਹੜੀਆਂ ਉਦਾਹਰਣਾਂ ਸੋਚ ਸਕਦੇ ਹੋ?

**ਕਹਾਉਤਾਂ 12:11, ਕਹਾਉਤਾਂ 21:20, ਕਹਾਉਤਾਂ 28:19।** ਨੌਜਵਾਨੋ, ਪਰਮੇਸ਼ੁਰ ਨੇ ਤੁਹਾਨੂੰ ਤਾਕਤ ਅਤੇ ਸਿਹਤ ਇਸ ਲਈ ਨਹੀਂ ਦਿੱਤੀ ਹੈ ਕਿ ਤੁਸੀਂ ਇਸ ਨੂੰ ਵਿਅਰਥ ਕੰਮਾਂ ਵਿੱਚ ਬਰਬਾਦ ਕਰ ਸਕੋ। ਉਸ ਨੇ ਤੁਹਾਡੇ ਉੱਤੇ ਤੁਹਾਡੀਆਂ ਸਰੀਰਕ ਅਤੇ ਮਾਨਸਿਕ ਯੋਗਤਾਵਾਂ ਦਾ ਇੱਕ ਚੰਗਾ ਪ੍ਰਬੰਧਕ ਬਣਨ ਲਈ ਭਰੋਸਾ ਕੀਤਾ ਹੈ। ਉਸ ਨੇ ਤੁਹਾਨੂੰ ਉਸ ਦੀ ਸੇਵਾ ਕਰਨ ਦੇ ਮੌਕੇ ਦਿੱਤੇ ਹਨ। ਇੱਕ ਵਫ਼ਾਦਾਰ ਮੁਖ਼ਤਿਆਰ ਹੋਣ ਲਈ ਤੁਹਾਨੂੰ ਸੰਜਮ ਰੱਖਣ ਦੀ ਲੋੜ ਹੋਵੇਗੀ। ਤੁਸੀਂ ਮਜ਼ੇ ਲਈ ਹਰ ਇੱਛਾ ਪੂਰੀ ਨਹੀਂ ਕਰ ਸਕੋਗੇ। ਤੁਹਾਨੂੰ ਆਪਣੀ ਊਰਜਾ, ਸਰੋਤ ਅਤੇ ਸਮਾਂ ਪਰਮੇਸ਼ੁਰ ਦੇ ਉਦੇਸ਼ਾਂ ਨੂੰ ਪੂਰਾ ਕਰਨ ਉੱਤੇ ਕੇਂਦਰਿਤ ਕਰਨਾ ਪਵੇਗਾ।

ਪਰਮੇਸ਼ੁਰ ਤੁਹਾਡੇ ਤੋਂ ਆਪਣੀਆਂ ਜ਼ਰੂਰਤਾਂ, ਆਪਣੇ ਪਰਿਵਾਰ ਦੀਆਂ ਜ਼ਰੂਰਤਾਂ (1 ਤਿਮੋਥਿਉਸ 5:8), ਅਤੇ ਉਨ੍ਹਾਂ ਲੋਕਾਂ ਦੀਆਂ ਜ਼ਰੂਰਤਾਂ ਦੀ ਪੂਰਤੀ ਦੀ ਉਮੀਦ ਕਰਦਾ ਹੈ ਜੋ ਮਦਦ ਦੇ ਯੋਗ ਹਨ ਅਤੇ ਜਿਨ੍ਹਾਂ ਲਈ ਮੁਹੱਈਆ ਕਰਾਉਣ ਲਈ ਕੋਈ ਹੋਰ ਨਹੀਂ ਹੈ (1 ਤਿਮੋਥਿਉਸ 5:3-16, ਅਫ਼ਸੀਆਂ 4:28, ਯਾਕੂਬ 1:27, ਯਾਕੂਬ 2:15-16)।

1 ਥੱਸਲੁਨੀਕੀਆਂ 4:11-12 ਕਹਿੰਦਾ ਹੈ,

> ... ਚੁਪ ਚਾਪ ਰਹਿਣ ਅਤੇ ਆਪੋ ਆਪਣੇ ਕੰਮ ਧੰਦੇ ਕਰਨ ਅਤੇ ਆਪਣੇ ਹੱਥੀਂ ਮਿਹਨਤ ਕਰਨ ਦੀ ਧਾਰਨਾ ਧਾਰੋ ਭਈ ਤੁਸੀਂ ਬਾਹਰਲਿਆਂ ਲੋਕਾਂ ਦੇ ਸਾਹਮਣੇ ਭਲਮਣਸਊ ਨਾਲ ਚੱਲੋ ਅਤੇ ਕਿਸੇ ਦੇ ਅਰਥੀਏ ਨਾ ਹੋਵੋ।

ਇਹ ਵਿਸ਼ਵਾਸੀਆਂ ਲਈ ਪਰਮੇਸ਼ੁਰ ਦੀ ਇੱਛਾ ਹੈ।

► ਵਿਸ਼ਵਾਸੀਆਂ ਨੂੰ ਕਿਸ ਤਰ੍ਹਾਂ ਦਾ ਕੰਮ ਕਰਨ ਲਈ ਤਿਆਰ ਹੋਣਾ ਚਾਹੀਦਾ ਹੈ? ਕੀ ਰੁਤਬਾ ਮਾਇਨੇ ਰੱਖਦਾ ਹੈ? ਜੇ ਹਾਂ, ਤਾਂ ਕਿਸ ਤਰੀਕੇ ਨਾਲ ਜਾਂ ਕਿਸ ਹੱਦ ਤੱਕ?

ਅਸੀਂ ਵਿੱਤ ਬਾਰੇ ਚਰਚਾ ਕਰਕੇ ਕੰਮ ਦੇ ਵਿਸ਼ੇ 'ਤੇ ਉਸਾਰੀ ਕਰਾਂਗੇ। ਅਸੀਂ ਹੁਣੇ ਹੀ ਸਭ ਤੋਂ ਮਹੱਤਵਪੂਰਣ ਕਾਰਨਾਂ 'ਤੇ ਚਰਚਾ ਕੀਤੀ ਹੈ ਕਿ ਪਰਮੇਸ਼ੁਰ ਸਾਨੂੰ ਕੰਮ ਕਰਨ ਲਈ ਕਿਉਂ ਕਹਿੰਦਾ ਹੈ, ਜਿਸ ਵਿੱਚ ਸਾਡੀਆਂ ਅਤੇ ਦੂਜਿਆਂ ਦੀਆਂ ਜ਼ਰੂਰਤਾਂ ਦਾ ਪ੍ਰਬੰਧ ਸ਼ਾਮਲ ਹੈ। ਕੰਮ ਜ਼ਰੂਰੀ ਜ਼ਰੂਰਤਾਂ - ਭੋਜਨ ਅਤੇ ਕੱਪੜੇ - ਨੂੰ ਪੂਰਾ ਕਰਨ ਦਾ ਪਰਮੇਸ਼ੁਰ ਦਾ ਆਮ ਤਰੀਕਾ ਹੈ (1 ਤਿਮੋਥਿਉਸ 6:8)। ਬਹੁਤ ਸਾਰੀਆਂ ਥਾਵਾਂ 'ਤੇ, ਲੋਕ ਕੰਮ ਕਰਕੇ ਪੈਸਾ ਕਮਾਉਂਦੇ ਹਨ, ਜਿਸ ਨੂੰ ਉਹ ਫਿਰ ਭੌਤਿਕ ਪ੍ਰਬੰਧਾਂ 'ਤੇ ਖਰਚ ਕਰਦੇ ਹਨ। ਹੋਰ ਥਾਵਾਂ 'ਤੇ, ਲੋਕਾਂ ਨੂੰ ਪੈਸੇ ਦੀ ਬਜਾਏ ਭੋਜਨ, ਜਾਇਦਾਦ ਜਾਂ ਸੇਵਾ ਨਾਲ ਭੁਗਤਾਨ ਕੀਤਾ ਜਾਂਦਾ ਹੈ। ਕਿਸੇ ਵੀ ਤਰ੍ਹਾਂ, ਪਰਮੇਸ਼ੁਰ ਲੋਕਾਂ ਦੀਆਂ ਜ਼ਰੂਰਤਾਂ ਨੂੰ ਉਨ੍ਹਾਂ ਦੀ ਮਿਹਨਤ ਦੁਆਰਾ ਪੂਰਾ ਕਰ ਰਿਹਾ ਹੈ।

## ਵਿੱਤ

ਬਹੁਤ ਸਾਰੇ ਵਚਨ ਦੇ ਹਵਾਲੇ ਪੈਸੇ ਦੇ ਵਿਸ਼ੇ ਨੂੰ ਸੰਬੋਧਿਤ ਕਰਦੇ ਹਨ। ਅਸੀਂ ਪੈਸੇ ਬਾਰੇ ਕਿਵੇਂ ਸੋਚਦੇ ਹਾਂ ਅਤੇ ਉਸ ਨਾਲ ਕਿਵੇਂ ਪੇਸ਼ ਆਉਂਦੇ ਹਾਂ ਇਹ ਪਰਮੇਸ਼ੁਰ ਅਤੇ ਦੂਜੇ ਲੋਕਾਂ ਨਾਲ ਸਾਡੇ ਰਿਸ਼ਤਿਆਂ ਨੂੰ ਬਹੁਤ ਪ੍ਰਭਾਵਿਤ ਕਰਦਾ ਹੈ। ਕਿਉਂਕਿ ਇਹ ਬਹੁਤ ਮਹੱਤਵਪੂਰਣ ਹੈ, ਪਰਮੇਸ਼ੁਰ ਚਾਹੁੰਦਾ ਹੈ ਕਿ ਸਾਨੂੰ ਪੈਸੇ ਅਤੇ ਇਸ ਦੀ ਵਰਤੋਂ ਦੀ ਸਹੀ ਸਮਝ ਹੋਵੇ।[49]

### ਕਹਾਉਤਾਂ ਤੋਂ ਸਿਧਾਂਤ

► ਵਿਦਿਆਰਥੀਆਂ ਨੂੰ ਸਮੂਹ ਲਈ ਵਚਨ ਦੇ ਹਰੇਕ ਹਿੱਸੇ ਨੂੰ ਪੜ੍ਹਨਾ ਚਾਹੀਦਾ ਹੈ।

---

[49] ਇਸ ਵਿਸ਼ੇ ਬਾਰੇ ਹੋਰ ਜਾਣਨ ਲਈ, *Practical Christian Living* ਦੇ ਪਾਠ 9 ਨੂੰ ਵੇਖੋ, ਜੋ Shepherds Global Classroom 'ਤੇ ਉਪਲੱਬਧ ਹੈ.

ਸਾਡੀ ਸੁਰੱਖਿਆ ਦਾ ਸਰੋਤ ਕੀ ਹੈ?

1. ਪਰਮੇਸ਼ੁਰ ਅਖੀਰ ਧਰਮੀਆਂ ਲਈ ਮੁਹੱਈਆ ਕਰਾਉਣ ਵਾਲਾ ਹੈ (ਕਹਾਉਤਾਂ 10:3)।
2. ਸਾਨੂੰ ਧਨ-ਦੌਲਤ ਨਾਲ ਪਿਆਰ ਨਹੀਂ ਕਰਨਾ ਚਾਹੀਦਾ ਅਤੇ ਇਸ ਉੱਤੇ ਭਰੋਸਾ ਨਹੀਂ ਰੱਖਣਾ ਚਾਹੀਦਾ, ਕਿਉਂਕਿ ਉਹ ਸ਼ਕਤੀ ਵਿੱਚ ਸੀਮਤ ਅਤੇ ਸਮੇਂ ਵਿੱਚ ਅਸਥਾਈ ਹੁੰਦੇ ਹਨ (ਕਹਾਉਤਾਂ 11:4, 28)।

► ਇੱਕ ਵਿਅਕਤੀ ਕਿਹੜੇ ਵਿਚਾਰ, ਰਵੱਈਏ ਅਤੇ ਕਿਰਿਆਵਾਂ ਦਰਸਾਉਂਦੀਆਂ ਹਨ ਕਿ ਪਰਮੇਸ਼ੁਰ ਉਸ ਦੀ ਸੁਰੱਖਿਆ ਅਤੇ ਮੁਹੱਈਆ ਕਰਾਉਣ ਵਾਲਾ ਹੈ?

ਅਮੀਰ ਹੋਣ ਨਾਲੋਂ ਬਹੁਤ ਸਾਰੀਆਂ ਚੀਜ਼ਾਂ ਮਹੱਤਵਪੂਰਣ ਹਨ; ਉਦਾਹਰਣ ਵਜੋਂ:

1. ਦੂਜਿਆਂ ਨਾਲ ਚੰਗੇ ਰਿਸ਼ਤੇ ਰੱਖਣਾ (ਕਹਾਉਤਾਂ 15:17)।
2. ਗਿਆਨ ਅਤੇ ਬੁੱਧੀ ਦਾ ਹੋਣਾ (ਕਹਾਉਤਾਂ 8:10-11)।
3. ਪਰਮੇਸ਼ੁਰ ਤੋਂ ਡਰਨਾ ਅਤੇ ਉਸ ਨਾਲ ਸਹੀ ਰਿਸ਼ਤਾ ਰੱਖਣਾ (ਕਹਾਉਤਾਂ 15:16)।
4. ਚੰਗੇ ਚਰਿੱਤਰ ਕਾਰਨ ਆਦਰ ਪ੍ਰਾਪਤ ਕਰਨਾ (ਕਹਾਉਤਾਂ 11:16)।
5. ਵਫ਼ਾਦਾਰ, ਇਮਾਨਦਾਰ ਅਤੇ ਦਿਆਲੂ ਹੋਣਾ (ਕਹਾਉਤਾਂ 19:22)।

► ਤੁਹਾਡੇ ਹਾਲਾਤਾਂ ਕਾਰਨ ਇਨ੍ਹਾਂ ਵਿੱਚੋਂ ਕਿਹੜਾ ਤੁਹਾਡੇ ਲਈ ਸਭ ਤੋਂ ਚੁਣੌਤੀਪੂਰਣ ਹੈ?

ਪੈਸੇ ਦਾ ਸਹੀ ਪ੍ਰਬੰਧ ਕਰਨ ਲਈ ਸਿਧਾਂਤ:

1. ਮਿਹਨਤੀ, ਵਫ਼ਾਦਾਰ ਕੰਮ ਦੁਆਰਾ ਪੈਸਾ ਕਮਾਓ (ਕਹਾਉਤਾਂ 10:4)।
2. ਸਮੇਂ ਦੇ ਨਾਲ ਧੀਰਜ ਨਾਲ ਪੈਸਾ ਇਕੱਠਾ ਕਰੋ (ਕਹਾਉਤਾਂ 13:11)।
3. ਆਪਣੇ ਵਾਧੇ ਦਾ ਪਹਿਲਾ ਹਿੱਸਾ ਦੇ ਕੇ ਪਰਮੇਸ਼ੁਰ ਦਾ ਆਦਰ ਕਰੋ (ਕਹਾਉਤਾਂ 3:9-10)।
4. ਗਰੀਬਾਂ ਪ੍ਰਤੀ ਉਦਾਰ ਬਣੋ (ਕਹਾਉਤਾਂ 11:24-25, ਕਹਾਉਤਾਂ 14:21, ਕਹਾਉਤਾਂ 19:17, ਕਹਾਉਤਾਂ 21:13)।

► ਇਨ੍ਹਾਂ ਵਿੱਚੋਂ ਕਿਸ ਨਾਲ ਤੁਸੀਂ ਸਭ ਤੋਂ ਵੱਧ ਸੰਘਰਸ਼ ਕਰਦੇ ਹੋ?

ਪੈਸੇ ਦੀ ਦੁਰਵਰਤੋਂ ਵਿਰੁੱਧ ਚੇਤਾਵਨੀਆਂ:

1. ਪੈਸੇ ਪ੍ਰਾਪਤ ਕਰਨ ਦੇ ਮੌਕੇ ਲਈ ਕਦੇ ਵੀ ਪਰਮੇਸ਼ੁਰ ਦੇ ਬਚਨ ਦੀ ਉਲੰਘਣਾ ਨਾ ਕਰੋ (ਕਹਾਉਤਾਂ 10:2, ਕਹਾਉਤਾਂ 15:27)।

2. ਜਲਦਬਾਜ਼ੀ ਜਾਂ ਲਾਪਰਵਾਹੀ ਨਾਲ ਫੈਸਲੇ ਨਾ ਲਓ (ਕਹਾਉਤਾਂ 21:5)।

3. ਦੂਜਿਆਂ ਦੇ ਕਰਜ਼ੇ ਚੁਕਾਉਣ ਦਾ ਵਾਅਦਾ ਨਾ ਕਰੋ (ਕਹਾਉਤਾਂ 6:1-5; ਕਹਾਉਤਾਂ 17:18)।

► ਕਹਾਉਤਾਂ ਦੇ ਇਨ੍ਹਾਂ ਸਿਧਾਂਤਾਂ ਵਿੱਚੋਂ ਕਿਹੜੇ ਸਿਧਾਂਤ ਤੁਹਾਡੇ ਸੱਭਿਆਚਾਰ ਵਿੱਚ ਸਭ ਤੋਂ ਵੱਧ ਅਣਦੇਖੇ ਕੀਤੇ ਜਾਂਦੇ ਹਨ?

## ਨਜ਼ਦੀਕੀ ਦੋਸਤ

► ਵਿਦਿਆਰਥੀਆਂ ਨੂੰ ਸਮੂਹ ਲਈ ਕਹਾਉਤਾਂ 13:20 ਅਤੇ 1 ਕੁਰਿੰਥੀਆਂ 15:33 ਨੂੰ ਪੜ੍ਹਨਾ ਚਾਹੀਦਾ ਹੈ।

ਨਜ਼ਦੀਕੀ ਦੋਸਤੀ ਇੱਕ ਨੌਜਵਾਨ ਬਾਲਗ ਦੇ ਜੀਵਨ ਵਿੱਚ ਸਭ ਤੋਂ ਮਜ਼ਬੂਤ ਪ੍ਰਭਾਵਾਂ ਵਿੱਚੋਂ ਇੱਕ ਹੁੰਦੇ ਹਨ। ਲੋਕ ਆਮ ਤੌਰ 'ਤੇ ਉਨ੍ਹਾਂ ਲੋਕਾਂ ਨਾਲ ਨਜ਼ਦੀਕੀ ਦੋਸਤ ਬਣ ਜਾਂਦੇ ਹਨ ਜੋ ਉਨ੍ਹਾਂ ਦੀਆਂ ਕਦਰਾਂ-ਕੀਮਤਾਂ ਨੂੰ ਸਾਂਝਾ ਕਰਦੇ ਹਨ। ਪਰ ਇੱਕ ਦੋਸਤੀ, ਦੋਸਤੀ ਵਿੱਚ ਹਰੇਕ ਵਿਅਕਤੀ ਨੂੰ ਬਦਲ ਦਿੰਦੀ ਹੈ, ਬਿਹਤਰ ਜਾਂ ਮਾੜੇ ਲਈ। ਸਮੇਂ ਦੇ ਨਾਲ ਕਿਸੇ ਦੇ ਨਜ਼ਦੀਕੀ ਦੋਸਤ ਬਣੇ ਰਹਿਣਾ ਤੁਹਾਨੂੰ ਪ੍ਰਭਾਵਿਤ ਕਰੇਗਾ। ਤੁਹਾਡੇ ਦ੍ਰਿਸ਼ਟੀਕੋਣ, ਦਰਸ਼ਨ, ਤਰਜੀਹਾਂ, ਵਿਹਾਰ, ਚੋਣਾਂ ਅਤੇ ਚਰਿੱਤਰ ਪ੍ਰਭਾਵਿਤ ਹੋਣਗੇ। ਤੁਹਾਡੇ ਸਭ ਤੋਂ ਨੇੜਲੇ ਦੋਸਤ ਤੁਹਾਨੂੰ ਆਪਣੀ ਉਦਾਹਰਣ ਨਾਲ ਪ੍ਰਭਾਵਿਤ ਕਰਨਗੇ, ਪਰ ਤੁਹਾਡੀਆਂ ਚੋਣਾਂ ਲਈ ਪ੍ਰਵਾਨਗੀ ਜਾਂ ਅਪ੍ਰਵਾਨਗੀ ਨਾਲ ਅਤੇ ਆਪਣੇ ਪ੍ਰੇਰਕ ਸ਼ਬਦਾਂ ਨਾਲ ਵੀ।

► ਹਰੇਕ ਵਿਦਿਆਰਥੀ ਨੂੰ ਇਨ੍ਹਾਂ ਵਿੱਚੋਂ ਹਰੇਕ ਸਵਾਲ ਦੇ ਜਵਾਬ ਵਿੱਚ 1-5 ਖਾਸ ਲੋਕਾਂ ਦੇ ਨਾਮ ਲਿਖਣੇ ਚਾਹੀਦੇ ਹਨ:

- ਮੈਂ ਆਮ ਤੌਰ 'ਤੇ ਪ੍ਰਵਾਨਗੀ ਅਤੇ ਪੁਸ਼ਟੀ ਲਈ ਕਿਸ ਕੋਲ ਜਾਂਦਾ ਹਾਂ?
- ਮੈਂ ਆਪਣੀ ਜ਼ਿੰਦਗੀ ਦੀਆਂ ਸਮੱਸਿਆਵਾਂ ਬਾਰੇ ਕਿਸ ਨਾਲ ਗੱਲ ਕਰਦਾ ਹਾਂ?
- ਜਦੋਂ ਮੈਨੂੰ ਕੋਈ ਫੈਸਲਾ ਲੈਣਾ ਪੈਂਦਾ ਹੈ ਤਾਂ ਮੈਂ ਕਿਸ ਦੀ ਸਲਾਹ ਲੈਂਦਾ ਹਾਂ?
- ਕਿਸ ਦਾ ਵਿਹਾਰ ਮੇਰੇ 'ਤੇ ਪ੍ਰਭਾਵ ਪਾ ਰਿਹਾ ਹੈ?
- ਮੈਂ ਕਿਸ ਦੇ ਦਰਸ਼ਣ ਸਾਂਝੇ ਕਰਦਾ ਹਾਂ?

ਉਨ੍ਹਾਂ ਲੋਕਾਂ ਬਾਰੇ ਸੋਚੋ ਜਿਨ੍ਹਾਂ ਦੇ ਨਾਮ ਤੁਸੀਂ ਲਿਖੇ ਹਨ। ਉਨ੍ਹਾਂ ਦਾ ਚਰਿੱਤਰ ਕਿਹੋ ਜਿਹਾ ਹੈ? ਉਨ੍ਹਾਂ ਦਾ ਵਿਹਾਰ ਕਿਹੋ ਜਿਹਾ ਹੈ? ਉਨ੍ਹਾਂ ਦੀ ਬੋਲੀ ਕਿਹੋ ਜਿਹੀ ਹੈ? ਜੇਕਰ ਤੁਸੀਂ ਉਨ੍ਹਾਂ ਦੀ ਉਦਾਹਰਣ ਦੀ ਪਾਲਣਾ ਕਰਦੇ ਹੋ, ਤਾਂ ਕੀ ਤੁਸੀਂ ਮਸੀਹ ਦਾ ਅਨੁਸਰਣ ਕਰ ਰਹੇ ਹੋ? (1 ਕੁਰਿੰਥੀਆਂ 11:1)। ਕੀ ਉਹ ਅਜਿਹੇ ਲੋਕ ਹਨ ਜੋ ਇਨ੍ਹਾਂ ਵਿਸ਼ੇਸ਼ਤਾਵਾਂ ਦੁਆਰਾ ਦਰਸਾਏ ਗਏ ਹਨ:

- ਉਹ ਪ੍ਰਭੂ ਤੋਂ ਡਰਦੇ ਹਨ (ਬਿਵਸਥਾ ਸਾਰ 10:12, 20, ਜ਼ਬੂਰ 112:1)।
- ਉਹ ਪਰਮੇਸ਼ੁਰ ਦੇ ਬਚਨ ਦੁਆਰਾ ਢਾਲੇ ਜਾ ਰਹੇ ਹਨ (ਯੂਹੰਨਾ 17:14-17)।

- ਉਹ ਹਰ ਚੀਜ਼ ਵਿੱਚ ਪ੍ਰਭੂ ਨੂੰ ਖੁਸ਼ ਕਰਨ ਅਤੇ ਉਸ ਦਾ ਅਨੁਸਰਣ ਕਰਨ ਨੂੰ ਆਪਣੀ ਸਭ ਤੋਂ ਵੱਡੀ ਤਰਜੀਹ ਬਣਾਉਂਦੇ ਹਨ (2 ਕੁਰਿੰਥੀਆਂ 5:9-10)।

ਕੀ ਉਹ ਤੁਹਾਨੂੰ ਪਰਮੇਸ਼ੁਰ ਨਾਲ ਇੱਕ ਨਜ਼ਦੀਕੀ, ਆਗਿਆਕਾਰੀ ਚੱਲਣ ਵੱਲ ਪ੍ਰਭਾਵਿਤ ਕਰ ਰਹੇ ਹਨ? ਕੀ ਉਹ ਤੁਹਾਨੂੰ ਉਹ ਦੱਸਦੇ ਹਨ ਜੋ ਸੱਚ ਹੈ (ਜੋ ਪਰਮੇਸ਼ੁਰ ਦੇ ਬਚਨ ਨਾਲ ਮੇਲ ਖਾਂਦਾ ਹੈ), ਜਾਂ ਕੀ ਉਹ ਤੁਹਾਨੂੰ ਉਹ ਦੱਸਦੇ ਹਨ ਜੋ ਸੁਣਨ ਵਿੱਚ ਆਸਾਨ ਹੈ? ਕੀ ਉਹ ਤੁਹਾਨੂੰ ਉਹ ਕਰਨ ਲਈ ਉਤਸ਼ਾਹਿਤ ਕਰਦੇ ਹਨ ਜੋ ਤੁਸੀਂ ਕਰਨਾ ਚਾਹੁੰਦੇ ਹੋ, ਜਾਂ ਕੀ ਉਹ ਤੁਹਾਨੂੰ ਉਹ ਕਰਨ ਲਈ ਉਤਸ਼ਾਹਿਤ ਕਰਦੇ ਹਨ ਜੋ ਪਰਮੇਸ਼ੁਰ ਦੀ ਨਜ਼ਰ ਵਿੱਚ ਸਹੀ ਹੈ ਭਾਵੇਂ ਉਹ ਮੁਸ਼ਕਲ ਹੋਵੇ?

ਇੱਕ ਵਾਰ ਇੱਕ ਨੌਜਵਾਨ ਸੀ ਜਿਸ ਦਾ ਪ੍ਰਭਾਵ ਸੀ। ਦੂਜੇ ਨੌਜਵਾਨ ਆਪਣੇ ਵਿਹਾਰ ਦੀ ਪ੍ਰਵਾਨਗੀ ਲਈ ਉਸ ਵੱਲ ਵੇਖਦੇ ਸਨ। ਜਦੋਂ ਉਨ੍ਹਾਂ ਨੇ ਕੁਝ ਵਿਅੰਗਾਤਮਕ ਜਾਂ ਰੁੱਖਾ ਕਿਹਾ, ਤਾਂ ਉਹ ਉਸ ਵੱਲ ਵੇਖਦੇ ਸਨ, ਇਹ ਵੇਖਣ ਲਈ ਕਿ ਕੀ ਉਹ ਮੁਸਕਰਾ ਰਿਹਾ ਹੈ। ਜਦੋਂ ਉਹ ਕੁਝ ਬਗਾਵਤ ਕਰਦੇ ਸਨ, ਤਾਂ ਉਹ ਇਹ ਵੇਖਣ ਲਈ ਵੇਖਦੇ ਸਨ ਕਿ ਕੀ ਉਹ ਆਪਣੀ ਪ੍ਰਵਾਨਗੀ ਵਿਖਾਉਂਦੇ ਹੋਏ ਆਪਣੀਆਂ ਅੱਖਾਂ ਝਪਕਦਾ ਹੈ। ਉਹ ਉਸ ਨੂੰ ਖੁਸ਼ ਕਰਨਾ ਚਾਹੁੰਦੇ ਸਨ। ਪਰ ਉਨ੍ਹਾਂ ਵਿੱਚੋਂ ਕੋਈ ਵੀ ਇਨ੍ਹਾਂ ਸਵਾਲਾਂ 'ਤੇ ਵਿਚਾਰ ਕਰਨ ਲਈ ਨਹੀਂ ਰੁਕਿਆ: ਮੈਂ ਉਸ ਦੀ ਪ੍ਰਵਾਨਗੀ ਕਿਉਂ ਚਾਹੁੰਦਾ ਹਾਂ? ਕੀ ਉਹ ਇੱਕ ਅਜਿਹਾ ਵਿਅਕਤੀ ਹੈ ਜਿਸ ਨੂੰ ਮੈਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ? ਕੀ ਉਸ ਦਾ ਚਰਿੱਤਰ ਅਤੇ ਵਿਹਾਰ ਮੇਰੇ ਲਈ ਇੱਕ ਚੰਗਾ ਨਮੂਨਾ ਹੈ?

ਇਨ੍ਹਾਂ ਮੁੱਦਿਆਂ ਬਾਰੇ ਸੋਚਣ ਲਈ ਜਤਨ ਕਰਨ ਦੀ ਲੋੜ ਹੁੰਦੀ ਹੈ। ਵਿਸ਼ਵਾਸੀਆਂ ਨੂੰ ਉਸ ਬਾਰੇ ਉਦੇਸ਼ਪੂਰਣ ਹੋਣਾ ਚਾਹੀਦਾ ਹੈ ਜਿਸ ਨੂੰ ਉਹ ਆਪਣੇ ਸਭ ਤੋਂ ਨੇੜਲੇ ਦੋਸਤਾਂ ਅਤੇ ਸਭ ਤੋਂ ਵੱਡੇ ਪ੍ਰਭਾਵਕ ਵਜੋਂ ਚੁਣਦੇ ਹਨ। ਬੇਸ਼ੱਕ, ਪਰਮੇਸ਼ੁਰ ਚਾਹੁੰਦਾ ਹੈ ਕਿ ਉਸ ਦੇ ਲੋਕ ਉਨ੍ਹਾਂ ਲੋਕਾਂ ਨੂੰ ਪ੍ਰਭਾਵਿਤ ਕਰਨ ਜੋ ਆਤਮਿਕ ਤੌਰ 'ਤੇ ਪਰਿਪੱਕ ਨਹੀਂ ਹਨ ਜਾਂ ਜੋ ਅਜੇ ਤੱਕ ਅਵਿਸ਼ਵਾਸੀ ਹਨ, ਪਰ ਉਹ ਲੋਕ ਸਾਡੇ ਸਭ ਤੋਂ ਨਜ਼ਦੀਕੀ ਸਾਥੀ, ਸਲਾਹਕਾਰ ਅਤੇ ਪ੍ਰਭਾਵਕ ਬਣਨ ਦੇ ਯੋਗ ਨਹੀਂ ਹਨ। ਸਾਨੂੰ ਉਨ੍ਹਾਂ ਦੀ ਪ੍ਰਵਾਨਗੀ ਦੀ ਮੰਗ ਨਹੀਂ ਕਰਨੀ ਚਾਹੀਦੀ।

► ਇੱਕ ਵਿਦਿਆਰਥੀ ਨੂੰ ਸਮੂਹ ਲਈ ਜ਼ਬੂਰ 101 ਨੂੰ ਪੜ੍ਹਨਾ ਚਾਹੀਦਾ ਹੈ।

ਇਹ ਜ਼ਬੂਰ ਰਾਜਾ ਦਾਊਦ ਦੁਆਰਾ ਲਿਖਿਆ ਗਿਆ ਸੀ। ਉਹ ਪ੍ਰਭੂ ਤੋਂ ਡਰਦਾ ਸੀ। ਉਸ ਨੇ ਪ੍ਰਭੂ ਅੱਗੇ ਸਮਰਪਣ ਕੀਤਾ ਕਿ ਉਹ ਇਮਾਨਦਾਰੀ ਨਾਲ ਜੀਵਨ ਬਤੀਤ ਕਰੇਗਾ। ਉਹ ਜਾਣਦਾ ਸੀ ਕਿ ਜਿਨ੍ਹਾਂ ਲੋਕਾਂ ਨੂੰ ਉਸ ਨੇ ਉਸ ਨੂੰ ਪ੍ਰਭਾਵਿਤ ਕਰਨ ਦੀ ਇਜਾਜ਼ਤ ਦਿੱਤੀ ਸੀ ਉਹ ਜਾਂ ਤਾਂ ਉਸ ਦੀ ਉਸ ਵਾਇਦੇ ਨੂੰ ਪੂਰਾ ਕਰਨ ਵਿੱਚ ਮਦਦ ਕਰਨਗੇ ਜਾਂ ਉਸ ਨੂੰ ਇਸ ਤੋਂ ਦੂਰ ਰੱਖਣਗੇ। ਇਸ ਕਰਕੇ, ਉਸ ਨੇ ਸਿਰਫ਼ ਵਫ਼ਾਦਾਰ, ਧਰਮੀ ਲੋਕਾਂ ਨੂੰ ਆਪਣੇ ਉੱਤੇ ਪ੍ਰਭਾਵ ਪਾਉਣ ਵਾਲਿਆਂ ਵਜੋਂ ਚੁਣਨ ਦਾ ਫੈਸਲਾ ਕੀਤਾ।

ਅਸੀਂ ਦਾਊਦ ਵਾਂਗ ਰਾਜੇ ਨਹੀਂ ਹਾਂ ਅਤੇ ਆਮ ਤੌਰ 'ਤੇ ਸਾਡੇ ਕੋਲ ਦਾਊਦ ਵਾਂਗ ਦੁਸ਼ਟ ਲੋਕਾਂ ਨੂੰ ਸਜ਼ਾ ਦੇਣ ਦਾ ਅਧਿਕਾਰ ਜਾਂ ਜ਼ਿੰਮੇਵਾਰੀ ਨਹੀਂ ਹੈ ਜਿਵੇਂ ਦਾਊਦ ਨੇ ਵਾਇਦਾ ਕੀਤਾ ਸੀ। ਫਿਰ ਵੀ, ਸਾਨੂੰ ਹੋਰ ਤਰੀਕਿਆਂ ਨਾਲ ਦਾਊਦ ਦੀ ਮਿਸਾਲ ਦੀ ਪਾਲਣਾ

ਕਰਨੀ ਚਾਹੀਦੀ ਹੈ। ਸਾਨੂੰ ਆਪਣੇ ਆਪ ਨੂੰ ਇਮਾਨਦਾਰੀ ਨਾਲ ਜੀਵਨ ਜਿਊਣ ਲਈ ਸਮਰਪਿਤਧ ਕਰਨਾ ਚਾਹੀਦਾ ਹੈ। ਸਾਨੂੰ ਇਹ ਨਿਰਧਾਰਤ ਕਰਨਾ ਚਾਹੀਦਾ ਹੈ ਕਿ ਅਸੀਂ ਸਿਰਫ਼ ਧਰਮੀ ਲੋਕਾਂ ਨੂੰ ਆਪਣੇ ਸਭ ਤੋਂ ਨਜ਼ਦੀਕੀ ਦੋਸਤਾਂ ਅਤੇ ਸਭ ਤੋਂ ਵੱਡੇ ਪ੍ਰਭਾਵਕਾਂ ਵਜੋਂ ਚੁਣਾਂਗੇ।

## ਫੈਸਲੇ ਲੈਣਾ

ਸ਼ੁਰੂਆਤੀ ਬਾਲਗਤਾ ਬਹੁਤ ਸਾਰੇ ਫੈਸਲੇ ਲੈਣ ਦਾ ਸਮਾਂ ਹੈ, ਜਿਨ੍ਹਾਂ ਵਿੱਚੋਂ ਕੁਝ ਦੇ ਜੀਵਨ ਭਰ (ਜਾਂ ***ਸਦੀਵੀ***) ਨਤੀਜੇ ਵੀ ਹੋਣਗੇ।[50] ਹੇਠਾਂ ਕੁਝ ਸਵਾਲ ਹਨ ਜੋ ਸਾਨੂੰ ਆਪਣੀਆਂ ਚੋਣਾਂ 'ਤੇ ਵਿਚਾਰ ਕਰਦੇ ਸਮੇਂ ਯਾਦ ਰੱਖਣੇ ਚਾਹੀਦੇ ਹਨ:

- **ਕੀ ਇਹ ਕਾਰਵਾਈ ਉਸ ਨਾਲ ਮੇਲ ਖਾਂਦੀ ਹੈ ਜੋ ਪਰਮੇਸ਼ੁਰ ਮੈਨੂੰ ਬਣਾਉਣਾ ਚਾਹੁੰਦਾ ਹੈ?** ਸਮਾਜ ਸਾਨੂੰ ਕਹਿੰਦਾ ਹੈ, "ਆਪਣੇ ਆਪ ਵਰਗੇ ਬਣੋ।" "ਆਪਣੇ ਆਪ ਨਾਲ ਸੱਚੇ ਬਣੋ।" "ਆਪਣੇ ਦਿਲ ਦਾ ਅਨੁਸਰਣ ਕਰੋ।" ਪਰ ਸਾਨੂੰ ਮਸੀਹ ਪ੍ਰਤੀ ਸੱਚਾ ਹੋਣ ਲਈ ਕਿਹਾ ਗਿਆ ਹੈ, ਆਪਣੇ ਆਪ ਨਾਲ ਨਹੀਂ। ਦਰਅਸਲ, ਉਹ ਸਾਨੂੰ ਆਪਣੀਆਂ ਇੱਛਾਵਾਂ ਨੂੰ "ਨਹੀਂ" ਕਹਿਣ ਲਈ ਕਹਿੰਦਾ ਹੈ ਜਦੋਂ ਉਹ ਉਸ ਦੀ ਆਗਿਆਕਾਰੀ ਦੇ ਵਿਰੋਧ ਵਿੱਚ ਹੁੰਦੀਆਂ ਹਨ (ਮੱਤੀ 16:24-26)। ਪਰਮੇਸ਼ੁਰ ਸਾਨੂੰ ਧਾਰਮਿਕਤਾ ਦੇ ਆਪਣੇ ਮਿਆਰ ਅਨੁਸਾਰ ਜੀਉਣ ਲਈ ਕਹਿੰਦਾ ਹੈ। ਉਹ ਉਨ੍ਹਾਂ ਲੋਕਾਂ ਦਾ ਵਰਣਨ ਕਰਦਾ ਹੈ ਜੋ ਧੰਨ ਹੋਣਗੇ, ਉਹ ਜੋ ਹਰ ਗੱਲ ਵਿੱਚ ਉਸ ਦਾ ਡਰ ਰੱਖਦੇ ਹਨ ਅਤੇ ਉਸ ਦਾ ਕਹਿਣਾ ਮੰਨਦੇ ਹਨ (ਜ਼ਬੂਰ 15, ਜ਼ਬੂਰ 112, ਮੱਤੀ 5:3-11)। ਜਿਵੇਂ-ਜਿਵੇਂ ਅਸੀਂ ਵਫ਼ਾਦਾਰੀ ਨਾਲ ਉਸ ਦਾ ਅਨੁਸਰਣ ਕਰਦੇ ਹਾਂ, ਅਸੀਂ ਉਹ ਲੋਕ ਬਣ ਜਾਂਦੇ ਹਾਂ ਜੋ ਪਰਮੇਸ਼ੁਰ ਸਾਨੂੰ ਬਣਾਉਣਾ ਚਾਹੁੰਦਾ ਹੈ।

- **ਇਹ ਕਾਰਵਾਈ ਮੇਰੀ ਸਾਖ ਨੂੰ ਕਿਵੇਂ ਪ੍ਰਭਾਵਿਤ ਕਰੇਗੀ?** ਅਸੀਂ ਜੋ ਵੀ ਚੋਣ ਕਰਦੇ ਹਾਂ, ਅਸੀਂ ਆਪਣੀ ਸਾਖ ਆਪ ਬਣਾਉਂਦੇ ਹਾਂ (ਕਹਾਉਤਾਂ 20:11)। ਇਹ ਸੱਚ ਹੈ ਕਿ ਸਾਨੂੰ ਸਭ ਤੋਂ ਵੱਧ ਇਸ ਗੱਲ ਦੀ ਪਰਵਾਹ ਕਰਨੀ ਚਾਹੀਦੀ ਹੈ ਕਿ ਪਰਮੇਸ਼ੁਰ ਸਾਡੇ ਬਾਰੇ ਕੀ ਸੋਚਦਾ ਹੈ। ਪਰ ਜਦੋਂ ਅਸੀਂ ਇਮਾਨਦਾਰ ਲੋਕਾਂ ਵਜੋਂ ਜਾਣੇ ਜਾਂਦੇ ਹਾਂ, ਤਾਂ ਅਸੀਂ ਦੂਜਿਆਂ ਨੂੰ ਸਹੀ ਕਰਨ ਲਈ ਪ੍ਰਭਾਵਿਤ ਕਰਦੇ ਹਾਂ ਅਤੇ ਮਸੀਹ ਲਈ ਵਿਸ਼ਵਾਸਯੋਗ ਗਵਾਹ ਬਣਦੇ ਹਾਂ। ਕਹਾਉਤਾਂ 22:1 ਸਾਨੂੰ ਦੱਸਦਾ ਹੈ ਕਿ ਸਾਨੂੰ ਭੌਤਿਕ ਦੌਲਤ ਕਮਾਉਣ ਨਾਲੋਂ ਚੰਗੀ ਸਾਖ ਬਣਾਉਣ ਨੂੰ ਤਰਜੀਹ ਦੇਣੀ ਚਾਹੀਦੀ ਹੈ।

- **ਇਸ ਚੋਣ ਦੇ ਕੀ ਨਤੀਜੇ ਨਿਕਲਣਗੇ?** ਕਹਾਉਤਾਂ 22:3 ਸਾਨੂੰ ਵਿਖਾਉਂਦਾ ਹੈ ਕਿ ਸਾਨੂੰ ਅੱਜ ਚੰਗੇ ਫੈਸਲੇ ਲੈ ਕੇ ਭਵਿੱਖ ਲਈ ਤਿਆਰੀ ਕਰਨੀ ਚਾਹੀਦੀ ਹੈ। ਜਦੋਂ ਅਸੀਂ ਆਪਣੇ ਵਿਕਲਪਾਂ ਬਾਰੇ ਸੋਚ ਰਹੇ ਹੁੰਦੇ ਹਾਂ, ਤਾਂ ਸਾਨੂੰ ਹਰੇਕ ਦੇ ਸੰਭਾਵਿਤ

[50] ਇਸ ਵਿਸ਼ੇ ਬਾਰੇ ਹੋਰ ਜਾਣਨ ਲਈ, *Practical Christian Living* ਦੇ ਪਾਠ 5 ਨੂੰ ਵੇਖੋ, ਜੋ Shepherds Global Classroom 'ਤੇ ਉਪਲੱਬਧ ਹੈ.

ਨਤੀਜਿਆਂ 'ਤੇ ਵਿਚਾਰ ਕਰਨਾ ਚਾਹੀਦਾ ਹੈ। ਸਾਡੀ ਚੋਣ ਸਾਡੇ ਆਪਣੇ ਜੀਵਨ ਅਤੇ ਦੂਜਿਆਂ ਦੇ ਜੀਵਨ ਨੂੰ ਕਿਵੇਂ ਪ੍ਰਭਾਵਤ ਕਰੇਗੀ?

ਕਹਾਉਤਾਂ 4:23 ਸਾਨੂੰ ਦੱਸਦਾ ਹੈ ਕਿ ਸਾਡੀਆਂ ਚੋਣਾਂ ਅਤੇ ਸਾਡੇ ਵਿਹਾਰ ਸਾਡੇ ਦਿਲਾਂ ਦੀਆਂ ਪ੍ਰੇਰਣਾਵਾਂ ਤੋਂ ਆਉਂਦੇ ਹਨ। ਜੇਕਰ ਅਸੀਂ ਪਰਮੇਸ਼ੁਰ ਨੂੰ ਖੁਸ਼ ਕਰਨ ਵਾਲੇ ਚੰਗੇ ਫੈਸਲੇ ਲੈਣਾ ਚਾਹੁੰਦੇ ਹਾਂ, ਤਾਂ ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅਸੀਂ ਉਸ ਪ੍ਰਤੀ ਵਫ਼ਾਦਾਰ ਹਾਂ (ਬਿਵਸਥਾ ਸਾਰ 6:2, 5-6, ਬਿਵਸਥਾ ਸਾਰ 13:4)।

## ਸਰੀਰਕ ਸਿਹਤ

ਨੌਜਵਾਨ ਬਾਲਗ ਨਿੱਜੀ ਚੋਣਾਂ ਲਈ ਜ਼ਿੰਮੇਵਾਰ ਹਨ, ਜਿਸ ਵਿੱਚ ਉਹ ਕੀ ਖਾਂਦੇ ਹਨ, ਉਨ੍ਹਾਂ ਦੀ ਸਰੀਰਕ ਗਤੀਵਿਧੀ ਅਤੇ ਕਸਰਤ ਦੀ ਰੁਟੀਨ, ਅਤੇ ਨੀਂਦ ਦੀਆਂ ਆਦਤਾਂ ਸ਼ਾਮਲ ਹਨ। ਇਨ੍ਹਾਂ ਸਾਰੇ ਖੇਤਰਾਂ ਵਿੱਚ ਸੰਜਮ ਮਹੱਤਵਪੂਰਣ ਹੈ (1 ਕੁਰਿੰਥੀਆਂ 9:27)। ਵਿਸ਼ਵਾਸੀਆਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਸਰੀਰ ਪਵਿੱਤਰ ਆਤਮਾ ਦੀ ਹੈਕਲ ਹਨ ਅਤੇ ਮਸੀਹ ਦੇ ਲਹੂ ਦੁਆਰਾ ਛੁਡਾਏ ਗਏ ਸਨ (1 ਕੁਰਿੰਥੀਆਂ 6:19-20)। ਕਿਉਂਕਿ ਅਸੀਂ ਵੀ ਪਰਮੇਸ਼ੁਰ ਦੇ ਸੇਵਕ ਹਾਂ, ਸਾਨੂੰ ਆਪਣੇ ਸਰੀਰਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਅਤੇ ਇਨ੍ਹਾਂ ਵਿੱਚੋਂ ਹਰੇਕ ਗਤੀਵਿਧੀ ਵਿੱਚ ਚੰਗੇ ਫੈਸਲੇ ਲੈਣ ਲਈ ਆਪਣੇ ਆਪ ਨੂੰ ਅਨੁਸ਼ਾਸਿਤ ਕਰਨਾ ਚਾਹੀਦਾ ਹੈ, ਤਾਂ ਜੋ ਅਸੀਂ ਉਸ ਲਈ ਸਭ ਤੋਂ ਵਧੀਆ ਬਣ ਸਕੀਏ।[51]

► ਵਿਦਿਆਰਥੀਆਂ ਨੂੰ ਸਮੂਹ ਲਈ 1 ਕੁਰਿੰਥੀਆਂ 6:12-13, 19-20, ਅਤੇ 1 ਕੁਰਿੰਥੀਆਂ 10:31 ਨੂੰ ਪੜ੍ਹਨਾ ਚਾਹੀਦਾ ਹੈ।

ਪਿਛਲੇ ਹਫ਼ਤੇ ਆਪਣੇ ਭੋਜਨ ਦੇ ਵਿਕਲਪਾਂ ਅਤੇ ਮਾਤਰਾ ਬਾਰੇ ਸੋਚੋ। ਹੋ ਸਕਦਾ ਹੈ ਕਿ ਤੁਹਾਡੇ ਕੋਲ ਬਹੁਤ ਸਾਰਾ ਭੋਜਨ ਹੋਵੇ, ਜਿਸ ਵਿੱਚ ਤੁਸੀਂ ਕੀ ਖਾ ਸਕਦੇ ਹੋ, ਇਸ ਲਈ ਬਹੁਤ ਸਾਰੇ ਵਿਕਲਪ ਹੋਣ। ਹੋ ਸਕਦਾ ਹੈ ਕਿ ਤੁਹਾਡੇ ਕੋਲ ਖਾਣ ਲਈ ਬਹੁਤ ਘੱਟ ਹੋਵੇ, ਘੱਟ ਵਿਕਲਪ ਹੋਣ। ਕਿਸੇ ਵੀ ਤਰ੍ਹਾਂ, ਤੁਹਾਡੇ ਖਾਣ-ਪੀਣ ਤੋਂ ਪਰਮੇਸ਼ੁਰ ਦੀ ਵਡਿਆਈ ਹੋਣੀ ਚਾਹੀਦੀ ਹੈ। ਜੇਕਰ ਯਿਸੂ ਨੂੰ ਤੁਹਾਡੇ ਨਾਲ ਬੈਠਣ ਅਤੇ ਖਾਣ ਲਈ ਸੱਦਾ ਦਿੱਤਾ ਜਾਣਾ ਸੰਭਵ ਹੁੰਦਾ, ਤਾਂ ਕੀ ਤੁਸੀਂ ਉਹੀ ਭੋਜਨ ਅਤੇ ਮਾਤਰਾ ਚੁਣਦੇ ਜੋ ਤੁਸੀਂ ਆਮ ਤੌਰ 'ਤੇ ਚੁਣਦੇ ਹੋ? ਇਹ ਇੱਕ ਮੂਰਖਤਾਪੂਰਣ ਸਵਾਲ ਜਾਪ ਸਕਦਾ ਹੈ, ਪਰ ਸ਼ਾਇਦ ਇਹ ਖਾਣਾ ਖਾਂਦੇ ਸਮੇਂ ਸੋਚ-ਸਮਝ ਕੇ ਖਾਣ, ਸ਼ੁਕਰਗੁਜ਼ਾਰ ਅਤੇ ਸਵੈ-ਨਿਯੰਤਰਿਤ ਹੋਣ ਦੀ ਯਾਦ ਦਿਵਾ ਸਕਦਾ ਹੈ।

ਨੀਂਦ ਇੱਕ ਹੋਰ ਖੇਤਰ ਹੈ ਜਿਸ ਵਿੱਚ ਵਿਸ਼ਵਾਸੀਆਂ ਨੂੰ ਸਵੈ-ਨਿਯੰਤ੍ਰਣ ਦਾ ਪ੍ਰਦਰਸ਼ਨ ਕਰਨਾ ਚਾਹੀਦਾ ਹੈ। ਸਾਨੂੰ ਆਲਸੀ ਨਹੀਂ ਹੋਣਾ ਚਾਹੀਦਾ ਅਤੇ ਬਹੁਤ ਜ਼ਿਆਦਾ ਸੌਣਾ ਨਹੀਂ ਚਾਹੀਦਾ (ਕਹਾਉਤਾਂ 6:10-11, ਕਹਾਉਤਾਂ 20:13), ਫਿਰ ਵੀ ਪਰਮੇਸ਼ੁਰ ਨੇ ਸਾਡੇ

---

[51] ਇਸ ਵਿਸ਼ੇ ਬਾਰੇ ਹੋਰ ਜਾਣਨ ਲਈ, *Practical Christian Living* ਦੇ ਪਾਠ 13 ਨੂੰ ਵੇਖੋ, ਜੋ Shepherds Global Classroom 'ਤੇ ਉਪਲੱਬਧ ਹੈ.

ਸਰੀਰਾਂ ਨੂੰ ਨਿਯਮਤ ਅਤੇ ਕਾਫ਼ੀ ਆਰਾਮ ਦੀ ਲੋੜ ਲਈ ਬਣਾਇਆ ਹੈ (ਜ਼ਬੂਰ 3:5)। ਸਿਹਤਮੰਦ ਬਾਲਗਾਂ ਨੂੰ ਆਮ ਤੌਰ 'ਤੇ ਹਰ ਰਾਤ 6-8 ਘੰਟੇ ਦੀ ਨੀਂਦ ਦੀ ਲੋੜ ਹੁੰਦੀ ਹੈ।

ਉਪਦੇਸ਼ਕ ਦੀ ਪੋਥੀ 5:12 ਸਾਨੂੰ ਦੱਸਦੀ ਹੈ ਕਿ ਨੀਂਦ ਉਨ੍ਹਾਂ ਲਈ ਇੱਕ ਇਨਾਮ ਹੈ ਜੋ ਮਿਹਨਤ ਨਾਲ ਕੰਮ ਕਰਦੇ ਹਨ। ਕਹਾਉਤਾਂ 3:24 ਅਤੇ ਜ਼ਬੂਰ 4:8 ਮਿੱਠੀ, ਸ਼ਾਂਤਮਈ ਨੀਂਦ ਬਾਰੇ ਗੱਲ ਕਰਦੇ ਹਨ ਜੋ ਪਰਮੇਸ਼ੁਰ ਆਪਣੇ ਬੱਚਿਆਂ ਨੂੰ ਦਿੰਦਾ ਹੈ। ਇਹ ਉਸ ਕਿਸਮ ਦੀ ਨੀਂਦ ਹੈ ਜੋ ਸਾਡੇ ਸਰੀਰਾਂ ਨੂੰ ਬਹਾਲ ਕਰਦੀ ਹੈ। ਪਰਮੇਸ਼ੁਰ ਦੀ ਸ਼ਾਂਤੀ ਨਾਲ, ਅਸੀਂ ਦਿਨ ਦੀਆਂ ਚਿੰਤਾਵਾਂ ਅਤੇ ਤਣਾਵਾਂ ਤੋਂ ਮੁਕਤ ਹੋ ਜਾਂਦੇ ਹਾਂ, ਇਹ ਜਾਣਦੇ ਹੋਏ ਕਿ ਇੱਕ ਵਫ਼ਾਦਾਰ ਪਰਮੇਸ਼ੁਰ ਸਾਡੀ ਦੇਖ-ਭਾਲ ਕਰ ਰਿਹਾ ਹੈ। ਆਰਾਮਦਾਇਕ ਨੀਂਦ ਸਰੀਰ ਅਤੇ ਮਨ ਨੂੰ ਤਾਕਤ ਦਿੰਦੀ ਹੈ, ਸਾਨੂੰ ਆਉਣ ਵਾਲੀਆਂ ਗਤੀਵਿਧੀਆਂ ਅਤੇ ਸੇਵਕਾਈ ਲਈ ਤਿਆਰ ਕਰਦੀ ਹੈ।

ਕਹਾਉਤਾਂ 3:24, ਕਹਾਉਤਾਂ ਦੀ ਕਿਤਾਬ ਦੇ ਇੱਕ ਹਿੱਸੇ ਵਿੱਚ ਮਿਲਦੀ ਹੈ ਜਿਸ ਵਿੱਚ ਬੁੱਧੀ, ਸਮਝ ਅਤੇ ਵਿਵੇਕ ਨਾਲ ਭਰੀ ਜ਼ਿੰਦਗੀ ਜੀਉਣ ਦੀਆਂ ਹਦਾਇਤਾਂ ਸ਼ਾਮਲ ਹਨ। ਜੇਕਰ ਤੁਸੀਂ ਮਿੱਠੀ ਨੀਂਦ ਚਾਹੁੰਦੇ ਹੋ, ਤਾਂ ਤੁਹਾਨੂੰ ਆਪਣੀ ਜ਼ਿੰਦਗੀ ਦੇ ਹੋਰ ਖੇਤਰਾਂ ਵਿੱਚ ਸਮਝਦਾਰੀ ਨਾਲ ਫੈਸਲੇ ਲੈਣੇ ਚਾਹੀਦੇ ਹਨ, ਜਿਸ ਵਿੱਚ ਤੁਸੀਂ ਟੈਲੀਵਿਜ਼ਨ ਜਾਂ ਫਿਲਮਾਂ ਵੇਖਣਾ, ਨੈੱਟ ਚਲਾਉਣਾ ਜਾਂ ਸਮਾਰਟਫੋਨ ਦੀ ਵਰਤੋਂ ਕਰਨਾ ਅਤੇ ਦੋਸਤਾਂ ਨਾਲ ਸਮਾਂ ਬਿਤਾਉਣਾ ਸ਼ਾਮਲ ਹੈ।

ਨੀਂਦ ਤੁਹਾਡੇ ਦਿਨ ਦੌਰਾਨ ਖਾਣੇ ਦੀਆਂ ਚੋਣਾਂ ਅਤੇ ਖਾਣੇ ਦੀ ਲਈ ਗਈ ਮਾਤਰਾ, ਤੁਹਾਡੇ ਦੁਆਰਾ ਕੀਤੀ ਗਈ ਕਸਰਤ ਦੀ ਮਾਤਰਾ, ਤੁਸੀਂ ਮੁਸ਼ਕਲ ਸਥਿਤੀ ਨੂੰ ਕਿਵੇਂ ਸੰਭਾਲਿਆ, ਜਾਂ ਤੁਸੀਂ ਆਪਣੇ ਪੈਸੇ ਕਿਵੇਂ ਖਰਚ ਕੀਤੇ, ਦੁਆਰਾ ਪ੍ਰਭਾਵਿਤ ਹੋ ਸਕਦੀ ਹੈ। ਨੀਂਦ ਉਦੋਂ ਮਿੱਠੀ ਹੋ ਸਕਦੀ ਹੈ ਜਦੋਂ ਦੂਜਿਆਂ ਨਾਲ ਸਾਡੇ ਰਿਸ਼ਤੇ ਗਲਾਤੀਆਂ 5:22-23 ਵਿੱਚ ਸੂਚੀਬੱਧ ਆਤਮਾ ਦੇ ਫਲ ਦੀਆਂ ਵਿਸ਼ੇਸ਼ਤਾਵਾਂ ਨਾਲ ਭਰੇ ਹੋਏ ਹਨ।

► ਉਪਰੋਕਤ ਭਾਗ ਵਿੱਚ ਜ਼ਿਕਰ ਕੀਤੇ ਗਏ ਵਚਨਾਂ ਨੂੰ ਪੜ੍ਹਨ ਲਈ ਸਮਾਂ ਕੱਢੋ। ਇਨ੍ਹਾਂ ਵਚਨਾਂ ਵਿੱਚ ਪਾਏ ਗਏ ਸਿਧਾਂਤਾਂ ਦੁਆਰਾ ਆਪਣੀ ਨੀਂਦ ਦਾ ਮੁਲਾਂਕਣ ਕਰੋ। ਕੀ ਤੁਸੀਂ ਆਪਣੇ ਸਰੀਰ ਨੂੰ ਉਹ ਆਰਾਮ ਦੇ ਰਹੇ ਹੋ ਜੋ ਇਸ ਦੇ ਪਰਮੇਸ਼ੁਰ ਦੇ ਇਰਾਦੇ ਅਨੁਸਾਰ ਸਹੀ ਢੰਗ ਨਾਲ ਕੰਮ ਕਰਨ ਲਈ ਲੋੜੀਂਦਾ ਹੈ? ਜ਼ਬੂਰਾਂ ਦੀਆਂ ਆਇਤਾਂ ਦੇ ਸੰਦਰਭ ਵੱਲ ਧਿਆਨ ਦਿਓ: ਦਾਊਦ ਉਨ੍ਹਾਂ ਨੂੰ ਕੁਝ ਬਹੁਤ ਹੀ ਤਣਾਅਪੂਰਨ ਸਥਿਤੀਆਂ ਵਿੱਚ ਲਿਖ ਰਿਹਾ ਹੈ ਅਤੇ ਫਿਰ ਵੀ ਉਹ ਨੀਂਦ ਦੁਆਰਾ ਉਸ ਦੇ ਸਰੀਰ ਨੂੰ ਬਹਾਲ ਕਰਨ ਵਿੱਚ ਮਦਦ ਕਰਨ ਲਈ ਪਰਮੇਸ਼ੁਰ ਦੀ ਵਫ਼ਾਦਾਰੀ ਦੀ ਗਵਾਹੀ ਦਿੰਦਾ ਹੈ।

## ਤਣਾਅ ਨਾਲ ਨਜਿੱਠਣਾ

ਪਰਮੇਸ਼ੁਰ ਦੀ ਬਣਤਰ ਦੁਆਰਾ, ਬਾਲਗਪਣ ਦੇ ਸ਼ੁਰੂਆਤੀ  ਸਾਲ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਅਤੇ ਚਿੰਤਾਵਾਂ ਨਾਲ ਭਰੇ ਹੁੰਦੇ ਹਨ ਜਿਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੁੰਦੀ ਹੈ ਅਤੇ ਉਹ ਤਣਾਅ ਪੈਦਾ ਕਰਦੇ ਹਨ (ਵਿਰਲਾਪ 3:27)। ਇੱਕ ਵਿਅਕਤੀ ਸਿੱਖਿਆ ਦੀ ਡਿਗਰੀ ਪੂਰੀ ਕਰਨ, ਕਾਰੋਬਾਰ ਸ਼ੁਰੂ ਕਰਨ, ਅਤੇ ਨੌਕਰੀ ਕਰਨ ਜਾਂ ਕਈ ਨੌਕਰੀਆਂ ਕਰਨ ਦੀ ਕੋਸ਼ਿਸ਼ ਕਰ ਰਿਹਾ ਹੋ ਸਕਦਾ

ਹੈ। ਕਈ ਰਿਸ਼ਤੇ ਹਨ ਜਿਨ੍ਹਾਂ ਵੱਲ ਇੱਕ ਨੌਜਵਾਨ ਬਾਲਗ ਨੂੰ ਜਾਣਬੁੱਝ ਕੇ ਧਿਆਨ ਦੀ ਲੋੜ ਹੁੰਦੀ ਹੈ। ਵਿੱਤ, ਆਵਾਜਾਈ ਦੀਆਂ ਜ਼ਰੂਰਤਾਂ, ਅਤੇ ਇੱਕ ਘਰ ਵੱਲ ਸਾਰਿਆਂ ਨੂੰ ਧਿਆਨ ਦੇਣ ਦੀ ਲੋੜ ਹੁੰਦੀ ਹੈ, ਪਰ ਇਹ ਤਣਾਅ ਪੈਦਾ ਕਰਦੇ ਹਨ।

ਤਣਾਅ ਨੂੰ "ਉਨ੍ਹਾਂ ਘਟਨਾਵਾਂ ਪ੍ਰਤੀ ਸਰੀਰਕ ਅਤੇ ਭਾਵਨਾਤਮਕ ਪ੍ਰਤੀਕਿਰਿਆ" ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ ਜੋ ਸਾਨੂੰ ਡਰਾਉਂਦੀਆਂ ਹਨ ਜਾਂ ਚੁਣੌਤੀ ਦਿੰਦੀਆਂ ਹਨ।[52] ਇਸ ਬਾਰੇ ਸੋਚੋ ਕਿ ਤੁਸੀਂ ਆਪਣੇ ਹਾਲਾਤਾਂ ਨੂੰ ਕਿਵੇਂ ਵੇਖਦੇ ਹੋ। ਤੁਸੀਂ ਮਾਨਸਿਕ ਤੌਰ 'ਤੇ ਉਸ ਸਥਿਤੀ ਵਿੱਚੋਂ ਕਿਵੇਂ ਨਿੱਕਲਦੇ ਹੋ ਜਿਸ ਦਾ ਤੁਸੀਂ ਅਨੁਭਵ ਕਰ ਰਹੇ ਹੋ?

ਜਦੋਂ ਕੁਝ ਤੁਹਾਡੇ ਭਵਿੱਖ ਵਿੱਚ ਹੁੰਦਾ ਹੈ, ਤਾਂ ਤੁਸੀਂ ਇਸ ਬਾਰੇ ਕਿਵੇਂ ਸੋਚਦੇ ਹੋ? ਤੁਸੀਂ ਸੰਭਾਵਨਾਵਾਂ ਬਾਰੇ ਆਪਣੇ ਆਪ ਨੂੰ ਕਿਹੜੀਆਂ ਭਾਵਨਾਵਾਂ ਮਹਿਸੂਸ ਕਰਨ ਦਿੰਦੇ ਹੋ? ਕਿਹੜਾ ਦ੍ਰਿਸ਼ਟੀਕੋਣ ਪ੍ਰਭਾਵਿਤ ਕਰਦਾ ਹੈ ਕਿ ਤੁਸੀਂ ਉਸ ਸਥਿਤੀ ਨਾਲ ਕਿਵੇਂ ਨਜਿੱਠੋਗੇ? ਤੁਹਾਡਾ ਆਮ ਸੁਭਾਅ ਅਤੇ ਸ਼ਖਸੀਅਤ ਕੀ ਹੈ (ਕਹਾਉਤਾਂ 15:15)?

ਤੁਹਾਡਾ ਦ੍ਰਿਸ਼ਟੀਕੋਣ, ਸੁਭਾਅ ਅਤੇ ਸ਼ਖਸੀਅਤ ਇਹ ਸਭ ਪ੍ਰਭਾਵਿਤ ਕਰਦੇ ਹਨ ਕਿ ਤੁਸੀਂ ਜ਼ਿੰਦਗੀ ਦੀਆਂ ਸਥਿਤੀਆਂ ਪ੍ਰਤੀ ਕਿਵੇਂ ਪ੍ਰਤੀਕਿਰਿਆ ਕਰਦੇ ਹੋ ਅਤੇ ਤੁਸੀਂ ਕਿਸ ਪੱਧਰ ਦੇ ਤਣਾਅ ਦਾ ਅਨੁਭਵ ਕਰੋਗੇ। ਜਦੋਂ ਕਿ ਤਣਾਅ ਜ਼ਿੰਦਗੀ ਦਾ ਇੱਕ ਆਮ ਹਿੱਸਾ ਹੈ, ਤੁਸੀਂ ਤਣਾਅ ਨੂੰ ਕਿਵੇਂ ਸੰਭਾਲਦੇ ਹੋ ਇਹ ਇੱਕ ਨਿੱਜੀ ਮਾਮਲਾ ਹੈ। ਚਿੰਤਾ ਕਈ ਵਾਰ ਸਿਰ ਦਰਦ, ਮਾਸਪੇਸ਼ੀਆਂ ਵਿੱਚ ਦਰਦ, ਬਿਮਾਰੀ, ਹਾਈ ਬਲੱਡ ਪ੍ਰੈਸ਼ਰ, ਅਲਸਰ ਅਤੇ ਹੋਰ ਬਹੁਤ ਸਾਰੀਆਂ ਮਾਨਸਿਕ, ਭਾਵਨਾਤਮਕ ਅਤੇ ਸਰੀਰਕ ਅਪੰਗਤਾਵਾਂ ਦਾ ਕਾਰਨ ਬਣਦੀ ਹੈ (ਕਹਾਉਤਾਂ 12:25)। ਤਣਾਅ ਪ੍ਰਤੀ ਇੱਕ ਮਾੜੀ ਪ੍ਰਤੀਕਿਰਿਆ ਮਸੀਹ ਪ੍ਰਤੀ ਤੁਹਾਡੀ ਸੇਵਾ ਵਿੱਚ ਬਹੁਤ ਰੁਕਾਵਟ ਪਾ ਸਕਦੀ ਹੈ। ਇਸ ਕਰਕੇ, ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਪਰਮੇਸ਼ੁਰ ਦਾ ਬਚਨ ਸਾਨੂੰ ਚਿੰਤਾ ਨਾ ਕਰਨ ਜਾਂ ਚਿੰਤਤ ਨਾ ਹੋਣ ਲਈ ਕਹਿੰਦਾ ਹੈ।

► ਵਿਦਿਆਰਥੀਆਂ ਨੂੰ ਸਮੂਹ ਲਈ ਮੱਤੀ 6:34, 1 ਪਤਰਸ 5:7, ਅਤੇ ਜ਼ਬੂਰ 105:4 ਨੂੰ ਪੜ੍ਹਨਾ ਚਾਹੀਦਾ ਹੈ।

ਜਦੋਂ ਅਸੀਂ ਮੁਸ਼ਕਲ ਹਾਲਾਤਾਂ ਦਾ ਸਾਹਮਣਾ ਕਰਦੇ ਹਾਂ, ਤਾਂ ਸਾਨੂੰ ਪਰਮੇਸ਼ੁਰ 'ਤੇ ਭਰੋਸਾ ਕਰਨ ਅਤੇ ਨਿਰਭਰ ਰਹਿਣ ਦੀ ਚੋਣ ਕਰਨੀ ਚਾਹੀਦੀ ਹੈ, ਕੇਵਲ ਓਹੀ ਹੈ ਜਿਸ ਦੀਆਂ ਕੋਈ ਸੀਮਾਵਾਂ ਨਹੀਂ ਹਨ। ਉਹ ਤਾਕਤ, ਬੁੱਧੀ ਅਤੇ ਚੰਗਿਆਈ ਵਿੱਚ ਸੰਪੂਰਣ ਹੈ। ਉਹ ਆਪਣੇ ਬੱਚਿਆਂ ਦੀ ਪੂਰੀ ਤਰ੍ਹਾਂ ਦੇਖਭਾਲ ਕਰਦਾ ਹੈ। ਉਹ ਚਾਹੁੰਦਾ ਹੈ ਕਿ ਅਸੀਂ ਉਸ 'ਤੇ ਆਪਣੀ ਨਿਰਭਰਤਾ ਦਾ ਅਹਿਸਾਸ ਕਰੀਏ, ਹਰ ਚਿੰਤਾ ਨੂੰ ਉਸ ਉੱਤੇ ਸੁੱਟੀ, ਅਤੇ ਉਸ ਦੀ ਤਾਕਤ ਦੀ ਭਾਲ ਕਰੀਏ। ਜਦੋਂ ਅਸੀਂ ਇਹ ਕਰਦੇ ਹਾਂ, ਉਹ ਸਾਨੂੰ ਸ਼ਾਂਤੀ, ਆਰਾਮ ਅਤੇ ਉਹ ਸਭ ਕੁਝ ਦੇ ਸਕਦਾ ਹੈ ਜਿਸ ਦੀ ਸਾਨੂੰ ਲੋੜ ਹੈ। ਆਪਣੀ ਜਵਾਨੀ ਵਿੱਚ, ਸਾਨੂੰ ਪਰਮੇਸ਼ੁਰ ਦੇ ਸਾਹਮਣੇ ਇੱਕ

---

[52] Robert S. Feldman, *Discovering the Lifespan,* 2nd ed. (Upper Saddle River, NJ: Pearson, 2012), 317.

ਸ਼ਾਂਤੀ ਅਤੇ ਚੁੱਪ ਬਣਾਈ ਰੱਖਣਾ ਸਿੱਖਣਾ ਚਾਹੀਦਾ ਹੈ ਅਤੇ ਉਸ ਦੀ ਅਗਵਾਈ ਦੀ ਉਡੀਕ ਕਰਨੀ ਚਾਹੀਦੀ ਹੈ (ਜ਼ਬੂਰ 46:10, ਵਿਰਲਾਪ 3:25-27)।

► ਉਨ੍ਹਾਂ ਤਣਾਅਪੂਰਨ ਸਥਿਤੀਆਂ ਦੀ ਸੂਚੀ ਬਣਾਓ ਜੋ ਤੁਸੀਂ ਹੁਣ ਅਨੁਭਵ ਕਰ ਰਹੇ ਹੋ। ਪਰਮੇਸ਼ੁਰ ਦੇ ਬਚਨ ਦੇ ਆਧਾਰ 'ਤੇ ਤੁਹਾਡਾ ਜਵਾਬ ਕੀ ਹੋਣਾ ਚਾਹੀਦਾ ਹੈ?

## ਸਮੂਹ ਵਿੱਚ ਚਰਚਾ ਲਈ

► ਇਸ ਪਾਠ ਵਿੱਚ, ਤੁਹਾਡੇ ਲਈ ਕਿਹੜੇ ਵਿਚਾਰ ਜਾਂ ਸਿਧਾਂਤ ਨਵੇਂ ਸਨ? ਤੁਸੀਂ ਹੋਰ ਕਿਹੜੇ ਬਾਈਬਲੀ ਸਿਧਾਂਤਾਂ ਬਾਰੇ ਸੋਚਿਆ ਹੈ ਜੋ ਨੌਜਵਾਨ ਬਾਲਗ ਦੇ ਜੀਵਨ ਦੇ ਇਨ੍ਹਾਂ ਖੇਤਰਾਂ ਨਾਲ ਸਬੰਧਤ ਹਨ?

► ਇਸ ਪਾਠ ਵਿੱਚ ਤੁਸੀਂ ਜੋ ਪੜ੍ਹਿਆ ਹੈ ਉਸ ਨਾਲ ਤੁਹਾਡੀ ਨਿੱਜੀ ਜ਼ਿੰਦਗੀ ਕਿਵੇਂ ਪ੍ਰਭਾਵਿਤ ਹੋਵੇਗੀ?

► ਤੁਹਾਡੀ ਕਲੀਸਿਯਾ ਵਿੱਚ, ਨੌਜਵਾਨ ਬਾਲਗ ਵਿਸ਼ਵਾਸੀਆਂ ਵਿੱਚ ਇਨ੍ਹਾਂ ਵਿੱਚੋਂ ਕਿਹੜੇ ਵਿਸ਼ਿਆਂ ਨੂੰ ਸਭ ਤੋਂ ਵੱਧ ਸੰਬੋਧਿਤ ਕਰਨ ਦੀ ਲੋੜ ਹੈ?

► ਤੁਸੀਂ ਉਨ੍ਹਾਂ ਮਸੀਹੀ ਨੌਜਵਾਨ ਬਾਲਗਾਂ ਨੂੰ ਜੀਵਨ ਦੇ ਇਨ੍ਹਾਂ ਖੇਤਰਾਂ ਵਿੱਚ ਬਾਈਬਲ ਦੇ ਅਨੁਸਾਰ ਵਿਹਾਰ ਕਰਨ ਲਈ ਕਿਵੇਂ ਪ੍ਰਭਾਵਿਤ ਕਰ ਸਕਦੇ ਹੋ ਜਿਨ੍ਹਾਂ ਨੂੰ ਤੁਸੀਂ ਜਾਣਦੇ ਹੋ?

## ਪ੍ਰਾਰਥਨਾ

ਸਵਰਗੀ ਪਿਤਾ,

ਤੇਰਾ ਧੰਨਵਾਦ ਕਿ ਤੇਰਾ ਬਚਨ ਸਾਨੂੰ ਸਿਖਾਉਂਦਾ ਹੈ ਕਿ ਜੀਵਨ ਦੇ ਹਰ ਪੜਾਅ ਵਿੱਚ ਤੇਰੇ ਲਈ ਕਿਵੇਂ ਜੀਣਾ ਹੈ। ਸਾਡੇ ਜਵਾਨ ਬਾਲਗ ਸਾਲਾਂ ਵਿੱਚ ਫਲਦਾਇਕ ਅਤੇ ਉਤਪਾਦਕ ਜੀਵਨ ਜੀਣ ਲਈ ਸਾਨੂੰ ਤਿਆਰ ਕਰਨ ਲਈ ਤੇਰਾ ਧੰਨਵਾਦ।

ਤੇਰੇ ਦੁਆਰਾ ਸਾਨੂੰ ਦਿੱਤੀ ਗਈ ਤਾਕਤ, ਸਰੋਤਾਂ ਅਤੇ ਮੌਕਿਆਂ ਦੇ ਵਫ਼ਾਦਾਰ ਪ੍ਰਬੰਧਕ ਬਣ ਕੇ ਤੇਰੀ ਵਡਿਆਈ ਕਰਨ ਵਿੱਚ ਸਾਡੀ ਮਦਦ ਕਰ। ਦੂਜਿਆਂ ਉੱਤੇ ਈਸ਼ੁਰੀ ਪ੍ਰਭਾਵ ਪਾਉਣ ਅਤੇ ਈਸ਼ੁਰੀ ਦੋਸਤਾਂ ਅਤੇ ਸਲਾਹਕਾਰਾਂ ਦੀ ਚੋਣ ਕਰਨ ਵਿੱਚ ਸਾਡੀ ਮਦਦ ਕਰ।

ਸਾਡੀ ਮਦਦ ਕਰ ਕਿ ਅਸੀਂ ਸਮਝਦਾਰੀ ਦੇ ਫੈਸਲੇ ਲਈਏ ਅਤੇ ਆਪਣੇ ਸਰੀਰ, ਮਨ ਅਤੇ ਆਤਮਾਵਾਂ ਨਾਲ ਤੇਰਾ ਆਦਰ ਕਰੀਏ।

ਆਮੀਨ

## ਪਾਠ ਕਾਰਜ

(1) 1 ਤਿਮੋਥਿਉਸ 4:12 ਵਿੱਚ, ਪੌਲੁਸ ਨੇ ਤਿਮੋਥਿਉਸ ਨੂੰ ਖਾਸ ਖੇਤਰਾਂ ਵਿੱਚ ਇੱਕ ਉਦਾਹਰਣ ਬਣਨ ਦੀ ਹਿਦਾਇਤ ਦਿੱਤੀ। ਲਿਖਤੀ ਰੂਪ ਵਿੱਚ, ਇਨ੍ਹਾਂ ਵਿੱਚੋਂ ਹਰੇਕ ਖੇਤਰ ਨੂੰ ਪਰਿਭਾਸ਼ਿਤ ਕਰੋ। ਫਿਰ ਵਰਣਨ ਕਰੋ ਕਿ ਇਨ੍ਹਾਂ ਵਿੱਚੋਂ ਹਰੇਕ ਖੇਤਰ ਨੂੰ ਇੱਕ ਨੌਜਵਾਨ ਬਾਲਗ ਦੇ ਜੀਵਨ ਵਿੱਚ ਕਿਵੇਂ ਜੀਵਿਆ ਜਾ ਸਕਦਾ ਹੈ। ਹਰੇਕ ਲਈ ਘੱਟੋ-ਘੱਟ ਇੱਕ ਵਿਹਾਰਕ ਉਦਾਹਰਣ ਦਿਓ।

(2) ਇਸ ਪਾਠ ਵਿੱਚੋਂ ਇੱਕ ਵਿਸ਼ਾ ਚੁਣੋ:

- ਪਰਿਪੱਕਤਾ ਅਤੇ ਚਰਿੱਤਰ
- ਕੰਮ
- ਵਿੱਤ
- ਨਜ਼ਦੀਕੀ ਦੋਸਤ
- ਫੈਸਲੇ ਲੈਣਾ
- ਸਰੀਰਕ ਸਿਹਤ
- ਤਣਾਅ

ਆਪਣੇ ਚੁਣੇ ਹੋਏ ਵਿਸ਼ੇ ਬਾਰੇ ਘੱਟੋ-ਘੱਟ ਤਿੰਨ ਪੈਰੇ ਲਿਖੋ:

- ਉਸ ਵਿਸ਼ੇ ਨਾਲ ਸਬੰਧਤ ਬਾਈਬਲੀ ਸਿਧਾਂਤਾਂ ਦਾ ਸਾਰ ਦਿਓ।
- ਕੁਝ ਸਕਾਰਾਤਮਕ ਨਤੀਜਿਆਂ ਦੀ ਵਿਆਖਿਆ ਕਰੋ ਜੋ ਉਨ੍ਹਾਂ ਸਿਧਾਂਤਾਂ ਦੀ ਪਾਲਣਾ ਕਰਨ ਨਾਲ ਆਉਂਦੇ ਹਨ।
- ਕੁਝ ਨਕਾਰਾਤਮਕ ਨਤੀਜਿਆਂ ਦਾ ਵਰਣਨ ਕਰੋ ਜੋ ਉਦੋਂ ਆਉਂਦੇ ਹਨ ਜਦੋਂ ਇਨ੍ਹਾਂ ਸਿਧਾਂਤਾਂ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ।

ਜਦੋਂ ਤੁਸੀਂ ਸਕਾਰਾਤਮਕ ਅਤੇ ਨਕਾਰਾਤਮਕ ਨਤੀਜਿਆਂ ਬਾਰੇ ਲਿਖ ਰਹੇ ਹੋ, ਤਾਂ ਇੱਕ ਵਿਅਕਤੀ ਦੀਆਂ ਚੋਣਾਂ ਦੇ ਵੱਖ-ਵੱਖ ਲੋਕਾਂ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਸੋਚਣਾ ਯਕੀਨੀ ਬਣਾਓ: ਉਹ ਵਿਅਕਤੀ, ਉਨ੍ਹਾਂ ਦਾ ਪਰਿਵਾਰ, ਉਨ੍ਹਾਂ ਦਾ ਭਾਈਚਾਰਾ, ਅਤੇ ਉਨ੍ਹਾਂ ਦੀ ਕਲੀਸਿਯਾ।

# ਅੰਤਿਕਾ A
# ਔਰਤਾਂ ਲਈ ਆਦਰ

## ਯਿਸੂ ਵੱਲੋਂ ਔਰਤਾਂ ਪ੍ਰਤੀ ਆਦਰ ਦੀ ਉਦਾਹਰਣ

ਪਹਿਲੀ ਸਦੀ ਦੇ ਰੋਮੀ ਸੰਸਾਰ ਅਤੇ ਯਹੂਦੀ ਧਰਮ ਵਿੱਚ ਔਰਤਾਂ ਨੂੰ ਮਰਦਾਂ ਨਾਲੋਂ ਨੀਵਾਂ ਸਮਝਿਆ ਜਾਂਦਾ ਸੀ। ਦੁਨੀਆਂ ਭਰ ਦੇ ਬਹੁਤ ਸਾਰੇ ਸੱਭਿਆਚਾਰਾਂ ਅਤੇ ਬਹੁਤ ਸਾਰੇ ਘਰਾਂ ਵਿੱਚ ਔਰਤਾਂ ਪ੍ਰਤੀ ਇੱਕ ਨੀਵਾਂ ਨਜ਼ਰੀਆ ਅਜੇ ਵੀ ਪ੍ਰਚਲਿਤ ਹੈ। ਔਰਤਾਂ ਦਾ ਨਿਰਾਦਰ ਕੀਤਾ ਜਾਂਦਾ ਹੈ, ਲਿੰਗਕ ਵਸਤੂਆਂ ਵਜੋਂ ਵਰਤਿਆ ਜਾਂਦਾ ਹੈ ਅਤੇ ਦੁਰਵਿਹਾਰ ਕੀਤਾ ਜਾਂਦਾ ਹੈ। ਪਰ ਯਿਸੂ ਦਾ ਔਰਤਾਂ ਪ੍ਰਤੀ ਉੱਚ ਆਦਰ ਸਾਡੇ ਲਈ ਉਦਾਹਰਣ ਵਜੋਂ ਹੋਣਾ ਚਾਹੀਦਾ ਹੈ।

ਮਸੀਹ ਲਈ, ਔਰਤਾਂ ਵਿੱਚ ਮਰਦਾਂ ਦੇ ਬਰਾਬਰ ਸੁਭਾਵਿਕ ਮਾਣ ਅਤੇ ਮਹੱਤਵ ਹੈ। ਯਿਸੂ ਨੇ ਕਿਹਾ, "ਜਿਸ ਨੇ ਉਨ੍ਹਾਂ ਨੂੰ ਬਣਾਇਆ ਉਹ ਨੇ ਮੁੱਢੋਂ ਉਨ੍ਹਾਂ ਨੂੰ ਨਰ ਅਤੇ ਨਾਰੀ ਬਣਾਇਆ" (ਮੱਤੀ 19:4, ਉਤਪਤ 1:27)। ਔਰਤਾਂ ਨੂੰ ਪਰਮੇਸ਼ੁਰ ਦੇ ਸਰੂਪ ਉੱਤੇ ਬਣਾਇਆ ਗਿਆ ਹੈ ਜਿਵੇਂ ਕਿ ਮਰਦ ਹਨ। ਮਰਦਾਂ ਵਾਂਗ, ਉਨ੍ਹਾਂ ਕੋਲ ਸਵੈ-ਜਾਗਰੂਕਤਾ, ਨਿੱਜੀ ਆਜ਼ਾਦੀ, ਸਵੈ-ਨਿਰਣੇ ਦਾ ਇੱਕ ਮਾਪ ਹੈ, ਅਤੇ ਉਨ੍ਹਾਂ ਦੇ ਕੰਮਾਂ ਲਈ ਨਿੱਜੀ ਜ਼ਿੰਮੇਵਾਰੀ ਹੈ। ਯਿਸੂ ਔਰਤਾਂ ਨੂੰ ਸੱਚੇ ਵਿਅਕਤੀਆਂ ਵਜੋਂ ਵੇਖਦਾ ਹੈ, ਨਾ ਕਿ ਸਿਰਫ਼ ਮਰਦਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਵਾਲੀਆਂ ਵਸਤੂਆਂ ਦੇ ਵਜੋਂ। ਉਸ ਨੇ ਉਨ੍ਹਾਂ ਨੂੰ ਉਨ੍ਹਾਂ ਵਿਅਕਤੀਆਂ ਵਜੋਂ ਵੇਖਿਆ ਜਿਨ੍ਹਾਂ ਲਈ ਉਹ ਦੁਨੀਆਂ ਵਿੱਚ ਆਇਆ ਸੀ (ਲੂਕਾ 8:1-3)।

ਜੇਮਜ਼ ਬੋਰਲੈਂਡ, ਜੌਨ ਪਾਈਪਰ ਅਤੇ ਵੇਨ ਗਰੂਡੇਮ ਦੇ ਨਾਲ, ਚਾਰ ਇੰਜੀਲਾਂ ਵਿੱਚ ਪਾਏ ਜਾਣ ਵਾਲੇ ਯਿਸੂ ਦੇ ਔਰਤਾਂ ਪ੍ਰਤੀ ਉੱਚ ਦ੍ਰਿਸ਼ਟੀਕੋਣ ਅਤੇ ਔਰਤਾਂ ਪ੍ਰਤੀ ਉਸ ਦੇ ਆਦਰ ਦੀਆਂ ਇਹ ਸਪੱਸ਼ਟ ਉਦਾਹਰਣਾਂ ਪੇਸ਼ ਕਰਦੇ ਹਨ:

### (1) ਯਿਸੂ ਨੇ ਨਿਯਮਿਤ ਤੌਰ 'ਤੇ ਜਨਤਕ ਤੌਰ 'ਤੇ ਔਰਤਾਂ ਨੂੰ ਸਿੱਧੇ ਤੌਰ 'ਤੇ ਸੰਬੋਧਿਤ ਕੀਤਾ।

ਯਿਸੂ ਦੇ ਦਿਨਾਂ ਵਿੱਚ ਇੱਕ ਆਦਮੀ ਲਈ ਇਹ ਕਰਨਾ ਅਸਾਧਾਰਣ ਸੀ (ਯੂਹੰਨਾ 4:27)। ਚੇਲੇ ਯਿਸੂ ਨੂੰ ਸੁਖਾਰ ਦੇ ਖੂਹ 'ਤੇ ਸਾਮਰੀ ਔਰਤ ਨਾਲ ਗੱਲ ਕਰਦੇ ਵੇਖ ਕੇ ਹੈਰਾਨ ਹੋਏ (ਯੂਹੰਨਾ 4:7-26)। ਉਸ ਨੇ ਵਿਭਚਾਰ ਵਿੱਚ ਫੜੀ ਗਈ ਔਰਤ ਨਾਲ ਵੀ ਖੁੱਲ੍ਹ ਕੇ ਗੱਲ ਕੀਤੀ (ਯੂਹੰਨਾ 8:10-11)। ਲੂਕਾ ਦੱਸਦਾ ਹੈ ਕਿ ਯਿਸੂ ਨੇ ਨਾਇਨ ਦੀ ਵਿਧਵਾ (ਲੂਕਾ 7:12-13), ਲਹੂ ਵਹਿਣ ਦੀ ਬਿਮਾਰੀ ਵਾਲੀ ਔਰਤ (ਲੂਕਾ 8:48, ਮੱਤੀ 9:22, ਮਰਕੁਸ 5:34), ਅਤੇ ਇੱਕ ਔਰਤ ਨਾਲ ਜਨਤਕ ਤੌਰ 'ਤੇ ਗੱਲ ਕੀਤੀ ਜਿਸ ਨੇ ਭੀੜ ਵਿੱਚੋਂ ਉਸ ਨੂੰ ਬੁਲਾਇਆ (ਲੂਕਾ 11:27-28)। ਯਿਸੂ ਨੇ 18 ਸਾਲਾਂ ਤੋਂ ਕੁੱਬੀ ਹੋਈ ਇੱਕ ਔਰਤ (ਲੂਕਾ 13:12) ਅਤੇ ਸਲੀਬ ਦੇ ਰਸਤੇ 'ਤੇ ਔਰਤਾਂ ਦੇ ਇੱਕ ਸਮੂਹ (ਲੂਕਾ 23:27-31) ਨੂੰ ਸੰਬੋਧਿਤ ਕੀਤਾ।

**(2) ਯਿਸੂ ਨੇ ਔਰਤਾਂ ਨਾਲ ਗੱਲ ਕਰਨ ਦੇ ਤਰੀਕੇ ਦੁਆਰਾ ਉਨ੍ਹਾਂ ਪ੍ਰਤੀ ਆਪਣਾ ਆਦਰ ਅਤੇ ਉੱਚ ਸਨਮਾਨ ਵਿਖਾਇਆ।**

ਉਸ ਨੇ ਸੋਚ-ਸਮਝ ਕੇ, ਦੇਖਭਾਲ ਕਰਨ ਵਾਲੇ ਢੰਗ ਨਾਲ ਗੱਲ ਕੀਤੀ। ਮੱਤੀ, ਮਰਕੁਸ ਅਤੇ ਲੂਕਾ ਦਰਜ ਕਰਦੇ ਹਨ ਕਿ ਯਿਸੂ ਨੇ ਲਹੂ ਵਹਿਣ ਦੀ ਬਿਮਾਰੀ ਵਾਲੀ ਔਰਤ ਨੂੰ "ਬੇਟੀ" ਕਿਹਾ ਅਤੇ ਅਪਾਹਜ ਔਰਤ ਨੂੰ "ਅਬਰਾਹਾਮ ਦੀ ਧੀ" ਕਿਹਾ (ਲੂਕਾ 13:16)। ਉਨ੍ਹਾਂ ਨੂੰ "ਅਬਰਾਹਾਮ ਦੀਆਂ ਧੀਆਂ" ਕਹਿ ਕੇ ਯਿਸੂ ਉਨ੍ਹਾਂ ਨੂੰ "ਅਬਰਾਹਾਮ ਦੇ ਪੁੱਤਰਾਂ" ਦੇ ਬਰਾਬਰ ਆਤਮਿਕ ਦਰਜਾ ਦਿੰਦਾ ਹੈ।

**(3) ਯਿਸੂ ਔਰਤਾਂ ਦੇ ਅੰਦਰੂਨੀ ਮਹੱਤਵ ਨੂੰ ਉਨ੍ਹਾਂ ਦੇ ਪਾਪਾਂ ਲਈ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਜ਼ਿੰਮੇਵਾਰ ਠਹਿਰਾ ਕੇ ਦਰਸਾਉਂਦਾ ਹੈ।**

ਇਹ ਖੂਹ 'ਤੇ ਔਰਤ ਨਾਲ ਉਸ ਦੇ ਵਿਹਾਰ (ਯੂਹੰਨਾ 4:16-18), ਵਿਭਚਾਰੀ ਔਰਤ (ਯੂਹੰਨਾ 8:10-11), ਅਤੇ ਉਸ ਪਾਪੀ ਔਰਤ ਨਾਲ ਜਿਸ ਨੇ ਉਸ ਦੇ ਪੈਰਾਂ 'ਤੇ ਅਤਰ ਮਲਿਆ ਸੀ, (ਲੂਕਾ 7:44-50) ਵਿੱਚ ਵੇਖਿਆ ਜਾ ਸਕਦਾ ਹੈ। ਉਨ੍ਹਾਂ ਦੇ ਪਾਪ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਗਿਆ ਸੀ ਸਗੋਂ ਉਸ ਦਾ ਸਾਹਮਣਾ ਕੀਤਾ ਗਿਆ ਸੀ। ਉਸ ਦੇ ਕੰਮ ਨੇ ਵਿਖਾਇਆ ਕਿ ਹਰੇਕ ਔਰਤ ਕੋਲ ਨਿੱਜੀ ਆਜ਼ਾਦੀ ਸੀ, ਉਹ ਆਪਣੀਆਂ ਚੋਣਾਂ ਲਈ ਜ਼ਿੰਮੇਵਾਰ ਸੀ, ਅਤੇ ਉਸ ਨੂੰ ਪਾਪ, ਤੋਬਾ ਅਤੇ ਮਾਫ਼ੀ ਦੇ ਮੁੱਦਿਆਂ ਨਾਲ ਨਿੱਜੀ ਤੌਰ 'ਤੇ ਨਜਿੱਠਣਾ ਚਾਹੀਦਾ ਸੀ।

## ਜਿਵੇਂ ਯਿਸੂ ਔਰਤਾਂ ਨੂੰ ਮਹੱਤਵ ਦਿੰਦਾ ਹੈ ਉਹ ਤਰੀਕਾ ਅੱਜ ਕਲੀਸਿਯਾ ਨੂੰ ਕਿਵੇਂ ਸੇਧ ਦੇਵੇ

ਅੱਜ ਬਹੁਤ ਸਾਰੀਆਂ ਕਲੀਸਿਯਾਵਾਂ ਅਤੇ ਸੰਪਰਦਾਵਾਂ ਵਿੱਚ ਸੇਵਕਾਈ ਅਤੇ ਘਰ ਵਿੱਚ ਔਰਤਾਂ ਦੀ ਆਦਰਸ਼ ਬਾਈਬਲੀ ਭੂਮਿਕਾ ਬਾਰੇ ਚਰਚਾ ਕੀਤੀ ਜਾ ਰਹੀ ਹੈ, ਜਿਵੇਂ ਕਿ ਇਹ ਹੋਣੀ ਚਾਹੀਦੀ ਹੈ, ਫਿਰ ਵੀ ਪਰਮੇਸ਼ੁਰ ਦੇ ਸਰੂਪ ਵਿੱਚ ਬਣੇ ਹੋਏ ਵਿਅਕਤੀਆਂ ਵਜੋਂ ਔਰਤਾਂ ਦੇ ਮਹੱਤਵ ਅਤੇ ਸਮਾਨਤਾ 'ਤੇ ਕਦੇ ਵੀ ਸਵਾਲ ਨਹੀਂ ਉਠਾਇਆ ਜਾਣਾ ਚਾਹੀਦਾ। ਯਿਸੂ ਨੇ ਲਗਾਤਾਰ ਔਰਤਾਂ ਦੇ ਮਹੱਤਵ ਅਤੇ ਸਨਮਾਨ ਨੂੰ ਵਿਅਕਤੀਆਂ ਵਜੋਂ ਦਰਸਾਇਆ। ਯਿਸੂ ਨੇ ਔਰਤਾਂ ਨੂੰ ਆਪਣੇ ਜੀ ਉੱਠਣ ਦੇ ਪਹਿਲੇ ਸੰਦੇਸ਼ਵਾਹਕ ਵਜੋਂ ਨਿਯੁਕਤ ਕੀਤਾ (ਯੂਹੰਨਾ 20:17)। ਉਹ ਉਨ੍ਹਾਂ ਦੀ ਸੰਗਤ, ਪ੍ਰਾਰਥਨਾਵਾਂ, ਮਸੀਹੀ ਸੇਵਾ, ਵਿੱਤੀ ਸਹਾਇਤਾ, ਗਵਾਹੀ ਅਤੇ ਗਵਾਹੀ ਦੇਣ ਦੀ ਕਦਰ ਕਰਦਾ ਸੀ। ਯਿਸੂ ਨੇ ਔਰਤਾਂ ਦਾ ਆਦਰ ਕੀਤਾ, ਔਰਤਾਂ ਨੂੰ ਸਿਖਾਇਆ, ਅਤੇ ਸੋਚ-ਸਮਝ ਕੇ ਔਰਤਾਂ ਦੀ ਸੇਵਾ ਕੀਤੀ।

## ਨਵੇਂ ਨੇਮ ਵਿੱਚ ਵਿਖਾਇਆ ਗਿਆ ਔਰਤਾਂ ਲਈ ਆਦਰ

ਯਿਸੂ ਦੀ ਔਰਤਾਂ ਪ੍ਰਤੀ ਆਦਰ ਦੀ ਉਦਾਹਰਣ ਪਵਿੱਤਰ ਆਤਮਾ ਦੇ ਜੀਵਨ ਵਿੱਚ ਵਿਖਾਈ ਦਿੰਦੀ ਹੈ। ਪੰਤੇਕੁਸਤ ਦੇ ਦਿਨ, ਪਵਿੱਤਰ ਆਤਮਾ ਪੁੱਤਰਾਂ ਅਤੇ ਧੀਆਂ, ਅਤੇ ਦਾਸਾਂ ਅਤੇ ਦਾਸੀਆਂ ਦੋਵਾਂ ਉੱਤੇ ਵਹਾਇਆ ਗਿਆ ਸੀ (ਰਸੂਲਾਂ ਦੇ ਕਰਤੱਬ 2:17-18)। ਪਵਿੱਤਰ ਆਤਮਾ ਨੇ ਕੋਈ ਪੱਖਪਾਤ ਨਹੀਂ ਵਿਖਾਇਆ।

ਰੋਮੀਆਂ 16 ਵਿੱਚ, ਪੌਲੁਸ ਫ਼ੀਬੀ ਨਾਮ ਦੀ ਇੱਕ ਔਰਤ ਦੀ ਕਲੀਸਿਯਾ ਦੀ ਸੇਵਕਾ ਵਜੋਂ ਤਾਰੀਫ਼ ਕਰਦਾ ਹੈ (ਆਇਤ 1), ਪ੍ਰਿਸਕਿੱਲਾ ਅਤੇ ਅਕੂਲਾ ਦੋਵਾਂ ਨੇ ਮਸੀਹ ਯਿਸੂ ਵਿੱਚ ਉਸ ਦੇ ਸਾਥੀ ਕਾਮਿਆਂ ਵਜੋਂ ਉਸ ਦੇ ਲਈ ਆਪਣੀਆਂ ਜਾਨਾਂ ਨੂੰ ਦਾਅ 'ਤੇ ਲਾਇਆ

(ਆਇਤ 3-4), ਮਰਿਯਮ ਸਖ਼ਤ ਮਿਹਨਤ ਕਰਨ ਵਾਲੀ ਸੀ (ਆਇਤ 6), ਜੂਨੀਆ ਰਸੂਲਾਂ ਲਈ ਜਾਣੀ ਜਾਂਦੀ ਸੀ (ਆਇਤ 7), ਅਤੇ ਹੋਰ ਔਰਤਾਂ ਨੂੰ ਵੀ ਸਨ।

1 ਥੱਸਲੁਨੀਕੀਆਂ ਵਿੱਚ ਪੌਲੁਸ ਔਰਤਾਂ ਵਿੱਚ ਪਰਮੇਸ਼ੁਰ ਦੁਆਰਾ ਤਿਆਰ ਕੀਤੀ ਗਈ ਕੋਮਲਤਾ ਅਤੇ ਮਾਂ ਦੇ ਪਿਆਰ ਦੀ ਤਾਰੀਫ਼ ਕਰਦਾ ਹੈ ਜਦੋਂ ਉਹ ਲਿਖਦਾ ਹੈ, "ਪਰ ਅਸੀਂ ਤੁਹਾਡੇ ਵਿੱਚ ਅਜੇਹੇ ਅਸੀਲ ਸਾਂ ਜਿਹੀ ਮਾਤਾ ਜੋ ਆਪਣੇ ਬੱਚਿਆਂ ਨੂੰ ਪਾਲਦੀ ਹੈ" (1 ਥੱਸਲੁਨੀਕੀਆਂ 2:7)। ਅਫ਼ਸੀਆਂ ਵਿੱਚ ਉਹ ਪਤੀਆਂ ਨੂੰ ਆਪਣੀਆਂ ਪਤਨੀਆਂ ਨਾਲ ਪਿਆਰ ਕਰਨ ਦਾ ਹੁਕਮ ਦਿੰਦਾ ਹੈ, "ਜਿਵੇਂ ਮਸੀਹ ਨੇ ਵੀ ਕਲੀਸਿਯਾ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਉਸ ਦੇ ਲਈ ਦੇ ਦਿੱਤਾ," ਅਤੇ ਆਪਣੇ ਸਰੀਰਾਂ ਵਾਂਗ (ਅਫ਼ਸੀਆਂ 5:25, 28)। ਪਤਰਸ ਪਤੀਆਂ ਨੂੰ ਅਪੀਲ ਕਰਦਾ ਹੈ ਕਿ "ਬੁੱਧ ਦੇ ਅਨੁਸਾਰ ਆਪਣੀਆਂ ਪਤਨੀਆਂ ਨਾਲ ਵੱਸੋ ਅਤੇ ਇਸਤ੍ਰੀ ਨੂੰ ਆਪਣੇ ਨਾਲੋਂ ਕੋਮਲ ਸਰੀਰ ਜਾਣ ਕੇ ਅਤੇ... ਆਦਰ ਕਰੇ (1 ਪਤਰਸ 3:7)।

ਸਪੱਸ਼ਟ ਤੌਰ 'ਤੇ, ਸ਼ੁਰੂਆਤੀ ਕਲੀਸਿਯਾ ਵਿੱਚ ਔਰਤਾਂ ਨੂੰ ਕੀਮਤੀ ਮੰਨਿਆ ਜਾਂਦਾ ਸੀ, ਅਤੇ ਮਰਦਾਂ ਨੂੰ ਔਰਤਾਂ ਦਾ ਆਦਰ ਕਰਨਾ ਸਿਖਾਇਆ ਜਾਂਦਾ ਸੀ। ਇਹ ਸਮਾਂ ਆ ਗਿਆ ਹੈ ਕਿ ਹਰ ਜਗ੍ਹਾ ਆਤਮਿਕ ਆਗੂ ਔਰਤਾਂ ਲਈ ਖੜ੍ਹੇ ਹੋਣ ਅਤੇ ਹਰ ਸੱਭਿਆਚਾਰ ਵਿੱਚ ਉਨ੍ਹਾਂ ਦੇ ਦੁਰਵਿਹਾਰ ਦੇ ਵਿਰੁੱਧ ਖੜ੍ਹੇ ਹੋਣ। ਇਹ ਸਮਾਂ ਆ ਗਿਆ ਹੈ ਕਿ ਅਸੀਂ ਔਰਤਾਂ ਦੀ ਉਨ੍ਹਾਂ ਦੇ ਸਿਰਜਣਹਾਰ ਦੁਆਰਾ ਉਸ ਦੇ ਸਰੂਪ ਵਿੱਚ ਵਿਲੱਖਣ ਤੌਰ 'ਤੇ ਰਚੇ ਗਏ ਵਿਅਕਤੀਆਂ ਵਜੋਂ ਕਦਰ ਕਰੀਏ। ਕਲੀਸਿਯਾ ਜਾਂ ਘਰ ਵਿੱਚ, ਮਰਦ ਅਤੇ ਔਰਤ ਦੀ ਭੂਮਿਕਾ ਦੇ ਵਿੱਚ ਭਿੰਨਤਾ ਬਾਰੇ ਕੋਈ ਵੀ ਸਿੱਖਿਆ ਇਸ ਨੀਂਹ ਨਾਲ ਸ਼ੁਰੂ ਹੋਣੀ ਚਾਹੀਦੀ ਹੈ, ਨਹੀਂ ਤਾਂ ਸਾਡੀ ਸਿੱਖਿਆ ਦੁਰਵਿਹਾਰ ਦਾ ਰਸਤਾ ਬਣ ਜਾਂਦੀ ਹੈ।

### ਸਮੂਹ ਵਿੱਚ ਚਰਚਾ ਲਈ

► ਆਪਣੇ ਸੱਭਿਆਚਾਰ ਵਿੱਚ ਮਰਦਾਂ ਅਤੇ ਔਰਤਾਂ ਵਿਚਕਾਰ ਕੀਤੇ ਜਾਣ ਵਾਲੇ ਅੰਤਰਾਂ ਦਾ ਵਰਣਨ ਕਰੋ। ਬਾਈਬਲ ਦੀ ਸੱਚਾਈ ਨੂੰ ਧਿਆਨ ਨਾਲ ਲਾਗੂ ਕਰਕੇ ਉਨ੍ਹਾਂ ਅੰਤਰਾਂ ਨੂੰ ਕਿਵੇਂ ਸੁਧਾਰਿਆ ਜਾਵੇਗਾ?

► ਤੁਹਾਡੇ ਦੇਸ ਵਿੱਚ ਕਲੀਸਿਯਾਵਾਂ ਔਰਤਾਂ ਨਾਲ ਮਰਦਾਂ ਨਾਲੋਂ ਵੱਖਰੇ ਢੰਗ ਨਾਲ ਕਿਵੇਂ ਪੇਸ਼ ਆਉਂਦੀਆਂ ਹਨ? ਕੀ ਕਲੀਸਿਯਾਵਾਂ ਅਤੇ ਸੱਭਿਆਚਾਰ ਵਿੱਚ ਕੋਈ ਅੰਤਰ ਹੈ?

► ਯਿਸੂ ਦੀ ਉਦਾਹਰਣ ਦੇ ਆਧਾਰ 'ਤੇ, ਕਿਹੜੇ ਰੀਤੀ-ਰਿਵਾਜ ਬਦਲਣੇ ਚਾਹੀਦੇ ਹਨ?

# ਅੰਤਿਕਾ B

# ਜਨਮ ਨਿਯੰਤਰਣ

## ਗਰਭ ਧਾਰਣ ਨੂੰ ਰੋਕਣ ਦੇ ਤਰੀਕੇ

ਡਾਕਟਰੀ ਵਿਗਿਆਨ ਨੇ ਉਨ੍ਹਾਂ ਲੋਕਾਂ ਲਈ ਗਰਭ ਧਾਰਣ ਨੂੰ ਰੋਕਣ ਦੇ ਤਰੀਕੇ ਵਿਕਸਤ ਕੀਤੇ ਹਨ ਜੋ ਲਿੰਗਕ ਗਤੀਵਿਧੀ ਕਰਨਾ ਚਾਹੁੰਦੇ ਹਨ ਪਰ ਬੱਚੇ ਨਹੀਂ ਚਾਹੁੰਦੇ। ਗਰਭ ਧਾਰਣ ਨੂੰ ਰੋਕਣ ਦੇ ਤਰੀਕਿਆਂ ਲਈ ਵਰਤਿਆ ਜਾਣ ਵਾਲਾ ਸ਼ਬਦ *ਗਰਭ ਨਿਰੋਧ* ਹੈ। ਗਰਭ ਨਿਰੋਧ ਦੇ ਕਈ ਤਰੀਕੇ ਹਨ:

1. ਗੋਲੀਆਂ ਜੋ ਔਰਤ ਦੇ ਸਰੀਰ ਨੂੰ ਅੰਡੇ ਪੈਦਾ ਕਰਨ ਤੋਂ ਰੋਕਦੀਆਂ ਹਨ
2. ਗੋਲੀਆਂ ਜੋ ਗਰਭਧਾਰਣ ਤੋਂ ਬਾਅਦ ਅੰਡੇ ਨੂੰ ਮਾਰਦੀਆਂ ਹਨ
3. ਭੌਤਿਕ ਉਪਕਰਣ ਜੋ ਸ਼ੁਕਰਾਣੂ ਨੂੰ ਔਰਤ ਵਿੱਚ ਦਾਖਲ ਹੋਣ ਤੋਂ ਰੋਕਦੇ ਹਨ

ਹਰ ਮਹੀਨੇ ਕੁਝ ਦਿਨਾਂ ਦਾ ਸਮਾਂ ਹੁੰਦਾ ਹੈ ਜਦੋਂ ਇੱਕ ਔਰਤ ਗਰਭ ਧਾਰਣ ਦੇ ਯੋਗ ਹੁੰਦੀ ਹੈ। ਇੱਕ ਜੋੜਾ ਔਰਤ ਦੇ ਸਰੀਰ ਦੀ ਸਮਾਂ-ਸਾਰਣੀ ਸਿੱਖ ਸਕਦਾ ਹੈ ਤਾਂ ਜੋ ਉਹ ਉਸ ਸਮੇਂ ਦੌਰਾਨ ਲਿੰਗਕ ਗਤੀਵਿਧੀ ਤੋਂ ਬਚ ਸਕਣ ਜਦੋਂ ਔਰਤ ਗਰਭਵਤੀ ਹੋ ਸਕਦੀ ਹੈ। ਗਰਭ ਧਾਰਣ ਨੂੰ ਰੋਕਣ ਦੇ ਇਸ ਚੌਥੇ ਤਰੀਕੇ ਨੂੰ ਗਰਭ ਨਿਰੋਧਕ ਨਹੀਂ ਮੰਨਿਆ ਜਾਂਦਾ।

## ਕਾਰਣ, ਜਿਨ੍ਹਾਂ ਕਰਕੇ ਲੋਕ ਗਰਭ ਨਿਰੋਧਕ ਵਰਤਦੇ ਹਨ

ਕੁਝ ਸੰਗਠਨ ਬਿਮਾਰੀ ਦੇ ਫੈਲਣ ਨੂੰ ਘਟਾਉਣ ਅਤੇ ਉਨ੍ਹਾਂ ਲੋਕਾਂ ਵਿੱਚ ਗਰਭ ਧਾਰਣ ਨੂੰ ਰੋਕਣ ਲਈ ਕੰਡੋਮ ਦੀ ਵਰਤੋਂ ਕਰਨ ਦੀ ਸਿਫਾਰਸ਼ ਕਰਦੇ ਹਨ ਜੋ ਆਪਣੀ ਲਿੰਗਕ ਗਤੀਵਿਧੀ ਨੂੰ ਜੀਵਨ ਸਾਥੀ ਤੱਕ ਸੀਮਤ ਨਹੀਂ ਰੱਖਦੇ। ਵਿਆਹ ਤੋਂ ਬਾਹਰ ਗਰਭ ਨਿਰੋਧਕਾਂ ਦੀ ਵਰਤੋਂ ਬਾਰੇ ਇੱਥੇ ਚਰਚਾ ਨਹੀਂ ਕੀਤੀ ਗਈ ਹੈ। ਬਾਈਬਲ ਵਿਆਹ ਤੋਂ ਬਾਹਰ ਲਿੰਗਕ ਗਤੀਵਿਧੀ ਦੀ ਨਿੰਦਾ ਕਰਦੀ ਹੈ। ਈਵੈਂਜਲੀਕਲ ਮਸੀਹੀ ਮੰਨਦੇ ਹਨ ਕਿ ਬਿਮਾਰੀ ਤੋਂ ਬਚਣ ਅਤੇ ਵਿਆਹ ਤੋਂ ਬਾਹਰ ਗਰਭ ਧਾਰਣ ਨੂੰ ਰੋਕਣ ਦਾ ਸਹੀ ਤਰੀਕਾ ਵਿਆਹ ਲਈ ਲਿੰਗਕ ਗਤੀਵਿਧੀ ਨੂੰ ਰਾਖਵਾਂ ਰੱਖਣਾ ਹੈ।

ਕਈ ਕਾਰਨ ਹਨ ਕਿ ਕੁਝ ਵਿਆਹੇ ਜੋੜੇ ਗਰਭ ਨਿਰੋਧਕਾਂ ਦੀ ਵਰਤੋਂ ਕਰਦੇ ਹਨ:

- ਕਈ ਥਾਵਾਂ 'ਤੇ ਡਾਕਟਰੀ ਪੇਸ਼ੇਵਰ ਗਰੀਬ ਪਰਿਵਾਰਾਂ ਲਈ ਗਰਭ ਨਿਰੋਧਕਾਂ ਦੀ ਵਰਤੋਂ ਦੀ ਤਾਕੀਦ ਕਰਦੇ ਹਨ ਜੋ ਪਰਿਵਾਰ ਬਹੁਤ ਸਾਰੇ ਬੱਚਿਆਂ ਦਾ ਪਾਲਣ-ਪੋਸ਼ਣ ਕਰਨ ਵਿੱਚ ਸੰਘਰਸ਼ ਕਰਦੇ ਹਨ, ਤਾਂ ਜੋ ਘੱਟ ਬੱਚੇ ਪੈਦਾ ਹੋਣ।

- ਕਈ ਵਾਰ ਇੱਕ ਜੋੜਾ ਵਿਆਹ ਤੋਂ ਬਾਅਦ, ਬੱਚੇ ਪੈਦਾ ਕਰਨ ਤੋਂ ਪਹਿਲਾਂ ਕੁਝ ਸਮਾਂ ਉਡੀਕ ਕਰਨਾ ਚਾਹੁੰਦਾ ਹੈ ਕਿਉਂਕਿ ਉਨ੍ਹਾਂ ਨੂੰ ਪੈਸੇ ਬਚਾਉਣ ਜਾਂ ਕਿਸੇ ਤਰੀਕੇ ਨਾਲ ਆਪਣੀ ਰਹਿਣ-ਸਹਿਣ ਦੀ ਸਥਿਤੀ ਵਿੱਚ ਸੁਧਾਰ ਕਰਨ ਦੀ ਜ਼ਰੂਰਤ ਹੁੰਦੀ ਹੈ।
- ਇੱਕ ਜੋੜਾ ਬੱਚਿਆਂ ਦੇ ਜਨਮ ਦੇ ਵਿਚਕਾਰ ਸਮਾਂ ਵਧਾਉਣ ਲਈ ਗਰਭ ਨਿਰੋਧਕਾਂ ਦੀ ਵਰਤੋਂ ਕਰ ਸਕਦਾ ਹੈ।
- ਕਈ ਵਾਰ ਇੱਕ ਜੋੜਾ ਗਰਭ ਨਿਰੋਧਕਾਂ ਦੀ ਵਰਤੋਂ ਕਰਦਾ ਹੈ ਕਿਉਂਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਕੋਲ ਓਨੇ ਬੱਚੇ ਹਨ ਜਿੰਨੇ ਉਹ ਚਾਹੁੰਦੇ ਹਨ ਅਤੇ ਉਹ ਹੋਰ ਬੱਚੇ ਨਹੀਂ ਚਾਹੁੰਦੇ ਹਨ।
- ਕਈ ਵਾਰ ਇੱਕ ਔਰਤ ਨੂੰ ਸਿਹਤ ਸੰਬੰਧੀ ਸਮੱਸਿਆਵਾਂ ਹੁੰਦੀਆਂ ਹਨ, ਅਤੇ ਇੱਕ ਡਾਕਟਰ ਉਸ ਨੂੰ ਗਰਭ ਨਿਰੋਧਕ ਵਰਤਣ ਦੀ ਸਲਾਹ ਦਿੰਦਾ ਹੈ ਕਿਉਂਕਿ ਗਰਭ ਅਵਸਥਾ ਉਸ ਦੇ ਅਤੇ ਬੱਚੇ ਲਈ ਖ਼ਤਰਨਾਕ ਹੋਵੇਗੀ।

## ਗਰਭ ਨਿਰੋਧਕਾਂ ਬਾਰੇ ਕਲੀਸਿਯਾਵਾਂ ਵਿੱਚ ਬਹਿਸ

ਬਾਈਬਲ ਖਾਸ ਤੌਰ 'ਤੇ ਇਸ ਬਾਰੇ ਗੱਲ ਨਹੀਂ ਕਰਦੀ ਕਿ ਗਰਭ ਧਾਰਣ ਨੂੰ ਰੋਕਣ ਦੀ ਕੋਸ਼ਿਸ਼ ਕਰਨਾ ਸਹੀ ਹੈ ਜਾਂ ਨਹੀਂ। ਰੋਮਨ ਕੈਥੋਲਿਕ ਕਲੀਸਿਯਾ ਗਰਭ ਨਿਰੋਧਕਾਂ ਦੀ ਵਰਤੋਂ ਦੀ ਨਿੰਦਾ ਕਰਦੀ ਹੈ ਪਰ ਗਰਭ ਧਾਰਣ ਤੋਂ ਬਚਣ ਦੀ ਸਮਾਂ-ਸਾਰਣੀ ਵਿਧੀ ਦੀ ਆਗਿਆ ਦਿੰਦੀ ਹੈ। ਪੂਰਬੀ ਆਰਥੋਡਾਕਸ ਕਲੀਸਿਯਾ ਦੇ ਕੁਝ ਆਗੂ ਗਰਭ ਧਾਰਣ ਦੀ ਰੋਕਥਾਮ ਦਾ ਵਿਰੋਧ ਕਰਦੇ ਹਨ, ਪਰ ਸਾਰੇ ਨਹੀਂ। ਪ੍ਰੋਟੈਸਟੈਂਟ ਅਤੇ ਈਵੈਂਜਲੀਕਲ ਕਲੀਸਿਯਾਵਾਂ ਵਿੱਚ, ਕਈ ਤਰ੍ਹਾਂ ਦੇ ਸਿਧਾਂਤ ਹਨ।

ਕੁਝ ਕਲੀਸਿਯਾਵਾਂ ਦੁਆਰਾ ਗਰਭ ਨਿਰੋਧਕਾਂ ਤੋਂ ਮਨ੍ਹਾਂ ਵਰਜਿਤ ਕਰਨ ਦੇ ਕਾਰਨਾਂ ਵਜੋਂ ਹੇਠ ਲਿਖੇ ਨੁਕਤੇ ਵਰਤੇ ਜਾਂਦੇ ਹਨ। ਹਰੇਕ ਤੋਂ ਬਾਅਦ ਇੱਕ ਵਾਧੂ ਦ੍ਰਿਸ਼ਟੀਕੋਣ ਦੇਣ ਵਾਲੀ ਚਰਚਾ ਹੈ।

(1) ਬੱਚੇ ਪਰਮੇਸ਼ੁਰ ਵੱਲੋਂ ਇੱਕ ਵਰਦਾਨ ਅਤੇ ਵਿਆਹ ਦਾ ਉਦੇਸ਼ ਹਨ।

ਬੇਔਲਾਦ ਹੋਣ ਬਾਰੇ ਪਾਠ, ਪਰਮੇਸ਼ੁਰ ਵੱਲੋਂ ਬੱਚਿਆਂ ਦੀ ਬਖਸ਼ਿਸ਼ ਦਾ ਵਰਣਨ ਕਰਦਾ ਹੈ। ਕੁਝ ਕਲੀਸਿਯਾਵਾਂ ਮੰਨਦੀਆਂ ਹਨ ਕਿ ਪਰਮੇਸ਼ੁਰ ਵੱਲੋਂ ਬੱਚਿਆਂ ਨੂੰ ਦਿੱਤਾ ਜਾਣ ਵਾਲਾ ਮਹੱਤਵ ਗਰਭ ਨਿਰੋਧਕਾਂ ਤੋਂ ਮਨ੍ਹਾਂ ਕਰਨ ਦਾ ਇੱਕ ਕਾਰਨ ਹੈ। ਦੂਜੇ ਵਿਸ਼ਵਾਸੀ ਕਹਿਣਗੇ ਕਿ ਜੇਕਰ ਉਨ੍ਹਾਂ ਦੇ ਬੱਚੇ ਹਨ, ਤਾਂ ਵਾਧੂ ਗਰਭ ਧਾਰਣ ਨੂੰ ਰੋਕਣਾ ਗਲਤ ਨਹੀਂ ਹੈ, ਖਾਸ ਕਰਕੇ ਜੇ ਸਿਹਤ ਸੰਬੰਧੀ ਚਿੰਤਾਵਾਂ ਜਾਂ ਆਰਥਿਕ ਚੁਣੌਤੀਆਂ ਹਨ।

(2) ਗਰਭ ਨਿਰੋਧਕਾਂ ਦੀ ਵਰਤੋਂ ਅਨੈਤਿਕ ਲਿੰਗਕ ਗਤੀਵਿਧੀ ਨੂੰ ਇਸ ਦੇ ਨਤੀਜਿਆਂ ਤੋਂ ਬਚਾਉਣ ਲਈ ਕੀਤੀ ਜਾਂਦੀ ਹੈ।

ਇਹ ਤੱਥ ਕਿ ਉਨ੍ਹਾਂ ਨੂੰ ਅਨੈਤਿਕ ਉਦੇਸ਼ਾਂ ਲਈ ਵਰਤਿਆ ਜਾ ਸਕਦਾ ਹੈ, ਅਸਲ ਵਿੱਚ ਵਿਆਹੇ ਜੋੜਿਆਂ ਦੁਆਰਾ ਉਨ੍ਹਾਂ ਦੀ ਵਰਤੋਂ ਦੇ ਮੁੱਦੇ ਨਾਲ ਸੰਬੰਧਿਤ ਨਹੀਂ ਹੈ।

(3) ਗਰਭ ਨਿਰੋਧਕ ਲਿੰਗਕ ਗਤੀਵਿਧੀ ਨੂੰ ਸੁਆਰਥੀ ਅਤੇ ਅਪਵਿੱਤਰ ਬਣਾਉਂਦੇ ਹਨ, ਸੈਕਸ ਦੇ ਜਾਇਜ਼ ਉਦੇਸ਼ ਨੂੰ ਹਟਾ ਕੇ, ਜੋ ਕਿ ਬੱਚਿਆਂ ਨੂੰ ਪੈਦਾ ਕਰਨਾ ਹੈ।

ਜਦੋਂ ਕਿ ਇਹ ਸੱਚ ਹੈ ਕਿ ਲਿੰਗਕ ਗਤੀਵਿਧੀ ਸੁਆਰਥੀ ਜਾਂ ਅਪਵਿੱਤਰ ਹੋ ਸਕਦੀ ਹੈ, ਇਹ ਵਿਆਹੁਤਾ ਰਿਸ਼ਤੇ ਦਾ ਇੱਕ ਹਿੱਸਾ ਹੈ, ਸਿਰਫ਼ ਬੱਚਿਆਂ ਨੂੰ ਪੈਦਾ ਕਰਨ ਦੇ ਉਦੇਸ਼ ਨਾਲ ਹੀ ਨਹੀਂ (1 ਕੁਰਿੰਥੀਆਂ 7:3-5)। ਬਾਈਬਲ ਸਾਨੂੰ ਦੱਸਦੀ ਹੈ ਕਿ ਪਤੀਆਂ ਅਤੇ ਪਤਨੀਆਂ ਨੂੰ ਇਸ ਤਰੀਕੇ ਨਾਲ ਇੱਕ ਦੂਜੇ ਦੀ ਸੇਵਾ ਕਰਨੀ ਚਾਹੀਦੀ ਹੈ।

(4) ਗਰਭ ਨਿਰੋਧਕ ਗਰਭ ਧਾਰਣ ਨੂੰ ਪਰਮੇਸ਼ੁਰ ਦੀ ਪਸੰਦ ਦੀ ਬਜਾਏ ਇੱਕ ਮਨੁੱਖੀ ਪਸੰਦ ਬਣਾਉਂਦੇ ਹਨ।

ਕੁਝ ਕਲੀਸਿਯਾਵਾਂ ਦਾ ਮੰਨਣਾ ਹੈ ਕਿ ਇੱਕ ਜੋੜੇ ਨੂੰ ਸਮੇਂ ਜਾਂ ਬੱਚਿਆਂ ਦੀ ਗਿਣਤੀ ਨੂੰ ਨਿਯੰਤਰਿਤ ਕਰਨ ਦੀ ਕੋਸ਼ਿਸ਼ ਕੀਤੇ ਬਿਨਾਂ, ਪਰਮੇਸ਼ੁਰ 'ਤੇ ਭਰੋਸਾ ਕਰਨਾ ਚਾਹੀਦਾ ਹੈ ਕਿ ਉਹ ਉਨ੍ਹਾਂ ਨੂੰ ਬੱਚੇ ਦੇਵੇ। ਦੂਜੇ ਮਸੀਹੀ ਕਹਿਣਗੇ ਕਿ ਅਸੀਂ ਆਪਣੇ ਜੀਵਨ ਦੇ ਸਾਰੇ ਪਹਿਲੂਆਂ ਬਾਰੇ ਫੈਸਲੇ ਲੈਣ ਲਈ ਜ਼ਿੰਮੇਵਾਰ ਹਾਂ, ਅਤੇ ਜੇਕਰ ਅਸੀਂ ਬਾਈਬਲ ਦੀਆਂ ਤਰਜੀਹਾਂ ਦੀ ਪਾਲਣਾ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਤਾਂ ਅਸੀਂ ਗਰਭ ਧਾਰਣ ਤੋਂ ਬਚਣ ਬਾਰੇ ਫੈਸਲੇ ਲੈ ਸਕਦੇ ਹਾਂ।

### ਵਿਵੇਕ ਦਾ ਮਾਮਲਾ

ਕਿਉਂਕਿ (1) ਬਾਈਬਲ ਗਰਭ ਨਿਰੋਧਕਾਂ ਬਾਰੇ ਕੋਈ ਨਿਸ਼ਚਿਤ ਬਿਆਨ ਨਹੀਂ ਦਿੰਦੀ ਹੈ ਅਤੇ (2) ਇਸ ਮੁੱਦੇ 'ਤੇ ਖੁਸ਼ਖਬਰੀ ਦੇ ਵਿਸ਼ਵਾਸੀਆਂ ਦੇ ਕਈ ਤਰ੍ਹਾਂ ਦੇ ਵਿਚਾਰ ਹਨ, ਵਿਸ਼ਵਾਸੀਆਂ ਨੂੰ ਦੂਜੇ ਵਿਸ਼ਵਾਸੀਆਂ ਦੇ ਫੈਸਲਿਆਂ ਦਾ ਆਦਰ ਕਰਨਾ ਚਾਹੀਦਾ ਹੈ। ਇੱਕ ਜੋੜੇ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਪਰਮੇਸ਼ੁਰ ਦੇ ਅਧੀਨ ਹਨ ਅਤੇ ਬਾਈਬਲ ਦੀਆਂ ਤਰਜੀਹਾਂ ਦੀ ਪਾਲਣਾ ਕਰਦੇ ਹਨ, ਫਿਰ ਪਰਮੇਸ਼ੁਰ ਤੋਂ ਬੁੱਧੀ ਲਈ ਪ੍ਰਾਰਥਨਾ ਕਰਨ, ਜਦੋਂ ਉਹ ਇਹ ਫੈਸਲਾ ਲੈਂਦੇ ਹਨ।

ਜਦੋਂ ਗਰਭ ਧਾਰਣ ਹੁੰਦਾ ਹੈ, ਤਾਂ ਬੱਚਾ ਪੈਦਾ ਕਰਨ ਜਾਂ ਨਾ ਕਰਨ ਬਾਰੇ ਕੋਈ ਫੈਸਲਾ ਨਹੀਂ ਹੁੰਦਾ। ਵਚਨ ਨਿਸ਼ਚਿਤ ਹੈ ਕਿ ਅਣਜੰਮੇ ਬੱਚੇ ਦੇ ਜੀਵਨ ਨੂੰ ਖਤਮ ਕਰਨਾ ਗਲਤ ਹੈ। ਕਿਉਂਕਿ ਮਨੁੱਖੀ ਜੀਵਨ ਗਰਭ ਧਾਰਣ ਤੋਂ ਸ਼ੁਰੂ ਹੁੰਦਾ ਹੈ, ਉਹ ਗੋਲੀਆਂ ਜੋ ਗਰਭ ਧਾਰਣ ਤੋਂ ਬਾਅਦ ਅੰਡੇ ਨੂੰ ਜੀਉਣ ਤੋਂ ਰੋਕਦੀਆਂ ਹਨ, ਗਲਤ ਹਨ। ਇੱਕ ਜੋੜਾ ਜੋ ਗਰਭ ਨਿਰੋਧਕਾਂ ਦੀ ਵਰਤੋਂ ਕਰਨ ਦੀ ਚੋਣ ਕਰਦਾ ਹੈ, ਉਸ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਕਿਸੇ ਅਜਿਹੀ ਚੀਜ਼ ਦੀ ਵਰਤੋਂ ਕਰ ਰਹੇ ਹਨ ਜੋ ਗਰਭ ਧਾਰਣ ਨੂੰ ਰੋਕਦੀ ਹੈ ਨਾ ਕਿ ਅਜਿਹੀ ਚੀਜ਼ ਜੋ ਉਪਜਾਊ ਅੰਡੇ ਦੀ ਮੌਤ ਦਾ ਕਾਰਨ ਬਣਦੀ ਹੈ।

# ਸਿਫਾਰਿਸ਼ ਕੀਤੇ ਹੋਏ ਸ੍ਰੋਤ


**ਵਿਆਹ ਲਈ ਤਿਆਰੀ**

Drescher, John. *For Better, For Worse.* Morgantown, PA: Masthof Press, 2012.

Thomas, Gary. *Sacred Marriage.* Grand Rapids: Zondervan, 2000.

**ਵਿਆਹ**

Eggerichs, Emerson. *Love and Respect.* Nashville: Thomas Nelson, 2004.

Thomas, Gary. *Sacred Search.* Colorado Springs: David C Cook, 2013.

**ਲਿੰਗਕਤਾ**

Ferrer, Hillary. *Mama Bear Apologetics Guide to Sexuality: Empowering Your Kids to Understand and Live Out God's Design.* Eugene: Harvest House Publishers, 2021.

Sprinkle, Preston. *People to Be Loved: Why Homosexuality is not Just an Issue.* Grand Rap- ids: Zondervan, 2015.

Yuan, Christopher. *Holy Sexuality and the Gospel: Sex, Desire, and Relationships Shaped by God's Grand Story.* New York: Multnomah, 2018.

Shimer, Ted. *The Freedom Fight: The New Drug and the Truths That Set Us Free.* Houston: High Bridge Books, 2020.

**ਬੱਚਿਆਂ ਦਾ ਪਾਲਣ-ਪੋਸ਼ਣ**

Brown, Nadine M. *How to Have Kids with Character (Even if Your Kids are Characters)* Wheaton: Tyndale House Publishers, Inc., 1990.

Chapman, Gary and Ross Campbell. *The Five Love Languages of Children. Chicago:* Northfield Publishing, 1997.

Dobson, James. *Bringing up Boys.* Wheaton: Tyndale House Publishers, Inc., 2001.

Friedeman, Matt. *Discipleship in the Home: Teaching Children. Changing Lives.* Wilmore: Francis Asbury Society, 2010.

Hubbard, Ginger. *Don't Make Me Count to Three!* Wapwallopen, PA: Shepherd Press, 2003.

Mulvihill, Josh. *Biblical Worldview: What It Is, Why It Matters, and How to Shape the Worldview of the Next Generation.* Roanoke: Renewanation, 2019.

Tripp, Tedd. *Shepherding a Child's Heart.* Wapwallopen: Shepherd Press, 1995.

**ਪਰਿਵਾਰ**

*ਪਰਿਵਾਰਕ ਸਿੱਖਿਆ ਸਾਧਨ.* Shepherds Global Classroom, 2023. Available for free download at https://shepherdsglobal.org/courses/punjabi/.

Garland, David and Diana Garland. *Flawed Families of the Bible.* Grand Rapids, MI: Brazos Press, 2007.

Mally, Sarah and Stephen Mally and Grace Mally. *Making Brothers and Sisters Best Friends.* Marion, IA: Tomorrow's Forefathers Inc, 2002.

# ਕਾਰਜਾਂ ਦਾ ਵਰਣਨ

ਵਿਦਿਆਰਥੀ ਦਾ ਨਾਮ ___________________________________

ਹੇਠਾਂ ਦਿੱਤੇ ਟੇਬਲ ਦੇ ਵਿੱਚ, ਅਰੰਭਿਕ ਜਦੋਂ ਅਸਾਇਨਮੈਂਟ ਪੂਰਾ ਕੀਤਾ ਗਿਆ। Shepherds Global Classroom ਤੋਂ ਸਰਟੀਫੀਕੇਟ ਲੈਣ ਦੇ ਲਈ ਸਾਰੇ ਅਸਾਇਨਮੈਂਟ ਪੂਰੇ ਕੀਤੇ ਜਾਣਦੇ ਚਾਹੀਦੇ ਹਨ।

| ਪਾਠ | ਕਾਰਜ 1 | ਕਾਰਜ 2 | ਕਾਰਜ 3 | ਕਾਰਜ 4 |
|---|---|---|---|---|
| 1 | | | | |
| 2 | | | | |
| 3 | | | | |
| 4 | | | | |
| 5 | | | | |
| 6 | | | | |
| 7 | | | | |
| 8 | | | | |
| 9 | | | | |
| 10 | | | | |
| 11 | | | | |
| 12 | | | | |
| 13 | | | | |
| 14 | | | | |
| 15 | | | | |

Shepherds Global Classroom ਤੋਂ ਪੂਰਿਆਂ ਕਰਨ ਦਾ ਸਰਟੀਫੀਕੇਟ ਪ੍ਰਾਪਤ ਕਰਨ ਦੀ ਐਪਲੀਕੇਸ਼ਨ ਸਾਡੇ ਵੈੱਬਪੇਜ www.shepherdsglobal.org ਤੇ ਪੂਰਾ ਕੀਤਾ ਜਾ ਸਕਦਾ ਹੈ। ਪ੍ਰਮਾਣ ਪੱਤਰ SGC ਦੇ ਸਿੱਖਿਅਕ ਜਾਂ ਆਗੂ ਨੂੰ ਡਿਜੀਟਲ ਤੌਰ ਤੇ ਭੇਜ ਦਿੱਤੇ ਜਾਣਗੇ ਜੋ ਵਿਦਿਆਰਥੀ/ਵਿਦਿਆਰਥੀਆਂ ਦੇ ਵੱਲੋਂ ਐਪਲੀਕੇਸ਼ਨ ਨੂੰ ਪੂਰਿਆਂ ਕਰਦਾ ਹੈ।